ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**The Motto of Our University**
**(SEWA)**
**SKILL ENHANCEMENT**
**EMPLOYABILITY**
**WISDOM**
**ACCESSIBILITY**

SELF-INSTRUCTIONAL STUDY MATERIAL FOR JGND PSOU

**JAGAT GURU NANAK DEV**
**PUNJAB STATE OPEN UNIVERSITY, PATIALA**
(Established by Act No. 19 of 2019 of the Legislature of State of Punjab)

# B.COM.

## (PC1B31104T)

## SEMESTER-I

# GENERAL PUNJABI

ALL COPYRIGHTS WITH JGND PSOU, PATIALA

**Head Quarter: C/28, The Lower Mall, Patiala-147001**
**WEBSITE:** www.psou.ac.in

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**
**(Established by Act No. 19 of 2019 of the Legislature of State of Punjab)**

**COURSE COORDINATOR AND EDITOR:**

**DR. AMARJIT SINGH**
**ASSISTANT PROFESSOR IN PUNJABI**
**DR.ROHIT KUMAR**
**ASSISTANT PROFESSOR IN COMMERCE**
**JGND PSOU, Patiala**

**LIST OF CONSULTANTS/ CONTRIBUTORS**

| |
|---|
| 1. DR. JASWINDER KAUR(4 Unit) |
| 2. DR. DAVINDER SINGH(4 Unit) |
| 3. DR. MANJEET SINGH(4 Unit) |
| 4. DR. SARABJEET SINGH(4 Unit) |
| 5. DR. PAWAN KUMAR (4 Unit) |

**JAGAT GURU NANAK DEV PUNJAB STATE OPEN UNIVERSITY**
**PATIALA**
**(Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 110 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S BATRA
Dean Academic Affairs

# B.COM.

## (ਸਮੈਸਟਰ-ਪਹਿਲਾ)

## (PC1B31104T) ਪੰਜਾਬੀ (ਲਾਜ਼ਮੀ)-1

ਕੁੱਲ ਅੰਕ:100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:70
ਪਾਸ: 40%
ਕ੍ਰੈਡਿਟ:6

**ਉਦੇਸ਼**

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਾ ਸਿਰਫ ਆਪਣੇ ਦੇਸ਼, ਸਗੋਂ ਦੂਸਰੇ ਦੇਸ਼ਾਂ ਦੇ ਨਾਮਵਰ ਕਹਾਣੀਕਾਰਾਂ ਦੀਆਂ ਰਚਨਾਵਾਂ ਤੋਂ ਜਾਣੂ ਕਰਵਾਉਣਾ ਹੈ। ਨਿਬੰਧ ਅਤੇ ਲੇਖਾਂ ਰਾਹੀ ਵਿਦਿਆਰਥੀਆਂ ਨੂੰ ਦੁਨੀਆਂ ਦੇ ਅਨੁਵਾਦਿਤ ਸਾਹਿਤ ਦੇ ਮਹੱਤਵ, ਅਤੇ ਪੰਜਾਬੀ ਸਭਿਆਚਾਰ ਬਾਰੇ ਜਾਣਕਾਰੀ ਬਾਰੇ ਦਿੱਤੀ ਗਈ ਹੈ।

**INSTRUCTIONS FOR THE PAPER SETTER/EXAMINER:**

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

**INSTRUCTIONS FOR THE CANDIDATES:**

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once. Second or subsequent attempts, unless the earlier ones have been crossed out, shall not be evaluated.

ਭਾਗ-ੳ

ੳ.1 ਪੰਜਾਬੀ ਕਹਾਣੀਆਂ:- ਕੁਲਵੰਤ ਸਿੰਘ ਵਿਰਕ:ਧਰਤੀ ਹੇਠਲਾ ਬਲਦ, ਪ੍ਰੇਮ ਪ੍ਰਕਾਸ਼:ਘਰ, ਦਲੀਪ ਕੌਰ ਟਿਵਾਣਾ: ਚਲਾਕ ਜੱਟੀ, ਵਰਿਆਮ ਸੰਧੂ:ਚੌਥੀ ਕੂਟ, ਸ਼ਿਵਚਰਨ ਗਿੱਲ: ਬਦਖ਼ਲ, ਮਕਸੂਦ ਸਾਕਿਬ: ਸੁੱਚਾ ਤਿੱਲਾ।
ੳ.2 ਪੰਜਾਬੀ ਨਿਬੰਧ ਅਤੇ ਲੇਖ :- ਨਿਬੰਧ- ਪ੍ਰੋ. ਪੂਰਨ ਸਿੰਘ: ਕਿਰਤ, ਪ੍ਰਿੰਸੀਪਲ ਤੇਜਾ ਸਿੰਘ: ਘਰ ਦਾ ਪਿਆਰ, ਅਨੁ. ਵਿਜੈ ਬੰਬੇਲੀ : ਇਨਸਾਨੀ ਹਿੰਮਤ ਤੇ ਪਹਿਲ ਕਦਮੀ ਦਾ ਕ੍ਰਿਸ਼ਮਾ (ਜਿਆਂ ਜਿਓਨੋ ਦੇ ਨਿਬੰਧ 'ਫਰਾਂਸ 1987' ਦਾ ਅਨੁਵਾਦ
ਲੇਖ-ਗਿਆਨੀ ਗੁਰਦਿੱਤ ਸਿੰਘ:ਤੀਆਂ, ਡਾ. ਗੁਰਬਖ਼ਸ਼ ਸਿੰਘ ਫਰੈਂਕ:ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ, ਡਾ. ਗੁਰਮੀਤ ਸਿੰਘ: ਪੰਜਾਬ ਦੇ ਲੋਕ ਵਿਸ਼ਵਾਸ।

ਭਾਗ ਅ
ਅ.1 ਗੁਰਮੁਖੀ ਲਿਪੀ ਦਾ ਇਤਿਹਾਸ (ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ )
ਅ.2 ਪੈਰ੍ਹਾ ਰਚਨਾ (ਵਿਦਿਅਕ, ਸਭਿਆਚਾਰਕ ਅਤੇ ਚਲੰਤ ਮਸਲਿਆਂ ਸਬੰਧੀ।

ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਕਿਸੇ ਕਹਾਣੀ ਦਾ ਵਿਸ਼ਾ ਵਸਤੂ/ ਸਾਰ ਅਤੇ ਪੰਜਾਬੀ ਸਾਹਿਤ ਵਿੱਚ ਲੇਖਕ ਦੇ ਯੋਗਦਾਨ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ
2. ਭਾਗ ੳ.1 ਵਿੱਚੋਂ ਕਿਸੇ ਕਹਾਣੀ ਦੇ ਪਾਤਰਾਂ ਦਾ ਪਾਤਰ- ਚਿਤਰਨ
3. ਭਾਗ ੳ.2 ਵਿੱਚੋਂ ਕਿਸੇ ਲੇਖ/ਨਿਬੰਧ ਦਾ ਵਿਸ਼ਾ ਵਸਤੂ ਜਾਂ ਸਾਰ
4. ਭਾਗ ੳ.2 ਵਿੱਚੋਂ ਕਿਸੇ ਲੇਖ/ਨਿਬੰਧ ਵਿਚ ਆਏ ਵਿਚਾਰਾਂ ਦਾ ਸੰਖੇਪ ਸਾਰ
5. ਕਿਸੇ ਇਕ ਵਿਸ਼ੇ 'ਤੇ ਪੈਰ੍ਹਾ ਰਚਨਾ
6. ਭਾਗ ੲ ਦੇ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

**ਅੰਦਰੂਨੀ ਮੁਲਾਂਕਣ**

30 ਅੰਕ

ਵਿਦਿਆਰਥੀਆਂ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਇਕ ਕਹਾਣੀ ਨਾਲ, ਇਕ ਲੇਖ/ਨਿਬੰਧ ਨਾਲ , ਇਕ ਵਿਆਕਰਣ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

ਸਹਾਇਕ ਪਾਠ-ਸਮੱਗਰੀ

1. ਜੀ. ਬੀ. ਸਿੰਘ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1960.
2. ਪਿਆਰਾ ਸਿੰਘ ਪਦਮ, ਗੁਰਮੁਖੀ ਲਿੱਪੀ ਦਾ ਇਤਿਹਾਸ, ਕਲਗੀਧਰ ਕਲਮ ਫਾਊਂਡੇਸ਼ਨ, ਪਟਿਆਲਾ,ਸਤਵਾਂ ਅਡੀਸ਼ਨ 2000.
3. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।

4. ਅਜੀਤ ਸਿੰਘ ਸ਼ਾਹੀ, ਚੌਥੀ ਕੂਟ ਦੀ ਸਮੀਖਿਆ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2011
5. ਸਵਿੰਦਰ ਸਿੰਘ ਉੱਪਲ,ਪੰਜਾਬੀ ਕਹਾਣੀਕਾਰ,ਨੈਸ਼ਨਲ ਬੁੱਕ ਸ਼ਾਪ,ਦਿੱਲੀ,1954.
6. ਖੋਜ ਪੱਤ੍ਰਿਕਾ (ਗਲਪ ਵਿਸ਼ੇਸ਼ ਅੰਕ), ਪੰਜਾਬੀ ਯੂਨੀ., ਪਟਿਆਲਾ, ਅੰਕ ਨੰ.50. 26. 27.
7. ਟੀ. ਆਰ. ਵਿਨੋਦ, ਕੁਲਵੰਤ ਸਿੰਘ ਵਿਰਕ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ.
8. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

# B.COM.

## CORE COURSE (CC): ਪੰਜਾਬੀ (ਲਾਜ਼ਮੀ)

### (PC1B31104T): ਪੰਜਾਬੀ(ਲਾਜ਼ਮੀ)–1

## SEMESTER - I

## SECTION A

# Table of Contents


| Sr. No. | UNIT NAME | Page No. |
|---|---|---|
| Unit 1 | ਪੰਜਾਬੀ ਕਹਾਣੀਆਂ:- ਕੁਲਵੰਤ ਸਿੰਘ ਵਿਰਕ:ਧਰਤੀ ਹੇਠਲਾ ਬਲਦ, ਪ੍ਰੇਮ ਪ੍ਰਕਾਸ਼:ਘਰ, ਦਲੀਪ ਕੌਰ ਟਿਵਾਣਾ: ਚਲਾਕ ਜੱਟੀ | 9-21 |
| Unit 2 | ਪੰਜਾਬੀ ਕਹਾਣੀਆਂ:- ਵਰਿਆਮ ਸੰਧੂ :ਚੌਥੀ ਕੂਟ, ਸ਼ਿਵਚਰਨ ਗਿੱਲ: ਬਦਖ਼ਲ, ਮਕਸੂਦ ਸਾਕਿਬ: ਸੁੱਚਾ ਤਿੱਲਾ। | 22-34 |
| Unit 3 | ਪੰਜਾਬੀ ਨਿਬੰਧ ਅਤੇ ਲੇਖ :- ਨਿਬੰਧ- ਪ੍ਰੋ. ਪੂਰਨ ਸਿੰਘ: ਕਿਰਤ | 35-51 |
| Unit 4 | ਪੰਜਾਬੀ ਨਿਬੰਧ ਅਤੇ ਲੇਖ :- ਪ੍ਰਿੰਸੀਪਲ ਤੇਜਾ ਸਿੰਘ: ਘਰ ਦਾ ਪਿਆਰ, ਨਿਬੰਧ- ਅਨੁ. ਵਿਜੈ ਬੰਬੇਲੀ : ਇਨਸਾਨੀ ਹਿੰਮਤ ਤੇ ਪਹਿਲ ਕਦਮੀ ਦਾ ਕ੍ਰਿਸ਼ਮਾ (ਜਿਆਂ ਜਿਓਨੇ ਦੇ ਨਿਬੰਧ 'ਫਰਾਂਸ 1987' ਦਾ ਅਨੁਵਾਦ)। | 52-92 |
| Unit 5 | ਲੇਖ-ਗਿਆਨੀ ਗੁਰਦਿੱਤ ਸਿੰਘ:ਤੀਆਂ, ਡਾ. ਗੁਰਬਖ਼ਸ਼ ਸਿੰਘ ਫਰੈਂਕ:ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ | 93-105 |


SECTION B


| | | |
|---|---|---|
| Unit 6 | ਲੇਖ- ਡਾ. ਗੁਰਮੀਤ ਸਿੰਘ: ਪੰਜਾਬ ਦੇ ਲੋਕ ਵਿਸ਼ਵਾਸ। | 106-120 |
| Unit 7 | ਗੁਰਮੁਖੀ ਲਿਪੀ ਦਾ ਇਤਿਹਾਸ (ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ) | 121-131 |
| Unit 8 | ਪੈਰ੍ਹਾ ਰਚਨਾ –ਵਿਦਿਅਕ | 132-147 |
| Unit 9 | ਪੈਰ੍ਹਾ ਰਚਨਾ–ਸਭਿਆਚਾਰਕ | 148-164 |
| Unit 10 | ਪੈਰ੍ਹਾ ਰਚਨਾ–ਚਲੰਤ ਮਸਲਿਆਂ ਸਬੰਧੀ | 165-181 |

# B.COM.

## SEMESTAR-I

### ਕੋਰਸ–ਜਰਨਲ ਪੰਜਾਬੀ

| | |
|---|---|
| **ਯੂਨਿਟ– 1** | ਪੰਜਾਬੀ ਕਹਾਣੀਆਂ:- ਕੁਲਵੰਤ ਸਿੰਘ ਵਿਰਕ:ਧਰਤੀ ਹੇਠਲਾ ਬਲਦ, ਪ੍ਰੇਮ ਪ੍ਰਕਾਸ਼:ਘਰ,ਦਲੀਪ ਕੌਰ ਟਿਵਾਣਾ: ਚਲਾਕ ਜੱਟੀ |

**ਪਾਠ ਦੀ ਰੂਪ ਰੇਖਾ-**

1. ਲੇਖਕ ਨਾਲ ਜਾਣ-ਪਛਾਣ
2. ਕਹਾਣੀ ਦਾ ਸਾਰ
3. ਕਹਾਣੀ ਦਾ ਵਿਸ਼ਾ-ਵਸਤੂ
4. ਕਹਾਣੀ ਦੀ ਅੰਤਿਕਾ
5. ਪਾਤਰ –ਚਿਤਰਨ
6. ਅਭਿਆਸ ਪ੍ਰਸ਼ਨ

**ਭੂਮਿਕਾ** –

ਪਾਠ ਪਹਿਲੇ ਵਿੱਚ ਪੰਜਾਬੀ ਕਹਾਣੀ ਦੇ ਪ੍ਰਸਿੱਧ ਲੇਖਕਾਂ ਦੀਆਂ ਸ਼ਾਹਕਾਰ ਕਹਾਣੀਆਂ ਨੂੰ ਲਿਆ ਗਿਆ ਹੈ। ਇਹ ਕਹਾਣੀਆਂ ਪਿਛਲੇ ਦੋ ਦਹਾਕਿਆਂ ਦੀ ਕਹਾਣੀ ਰਚਨਾ ਨੂੰ ਪੇਸ਼ ਕਰਨ ਦੇ ਸਮਰੱਥ ਹਨ। ਇਸ ਪਾਠ ਵਿਚ ਸ਼ਾਮਲ ਕਹਾਣੀਕਾਰ ਆਪਣੀ-ਆਪਣੀ ਥਾਂ ਕਹਾਣੀ ਖੇਤਰ ਦੇ ਵੱਖ-ਵੱਖ ਵਿਸ਼ਿਆਂ ਵਿਚ ਮੁਹਾਰਤ ਰੱਖਣ ਵਾਲੇ ਲੇਖਕ ਹਨ। ਇਹ ਕਹਾਣੀਆਂ ਵਿਦਿਆਰਥੀਆਂ ਲਈ ਸਾਹਿਤ ਦੇ ਇਸ ਰੂਪਾਕਾਰ ਬਾਰੇ ਸੂਝ ਨੂੰ ਤੀਖਣ, ਵਿਸ਼ਾਲ ਅਤੇ ਪਰਪੱਕ ਕਰਨ ਦੇ ਸਮਰੱਥ ਹਨ। ਜਿੱਥੇ ਵਿਦਿਆ ਪ੍ਰਾਪਤੀ ਦੀ ਇਸ ਮੰਜ਼ਿਲ ਤੇ ਪਹੁੰਚਣਾ ਸਾਡਾ ਮੰਤਵ ਹੈ ਉਥੇ ਨਿਸ਼ਚੇ ਹੀ ਇਹ ਕਹਾਣੀਆਂ ਇਸ ਮੰਤਵ ਨੂੰ ਨੇਪਰੇ ਚਾੜ੍ਹਨ ਵਿੱਚ ਸਹਾਈ ਹੋਣਗੀਆਂ।

**ਪਾਠ ਦਾ ਮੰਤਵ** –

ਇਸ ਪਾਠ ਵਿਚ ਕੁੱਲ ਤਿੰਨ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਤਿੰਨੋਂ ਕਹਾਣੀਆਂ ਦੇ ਵਿਸ਼ਾ-ਵਸਤੂ ਅਲੱਗ-ਅਲੱਗ ਹਨ। ਇਨ੍ਹਾਂ ਕਹਾਣੀਆਂ ਦਾ ਵਿਸ਼ਾ-ਵਸਤੂ, ਕਥਾ-ਜੁਗਤਾਂ, ਕਲਾਤਮਿਕ ਪੱਧਰ, ਵਸਤੂ ਸਮੱਗਰੀ ਦੀ ਚੋਣ ਨਿਭਾਅ ਅਤੇ ਬਿਰਤਾਂਤਕ ਦ੍ਰਿਸ਼ਟੀਕੋਣ ਬਾਰੇ ਇਸ ਪਾਠ ਵਿਚ ਜਾਣਕਾਰੀ ਦਿੱਤੀ ਜਾਵੇਗੀ ਤਾਂ ਕਿ

ਵਿਦਿਆਰਥੀਆਂ ਤੋਂ ਪ੍ਰੀਖਿਆ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਵਾਸਤੇ ਵਿਦਿਆਰਥੀਆਂ ਨੂੰ ਲੋੜੀਂਦੀ ਸਮੱਗਰੀ ਪ੍ਰਾਪਤ ਹੋ ਸਕੇ।

---

## ਕਹਾਣੀ- ਧਰਤੀ ਹੇਠਲਾ ਬੌਲਦ

---

**1.1 ਲੇਖਕ ਨਾਲ ਜਾਣ-ਪਛਾਣ-**

ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਦਾ ਸਰਵ-ਸ੍ਰੇਸ਼ਠ ਕਹਾਣੀਕਾਰ ਹੈ। ਕੁਲਵੰਤ ਵਿਰਕ ਨੇ ਪੇਂਡੂ ਸਭਿਆਚਾਰ-ਕਿਰਸਾਨੀ ਜੀਵਨ ਅਤੇ ਸ਼ਹਿਰੀ ਵਰਗ ਨੂੰ ਚਿਤਰਦਿਆਂ ਕਹਾਣੀਆਂ ਲਿਖੀਆਂ ਹਨ। ਕੁਲਵੰਤ ਵਿਰਕ ਪੰਜਾਬੀ ਕਹਾਣੀ ਦੀ ਵਿਕਾਸ ਗਤੀ ਨੂੰ ਇਤਿਹਾਸਿਕ ਮੋੜ ਦੇਣ ਵਾਲੇ ਕਹਾਣੀਕਾਰਾਂ ਵਿਚੋਂ ਇੱਕ ਹੈ। ਕੁਲਵੰਤ ਸਿੰਘ ਵਿਰਕ ਨੇ 'ਛਾਹ ਵੇਲਾ'', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', ' ਏਕਸ ਕੇ ਹਮ ਬਾਰਿਕ', 'ਨਵੇਂ ਲੋਕ', 'ਗੋਲ੍ਹਾਂ', 'ਦੁੱਧ ਦਾ ਛੱਪੜ', 'ਅਸਤਬਾਜ਼ੀ, 'ਦੁਆਦਸ਼ੀ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ। ਵਿਰਕ ਨੂੰ 1968 ਵਿਚ ਕਹਾਣੀ ਸੰਗ੍ਰਹਿ 'ਨਵੇਂ ਲੋਕ' ਲਈ ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ, ਇਸ ਤੋਂ ਇਲਾਵਾ ਹੋਰ ਵੀ ਸਨਮਾਨ ਮਿਲੇ ਹਨ। ਵਿਰਕ ਦੀਆਂ ਕਹਾਣੀਆਂ ਦਾ ਹੋਰ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਇਆ। ਸਾਰੀਆਂ ਕਹਾਣੀਆਂ ਵਿਚੋਂ 'ਧਰਤੀ ਹੇਠਲ੍ਹਾ ਬੌਲਦ' ਇਕ ਬਹੁ-ਚਰਚਿਤ ਕਹਾਣੀ ਹੈ। ਜਿਸ ਵਿਚ ਕੁਲਵੰਤ ਸਿੰਘ ਵਿਰਕ ਨੇ ਮਝੈਲ ਲੋਕਾਂ ਦੇ ਸੁਭਾਅ ਤੇ ਜਿਗਰੇ ਨੂੰ ਬੜੇ ਭਾਵ-ਮਈ ਰੂਪ ਵਿਚ ਮਾਨਵਵਾਦੀ ਦ੍ਰਿਸ਼ਟੀ ਦੁਆਰਾ ਪ੍ਰਸਤੁੱਤ ਕੀਤਾ ਹੈ।

**1.2 ਕਹਾਣੀ ਦਾ ਸਾਰ**

'ਧਰਤੀ ਹੇਠਲਾ ਬੌਲਦ' ਕਹਾਣੀ ਫੌਜੀ ਮਾਨ ਸਿੰਘ ਅਤੇ ਫੌਜੀ ਕਰਮ ਸਿੰਘ ਦੁਆਲੇ ਘੁੰਮਦੀ ਹੈ। ਫੌਜੀ ਕਰਮ ਸਿੰਘ ਤੇ ਮਾਨ ਸਿੰਘ ਪੱਕੇ ਮਿੱਤਰ ਹੁੰਦੇ ਹਨ। ਉਹਨਾਂ ਨੇ ਕਈ ਲੜਾਈਆਂ ਇੱਕਠੀਆਂ ਲੜੀਆਂ। ਫੌਜੀ ਕਰਮ ਸਿੰਘ ਬੜ੍ਹੇ ਮਿਲਾਪੜੇ ਸੁਭਾਅ ਵਾਲਾ ਸੀ। ਕਰਮ ਸਿੰਘ ਦਾ ਪਿੰਡ ਠੱਠੀ ਖਾਰਾ ਮਾਨ ਸਿੰਘ ਦੇ ਪਿੰਡ ਚੂਹੜਕਾਣਾ ਨੇੜੇ ਸੀ। ਲੜਾਈ ਵਿਚ ਛੁੱਟੀ ਬਹੁਤ ਘੱਟ ਮਿਲਦੀ ਸੀ। ਮਾਨ ਸਿੰਘ ਨੂੰ ਛੁੱਟੀ ਮਿਲ ਜਾਂਦੀ ਹੈ ਪਰ ਕਰਮ ਸਿੰਘ ਨੂੰ ਛੁੱਟੀ ਨਾਂ ਮਿਲਣ ਕਾਰਨ ਉਹ ਨਿਰਾਸ਼ ਹੁੰਦਾ ਹੈ। ਉਹ ਆਪਣੇ ਮਿੱਤਰ ਮਾਨ ਸਿੰਘ ਨੂੰ ਕਹਿੰਦਾ ਹੈ ਕਿ ਉਹ ਉਸਦੇ ਪਿੰਡ ਜ਼ਰੂਰ ਮਿਲ ਆਵੇ ਤੇ ਉਸਨੂੰ ਆ ਕੇ ਸੁੱਖ-ਸਾਂਦ ਦੀ ਖ਼ਬਰ ਦੇਵੇ। ਉਹ ਮਾਨ ਸਿੰਘ ਨੂੰ ਕਹਿੰਦਾ ਹੈ ਕਿ ਉਸਦੇ ਘਰਦਿਆਂ ਦਾ ਤੇ ਉਸਦਾ ਇਸ ਤਰ੍ਹਾਂ ਆਪਸ ਵਿਚ ਅੱਧਾ ਮੇਲ ਹੋ ਜਾਵੇਗਾ।

ਮਾਨ ਸਿੰਘ ਆਪਣੀ ਛੁੱਟੀ ਖ਼ਤਮ ਹੋਣ ਦੇ ਨੇੜੇ ਕਰਮ ਸਿੰਘ ਦੇ ਪਿੰਡ ਮਿਲਣ ਲਈ ਜਾਂਦਾ ਹੈ। ਉਹਨਾਂ ਦੇ ਘਰ ਜਾਂ ਕੇ ਉਸਨੂੰ ਕਰਮ ਸਿੰਘ ਦੇ ਪਰਿਵਾਰ ਦਾ ਵਰਤ-ਵਰਤਾਉ ਬੜਾ ਅਜੀਬ ਲੱਗਦਾ ਹੈ। ਕਰਮ ਸਿੰਘ ਦਾ ਪਿਤਾ ਮਾਨ ਸਿੰਘ ਨੂੰ ਬੁਲਾ ਕੇ ਬਹਾਨੇ ਨਾਲ ਉੱਠ ਕੇ ਹੋਰ ਕੰਮ ਕਰਨ ਲੱਗਦਾ ਹੈ। ਮਾਨ ਸਿੰਘ ਨੂੰ ਕਰਮ ਸਿੰਘ ਦੀ ਮਾਂ ਦੇ ਚਿਹਰੇ ਦੀ ਘਬਰਾਹਟ ਤੋਂ ਪਤਾ ਨਹੀਂ ਚੱਲਦਾ ਕਿ ਇਹ ਕੀ ਹੋ ਰਿਹਾ ਹੈ। ਉਹ ਮਨ ਹੀ ਮਨ ਸੋਚਦਾ ਹੈ ਕਿ ਮਝੈਲ ਲੋਕ ਕਿਸ ਤਰ੍ਹਾਂ

ਦੇ ਨੇ ਕਰਮ ਸਿੰਘ ਦੇ ਦੱਸਣ ਤੋਂ ਬਿਲਕੁਲ ਉਲਟ। ਮਾਨ ਸਿੰਘ ਉਥੇ ਰਾਤ ਕੱਟਦਾ ਹੈ, ਸੋਚਦਾ ਹੈ ਕਿ ਉਸ ਤੋਂ ਬ੍ਰਮਾ ਦੀ ਲੜਾਈ ਦੀਆਂ ਗੱਲਾਂ ਪੁੱਛਣਗੇ। ਕਰਮ ਸਿੰਘ ਦਾ ਪਰਿਵਾਰ ਉਸਦੀ ਕਿਸੇ ਗੱਲ ਨੂੰ ਉਤਸੁਕਤਾ ਨਾਲ ਨਹੀਂ ਸੁਣਦਾ। ਉਹ ਵਾਰ-ਵਾਰ ਕਰਮ ਸਿੰਘ ਦੀ ਗੱਲ ਛੇੜਦਾ, ਕੋਈ ਹੁੰਗਾਰਾ ਨਾ ਮਿਲਣ ਤੇ ਚੁੱਪ ਕਰ ਜਾਂਦਾ ਹੈ । ਜਦੋਂ ਉਹ ਕਰਮ ਸਿੰਘ ਦੇ ਮੁੰਡੇ ਨੂੰ ਕਹਿੰਦਾ ਹੈ, "ਉਏ ਆਪਣੇ ਬਾਪੂ ਕੋਲ ਚੱਲਣਾ ਈ, ਜਾਣਾ ਈ ਤਾਂ ਚਲ ਮੇਰੇ ਨਾਲ ......... ਪਾਣੀ ਵਿਚ ਤੁਰਿਆ ਫਿਰੀ"। ਇਹ ਗੱਲ ਸੁਣ ਕੇ ਕਰਮ ਸਿੰਘ ਦਾ ਬਾਪੂ ਗੁੱਸੇ ਵਿਚ ਕੇ ਆਪਣੀ ਘਰਵਾਲੀ ਨੂੰ ਮੁੰਡਾ ਚੁੱਕ ਕੇ ਲਿਜਾਣ ਲਈ ਕਹਿੰਦਾ ਹੈ। ਫਿਰ ਤਾਂ ਮਾਨ ਸਿੰਘ ਲਈ ਉੱਥੇ ਬੈਠਣਾ ਔਖਾ ਹੋ ਰਿਹਾ ਸੀ। ਕਰਮ ਸਿੰਘ ਦਾ ਭਰਾ ਜਸਵੰਤ ਸਿੰਘ ਵੀ ਘੁੱਟਿਆ ਜਿਹਾ ਰਹਿੰਦਾ ਹੈ। ਜਦੋਂ ਜਸਵੰਤ ਸਿੰਘ ਤੇ ਮਾਨ ਸਿੰਘ ਖੇਤਾਂ ਵੱਲ ਗੇੜਾ ਮਾਰਨ ਜਾਂਦੇ ਹਨ ਤਾਂ ਜਸਵੰਤ ਸਿੰਘ ਰਾਹ ਵਿਚ ਮਿਲਣ ਵਾਲੇ ਹਰ ਬੰਦੇ ਨੂੰ ਹਾਂ ਹੂੰ ਕਰਕੇ ਲੰਘ ਜਾਂਦਾ ਹੈ। ਮਾਨ ਸਿੰਘ ਨੂੰ ਬੜਾ ਅਜੀਬ ਲੱਗਦਾ ਹੈ, ਉਸਦਾ ਦਿਲ ਕਰਦਾ ਸੀ ਕਿ ਉਹ ਪਿੰਡ ਦੇ ਲੋਕਾਂ ਨੂੰ ਕਰਮ ਸਿੰਘ ਦੀ ਬਹਾਦਰੀ ਦੇ ਕਿੱਸੇ ਸੁਣਾਵੇ। ਆਖ਼ਿਰ ਵਿਚ ਜਦੋਂ ਮਾਨ ਸਿੰਘ ਵਾਪਸ ਜਾਣ ਦੀ ਤਿਆਰੀ ਕਰਦਾ ਹੈ ਤਾਂ ਡਾਕੀਏ ਦੇ ਪੈਨਸ਼ਨ ਲਿਆਉਣ ਤੇ ਮਾਨ ਸਿੰਘ ਨੂੰ ਕਰਮ ਸਿੰਘ ਦੀ ਸ਼ਹੀਦੀ ਦਾ ਪਤਾ ਚੱਲਦਾ ਤਾਂ ਉਸਦਾ ਦਿਲ ਭਰ ਜਾਂਦਾ ਹੈ। ਅੰਤ ਜਦੋਂ ਉਸ ਸਾਹਮਣੇ ਆਪਣੇ ਦੋਸਤ ਦੀ ਸ਼ਹੀਦੀ ਦੀ ਖ਼ਬਰ ਆ ਜਾਂਦੀ ਹੈ ਤਾਂ ਉਸਦਾ ਪਰਿਵਾਰ ਆਪਣਾ ਦੁੱਖ ਹੌਲਾ ਕਰਦਾ ਉਸਨੂੰ ਸੱਚ ਦੱਸਦਾ ਹੈ। ਮਾਨ ਸਿੰਘ ਉਹਨਾਂ ਤੋਂ ਪਹਿਲਾਂ ਨਾ ਦੱਸਣ ਦਾ ਕਾਰਨ ਪੁੱਛਦਾ ਹੈ ਤਾਂ ਕਰਮ ਸਿੰਘ ਦਾ ਪਿਤਾ ਦੱਸਦਾ ਹੈ ਕਿ,... "ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖਰਾਬ ਨਾ ਹੋਵੇ। ਆਪੇ ਛੁੱਟੀ ਕੱਟ ਕੇ ਪਲਟਣ ਵਿਚ ਜਾਵੇਗਾ, ਸੁਣ ਲਏਗਾ। ਫੌਜੀ ਨੂੰ ਛੁੱਟੀ ਪਿਆਰੀ ਹੁੰਦੀ ਹੈ।............ਐਵੇਂ ਬੇਸੁਆਦੀ ਹੀ ਕੀਤੀ" । .... ਉਹ ਉਸਦੀ ਛੁੱਟੀ ਖਰਾਬ ਨਹੀਂ ਕਰਨਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਫੌਜੀ ਲਈ ਛੁੱਟੀ ਦੇ ਕੀ ਮਾਇਨੇ ਰੱਖਦੀ ਹੈ। ਮਾਨ ਸਿੰਘ ਨੂੰ ਕਰਮ ਸਿੰਘ ਦਾ ਪਿਤਾ ਧਰਤੀ ਦਾ ਭਾਰ ਚੁੱਕਣ ਵਾਲੇ ਧੌਲ ਵਰਗਾ ਲੱਗਦਾ ਹੈ, ਜੋ ਭਾਰ ਥੱਲੇ ਦੱਬਿਆ ਹੋਣ ਦੇ ਬਾਵਜੂਦ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਹੈ।

### 1.3 ਕਹਾਣੀ ਦਾ ਵਿਸ਼ਾ ਵਸਤੂ

'ਕੁਲਵੰਤ ਸਿੰਘ ਵਿਰਕ' ਦੀ ਕਹਾਣੀ ਵਿਚ 'ਧਰਤੀ ਹੇਠਲਾ ਬੌਲਦ' ਨੂੰ ਮੈਟਾਫ਼ਰ ਬਣਾ ਕੇ ਉਸਦੀ ਤੁਲਨਾ ਇਕ ਪਿਤਾ ਨਾਲ ਕੀਤੀ ਗਈ ਹੈ, ਜੋ ਮਾਝੇ ਦੇ ਹੀ ਨਹੀਂ ਸਗੋਂ ਸੰਸਾਰ ਦੇ ਕਿਰਸਾਨ ਦੀ ਪੀੜ ਨੂੰ ਮਹਿਸੂਸ ਕਰਵਾਇਆ ਹੈ, ਜੋ ਆਪਣੀ ਖੁਸ਼ੀ ਤੋਂ ਪਹਿਲਾਂ ਦੂਜੇ ਦੀ ਖੁਸ਼ੀ ਦਾ ਖ਼ਿਆਲ ਰੱਖਦੇ ਹਨ।

'ਧਰਤੀ ਹੇਠਲਾ ਬੌਲਦ' ਵਿਚ ਵਿਰਕ ਨੇ ਮਝੈਲ ਲੋਕਾਂ ਦੇ ਸੁਭਾਅ ਤੇ ਜਿਗਰੇ ਨੂੰ ਬੜੇ ਭਾਵਮਈ ਰੂਪ ਵਿਚ ਪੇਸ਼ ਕੀਤਾ ਹੈ। ਕਹਾਣੀ ਦਾ ਪਾਤਰ ਕਰਮ ਸਿੰਘ ਪਿੰਡ ਛੁੱਟੀ ਕੱਟਣ ਜਾ ਰਹੇ ਆਪਣੇ ਦੋਸਤ ਮਾਨ ਸਿੰਘ ਨੂੰ ਉਸਦੇ ਪਿੰਡ ਮਿਲ ਕੇ ਆਉਣ ਲਈ ਕਹਿੰਦਾ ਹੈ ਤਾਂ ਜੋ ਉਹ ਆਪਣੇ ਘਰਦਿਆਂ ਦੀ ਸੁਖ-ਸਾਂਦ ਜਾਣ ਸਕੇ ਤੇ ਉਸ ਦੇ ਘਰ ਦੇ ਵੀ ਉਸਦਾ ਹਾਲ-ਚਾਲ ਜਾਣ ਸਕਣ। ਮਾਨ ਸਿੰਘ ਦੇ ਉਸਦੇ ਪਿੰਡ ਆਉਣ ਤੱਕ ਕਰਮ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਪਿੰਡ ਵਿਚ ਪਹੁੰਚ ਚੁੱਕੀ ਸੀ। ਜਦੋਂ ਕਰਮ ਸਿੰਘ ਦੇ ਘਰਦਿਆਂ ਨੂੰ ਪਤਾ ਲੱਗਦਾ ਹੈ ਕਿ ਮਾਨ ਸਿੰਘ ਨੂੰ ਕਰਮ ਸਿੰਘ ਦੀ ਸ਼ਹੀਦੀ ਬਾਰੇ

ਕੁਝ ਨਹੀਂ ਪਤਾ ਤਾਂ ਉਹ ਇਹ ਗੱਲ ਉਸ ਤੋਂ ਲੁਕਾ ਕੇ ਰੱਖਣ ਦਾ ਫੈਸਲਾ ਕਰਦੇ ਹਨ। ਉਹ ਉਸ ਨੂੰ ਫੌਜ ਦੀਆਂ ਗੱਲਾਂ ਛੇੜਨ ਤੋਂ ਗੱਲ ਨੂੰ ਹੋਰ ਪਾਸੇ ਲੈ ਜਾਂਦੇ ਹਨ ਕਿ ਕਿਤੇ ਉਹ ਗੱਲਾਂ ਸੁਣ ਭਾਵਨਾ ਵਿਚ ਵਹਿ ਕੇ ਮਾਨ ਸਿੰਘ ਨੂੰ ਦੱਸ ਨਾ ਬੈਠਣ। ਉਹਨਾਂ ਨੂੰ ਲੱਗਦਾ ਹੈ ਕਿ ਐਵੇਂ ਵਿਚਾਰੇ ਦੀ ਛੁੱਟੀ ਖ਼ਰਾਬ ਹੋਵੇਗੀ, ਆਪੇ ਫੌਜ ਵਿਚ ਜਾ ਕੇ ਸੁਣ ਲਵੇਗਾ ਪਰ ਡਾਕੀਏ ਦੇ ਆਉਣ ਤੇ ਸਾਰੀ ਗੱਲ ਸਾਹਮਣੇ ਆ ਜਾਂਦੀ ਹੈ।

ਕੁਲਵੰਤ ਵਿਰਕ ਦੀ ਇਹ ਕਹਾਣੀ ਸਾਧਾਰਨ ਮਨੁੱਖ ਦੀ ਅਸਧਾਰਨਤਾ ਨੂੰ ਪੇਸ਼ ਕਰਦੀ ਹੈ। ਕਹਾਣੀਕਾਰ ਨੇ ਕਹਾਣੀ ਦੇ ਪਾਤਰਾਂ ਦੇ ਰਵੱਈਏ ਨੂੰ ਮਾਨਵਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਵਿਰਕ ਦੀ ਸ਼ੈਲੀ ਸੰਜਮ ਵਾਲੀ ਹੈ। ਉਸਦੇ ਬਿਆਨ ਵਿਚ ਸਰਲ਼ਤਾ ਤੇ ਸਾਦਗੀ ਹੈ। ਉਹ ਕਹਾਣੀ ਦੇ ਵਿਸਥਾਰ ਨਾਲੋਂ ਸੰਜਮ ਨੂੰ ਮਹੱਤਵ ਦਿੰਦਾ ਹੈ ਅਤੇ ਥੋੜ੍ਹੇ ਸ਼ਬਦਾਂ ਵਿਚ ਕਹਾਣੀ ਨੂੰ ਪੇਸ਼ ਕਰਦਾ ਹੈ। ਵਿਰਕ ਦੀ ਸੰਜਮਤਾ ਤੇ ਸਾਦਗੀ ਬਾਰੇ ਸੁਰਜੀਤ ਪਾਤਰ ਵੀ ਲਿਖਦੇ ਹਨ' ਕੁਲਵੰਤ ਸਿੰਘ ਕੋਲ ਬੈਠ ਕੇ ਉਸ ਨਾਲ ਗੱਲਾਂ ਕਰਨੀਆਂ ਇਕ ਵਡਮੁੱਲਾ ਅਨੁਭਵ ਹੁੰਦਾ ਸੀ। ਉਹਦੀ ਹਰ ਗੱਲ ਜਿਵੇਂ, ਕਹਿੰਦੇ ਨੇ ਨਿਸ਼ਾਨੇ ਦਾ ਤੀਰ ਹੁੰਦੀ; ਦੋ ਹਰਫ਼ੀ, ਵਿਅੰਗਮਈ, ਚੁੰਧਿਆ ਕੇ ਚਾਨਣ ਕਰ ਦੇਣ ਵਾਲੀ। ਇਸੇ ਕਰਕੇ ਉਹ ਦਫ਼ਤਰੀ ਮੀਟਿੰਗਾਂ ਵੀ ਖੜ੍ਹੇ- ਖੜ੍ਹੇ ਨਿਪਟਾ ਲੈਂਦਾ। ਉਸ ਨੇ ਜਿਵੇਂ ਕਿਤਾਬਾਂ ਨੂੰ, ਜ਼ਿੰਦਗੀ ਨੂੰ ਤੇ ਆਪਣੇ ਅਨੁਭਵਾਂ ਨੂੰ ਰਲਾ ਕੇ ਕਸ਼ੀਦ ਕੀਤਾ ਹੋਇਆ ਸੀ। ਉਸ ਦੀ ਗੱਲ ਦਾ ਇਕ ਕਤਰਾ ਹੀ ਸਰੂਰਨ ਲਈ ਕਾਫ਼ੀ ਹੁੰਦਾ। ਉਹ ਕਿਸੇ ਸਥਿਤੀ ਨੂੰ, ਕਿਸੇ ਬੰਦੇ ਨੂੰ ਇਕ ਵਿਨੋਦੀ ਵਾਕ ਵਿਚ ਬਦਲ ਦੇਂਦਾ ਤੇ ਹੱਸ ਪੈਂਦਾ ਹੈ'।

'ਧਰਤੀ ਹੇਠਲਾ ਬੌਲਦ' ਕਹਾਣੀ ਦੇ ਸਿਰਲੇਖ ਤੋਂ ਹੀ ਉਸਦੇ ਅੰਤਰੀਵੀ ਭਾਵ ਦਾ ਸੰਕੇਤ ਮਿਲ ਜਾਂਦਾ ਹੈ । ਵਿਰਕ ਦੁਆਰਾ ਵਰਤੇ ਬਿੰਬ ਪ੍ਰਤੀਕ ਤੇ ਮੋਟਿਫ਼ ਪੰਜਾਬੀ ਸੁਭਾ ਦੇ ਅਨੁਕੂਲ ਹੁੰਦੇ ਹਨ।

## 1.4 ਕਹਾਣੀ ਦੀ ਅੰਤਿਕਾ-

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਰਕ ਦੇ ਜੀਵਨ ਅਨੁਭਵ ਉਸਦੀ ਕਹਾਣੀ ਰਚਨਾ ਦਾ ਆਧਾਰ ਬਣੇ ਹਨ। ਵਿਰਕ ਅਜਿਹਾ ਪੰਜਾਬੀ ਸਾਹਿਤਕਾਰ ਹੈ ਜਿਸਨੇ ਕੇਵਲ ਕਹਾਣੀ ਵਿਧਾ ਨੂੰ ਹੀ ਅਪਣਾਇਆ। ਵਿਰਕ ਸਾਧਾਰਨ ਵਿਸ਼ਿਆਂ ਨੂੰ ਆਪਣੇ ਨਿਵੇਕਲੇ ਦ੍ਰਿਸ਼ਟੀਕੋਣ ਰਾਹੀਂ ਅਸਧਾਰਨ ਪੇਸ਼ਕਾਰੀ ਵਿੱਚ ਬਦਲ ਦਿੰਦਾ ਹੈ। ਵਿਰਕ ਸੁਚੇਤ, ਅਚੇਤ ਕਹਾਣੀ ਘਾੜਤ ਦੇ ਕਲਾਤਮਿਕ ਨਿਯਮਾਂ ਦਾ ਅਤਿਅੰਤ ਪ੍ਰਭਾਵਸ਼ਾਲੀ ਪ੍ਰਯੋਗਕਰਨ ਦੇ ਸਮਰੱਥ ਹੈ। ਕਥਾਨਕ ਵਿਚਲੀਆਂ ਘਟਨਾਵਾਂ ਤੇ ਪਾਤਰ ਕਾਰਜਸ਼ੀਲ ਹੁੰਦੇ ਹਨ ਅਤੇ ਸ਼ੈਲੀ ਭਾਸ਼ਾ ਇਸ ਸਾਹਿਤਕ ਕਿਰਤ ਨੂੰ ਸਿਰਜਣ ਦਾ ਮਾਧਿਅਮ ਹਨ।

## 1.5 ਪਾਤਰ-ਚਿਤਰਨ

**ਕਰਮ ਸਿੰਘ -** ਕਰਮ ਸਿੰਘ ਫੌਜ ਵਿਚ ਹੈ, ਜਿਸਦਾ ਪਿੰਡ ਠੱਠੀ ਖਾਰਾ ਹੈ। ਕਰਮ ਸਿੰਘ ਇਕ ਦਲੇਰ ਫੌਜੀ ਤੇ ਪੱਕਾ ਨਿਸ਼ਾਨਚੀ ਹੈ। ਫੌਜ ਵਿਚ ਉਸਦੇ ਨਿਸ਼ਾਨੇ ਦੀ ਹਰ ਕੋਈ ਤਾਰੀਫ਼ ਕਰਦਾ ਹੈ। ਕੋਈ ਵੀ ਦੁਸ਼ਮਣ ਉਸਦੀ ਨਜ਼ਰ ਤੋਂ ਨਹੀਂ ਬਚਦਾ। ਕਰਮ ਸਿੰਘ ਖੁਦ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਸ਼ਹੀਦ ਹੋ ਜਾਂਦਾ ਹੈ।

## ਮਾਨ ਸਿੰਘ-

ਮਾਨ ਸਿੰਘ ਕਰਮ ਸਿੰਘ ਦਾ ਦੋਸਤ ਹੈ। ਦੋਨੋਂ ਫੌਜ ਵਿਚ ਚੰਗੇ ਦੋਸਤ ਬਣਦੇ ਹਨ। ਜਦੋਂ ਮਾਨ ਸਿੰਘ ਛੁੱਟੀ ਕੱਟਣ ਆਇਆ ਹੁੰਦਾ ਹੈ ਤਾਂ ਆਪਣੇ ਦੋਸਤ ਦੇ ਕਹਿਣ ਤੇ ਉਸ ਦੇ ਪਿੰਡ ਜਾਂਦਾ ਹੈ। ਮਾਨ ਸਿੰਘ ਮਿਲਾਪੜੇ ਸੁਭਾਅ ਦਾ ਮਾਲਿਕ ਹੈ। ਮਾਨ ਸਿੰਘ ਨੂੰ ਆਪਣੇ ਦੋਸਤ ਦੀ ਬਹਾਦਰੀ ਤੇ ਬਹੁਤ ਵੱਡਾ ਮਾਣ ਹੈ, ਉਸਦਾ ਮਨ ਕਰਦਾ ਹੈ ਕਿ ਉਹ ਸਾਰਿਆਂ ਨੂੰ ਦੱਸੇ ਕਿ ਕਿਵੇਂ ਉਸਦਾ ਦੋਸਤ ਦੁਸ਼ਮਣਾਂ ਨੂੰ ਮਾਰ ਮੁਕਾਉਂਦਾ ਹੈ। ਉਹ ਉਹਨਾਂ ਨੂੰ ਕਰਮ ਸਿੰਘ ਦੀਆਂ ਗੱਲਾਂ ਸੁਣਾਉਂਣੀਆਂ ਸ਼ੁਰੂ ਕਰਦਾ ਹੈ ਪਰ ਉਸਦੀਆਂ ਗੱਲਾਂ ਵਿਚ ਕਿਸੇ ਨੂੰ ਕੋਈ ਦਿਲਚਸਪੀ ਹੀ ਨਹੀਂ ਹੁੰਦੀ। ਜਦੋਂ ਉਸਨੂੰ ਉਹਨਾਂ ਦੇ ਚੁੱਪ ਰਹਿਣ ਦੇ ਕਾਰਨ ਦਾ ਪਤਾ ਲੱਗਦਾ ਹੈ ਤਾਂ ਉਹ ਉਹਨਾਂ ਦੇ ਹੌਸਲੇ ਤੇ ਹੈਰਾਨ ਹੁੰਦਾ ਹੈ।

**ਜਸਵੰਤ ਸਿੰਘ-**

ਜਸਵੰਤ ਸਿੰਘ ਕਰਮ ਸਿੰਘ ਦਾ ਭਰਾ ਹੈ। ਉਹ ਸੁਭਾਅ ਪੱਖੋਂ ਤਾਂ ਮਿਲਾਪੜਾ ਵਿਅਕਤੀ ਹੈ ਪਰ ਮਾਨ ਸਿੰਘ ਤੋਂ ਦੁੱਖ ਲੁਕਾਉਣ ਲਈ ਇਹ ਜ਼ਿਆਦਾ ਬੋਲਦਾ ਨਹੀਂ। ਉਹ ਘੁਟਿਆ-ਘੁਟਿਆ ਫਿਰਦਾ ਰਹਿੰਦਾ ਹੈ। ਉਸ ਕੋਲ ਗੱਲ ਨੂੰ ਦੂਜੇ ਪਾਸੇ ਮੋੜ ਲੈਣ ਦਾ ਵੀ ਹੁਨਰ ਹੈ। ਜਦੋਂ ਵੀ ਕਰਮ ਸਿੰਘ ਦੀ ਗੱਲ ਤੁਰਦੀ ਤਾਂ ਉਹ ਗੱਲ ਨੂੰ ਹੋਰ ਪਾਸੇ ਘੁਮਾ ਦਿੰਦਾ ਹੈ। ਮਾਨ ਸਿੰਘ ਨੂੰ ਪਿੰਡ ਘੁਮਾਉਣ ਲੱਗਿਆ ਵੀ ਉਹ ਕਿਸੇ ਕੋਲ਼ ਨਹੀਂ ਖੜ੍ਹਦਾ ਕਿ ਕਿਤੇ ਕੋਈ ਕਰਮ ਸਿੰਘ ਦੀ ਗੱਲ ਨਾ ਤੋਰ ਲਵੇ। ਉਹ ਘੁਟਿਆ-ਘੁਟਿਆ ਫਿਰਦਾ ਰਹਿੰਦਾ ਹੈ।

**ਕਰਮ ਸਿੰਘ ਦਾ ਬਾਪ -**

ਕਰਮ ਸਿੰਘ ਦਾ ਬਾਪ ਵੱਡੇ ਜਿਗਰੇ ਵਾਲਾ ਇਨਸਾਨ ਹੈ। ਉਹ ਬਜ਼ੁਰਗ ਹੋਣ ਦੇ ਬਾਵਜੂਦ ਬੜੇ ਹੌਂਸਲੇ ਨਾਲ ਆਪਣੇ ਪੁੱਤ ਦੀ ਮੌਤ ਨੂੰ ਬਰਦਾਸ਼ਿਤ ਕਰਨ ਦੀ ਕੋਸ਼ਿਸ ਕਰਦਾ ਹੈ। ਉਹ ਬਹੁਤ ਹੀ ਭਾਵੁਕ ਕਿਸਮ ਦਾ ਵਿਅਕਤੀ ਹੈ। ਉਹ ਮਾਨ ਸਿੰਘ ਨਾਲ ਗੱਲ ਕਰਨ ਤੋਂ ਬਚਦਾ ਹੈ ਕਿ ਕਿਤੇ ਉਹ ਭਾਵਨਾਵਾਂ ਵਿਚ ਵਹਿ ਕੇ ਆਪਣਾ ਦੁੱਖ ਦੱਸ ਨਾ ਬੈਠੇ। ਉਹ ਆਪਣੀ ਜ਼ੁਬਾਨ ਤੋਂ ਤਾਂ ਗੱਲ ਬਾਹਰ ਨਹੀਂ ਆਉਣ ਦਿੰਦਾ, ਪਰ ਉਸਦੀਆਂ ਸਰੀਰਕ ਹਰਕਤਾਂ ਉਸ ਅੰਦਰਲੀ ਘਬਰਾਹਟ ਨੂੰ ਜ਼ਾਹਿਰ ਕਰ ਰਹੀਆਂ **ਹਨ**।

**1.6 ਅਭਿਆਸ ਪ੍ਰਸ਼ਨ -**

1) ਮਾਨ ਸਿੰਘ ਨੂੰ ਕਰਮ ਸਿੰਘ ਦੇ ਘਰਦਿਆਂ ਦਾ ਵਤੀਰਾ ਕਿਹੋ ਜਿਹਾ ਲੱਗਾ?
2) ਕਰਮ ਸਿੰਘ ਦੇ ਮੁੰਡੇ ਨੂੰ ਉਹਦੀ ਦਾਦੀ ਕਿਉਂ ਮਾਨ ਸਿੰਘ ਕੋਲੋਂ ਕਿਉਂ ਲੈ ਜਾਂਦੀ ਹੈ?
3) ਡਾਕੀਆ ਕਿਸਦੀ ਚਿੱਠੀ ਲੈ ਕੇ ਆਉਂਦਾ ਹੈ?
4) ਕਰਮ ਸਿੰਘ ਦਾ ਪਿਉ ਮਾਨ ਸਿੰਘ ਨੂੰ 'ਧਰਤੀ ਹੇਠਲਾ ਬੌਲਦ' ਕਿਉਂ ਲੱਗਦਾ ਹੈ?

# ਕਹਾਣੀ - ਘਰ

## 1.1 ਲੇਖਕ ਨਾਲ ਜਾਣ-ਪਛਾਣ

ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦਾ ਉੱਘਾ ਹਸਤਾਖ਼ਰ ਹੈ। ਉਹਨਾਂ ਦਾ ਜਨਮ 7 ਅਪ੍ਰੈਲ 1932 ਨੂੰ ਹੋਇਆ। ਬੀ.ਏ ਕਰਨ ਉਪਰੰਤ 1963-64 ਵਿਚ ਪੱਤਰਕਾਰੀ ਦਾ ਡਿਪਲੋਮਾ ਕੀਤਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1966 ਵਿਚ ਐਮ.ਏ ਉਰਦੂ ਕੀਤੀ। ਵੱਖ-ਵੱਖ ਅਖ਼ਬਾਰਾਂ ਦੇ ਸਬ-ਐਡੀਟਰ ਵਜੋਂ ਕੰਮ ਕੀਤਾ। ਉਹਨਾਂ ਨੇ 'ਕੱਚਕੜੇ', 'ਨਮਾਜੀ', 'ਮੁਕਤੀ', ' ਸਵੇਤਾਂਬਰ ਨੇ ਕਿਹਾ ਸੀ', 'ਕੁਝ ਅਣਕਿਹਾ ਵੀ', 'ਸੁਣਦੈ ਖਲੀਫ਼ਾ', ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਪ੍ਰੇਮ ਪ੍ਰਕਾਸ਼ ਨੂੰ 'ਕੁਝ ਅਣਕਿਹਾ ਵੀ' (1990) ਕਹਾਣੀ ਸੰਗ੍ਰਹਿ ਲਈ ਸਾਹਿਤ ਅਕਾਦਮੀ ਸਨਮਾਨ ਮਿਲਿਆ। ਉਹਨਾਂ ਦੇ ਇਨਾਮਾਂ ਸਨਮਾਨਾਂ ਦੀ ਲਿਸਟ ਬਹੁਤ ਲੰਮੀ ਹੈ। ਉਹਨਾਂ ਦੀ ਚੋਣਵੀਆਂ ਕਹਾਣੀਆਂ ਵਿਚੋਂ 'ਘਰ' ਕਹਾਣੀ ਇਕ ਹੈ।

## 1.2 ਕਹਾਣੀ ਦਾ ਸਾਰ -

'ਪ੍ਰੇਮ ਪ੍ਰਕਾਸ਼' ਦੀ ਕਹਾਣੀ 'ਘਰ' ਇਕ ਔਰਤ ਦੇ ਜੀਵਨ ਦੀ ਪੇਸ਼ਕਾਰੀ ਕਰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਰੀਟਾ ਹੈ, ਜੋ ਆਪਣੀ ਸਹੇਲੀ ਨੂੰ ਤੀਜੀ ਚਿੱਠੀ ਦੇ ਜਵਾਬ ਵਿਚ ਸਥਿਤੀ ਬਿਆਨ ਕਰਦੀ ਹੈ। ਉਸਦੀ ਸਥਿਤੀ ਉਸਦੀ ਚਿੱਠੀ ਸ਼ੁਰੂ ਕਰਨ ਦੀ ਪਹਿਲੀ ਲਾਈਨ ਤੋਂ ਹੀ ਉਸਦੀ ਜ਼ਿੰਦਗੀ ਬਾਰੇ ਪਤਾ ਲਗਾ ਦਿੰਦੀ ਹੈ, ਜਦੋਂ ਉਹ ਲਿਖਦੀ ਹੈ ਕਿ ... "ਕਹਾਣੀ ਲਿਖਣੀ ਤਾਂ ਮੈਂ ਕਾਲਜ ਵਿਚ ਹੀ ਛੱਡ ਦਿੱਤੀ ਸੀ। ਹੁਣ ਤਾਂ ਆਪਣੀ ਬਣੀ ਪਈ ਹੈ"। ... ਰੀਟਾ ਕੌਸ਼ਲ ਬ੍ਰਾਹਮਣਾਂ ਦੀ ਧੀ ਹੋਣ ਦੇ ਬਾਵਜੂਦ ਵੀ ਕਰਮ ਕਾਂਡਾਂ ਨੂੰ ਸਵੀਕਾਰ ਨਹੀਂ ਕਰਦੀ। ਰੀਟਾ ਕਾਲਜ ਪੜ੍ਹਦੀ ਹੈ ਅਤੇ ਆਪਣੀ ਮਰਜ਼ੀ ਨਾਲ ਸੁਹੇਲ ਭੁੱਲਰ ਨਾਲ ਅੰਤਰਜਾਤੀ ਵਿਆਹ ਕਰਵਾਉਂਦੀ ਹੈ। ਰੀਟਾ ਦਾ ਪਰਿਵਾਰ ਇਸ ਵਿਆਹ ਨੂੰ ਸਵੀਕਾਰ ਨਹੀਂ ਕਰਦਾ। ਰੀਟਾ ਨਾਲ ਦੁਖਾਂਤ ਉਦੋਂ ਵਾਪਰਦਾ ਹੈ, ਜਦੋਂ ਉਸਦਾ ਸਹੁਰਾ ਪਰਿਵਾਰ ਵੀ ਉਸਨੂੰ ਸਤਿਕਾਰ ਨਹੀਂ ਦਿੰਦਾ ਤਾਂ ਉਸ ਸਮੇਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਸਮਾਜ ਬਿਨਾਂ ਧਾਰਮਿਕ ਰਸਮਾਂ ਵਾਲੇ ਵਿਆਹ ਨੂੰ ਸਵੀਕਾਰ ਨਹੀਂ ਕਰਦਾ। ਰੀਟਾ ਤੇ ਸੁਹੇਲ ਸ਼ਹਿਰ ਰਹਿਣ ਲੱਗਦੇ ਹਨ। ਰੀਟਾ ਟੂਰਿਜ਼ਮ ਵਿਭਾਗ ਵਿਚ ਨੌਕਰੀ ਕਰਦੀ ਹੈ ਪ੍ਰੰਤੂ ਆਪਣੇ ਪਤੀ ਦੇ ਸ਼ੱਕੀ ਵਤੀਰੇ ਕਾਰਨ ਉਸਨੂੰ ਪਹਿਲੇ ਬੱਚੇ ਬਾਅਦ ਨੌਕਰੀ ਛੱਡਣੀ ਪੈਂਦੀ ਹੈ। ਰੀਟਾ ਦੇ ਪਿਓ ਦੀ ਮੌਤ ਦੀ ਖ਼ਬਰ ਵੀ ਉਸਨੂੰ ਦੇਰ ਨਾਲ ਮਿਲਦੀ ਹੈ ਅਤੇ ਪਰਿਵਾਰ ਦੇ ਪਰਾਏ ਵਿਵਹਾਰ ਕਾਰਨ ਉਸਦਾ ਮਨ ਬਹੁਤ ਦੁਖੀ ਹੁੰਦਾ ਹੈ। ਬਾਪ ਦੀ ਮੌਤ ਤੋਂ ਕੁਝ ਸਮੇਂ ਬਾਅਦ ਮਾਂ ਵੀ ਪੂਰੀ ਹੋ ਜਾਂਦੀ ਹੈ ਅਤੇ ਉਸਦਾ ਨਾਤਾ ਉਸ ਘਰ ਨਾਲੋਂ ਹਮੇਸ਼ਾ ਲਈ ਟੁੱਟ ਜਾਂਦਾ ਹੈ।

ਰੀਟਾ ਨੂੰ ਅਹਿਸਾਸ ਹੁੰਦਾ ਹੈ ਕਿ ਉਸਨੇ ਗਲ਼ਤ ਫੈਸਲੇ ਲਏ। ਜਿਸ ਕਾਰਨ ਉਹ ਅੰਦਰੋਂ ਟੁੱਟ ਜਾਂਦੀ ਹੈ। ਉਸਨੂੰ ਆਪਣੇ ਮਾਂ-ਬਾਪ ਦੀ ਮੌਤ ਪਿੱਛੇ ਵੀ ਆਪਣਾ ਆਪ ਦਿਸਣ ਲੱਗਦਾ ਹੈ। ਉਹ ਸੋਚਦੀ ਹੈ ਕਿ ਜੇ ਉਹ ਉਹਨਾਂ ਦਾ ਕਹਿਣਾ

ਮੰਨਦੀ ਤਾਂ ਘੱਟੋਂ-ਘੱਟ ਉਹਨਾਂ ਦੀ ਜਾਨ ਤਾਂ ਸੌਖੀ ਨਿਕਲਦੀ। ਉਸ ਨੇ ਮਾਪੇ ਵੀ ਦੁਖੀ ਕੀਤੇ ਤੇ ਹੁਣ ਖ਼ੁਦ ਵੀ ਦੁਖੀ ਹੋ ਰਹੀ ਹੈ। ਜਿਹਨਾਂ ਕਰਮ-ਕਾਂਡਾਂ ਨੂੰ ਇਹ ਵਹਿਮ-ਭਰਮ ਦਾ ਨਾਂ ਦਿੰਦੀ ਸੀ, ਹੁਣ ਉਹੀ ਪੂਜਾ ਪਾਠ ਕਰਕੇ ਉਸ ਦੇ ਮਨ ਨੂੰ ਚੈਨ ਮਿਲਦਾ ਹੈ।

ਰੀਟਾ ਦਾ ਦਿਲ ਕਰਦਾ ਹੈ ਕਿ ਉਸਦਾ ਭਰਾ ਘਰ ਆਵੇ, ਮੇਰੇ ਨਾਲ ਦੁੱਖ-ਸੁੱਖ ਕਰੇ ਪਰ ਸੁਰਿੰਦਰ ਵੀ ਆਪਣੀ ਭੈਣ ਨਾਲੋਂ ਨਾਤਾ ਤੋੜ ਲੈਂਦਾ ਹੈ। ਰੀਟਾ ਦੇ ਬੱਚੇ ਵੱਡੇ ਹੋ ਜਾਂਦੇ ਹਨ ਅਤੇ ਸੁਹੇਲ ਦਿਨ ਰਾਤ ਸ਼ਰਾਬ ਨਾਲ ਰੱਜਿਆ ਰਹਿੰਦਾ ਹੈ। ਇਕ ਅਜ਼ਾਦ ਖਿਆਲੀ ਔਰਤ ਦੀ ਆਖਰੀ ਪਹਿਚਾਣ ਸਿਰਫ ਉਸਦੇ ਪਤੀ ਦੀ ਹੋ ਕੇ ਰਹਿ ਜਾਂਦੀ ਹੈ। ਉਹ ਲਿਖਦੀ ਹੈ ਕਿ, ... "ਮੈਂ ਜੋ ਰੀਟਾ ਕੌਸ਼ਲ ਸੀ, ਫੇਰ ਰੀਟਾ ਬਣੀ.... ਤੇ ਫੇਰ ਮਿਸਿਜ਼ ਭੁੱਲਰ ਤੇ ਫਿਰ ਸੁਆਹ ਮਿੱਟੀ। ਇਸ ਘਰ ਵਿਚ..........., ਜਿਲਾਂ ਲੁਧਿਆਣਾ ਹੋਵੇਗਾ" ।... ਇਹਨਾਂ ਪਰਸਥਿਤੀਆਂ ਕਾਰਨ ਰੀਟਾ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋਈ ਹੈ। ਘਰ ਇਕ ਮਕਾਨ ਹੀ ਨਹੀਂ ਸਗੋਂ ਪਰਿਵਾਰਕ ਰਿਸ਼ਤਿਆਂ ਨਾਲ ਹੀ ਹੁੰਦਾ ਹੈ। ਰੀਟਾ ਨੂੰ ਪੇਕੇ ਘਰ ਵਾਂਗ ਹੀ ਸਹੁਰਾ ਪਰਿਵਾਰ ਦੇ ਰਿਸ਼ਤਿਆਂ ਵਿਚ ਵੀ ਆਪਣਾਪਣ ਨਹੀਂ ਮਿਲਦਾ। ਉਸਨੂੰ ਪੇਕੇ ਪਿੰਡ ਤੋਂ ਟੁੱਟਣਾ ਖ਼ੂਨ ਦੇ ਰਿਸ਼ਤਿਆ ਨਾਲੋਂ ਪਰਾਏ ਹੋਣ ਕਰਕੇ ਅੰਦਰੋਂ ਅੰਦਰੀ ਕੁਝ ਖਾਈ ਜਾਂਦਾ ਹੈ। ਰੀਟਾ ਨੂੰ ਆਪਣੇ ਲਏ ਫੈਸਲੇ ਗਲਤ ਲੱਗਣ ਲੱਗ ਜਾਂਦੇ ਹਨ।

ਪੰਜਾਬੀ ਸਭਿਆਚਾਰ ਵਿਚ ਔਰਤ ਦੇ ਜਨਮ ਤੋਂ ਮੌਤ ਤੱਕ ਦੀਆਂ ਰਸਮਾਂ ਪੇਕੇ ਘਰ ਨਾਲ ਜੁੜੀਆਂ ਹੁੰਦੀਆਂ ਹਨ। ਹਰ ਮਨੁੱਖ ਲਈ ਮਾਤਾ–ਪਿਤਾ ਦਾ ਸਤਿਕਾਰ ਕਰਨਾ ਮੁੱਢਲਾ ਫ਼ਰਜ ਬਣਦਾ ਹੈ ਜੇਕਰ ਮਾਤਾ ਪਿਤਾ ਦੀ ਮਰਜ਼ੀ ਤੋਂ ਬਾਹਰ ਹੋ ਕੇ ਜਿੰਦਗੀ ਦੇ ਅਹਿਮ ਫੈਸਲੇ ਲੈਣ ਦੀ ਕੋਸਿਸ਼ ਕਰਾਂਗੇ ਤਾਂ ਫਿਰ ਹਰ ਮਨੁੱਖ ਦੀ ਸਥਿਤੀ ਰੀਟਾ ਵਰਗੀ ਹੋ ਸਕਦੀ ਹੈ। ਅੰਤ ਵਿਚ ਰੀਟਾ ਨਾ ਸਹੁਰਿਆਂ ਦੀ ਹੋ ਸਕੀ ਤੇ ਨਾ ਹੀ ਪੇਕਿਆਂ ਦੀ। ਸਿਰਫ ਤੇ ਸਿਰਫ ਉਸ ਕੋਲ ਦੁਖੀ ਹੋਣ ਤੋਂ ਸਵਾਏ ਬਾਕੀ ਕੁਝ ਨਹੀਂ ਬਚਦਾ।

## <u>1.3 ਕਹਾਣੀ ਦਾ ਵਿਸ਼ਾ ਵਸਤੂ</u>

ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਘਰ' ਰੀਟਾ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ, ਜੋ ਔਰਤ ਆਪਣੀ ਜਵਾਨੀ ਵਿਚ ਆਪਣੀ ਮਰਜ਼ੀ ਨਾਲ ਫੈਸਲੇ ਲੈਂਦੀ ਹੈ ਅਤੇ ਅੰਤਰਜਾਤੀ ਵਿਆਹ ਕਰਵਾਉਂਦੀ ਹੈ। ਇਹੀ ਅੰਤਰਜਾਤੀ ਵਿਆਹ ਹੌਲੀ-ਹੌਲੀ ਸਮੇਂ ਉਸ ਲਈ ਦੁਖਾਂਤ ਬਣ ਜਾਂਦਾ ਹੈ। ਉਸਨੂੰ ਆਪਣੇ ਲਏ ਫ਼ੈਸਲੇ ਤੇ ਪਛਤਾਵਾ ਹੁੰਦਾ ਹੈ। ਇਹ ਕਹਾਣੀ ਦੋ ਸਭਿਆਚਾਰਕ ਮੁੱਲਾਂ ਦੀ ਵਿਭਿੰਨਤਾ ਵਿਚੋਂ ਉਪਜੇ ਤਨਾਉ ਦਾ ਦੁਖਾਂਤ ਪੇਸ਼ ਕਰਦੀ ਹੈ।

ਇਹ ਕਹਾਣੀ ਰੀਟਾ ਤੋਂ ਮਿਸਿਜ਼ ਭੁੱਲਰ ਬਣ ਜਾਣ ਤੱਕ ਦੀ ਕਹਾਣੀ ਹੈ। ਜੋ ਔਰਤ ਕਦੇ ਆਪਣੀ ਪਛਾਣ ਲਈ ਆਪਣੇ ਹੱਕਾਂ ਲਈ ਸਭ ਨਾਲ ਲੜਨ ਦਾ ਹੌਂਸਲਾ ਰੱਖਦੀ ਸੀ ਤੇ ਕੁਝ ਵੱਖਰਾ ਕਰਕੇ ਸਭ ਨੂੰ ਹੈਰਾਨ ਕਰਨਾ ਚਾਹੁੰਦੀ ਸੀ

ਉਹੀ ਔਰਤ ਸਿਰਫ਼ ਆਪਣੇ ਪਤੀ ਦੀ ਪਤਨੀ ਬਣ ਕੇ ਰਹਿ ਜਾਂਦੀ ਹੈ। ਉਸਦੀ ਆਪਣੀ ਪਛਾਣ ਤਾਂ ਬਹੁਤ ਸਮਾਂ ਪਹਿਲਾਂ ਹੀ ਗਵਾਚ ਚੁੱਕੀ ਹੁੰਦੀ ਹੈ।

ਕਹਾਣੀ ਸਾਡੇ ਸਮਾਜ ਦੇ ਜਾਤੀ ਤੇ ਫ਼ਿਰਕੂ ਕੱਟੜਪੁਣੇ ਨੂੰ ਵੀ ਪੇਸ਼ ਕਰਦੀ ਹੈ। ਸਾਡੇ ਸਮਾਜ ਵਿਚ ਰਿਸ਼ਤਿਆਂ ਤੋਂ ਵੱਧ ਸਮਾਜ ਵਿਚ ਰੁਤਬਾ ਮਹੱਤਵਪੂਰਨ ਹੁੰਦਾ ਹੈ। ਰੀਟਾ ਦੇ ਅੰਤਰ-ਜਾਤੀ ਵਿਆਹ ਦੇ ਫ਼ੈਸਲੇ ਕਾਰਨ ਉਸਦਾ ਬਾਪ ਗਮ ਵਿਚ ਮਰ ਜਾਂਦਾ ਹੈ ਨਾਲ ਹੀ ਸੁਰਿੰਦਰ ਵੀ ਗੰਗਾ ਦੀ ਸਹੁੰ ਖਾਂਦਾ ਹੈ ਕਿ ਉਹ ਰੀਟਾ ਦੇ ਘਰ ਨਹੀਂ ਜਾਵੇਗਾ। ਕਹਾਣੀਕਾਰ ਇੱਥੇ ਇਸ ਗੱਲ ਦੀ ਪੇਸ਼ਕਾਰੀ ਵੀ ਕਰਦਾ ਹੈ ਕਿ ਕੋਈ ਵੀ ਮਨੁੱਖ ਧਰਮ ਤੋਂ ਜਿੰਨਾ ਵੀ ਦੂਰ ਰਹਿਣ ਦੀ ਕੋਸ਼ਿਸ ਕਰੇ ਪ੍ਰੰਤੂ ਆਪਣੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ ਤੇ ਜਦੋਂ ਇਕੱਲਾਪਨ ਮਹਿਸੂਸ ਕਰਦਾ ਹੈ ਤਾਂ ਧਰਮ ਦਾ ਸਹਾਰਾ ਲੈਂਦਾ ਹੈ, ਜਿਵੇਂ ਰੀਟਾ।

'ਘਰ' ਕਹਾਣੀ ਉਤਮ ਪੁਰਖ ਸ਼ੈਲੀ ਵਿਚ ਲਿਖੀ ਗਈ ਹੈ। ਇਸ ਵਿਚ ਰੀਟਾ ਮੁੱਖ ਪਾਤਰ ਹੈ, ਜੋ ਚਿੱਠੀ ਜੁਗਤ ਰਾਹੀਂ ਆਪਣੀ ਸਥਿਤੀ ਨੂੰ ਆਪਣੀ ਸਹੇਲੀ ਰਸ਼ਮਾਂ ਨੂੰ ਬਿਆਨ ਕਰਦੀ ਹੈ। ਕਹਾਣੀ ਪੜ੍ਹ ਕੇ ਅੱਖਾਂ ਸਾਹਮਣੇ ਦ੍ਰਿਸ਼ ਆਉਣੇ ਸ਼ੁਰੂ ਹੋ ਜਾਂਦੇ ਹਨ ਜੋ ਲੇਖਕ ਦੀ ਸ਼ੈਲੀ ਦੀ ਖ਼ਾਸੀਅਤ ਦਾ ਕਾਰਨ ਬਣਦੇ ਹਨ। ਲੇਖਕ ਨੇ ਬਹੁਤ ਹੀ ਸੰਖੇਪ ਵਿਚ ਰੀਟਾ ਪਾਤਰ ਰਾਹੀਂ ਔਰਤ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਹੈ।

## 1.4 ਕਹਾਣੀ ਦੀ ਅੰਤਿਕਾ

ਲੇਖਕ 'ਘਰ' ਕਹਾਣੀ ਵਿਚ ਔਰਤ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਇਹ ਕਹਾਣੀ ਹਾਲਾਤ ਬਦਲਣ ਦੇ ਅਨੁਸਾਰ ਹੀ ਬਦਲੀਆਂ ਮਨੁੱਖੀ ਮਾਨਸਿਕ ਪਰਿਸਥਿਤੀਆਂ ਨੂੰ ਬਿਆਨ ਕਰਦੀ ਹੈ। ਖ਼ਾਸ ਕਰਕੇ ਔਰਤ ਦੀਆਂ ਉਹਨਾਂ ਮਾਨਸਿਕ ਉਲਝਣਾਂ ਨੂੰ ਪੇਸ਼ ਕਰਦੀ ਹੈ, ਜੋ ਆਪਣੇ ਰਿਸ਼ਤਿਆਂ ਨੂੰ ਸੁਲਝਾਉਣ ਵਿਚ ਆਪਣੀ ਜਿੰਦਗੀ ਗੁਜ਼ਾਰ ਦਿੰਦੀਆਂ ਹਨ। ਇਹ ਕਹਾਣੀ ਦੋ ਸੱਭਿਆਚਾਰਕ ਮੁੱਲਾਂ ਦੀ ਵਿਭਿੰਨਤਾ ਵਿਚੋਂ ਉਪਜੇ ਤਨਾਓ ਦਾ ਦੁਖਾਂਤ ਪੇਸ਼ ਕਰਦੀ ਹੈ।

## 1.5 ਪਾਤਰ-ਚਿਤਰਨ

### ਰੀਟਾ

ਰੀਟਾ ਇਸ ਕਹਾਣੀ ਦੀ ਮੁੱਖ ਪਾਤਰ ਹੈ। ਸਾਨੂੰ ਇਸ ਕਹਾਣੀ ਵਿਚ ਰੀਟਾ ਦੇ ਪਾਤਰ ਦੇ ਦੋ ਰੂਪ ਦੇਖਣ ਨੂੰ ਮਿਲਦੇ ਹਨ। ਇਕ ਉਹ ਜੋ ਆਪਣੀਆਂ ਸ਼ਰਤਾਂ ਨਾਲ ਜੀਵਨ ਜਿਉਂਦੀ ਹੈ। ਦਲੇਰਾਨਾ ਤੇ ਨਾਸਤਿਕ ਕਿਸਮ ਦਾ ਸੁਭਾਅ ਰੱਖਦੀ ਹੈ। ਫਿਰ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਹੀ ਸੁਹੇਲ ਭੁੱਲਰ ਨਾਲ ਅੰਤਰ ਜਾਤੀ ਵਿਆਹ ਕਰਵਾਉਂਦੀ ਹੈ। ਦੂਜਾ ਰੂਪ ਘਰ ਦੀ ਗ੍ਰਹਿਸਥੀ ਲਈ ਨੌਕਰੀ ਛੱਡਣ ਵਾਲੀ ਤੇ ਮਿਸਿਜ਼ ਬਣ ਕੇ ਕਰਮ–ਕਾਡਾਂ ਚੋ ਸ਼ਾਤੀ ਤਲਾਸ਼ਣ ਵਾਲੀ।

ਰੀਟਾ ਦਾ ਪਾਤਰ ਉਸ ਔਰਤ ਨੂੰ ਬਾਖੂਬੀ ਪੇਸ਼ ਕਰਦਾ ਹੈ ਜੋ ਬਦਲਦੀਆਂ ਪਰਸਥਿਤੀਆਂ ਕਰਕੇ ਆਪਣੇ ਵਿਚਾਰ ਬਦਲਣ ਤੇ ਮਜ਼ਬੂਰ ਹੋ ਜਾਂਦੀ ਹੈ। ਰੀਟਾ ਕਹਾਣੀ ਦੇ ਅੰਤ ਵਿਚ ਗੋਲ ਪਾਤਰ ਵਜੋਂ ਸਾਹਮਣੇ ਆਉਂਦੀ ਹੈ,ਜੋ ਹਲਾਤਾਂ ਅਨੁਸਾਰ ਬਦਲ ਜਾਂਦੀ ਹੈ।

**ਰੀਟਾ ਦਾ ਪਿਤਾ -**

ਰੀਟਾ ਦਾ ਪਿਤਾ ਇਕ ਕੱਟੜ ਬ੍ਰਾਹਮਣ ਹੈ । ਉਹ ਕਰਮ ਕਾਡਾਂ ਅਨੁਸਾਰ ਜ਼ਿੰਦਗੀ ਜਿਉਣ ਵਾਲਾ ਹੈ। ਉਸਨੂੰ ਰੀਟਾ ਦਾ ਨਾਸਤਿਕਪੁਣਾ ਪਸੰਦ ਨਹੀਂ। ਉਸਨੂੰ ਰੀਟਾ ਦਾ ਅੰਤਰਜਾਤੀ ਵਿਆਹ ਕਰਕੇ ਨਿਮਨ ਵੈਸ਼ਿਆ ਦੇ ਘਰ ਜਾਣਾ ਆਪਣੀਆਂ ਸੱਤੇ ਕੁਲਾਂ ਨੂੰ ਦਾਗ ਲਾਉਣ ਬਰਾਬਰ ਲੱਗਦਾ ਹੈ ਜੋ ਉਸ ਦੇ ਕੱਟੜ ਜਾਤੀਪੁਣੇ ਨੂੰ ਦਿਖਾਉਂਦਾ ਹੈ। ਉਹ ਆਪਣੀ ਕੁਲ ਤੇ ਧਰਮ ਸ਼ਾਨ ਤੇ ਮਾਣ ਕਰਨ ਵਾਲਾ ਵਿਅਕਤੀ ਹੈ।

**ਸੁਹੇਲ -**

ਸੁਹੇਲ ਰੀਟਾ ਦਾ ਪਤੀ ਹੈ, ਜੋ ਬਿਜਲੀ ਮਹਿਕਮੇ ਵਿਚ ਐਸ.ਡੀ.ਉ.ਲੱਗਾ ਹੈ। ਸੁਹੇਲ ਮੌਜ-ਮਸਤੀ ਵਾਲਾ ਤੇ ਭੂਤ ਭਵਿੱਖ ਦੀ ਚਿੰਤਾ ਤੋਂ ਮੁਕਤ ਹੈ। ਉਹ ਸ਼ੱਕੀ ਕਿਸਮ ਦਾ ਪਤੀ ਤੇ ਸ਼ਰਾਬੀ ਵਿਅਕਤੀ ਹੈ। ਉਸਦੇ ਪਾਤਰ ਰਾਹੀਂ ਮਰਦ ਹਉਮੇਂ ਪੇਸ਼ ਹੁੰਦੀ ਹੈ। ਉਹ ਆਪਣੀ ਪਸੰਦ ਦੀ ਔਰਤ ਨਾਲ ਵਿਆਹ ਤਾਂ ਕਰਾ ਲੈਂਦਾ ਹੈ, ਉਸਦੀਆਂ ਦੀਆਂ ਭਾਵਨਾਵਾਂ ਨਾਲ ਉਸ ਦਾ ਕੋਈ ਵੀ ਵਾਸਤਾ ਨਹੀਂ ਹੁੰਦਾ।

**ਸੁਰਿੰਦਰ ਮੋਹਨ -**

ਸੁਰਿੰਦਰ ਮੋਹਨ ਰੀਟਾ ਦਾ ਭਰਾ ਹੈ। ਉਹ ਵੀ ਰੀਟਾ ਦੇ ਅੰਤਰ-ਜਾਤੀ ਵਿਆਹ ਕਰਾਵਾਉਂਣ ਕਰਕੇ ਉਸ ਨਾਲ ਨਰਾਜ਼ ਹੈ। ਉਸ ਨੂੰ ਰਿਸ਼ਤਿਆ ਨਾਲੋਂ ਆਪਣੀ ਹਉਮੈਂ ਜ਼ਿਆਦਾ ਪਿਆਰੀ ਹੈ। ਉਹ ਆਪਣੀ ਕਹਿਣੀ ਤੇ ਕਰਨੀ ਦਾ ਪੱਕਾ ਹੈ। ਉਹ ਕਸਮ ਖਾਂਦਾ ਹੈ ਕਿ ਉਹ ਜਿਉਂਦੇ ਜੀਅ ਕਦੇ ਰੀਟਾ ਦੇ ਘਰ ਨਹੀਂ ਜਾਵੇਗਾ ਤੇ ਉਹ ਜਾਂਦਾ ਵੀ ਨਹੀਂ ਹੈ। ਕਹਾਣੀ ਵਿਚ ਉਸ ਦਾ ਪਾਤਰ ਅਭਾਵੁਕ ਕਿਸਮ ਦੇ ਵਿਅਕਤੀ ਵਜੋਂ ਪੇਸ਼ ਹੁੰਦਾ ਹੈ।

**1.6 ਅਭਿਆਸ ਪ੍ਰਸ਼ਨ-**

1. ਕਹਾਣੀ 'ਘਰ' ਦਾ ਵਿਸ਼ਾ ਲਿਖੋ।
2. ਕਹਾਣੀ 'ਘਰ' ਦਾ ਸਿਰਲੇਖ ਲਿਖੋ।
3. ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਘਰ' ਦੀ ਪਾਤਰ ਰੀਟਾ ਦਾ ਚਰਿੱਤਰ- ਚਿਤਰਣ ਆਪਣੇ ਸ਼ਬਦਾਂ ਵਿਚ ਪੇਸ਼ ਕਰੋ?
4. ਪ੍ਰੇਮ ਪ੍ਰਕਾਸ਼ ਕਿਹੋ ਜਿਹਾ ਕਹਾਣੀਕਾਰ ਹੈ?

# ਕਹਾਣੀ- ਚਲਾਕ ਜੱਟੀ

## 1.1 ਲੇਖਕ ਨਾਲ ਜਾਣ ਪਛਾਣ-

'ਦਲੀਪ ਕੌਰ ਟਿਵਾਣਾ' ਪੰਜਾਬ ਦੇ ਲੁਧਿਆਣਾ ਜਿਲ੍ਹੇ ਦੇ ਪਿੰਡ ਰੱਬੋ ਵਿਚ ਜਨਮੀ। ਦਲੀਪ ਕੌਰ ਟਿਵਾਣਾ ਪੀ-ਐਚ. ਡੀ. ਕਰਨ ਵਾਲੀ ਪਹਿਲੀ ਔਰਤ ਸੀ। ਦਲੀਪ ਕੌਰ ਟਿਵਾਣਾ ਨੇ ਬਹੁਤ ਸਾਰੇ ਕਹਾਣੀ ਸੰਗ੍ਰਹਿ ਤੇ ਨਾਵਲ ਪੰਜਾਬੀ ਜਗਤ ਦੀ ਝੋਲੀ ਪਾਏ। 'ਏਹੁ ਹਮਾਰਾ ਜੀਵਣਾ' ਲਈ ਉਹਨਾਂ ਨੂੰ 1971 ਵਿਚ ਸਾਹਿਤ ਅਕਾਦਮੀ ਪੁਰਸਕਾਰ ਹਾਸ਼ਿਲ ਹੋਇਆ। ਉਹਨਾਂ ਦੇ ਇਨਾਮਾਂ ਤੇ ਸਨਮਾਨਾਂ ਦੀ ਲਿਸਟ ਬਹੁਤ ਲੰਮੀ ਹੈ। ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ 'ਅਗਨੀ–ਪ੍ਰੀਖਿਆ', 'ਵਾਟ ਹਮਾਰੀ' , 'ਤੀਲੀ ਦਾ ਨਿਸ਼ਾਨ', 'ਸੂਰਜ ਤੇ ਸਮੁੰਦਰ', 'ਦੂਸਰੀ ਸੀਤਾ', 'ਵਿਦ-ਇਨ ਵਿਦ ਆਊਟ' , 'ਸਰਕੰਡਿਆ ਦੇ ਦੇਸ਼', 'ਧੁੱਪ ਛਾਂ ਤੇ ਰੁੱਖ', 'ਸਭੁ ਦੇਸੁ ਪਰਾਇਆ', 'ਹੇ ਰਾਮ', 'ਲੰਮੀ ਉਡਾਰੀ', 'ਪੀਲੇ ਪੱਤਿਆਂ ਦੀ ਦਾਸਤਾਨ', 'ਹਸਤਾਖ਼ਰ' ,'ਪੈੜ- ਚਾਲ', 'ਰਿਣ ਪੱਤਰਾਂ ਦਾ', 'ਐਰ-ਵੈਰ ਮਿਲਦਿਆਂ' , 'ਲੰਘ ਗਏ ਦਰਿਆ' ਹਨ। ਨਾਵਲ ਕਹਾਣੀਆਂ ਤੋਂ ਇਲਾਵਾ ਉਹਨਾਂ ਨੇ ਸਵੈ ਜੀਵਨੀ ,'ਨੰਗੇ ਪੈਰਾਂ ਦਾ ਸਫ਼ਰ' ਸਿਰਲੇਖ ਹੇਠ ਲਿਖੀ। ਉਹਨਾਂ ਦੇ ਨਾਵਲਾਂ ਤੇ ਕਹਾਣੀਆਂ ਦੇ ਉਰਦੂ , ਹਿੰਦੀ ਤੇ ਅੰਗਰੇਜ਼ੀ ਵਿਚ ਤਰਜੁਮੇ ਹੋ ਚੁੱਕੇ ਹਨ। ਦਲੀਪ ਕੌਰ ਦੀਆਂ ਜ਼ਿਆਦਾਤਰ ਰਚਨਾਵਾਂ ਪੰਜਾਬ ਦੇ ਪੇਂਡੂ ਕਿਰਸਾਨੀ ਜੀਵਨ ਤੇ ਔਰਤ ਨਾਲ ਸੰਬੰਧਿਤ ਹਨ।

## 1.2 ਕਹਾਣੀ ਦਾ ਸਾਰ-

'ਦਲੀਪ ਕੋਰ ਟਿਵਾਣਾ' ਦੀ ਕਹਾਣੀ 'ਚਲਾਕ ਜੱਟੀ' ਪੰਜਾਬ ਦੇ ਕਿਰਸਾਨੀ ਜੀਵਨ ਨਾਲ ਸੰਬੰਧਿਤ ਹੈ। ਦਲੀਪ ਕੌਰ ਟਿਵਾਣਾ ਕਹਾਣੀ ਵਿਚ ਕਹਾਣੀ ਸੁਣਾ ਰਹੀ ਹੈ, ਜੋ ਕਿ ਇਕ ਖੇਤੀ ਕਰਦੇ ਜੱਟ ਦੀ ਹੈ। ਖੇਤਾਂ ਵਿਚ ਕੰਮ ਕਰਦੇ ਜੱਟ ਨੂੰ ਕਦੇ ਇਕਲਾਪਾ ਮਹਿਸੂਸ ਨਹੀਂ ਹੁੰਦਾ ਹੈ। ਸਗੋਂ ਉਸਨੂੰ ਨਦੀਂ ਉਸ ਨਾਲ ਗੱਲਾਂ ਕਰਦੀ ਜਾਪਦੀ ਹੈ। ਉਹ ਨਦੀ ਨੂੰ ਆਪਣੀ ਧੀ ਵਾਂਗ ਸਿੱਖਿਆ ਦਿੰਦਾ ਹੈ ਕਿ ਕੱਲੀ ਕਿਤੇ ਨੀ ਜਾਈਦਾ। ਉਸਨੂੰ ਲੱਗਦਾ ਹੈ ਕਿ ਇਹ ਨਹਿਰ ਇਕੱਲੇ ਹੀ ਵਗ ਰਹੀ ਹੈ ਤੇ ਪਤਾ ਨਹੀਂ ਕਿ ਇਹ ਕਿੱਥੇ ਕੁ ਜਾਂਦੀ ਹੈ। ਉਹ ਫਿਰ ਸੋਚਦਾ ਹੈ ਕਿ ਪੰਛੀ ਤਾਂ ਨਦੀ ਦੀ ਬੋਲੀ ਸਮਝਦੇ ਹੀ ਹੋਣੇ ਨੇ, ਉਨ੍ਹਾਂ ਨੂੰ ਤਾਂ ਜ਼ਰੂਰ ਪਤਾ ਹੋਊ ਵੀ ਨਦੀਂ ਕਿੱਥੇ ਜਾਂਦੀ ਹੈ। ਕਹਾਣੀ ਵਿਚੋਂ ਜੱਟ ਦੇ ਭੋਲਾਪਨ ਦੀ ਵੀ ਝਲਕ ਮਿਲਦੀ ਹੈ। ਖੇਤ ਵਿਚ ਰਹਿੰਦਾ ਜੱਟ ਕਾਇਨਾਤ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦਾ ਹੈ।

ਉਸਦੇ ਪਰਿਵਾਰ ਵਿਚ ਉਸਦੀਆਂ ਚਾਰ ਧੀਆਂ ਅਤੇ ਦੋ ਛੋਟੇ ਪੁੱਤਰ ਹੁੰਦੇ ਹਨ। ਉਸਦੀ ਘਰਵਾਲੀ ਨੂੰ ਕੰਮ ਤਾਂ ਏਨਾ ਨਹੀਂ ਹੁੰਦਾ ਕਿਉਂਕਿ ਉਸਦੀਆਂ ਧੀਆਂ ਹੀ ਘਰ ਦਾ ਸਾਰਾ ਕੰਮ ਮੁਕਾ ਛੱਡਦੀਆਂ ਤਾਂ ਉਹ ਵਿਹਲੀ ਜੱਟ ਨਾਲ ਲੜਦੀ ਰਹਿੰਦੀ ਹੈ।

ਇਕ ਦਿਨ ਹਰ ਰੋਜ਼ ਵਾਂਗ ਜੱਟੀ ਜੱਟ ਨਾਲ ਬਹੁਤ ਲੜੀ ਤਾਂ ਜੱਟ ਬਾਹਰ ਖੇਤਾਂ ਵੱਲ ਨੂੰ ਤੁਰ ਪਿਆ। ਜੱਟੀ ਨੇ ਸੋਚਿਆ ਕਿ ਮੈਂ ਇਹ ਜ਼ਰੂਰ ਦੇਖਣਾ ਚਾਹੁੰਦੀ ਹਾਂ ਕਿ ਜੱਟ ਜਾਂਦਾ ਕਿੱਥੇ ਹੈ ਇਸ ਲਈ ਉਹ ਉਸਦੇ ਪਿੱਛੇ-ਪਿੱਛੇ ਹੋ ਤੁਰਦੀ ਹੈ। ਜੱਟ ਪਹਿਲਾਂ ਬੈਠਾ ਸੋਚਦਾ ਹੈ ਕਿ ਬੰਦਾ ਕਿਸਦੀ ਖ਼ਾਤਿਰ ਜਿਉਂਦਾ ਫਿਰਦਾ ਹੈ। ਫਿਰ ਉਹ ਉੱਠ ਨਦੀ ਵੱਲ ਤੁਰਦਾ ਹੈ ਤਾਂ ਜੱਟੀ ਮਨ ਹੀ ਮਨ ਸੋਚਦੀ ਹੈ ਕਿ, ... "ਅੱਛਾ ਤਾਹੀਏਂ ਨੀ ਮੇਰੇ ਲੜਨ ਦਾ ਕੋਈ ਅਸਰ ਹੁੰਦਾ। ਆਪ ਏਥੇ................ਤਾਰੀਆਂ ਲਾਉਂਦਾ ਹੈ"।.... ਅਚਾਨਕ ਹੀ ਜੱਟ ਆਪਣੇ ਸਿਰ ਤੋਂ ਪਰਨਾ ਲਾਹ ਲੈਂਦਾ ਹੈ ਤਾਂ ਜੱਟੀ ਦੇ ਦਿਮਾਗ ਵਿਚ ਗਲਤ ਖਿਆਲ ਘੁੰਮਣੇ ਸ਼ੁਰੂ ਹੋ ਜਾਂਦੇ ਹਨ। ਇਕਦਮ ਸੋਚਦੀ ਹੈ ਕਿ ਕਿਤੇ ਇਹ ਨਦੀ ਵਿਚ ਛਾਲ ਮਾਰਨ ਤਾਂ ਨਹੀਂ ਆਇਆ ਉਹ ਜਲਦੀ ਨਾਲ ਏਧਰੋਂ ਉਧਰੋਂ ਖਿਲਰੇ ਗੰਦਮੰਦ ਦੀ ਬੁੱਕ ਭਰ ਕੇ ਨਦੀ ਵਿਚ ਸੁੱਟ ਦਿੰਦੀ ਹੈ। ਇਸੇ ਚਲਾਕੀ ਨਾਲ ਉਸਨੂੰ ਲੱਗਦਾ ਹੈ ਕਿ ਉਸਨੇ ਜੱਟ ਨੂੰ ਬਚਾ ਲਿਆ। ਜੱਟ ਹੈਰਾਨ ਪਰੇਸ਼ਾਨ ਖੜ੍ਹਾ ਦੇਖਦਾ ਰਹਿੰਦਾ ਹੈ ਕਿਉਂ ਕਿ ਉਹ ਨਾ ਤਾਂ ਨਹਾਉਣ ਆਇਆ ਸੀ ਤੇ ਨਾ ਹੀ ਛਾਲ ਮਾਰਨ ਉਹ ਤਾਂ ਐਵੇਂ ਬੇਮਤਲਬ ਹੀ ਆ ਕੇ ਖੜ੍ਹ ਗਿਆ ਸੀ।

## 1.3 ਕਹਾਣੀ ਦਾ ਵਿਸ਼ਾ ਵਸਤੂ

'ਦਲੀਪ ਕੌਰ ਟਿਵਾਣਾ' ਨੇ ਕਹਾਣੀ 'ਚਲਾਕ ਜੱਟੀ' ਵਿਚ ਪੇਂਡੂ ਜੀਵਨ ਦੀ ਸਾਦਗੀ ਤੇ ਭੋਲ਼ੇਪਣ ਨੂੰ ਪੇਸ਼ ਕੀਤਾ ਹੈ ਨਾਲ ਹੀ ਔਰਤ ਦੇ ਖ਼ਿਆਲੀ ਸੁਭਾਅ ਨੂੰ ਪੇਸ਼ ਕੀਤਾ ਹੈ, ਜੋ ਘਰ ਦੇ ਕੰਮ ਕਾਜ ਤੋਂ ਮੁਕਤ ਰਹਿੰਦੀ ਹੈ। ਹਮੇਸ਼ਾ ਆਪਣੇ ਆਪ ਨੂੰ ਲੋੜ ਤੋਂ ਵੱਧ ਸਮਝਦਾਰ ਸਮਝਦੀ ਹੈ। ਜੋ ਮਨੁੱਖ ਕਿਰਤ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ ਉਹ ਕਦੇ ਵੀ ਸਮਝਦਾਰ ਨਹੀਂ ਹੋ ਸਕਦਾ। ਗਿਆਨ ਹਮੇਸ਼ਾ ਅਨੁਭਵ ਵਿਚੋਂ ਪੈਦਾ ਹੁੰਦਾ ਹੈ। ਜੇਕਰ ਮਨੁੱਖ ਕੋਲ਼ ਅਨੁਭਵ ਨਹੀਂ, ਉਹ ਗਿਆਨਵਾਨ ਨਹੀਂ ਹੋ ਸਕਦਾ। ਜੱਟੀ ਕਿਰਤ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੀ 'ਵਿਹਲਾ ਮਨ ਸ਼ੈਤਾਨ ਦਾ ਘਰ' ਦੇ ਸੰਕਲਪ ਦੀ ਪੂਰਤੀ ਕਰਦੀ ਨਜ਼ਰ ਆਉਂਦੀ ਹੈ। ਕਹਾਣੀ ਵਿਚ ਉਸਦੀ ਸਿਆਣਪ ਦਾ ਪਤਾ ਉਸ ਸਮੇਂ ਲਗਦਾ ਹੈ, ਜਦੋਂ ਜੱਟ ਨਾਲ ਲੜਾਈ ਕਰਦੀ ਹੈ ਤੇ ਫਿਰ ਵਗਦੀ ਨਦੀ ਵਿਚ ਗੰਦ-ਮੰਦ ਸੁੱਟ ਕੇ ਜੱਟ ਦੀ ਜਾਨ ਬਚਾਉਣ ਦਾ ਨਾਟਕ ਕਰਦੀ ਹੈ।

ਦੂਸਰੀ ਧਿਰ ਜੱਟ ਦੀ ਹੈ ਜੋ ਕਿ ਇਕ ਭੋਲਾ-ਭਾਲਾ ਸਧਾਰਨ ਇਨਸਾਨ ਹੈ। ਮਿਹਨਤ ਕਰਨ ਵਿਚ ਵਿਸ਼ਵਾਸ ਰੱਖਣ ਵਾਲਾ ਚਾਰ ਧੀਆਂ ਦਾ ਬਾਪ ਹੈ। ਪਰਿਵਾਰ ਵੱਡਾ ਹੋਣ ਕਾਰਨ ਦਿਨ ਰਾਤ ਮਿਹਨਤ ਕਰਦਾ ਹੈ। ਮਿਹਨਤ ਦੇ ਨਾਲ ਕੁਦਰਤ ਨਾਲ ਵੀ ਇਕ ਮਿਕ ਹੋ ਕੇ ਆਪਣੀਆਂ ਪ੍ਰੇਸ਼ਾਨੀਆਂ ਦੂਰ ਕਰਨ ਦਾ ਯਤਨ ਕਰਦਾ ਹੈ। ਮਨੁੱਖ ਹਮੇਸ਼ਾ ਹੀ ਪਿਆਰ ਦੀ ਭਾਲ ਵਿਚ ਰਹਿੰਦਾ ਹੈ। ਜੱਟ ਨੂੰ ਆਪਣੀ ਪਤਨੀ ਵੱਲੋਂ ਪਿਆਰ ਨਾ ਮਿਲਣ ਕਾਰਨ ਕੁਦਰਤ ਨੂੰ ਹਮੇਸ਼ਾ ਆਪਣਾ ਸਾਥੀ ਸਮਝਦਾ ਹੈ। ਉਹ ਕੁਦਰਤ ਵਿਚੋਂ ਆਪਣੇ ਧੀਆਂ ਦੇ ਕਿਰਦਾਰ ਨੂੰ ਦੇਖਦਾ ਨਜ਼ਰ ਆਉਂਦਾ ਹੈ। ਉਹ ਖੇਤਾਂ ਵਿੱਚ ਕੰਮ ਕਰਦੇ ਸਮੇਂ ਜਦੋਂ ਇੱਕਲਾਪਣ ਮਹਿਸੂਸ ਕਰਦਾ ਹੈ ਤਾਂ ਉਹ ਕੋਲ਼ ਵਹਿੰਦੀ ਨਦੀ ਨੂੰ ਆਪਣਾ ਸਾਥੀ ਮਹਿਸੂਸ ਕਰਦਾ ਹੈ,

ਕਦੇ–ਕਦੇ ਨਦੀ ਉਸ ਨੂੰ ਧੀ ਵਰਗੀ ਮਹਿਸੂਸ ਹੁੰਦੀ ਹੈ। ਜਿਸ ਕਰਕੇ ਆਪਣੀ ਵੱਡੀ ਧੀ ਵਾਂਗ ਨਦੀ ਨੂੰ ਵੀ ਇਕੱਲੀ ਦੂਰ ਨਾ ਜਾਣ ਦੀ ਨਸੀਅਤ ਦਿੰਦਾ ਹੈ। ਜੱਟ ਪੂਰੀ ਕੁਦਰਤ ਨੂੰ ਹੀ ਮਾਨਵੀ ਰੂਪ ਵਿਚ ਤਸੱਵਰ ਕਰਦਾ ਰਹਿੰਦਾ ਹੈ।

## 1.4 ਕਹਾਣੀ ਦੀ ਅੰਤਿਕਾ-

'ਦਲੀਪ ਕੌਰ ਟਿਵਾਣਾ' ਨੇ ਜ਼ਿਆਦਾਤਰ ਮਜ਼ਲੂਮ ਔਰਤਾਂ ਦੀ ਮਾਨਸਿਕਤਾ ਅਤੇ ਉਹਨਾਂ ਦੇ ਸਮਾਜ ਵਿੱਚ ਨੀਵੇਂ ਦਰਜੇ ਦੀ ਹਾਲਤ ਬਾਰੇ ਲਿਖਿਆ ਹੈ। ਉਸਦੇ ਨਾਵਲਾਂ ਦੀਆਂ ਔਰਤਾਂ ਆਰਥਿਕ ਤੌਰ ਤੇ ਮਜਬੂਤ ਹੋਣ ਦੇ ਬਾਵਜੂਦ ਵੀ ਮਨੁੱਖਤਾ ਵਿਚ ਬਰਾਬਰੀ ਦਾ ਅਧਿਕਾਰ ਹਾਸਿਲ ਨਹੀਂ ਕਰ ਸਕੀਆਂ। 'ਚਲਾਕ ਜੱਟੀ' ਕਹਾਣੀ ਵਿੱਚ ਵੀ ਇਸ ਤਰ੍ਹਾਂ ਦੀ ਤ੍ਰਾਸਦੀ ਦਾ ਸ਼ਿਕਾਰ ਹੋਈ ਔਰਤ ਦਿਖਾਈ ਦਿੰਦੀ ਹੈ।

## 1.5 ਪਾਤਰ-ਚਿਤਰਨ

### ਜੱਟ -

ਜੱਟ ਪੇਂਡੂ ਜੀਵਨ ਨਾਲ ਸੰਬੰਧ ਰੱਖਣ ਵਾਲਾ, ਸਾਦਾ ਜੀਵਨ ਜਿਉਂਣ ਵਾਲਾ ਤੇ ਕੁਦਰਤ ਦੇ ਅੰਗ ਸੰਗ ਰਹਿ ਕੇ ਜੀਵਨ ਜਿਉਂਣ ਵਾਲਾ ਵਿਅਕਤੀ ਹੈ। ਉਹ ਖੇਤ ਜਾ ਕੇ ਨਦੀ ਨਾਲ ਗੱਲਾਂ ਕਰਦਾ ਹੈ। ਉਸਨੂੰ ਪੰਛੀਆਂ ਦਾ ਸੰਗੀਤ ਸੁਣਨਾ ਚੰਗਾ ਲੱਗਦਾ ਹੈ। ਉਹ ਹੱਥੀ ਕਿਰਤ ਕਰ ਆਪਣਾ ਗੁਜ਼ਾਰਾ ਕਰਨ ਵਾਲਾ ਵਿਅਕਤੀ ਹੈ। ਉਹ ਸ਼ਾਤੀ ਪਸੰਦ ਵਿਅਕਤੀ ਹੈ, ਆਪਣੀ ਘਰਵਾਲੀ ਦਾ ਗੱਲ ਗੱਲ ਤੇ ਲੜਨਾ ਉਸ ਨੂੰ ਚੰਗਾ ਨਹੀਂ ਲੱਗਦਾ। ਉਹ ਉਸ ਨਾਲ ਲੜਨ ਨਾਲੋਂ ਗੁੱਸੇ ਵਿਚ ਆ ਕੇ ਵੀ ਖੇਤਾਂ ਵੱਲ ਜਾਣਾ ਪਸੰਦ ਕਰਦਾ ਹੈ।

### ਜੱਟੀ -

ਜੱਟੀ ਸਧਾਰਣ ਪੇਂਡੂ ਇਸਤਰੀ ਹੈ, ਜੋ ਗੱਲ–ਗੱਲ ਤੇ ਆਪਣੇ ਘਰਵਾਲੇ ਨਾਲ ਲੜਦੀ ਰਹਿੰਦੀ ਹੈ। ਉਸ ਦੇ ਮਨ ਵਿਚ ਗਿਲਾ ਰਹਿੰਦਾ ਹੈ ਕਿ ਉਸ ਦੇ ਘਰਵਾਲਾ ਉਸ ਵੱਲ ਧਿਆਨ ਨਹੀਂ ਦਿੰਦਾ। ਉਹ ਸਿਰਫ਼ ਆਪਣੀ ਮਹੱਤਤਾ ਦਰਸਾਉਣ ਲਈ ਜੱਟ ਨਾਲ ਲੜਦੀ ਹੈ। ਉਹ ਆਪਣੇ ਘਰਵਾਲੇ ਨੂੰ ਪ੍ਰੇਮ ਕਰਨ ਵਾਲੀ ਇਸਤਰੀ ਹੈ। ਇਕ ਦਿਨ ਜਦੋਂ ਉਸਦੇ ਘਰਵਾਲਾ ਲੜ ਕੇ ਬਾਹਰ ਚਲਾ ਜਾਂਦਾ ਹੈ ਤਾਂ ਉਹ ਉਸਦਾ ਪਿੱਛਾ ਕਰਦੀ ਹੈ। ਨਦੀ ਕੋਲ ਖੜਾ ਦੇਖ ਉਹ ਡਰ ਜਾਂਦੀ ਹੈ ਕਿ ਕਿਤੇ ਛਾਲ ਨਾ ਮਾਰ ਦੇਵੇ। ਉਹ ਆਪਣੇ ਆਪ ਨੂੰ ਚਲਾਕ ਸਮਝਦੀ ਹੈ, ਪਰ ਉਹ ਇਕ ਸਧਾਰਨ ਇਸਤਰੀ ਹੀ ਹੈ।

**1.6 ਅਭਿਆਸ ਪ੍ਰਸ਼ਨ-**

**1**) ਜੱਟ ਦੇ ਪਰਿਵਾਰ ਵਿਚ ਕੌਣ-ਕੌਣ ਸੀ?

2)ਜੱਟ ਪੀਣ ਲਈ ਪਾਣੀ ਕਿੱਥੋ ਵਰਤਦਾ ਸੀ?

3)ਜੱਟੀ ਜੱਟ ਨਾਲ ਕਿਉਂ ਲੜਦੀ ਰਹਿੰਦੀ ਸੀ?

4)ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ?

# B.COM.

## SEMESTAR-I

### ਕੋਰਸ–ਜਰਨਲ ਪੰਜਾਬੀ

| | |
|---|---|
| ਯੂਨਿਟ– 2. | ਪੰਜਾਬੀ ਕਹਾਣੀਆਂ:– ਵਰਿਆਮ ਸੰਧੂ :ਚੌਥੀ ਕੂਟ, ਸ਼ਿਵਚਰਨ ਗਿੱਲ: ਬਦਖ਼ਲ, ਮਕਸੂਦ ਸਾਕਿਬ: ਸੁੱਚਾ ਤਿੱਲਾ। |

**ਪਾਠ ਦੀ ਰੂਪ ਰੇਖਾ-**

7. ਲੇਖਕ ਨਾਲ ਜਾਣ-ਪਛਾਣ
8. ਕਹਾਣੀ ਦਾ ਸਾਰ
9. ਕਹਾਣੀ ਦਾ ਵਿਸ਼ਾ-ਵਸਤੂ
10. ਕਹਾਣੀ ਦੀ ਅੰਤਿਕਾ
11. ਪਾਤਰ -ਚਿਤਰਨ
12. ਅਭਿਆਸ ਪ੍ਰਸ਼ਨ

**ਭੂਮਿਕਾ-**

ਪਾਠ ਪਹਿਲੇ ਦੇ ਦੂਸਰੇ ਭਾਗ ਵਿਚ ਵੱਖ-ਵੱਖ ਪੰਜਾਬੀ ਕਹਾਣੀਕਾਰਾਂ ਦੀਆਂ ਪ੍ਰਮੁੱਖ ਕਹਾਣੀਆਂ ਨੂੰ ਲਿਆ ਗਿਆ ਹੈ। ਕਿਸੇ ਕਹਾਣੀਕਾਰ ਦੀ ਸਫ਼ਲਤਾ ਦਾ ਆਧਾਰ ਵਿਸ਼ਾ ਵਸਤੂ ਚੋਣ ਦੇ ਨਾਲੋਂ ਜ਼ਿਆਦਾ ਵਿਸ਼ੇ ਦੇ ਨਿਭਾਅ ਤੇ ਬਹੁਤ ਨਿਰਭਰ ਹੁੰਦਾ ਹੈ। ਇਸ ਪਾਠ ਦੇ ਕਹਾਣੀਕਾਰ ਕਥਾ-ਵਸਤੂ ਤੇ ਰੂਪ-ਵਿਧਾਨ ਪੱਖੋਂ ਬੜੇ ਸੁਚੇਤ ਅਤੇ ਨਿਵੇਕਲੀਆਂ ਪਿਰਤਾਂ ਪਾਉਣ ਦੇ ਆਦੀ ਹਨ, ਸਾਰੇ ਕਹਾਣੀਕਾਰਾਂ ਨੇ ਵਿਸ਼ਿਆਂ ਨੂੰ ਬੜਾ ਬਾਖ਼ੂਬੀ ਨਿਭਾਇਆ ਹੈ।

**ਪਾਠ ਦਾ ਮੰਤਵ-**

ਪਾਠ ਪਹਿਲੇ ਦੇ ਦੂਸਰੇ ਭਾਗ ਵਿਚ ਦਰਜ ਕਹਾਣੀਆਂ ਵਿਸ਼ੇ ਪੱਖੋਂ ਨਿਵੇਕਲੀਆਂ ਹਨ। ਕਿਸੇ ਵੀ ਸਾਹਿਤਕ ਕਿਰਤ ਵਿਚ ਵਿਸ਼ਾ-ਵਸਤੂ ਨਾਲੋਂ ਰੂਪ ਦੀ ਕੋਈ ਵੀ ਵੱਖਰੀ ਹੋਂਦ ਕਾਰਜ਼ਸੀਲ ਨਹੀਂ ਹੁੰਦੀ। ਵਸਤੂ ਵਿਚ ਵੀ ਰੂਪ ਦੇ ਤੱਤ ਮੌਜੂਦ ਹੁੰਦੇ ਹਨ। ਇਸ ਲਈ ਅਸੀਂ ਵਿਦਿਆਰਥੀਆਂ ਲਈ ਕੇਵਲ ਕਹਾਣੀ ਦਾ ਸਾਰ ਅਤੇ ਵਿਸ਼ਾ ਵਸਤੂ ਨੂੰ ਹੀ ਤਿਆਰ ਕੀਤਾ ਹੈ। ਇਸ ਪਾਠ ਵਿਚ ਸ਼ਾਮਲ ਕਹਾਣੀਆਂ ਦਾ ਵਿਸ਼ਾ-ਵਸਤੂ ਕਲਾਤਮਿਕ ਪੱਧਰ, ਵਸਤੂ ਸਮੱਗਰੀ ਦੀ ਚੋਣ

ਨਿਭਾਅ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਅੰਤ ਵਿਚ ਵਿਦਿਆਰਥੀਆਂ ਦੇ ਅਭਿਆਸ ਲਈ ਪ੍ਰਸ਼ਨ ਦਿੱਤੇ ਗਏ ਹਨ ਤਾਂ ਜੋ ਵਿਦਿਆਰਥੀ ਪ੍ਰੀਖਿਆ ਵਿਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਵਾਸਤੇ ਵਿਦਿਆਰਥੀਆਂ ਨੂੰ ਲੋੜੀਂਦੀ ਸਮੱਗਰੀ ਪ੍ਰਾਪਤ ਹੋ ਸਕੇ।

## ਕਹਾਣੀ - ਚੌਥੀ ਕੂਟ

### 1.2.1 ਲੇਖਕ ਨਾਲ ਜਾਣ -ਪਛਾਣ

ਵਰਿਆਮ ਸੰਧੂ ਇੱਕ ਪ੍ਰਤਿਭਾਸ਼ੀਲ ਕਹਾਣੀਕਾਰ ਹੈ। ਜਿਸ ਦਾ ਜਨਮ 10 ਸਤੰਬਰ 1945 ਨੂੰ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਜਿਸ ਨੇ ਲੋਹੇ ਦੇ ਹੱਥ ਪੁਸਤਕ ਨਾਲ ਆਪਣੀ ਕਹਾਣੀ ਯਾਤਰਾ ਸ਼ੁਰੂ ਕੀਤੀ । ਉਹਨਾਂ ਦੇ 'ਅੰਗ-ਸੰਗ', 'ਭੱਜੀਆਂ ਬਾਹੀਂ', 'ਚੌਥੀ ਕੂਟ', 'ਤਿੱਲ ਫੁੱਲ' ਆਦਿ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਉਹ ਪੰਜਾਬੀ ਕਹਾਣੀ ਦੇ ਨਿਵੇਕਲੇ ਚਿੱਤਰ ਨੂੰ ਪੇਸ਼ ਕਰਦੇ ਹਨ। ਲੇਖਕ ਨੇ ਆਪਣੀ ਕਹਾਣੀਆਂ ਵਿਚ ਪੰਜਾਬ ਦੇ ਗਰੀਬ ਲੋਕਾਂ ਪ੍ਰਤੀ ਹਮਦਰਦੀ, ਸਮਾਜਿਕ ਚੇਤਨਾ, ਪੰਜਾਬ ਵਿਚ ਪੈਂਦਾ ਹੋਈ ਖਾੜਕੂ ਬਨਾਮ ਆਤੰਕਵਾਦੀ ਲਹਿਰ ਦੇ ਸਰੋਕਾਰਾਂ ਨੂੰ ਵਿਸ਼ਾ ਬਣਾਇਆ। ਉਹ ਸਮੱਸਿਆਵਾਂ ਦੀ ਡੂੰਘਾਈ ਵਿਚ ਜਾ ਕੇ ਥਾਹ ਪਾਉਣ ਵਾਲਾ ਵਿਚਾਰਸ਼ੀਲ ਸਾਹਿਤਕਾਰ ਹੈ। ਪੰਜਾਬ ਦੀ ਛੋਟੀ ਕਿਰਸਾਨੀ ਦਾ ਉਹ ਸਮਰੱਥ ਕਥਾਕਾਰ ਹੈ।

### 1.2.2 ਕਹਾਣੀ ਦਾ ਸਾਰ

'ਚੌਥੀ ਕੂਟ' ਕਹਾਣੀ ਦਾ ਪਾਤਰ ਰਾਜਕੁਮਾਰ, ਅੰਮ੍ਰਿਤਸਰ ਜ਼ਿਲ੍ਹੇ ਦੇ ਭਾਰਤ ਪਾਕਿਸਤਾਨੀ ਸਰਹੱਦ ਲਾਗਲੇ, ਇਕ ਪਿੰਡ ਦੇ ਹਾਈ ਸਕੂਲ ਵਿਚ ਕਲਰਕ ਦੀ ਨੌਕਰੀ ਕਰਦਾ ਹੈ। ਉਹ ਆਪਣੇ ਸਾਥੀ ਜੁਗਲ ਨਾਲ ਉਸਦਾ ਕੋਈ ਕੰਮ ਕਰਵਾਉਣ ਚੰਡੀਗੜ੍ਹ, ਡੀ.ਪੀ. ਆਈ ਸਕੂਲਾਂ ਦੇ ਦਫ਼ਤਰ ਜਾਂਦਾ ਹੈ। ਉਹ ਦਫਤਰ ਦਾ ਕੰਮ ਨਿਬੇੜ ਕੇ ਜਦੋਂ ਵਾਪਸੀ ਲਈ ਚੰਡੀਗੜ ਦੇ ਬੱਸ ਅੱਡੇ ਤੇ ਪਹੁੰਚਦੇ ਹਨ ਤਾਂ ਅੰਮ੍ਰਿਤਸਰ ਨੂੰ ਚੰਡੀਗੜ੍ਹ ਤੋਂ ਜਾਣ ਵਾਲੀ ਆਖ਼ਰੀ ਬੱਸ ਪੰਜ ਮਿੰਟ ਪਹਿਲਾਂ ਨਿਕਲ ਚੁੱਕੀ ਹੁੰਦੀ ਹੈ। ਦਹਿਸ਼ਤਗਰਦੀ ਦੇ ਮਾਹੌਲ਼ ਵਿਚ ਅਜਿਹੇ ਹਾਲਾਤ ਵੀ ਨਹੀਂ ਸਨ ਕਿ ਕੋਈ ਆਮ ਵਿਅਕਤੀ ਟੈਕਸੀ ਕਰਾ ਕੇ ਜਾ ਸਕਦਾ, ਨਾ ਹੀ ਹੋਟਲ ਵਿਚ ਠਹਿਰ ਸਕਦਾ ਸੀ। ਮੁੱਖ ਪਾਤਰ ਰਾਜ ਕੁਮਾਰ ਦੇ ਮਿੱਤਰ ਅਧਿਆਪਕ ਦੀ ਲੜਕੀ ਦੀ ਅਗਲੇ ਦਿਨ ਸ਼ਾਦੀ ਹੈ ਅਤੇ ਵਿਆਹ ਵਿਚ ਸ਼ਾਮਿਲ ਹੋਣਾ ਉਸ ਲਈ ਜ਼ਰੂਰੀ ਹੈ। ਸੁਭਾਵਿਕ ਤੌਰ ਤੇ ਅਤੇ ਕੁਝ ਲੋੜ ਸਮੇਂ ਉਸ ਅਧਿਆਪਕ ਵੱਲੋਂ ਕੀਤੀ ਆਰਥਿਕ ਮੱਦਦ ਕਰਕੇ।

ਜਲੰਧਰ ਤੱਕ ਜਾਣ ਵਾਲੀ ਆਖ਼ਰੀ ਬੱਸ ਦਾ ਟਾਇਮ ਬਾਕੀ ਸੀ ਤੇ ਉਹ ਬੈਠੇ ਸੋਚਦੇ ਹਨ ਕਿ ਜਲੰਧਰੋਂ ਅੰਮ੍ਰਿਤਸਰ ਵਾਲੀ ਗੱਡੀ ਫੜ੍ਹ ਲਵਾਂਗੇ। ਬੱਸ ਵੇਲੇ ਸਿਰ ਤਾਂ ਤੁਰ ਪੈਂਦੀ ਹੈ ਪਰ ਡਰਾਇਵਰ ਵੱਲੋਂ ਹੋਲੀ ਚਲਾਉਣ ਕਰਕੇ ਉਹ ਲੇਟ ਹੋ ਜਾਂਦੇ ਹਨ। ਇਹ ਲੇਟ ਹੋਣ ਕਰਕੇ ਅਗਲੀ ਗੱਡੀ ਦੇ ਵੀ ਨਿਕਲ ਜਾਣ ਦਾ ਡਰ ਮੁੱਖ ਪਾਤਰ ਨੂੰ ਮਾਨਸਿਕ ਪੱਖੋਂ ਪ੍ਰੇਸ਼ਾਨ ਕਰੀ ਰੱਖਦਾ ਹੈ। ਵਿਗੜੇ ਹਲਾਤਾਂ ਕਾਰਨ ਉਹਨਾਂ ਦੇ ਮਨ ਵਿਚ ਕਈ ਤਰ੍ਹਾਂ ਦੇ ਬੁਰੇ ਖਿਆਲ ਉਠਦੇ ਰਹਿੰਦੇ ਹਨ। ਜੋ ਸਮੇਂ ਦੀ ਸਥਿਤੀ ਦੀ ਤਸਵੀਰ ਨੂੰ ਪੇਸ਼ ਕਰਦੇ ਹਨ। ਸ਼ਾਮ ਨੂੰ ਹਨੇਰੇ ਵਿਚ ਤਬਦੀਲ ਹੁੰਦਿਆਂ ਵੇਖ ਰਾਜ ਕੁਮਾਰ ਘਬਰਾ ਜਾਂਦਾ ਹੈ। ਉਸਨੂੰ ਖਿਆਲ਼ ਆਉਂਦਾ ਹੈ ਕਿ ਹੁਣੇ ਕੋਈ ਜਾਣਾ ਡਰਾਇਵਰ ਦੀ ਪੁੜਪੜੀ ਤੇ ਪਿਸਤੌਲ ਰੱਖ ਕੇ ਬੱਸ ਨੂੰ ਹਟਵੇ ਪਾਸੇ ਲੈ ਜਾਣ ਲਈ ਕਹੇਗਾ ਤੇ ਰਾਜਕੁਮਾਰ ਤੋਂ ਪਿਛਲੀ ਸੀਟ ਤੇ ਬੈਠਾ ਸਿੱਖ ਉਨ੍ਹਾਂ ਨੂੰ ਸਿਰਫ਼ ਹਿੰਦੂ ਹੋਣ ਕਰਕੇ ਮਾਰ ਕੇ ਆਪਣੀ ਸ਼ਾਮ ਦਾ ਸਕੋਰ ਸ਼ੁਰੂ ਕਰਨ ਲਈ ਖਾਤਾ ਖੋਲੇਗਾ। ਜੁਗਲ ਦੇ ਮਨ ਵਿਚ ਵੀ ਉਸੇ ਤਰ੍ਹਾਂ ਦੇ ਖਿਆਲ ਘੁੰਮ ਰਹੇ ਹਨ ਤੇ ਉਹ ਕਹਿੰਦਾ ਹੈ ਕਿ ਕਦੇ ਉਹ ਦਿਨ ਵੀ ਹੁੰਦੇ ਸਨ ਜਦੋਂ ਜੇ ਕਦੇ ਬੱਸ ਲੰਘ ਜਾਂਦੀ ਸੀ ਤਾਂ ਲੋਕ ਜਿੱਥੇ ਜੀਅ ਕਰੇ ਸੌਂ ਕੇ ਰਾਤ ਗੁਜ਼ਾਰ ਲੈਂਦੇ ਸਨ। ਮਨ ਵਿਚ ਸੋਚਦਾ ਹੈ ਕਿ ਪਤਾ ਨਹੀਂ ਇਹ ਮਾਹੌਲ ਵਿਗਾੜਨ ਵਾਲੇ ਕੌਣ ਹਨ। ਇਸ ਬਾਰੇ ਪੰਜਾਬ ਵਸਦੀਆਂ ਦੋਨੋ ਮੁੱਖ ਧਿਰਾਂ ਹਿੰਦੂ ਤੇ ਸਿੱਖ ਆਪਣੀ-ਆਪਣੀ ਤਰ੍ਹਾਂ ਸੋਚਦੇ ਸਨ। ਸਿੱਖ ਆਬਾਦੀ ਦਾ ਨੁਮਾਇਦਾ ਪਾਤਰ ਸਕੂਲ ਦਾ ਇਕ ਅੰਮ੍ਰਿਤਧਾਰੀ ਮਾਸਟਰ ਕਹਿੰਦਾ ਹੈ ਕਿ... ਇਹ ਬ੍ਰਾਹਮਣ ਜਾਤੀ ਲੁਟੇਰਾ ਕੌਮ ਝੂਠੀ ਤੇ ਬੇਈਮਾਨ, ਮੀਸਣੀ ਤੇ ਧੋਖੇਬਾਜ਼ ਇਨ੍ਹਾਂ ਦਾ ਵਿਸਾਹ ਨਹੀਂ ਕੀਤਾ ਜਾ ਸਕਦਾ...........ਪਹਿਲਾਂ ਆਖਦੇ ਸਨ ਕਿ ਸਾਡੇ ਨਾਲ ਰਹੋ ਅਜ਼ਾਦ ਹੋ ਲਈਏ ਤੁਹਾਡੇ ਰਹਿਣ ਲਈ ਇਕ ਖਿਤਾ ਦਿਆਂਗੇ.... ਅਜ਼ਾਦੀ ਦਾ ਨਿੱਘ ਮਾਨਣ ਲਈ ਤੇ ਆਜ਼ਾਦ ਹੁੰਦਿਆ ਹੀ ਅਖੇ ਤੁਸੀਂ ਤਾਂ ਜਰੈਮ ਪੇਸ਼ਾ ਹੋ.. ਤੇ ਨਿੱਘ ਦਿੱਤਾ ਬਲਦੇ ਟਾਇਰ ਗਲਾ ਵਿਚ ਪਾ ਕੇ ..ਫਿਰ ਸਮਝੌਤੇ ਕਰਦੇ ਨੇ ਮੁਕਰ ਜਾਂਦੇ ਨੇ ਜੇ ਸਿੰਘ ਖੜਕਾ ਦੜਕਾ ਕਰਦੇ ਨੇ ਤਾਂ ਚੀਕਦੇ ਨੇ। ਦੂਜੀ ਧਿਰ ਪੰਜਾਬੀ ਹਿੰਦੂਆ ਦਾ ਤਰਕ ਹੈ, ਜਿਸ ਬਾਰੇ ਕਹਾਣੀ ਵਿਚਲਾ ਇਕ ਹਿੰਦੂ ਪਾਤਰ ਕਹਿਦਾ ਹੈ ......ਇਹ ਐਵੇਂ ਪਿੱਟੀ ਜਾਂਦੇ ਨੇ.. ਪੁਲਿਸ ਨੂੰ, ਗਵਾਹਾਂ ਨੂੰ, ਜੱਜਾਂ ਨੂੰ ਸਭ ਨੂੰ ਮਾਰੀ ਜਾਂਦੇ ਨੇ ਇਨ੍ਹਾਂ ਨੂੰ ਆਦਾਲਤਾਂ ਵਿਚੋਂ ਸਜ਼ਾ ਹੋਣੋ ਰਹੀ। ਪੰਜਾਬ ਵਿਚ ਕੋਈ ਪਾਰਟੀ ਅੱਗੇ ਆਵੇ ਮੁੱਖ ਮੰਤਰੀ ਇਨ੍ਹਾਂ ਦਾ ਬਣਦਾ, ਰਾਸ਼ਟਰਪਤੀ ਇਨ੍ਹਾਂ ਦਾ, ਸਦਾ ਸੈਂਟਰ ਵਿਚ ਇਕ ਦੋ ਮਹੱਤਵਪੂਰਨ ਮਨਿਸਟਰੀ ਅਹੁਦੇ, ਫੌਜ ਵਿਚ, ਪੁਲਿਸ ਵਿਚ, ਵੱਡੇ ਅਫ਼ਸਰ ਇਨ੍ਹਾਂ ਦੇ...ਇਹਨਾਂ ਦੀ ਗਿਣਤੀ ਦੇਖੋ ਤੇ ਇਨ੍ਹਾਂ ਦੇ ਆਹੁਦਿਆਂ ਦੀ ਪ੍ਰਸੈਂਟੇਜ ਦੇਖੋ....।

ਬੱਸ ਜਲੰਧਰ ਪੁਜਦੀ ਹੈ ਤਾਂ ਪਤਾ ਲੱਗਦਾ ਹੈ ਕਿ ਆਖ਼ਰੀ ਗੱਡੀ ਵੀ ਨਿਕਲ ਗਈ ਹੈ। ਰਾਜਕੁਮਾਰ ਤੇ ਜੁਗਲ ਪ੍ਰੇਸ਼ਾਨ ਹੋ ਜਾਂਦੇ ਹਨ ਜੁਗਲ ਸਰਕਾਰ ਨੂੰ ਬੁਰਾ ਭਲਾ ਕਹਿੰਦਾ ਹੈ, ਜਿਸਨੇ ਅੰਮ੍ਰਿੰਤਸਰ ਨੂੰ ਇਕ ਨਿਸ਼ਚਿਤ ਸਮੇਂ ਬਾਅਦ ਗੱਡੀਆਂ ਦਾ ਜਾਣਾ ਵੀ ਬੰਦ ਕਰ ਦਿੱਤਾ ਸੀ। ਇਸ ਕਹਾਣੀ ਵਿਚ ਅੰਮ੍ਰਿਤਸਰ ਦੀ ਦਿਸ਼ਾ ਭਾਵ ਪੰਜਾਬ ਦੀ ਪੱਛਮੀ ਦਿਸ਼ਾ ਅੱਤਵਾਦੀ ਦੌਰ ਵਿਚ ਸਾਡੇ ਲੋਕ ਕਹਾਣੀਆਂ ਵਿਚਲੀ ਚੌਥੀ ਕੂਟ ਬਣ ਗਈ ਸੀ। ਜਿਸ ਬਾਰੇ ਲੋਕ ਕਹਾਣੀ ਵਿਚੋਂ ਵੇਰਵਾ ਮਿਲਦਾ ਹੈ ਕਿ ਬਾਤ ਵਿਚਲਾ ਰਾਜਕੁਮਾਰ ਤਿੰਨੇ ਕੂਟਾਂ ਵੱਲ ਤਾਂ ਬੇਫ਼ਿਕਰੀ ਨਾਲ ਜਾ ਸਕਦਾ ਸੀ ਪਰ ਚੌਥੀ ਕੂਟ ਵੱਲ

ਨਹੀਂ ਕਿਉਂਕਿ ਚੌਥੀ ਕੂਟ ਵੱਲ ਜਾਣ ਤੇ ਜਾਨ ਦਾ ਖ਼ਤਰਾ ਸੀ। ਰਾਜਕੁਮਾਰ ਦੀ ਜਗਿਆਸਾ ਤੇ ਬਹਾਦਰੀ ਉਸਨੂੰ ਚੌਥੀ ਕੂਟ ਵੱਲ ਲੈ ਗਈ ਸੀ। ਜਿਥੋਂ ਉਹ ਕੁਝ ਅਣਮੁੱਲਾ ਪ੍ਰਾਪਤ ਕਰਕੇ ਵਾਪਸ ਪਰਤਦਾ ਹੈ।

ਕਹਾਣੀ ਦੇ ਪਾਤਰਾਂ ਵਾਸਤੇ ਪੰਜਾਬ ਦੀ ਚੌਥੀ ਕੂਟ ਅੰਮ੍ਰਿਤਸਰ ਵੱਲ ਜਾਣਾ ਖ਼ਤਰਾ ਛਹੇੜਨ ਵਾਲੀ ਗੱਲ ਹੈ। ਉਨ੍ਹਾਂ ਦੇ ਬੈਠਿਆ ਪਲੇਟਫਾਰਮ ਤੇ ਇਕ ਗੱਡੀ ਆ ਕੇ ਰੁਕਦੀ ਹੈ ਜੋ ਸਾਰੀ ਖ਼ਾਲੀ ਹੋ ਜਾਂਦੀ ਹੈ ਕਿਉਂਕਿ ਨਿਸ਼ਚਿਤ ਸਮੇਂ ਤੋਂ ਬਾਅਦ ਗੱਡੀਆਂ ਦਾ ਸਵਾਰੀਆਂ ਦਾ ਲੈ ਕੇ ਜਾਣਾ ਬੰਦ ਕਰ ਦਿੱਤਾ ਗਿਆ ਸੀ। ਉਸਦੇ ਕਰਮਚਾਰੀ ਸਾਰੇ ਡੱਬੇ ਦੀ ਤਲਾਸ਼ੀ ਲੈ ਕੇ ਬੂਹੇ ਬਾਰੀਆਂ ਬੰਦ ਕਰ ਦਿੰਦੇ ਹਨ। ਰਾਜਕੁਮਾਰ ਤੇ ਜੁਗਲ ਨਾਲ ਇਕ ਸਵਾਰੀ ਹੋਰ ਰਲ ਜਾਦੀ ਹੈ, ਜੋ ਸਰਦਾਰ ਹੁੰਦਾ ਹੈ। ਹੁਣ ਇਹ ਤਿੰਨੇ ਵਿਅਕਤੀ ਇਸ ਗੱਡੀ ਵਿਚ ਬੈਠ ਕੇ ਅੰਮ੍ਰਿਤਸਰ ਪੁਜਣ ਲਈ ਨੀਤੀ ਵਰਤਦੇ ਹਨ। ਪੁਲਿਸ ਹਵਾਲਦਾਰ ਸਿੱਖ ਹੈ ਤਾਂ ਉਸ ਨਾਲ ਗੱਲ ਕਰਨ ਲਈ ਸਰਦਾਰ ਨੂੰ ਭੇਜਿਆ ਜਾਂਦਾ ਹੈ। ਗਾਰਡ ਹਿੰਦੂ ਹੈ ਤਾਂ ਉਸ ਨਾਲ ਗੱਲ ਕਰਨ ਲਈ ਰਾਜਕੁਮਾਰ ਜਾਂਦਾ ਹੈ ਅੱਗੋਂ ਗਾਰਡ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ। ਏਨੇ ਨੂੰ ਗੱਡੀ ਤੁਰ ਪੈਂਦੀ ਹੈ। ਉਹ ਵੇਖਦੇ ਹਨ ਕਿ ਗਾਰਡ ਰੂਮ ਵਿਚ ਪਹਿਲਾਂ ਹੀ ਕੁਝ ਸਵਾਰੀਆਂ ਬੈਠੀਆਂ ਹਨ। ਉਹ ਤੁਰਦੀ ਜਾਂਦੀ ਗੱਡੀ ਦੇ ਨਾਲ ਨਾਲ ਤੁਰਦੇ ਗਾਰਡ ਦੇ ਤਰਲੇ ਮਿੰਨਤਾਂ ਕਰਦੇ ਕੁਝ ਧੱਕੇ ਜ਼ੋਰੀ ਡੱਬੇ ਵਿਚ ਚੜ ਜਾਂਦੇ ਨੇ।

ਅੰਮ੍ਰਿਤਸਰ ਦੀ ਜੂਹ ਵੜ੍ਹਦਿਆਂ ਹੀ ਗੱਡੀ ਹੌਲੀ ਹੋ ਜਾਂਦੀ ਹੈ। ਗਾਰਡ ਪਟੜੀ ਤੇ ਰੌਸ਼ਨੀ ਫੇਰ ਕੇ ਸਭ ਨੂੰ ਉਤਰਨ ਲਈ ਕਹਿੰਦਾ ਹੈ। ਗੱਡੀ ਉਤਰਦਿਆਂ ਹੀ ਰਾਜਕੁਮਾਰ ਅਤੇ ਜੁਗਲ ਅੱਗੇ ਲੰਘ ਜਾਂਦੇ ਹਨ ਤਾਂ ਪਿੱਛੋਂ ਉਹ ਦੋਨੋਂ ਸਰਦਾਰ ਭਰਾ ਆਵਾਜ਼ ਮਾਰ ਕੇ ਨਾਲ ਰਲਦੇ ਹਨ। ਉਹ ਉਹਨਾਂ ਨਾਲ ਉਹਨਾਂ ਦੇ ਹਿੰਦੂ ਹੋਣ ਦਾ ਸਹਾਰਾ ਲੈਣ ਲਈ ਰਲਦੇ ਹਨ ਕਿ ਕਿਤੇ ਸੀ.ਆਰ.ਪੀ.ਐਫ਼ ਉਹਨਾਂ ਨੂੰ ਸਿੱਖ ਹੋਣ ਕਰਕੇ ਗੋਲੀ ਨਾ ਮਾਰ ਦੇਣ। ਰਾਜਕੁਮਾਰ ਜੋ ਪਹਿਲਾਂ ਉਹਨਾਂ ਸਿੱਖ ਮੁੰਡਿਆਂ ਤੋਂ ਆਪ ਡਰ ਰਿਹਾ ਸੀ, ਉਹਨਾਂ ਨੂੰ ਡਰਦਿਆਂ ਵੇਖ,ਹਿੰਮਤ ਹੌਸ਼ਲੇ ਵਿਚ ਆ ਕੇ ਉਹਨਾਂ ਦੇ ਅੱਗੇ ਹੋ ਕੇ ਤੁਰਨ ਲੱਗਦਾ ਹੈ। ਉਸਨੂੰ ਜਾਪਦਾ ਹੈ ਜਿਵੇਂ ਉਹ ਹੀ ਲੋਕ ਕਹਾਣੀ ਵਾਲਾ ਰਾਜਕੁਮਾਰ ਹੈ। ਜੋ 'ਚੌਥੀ ਕੂਟ' ਵੱਲ ਹਿਕ ਤਾਣ ਕੇ ਤੁਰਿਆ ਜਾ ਰਿਹਾ ਹੈ।

### 1.2.3 ਕਹਾਣੀ ਦਾ ਵਿਸ਼ਾ-ਵਸਤੂ

'ਵਰਿਆਮ ਸੰਧੂ' ਦੀ ਕਹਾਣੀ 'ਚੌਥੀ ਕੂਟ' ਹਿੰਦੂ ਸਿੱਖਾਂ ਦੀ ਆਪਸੀ ਸਾਂਝ ਅਤੇ ਵਖਰੇਵੇਂ ਦੇ ਨਾ ਪੰਜਾਬ ਵਿਚਲੇ ਮਾੜੇ ਹਾਲਾਤਾਂ ਦੌਰਾਨ ਪੰਜਾਬ ਦੀ ਹੋਈ ਬੁਰੀ ਦਸ਼ਾ ਨੂੰ ਪੇਸ਼ ਕਰਦੀ ਹੈ। ਪੰਜਾਬ ਸੰਕਟ ਨਾਲ ਜੁੜੀ ਇਹ ਕਹਾਣੀ ਲੋਕਾਂ ਵਿਚ ਡਰ ਅਤੇ ਦਹਿਸ਼ਤ ਦੇ ਪ੍ਰਭਾਵਾਂ ਨੂੰ ਵੀ ਸਿਰਜਦੀ ਹੈ। ਸਮੇਂ ਦੇ ਰਾਜਨੀਤਿਕ ਪ੍ਰਬੰਧ ਨੇ ਇਸ ਵਿਗੜੇ ਹਾਲਾਤਾਂ ਨੂੰ ਆਪ ਹੀ ਉਭਾਰਿਆ ਹੈ ਤੇ ਫਿਰ ਆਪ ਹੀ ਸੰਵਾਰਨ ਦੀ ਕੋਸ਼ਿਸ਼ ਵਿਚ ਹਨ। ਪਰੰਤੂ ਇਸ ਵਿਚਕਾਰ ਪਿਸੀ ਗਈ ਪੰਜਾਬੀਅਤ ਦੀਆਂ ਚੀਕਾਂ ਇਸ ਕਹਾਣੀ ਵਿਚ ਸਾਨੂੰ ਮਹਿਸੂਸ ਹੁੰਦੀਆਂ ਹਨ। ਇਹ ਠੀਕ ਹੈ ਕਿ ਸਿੱਖ ਖਾੜਕੂਆਂ ਨੇ

ਆਪਣੀ ਹੋਂਦ ਵਿਖਾਉਣ ਲਈ ਹਿੰਦੂਆਂ ਨੂੰ ਦਫ਼ਤਰਾਂ ਅਤੇ ਬੱਸਾਂ ਵਿਚੋਂ ਕੱਢ ਕੇ ਮਾਰਨਾ ਆਰੰਭ ਕਰ ਦਿੱਤਾ ਸੀ। ਕੋਈ ਕਿਸੇ ਦਾ ਯਕੀਨ ਨਹੀਂ ਕਰਦਾ ਸੀ ਕਿ ਬੰਦਾ ਬੰਦੇ ਦੇ ਖ਼ੂਨ ਦਾ ਤਿਹਾਇਆ ਫਿਰਦਾ ਸੀ। ਸੂਰਜ ਛਿਪਣ ਤੋਂ ਪਹਿਲਾਂ ਲੋਕ ਆਪਣੇ ਘਰਾਂ ਨੂੰ ਜਿੰਦਰੇ ਮਾਰ ਕੇ ਅੰਦਰ ਵੜ ਜਾਂਦੇ ਹਨ। ਸ਼ਾਮ ਨੂੰ ਬੱਸਾਂ ,ਕਾਰਾਂ ਤੇ ਰੇਲ ਗੱਡੀਆਂ ਵਿਚ ਸਫ਼ਰ ਕਰਨਾ ਮੌਤ ਨੂੰ ਬੁਲਾਉਣਾ ਸੀ। ਖ਼ਾਸ ਕਰਕੇ ਅੰਮ੍ਰਿਤਸਰ ਜਿਲ੍ਹੇ ਵਿਚ ਲੇਖਕ ਨੇ ਰਾਜਕੁਮਾਰ ਅਤੇ ਜੁਗਲ ਕਿਸ਼ੋਰ ਰਾਹੀਂ ਦਰਸਾਇਆ ਹੈ ਕਿ ਹਿੰਦੂ ਹੋਣ ਕਾਰਨ ਉਹਨਾਂ ਦੇ ਮਨਾਂ ਵਿਚ ਡਰ ਭੈਅ ਅਤੇ ਮੌਤ ਦੇ ਭਿਆਨਕ ਦ੍ਰਿਸ਼ ਛਾਏ ਹੋਏ ਹਨ। ਇਹ ਦੋਨੋ ਪਾਤਰ ਰੇਲ ਗੱਡੀ ਵਿਚ ਸਫ਼ਰ ਕਰਨ ਦੌਰਾਨ ਦੇਖਦੇ ਹਨ ਕਿ ਇੱਕ ਸਿੱਖ ਨੌਜਵਾਨ ਰੇਲਗੱਡੀ ਵਿਚ ਸਫ਼ਰ ਕਰ ਰਿਹਾ ਹੈ। ਉਹ ਕਿਤੇ ਖਾੜਕੂ ਹੀ ਨਾਂ ਹੋਵੇ। ਉਹ ਕਦਮ –ਕਦਮ ਤੇ ਉਸ ਪਾਸੋਂ ਡਰਦੇ ਹਨ।

ਕਹਾਣੀ ਵਿਚ ਅੰਮ੍ਰਿਤਧਾਰੀ ਡੀ.ਪੀ.ਆਈ ਦੇ ਬੋਲ, ਸੁਰਜੀਤ ਦਾ ਟਾਰਚ ਫੜ੍ਹ ਕੇ ਰਾਹ ਭੁਲੇ ਹਿੰਦੂ ਜੋੜੇ ਨੂੰ ਰਾਹ ਵਿਖਾਉਣਾ, ਮਾਸਟਰ ਨਰੇਸ਼ ਦੇ ਬੋਲ ਹਿੰਦੂ ਸਿੱਖਾਂ ਵਿਚ ਆਪਸੀ ਸਾਂਝ ਨੂੰ ਪੇਸ਼ ਕਰਦੇ ਹਨ।

ਕਹਾਣੀ ਵਿਚ ਦਹਿਸ਼ਤ ਦੀ ਇਕ ਨਵੀਂ ਪਿਰਤ ਰੇਲਗੱਡੀ ਵਿਚ ਸਫ਼ਰ ਕਰ ਰਹੇ ਸਿੱਖ ਨੌਜਵਾਨਾਂ ਵੱਲੋਂ ਨਰੇਸ਼ ਅਤੇ ਜੁਗਲ ਕਿਸ਼ੋਰ ਨਾਲ ਮਿਲ ਕੇ ਰਾਤ ਦਾ ਸਫ਼ਰ ਤੈਅ ਕਰਨ ਰਾਹੀਂ ਖੁੱਲ੍ਹਦੀ ਹੈ। ਸਿੱਖ ਨੌਜਵਾਨ ਦੱਸਦਾ ਹੈ ਕਿ ਹਿੰਦੂ ਵੀਰ ਨਾਲ ਹੋਣ ਕਰਕੇ ਸੀ.ਆਰ.ਪੀ.ਐਫ ਵਾਲਿਆਂ ਦਾ ਡਰ ਨਹੀਂ ਕਿਉਕਿ ਇਕੱਲੇ ਸਿੱਖ ਨੂੰ ਤਾਂ ਉਹ ਖਾੜਕੂ ਸਮਝ ਕੇ ਗੋਲੀ ਮਾਰ ਦਿੰਦੇ ਹਨ। ਇਹ ਦਹਿਸ਼ਤ ਦਾ ਪ੍ਰਭਾਵ ਦੋ ਧਿਰੀ ਦਿਖਾਇਆ ਗਿਆ ਹੈ ਭਾਵ ਸਿੱਖ ਅਤੇ ਹਿੰਦੂ ਦੋਵੇਂ ਦਹਿਸ਼ਤ ਦੇ ਪ੍ਰਭਾਵ ਹੇਠ ਜੀਵਨ ਬਸਰ ਕਰਦੇ ਹਨ।

ਪੰਜਾਬ ਦੇ ਵਿਗੜੇ ਹਲਾਤਾਂ ਦੌਰਾਨ ਪੰਜਾਬ ਦੇ ਹਰ ਵਰਗ ਦੇ ਲੋਕ ਹਰ ਸਮੇਂ ਵਿਸ਼ੇਸ ਪ੍ਰਕਾਰ ਦੇ ਸਹਿਮੇ ਤੇ ਡਰੇ ਰਹਿਣ ਲਈ ਮਜ਼ਬੂਰ ਹਨ। ਜਿਸ ਤਰ੍ਹਾਂ ਕਹਾਣੀ ਵਿਚ ਰਾਜਕੁਮਾਰ ਦਾ ਨੌਕਰੀ ਕਰਦਿਆਂ ਸਹਿਮ ਵਿਚ ਰਹਿਣਾ। ਬੱਸ ਵਿਚ ਬੈਠੀਆਂ ਸਵਾਰੀਆਂ ਤੋਂ ਡਰ, ਚੰਡੀਗੜ੍ਹੋਂ ਬਸ ਲੈਦਿਆਂ ਲੇਟ ਹੋ ਜਾਣ ਦਾ ਡਰ, ਗਾਰਡ ਵੱਲੋਂ ਬਿਆਸ ਦਰਿਆ ਦੇ ਕੰਢੇ ਉਤਾਰ ਦਿਤੇ ਜਾਣ ਦਾ ਡਰਾਵਾ। ਇਹ ਸਾਰੇ ਡਰ ਹਕੀਕੀ ਸਨ। ਇਸ ਕਰਕੇ ਇਹ ਪੰਜਾਬੀਆਂ ਦੀ ਮਾਨਸਿਕਤਾ ਵਿਚ ਚੀਕਾਂ ਪਾ ਰਹੇ ਹਨ।

### 1.2.4 ਕਹਾਣੀ ਦੀ ਅੰਤਿਕਾ

'ਚੌਥੀ ਕੂਟ' ਕਹਾਣੀ ਅੱਠਵੇਂ ਅਤੇ ਨੌਵੇਂ ਦਹਾਕੇ ਵਿਚ ਪੰਜਾਬ ਦੇ ਸੰਤਾਪ ਦੀਆਂ ਵਿਭਿੰਨ ਪਰਤਾਂ ਨੂੰ ਯਥਾਰਥਕ ਮੁਹਾਵਰੇ ਰਾਹੀਂ ਪੇਸ਼ ਕਰਦੀ ਹੈ। 'ਚੌਥੀ ਕੂਟ' ਮਨੁੱਖੀ ਮਨ ਤੇ ਛਾਏ ਅਜਿਹੇ ਡਰ, ਸਹਿਮ ਅਤੇ ਦਹਿਸ਼ਤਾਂ ਦੇ ਪ੍ਰਭਾਵ ਨੂੰ ਬਹੁਤ ਬਾਰੀਕੀ ਨਾਲ ਚਿਤਰਦੀ ਹੈ।

**1.2.5 ਪਾਤਰ- ਚਿਤਰਨ**

**ਰਾਜਕੁਮਾਰ-**

ਰਾਜ ਕੁਮਾਰ ਕਹਾਣੀ ਦਾ ਮੁੱਖ ਪਾਤਰ ਹੈ। ਹਿੰਮਤ ਵਾਲਾ ਹੈ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਰਡਰ ਦੇ ਪਿੰਡ ਹਾਈ ਸਕੂਲ ਦਾ ਕਲਰਕ ਹੈ । ਸਕੂਲ ਵਿਚ ਡਰ ਵਾਲੇ ਮਾਹੌਲ ਵਿਚ ਸਿਆਣਪ ਨਾਲ ਨੌਕਰੀ ਕਰ ਰਿਹਾ ਹੈ । ਅਧਿਆਪਕਾਂ ਨਾਲ ਚੰਗੇ ਵਿਹਾਰ ਦਾ ਸੂਚਕ ਹੈ। ਸੱਭਿਆਚਾਰਕ ਕਦਰਾਂ ਕੀਮਤਾਂ ਦਾ ਪਰਵਕਤਾ ਹੈ। ਹਰ ਕਿਸੇ ਤੇ ਇਤਬਾਰ ਨਹੀਂ ਕਰਦਾ। ਵਿਗੜੇ ਹਾਲਾਤਾਂ ਕਾਰਨ ਜਾਤੀ ਨਫ਼ਤਰ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ । ਉਹ ਕਿਸੇ ਕੰਮ ਕਰਕੇ ਅੰਮ੍ਰਿਤਸਰ ਜਾਣ ਵਾਲੀ ਗੱਡੀ ਨੂੰ ਜਾਂਦਾ ਹੈ। ਉਹ ਸਾਰੇ ਰਾਹ ਡਰਦਾ ਹੀ ਰਹਿੰਦਾ ਹੈ। ਉਸਨੂੰ ਵੀ ਸਿੱਖ ਬਾਣੇ ਵਿਚ ਦਿਖਦਾ ਹਰ ਵਿਅਕਤੀ ਆਪਣਾ ਕਾਤਿਲ ਹੀ ਲੱਗਦਾ। ਉਹ ਕਹਾਣੀ ਦੇ ਅੰਤ ਵਿਚ ਦੋ ਸਿੱਖ ਸਵਾਰ ਸਾਥੀਆਂ ਨੂੰ ਮਦਦ ਦੇਣ ਦੇ ਸਮਰੱਥ ਸਮਝਦਾ ਹੈ ਤੇ ਹਿੱਕ ਤਾਣ ਕੇ ਅੱਗੇ ਵਧਣ ਵਿਚ ਮਾਨ ਮਹਿਸੂਸ ਕਰਦਾ ਹੈ।

**ਜੁਗਲ -**

ਜੁਗਲ ਰਾਜਕੁਮਾਰ ਦਾ ਦੋਸਤ ਹੈ। ਕਹਾਣੀ ਵਿਚ ਥਾਂ ਪਰ ਥਾਂ ਮੁੱਖ ਪਾਤਰ ਦੀ ਮਨੋਂ-ਅਵਸਥਾ ਨੂੰ ਉਘਾੜਨ ਵਿਚ ਕਾਰਜ਼ਸੀਲ ਰਹਿੰਦਾ ਹੈ। ਜੁਗਲ ਚੁਪ ਚਾਪ ਪਾਤਰ ਹੈ। ਰਾਜਕੁਮਾਰ ਨਾਲ ਗੱਲਬਾਤ ਨੂੰ ਅੱਗੇ ਵਧਾਉਣ ਲਈ ਤੱਤਪਰ ਰਹਿੰਦਾ ਹੈ। ਜੁਗਲ ਹੱਸੁਮੁੱਖ ਵਿਹਾਰਕ ਤੇ ਸਮਝਦਾਰੀ ਵਾਲਾ ਪਾਤਰ ਹੈ। ਉਹ ਭੂਤ ਕਾਲ ਨੂੰ ਯਾਦ ਕਰਦਾ ਹੈ ਕਿ ਮਾਹੌਲ ਕਿੰਨਾ ਚੰਗਾ ਸੀ, ਜਦੋਂ ਹਰ ਮਨੁੱਖ ਧਰਮ ਨਿਰਪੱਖ ਹੋ ਕੇ ਜਿਉਂਦਾ ਸੀ।

**ਸਿੱਖ ਸਰਦਾਰ ਸੁਰਜੀਤ ਸਿੰਘ -**

ਸੁਰਜੀਤ ਰਾਜ ਕੁਮਾਰ ਦੀ ਘਰਵਾਲੀ ਦੇ ਪੇਕੇ ਪਿੰਡ ਦਾ ਨੌਜਵਾਨ ਹੈ। ਜਦੋਂ ਰਾਜ ਕੁਮਾਰ ਕੱਚੇ ਰਾਹ ਪੈਣ ਕਰਕੇ ਰਾਹ ਭੁੱਲ ਜਾਂਦਾ ਹੈ ਤਾਂ ਸੁਰਜੀਤ ਉਹਨਾਂ ਨੂੰ ਅੱਗੇ ਲੱਗ ਕੇ ਉਹਨਾਂ ਦੇ ਘਰ ਛੱਡ ਕੇ ਆਉਂਦਾ ਹੈ। ਕਹਾਣੀ ਵਿਚ ਸੁਰਜੀਤ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਦਰਸਾਉਂਦਾ ਪਾਤਰ ਹੈ।

**ਗਾਰਡ -**

ਕਹਾਣੀ ਵਿਚ ਗਾਰਡ ਇਕ ਸਰਕਾਰੀ ਕਰਮਚਾਰੀ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਜੋ ਹਮਦਰਦੀ ਰੱਖਣ ਵਾਲਾ, ਰਿਸ਼ਵਤ ਖੋਰ ਅਤੇ ਰੋਅਬ ਮਾਰਨ ਵਾਲਾ ਵੀ ਹੈ। ਰਿਸ਼ਵਤ ਖੋਰੀ ਉਸਦਾ ਸੁਭਾਅ ਹੈ। ਜਦੋਂ ਗੱਡੀ ਤੇ ਚੜ੍ਹਨ ਵਾਲੇ ਮੁਸ਼ਾਫਰ ਉਸਨੂੰ ਕਿਰਾਇਆ ਨਹੀਂ ਦਿੰਦੇ ਤਾਂ ਉਹਨਾਂ ਨੂੰ ਧਮਕੀਆਂ ਦਿੰਦਾ ਹੈ ਕਿ ਮੈਂ ਤੁਹਾਨੂੰ ਬਿਆਸ ਦਰਿਆ ਦੇ ਪੁਲ ਤੇ ਉਤਾਰ ਦੇਵਾਂਗਾ।

### 1.2.6 ਅਭਿਆਸ ਪ੍ਰਸ਼ਨ-

1) ਮਿੱਥ ਕਥਾ ਵਾਲੇ ਰਾਜਕੁਮਾਰ ਨੂੰ 'ਚੌਥੀ ਕੂਟ' ਵੱਲ ਜਾਣ ਤੋਂ ਕਿਉਂ ਰੋਕਿਆ ਜਾਂਦਾ ਹੈ?
2) ਰਾਜਕੁਮਾਰ ਤੇ ਜੁਗਲ ਕਿਸ ਕੰਮ ਲਈ ਚੰਡੀਗੜ੍ਹ ਗਏ ਸਨ?
3) ਸੁਰਜੀਤ ਕੌਣ ਸੀ?
4) ਦੋ ਸਿੱਖ ਨੌਜਵਾਨ ਰਾਜਕੁਮਾਰ ਤੇ ਜੁਗਲ ਨਾਲ ਕਿਉਂ ਰਲ ਜਾਂਦੇ ਹਨ?
5) ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ?

## ਕਹਾਣੀ - ਬਦਖ਼ਲ

**1.2.1 ਲੇਖਕ ਨਾਲ ਜਾਣ -ਪਛਾਣ**

'ਸ਼ਿਵਚਰਨ ਗਿੱਲ' ਇੰਗਲੈਂਡ ਵੱਸਦਾ ਪੰਜਾਬੀ ਕਹਾਣੀਕਾਰ ਅਤੇ ਨਾਵਲਕਾਰ ਹੈ। ਉਸਦਾ ਜਨਮ 6 ਮਾਰਚ, 1937 ਨੂੰ ਪਿੰਡ ਬੋਪਾਰਾਏ ਕਲਾਂ, ਜਿਲ੍ਹਾ ਲੁਧਿਆਣਾ ਵਿਚ ਹੋਇਆ। ਸ਼ਿਵਚਰਨ ਗਿੱਲ ਪਿਛਲੇ ਵੀਹ ਸਾਲ ਤੋਂ ਜਰਮਨ ਤੇ ਆਸਟਰੀਅਨ ਬਾਰਡਰ ਪੁਲਿਸ ਦਾ ਇੰਟਰਪੇਟਰ ਹੈ। ਉਸਨੇ 'ਗਊ ਹੱਤਿਆ', 'ਰੂਹ ਦਾ ਸਰਾਪ', 'ਭੈਅ ਦੇ ਪਰਛਾਵੇਂ', 'ਬਦਰੰਗ' , 'ਖਰਾ ਖੋਟ', 'ਮਰਦਾਵੀਂ ਔਰਤ' , 'ਖੂਹ ਦੀ ਮਿੱਟੀ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ।

**1.2.2 ਕਹਾਣੀ ਦਾ ਸਾਰ-**

'ਸ਼ਿਵਚਰਨ ਗਿੱਲ" ਦੀ ਕਹਾਣੀ 'ਬਦਖ਼ਲ' ਪੰਜਾਬੋਂ ਵਿਦੇਸ਼ ਦੀ ਧਰਤੀ ਉਤੇ ਸੁਨਹਿਰੀ ਜੀਵਨ ਦੀ ਆਸ ਉਤੇ ਗਏ ਕੁਲਦੀਪ ਦੀ ਕਹਾਣੀ ਹੈ। ਜਿਸਦਾ ਅੰਤ ਖਰਾਬ ਮਨਦੋਸ਼ਾ ਵਾਲੇ ਵਿਅਕਤੀ ਦੇ ਰੂਪ ਵਿਚ ਹੁੰਦਾ ਹੈ। ਕੁਲਦੀਪ ਜੋ ਇਧਰ ਸਰਕਾਰੀ ਨੌਕਰੀ ਕਰਦਾ ਸੀ, ਕੰਪਿਊਟਰ ਇੰਜਨੀਅਰਿੰਗ ਵਿਚ ਪੀ-ਐਚ. ਡੀ. ਕਰਨ ਲਈ ਵਿਦੇਸ਼ ਚਲਾ ਜਾਂਦਾ ਤੇ ਉਥੇ ਗੋਰੀ ਮੈਰੀਅਨ ਨਾਲ ਵਿਆਹ ਕਰਵਾ ਲੈਂਦਾ ਹੈ। ਪੰਜਾਬ ਵਿਚ ਉਸਦੀ ਮਾਂ ਦੀ ਮੌਤ ਤੋਂ ਬਾਅਦ ਉਸ ਦਾ ਬਾਪ ਇਕਲਾ ਰਹਿ ਜਾਂਦਾ ਹੈ ਤਾਂ ਉਸਦੀ ਉਦਾਸੀ ਦੂਰ ਕਰਨ ਲਈ ਆਪਣੇ ਪਿਓ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ। ਕੁਲਦੀਪ ਸਿੰਘ ਦਾ ਪਿਓ ਜੋਗਿੰਦਰ ਸਿੰਘ ਉਸ ਦੀ ਵਰਤਮਾਨ ਸਥਿਤੀ ਦੇਖ ਕੇ ਖੁਸ਼ ਨਹੀਂ ਹੁੰਦਾ, ਉਹ ਉਸਨੂੰ ਤਾਹਨਾ ਮਾਰਦਾ ਹੈ ਕੀ ਤੂੰ ਸਰਕਾਰੀ ਨੌਕਰੀ ਛੱਡ ਕੇ ਗੋਰੀ ਨਾਲ ਵਿਆਹ ਕਰਵਾਉਣ ਹੀ ਆਇਆ ਸੀ? ਉਹ ਉਸਨੂੰ ਕਹਿੰਦਾ ਹੈ ਕਿ......... "ਸਾਲਾ, ਗੋਰੀ ਦਾ ਗੁਲਾਮ । ਚੱਟ ਲੈ ਚਿੱਟੇ ਚੰਮ ਨੂੰ । ਦਿੰਦੀ ਆ ਤੈਨੂੰ ਪਰੌਠੇ । ਅੱਗੋਂ ਤੇਰੀ ਔਲਾਦ ਵੀ ਤੇਰੇ ਗੋਚਰੇ ਨੀ ਰਹਿਣ ਦੇਣੀ ਇਹਨੇ। ਕੀ ਖੱਟਿਆ ਤੈਂ ਮੇਮ ਨਾਲ ਵਿਆਹ ਕਰਵਾ ਕੇ............ਅੱਗੋਂ ਸਾਡਾ ਵੀ ਕੀਤਾ"..........

ਕੁਲਦੀਪ ਦੀ ਪਤਨੀ ਅਤੇ ਉਸਦੇ ਬੱਚੇ ਡੈਵਿਡ, ਕੋਲਿਟ ਦਾ ਵਤੀਰਾ ਜੋਗਿੰਦਰ ਸਿੰਘ ਨਾਲ ਕੁਝ ਕੁ ਦਿਨ ਠੀਕ ਰਿਹਾ, ਹੌਲੀ-ਹੌਲੀ ਬਾਅਦ ਵਿਚ ਉਹ ਉਸ ਤੋਂ ਖਿਝਣ ਲੱਗ ਪਏ। ਉਹਨਾਂ ਨੂੰ ਜੋਗਿੰਦਰ ਦਾ ਕਿਸੇ ਵੀ ਗੱਲ ਵਿਚ ਟੋਕਣਾ ਚੰਗਾ ਨਹੀਂ ਲੱਗਦਾ। ਜੋਗਿਦਰ ਸਿੰਘ ਬੱਚਿਆਂ ਦਾ ਨਾਮ ਬਦਲ ਕੇ ਪੰਜਾਬੀ ਵਿਚ ਰੱਖੁਣਾ ਚਾਹੁੰਦਾ ਸੀ। ਜੋਗਿੰਦਰ ਸਿੰਘ ਦੇ ਅਜਿਹੇ ਵਰਤੀਰੇ ਕਾਰਨ ਕੁਲਦੀਪ ਤੇ ਮੈਰੀਅਨ ਵਿਚਕਾਰ ਝਗੜੇ ਹੋਣ ਲੱਗ ਪਏ। ਜੋਗਿੰਦਰ ਵੀ ਇਸ ਸਾਹ ਘੁਟਵੇਂ ਮਾਹੌਲ ਵਿਚ ਖੁਸ਼ ਨਹੀਂ ਸੀ।

ਕੁਲਦੀਪ ਦਾ ਪਿਤਾ ਕਹਿੰਦਾ ਹੈ ਕਿ ਅਜੇ ਕੁਝ ਵੀ ਨਹੀਂ ਵਿਗੜਿਆ ਉਹ ਵਾਪਿਸ ਪਿੰਡ ਚਲ ਪਏ ਤੇ ਦੁਬਾਰਾ ਵਿਆਹ ਕਰਵਾ ਕੇ ਘਰ ਬਾਰ ਨੂੰ ਸੰਭਾਲੇ। ਉਹ ਇੱਥੇ ਨਹੀਂ ਰਹਿ ਸਕਦਾ। ਇਕ ਦਿਨ ਤਾਂ ਉਹਨਾਂ ਦੇ ਆਪਸੀ ਮਨ ਮਿਟਾਵ ਕਾਫ਼ੀ ਹੱਦ ਤੱਕ ਵੱਧ ਜਾਂਦੇ ਨੇ। ਕੁਲਦੀਪ ਤੇ ਮੈਰੀਅਨ ਨੇ ਆਪਸੀ ਸਮਝੌਤਾ ਕੀਤਾ ਹੋਇਆ ਸੀ ਕਿ ਕੁਲਦੀਪ ਸ਼ਰਾਬ ਨਹੀਂ ਪੀਏਗਾ ਤੇ ਨਾ ਹੀ ਮੈਰੀਅਨ ਸਿਗਰਟ। ਕੁਲਦੀਪ ਇਕ ਦਿਨ ਸ਼ਰਾਬ ਨਾਲ ਰੱਜ ਕੇ ਘਰ ਮੁੜਦਾ ਹੈ ਤਾਂ ਮੈਰੀਅਨ ਵੀ ਸਿਗਰਟ ਪੀ ਕੇ ਆਪਸੀ ਸਮਝੌਤਾ ਤੋੜ ਦਿੰਦੀ ਹੈ। ਜੋਗਿੰਦਰ ਸਿੰਘ ਨੂੰ ਇਹ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਉਹ ਮਹਿਸੂਸ ਕਰਦਾ ਹੈ ਕਿ ਚਲੋ ਬੰਦੇ ਤਾਂ ਸ਼ਰਾਬ ਪੀ ਲੈਂਦੇ ਨੇ ਪਰ ਮੈਰੀਅਨ ਔਰਤ ਹੋ ਕੇ ਸਿਗਰਟ ਪੀ ਰਹੀ ਹੈ। ਉਹ ਸੋਚਦਾ ਹੈ ਕਿ ਗੁਰੂ ਦੇ ਸਿੱਖਾਂ ਦੇ ਘਰ ਤਬਾਕੂੰ ਦੀ ਵਰਤੋਂ ,ਇਹ ਗੱਲ ਉਸਦੇ ਬਰਦਾਸ਼ਤ ਤੋਂ ਬਾਹਰ ਹੋ ਜਾਂਦੀ ਹੈ। ਉਹ ਕੁਲਦੀਪ ਨੂੰ ਚੇਤਾਵਨੀ ਦਿੰਦਾ ਕਹਿੰਦਾ ਹੈ ਕਿ ਉਹ ਉਸ ਨਾਲ ਪੰਜਾਬ ਵਾਪਿਸ ਚਲੇ ।

ਕੁਲਦੀਪ ਇਸੇ ਕਸ਼ਮਕਸ਼ ਵਿਚ ਉਲਝ ਜਾਂਦਾ ਹੈ ਕਿ ਉਹ ਕੀ ਕਰੇ। ਹੁਣ ਮੈਰੀਅਨ ਨਾਲ ਵੀ ਉਸਦਾ ਰਿਸ਼ਤਾ ਉਹੋ ਜਿਹਾ ਨਹੀਂ ਰਿਹਾ ਜਿਹੋ ਜਿਹਾ ਪਹਿਲਾਂ ਸੀ। ਪਿਆਰ ਨਾ ਦੀ ਚੀਜ਼ ਤਾਂ ਉਹਨਾਂ ਵਿਚ ਕਦੋਂ ਦੀ ਖ਼ਤਮ ਹੋ ਚੁੱਕੀ ਸੀ। ਕੁਲਦੀਪ ਦਾ ਮੁੰਡਾ ਡੈਵਿਡ ਵੀ ਉਸ ਤੋਂ ਨਫ਼ਰਤ ਕਰਦਾ ਸੀ। ਕੁਲਦੀਪ ਡੈਵਿਡ ਦੇ ਸਕੂਲ ਕਦੇ ਵੀ ਨਹੀਂ ਗਿਆ। ਹਰ ਅਧਿਆਪਕ ਮਾਪੇ ਮੀਟਿੰਗ ਵਿਚ ਇਕੱਲੀ ਮੈਰੀਅਨ ਹੀ ਜਾਂਦੀ ਸੀ ਕਿਉਂਕਿ ਡੈਵਿਡ ਨੂੰ ਚੰਗਾ ਨਹੀਂ ਲੱਗਦਾ ਕਿ ਉਸਨੂੰ ਉਸਦੇ ਸਾਥੀ ਕਾਲੇ ਦਾ ਬੱਚਾ ਕਹਿਣ। ਕਈ ਵਾਰੀ ਆਪਣੀ ਮਾਂ ਨੂੰ ਵੀ ਕਹਿ ਦਿੰਦਾ ਸੀ ਕਿ ਤੁਸੀਂ ਕਾਲੇ ਨਾਲ ਵਿਆਹ ਕਿਉ ਕਰਵਾਇਆ। ਇੱਥੇ ਕਹਾਣੀ ਨਸਲਵਾਦ ਦੇ ਵਿਤਕਰੇ ਨੂੰ ਵੀ ਪੇਸ਼ ਕਰਦੀ ਹੈ।

ਕੁਲਦੀਪ ਦਾ ਸਿਰਫ਼ ਤੇ ਸਿਰਫ਼ ਆਪਣੀ ਲੜਕੀ ਕੋਲਿਟ ਜੋ ਤੇਰ੍ਹਾਂ ਵਰਿਆ ਦੀ ਸੀ, ਨਾਲ ਵਧੇਰੇ ਮੁਹੱਬਤ ਸੀ। ਕੋਲਿਟ ਆਪਣੇ ਪਿਓ ਦੀ ਖ਼ਾਤਰ ਆਪਣੀ ਮਾਂ ਨਾਲ ਵੀ ਲੜ ਪੈਂਦੀ ਸੀ। ਕੁਲਦੀਪ ਦੀ ਹਾਲਤ ਵਿਚ ਹੋਰ ਨਿਘਾਰ ਉਦੋਂ ਆਉਂਦਾ ਹੈ, ਜਦੋਂ ਉਸਨੂੰ ਆਪਣੇ ਪਿਓ ਦੀ ਚਿੱਠੀ ਮਿਲਦੀ ਹੈ, ਉਹ ਉਸਨੂੰ ਇਕ ਮਹੀਨੇ ਦਾ ਮੌਕਾ ਦਿੰਦਾ ਹੈ ਜਾਂ ਤਾਂ ਉਹ ਸਭ ਕੁਝ ਛੱਡ ਛਡਾ ਕੇ ਪਿੰਡ ਆ ਕੇ ਰਹੇ ਨਹੀਂ ਤਾਂ ਉਹ ਆਪਣੀ ਸਾਰੀ ਜਾਇਦਾਦ ਆਪਣੀਆਂ ਧੀਆਂ ਦੇ ਨਾ ਕਰ ਦੇਵੇਗਾ। ਉਸਨੇ ਉਸਦੀ ਭੈਣ ਦੇ ਇਕ ਮੁੰਡੇ ਨੂੰ ਵੀ ਆਪਣੇ ਕੋਲ ਰੱਖ ਲਿਆ ਏ। ਹੁਣ ਕੁਲਦੀਪ ਸੋਚ ਲਵੇ ਕਿ ਉਸਨੇ ਕੀ ਕਰਨਾ ਏ। ਕੁਲਦੀਪ ਇਕ ਵਾਰ ਤਾਂ ਚਿੱਠੀ ਪੜ੍ਹ ਕੇ ਝੰਜੋੜਿਆਂ ਜਾਂਦਾ ਹੈ ਫਿਰ ਉਹ ਸੋਚਦਾ ਹੈ ਕਿ ਡੈਵਿਡ ਨੂੰ ਜ਼ਮੀਨ ਦੇ ਕੇ ਕਰਨਾ ਵੀ ਕੀ ਏ। ਇਸ ਨੇ ਕਿਹੜਾ ਜ਼ਮੀਨ ਵਾਹੁਣੀ ਹੈ ਜਾ ਕੇ ਵੇਚ ਕੇ ਹੀ ਖਾਏਗਾ। ਉਸ ਨਾਲੋਂ ਤਾਂ ਚੰਗਾ ਹੈ ਕਿ ਜ਼ਮੀਨ ਉਸਦੀਆਂ ਭੈਣਾਂ ਨੂੰ ਹੀ ਮਿਲ ਜਾਵੇ।

ਇਸੇ ਪ੍ਰੇਸ਼ਾਨੀਆਂ ਵਿਚ ਉਲਝਿਆ ਇਕ ਦਿਨ ਕੁਲਦੀਪ ਸ਼ਰਾਬ ਨਾਲ ਰੱਜ ਕੇ ਘਰ ਆਉਂਦਾ ਹੈ ਤੇ ਉਸੇ ਵਕਤ ਮੈਰੀਅਨ ਦੇ ਮਾਂ ਬਾਪ ਉਸਨੂੰ ਮਿਲਣ ਆਏ ਹੁੰਦੇ ਹਨ। ਕੁਲਦੀਪ ਦੀ ਸ਼ਰਾਬੀ ਹਾਲਤ ਦੇਖ ਕੇ ਮੈਰੀਅਨ ਦਾ ਪਿਓ ਖਿਝ ਕੇ ਮੈਰੀਅਨ ਨੂੰ ਕਹਿੰਦਾ ਹੈ ਕਿ ਉਹ ਇਸ ਕਾਲੇ ਕੁੱਤੇ ਨੂੰ ਸੰਗਲੀ ਪਾ ਕੇ ਰੱਖਿਆ ਕਰੇ। ਕੁਲਦੀਪ ਏਨਾ ਕਹਿਣ ਤੇ

ਬਹੁਤ ਪ੍ਰੇਸ਼ਾਨ ਹੁੰਦਾ ਹੈ। ਘਰ ਦੀਆਂ ਚੀਜ਼ਾਂ ਦੀ ਭੰਨ ਤੋੜ ਕਰਨ ਲੱਗ ਜਾਂਦਾ ਹੈ ਤਾਂ ਮੈਰੀਅਨ ਪੁਲਿਸ ਨੂੰ ਫੋਨ ਕਰ ਦਿੰਦੀ ਹੈ ਤੇ ਮੁਕਦਮਾ ਚੱਲਦਾ ਹੈ। ਫ਼ੈਸਲਾ ਮੈਰੀਅਨ ਦੇ ਹੱਕ ਵਿਚ ਹੁੰਦਾ ਹੈ ਕਿ ਮਕਾਨ ਦੇ ਹੱਕਦਾਰ ਕੁਲਦੀਪ ਅਤੇ ਮੈਰੀਅਨ ਦੋਨੋਂ ਹਨ। ਜਿੰਨ੍ਹਾਂ ਚਿਰ ਮੁੰਡਾ -ਕੁੜੀ ਸੋਲਾਂ ਸਾਲ ਦੇ ਨਹੀਂ ਹੋ ਜਾਂਦੇ ਵੀਹ ਪੌਂਡ ਹਫ਼ਤਾ ਖਰਚਾ ਕੁਲਦੀਪ ਦੇਵੇਗਾ। ਮੈਰੀਅਨ ਤੇ ਬੱਚਿਆਂ ਨੂੰ ਕੁਲਦੀਪ ਤੋਂ ਜਾਨ ਦਾ ਖਤਰਾ ਹੈ, ਇਸ ਲਈ ਕੁਲਦੀਪ ਘਰ ਨਹੀ ਰਹਿ ਸਕਦਾ। ਘਰ ਦੀਆਂ ਕਿਸ਼ਤਾਂ ਕੁਲਦੀਪ ਨੂੰ ਹੀ ਦੇਣੀਆ ਪੈਣਗੀਆਂ । ਉਸਨੂੰ ਰਹਿਣ ਲਈ ਆਪਣੀ ਰਿਹਾਇਸ਼ ਦਾ ਪ੍ਰਬੰਧ ਬਾਹਰ ਕਰਨਾ ਪੈਂਦਾ ਹੈ। ਉਧਰ ਉਸ ਦਾ ਪਿਉ ਉਸਤੋਂ ਨਰਾਜ਼ ਹੈ। ਉਹ ਚਿੱਠੀ ਵਿਚ ਲਿਖਦਾ ਹੈ ਕਿ, .. "ਕੁਲਦੀਪ ਪੁੱਤਰ, ਮੈਨੂੰ ਤੇਰੇ ਤੇ ਬਹੁਤ ਵੱਡੀਆਂ ਆਸਾਂ ਸਨ। ਤੂੰ ਮੇਰੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ। ਜਦੋਂ ਤੇਰੇ ਹਾਣਦਿਆਂ ਨੂੰ.... ... ਮੇਰੀ ਧਾਹ ਨਿਕਲ ਜਾਂਦੀ ਆ" ।

ਇਸ ਹਾਲਤ ਵਿਚ ਉਸਨੂੰ ਪਿਓ ਦੀ ਚਿੱਠੀ ਵਿਚਲਾ ਸ਼ਬਦ ਬਦਖ਼ਲ ਵਾਰ-ਵਾਰ ਚੇਤੇ ਆਉਦਾ ਹੈ। ਉਹ ਕਹਿੰਦਾ ਹੈ ਕਿ ਹੋ ਗਿਆ ਬਦਖ਼ਲ। ਉਹ ਹਰ ਰੋਜ਼ ਸ਼ਰਾਬ ਪੀ ਕੇ ਅਵਰਿਆ ਵਾਂਗ ਸੜਕਾਂ ਤੇ ਘੁੰਮਦਾ ਹੈ ਤੇ ਹੋ ਗਿਆ ਬਦਖ਼ਲ, ਹੋ ਗਿਆ ਬਦਖ਼ਲ ਹੀ ਬੋਲਦਾ ਰਹਿੰਦਾ ਹੈ। ਫਿਰ ਪੁਲਿਸ ਉਸਨੂੰ ਸ਼ਰਾਬੀ ਵਤੀਰੇ ਤੇ ਅਮਲ ਭੰਗ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਦੀ ਹੈ ਤੇ ਜ਼ੁਰਮਾਨਾ ਲਗਾਉਂਦੀ ਹੈ, ਲਗਾਤਾਰ ਇਹੀ ਸਿਲਸਿਲਾ ਚੱਲਦਾ ਹੈ, ਸ਼ਰਾਬ, ਗ੍ਰਿਫਤਾਰੀ, ਜ਼ੁਰਮਾਨਾ, ਉਸਦੀ ਮਾਨਸਿਕ ਹਾਲਤ ਬਹੁਤ ਵਿਗੜ ਜਾਂਦੀ ਹੈ। ਆਖ਼ਰ ਉਸਨੂੰ ਹਸਪਤਾਲ ਪਹੁੰਚਾ ਦਿੱਤਾ ਜਾਂਦਾ ਹੈ।

ਸਾਲ ਬਾਅਦ ਵੀ ਕੁਲਦੀਪ ਸੜਕਾਂ ਤੇ ਪਾਰਕਾਂ ਦੇ ਬੈਚਾਂ ਤੇ ਹਵਾ ਵਿਚ ਹੱਥ ਹਿਲਾਉਂਦਾ ਰਹਿੰਦਾ ਹੈ ਤੇ ਇਕੋ ਸ਼ਬਦ ਬੋਲਦਾ ਹੈ ਬਦਖ਼ਲ। ਜਦੋਂ ਉਸਦਾ ਦੋਸਤ ਪੁੱਛਦਾ ਹੈ ਕਿ ਕੌਣ ਬਦਖ਼ਲ ਤੂੰ ਜਾਂ ਮੈਰੀਅਨ ਤਾਂ ਉਹ ਕਹਿੰਦਾ ਹੈ ਕਿ ਮੈਂ ਬਦਖ਼ਲ, ਤੂੰ ਬਦਖ਼ਲ, ਸਭ ਬਦਖ਼ਲ।

ਇਸ ਤਰ੍ਹਾਂ ਇਹ ਕਹਾਣੀ ਵਿਦੇਸ਼ ਦੀ ਧਰਤੀ ਉੱਤੇ ਗਏ ਵਿਅਕਤੀ ਦੀ ਦਵੰਦਮਈ ਸਥਿਤੀ ਨੂੰ ਵੀ ਬਿਆਨ ਕਰਦੀ ਹੈ ਤੇ ਨਾਲ ਹੀ ਪੀੜੀ ਪਾੜੇ ਨੂੰ ਵੀ। ਬੇਗਾਨੀ ਧਰਤੀ ਤੇ ਪਹੁੰਚ ਕੇ ਵੀ ਮਨੁੱਖ ਆਪਣੀਆਂ ਜੜ੍ਹਾਂ ਤੋਂ ਨਹੀਂ ਟੁੱਟਦਾ। ਦੋ ਥਾਵਾਂ ਤੇ ਘਰ ਵਸਾਉਣ ਦੀ ਚਾਹਤ ਵਿਅਕਤੀ ਨੂੰ ਇਕ ਥਾਂ ਦਾ ਵੀ ਨਹੀਂ ਹੋ ਕੇ ਰਹਿਣ ਦਿੰਦੀ।

### 1.2.3 ਕਹਾਣੀ ਦਾ ਵਿਸ਼ਾ ਵਸਤੂ

'ਬਦਖ਼ਲ' ਕਹਾਣੀ ਵਿਚ ਪੰਜਾਬੋ ਵਿਦੇਸ਼ੀ ਧਰਤੀ ਉਤੇ ਸੁਨਹਿਰੀ ਭਵਿੱਖ ਦੀ ਉਮੀਦ ਰੱਖ ਕੇ ਗਏ ਕੁਲਦੀਪ ਸਿੰਘ ਦੇ ਜੀਵਨ ਦੀ ਕਹਾਣੀ ਹੈ। ਇਸ ਕਹਾਣੀ ਵਿਚ ਤਿੰਨ ਧਿਰਾਂ ਨੂੰ ਪੇਸ਼ ਕੀਤਾ ਗਿਆ ਹੈ। ਇਕ ਧਿਰ ਜੋਗਿੰਦਰ ਸਿੰਘ ਦੀ ਹੈ, ਜੋ ਇਕ ਰਿਟਾਇਰ ਤਹਿਸੀਲਦਾਰ ਅਤੇ ਚੰਗੀ ਜ਼ਮੀਨ ਜਾਇਦਾਦ ਦਾ ਮਾਲਿਕ ਹੈ । ਦੂਜੀ ਧਿਰ ਵਿਚ ਮੈਰੀਅਨ ਅਤੇ ਉਸਦੇ ਦੋ ਬੱਚੇ ਹਨ। ਤੀਸਰੀ ਧਿਰ ਕੁਲਦੀਪ ਦੀ ਹੈ, ਜੋ ਇਹਨਾਂ ਦੋਹਾਂ ਧਿਰਾਂ ਵਿਚ ਘੁਣ ਵਾਂਗ ਪਿਸ ਰਿਹਾ ਹੈ।

ਕੁਲਦੀਪ ਸਿੰਘ ਜੋ ਇੱਧਰ ਸਰਕਾਰੀ ਨੌਕਰੀ ਕਰਦਾ ਸੀ। ਕੰਪਿਊਟਰ ਇੰਜਨੀਅਰਿੰਗ ਵਿਸ਼ੇ ਵਿੱਚ ਪੀ-ਐਚ.ਡੀ ਕਰਨ ਲਈ ਵਿਦੇਸ਼ ਜਾਂਦਾ ਹੈ। ਕੁਲਦੀਪ ਸਿੰਘ ਵਿਦੇਸ਼ ਵਿਚ ਹੀ ਆਪਣਾ ਵਿਆਹ ਗੋਰੀ ਨਾਲ ਕਰਵਾ ਲੈਂਦਾ ਹੈ। ਜਿਸਦਾ ਕੁਲਦੀਪ ਦੇ ਘਰਦਿਆਂ ਨੂੰ ਬਿਲਕੁਲ ਵੀ ਪਤਾ ਨਹੀਂ ਹੁੰਦਾ। ਵਿਆਹ ਤੋਂ ਬਾਅਦ ਕੁਲਦੀਪ ਦੇ ਘਰ ਦੋ ਬੱਚੇ ਡੈਵਿਡ ਤੇ ਕੋਲਿਟ ਜਨਮ ਲੈਂਦੇ ਹਨ। ਕੁਲਦੀਪ ਦਾ ਪਿਤਾ ਭਾਰਤੀ ਖਿਆਲਾ ਦਾ ਹੈ।ਕੁਲਦੀਪ ਨੂੰ ਵਾਰ-ਵਾਰ ਭਾਰਤ ਵਾਪਸ ਆ ਕੇ ਵਿਆਹ ਕਰਵਾਉਣ ਲਈ ਕਹਿੰਦਾ ਹੈ। ਦੂਸਰੇ ਪਾਸੇ ਕੁਲਦੀਪ ਆਪਣੀ ਪਤਨੀ ਮੈਰੀਅਨ ਦੇ ਪੱਛਮੀ ਖਿਆਲਾਂ ਤੇ ਉਸਦੇ ਖੁੱਲ੍ਹੇ ਸੁਭਾਅ ਕਾਰਨ ਵੀ ਕੋਈ ਬਹੁਤਾ ਖੁਸ਼ ਨਹੀਂ ਹੈ। ਬੱਚਿਆਂ ਦੇ ਮੋਹ ਪਿਆਰ ਕਰਕੇ ਕੁਲਦੀਪ ਉਥੇ ਰਹਿ ਰਿਹਾ ਹੈ।

ਕੁਲਦੀਪ ਆਪਣੀਆਂ ਮਜ਼ਬੂਰੀਆਂ ਕਾਰਨ ਪੰਜਾਬ ਵੀ ਨਹੀਂ ਜਾ ਸਕਦਾ। ਉਸਦੇ ਵਿਦੇਸ਼ ਜਾਣ ਤੋਂ ਬਾਅਦ ਮਾਤਾ ਜੀ ਵੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਬਾਪ ਦੇ ਇਕੱਲੇਪਣ ਨੂੰ ਦੇਖ ਕੇ ਕੁਲਦੀਪ ਆਪਣੇ ਕੋਲ਼ ਬੁਲਾ ਲੈਂਦਾ ਹੈ। ਕੁਲਦੀਪ ਦਾ ਪਿਤਾ ਉਸਦੀ ਵਰਤਮਾਨ ਸਥਿਤੀ ਦੇਖ ਕੇ ਖ਼ੁਸ ਨਹੀਂ ਹੁੰਦਾ। ਉਥੇ ਪੂਰਬੀ ਤੇ ਪੱਛਮੀ ਸੋਚ ਦੇ ਅੰਤਰ ਕਾਰਨ ਨੂੰਹ ਅਤੇ ਬੱਚਿਆਂ ਦੇ ਵਿਚ ਤਕਰਾਰ ਪੈਦਾ ਹੋ ਜਾਂਦਾ ਹੈ। ਜਿਸ ਕਾਰਨ ਕੁਲਦੀਪ ਤੇ ਮੈਰੀਅਨ ਵਿਚਕਾਰ ਝਗੜੇ ਹੋਣੇ ਸ਼ੁਰੂ ਹੋ ਜਾਂਦੇ ਹਨ। ਦੂਸਰੇ ਪਾਸੇ ਜੋਗਿੰਦਰ ਸਿੰਘ ਵੀ ਇਸ ਘੁਟਵੇ ਮਾਹੌਲ ਵਿਚ ਖੁਸ਼ ਨਹੀਂ ਸੀ। ਕੁਲਦੀਪ ਦੋਹਾਂ ਧਿਰਾਂ ਦੇ ਵਿਚਕਾਰ ਬੁਰੀ ਤਰ੍ਹਾਂ ਫਸ ਜਾਂਦਾ ਹੈ। ਇਸ ਲਈ ਕੁਲਦੀਪ ਆਪਣੀ ਪ੍ਰੇਸ਼ਾਨੀ ਦੂਰ ਕਰਨ ਲਈ ਸ਼ਰਾਬ ਪੀਣੀ ਸ਼ੁਰੂ ਕਰ ਲੈਂਦਾ ਹੈ, ਨਾਲ ਹੀ ਉਸਦੀ ਪਤਨੀ ਸਿਗਰਟ ਪੀਣੀ ਸ਼ੁਰੂ ਕਰ ਲੈਂਦੀ ਹੈ। ਇਹ ਸਭ ਕੁਝ ਜੋਗਿੰਦਰ ਸਿੰਘ ਦੀ ਸਮਝ ਤੋਂ ਬਾਹਰ ਸੀ।

ਕੁਲਦੀਪ ਦੀ ਹਾਲਤ ਉਸ ਸਮੇਂ ਹੋਰ ਵੀ ਨਿਘਾਰ ਵੱਲ ਚਲੀ ਜਾਂਦੀ ਹੈ, ਜਦੋਂ ਉਸਨੂੰ ਆਪਣੇ ਪਿਤਾ ਦੀ ਚਿੱਠੀ ਮਿਲਦੀ ਹੈ। ਦੂਸਰੇ ਪਾਸੇ ਸਾਰੀਆਂ ਪ੍ਰੇਸ਼ਾਨੀਆਂ ਵਿਚੋਂ ਗੁਜ਼ਰਦਾ ਹੋਇਆ, ਜਦੋਂ ਉਹ ਸ਼ਰਾਬ ਪੀ ਕੇ ਘਰ ਆਉਦਾ ਹੈ ਤਾਂ ਇਹ ਮੈਰੀਅਨ ਦੇ ਮਾਤਾ-ਪਿਤਾ ਨੂੰ ਪਸੰਦ ਨਹੀਂ ਸੀ। ਉਸਦਾ ਪਿਤਾ ਖਿਝ ਕੇ ਮੈਰੀਅਨ ਨੂੰ ਕਹਿੰਦਾ ਹੈ ਕਿ ਉਹ ਇਸ ਕਾਲ਼ੇ ਕੁੱਤੇ ਨੂੰ ਸੰਗਲੀ ਪਾ ਕੇ ਰੱਖਿਆ ਕਰੇ। ਇਹ ਸ਼ਬਦ ਕੁਲਦੀਪ ਨੂੰ ਮਾਨਸਿਕ ਤੌਰ ਤੇ ਬਹੁਤ ਪ੍ਰੇਸ਼ਾਨ ਕਰਨ ਲੱਗ ਪਏ।

ਜਿੱਥੇ ਇਸ ਕਹਾਣੀ ਵਿਚ ਇਕ ਪਾਸੇ ਪੂਰਬੀ ਅਤੇ ਪੱਛਮੀ ਸੱਭਿਆਚਾਰ ਦਾ ਅੰਤਰ ਦਿਖਾਇਆ ਗਿਆ ਹੈ। ਉਥੇ ਦੂਜੇ ਪਾਸੇ ਗੋਰੇ ਅਤੇ ਕਾਲੇ ਦੇ ਨਸਲੀ ਵਿਤਕਰੇ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਡੈਵਿਡ ਆਪਣੇ ਸਕੂਲੀ ਦੋਸਤਾਂ ਨੂੰ ਇਹ ਨਹੀਂ ਦੱਸਦਾ ਕਿ ਉਸਦਾ ਪਿਤਾ ਕਾਲੇ ਰੰਗ ਦਾ ਹੈ। ਦੁਸਰੇ ਪਾਸੇ ਮੈਰੀਅਨ ਦੇ ਮਾਤਾ ਪਿਤਾ ਵੀ ਉਸਨੂੰ ਬੁਰਾ ਬੋਲਦੇ ਹਨ ਅਤੇ ਕਾਲੇ ਰੰਗ ਨੂੰ ਵੀ ਕੋਸਦੇ ਹਨ। ਕਹਾਣੀ ਦੇ ਅੰਤ ਵਿਚ ਕੁਲਦੀਪ ਦਾ ਪਿਤਾ ਜੋਗਿੰਦਰ ਸਿੰਘ ਵੀ ਆਪਣੀ ਤੀਹ ਕਿਲੇ ਜਾਇਦਾਦ ਤੋਂ ਬਦਖ਼ਲ ਕਰਨ ਦੀ ਗੱਲ ਕਰਦਾ ਹੈ। ਜਿਸਦੀ ਉਸਨੂੰ ਕੋਈ ਪ੍ਰਵਾਹ ਨਹੀਂ ਹੁੰਦੀ। ਉਸਦੀ ਮਾਨਸਿਕਤਾ ਵਿਚ ਬਦਖ਼ਲ ਸ਼ਬਦ ਸ਼ਾਮਿਲ ਹੋ ਜਾਂਦਾ ਹੈ। ਜਿਸ ਕਾਰਨ ਉਹ ਹੌਲੀ-ਹੌਲੀ ਸਾਰਿਆਂ ਵੱਲੋਂ ਬਦਖ਼ਲ ਹੋ ਜਾਂਦਾ ਹੈ ਅਤੇ ਆਪਣਾ ਮਾਨਸਿਕ ਸਤੁੰਲਨ ਗੁਆ ਬੈਠਦਾ ਹੈ।

**1.2.4 ਕਹਾਣੀ ਦੀ ਅੰਤਿਕਾ**

'ਬਦਖ਼ਲ' ਕਹਾਣੀ ਵਿਦੇਸ਼ ਦੀ ਧਰਤੀ ਉਤੇ ਗਏ ਵਿਅਕਤੀ ਦੀ ਦਵੰਦਮਈ ਸਥਿਤੀ ਨੂੰ ਵੀ ਬਿਆਨ ਕਰਦੀ ਹੈ, ਨਾਲ ਹੀ ਪੀੜੀ ਪਾੜੇ ਨੂੰ ਵੀ ਬੜੀ ਬਾਰੀਕੀ ਨਾਲ ਚਿਤਰਿਆ ਹੈ। ਬੇਗਾਨੀ ਧਰਤੀ ਤੇ ਪਹੁੰਚ ਕੇ ਵੀ ਮਨੁੱਖ ਆਪਣੀਆਂ ਜੜ੍ਹਾਂ ਤੋ ਨਹੀਂ ਟੁੱਟਦਾ। ਦੋ ਥਾਵਾਂ ਤੇ ਘਰ ਵਸਾਉਣ ਦੀ ਚਾਹਤ ਵਿਅਕਤੀ ਦਾ ਮਾਨਸਿਕ ਸਤੁੰਲਨ ਵਿਗਾੜ ਕੇ ਰੱਖ ਦਿੰਦੀ ਹੈ। ਲਾਲਚ ਵਸ ਮਨੁੱਖ ਆਪਣੇ ਆਪ ਨੂੰ ਬਰਬਾਦ ਕਰ ਲੈਂਦਾ ਹੈ ਤੇ ਆਪਣੇ ਕੀਮਤੀ ਤੋਹਫ਼ੇ ਮਾਤਾ ਪਿਤਾ ਤੋਂ ਹਮੇਸ਼ਾ ਲਈ ਬਾਝਾਂ ਹੋ ਜਾਂਦਾ ਹੈ।

**1.2.5 ਪਾਤਰ-ਚਿਤਰਨ**

**ਕੁਲਦੀਪ**

ਕੁਲਦੀਪ ਕਹਾਣੀ ਦਾ ਮੁੱਖ ਪਾਤਰ ਹੈ। ਆਪਣੇ ਸੁਨਹਿਰੀ ਭਵਿੱਖ ਦੀ ਆਸ ਵਿਚ ਵਿਦੇਸ਼ ਜਾਂਦਾ ਹੈ। ਉਹ ਉਥੇ ਹੀ ਗੋਰੀ ਮੈਰੀਅਨ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਦੋ ਬੱਚਿਆਂ ਦਾ ਬਾਪ ਬਣਦਾ ਹੈ। ਕੁਲਦੀਪ ਵਿਦੇਸ਼ ਦੀ ਧਰਤੀ ਤੇ ਆ ਤਾਂ ਜਾਂਦਾ ਹੈ ਪਰ ਉਸਦਾ ਮਨ ਦੋ ਵੱਖਰੇ ਸਭਿਆਚਾਰਾ ਦੇ ਦਵੰਦ ਵਿਚ ਗੁਜ਼ਰਦਾ ਹੈ। ਉਹ ਕੋਈ ਵੀ ਫੈਸਲਾ ਨਹੀਂ ਲੈ ਪਾਉਂਦਾ। ਪਿਉ ਦਾ ਦਬਾਅ ਤੇ ਪਤਨੀ ਦਾ ਰੁੱਖਾਪਣ ਉਸ ਨੂੰ ਚਿੜਚੜਾ ਬਣਾ ਦਿੰਦਾ ਹੈ। ਉਹ ਇਸੇ ਦਵੰਦ ਵਿਚੋਂ ਆਪਣਾ ਮਾਨਸਿਕ ਸਤੁੰਲਨ ਵਿਗਾੜ ਬੈਠਦਾ ਹੈ।

**ਜੋਗਿੰਦਰ ਸਿੰਘ -**

ਜੋਗਿੰਦਰ ਸਿੰਘ ਕੁਲਦੀਪ ਦਾ ਪਿਤਾ ਹੈ। ਉਹ ਆਪਣੇ ਪੁੱਤਰ ਦੇ ਸੱਦੇ ਤੇ ਵਿਦੇਸ਼ ਪੁੱਜਦਾ ਹੈ। ਉਥੇ ਜਾ ਕੇ ਕੁਲਦੀਪ ਨੂੰ ਪੂਰੇ ਵਿਦੇਸ਼ੀ ਰੰਗ ਵਿਚ ਰੰਗਿਆ ਦੇਖ ਕੇ ਤੇ ਜਦੋਂ ਉਹ ਦਿਨ ਰਾਤ ਕੰਮ ਕਰਦਾ ਹੈ ਤਾਂ ਉਸਨੂੰ ਚੰਗਾ ਨਹੀਂ ਲੱਗਦਾ। ਕੁਲਦੀਪ ਨੂੰ ਪੰਜਾਬ ਆ ਕੇ ਦੂਜਾ ਵਿਆਹ ਕਰਵਾਉਂਣ ਲਈ ਦਬਾਅ ਬਣਾਉਂਦਾ ਹੈ। ਉਸਨੂੰ ਕੁਲਦੀਪ ਦੀ ਪਤਨੀ ਮੈਰੀਅਨ ਦਾ ਸਿਗਰਟ ਪੀਣਾ ਬਿਲਕੁਲ ਚੰਗਾ ਨਹੀਂ ਲੱਗਦਾ। ਉਹ ਕੁਲਦੀਪ ਨੂੰ ਕਹਿੰਦਾ ਹੈ ਕਿ ਜੇ ਉਹ ਪੰਜਾਬ ਨਹੀਂ ਆਉਂਦਾ ਤਾਂ ਉਹ ਕੁਲਦੀਪ ਨੂੰ ਜਾਇਦਾਦ ਵਿਚੋਂ ਬਦਖ਼ਲ ਕਰ ਦੇਵੇਗਾ।

**ਮੈਰੀਅਨ-**

ਮੈਰੀਅਨ ਕੁਲਦੀਪ ਦੀ ਗੋਰੀ ਪਤਨੀ ਹੈ। ਉਹ ਆਪਣੇ ਫ਼ੈਸਲੇ ਆਪ ਲੈਣ ਵਾਲੀ ਔਰਤ ਹੈ। ਉਹ ਭਾਰਤੀ ਮੁੰਡੇ ਨਾਲ ਵਿਆਹ ਤਾਂ ਕਰ ਲੈਂਦੀ ਹੈ ਪਰ ਸਭਿਆਚਾਰਾਂ ਦਾ ਅੰਤਰ ਹੋਣ ਕਰਕੇ ਹੀ ਉਸਦਾ ਵਿਆਹ –ਬੰਧਨ ਜ਼ਿੰਦਗੀ ਦੇ ਅੱਧੇ ਪੜਾਅ ਤੇ ਆ ਕੇ ਹੀ ਰੁਕ ਜਾਂਦਾ ਹੈ। ਉਸਨੂੰ ਆਪਣੇ ਸਹੁਰੇ ਦਾ ਰੋਕਣਾ ਟੋਕਣਾ ਚੰਗਾ ਨਹੀਂ ਲੱਗਦਾ। ਉਹ ਘਰ ਨੂੰ

ਆਪਣੇ ਮੁਤਾਬਿਕ ਚਲਾਉਣਾ ਚਾਹੁੰਦੀ ਹੈ। ਉਸਨੂੰ ਸਿਗਰਟ ਦੀ ਆਦਤ ਹੈ। ਉਹ ਪਤੀ ਦੀਆਂ ਵਧੀਕੀਆਂ ਨੂੰ ਸਹਿਣ ਵਾਲੀ ਔਰਤ ਨਹੀਂ ਹੈ। ਜਦੋਂ ਕੁਲਦੀਪ ਜ਼ਿਆਦਾ ਸ਼ਰਾਬ ਪੀ ਕੇ ਉਸਨੂੰ ਬੁਰਾ ਭਲਾ ਕਹਿੰਦਾ ਹੈ ਤਾਂ ਉਹ ਪੁਲਿਸ ਕੋਲ ਕੇਸ ਲਗਾ ਕੇ ਕੁਲਦੀਪ ਤੋਂ ਅਲੱਗ ਰਹਿਣ ਲੱਗ ਜਾਂਦੀ ਹੈ।

**ਡੈਵਿਡ-**

ਡੈਵਿਡ ਕੁਲਦੀਪ ਦਾ ਮੁੰਡਾ ਹੈ, ਜੋ ਆਪਣੇ ਆਪ ਨੂੰ ਕਿਸੇ ਕਾਲੇ ਦਾ ਮੁੰਡਾ ਕਹਾਉਣ ਤੇ ਸ਼ਰਮ ਮਹਿਸੂਸ ਕਰਦਾ ਹੈ। ਉਹ ਆਪਣੀ ਮਾਂ ਨੂੰ ਵੀ ਕਾਲੇ ਨਾਲ ਵਿਆਹ ਕਰਵਾਉਣ ਤੇ ਤਨਜ਼ ਕੱਸਦਾ ਹੈ। ਨਸਲਵਾਦ ਦਾ ਅਸਰ ਉਸਦੇ ਸਿਰ ਚੜ ਬੋਲਦਾ ਹੈ। ਉਹ ਆਪਣੇ ਪਿਉ ਨੂੰ ਆਪਣੇ ਸਕੂਲ ਵੀ ਨਹੀਂ ਆਉਂਣ ਦਿੰਦਾ।

**1.2.6 ਅਭਿਆਸ ਪ੍ਰਸ਼ਨ-**

1) ਕੁਲਦੀਪ ਵਿਦੇਸ਼ੀ ਧਰਤੀ ਤੇ ਕਿਉਂ ਆਉਂਦਾ ਹੈ?
2) ਜੋਗਿੰਦਰ ਵਿਦੇਸ਼ ਆ ਕੇ ਕਿਹੋ ਜਿਹਾ ਮਹਿਸੂਸ ਕਰਦਾ ਹੈ?
3) ਕੁਲਦੀਪ ਦੇ ਬੱਚਿਆਂ ਦਾ ਜੋਗਿੰਦਰ ਨਾਲ ਕਿਹੋ ਜਿਹਾ ਵਤੀਰਾ ਹੈ?
4) ਕੁਲਦੀਪ ਤੇ ਉਸਦੀ ਪਤਨੀ ਅਲੱਗ ਕਿਉਂ ਰਹਿਣ ਲੱਗੇ?
5) ਕੁਲਦੀਪ ਆਪਣਾ ਮਾਨਸਿਕ ਸਤੁੰਲਨ ਕਿਉਂ ਖੋ ਬੈਠਦਾ ਹੈ?

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ– 3 | ਪੰਜਾਬੀ ਨਿਬੰਧ ਅਤੇ ਲੇਖ :– ਨਿਬੰਧ– ਪ੍ਰੋ. ਪੂਰਨ ਸਿੰਘ: ਕਿਰਤ |
|---|---|

## ਪਾਠ ਦੀ ਰੂਪ-ਰੇਖਾ


3.0 ਜਾਣ- ਪਹਿਚਾਣ

3.1 ਉਦੇਸ਼

3.2 ਪੂਰਨ ਸਿੰਘ (1881-1931) : ਜੀਵਨ ਤੇ ਰਚਨਾ

3.3 ਸਾਹਿਤਕ ਯੋਗਦਾਨ

3.4 ਪ੍ਰਮੁੱਖ ਪ੍ਰਭਾਵ

3.5 ਨਿਬੰਧ : ਕਿਰਤ

3.6 ਅਭਿਆਸ ਲਈ ਪ੍ਰਸ਼ਨ

3.7 ਕਿਰਤ : ਵਿਸ਼ਾਗਤ ਅਧਿਐਨ

3.8 ਕਿਰਤ : ਕਲਾਤਮਕ ਅਧਿਐਨ

3.9 ਅਭਿਆਸ ਲਈ ਪ੍ਰਸ਼ਨ


3.0 ਜਾਣ- ਪਹਿਚਾਣ

ਇਸ ਪਾਠ ਵਿੱਚ ਪ੍ਰੋ. ਪੂਰਨ ਸਿੰਘ ਜੋ ਕਿ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿੱਚੋਂ ਇੱਕ ਸਨ ਤੇ ਜਿਨ੍ਹਾਂ ਪੰਜਾਬੀ ਕਵਿਤਾ ਅਤੇ ਵਾਰਤਕ ਦੇ ਖੇਤਰ ਵਿੱਚ ਕਲਮ ਅਜ਼ਮਾਈ ਕੀਤੀ, ਉਨ੍ਹਾਂ ਦੇ ਜੀਵਨ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਗੱਲਬਾਤ ਕੀਤੀ ਗਈ ਹੈ। ਨਾਲ ਹੀ ਉਨ੍ਹਾਂ ਦੁਆਰਾ ਲਿਖੇ ਗਏ ਲੇਖ ਕਿਰਤ ਦਾ ਅਲੋਚਨਾਤਮਕ ਅਧਿਐਨ ਕਰਦੇ ਹੋਏ ਇਸਦੇ ਬਹੁਪੱਖਾਂ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।

### 3.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਵਾਰਤਕ ਦੇ ਮੁੱਢਲੇ ਵਾਰਤਕਕਾਰ ਪ੍ਰੋ. ਪੂਰਨ ਸਿੰਘ ਦੇ ਜੀਵਨ ਬਾਰੇ ਜਾਣੂ ਕਰਵਾਉਣਾ ਹੈ। ਇਸ ਦੇ ਨਾਲ ਹੀ ਉਸਦੇ ਕਿਰਤ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਵਾਉਣ ਵਾਲੇ ਲੇਖ

ਕਿਰਤ ਬਾਰੇ ਦੱਸਿਆ ਜਾਵੇਗਾ। ਮੂਲ ਪਾਠ ਦੇ ਨਾਲ ਉਸ ਦਾ ਸਾਰੰਸ਼ ਕਿਵੇਂ ਲਿਖਣਾ ਹੈ। ਉਸ ਦੀ ਕਲਾ ਪੱਖ ਦੇ ਪ੍ਰਮੁੱਖ ਨੁਕਤਿਆਂ ਦੀ ਚਰਚਾ ਕੀਤੀ ਜਾਵੇਗੀ। ਜਿਸ ਨਾਲ ਵਿਦਿਆਰਥੀ ਨਿਬੰਧ ਦੇ ਕਲਾਤਮਕ ਪੱਖ ਬਾਰੇ ਜਾਣੂ ਹੋਣਗੇ ਅਤੇ ਇਸ ਦੇ ਨਾਲ ਹੀ ਪੂਰਨ ਸਿੰਘ ਦੁਆਰਾ ਪੰਜਾਬੀ ਸਾਹਿਤ ਜਗਤ ਵਿਚ ਪਾਏ ਯੋਗਦਾਨ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ ।

### 3.2 ਪੂਰਨ ਸਿੰਘ (1881-1931) : ਜੀਵਨ ਤੇ ਰਚਨਾ

ਪੂਰਨ ਸਿੰਘ ਨੂੰ ਪੰਜਾਬ ਦਾ ਛੇਵਾਂ ਦਰਿਆ ਕਹਿ ਕੇ ਯਾਦ ਕੀਤਾ ਜਾਂਦਾ ਹੈ। ਪ੍ਰਸਿੱਧ ਲੇਖਕ ਪਿਆਰਾ ਸਿੰਘ ਪਦਮ ਨੇ ਉਨ੍ਹਾਂ ਨੂੰ 'ਪੰਜਾਬ ਦਾ ਟੈਗੋਰ' ਤੇ ਡਾ. ਮਹਿੰਦਰ ਸਿੰਘ ਰੰਧਾਵਾ ਨੇ 'ਮਾਨਵਤਾ ਦਾ ਮਹਾਨ ਕਵੀ' ਕਿਹਾ ਸੀ।

ਪੂਰਨ ਸਿੰਘ 17 ਫਰਵਰੀ 1881 ਨੂੰ ਸਲਹੱਟ (ਐਬਟਾਬਾਦ) ਵਿਖੇ ਇੱਕ ਆਹਲੂਵਾਲੀਆ ਪਰਿਵਾਰ (ਪਿਤਾ ਕਰਤਾਰ ਸਿੰਘ, ਮਾਤਾ ਪਰਮਾ ਦੇਵੀ) ਵਿੱਚ ਪੈਦਾ ਹੋਇਆ । ਉਹਨਾਂ ਦੇ ਪਿਤਾ ਸਲਹੱਟ ਵਿੱਚ ਆਬਕਾਰੀ ਵਿਭਾਗ ਵਿੱਚ ਕੰਮ ਕਰਦੇ ਸਨ । ਪੂਰਨ ਸਿੰਘ ਨੇ ਹਾਈ ਸਕੂਲ 1897 ਵਿੱਚ ਰਾਵਲਪਿੰਡੀ ਤੋਂ ਪਾਸ ਕੀਤਾ ਤੇ ਕਾਲਜ ਪੱਧਰ ਦੀ ਪੜ੍ਹਾਈ ਡੀ.ਏ.ਵੀ. ਕਾਲਜ ਲਹੌਰ ਤੋਂ 1899 ਵਿੱਚ ਕੀਤੀ। 28 ਸਤੰਬਰ 1900 ਵਿੱਚ ਟੋਕੀਓ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਤੋਂ ਪਹਿਲਾਂ ਉਹਨਾਂ ਜਰਮਨ ਤੇ ਜਪਾਨੀ ਭਾਸ਼ਾ ਸਿਖੀ। ਭਾਰਤ ਵਿੱਚ ਅੰਗਰੇਜ਼ੀ ਹਕੂਮਤ ਖਿਲਾਫ ਵਿਸ਼ਿਆਂ 'ਤੇ ਭਾਸ਼ਨ ਦੇਣਾ ਉਹਨਾਂ ਦਾ ਸ਼ੁਗਲ ਸੀ। ਕੁਝ ਦੇਰ ਲਈ ਉਹਨਾਂ ਅੰਗਰੇਜ਼ੀ ਪਤ੍ਰਿਕਾ ਦੀ 'ਥੰਡਰਿੰਗ ਡਾਨ' ਵੀ ਪ੍ਰਕਾਸ਼ਿਤ ਕੀਤੀ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਦਬਦਬੇ ਵਾਲੇ ਰਾਜ ਦੇ ਖਿਲਾਫ਼ ਅਵਾਜ਼ ਉਠਾਉਂਦੀ ਸੀ। ਜਪਾਨ ਵਿੱਚ ਉਹਨਾਂ ਦੀ ਮੁਲਾਕਾਤ ਸਵਾਮੀ ਰਾਮ ਤੀਰਥ ਨਾਲ ਹੋਈ, ਜਿਹਨਾਂ ਦੇ ਪ੍ਰਭਾਵ ਹੇਠ ਉਹਨਾਂ ਕੇਸ ਕਟਵਾ ਲਏ ਤੇ ਸੰਨਿਆਸ ਧਾਰਨ ਕਰ ਲਿਆ। ਬੜੀ ਮੁਸ਼ਕਲ ਨਾਲ ਉਹਨਾਂ ਨੂੰ ਆਪਣੀ ਬਿਮਾਰ ਭੈਣ ਨੂੰ ਮਿਲਾਣ ਲਈ ਹਿੰਦੁਸਤਾਨ ਘਰ ਵਾਪਸ ਆਉਣ 'ਤੇ ਰਾਜ਼ੀ ਕੀਤਾ ਗਿਆ। 4 ਮਾਰਚ 1904 ਨੂੰ ਸ੍ਰੀਮਤੀ ਮਾਇਆ ਦੇਵੀ ਨਾਲ ਉਨ੍ਹਾਂ ਦਾ ਵਿਆਹ ਕਰ ਦਿਤਾ ਗਿਆ। ਉਨ੍ਹਾਂ ਦੇ ਘਰ ਤਿੰਨ ਪੁੱਤਰ ਮਦਨ ਮੋਹਨ ਸਿੰਘ, ਨਿਰਲੇਪ ਸਿੰਘ, ਰਮਿੰਦਰ ਸਿੰਘ ਤੇ ਇਕ ਧੀ ਗਾਰਗੀ ਨੇ ਜਨਮ ਲਿਆ। 1906 ਵਿੱਚ ਨੌਕਰੀ ਛੱਡ ਕੇ ਦੇਹਰਾਦੂਨ ਵਿੱਚ ਸਾਬਣ ਦੀ ਫੈਕਟਰੀ ਖੋਲ੍ਹੀ ਤੇ ਫਿਰ ਫੈਕਟਰੀ ਵੇਚ ਕੇ ਉਥੇ ਕੈਮਿਸਟ ਦੀ ਨੌਕਰੀ ਕਰ ਲਈ। ਉਨ੍ਹਾਂ 50 ਤੋਂ ਵੱਧ ਖੋਜ ਪੱਤਰ ਲਿਖੇ। 1912 ਵਿੱਚ ਭਾਈ ਵੀਰ ਸਿੰਘ ਨਾਲ ਇਕ ਵਿਦਿਅਕ ਕਾਨਫ਼ਰੰਸ ਵਿੱਚ ਮੁਲਾਕਾਤ ਹੋਈ, ਜਿਸ ਨੇ ਉਨ੍ਹਾਂ ਦੇ ਜੀਵਨ ਵਿੱਚ ਨਵਾਂ ਮੋੜ ਲਿਆਂਦਾ। 1918 ਵਿੱਚ ਸੇਵਾਮੁਕਤ ਹੋਣ 'ਤੇ ਸਫ਼ੈਦੇ, ਸੰਦਲ, ਮੁਸ਼ਕ ਕਪੂਰ, ਤਾਰਪੀਨ ਰੋਸ਼ਾ ਘਾਹ ਵਿਚੋਂ ਤੇਲ ਤਿਆਰ ਕੀਤੇ। ਗੂੰਦਾਂ, ਬਰੋਜ਼ਾ, ਦਵਾਈਆਂ ਤੇ ਟੈਨਿਨ ਤਿਆਰ ਕਰਨ ਦੇ ਤਰੀਕੇ ਦੱਸੇ। ਹੱਡੀਆਂ ਦੀ ਕਾਰਬਨ ਤੋਂ ਬਿਨਾਂ ਖੰਡ ਨੂੰ ਸਾਫ਼ ਕਰਨ ਦਾ ਢੰਗ ਦੱਸਿਆ। ਉਨ੍ਹਾਂ ਕਸ਼ਮੀਰ, ਗਵਾਲੀਅਰ ਤੇ ਪਟਿਆਲਾ ਵਿੱਚ ਵੀ ਨੌਕਰੀ ਕੀਤੀ। ਮਹਾਨ ਕਵੀ ਤੇ ਵਿਗਿਆਨੀ ਪ੍ਰੋ. ਪੂਰਨ ਸਿੰਘ ਦਾ 31 ਮਾਰਚ 1931 ਨੂੰ ਟੀ. ਬੀ. ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਪੂਰਨ ਸਿੰਘ ਨੇ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਨਵਾਂ ਅਤੇ ਵਿਲੱਖਣ ਪ੍ਰਦਾਨ ਕੀਤਾ। ਉਹ ਤੀਖਣ ਸੰਵੇਦਨਾ ਨਾਲ ਵਰੋਸਾਇਆ ਸੀ। ਜਿਸ ਵਿੱਚ ਪੱਛਮੀ ਸਾਹਿਤਕ ਚੇਤਨਾ, ਔਰੀਐਂਟਲ ਰਹੱਸਵਾਦ ਅਤੇ ਧਾਰਮਕ ਜੋਸ਼ ਅਜਬ ਤਰ੍ਹਾਂ ਨਾਲ ਇੱਕਮਿੱਕ ਮਿਲਦਾ ਹੈ। ਪੂਰਨ ਸਿੰਘ ਦੇ ਅੰਦਾਜ਼ੇ ਬਿਆਨ ਦੀ ਵਿਲੱਖਣਤਾ ਉਸਦੇ ਹਰ ਨਿਬੰਧ ਅਤੇ ਕਵਿਤਾ ਦੇ ਹਰੇਕ ਸ਼ਬਦ, ਵਾਕ ਅਤੇ ਪੈਰੇ ਵਿਚੋਂ ਝਲਕਾਰੇ ਮਾਰਦੀ ਹੈ। ਪੰਜਾਬੀ, ਹਿੰਦੀ ਤੋਂ ਇਲਾਵਾ ਉਸਨੇ ਆਪਣੀ ਕਾਫ਼ੀ ਰਚਨਾ

ਅੰਗਰੇਜ਼ੀ ਵਿੱਚ ਕੀਤੀ ਹੈ। ਪੰਜਾਬੀ ਵਿੱਚ ਉਸਦੇ ਤਿੰਨ ਕਾਵਿ ਸੰਗ੍ਰਹਿ 'ਖੁੱਲ੍ਹੇ-ਮੈਦਾਨ' ਅਤੇ 'ਖੁੱਲ੍ਹੇ-ਘੁੰਡ' ਤੇ 'ਖੁੱਲ੍ਹੇ ਅਸਮਾਨੀ ਰੰਗ ਮਿਲਦੇ ਹਨ। ਇਸ ਤੋਂ ਇਲਾਵਾ ਉਸਦੀਆਂ ਕਵਿਤਾਵਾਂ ਦਾ ਸੰਪਾਦਨ ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ 'ਪੂਰਨ ਸਿੰਘ: ਜੀਵਨ ਅਤੇ ਕਵਿਤਾ' ਨਾਂ ਹੇਠ ਵੀ ਕੀਤਾ ਗਿਆ ਹੈ। ਉਸਦੀ ਨਿਬੰਧਾਂ ਦੀ ਪੁਸਤਕ 'ਖੁੱਲ੍ਹੇ ਲੇਖ' ਪੂਰਨ ਸਿੰਘ ਦੀ ਸੁਤੰਤਰ ਲੇਖਣੀ ਤੇ ਆਜ਼ਾਦ ਸ਼ੈਲੀ ਦੀ ਪ੍ਰਤੀਕ ਕਹੀ ਜਾ ਸਕਦੀ ਹੈ।

**3.3 ਸਾਹਿਤਕ ਯੋਗਦਾਨ**

**ਅੰਗਰੇਜ਼ੀ**

ਦ ਸਿਸਟਰਜ਼ ਆਫ਼ ਸਪਿਨਿੰਗ ਵੀਲ(1921)(The sisters of spinning wheel)

ਅਨਸਟਰੰਗ ਬੀਡਜ਼ (1923) (Unstrung beeds)

ਦ ਸਪਿਰਿਟ ਆਫ਼ ਓਰੀਐਂਟਲ ਪੋਇਟਰੀ (1926) (The spirit of oriental poetry)

ਦ ਬੁਕ ਆਫ਼ ਟੈੱਨ ਮਾਸਟਰਜ਼ (The Book Of Ten Masters)

ਦ ਲਾਈਫ਼ ਆਫ਼ ਸਵਾਮੀ ਰਾਮਤੀਰਥ (The Life Of Swami Ramtirath)

ਦ ਵਾਇਸ ਆਫ਼ ਵਿੰਡਜ਼ ਐਂਡ ਵਾਟਰਜ਼ (The Voice Of Winds and Waters)

(Guru Nanak's Rabab)

ਮਾਈ ਬਾਬਾ (My Baba)

ਗੁਰੂ ਗੋਬਿੰਦ ਸਿੰਘ (Guru Gobind SIngh)

ਆਨ ਪਾਥ ਆਫ਼ ਲਾਈਫ (On Paths of Life)

**ਪੰਜਾਬੀ ਕਾਵਿ-ਸੰਗ੍ਰਹਿ**

ਖੁੱਲ੍ਹੇ ਮੈਦਾਨ

ਖੁੱਲ੍ਹੇ ਘੁੰਡ

ਖੁੱਲ੍ਹੇ ਅਸਮਾਨੀ ਰੰਗ

**ਨਾਵਲ**

ਪ੍ਰਕਾਸ਼ਨਾ

ਭਗੀਰਥ

**ਨਿਬੰਧ-ਸੰਗ੍ਰਹਿ**

ਖੁੱਲ੍ਹੇ ਲੇਖ

**ਅਨੁਵਾਦ**

ਪੱਛਮੀ ਸਾਹਿਤ ਦੇ ਪ੍ਰਸਿੱਧ ਗ੍ਰੰਥਾਂ ਨੂੰ ਅਨੁਵਾਦ ਕਰਨ ਦਾ ਕਾਰਜ ਵੀ ਪੂਰਨ ਸਿੰਘ ਵੱਲੋਂ ਬਖ਼ੂਬੀ ਕੀਤਾ ਗਿਆ ਹੈ। ਤਾਲਸਤਾਏ ਦੇ ਸੰਸਾਰ ਪ੍ਰਸਿੱਧ ਨਾਵਲ 'ਰੀਜੈਕਸ਼ਨ' ਨੂੰ ਮੋਇਆਂ ਦੀ ਜਾਗ, ਐਮਰਸਨ ਦੀ ਰਚਨਾ ਐੱਸੇ ਆਫ਼ ਦੀ ਪੋਇਟ ਨੂੰ 'ਅਬਚਲੀ ਜੋਤ' ਅਤੇ ਕਾਰਲਾਈਲ ਦੀ ਪੁਸਤਕ 'ਹੀਰੋ ਐਂਡ ਹੀਰੋ ਵਰਸ਼ਿਪ' ਨੂੰ 'ਕਲਾਧਾਰੀ ਤੇ ਕਲਾਧਾਰੀ ਪੂਜਾ' ਨਾਂ

ਹੇਠ ਅਨੁਵਾਦ ਕਰਕੇ ਛਪਵਾਇਆ। ਉਹਨਾਂ ਦੀਆਂ ਬਹੁਤ ਸਾਰੀਆਂ ਅੰਗਰੇਜ਼ੀ ਕਹਾਣੀਆਂ, ਕਵਿਤਾਵਾਂ, ਦਾਰਸ਼ਨਿਕਤਾ ਅਤੇ ਆਮ ਵਾਕਫ਼ੀਅਤ ਨਾਲ ਸੰਬੰਧਿਤ ਲੇਖ ਆਦਿ ਫੁਟਕਲ ਰਚਨਾਵਾਂ ਦੇ ਰੂਪ ਵਿੱਚ ਮੌਜੂਦ ਹਨ।

**ਹਿੰਦੀ**

ਹਿੰਦੀ ਵਿੱਚ ਵੀ ਪ੍ਰੋ. ਪੂਰਨ ਸਿੰਘ ਦੇ ਕੁਝ ਨਿਬੰਧ ਵੱਖ ਵੱਖ ਹਿੰਦੀ ਪੱਤਰ/ਪੱਤ੍ਰਕਾਵਾਂ ਵਿੱਚ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਨ੍ਹਾਂ ਨਿਬੰਧਾਂ ਵਿਚੋਂ 'ਮਜ਼ਦੂਰੀ ਔਰ ਪ੍ਰੇਮ', 'ਵਾਲਟ ਵਿਟਮੈਨ', 'ਕੰਨਿਆ ਦਾਨ', 'ਨੈਨੋਂ ਕੀ ਗੰਗਾ', 'ਪਵਿੱਤਰਤਾ', 'ਸੱਚੀ ਵੀਰਤਾ' ਅਤੇ 'ਆਚਰਣ ਕੀ ਸੱਭਿਅਤਾ' ਵਿਸ਼ੇਸ਼ ਜ਼ਿਕਰਯੋਗ ਹਨ।

**3.4 ਪ੍ਰਮੁੱਖ ਪ੍ਰਭਾਵ**

ਪੂਰਨ ਸਿੰਘ ਨੇ ਜੀਵਨ ਵਿਚ ਚਾਰ ਪ੍ਰਮੁੱਖ ਪ੍ਰਭਾਵ ਗ੍ਰਹਿਣ ਕੀਤੇ, ਜਿਨ੍ਹਾਂ ਬਾਰੇ ਪੂਰਨ ਸਿੰਘ ਨੂੰ ਜਾਨਣ ਲਈ ਜਾਣਕਾਰੀ ਹੋਣਾ ਅਤਿਅੰਤ ਜਰੂਰੀ ਹੈ। ਜੋ ਕਿ ਇਸ ਪ੍ਰਕਾਰ ਹਨ :-

**ਜਪਾਨ ਦਾ ਪ੍ਰਭਾਵ**

ਪੂਰਨ ਸਿੰਘ ਦੇ ਜੀਵਨ ਉੱਪਰ ਪਹਿਲਾ ਮਹੱਤਵਪੂਰਨ ਪ੍ਰਭਾਵ ਜਪਾਨ ਤੇ ਜਪਾਨੀਆਂ ਦੀ ਤਰਜ਼-ਏ-ਜਿੰਦਗੀ ਦਾ ਪਿਆ ਜਿਸ ਕਰਕੇ ਉਹ ਬੋਧੀ ਬਣ ਗਿਆ।

**ਅਮਰੀਕੀ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ**

ਪੂਰਨ ਸਿੰਘ ਆਪਣੀ ਕਿਤਾਬ ਵਾਲਟ ਵਿਟਮੈਨ ਐਂਡ ਸਿੱਖ ਇਨਸਪੀਰੇਸ਼ਨ ਵਿੱਚ ਲਿਖਦਾ ਹੈ: ਵਾਲਟ ਵਿਟਮੈਨ ਵੌਜ਼ ਏ ਸਿਖ ਬੌਰਨ ਇਨ ਅਮੈਰਿਕਾ। ਉਹ ਵਾਲਟ ਵਿਟਮੈਨ ਦੇ ਨਾਲ-ਨਾਲ ਹੋਰ ਬਦੇਸ਼ੀ ਕਵੀਆਂ ਵਿੱਚ ਵੀ ਸਿੱਖ-ਸੁਰਤ ਦੇ ਚਲਕਾਰੇ ਦੇਖਦਾ ਹੈ। ਗੈਟੇ ਉਸ ਲਈ ਜਰਮਨੀ 'ਚ ਗੁਰੂ ਸੁਰਤਿ ਦਾ ਗਾਉਦਾ ਮਿੱਠਾ ਕਵੀ ਹੈ।

ਵਾਲਟ ਵਿਟਮੈਨ ਅਤੇ ਗੈਟੇ ਦੇ ਇਲਾਵਾ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਪੱਛਮੀ ਚਿੰਤਕਾਂ ਵਿੱਚ ਤਾਲਸਤਾਏ, ਕਾਰਲਾਇਲ, ਐਮਰਸਨ, ਪੀ.ਬੀ. ਸ਼ੈਲੇ, ਰਸਕਿਨ ਅਤੇ ਥੋਰੋ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ ।

**ਸਵਾਮੀ ਰਾਮ ਤੀਰਥ ਦੀ ਮੁਰੀਦੀ**

ਅਧਿਆਤਮਵਾਦ ਅਤੇ ਜੀਵਨ ਚਿੰਤਨ ਦੀ ਦ੍ਰਿਸ਼ਟੀ ਤੋਂ ਉਹ ਮਹਾਤਮਾ ਬੁੱਧ, ਸਿੱਖ ਗੁਰੂ ਸਾਹਿਬਾਨ ਅਤੇ ਸਵਾਮੀ ਰਾਮ ਤੀਰਥ ਦੇ ਦਰਸਾਏ ਜੀਵਨ ਆਦਰਸ਼ਾਂ ਤੋਂ ਵੱਖ-ਵੱਖ ਸਮੇਂ ਸੇਧ ਲੈਂਦਾ ਰਿਹਾ ।

**ਭਾਈ ਵੀਰ ਸਿੰਘ ਨਾਲ ਮਿਲਾਪ**

ਸਿਆਲਕੋਟ ਵਿੱਚ 1912 ਵਿੱਚ ਭਾਈ ਵੀਰ ਸਿੰਘ ਨਾਲ ਹੋਈ ਮੁਲਾਕਾਤ ਉਹਨਾਂ ਦੀ ਤੇਜ਼ੀ ਨਾਲ ਘੁੰਮ ਰਹੀ ਰੂਹ ਨੂੰ ਇੱਕ ਮਰਕਜ਼ 'ਤੇ ਠਹਿਰਾਣ ਵਿੱਚ ਆਖ਼ਰੀ ਮੋੜ ਸਾਬਤ ਹੋਈ। ਨਤੀਜਤਨ ਉਹ ਮੁੜ ਸਿਖੀ ਘਰ ਵਿੱਚ ਆ ਗਏ। ਉਹਨਾਂ ਦੀਆਂ ਉਸਾਰੂ ਸ਼ਕਤੀਆਂ ਨੂੰ ਵਧੇਰੇ ਉਤਸ਼ਾਹ ਤੇ ਇੱਕ ਕੇਂਦਰ ਬਿੰਦੂ ਮਿਲ ਗਿਆ ।

**ਹੋਰ ਕੰਮ**

ਈਸ਼ਰ ਦਾਸ ਤੇ ਰਾਏ ਬਹਾਦੁਰ ਸ਼ਿਵ ਨਾਥ ਨਾਲ ਮਿਲ ਕੇ ਲਹੌਰ ਵਿਖੇ, ਉਸ ਨੇ ਜ਼ਰੂਰੀ ਤੇਲਾਂ ਦੀ ਆਬਕਾਰੀ ਭੱਠੀ ਲਗਾਈ ਅਤੇ ਥਾਈਮੋਲ, ਫੈਨਲ ਤੇ ਲੈਮਨ ਆਇਲ ਪੈਦਾ ਕਰਨ ਦਾ ਕੰਮ ਸ਼ੁਰੂ ਕੀਤਾ। ਉਸ ਦੇ ਭਾਈਵਾਲਾਂ ਦੀ ਧੋਖਾਬਾਜ਼ੀ ਕਾਰਨ ਉਨ੍ਹਾਂ ਇਹ ਕਾਰੋਬਾਰ ਛੱਡ ਦਿਤਾ, ਭੱਠੀਆਂ ਢਾਹ ਕੇ ਸਵਾਮੀ ਰਾਮ ਤੀਰਥ ਦੇ ਚੇਲੇ ਜਯੋਤੀ ਸਰੂਪ ਕੋਲ ਦੇਹਰਾਦੂਨ ਆ ਟਿਕਿਆ। ਦਸੰਬਰ 1904 ਵਿੱਚ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਊਟ ਦਾ ਪ੍ਰਿੰਸੀਪਲ ਬਣ ਕੇ ਉਹ ਲਾਹੌਰ ਪਰਤ ਆਇਆ। ਇਥੇ' ਥੰਡਰਿੰਗ ਡਾਨ ' ਪਤ੍ਰਿਕਾ ਦੀ ਮੁੜ ਸ਼ੁਰੂਆਤ ਕੀਤੀ ਤੇ ਲਾਲਾ ਹਰਦਿਆਲ ਤੇ ਖੁਦਾਦਾਦ ਵਰਗੇ ਅਗਾਂਹ ਵਧੂ ਵਿਚਾਰਧਾਰਾ ਵਾਲੇ ਲੋਕਾਂ ਨਾਲ ਉਸ ਦੇ ਸੰਬੰਧ ਪੈਦਾ ਹੋਏ। ਨਵੰਬਰ 1906 ਵਿੱਚ ਪ੍ਰਿੰਸੀਪਲ ਦਾ ਅਹੁਦਾ ਤਿਆਗ ਕੇ ਉਸ ਨੇ ਡੋਈਵਾਲਾ (ਡੇਹਰਾਦੂਨ) ਵਿਖੇ ਸਾਬਣ ਦਾ ਕਾਰਖਾਨਾ ਲਗਾਇਆ ਪ੍ਰੰਤੂ ਛੇਤੀ ਹੀ ਇਸ ਨੂੰ ਇੱਕ ਧਨਾਢ ਨੂੰ ਵੇਚ ਕੇ ਫੋਰੈਸਟ ਰੀਸਰਚ ਇੰਸਟੀਚਊਟ ਡੇਹਰਾਦੂਨ ਵਿਖੇ ਕੈਮਿਸਟ ਦੀ ਨੌਕਰੀ ਕਰ ਲਈ । ਜਿਥੋਂ 1918 ਵਿੱਚ ਉਸ ਨੇ ਰੀਟਾਇਰਮੈਂਟ ਲੈ ਲਈ। 1919 ਤੋਂ 1923 ਦੌਰਾਨ ਪਟਿਆਲਾ ਤੇ ਗਵਾਲੀਅਰ ਦੀਆਂ ਰਿਆਸਤੀ ਸਰਕਾਰਾਂ ਵਿੱਚ ਵੀ ਕੁਝ ਦੇਰ ਨੌਕਰੀ ਕੀਤੀ ਤੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। 1923-24 ਵਿੱਚ ਸੁੰਦਰ ਸਿੰਘ ਮਜੀਠੀਆ ਦੀ ਖੰਡ ਮਿਲ ਵਿੱਚ ਤੇ ਫਿਰ 1928 ਵਿੱਚ ਆਪਨੇ ਸਰਕਾਰ ਤੋਂ ਲੀਜ਼ ਤੇ ਲੀਤੇ ਪਲਾਟ 'ਤੇ ਰੋਸ਼ਾ ਘਾਹ ਦੀ ਖੇਤੀ ਕੀਤੀ। ਹੜ੍ਹਾਂ ਕਾਰਨ ਉਸ ਨੂੰ ਕਾਫ਼ੀ ਘਾਟੇ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਇਸ ਨੁਕਸਾਨ ਨੂੰ ਮਹਿਸੂਸ ਨਹੀਂ ਕੀਤਾ ਅਤੇ ਆਪਣੀਆਂ ਰਚਨਾਵਾਂ ਦੇ ਖਰੜਿਆਂ ਨੂੰ ਹੜ੍ਹਾਂ ਤੋਂ ਬਚਾ ਲੈਣ ਵਿੱਚ ਹੀ ਆਪਣੀ ਸਫ਼ਲਤਾ ਸਮਝੀ।

### 3.5 ਨਿਬੰਧ : ਕਿਰਤ

ਪਿਆਰ ਤੇ ਮਿੱਤ੍ਰਤਾ ਹੋਰ ਦਿਵਯ ਗੁਣਾਂ ਨੂੰ ਆਪਣੇ ਵਿੱਚ ਆਵੇਸ਼ ਰੂਪ ਵਿੱਚ ਪੜੁਛਣ ਲਈ ਤੇ ਫਿਰ ਆਪਣੇ ਅੰਦਰ ਧਾਰਣ ਕਰਨ ਲਈ ਤੇ ਮੁੜ ਉਨਾਂ ਨੂੰ ਅੰਦਰੋਂ ਬਾਹਰ ਇਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਣ ਲਈ ਆਦਮੀ ਨੂੰ ਕਦੀ ਨਿਕੰਮਾ ਨਹੀਂ ਰਹਿਣਾ ਚਾਹੀਦਾ, ਜਿਸ ਦੇ ਹੱਥ ਵਿੱਚ ਕਿਰਤ ਨਹੀਂ ਓਹ ਨਿਕੰਮਾ ਆਦਮੀ ਹੈ, ਅਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।

ਇਕ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿੱਚ ਅੱਠੇ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਕਰਮ ਕਰਨ ਦੀ ਵੇਹਲ ਹੀ ਨਹੀਂ ਲੱਗਦੀ-ਸਿਆਣਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ-ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ।

ਹੁਣ ਤੁਸੀ ਆਪਣੇ ਦੇਸ ਤੇ ਜਾਪਾਨ ਦੇ ਦੇਸ ਦਾ ਜੇ ਮੁਕਾਬਲਾ ਕਰੋ, ਤਦ ਪਤਾ ਲੱਗਦਾ ਹੈ ਕਿ ਉਥੇ ਕਿਸੀ ਨੂੰ, ਮਨਘੜਤ ਖਿਆਲਾਂ ਤੇ ਵਿਚਾਰਾਂ ਦੀ ਕੂੜੀ ਗਿਆਨ-ਗੋਦੜੀ ਦੀਆਂ ਮਾਨਸਿਕ ਚੰਚਲਤਾ ਦੀਆਂ ਖੇਡਾਂ ਕਰਨ ਦੀ ਵਿਹਲ ਨਹੀਂ, ਓਹ ਚਿਤ੍ਰਵਤ ਆਪਣੇ ਕੰਮਾਂ ਵਿੱਚ ਲੱਗੇ ਹਨ। ਇਕ ਤਰਖਾਣ ਜੋ ਆਪਣੇ ਹੱਥ ਨਾਲ ਲੱਕੜੀ ਨੂੰ ਰੂਪ ਦੇ ਰਿਹਾ ਹੈ, ਇਕ ਲੋਹਾਰ ਜੋ ਗਰਮ ਲੋਹੇ ਨੂੰ ਸਾਧ ਰਿਹਾ ਹੈ, ਇਕ ਚਿਤ੍ਰਕਾਰ ਜਿਹੜਾ ਧਿਆਨ ਵਿੱਚ ਕਿਸੀ ਦੇਖੀ ਚੀਜ਼ ਨੂੰ ਅਮਰ ਕਰ ਰਿਹਾ ਹੈ। ਭਾਵੇਂ ਓਹ ਸਿਰਫ਼ ਰੰਗ, ਰੂਪ ਤੇ ਪ੍ਰਭਾਉ ਨੂੰ ਅਮਰ ਕਰ ਰਿਹਾ ਹੈ, ਉਨ੍ਹਾਂ ਨੂੰ ਅਥੱਕ ਕਿਰਤ ਕਰਨ ਥੀਂ ਉਪਜੀ ਸਹਿਜ ਸਮਾਧੀ ਦੇ ਸੁਖ ਥੀਂ ਵਿਹਲ ਹੋ ਹੀ ਨਹੀਂ ਸਕਦੀ, ਕਿ ਓਹ ਕਿਸੇ ਦ੍ਵੈਤ ਤੇ ਦੁੱਖ ਦੇ ਨਿਕੰਮੇ ਵਾਦ-ਵਿਵਾਦ ਵਿੱਚ ਪੈਣ, ਉਹ ਗੱਲਾਂ ਕਰਨ ਵਾਲਿਆਂ ਨੂੰ ਕੁਛ ਪਾਗਲ ਸਮਝਦੇ ਹਨ। ਓਹ ਸਮਾਂ ਜਿਹੜਾ ਨੈਨਾਂ ਪ੍ਰਾਣਾਂ ਨਾਲ ਕੁਛ ਸਾਧ

ਸਕਦਾ ਹੈ, ਓਹ ਵਿਅਰਥ ਨਿਕੰਮੇ ਮਨ ਦੇ ਭੋਰੇ ਖਿਆਲ ਉਡਾਰੀਆਂ, ਮਸਲੇ ਬਾਜੀਆਂ, "ਰਬ ਹੈ ਨਹੀਂ" "ਚਿੱਟਾ ਹੈ ਕਾਲਾ ਹੈ" ਆਦਿ ਵਿੱਚ ਵੰਜਾਣ ਕਿਹੜੀ ਸਿਆਨਪ ਹੈ? ਸੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ। ਮਾਨਸਿਕ ਚਿਤਵਨ ਕਿੰਨਾ ਹੀ ਉੱਚਾ ਹੋਵੇ, ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ, ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ ਜਿਸ ਤਰ੍ਹਾਂ ਬ੍ਰਿੱਛਾਂ ਉੱਤੇ ਫਲ ਫੁੱਲ ਆਣ ਲੱਗਦੇ ਹਨ, ਸਿਦਕ ਤੇ ਪਿਆਰ ਤੇ ਰੱਬ ਦੀ ਰੱਬਤਾ ਵਿੱਚ ਜੀਣ ਲੱਗ ਜਾਂਦੀ ਹੈ। ਈਸਾਈ ਮਤ ਬਾਦਸ਼ਾਹੀ ਮਹੱਲਾਂ ਵਿੱਚ ਟਾਲਸਟਾਏ ਨੂੰ ਨਜ਼ਰ ਨਹੀਂ ਸੀ ਆਇਆ, ਪਰ ਭੋਲੇ ਭਾਲੇ ਰੂਸ ਦੇ ਕਿਸਾਨਾਂ ਦੇ ਵਹਿਮਾਂ ਦੇ ਹਨ੍ਹੇਰੇ ਵਿਚ ਬਿਜਲੀ ਲਿਸ਼ਕ ਦੀਆਂ ਧਾਰੀਆਂ ਸੱਚੇ ਸਿਦਕ ਦੀ ਓਹਨੂੰ ਨਜ਼ਰ ਆਈਆਂ । ਕਿਸਾਨ ਜਿਮੀਂਦਾਰ ਜਿਹੜੇ ਹਲ ਵਾਹੁੰਦੇ, ਤੇ ਮਜੂਰੀਆਂ ਕਰਦੇ ਹਨ, ਉਨਾਂ ਵਿੱਚ ਸਹਿਜ ਸੁਭਾ ਦਯਾ, ਉਦਾਰਤਾ, ਤਿਆਗ, ਰਜਾ ਆਦਿ ਮਹਾਨ ਗੁਣਾਂ ਦੀ ਛਾਯਾ ਹੁੰਦੀ ਹੈ । ਕਿਸੀ ਅਮੀਰ ਦੇ ਦਿਲ ਵਿੱਚ ਨੁਕਸਾਨ ਉਠਾ ਕੇ ਰਜਾ ਦਾ ਨੁਕਤਾ ਨਹੀਂ ਆਉਂਦਾ, ਪਰ ਮੈਂ ਕਿਰਤੀ ਕਿਸਾਨਾਂ ਕੀ ਸਿੱਖ ਤੇ ਕੀ ਮੁਸਲਮਾਨ ਤੇ ਕੀ ਹਿੰਦੂ ਸਭ ਨੂੰ ਵੇਖਿਆ ਹੈ ਕਿ ਓਹ ਬੜੇ-ਬੜੇ ਨੁਕਸਾਨ ਨੂੰ ਰੱਬ ਦੀ ਰਜਾ ਦੇ ਨੁਕਤੇ ਵਿਚ ਗੁਜਾਰ ਦਿੰਦੇ ਹਨ, ਓਹ ਗਮ ਤੇ ਦੁਖ ਦੀ ਓਨੀ ਕਾਂਬ ਨਹੀਂ ਖਾਂਦੇ ਜਿੰਨੀ ਅਕਲਾਂ ਵਾਲੇ ਤੇ ਬਹੁ ਸੋਚਾਂ ਵਾਲੇ ਨਿੱਕੇ ਨਿੱਕੇ ਨੁਕਸਾਨ ਵੀ ਬਿਨਾ ਸ਼ਿਕਵੇ ਦੇ ਬਰਦਾਸ਼ਤ ਨਹੀਂ ਕਰ ਸਕਦੇ, ਤੇ ਖਲਵਾੜੇ ਵਿੱਚ ਬੈਠਾ ਕਿਸਾਨ ਜਿਸ ਖੁੱਲ੍ਹੇ ਦਿਲ ਤੇ ਉਦਾਰਤਾ ਨਾਲ ਦਾਨ ਕਰਦਾ ਹੈ, ਓਹ ਅਕਲ ਵਾਲਾ ਤੇ ਸੋਚਾਂ ਵਾਲਾ ਮਾਨਸਿਕ ਆਦਮੀ ਨਹੀਂ ਕਰ ਸਕਦਾ । ਜਿਸ ਤਰ੍ਹਾਂ ਗਊ ਵਿੱਚ ਬੱਚੇ ਨੂੰ ਪਿਆਰ ਕਰਨ ਦਾ ਸਹਿਜ ਸੁਭਾ ਗੁਣ ਹੈ ਤੇ ਕੁਦਰਤ ਤੇ ਜੀਵਨ ਵਿੱਚ ਆਖ਼ਰ ਦਿਬਤਾ ਦਾ ਲਛਣ ਦਰਸਾਉਂਦਾ ਹੈ ਤਿਵੇਂ ਕਿਸਾਨ ਮਿਹਨਤ ਕਰਨ ਵਾਲਾ ਕੁਦਰਤ ਦੇ ਇਸ ਨੇਮ ਦਾ ਦਰਸ਼ਨ ਕਰਾਉਂਦਾ ਕਿ ਹੱਥ ਪੈਰ ਤੋਂ ਜੇ ਕੋਈ ਕਾਰ ਕਰੇ ਤੇ ਚੀਤ ਆਪ-ਮੁਹਾਰਾ ਨਿਰੰਜਣ ਨਾਲ ਵੀ ਜੁੜਣ ਲੱਗ ਜਾਂਦਾ ਹੈ ਤੇ ਸਮਾਂ ਪਾ ਕੇ ਕਿਰਤ ਹੀ ਪੂਜਾ ਹੋ ਜਾਂਦੀ ਹੈ। ਕਾਰਲਾਇਲ ਨੇ ਠੀਕ ਵਚਨ ਕੀਤਾ ਹੈ, ਕਿ ਇਹੋ ਜਿਹੀ ਰਜਾ, ਸਹਿਜ-ਸੁਭਾ ਰੱਬਤਾ ਦੀ ਚੁੱਪ ਸਿਦਕ ਵਿੱਚ ਜੀਂਦੀ ਥੀਂਦੀ ਕਿਰਤ ਰੱਬ ਦੀ ਪੂਜਾ ਤੁਲਯ ਹੈ ।

ਇਹ ਦੱਸਣ ਦੀ ਕੀ ਲੋੜ ਹੈ ? ਕਿ ਸਮੁੰਦਰਾਂ ਵਿੱਚ ਕੋਰਲ ਕੀੜੇ ਨਿੱਕੀ ਨਿੱਕੀ ਕਿਰਤ ਨਾਲ ਪਹਾੜ ਖੜੇ ਕਰ ਦਿੰਦੇ ਹਨ ਤੇ ਸਮੁੰਦ੍ਰਾਂ ਵਿੱਚ ਕੋਰਲ ਟਾਪੂ ਬਣ ਜਾਂਦੇ ਹਨ । ਸੋ ਕਿਰਤੀ ਦਾ ਇਕ ਇਹ ਵੀ ਸੁਭਾ ਹੁੰਦਾ ਹੈ ਕਿ ਓਹ ਨਿਰਮਾਣ ਹੋ ਕੇ ਲੱਗਾ ਰਹਿੰਦਾ ਹੈ ਤੇ ਉਹਦੇ ਕੰਮ ਵਿੱਚ ਬਰਕਤ ਪਾਣ ਵਾਲਾ ਕੋਈ ਹੋਰ ਹੁੰਦਾ ਹੈ । ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ-ਸੁਭਾ ਇਹ ਅਨੁਭਵ ਹੁੰਦਾ ਹੈ, ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ ਫਲ ਦੇਣ ਵਾਲਾ ਕੋਈ ਹੋਰ ਹੈ। ਸੋ ਇਸ ਸਿਦਕ ਵਿੱਚ ਉਸ ਅੰਦਰ ਚੰਚਲ ਮਨਾਂ ਤੇ ਅਨੇਕ ਚਿੰਤਾ ਵਾਲੇ ਬੇ ਆਸਾਰ ਹੈ ਚੁੱਕੇ ਮਨਾਂ ਵਾਲੀ ਲੋਭ ਲਾਲਚ ਦੀ ਬ੍ਰਿਤੀ ਨਹੀਂ' ਹੁੰਦੀ । ਥੋਹੜੇ ਵਿੱਚ ਸਬਰ ਬਹੁਤ ਹੁੰਦਾ ਹੈ, ਤੇ ਇਹ ਚਮਕਦੀ ਉੱਚੀ ਸੁਰਤਿ ਦਾ ਚੋਟੀ ਦਾ ਰਸਿਕ ਅਨੁਭਵ ਹੈ :-

ਗੋ ਧਨ ਗਜ ਧਨ ਬਾਜ ਧਨ ਔਰ ਰਤਨ ਧਨ ਖਾਨ ।।
ਜਬ ਆਵੇ ਸੰਤੋਖ ਧਨ ਸਬ ਧਨ ਧੂਲ ਸਮਾਨ ॥

ਆਪਣੇ ਕਸਬ ਵਿੱਚ, ਹਰ ਇਕ ਕਿਰਤੀ ਦੇ ਅੰਦਰ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ। ਉਹ ਚਿਤ੍ਰਕਾਰ ਆਪਣੇ ਬਣਾਏ ਚਿਤ੍ਰ ਦੇ ਰੰਗ ਵੇਖ ਵੇਖ ਵਿਗਸਦਾ ਹੈ,ਓਹਨੂੰ ਕਿੱਥੇ ਫੁਰਸਤ ਹੈ, ਕਿ ਉਹ ਆਪਣੇ ਕੱਪੜਿਆਂ ਦੀਆਂ ਸਿਲਵਟਾਂ ਵਲ ਤੱਕੇ ਯਾ ਆਪਣੇ ਖ਼ੁਦ ਬਣ ਗਏ ਵੈਰੀਆਂ ਦੀਆਂ ਚੋਟਾਂ ਦਾ ਖ਼ਿਆਲ ਕਰੇ, ਨਸ਼ੇ ਵਿੱਚ ਆਦਮੀ ਦੁਨੀਆ ਤੇ ਆਪਣੇ ਚੁਗਿਰਦੇ ਦੀ ਕੀ ਪਰਵਾਹ ਕਰਦਾ ਹੈ ? ਸੋ ਕੰਮ ਵਿੱਚ ਲਗੇ ਆਦਮੀ ਸਹਿਜੇ ਹੀ ਕੁਛ ਆਪੇ ਦਾ ਰਸ ਮਾਣਦੇ

ਹਨ, ਅਰ ਉਹ ਨਿੰਦਿਆ ਉਸਤਤ ਦੋਹਾਂ ਥੀਂ ਅਤੀਤ ਜਿਹੇ ਹੁੰਦੇ ਹਨ ਤੇ ਰਸਿਕ ਕਿਰਤਾਂ ਨੂੰ ਛੱਡ ਵੀ ਦੇਈਏ ਤਦ ਸਾਧਾਰਣ ਸੁੱਚੀ ਹੱਥਾਂ ਪੈਰਾਂ ਦੀ ਕਿਰਤ ਤੇ ਕਸਬ ਵਾਲੇ ਆਪੇ ਵਿੱਚ ਬੱਚੇ ਵਾਂਗ ਅਬੋਝ ਅਵਸਥਾ ਵਿੱਚ ਟਿਕੇ ਰਹਿੰਦੇ ਹਨ। ਇਕ ਅਮੀਰ ਮੋਟਰ ਤੇ ਇਕ ਵੇਰੀ ਜਾ ਰਿਹਾ ਸੀ, ਮੈਂ ਵਿੱਚ ਬੈਠਾ ਸਾਂ ਤੇ ਅੱਗੇ ਇਕ ਬੁੱਢਾ ਗਰੀਬ ਗਵਾਲੀਅਰ ਦਾ ਕਿਸਾਨ ਠੁਮਕ ਠੁਮਕ ਆਪਣੀ ਲਯ ਵਿੱਚ ਜਾ ਰਿਹਾ ਸੀ। ਮੋਟਰ ਦੀ ਠੋਕਰ ਲਗ ਗਈ, ਮੋਟਰ ਵਾਲੇ ਆਪ ਸੱਜੇ ਤੇ ਓਹ ਖੱਬੇ ਹੋਯਾ, ਉਸ ਖੱਬੇ ਪਰਤਾਈ ਤੇ ਉਹ ਸੱਜੇ ਹੋਯਾ । ਇਸ ਘਬਰਾਹਟ ਵਿੱਚ ਟੱਕਰ ਓਹਨੂੰ ਲੱਗੀ, ਗਰੀਬ ਕਿਰਤੀ ਢਹਿ ਪਿਆ । ਅਮੀਰ ਨੇ ਮੋਟਰ ਖੜੀ ਕੀਤੀ, ਉਹ ਇਉਂ ਪਿਆ ਸੀ ਜਿਵੇਂ ਕਿਸੀ ਬ੍ਰਿਛ ਨੂੰ ਟੱਕਰ ਲੱਗੀ ਸੀ। ਕੁਛ ਵੀ ਨਹੀਂ ਕੂਇਆ, ਅਸਾਂ ਸਮਝਿਆ ਟੰਗ ਟੁੱਟ ਗਈ ਤੇ ਹਸਪਤਾਲ ਲੈ ਗਏ, ਓਹ ਡਾਕਟਰ ਅੱਗੇ ਵੀ ਇਉਂ ਪੈ ਗਿਆ ਜਿਵੇਂ ਕੋਈ ਲੱਠ ਹੁੰਦੀ ਹੈ । ਡਾਕਟਰ ਨੇ ਹਿਲਾ ਚਿਲਾ ਕੇ ਵੇਖਿਆ ਤੇ ਕਿਹਾ ਕਿ ਟੁੱਟਿਆ ਕੁਛ ਨਹੀਂ, ਉਸ ਬੇਜ਼ੁਬਾਨ ਨੇ ਨਾ ਕੋਈ ਸ਼ਕਾਇਤ ਕੀਤੀ ਨਾ ਕੁਛ ਕੂਯਾ। ਜੇ ਕੋਈ ਅਨੇਕ ਚਿੰਤਨ ਵਾਲਾ ਹੁੰਦਾ ਤੇ ਹੋਰ ਕੁਛ ਨਹੀਂ ਤਦ ਸ਼ਾਕੀ ਤਾਂ ਜ਼ਰੂਰ ਹੁੰਦਾ । ਇਹ ਸ਼ਿਕਵਾ ਵੀ ਨਾ ਕਰਨਾ ਕੋਈ ਜਿਹਾਲਤ ਦੀ ਗੱਲ ਨਹੀਂ, ਇਹ ਕਿਰਤ ਦਵਾਰਾ ਸਹਿਜ ਸੁਭਾ ਟਿਕੇ, ਭਾਵੇਂ ਕਿਰਤ ਭਲੇ ਭਾਵ ਵਿੱਚ ਟਿਕੇ ਮਨ ਦਾ ਲੱਛਣ ਹੈ । ਸੋ ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ ।

ਜਦ ਅਮੀਰ ਲੋਕ ਹੱਦ ਥੀਂ ਵਧ ਅਤਿਅਚਾਰ ਕਰਦੇ ਹਨ, ਤਦ ਰੱਬ ਵਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿੱਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨਿੱਚੀ ਪੈਲੀ ਵਿੱਚ ਕਰਾਹ ਫੇਰਦਾ ਹੈ ਤੇ ਬੰਨੇ ਚੰਨੇ ਵੱਟ ਟੋਏ ਨੂੰ ਇਕ ਬਰਾਬਰ ਕਰ ਦਿੰਦਾ ਹੈ । ਯੂਰਪ ਵਿੱਚ ਕਈ ਵਾਰੀ ਇਹ ਹੋਯਾ, ਪਰ ਫਿਰ ਵੀ ਮੁੜ ਤੁੜ ਗੱਲ ਸਮਾਂ ਪਾ ਕੇ ਉਥੇ ਹੀ ਆ ਟਿਕਦੀ ਹੈ। ਕਿਰਤੀ ਕੁਛ ਗਰੀਬ ਜਿਹੇ, ਨਿਮਾਣੇ ਜਿਹੇ, ਤੇ ਅਮੀਰ ਲੋਕ ਮਨ ਦੇ ਚੰਚਲ ਇਉਂ, ਜਿਵੇਂ ਮੋਮ ਦੇ ਬਣੇ ਬੇਜ਼ਾਨ ਜਿਹੇ ਬੁੱਤ ਹੁੰਦੇ ਹਨ ਤੇ ਅੱਖਾਂ ਝਮਕਾਂਦੇ ਹਨ ਤੇ ਹੋਠ ਹਿਲਾਂਦੇ ਹਨ । ਉਨ੍ਹਾਂ ਨੂੰ ਉਹ ਸੁਖ ਜਿਹੜਾ ਕਿਰਤੀ ਦੀ ਹੱਡੀ ਵਿੱਚ ਕਿਰਤ ਪੈਦਾ ਕਰਦੀ ਹੈ, ਕਦੀ ਨਹੀਂ ਆ ਸਕਦਾ । ਨਿਕੰਮਾ ਹੋਣ ਕਰ ਕੇ ਉਨ੍ਹਾਂ ਨੂੰ ਧਰਮ ਕਰਮ ਦੀਆਂ ਗੱਲਾਂ, ਮਸਜਿਦਾਂ ਮੰਦਰ ਬਨਾਉਣ ਦੇ ਅਹੰਕਾਰੀ ਤੇ ਬਨਾਵਟੀ ਦਾਨ ਤੇ ਖ਼ੈਰਾਇਤਾਂ ਸੁਝਦੀਆਂ ਹਨ । ਉਨ੍ਹਾਂ ਨੂੰ ਅਗਰ ਵਿਸ਼ ਦੇ ਕੀੜੇ ਕਿਹਾ ਜਾਏ ਤਦ ਸਾਧਾਰਣ ਉਨ੍ਹਾਂ ਦੀ ਸੁਰਤਿ ਦੀ ਹਾਲਤ ਦਾ ਵਰਨਣ ਹੈ । ਯਾ ਕਿਰਤੀ ਸੁੱਚਾ, ਯਾ ਆਵੇਸ਼ ਗਰਭਿਤ ਸਾਧ, ਬਸ ਦੋ ਬੰਦੇ ਇਸ ਦੁਨੀਆਂ ਤੇ ਸਹਿਜ ਸੁਭਾ ਦੈਵੀ ਗੁਣਾਂ ਦੇ ਪ੍ਰਕਾਸ਼ਕ ਹੁੰਦੇ ਹਨ, ਅਰ ਉਨ੍ਹਾਂ ਦੇ ਓਹ ਗੁਣ ਆਪ ਮੁਹਾਰੇ ਇਉਂ ਚਮਕਦੇ ਹਨ, ਜਿਸ ਤਰ੍ਹਾਂ ਇਸ ਠਹਿਰੇ ਗਗਨ ਵਿੱਚ ਸੂਰਜ ਦੀ ਜੋਤੀ ਦੀਪਮਾਨ ਹੁੰਦੀ ਹੈ, ਤੇ ਦੋ ਹੱਦਾਂ ਜ਼ਰੂਰ ਮਿਲਦੀਆਂ ਹਨ ਕਿਉਂਕਿ ਆਖ਼ਰ ਜੀਵਨ ਬਸ ਇਕ ਗੋਲਾਈ ਹੈ ਸਰਕਲ ਹੈ ਜਿਹਦਾ ਹਰ ਥਾਂ ਆਦਿ ਤੇ ਹਰ ਥਾਂ ਅੰਤ ਹੈ । ਸੋ ਉਸ ਹੱਦ ਤੇ ਸਾਧ ਅਕ੍ਰੈ ਹੋ ਕੇ ਕਿਰਤੀ ਹੈ ਤੇ ਓਹਦੀ ਕਿਰਤ ਸਦਾ ਰਸਿਕ ਕਿਰਤ ਹੈ, ਜਿਹਦਾ ਦਿੱਸਣ ਵਾਲਾ ਰੂਪ ਕੇਵਲ ਬਸ ਜੀਵਣ ਰੌ ਚਲਾਣ ਵਾਲਾ ਦਰਸ਼ਨ ਹੈ, ਤੇ ਕਲਾ ਕੌਸ਼ਲ, ਆਰਟ ਕਵਿਤਾ ਆਦਿ ਉਸ ਦਰਸ਼ਨ ਦੇ ਚਾਨਣਾ ਰੂਪ ਹਨ, ਓਹ ਸਾਧ ਹੈ, ਤੇ ਇਧਰ ਇਕ ਅਭੋਲ ਸੁੱਚਾ ਕਿਰਤੀ ਸਦਾ ਕਸਬ ਕਰਨ ਵਾਲਾ ਬੰਦਾ ਹੈ, ਜਿਸ ਵਿੱਚ ਸਾਧ ਦੇ ਜੀਵਨ ਦਾ ਪਤੀਬਿੰਬ ਆਪਮੁਹਾਰਾ ਪੈਂਦਾ ਹੈ ।

ਮੈਂ ਵੇਖਿਆ ਹੈ, ਕਿ ਸਿਰਫ ਇਕ ਗੁਰੂ ਨਾਨਕ ਸਾਹਿਬ ਤੇ ਦਸ ਗੁਰੂਆਂ ਦੇ ਵਯਾਖਯਾਨ ਵਿੱਚ ਸਹਿਜ ਸੁਭਾ ਦਿਆਂ ਗੁਣਾਂ ਦੇ ਪ੍ਰਕਾਸ਼ਕ ਨੂੰ ਬਾਂਹ ਪਕੜ ਇਸ ਕੂੜ ਭੰਵਰ ਵਿੱਚੋਂ ਕੱਢਿਆ ਹੈ । ਉਨ੍ਹਾਂ ਦੇ ਦਰਬਾਰ ਵਿੱਚ ਇਕ ਪਾਸੇ ਸੁੱਚੀ ਕਿਰਤ ਨੈਣ ਪ੍ਰਾਣਾਂ ਦੀ ਦਸਾਂ ਨੌਹਾਂ ਦੀ ਮਿਹਨਤ ਦੀ ਕਦਰ ਹੈ ਤੇ ਦੂਜੇ ਪਾਸੇ ਇਕ ਪੂਰਣ ਬ੍ਰਹਮ ਗਿਆਨੀ ਅਕ੍ਰੈ ਰਸਿਕ

ਕਿਰਤ ਵਾਲੇ ਸਾਧ ਦੀ ਚੁੱਪ ਕਿਰਤ ਤੇ ਪੂਰਣ ਦਰਸ਼ਨ ਦੀ ਸਿਫਤ ਹੈ ਤੇ ਸੋਸਾਇਟੀ ਮਨੁੱਖ ਦੀ ਜੜ੍ਹ ਤਾਂ ਕਿਰਤੀ ਦੀ ਕਿਰਤ ਤੇ ਚੋਟੀ ਦਾ ਫਲ ਸਾਧ ਦਾ ਵਜੂਦ ਦੱਸਿਆ ਹੈ, ਇਸ ਥੀਂ ਛੁਟ ਸਭ "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੈ," ਇਨ੍ਹਾਂ ਨੂੰ ਕੂੜੇ ਵਾਂਗੂ ਬੁਹਾਰੀ ਦੇ ਆਪਣੇ ਮੰਦਰ ਥੀਂ ਬਾਹਰ ਸੁੱਟੇ ਹਨ ।

ਉਹ ਵਿਦਯਾ ਅਵਿਦਯਾ ਹੈ, ਜਿਹੜੀ ਮਾਨਸਿਕ ਜੂਏ ਨੂੰ ਤੇ ਅਨੇਕ ਚਿਤਵਨਾਂ ਤੇ ਮਨ ਘੜਿਤ ਮਸਲਿਆਂ ਨੂੰ ਕੁਦਰਤ ਤੇ ਕਾਦਰ ਦੇ ਰੰਗ ਥੀਂ ਜੁਦਾ ਕੀਤੇ ਮਨ ਦੀਆਂ ਚਰਚਾਵਾਂ ਤੇ ਖਿਆਲਾਂ ਨੂੰ ਕੋਈ ਹੈਸੀਅਤ ਦਿੰਦੀ ਹੈ ਤੇ ਉਹ ਅਵਿਦਯਾ ਵਿਦਯਾ ਰੂਪ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿੱਚ ਕਿਰਤ ਕਰਦੀ ਸਾਹ ਲੈਂਦੀ ਹੈ।

**3.6 ਅਭਿਆਸ ਲਈ ਪ੍ਰਸ਼ਨ**

ਪ੍ਰਸ਼ਨ 1 ਪੂਰਨ ਸਿੰਘ ਦੇ ਜੀਵਨ ਬਾਰੇ ਸੰਖੇਪ ਵਿਚ ਜਾਣਕਾਰੀ ਦਿਓ।

ਪ੍ਰਸ਼ਨ 2 ਪੂਰਨ ਸਿੰਘ ਦੀ ਸ਼ਖ਼ਸੀਅਤ ਉਸਾਰੀ ਕਿਹੜੇ ਚਾਰ ਪ੍ਰਭਾਵਾਂ ਦਾ ਯੋਗਦਾਨ ਰਿਹਾ?

ਪ੍ਰਸ਼ਨ 3 ਪਿਆਰ ਤੇ ਮਿੱਤ੍ਰਤਾ ਤੇ ਹੋਰ ਦਿਵਯ ਗੁਣਾਂ ਧਾਰਨ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਪ੍ਰਸ਼ਨ 4 ਜਦੋਂ ਅਮੀਰ ਲੋਕ ਅੱਤਿਆਚਾਰ ਕਰਦੇ ਹਨ ਤਾਂ ਕੀ ਹੁੰਦਾ ਹੈ?

ਪ੍ਰਸ਼ਨ 5 ਕਿਰਤੀ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ?

**ਉੱਤਰ 1**

ਪੂਰਨ ਸਿੰਘ 17 ਫਰਵਰੀ 1881 ਨੂੰ ਸਲਹੱਟ (ਐਬਟਾਬਾਦ) ਵਿਖੇ ਇੱਕ ਆਹਲੂਵਾਲੀਆ ਪਰਿਵਾਰ (ਪਿਤਾ ਕਰਤਾਰ ਸਿੰਘ, ਮਾਤਾ ਪਰਮਾ ਦੇਵੀ) ਵਿੱਚ ਪੈਦਾ ਹੋਇਆ । ਉਹਨਾਂ ਦੇ ਪਿਤਾ ਸਲਹੱਟ ਵਿੱਚ ਆਬਕਾਰੀ ਵਿਭਾਗ ਵਿੱਚ ਕੰਮ ਕਰਦੇ ਸਨ । ਪੂਰਨ ਸਿੰਘ ਨੇ ਹਾਈ ਸਕੂਲ 1897 ਵਿੱਚ ਰਾਵਲਪਿੰਡੀ ਤੋਂ ਪਾਸ ਕੀਤਾ ਤੇ ਕਾਲਜ ਪੱਧਰ ਦੀ ਪੜ੍ਹਾਈ ਡੀ.ਏ.ਵੀ. ਕਾਲਜ ਲਹੌਰ ਤੋਂ 1899 ਵਿੱਚ ਕੀਤੀ। 28 ਸਤੰਬਰ 1900 ਵਿੱਚ ਟੋਕੀਓ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਤੋਂ ਪਹਿਲਾਂ ਉਹਨਾਂ ਜਰਮਨ ਤੇ ਜਪਾਨੀ ਭਾਸ਼ਾ ਸਿਖੀ। ਭਾਰਤ ਵਿੱਚ ਅੰਗਰੇਜ਼ੀ ਹਕੂਮਤ ਖਿਲਾਫ ਵਿਸ਼ਿਆਂ 'ਤੇ ਭਾਸ਼ਨ ਦੇਣਾ ਉਹਨਾਂ ਦਾ ਸ਼ੁਗਲ ਸੀ। ਕੁਝ ਦੇਰ ਲਈ ਉਹਨਾਂ ਅੰਗਰੇਜ਼ੀ ਪਤ੍ਰਿਕਾ ਦੀ 'ਥੰਡਰਿੰਗ ਡਾਨ' ਵੀ ਪ੍ਰਕਾਸ਼ਿਤ ਕੀਤੀ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਦਬਦਬੇ ਵਾਲੇ ਰਾਜ ਦੇ ਖਿਲਾਫ਼ ਅਵਾਜ਼ ਉਠਾਉਂਦੀ ਸੀ। ਜਪਾਨ ਵਿੱਚ ਉਹਨਾਂ ਦੀ ਮੁਲਾਕਾਤ ਸਵਾਮੀ ਰਾਮ ਤੀਰਥ ਨਾਲ ਹੋਈ, ਜਿਹਨਾਂ ਦੇ ਪ੍ਰਭਾਵ ਹੇਠ ਉਹਨਾਂ ਕੇਸ ਕਟਵਾ ਲਏ ਤੇ ਸੰਨਿਆਸ ਧਾਰਨ ਕਰ ਲਿਆ। ਬੜੀ ਮੁਸ਼ਕਲ ਨਾਲ ਉਹਨਾਂ ਨੂੰ ਆਪਣੀ ਬਿਮਾਰ ਭੈਣ ਨੂੰ ਮਿਲਾਣ ਲਈ ਹਿੰਦੁਸਤਾਨ ਘਰ ਵਾਪਸ ਆਉਣ 'ਤੇ ਰਾਜ਼ੀ ਕੀਤਾ ਗਿਆ। 4 ਮਾਰਚ 1904 ਨੂੰ ਸ੍ਰੀਮਤੀ ਮਾਇਆ ਦੇਵੀ ਨਾਲ ਉਨ੍ਹਾਂ ਦਾ ਵਿਆਹ ਕਰ ਦਿਤਾ ਗਿਆ। ਉਨ੍ਹਾਂ ਦੇ ਘਰ ਤਿੰਨ ਪੁੱਤਰ ਮਦਨ ਮੋਹਨ ਸਿੰਘ, ਨਿਰਲੇਪ ਸਿੰਘ, ਰਮਿੰਦਰ ਸਿੰਘ ਤੇ ਇਕ ਧੀ ਗਾਰਗੀ ਨੇ ਜਨਮ ਲਿਆ। 1906 ਵਿੱਚ ਨੌਕਰੀ ਛੱਡ ਕੇ ਦੇਹਰਾਦੂਨ ਵਿੱਚ ਸਾਬਣ ਦੀ ਫੈਕਟਰੀ ਖੋਲ੍ਹੀ ਤੇ ਫਿਰ ਫੈਕਟਰੀ ਵੇਚ ਕੇ ਉਥੇ ਕੈਮਿਸਟ ਦੀ ਨੌਕਰੀ ਕਰ ਲਈ। ਉਨ੍ਹਾਂ 50 ਤੋਂ ਵੱਧ ਖੋਜ ਪੱਤਰ ਲਿਖੇ। 1912 ਵਿੱਚ ਭਾਈ ਵੀਰ ਸਿੰਘ ਨਾਲ ਇਕ ਵਿਦਿਅਕ ਕਾਨਫ਼ਰੰਸ ਵਿੱਚ ਮੁਲਾਕਾਤ ਹੋਈ, ਜਿਸ ਨੇ ਉਨ੍ਹਾਂ ਦੇ ਜੀਵਨ ਵਿੱਚ ਨਵਾਂ ਮੋੜ ਲਿਆਂਦਾ। 1918 ਵਿੱਚ ਸੇਵਾਮੁਕਤ ਹੋਣ 'ਤੇ ਸਫ਼ੈਦੇ, ਸੰਦਲ, ਮੁਸ਼ਕ ਕਪੂਰ, ਤਾਰਪੀਨ ਰੋਸ਼ਾ ਘਾਹ ਵਿਚੋਂ ਤੇਲ ਤਿਆਰ ਕੀਤੇ। ਗੂੰਦਾਂ, ਬਰੋਜ਼ਾ, ਦਵਾਈਆਂ ਤੇ ਟੈਨਿਨ ਤਿਆਰ ਕਰਨ ਦੇ ਤਰੀਕੇ ਦੱਸੇ। ਹੱਡੀਆਂ ਦੀ ਕਾਰਬਨ ਤੋਂ ਬਿਨਾਂ ਖੰਡ ਨੂੰ ਸਾਫ਼ ਕਰਨ ਦਾ ਢੰਗ ਦੱਸਿਆ। ਉਨ੍ਹਾਂ ਕਸ਼ਮੀਰ, ਗਵਾਲੀਅਰ ਤੇ

ਪਟਿਆਲਾ ਵਿੱਚ ਵੀ ਨੌਕਰੀ ਕੀਤੀ। ਮਹਾਨ ਕਵੀ ਤੇ ਵਿਗਿਆਨੀ ਪ੍ਰੋ. ਪੂਰਨ ਸਿੰਘ ਦਾ 31 ਮਾਰਚ 1931 ਨੂੰ ਟੀ. ਬੀ. ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

**ਉੱਤਰ 2**

ਪੂਰਨ ਸਿੰਘ ਨੇ ਜੀਵਨ ਵਿਚ ਚਾਰ ਪ੍ਰਮੁੱਖ ਪ੍ਰਭਾਵ ਗ੍ਰਹਿਣ ਕੀਤੇ

**ਜਪਾਨ ਦਾ ਪ੍ਰਭਾਵ**

ਪੂਰਨ ਸਿੰਘ ਦੇ ਜੀਵਨ ਉੱਪਰ ਪਹਿਲਾ ਮਹੱਤਵਪੂਰਨ ਪ੍ਰਭਾਵ ਜਪਾਨ ਤੇ ਜਪਾਨੀਆਂ ਦੀ ਤਰਜ਼-ਏ-ਜਿੰਦਗੀ ਦਾ ਪਿਆ ਜਿਸ ਕਰਕੇ ਉਹ ਬੋਧੀ ਬਣ ਗਿਆ।

**ਅਮਰੀਕੀ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ**

ਪ੍ਰੋ. ਪੂਰਨ ਸਿੰਘ ਆਪਣੀ ਕਿਤਾਬ "ਵਾਲਟ ਵਿਟਮੈਨ ਐਂਡ ਸਿੱਖ ਇਨਸਪੀਰੇਸ਼ਨ" ਵਿੱਚ ਲਿਖਦਾ ਹੈ: ਵਾਲਟ ਵਿਟਮੈਨ ਵੌਜ਼ ਏ ਸਿਖ ਬੌਰਨ ਇਨ ਅਮੈਰਿਕਾ। ਉਹ ਵਾਲਟ ਵਿਟਮੈਨ ਦੇ ਨਾਲ ਨਾਲ ਹੋਰ ਬਦੇਸ਼ੀ ਕਵੀਆਂ ਵਿੱਚ ਵਿੱਚ ਵੀ ਸਿੱਖ-ਸੁਰਤਾਂ ਦੀਆਂ ਚਲਕਾਰੇ ਦੇਖਦਾ ਹੈ। ਗੈਟੇ ਉਸ ਲਈ ਜਰਮਨੀ 'ਚ ਗੁਰੂ ਸੁਰਤਿ ਦਾ ਗਾਉਦਾ ਮਿੱਠਾ ਕਵੀ ਹੈ।

ਵਾਲਟ ਵਿਟਮੈਨ ਅਤੇ ਗੈਟੇ ਦੇ ਇਲਾਵਾ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਪੱਛਮੀ ਚਿੰਤਕਾਂ ਵਿੱਚ ਤਾਲਸਤਾਏ, ਕਾਰਲਾਇਲ, ਐਮਰਸਨ, ਪੀ.ਬੀ. ਸ਼ੈਲੇ, ਰਸਕਿਨ ਅਤੇ ਥੋਰੋ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ ।

**ਸਵਾਮੀ ਰਾਮ ਤੀਰਥ ਦੀ ਮੁਰੀਦੀ**

ਅਧਿਆਤਮਵਾਦ ਅਤੇ ਜੀਵਨ ਚਿੰਤਨ ਦੀ ਦ੍ਰਿਸ਼ਟੀ ਤੋਂ ਉਹ ਮਹਾਤਮਾ ਬੁੱਧ, ਸਿੱਖ ਗੁਰੂ ਸਾਹਿਬਾਨ ਅਤੇ ਸਵਾਮੀ ਰਾਮ ਤੀਰਥ ਦੇ ਦਰਸਾਏ ਜੀਵਨ ਆਦਰਸ਼ਾਂ ਤੋਂ ਵੱਖ ਵੱਖ ਸਮੇਂ ਸੇਧ ਲੈਂਦਾ ਰਿਹਾ ।

**ਭਾਈ ਵੀਰ ਸਿੰਘ ਨਾਲ ਮਿਲਾਪ**

ਸਿਆਲਕੋਟ ਵਿੱਚ 1912 ਵਿੱਚ ਭਾਈ ਵੀਰ ਸਿੰਘ ਨਾਲ ਹੋਈ ਮੁਲਾਕਾਤ ਉਹਨਾਂ ਦੀ ਤੇਜ਼ੀ ਨਾਲ ਘੁੰਮ ਰਹੀ ਰੂਹ ਨੂੰ ਇੱਕ ਮਰਕਜ਼ 'ਤੇ ਠਹਿਰਾਣ ਵਿੱਚ ਆਖ਼ਰੀ ਮੋੜ ਸਾਬਤ ਹੋਈ। ਨਤੀਜਤਨ ਉਹ ਮੁੜ ਸਿਖੀ ਘਰ ਵਿੱਚ ਆ ਗਏ। ਉਹਨਾਂ ਦੀਆਂ ਉਸਾਰੂ ਸ਼ਕਤੀਆਂ ਨੂੰ ਵਧੇਰੇ ਉਤਸ਼ਾਹ ਤੇ ਇੱਕ ਕੇਂਦਰ ਬਿੰਦੂ ਮਿਲ ਗਿਆ ।

**ਉੱਤਰ 3**

ਪਿਆਰ ਤੇ ਮਿੱਤ੍ਰਤਾ ਤੇ ਹੋਰ ਦਿਵਯ ਗੁਣਾਂ ਨੂੰ ਆਪਣੇ ਵਿੱਚ ਆਵੇਸ਼ ਰੂਪ ਵਿੱਚ ਆਪਣੇ ਅੰਦਰ ਧਾਰਣ ਕਰਨ ਲਈ ਤੇ ਮੁੜ ਉਹਨਾਂ ਨੂੰ ਅੰਦਰੋਂ ਬਾਹਰ ਇਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਣ ਲਈ ਆਦਮੀ ਨੂੰ ਕਦੀ ਨਿਕੰਮਾ ਨਹੀਂ ਰਹਿਣਾ ਚਾਹੀਦਾ, ਜਿਸ ਦੇ ਹੱਥ ਵਿੱਚ ਕਿਰਤ ਨਹੀਂ ਓਹ ਨਿਕੰਮਾ ਆਦਮੀ ਹੈ, ਅਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।

**ਉੱਤਰ 4**

ਜਦ ਅਮੀਰ ਲੋਕ ਹੱਦ ਥੀਂ ਵਧ ਅਤਿਆਚਾਰ ਕਰਦੇ ਹਨ, ਤਦ ਰੱਬ ਵਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿੱਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨਿੱਚੀ ਪੈਲੀ ਵਿੱਚ ਕਰਾਹ ਫੇਰਦਾ ਹੈ ਤੇ ਬੰਨੇ ਚੰਨੇ ਵੱਟ ਟੋਏ ਨੂੰ ਇਕ ਬਰਾਬਰ ਕਰ ਦਿੰਦਾ ਹੈ । ਯੂਰਪ ਵਿੱਚ ਕਈ ਵਾਰੀ ਇਹ ਚੁੱਕਿਆ ਹੈ।

**ਉੱਤਰ 5**

ਕਿਰਤੀ ਦਾ ਇਹ ਸੁਭਾ ਹੁੰਦਾ ਹੈ ਕਿ ਉਹ ਨਿਰਮਾਣ ਹੋ ਕੇ ਲੱਗਾ ਰਹਿੰਦਾ ਹੈ ਤੇ ਉਹਦੇ ਕੰਮ ਵਿੱਚ ਬਰਕਤ ਪਾਣ ਵਾਲਾ ਕੋਈ ਹੋਰ ਹੁੰਦਾ ਹੈ । ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ-ਸੁਭਾ ਇਹ ਅਨੁਭਵ ਹੁੰਦਾ ਹੈ, ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ, ਫਲ ਦੇਣ ਵਾਲਾ ਕੋਈ ਹੋਰ ਹੈ। ਸੋ ਇਸ ਸਿਦਕ ਵਿੱਚ ਉਸ ਅੰਦਰ ਚੰਚਲ ਮਨਾਂ ਤੇ ਅਨੇਕ ਚਿੰਤਾ ਵਾਲੇ ਬੇ ਆਸਾਰ ਹੈ, ਚੁੱਕੇ ਮਨਾਂ ਵਾਲੀ ਲੋਭ ਲਾਲਚ ਦੀ ਬ੍ਰਿਤੀ ਨਹੀਂ' ਹੁੰਦੀ । ਥੋਹੜੇ ਵਿੱਚ ਸਬਰ ਬਹੁਤ ਹੁੰਦਾ ਹੈ, ਤੇ ਇਹ ਚਮਕਦੀ ਉੱਚੀ ਸੁਰਤਿ ਦਾ ਚੋਟੀ ਦਾ ਰਸਿਕ ਅਨੁਭਵ ਹੈ ।

**3.7 ਕਿਰਤ : ਵਿਸ਼ਾਗਤ ਅਧਿਐਨ**

ਕਿਰਤ ਨਿਬੰਧ ਪੰਜਾਬੀ ਦੇ ਪ੍ਰਸਿੱਧ ਕਵੀ ਤੇ ਨਿਬੰਧਕਾਰ ਪ੍ਰੋ. ਪੂਰਨ ਸਿੰਘ ਦਾ ਰਚਿਆ ਹੋਇਆ ਹੈ। ਇਸ ਵਿਚ ਉਸ ਨੇ ਕਿਰਤ ਅਤੇ ਕਿਰਤੀ ਮਨੁੱਖ ਦੇ ਗੁਣਾਂ ਦਾ ਵਖਿਆਨ ਬਹੁਤ ਹੀ ਮੌਲਿਕ ਢੰਗ ਨਾਲ ਕੀਤਾ ਹੈ ਤੇ ਨਾਲ ਹੀ ਕਿਰਤ ਦੇ ਜੀਵਨ ਵਿੱਚ ਮਹੱਤਵ ਨੂੰ ਦਰਸਾਉਣ ਲਈ ਅਨੇਕਾਂ ਉਦਾਹਰਨਾਂ ਦਿੰਦੇ ਹੋਏ, ਮਨੁੱਖ ਨੂੰ ਕਿਰਤੀ ਬਣਨ ਲਈ ਪ੍ਰੇਰਨਾ ਦਿੱਤੀ ਹੈ ਜਿਵੇਂ ਕਿ ਨਿਬੰਧ ਦੇ ਸਿਰਲੇਖ ਤੋਂ ਹੀ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਇਸ ਦਾ ਪ੍ਰਮੁੱਖ ਵਿਸ਼ਾ ਕਿਰਤ ਹੈ। ਪ੍ਰੰਤੂ ਨਿਬੰਧਕਾਰ ਵੱਲੋਂ ਕਿਰਤ ਸਬੰਧੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਸਮੇਂ ਇਸ ਨਾਲ ਜੁੜੇ ਅਨੇਕਾਂ ਹੋਰ ਵਿਸ਼ਿਆਂ ਨੂੰ ਵੀ ਛੋਹਿਆ ਗਿਆ ਹੈ, ਜਿਨ੍ਹਾਂ ਸਬੰਧੀ ਅਸੀਂ ਨਿਮਨ ਅਨੁਸਾਰ ਜਾਣ ਸਕਦੇ ਹਾਂ।

**ਦੈਵੀ ਗੁਣਾਂ ਦਾ ਭੰਡਾਰ** :

ਕਿਰਤ ਮਨੁੱਖ ਲਈ ਦੈਵੀ ਗੁਣਾਂ ਦਾ ਭੰਡਾਰ ਹੈ। ਜਿਸ ਮਨੁੱਖ ਦੇ ਹੱਥ ਵਿੱਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ ਅਤੇ ਉਸ ਨੂੰ ਕਦੇ ਵੀ ਉੱਚ ਜੀਵਨ ਦਾ ਅਨੁਭਵ ਨਹੀਂ ਹੋ ਸਕਦਾ। ਪਿਆਰ ਮਿੱਤਰਤਾ ਅਤੇ ਹੋਰ ਦੈਵੀ ਗੁਣਾਂ ਨੂੰ ਧਾਰਨ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਕਦੇ ਵੀ ਨਿਕੰਮਾ ਨਾ ਰਹੇ। ਇਕ ਬੰਦਾ ਜਿਹੜਾ ਸਹਿਜ ਸੁਭਾਅ ਆਪਣੇ ਕੰਮ ਵਿਚ ਲਗਾਤਾਰ ਲੱਗਾ ਰਹਿੰਦਾ ਹੈ। ਉਸਦੇ ਮਨ ਵਿਚ ਮਾੜੇ ਕੰਮ ਕਰਨ ਦਾ ਵਿਚਾਰ ਵੀ ਪੈਦਾ ਨਹੀਂ ਹੁੰਦਾ ਤੇ ਉਹ ਹਮੇਸ਼ਾਂ ਮਾੜੇ ਕਰਮ ਤੋਂ ਬਚਿਆ ਰਹਿੰਦਾ ਹੈ ਤੇ ਦੈਵੀ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ।

**ਜਾਪਾਨੀਆਂ ਦਾ ਕਿਰਤੀ ਸੁਭਾਅ** :

ਪੂਰਨ ਸਿੰਘ ਨੇ ਆਪਣੇ ਵਿਦਿਆਰਥੀ ਜੀਵਨ ਦਾ ਲੰਮਾ ਸਮਾਂ ਜਾਪਾਨ ਵਿੱਚ ਗੁਜ਼ਾਰਿਆ, ਕਿਰਤ ਦੇ ਅਸਲ ਅਰਥ ਉਸਨੂੰ ਜਾਪਾਨੀਆਂ ਦੇ ਜੀਵਨ ਵਿਚੋਂ ਝਲਕਦੇ ਦਿਖਾਈ ਦਿੰਦੇ ਹਨ। ਉਹ ਕਹਿੰਦਾ ਹੈ ਕਿ 'ਜੇਕਰ ਆਪਣੇ ਦੇਸ਼ ਅਤੇ ਜਪਾਨ ਦਾ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਜਾਪਾਨ ਵਿਚ ਕਿਸੇ ਨੂੰ ਮਨਘੜਤ ਖ਼ਿਆਲਾਂ ਦੀ ਕੜੀ ਗਿਆਨ ਗੋਦੜੀ ਦੀਆਂ ਮਾਨਸਿਕ ਚੰਚਲਤਾ ਦੀਆਂ ਖੇਡਾਂ ਕਰਨ ਦੀ ਵਿਹਲ ਨਹੀਂ, ਉਹ ਲਗਾਤਾਰ ਆਪਣੀ ਕਿਰਤ ਵਿਚ

ਲੱਗੇ ਹੋਏ ਹਨ। ਇਕ ਤਰਖਾਣ ਜੋ ਆਪਣੇ ਹੱਥ ਨਾਲ ਲੱਕੜੀ ਨੂੰ ਰੂਪ ਦੇ ਰਿਹਾ ਹੈ, ਇੱਕ ਲੁਹਾਰ ਜੋ ਗਰਮ ਲੋਹੇ ਨੂੰ ਸਾਧ ਰਿਹਾ ਹੈ, ਇਕ ਚਿੱਤਰਕਾਰ ਜਿਹੜਾ ਗਿਆਨ ਧਿਆਨ ਵਿਚ ਕਿਸੀ ਦੇਖੀ ਚੀਜ਼ ਨੂੰ ਅਮਰ ਕਰ ਰਿਹਾ ਹੈ । ਉਨ੍ਹਾਂ ਦੀ ਕਿਰਤ ਦੀ ਲਗਾਤਾਰਤਾ ਤੋਂ ਉਪਜੀ ਸਹਿਜ ਸਮਾਧੀ ਤੋਂ ਉਨ੍ਹਾਂ ਨੂੰ ਵਿਹਲ ਹੀ ਨਹੀਂ ਮਿਲਦੀ ਕਿ ਉਹ ਕਿਸੇ ਨਿਕੰਮੇ ਵਾਦ ਵਿਵਾਦ ਵਿਚ ਪੈਣ ਸਗੋਂ ਉਹ ਤਾਂ ਗੱਲਾਂ ਕਰਨ ਵਾਲਿਆਂ ਨੂੰ ਕੁਝ ਪਾਗਲ ਸਮਝਦੇ ਹਨ।

**ਸਰੀਰਕ ਕਿਰਤ ਰੂਹ ਦੇ ਪਵਿੱਤਰ ਹੋਣ ਦਾ ਸਾਧਨ** :

ਸੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ। ਮਾਨਸਿਕ ਚਿਤਵਨ ਕਿੰਨਾ ਹੀ ਉੱਚਾ ਹੋਵੇ, ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ, ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ (ਜਿਸ ਤਰ੍ਹਾਂ ਬ੍ਰਿਛਾਂ ਉੱਤੇ ਫਲ ਫੁੱਲ ਆਣ ਲੱਗਦੇ ਹਨ) ਸਿਦਕ ਤੇ ਪਿਆਰ ਤੇ ਰੱਬ ਦੀ ਰੱਬਤਾ ਵਿੱਚ ਜੀਣ ਲੱਗ ਜਾਂਦੀ ਹੈ। ਈਸਾਈ ਮਤ ਬਾਦਸ਼ਾਹੀ ਮਹੱਲਾਂ ਵਿੱਚ ਟਾਲਸਟਾਏ ਨੂੰ ਨਜ਼ਰ ਨਹੀਂ ਸੀ ਆਇਆ, ਪਰ ਭੋਲੇ ਭਾਲੇ ਰੂਸ ਦੇ ਕਿਸਾਨਾਂ ਦੇ ਵਹਿਮਾਂ ਦੇ ਹਨੇਰੇ ਵਿਚ ਬਿਜਲੀ ਲਿਸ਼ਕ ਦੀਆਂ ਧਾਰੀਆਂ ਸੱਚੇ ਸਿਦਕ ਦੀ ਓਹਨੂੰ ਨਜ਼ਰ ਆਈਆਂ । ਕਿਸਾਨ ਜਿਮੀਂਦਾਰ ਜਿਹੜੇ ਹਲ ਵਾਹੁੰਦੇ, ਤੇ ਮਜੂਰੀਆਂ ਕਰਦੇ ਹਨ, ਉਨ੍ਹਾਂ ਵਿੱਚ ਸਹਿਜ ਸੁਭਾ ਦਯਾ, ਉਦਾਰਤਾ, ਤਿਆਗ, ਰਜ਼ਾ ਆਦਿ ਮਹਾਨ ਗੁਣਾਂ ਦੀ ਛਾਯਾ ਹੁੰਦੀ ਹੈ ।

**ਕਿਰਤੀ ਤੇ ਰੱਬ ਦੀ ਰਜ਼ਾ** :

ਕਿਸੇ ਅਮੀਰ ਦੇ ਦਿਲ ਵਿੱਚ ਨੁਕਸਾਨ ਉਠਾ ਕੇ ਰਜ਼ਾ ਦਾ ਨੁਕਤਾ ਨਹੀਂ ਆਉਂਦਾ, ਪਰ ਕਿਰਤੀ ਕਿਸਾਨ ਕੀ ਸਿੱਖ ਤੇ ਕੀ ਮੁਸਲਮਾਨ ਤੇ ਕੀ ਹਿੰਦੂ ਸਭ ਬੜੇ-ਬੜੇ ਨੁਕਸਾਨ ਨੂੰ ਰੱਬ ਦੀ ਰਜ਼ਾ ਦੇ ਨੁਕਤੇ ਵਿਚ ਗੁਜ਼ਾਰ ਦਿੰਦੇ ਹਨ, ਜਿੰਨੀ ਅਕਲਾਂ ਵਾਲੇ ਤੇ ਬਹੁ ਸੋਚਾਂ ਵਾਲੇ ਨਿੱਕੇ ਨਿੱਕੇ ਨੁਕਸਾਨ ਵੀ ਬਿਨਾ ਸ਼ਿਕਵੇ ਦੇ ਬਰਦਾਸ਼ਤ ਨਹੀਂ ਕਰ ਸਕਦੇ, ਤੇ ਖਲਵਾੜੇ ਵਿੱਚ ਬੈਠਾ ਕਿਸਾਨ ਜਿਸ ਖੁੱਲ੍ਹੇ ਦਿਲ ਤੇ ਉਦਾਰਤਾ ਨਾਲ ਦਾਨ ਕਰਦਾ ਹੈ, ਓਹ ਅਕਲ ਵਾਲਾ ਤੇ ਸੋਚਾਂ ਵਾਲਾ ਮਾਨਸਿਕ ਆਦਮੀ ਨਹੀਂ ਕਰ ਸਕਦਾ । ਜਿਸ ਤਰ੍ਹਾਂ ਗਊ ਵਿੱਚ ਬੱਚੇ ਨੂੰ ਪਿਆਰ ਕਰਨ ਦਾ ਸਹਿਜ ਸੁਭਾ ਗੁਣ ਹੈ ਤੇ ਕੁਦਰਤ ਤੇ ਜੀਵਨ ਵਿੱਚ ਆਖ਼ਰ ਦਿਬਤਾ ਦਾ ਲਛਣ ਦਰਸਾਉਂਦਾ ਹੈ ਤਿਵੇਂ ਕਿਸਾਨ ਮਿਹਨਤ ਕਰਨ ਵਾਲਾ ਕੁਦਰਤ ਦੇ ਇਸ ਨੇਮ ਦਾ ਦਰਸ਼ਨ ਕਰਾਉਂਦਾ ਕਿ ਹੱਥ ਪੈਰ ਤੋਂ ਜੇ ਕੋਈ ਕਾਰ ਕਰੇ ਤੇ ਚੀਤ ਆਪ-ਮੁਹਾਰਾ ਨਿਰੰਜਣ ਨਾਲ ਵੀ ਜੁੜਣ ਲੱਗ ਜਾਂਦਾ ਹੈ ਤੇ ਸਮਾਂ ਪਾ ਕੇ ਕਿਰਤ ਹੀ ਪੂਜਾ ਹੋ ਜਾਂਦੀ ਹੈ।

**ਕਿਰਤੀ ਤੇ ਸਬਰ ਸੰਤੋਖ** :

ਜਿਸ ਪ੍ਰਕਾਰ ਸਮੁੰਦਰਾਂ ਵਿੱਚ ਨਿੱਕੇ ਨਿੱਕੇ ਕੋਰਲ ਕੀੜੇ ਆਪਣੀ ਕਿਰਤ ਨਾਲ ਪਹਾੜ ਖੜ੍ਹਾ ਕਰ ਦਿੰਦੇ ਹਨ ਤੇ ਸਮੁੰਦਰਾਂ ਵਿੱਚ ਕੋਰਲ ਟਾਪੂ ਬਣ ਜਾਂਦੇ ਹਨ। ਉਸੇ ਪ੍ਰਕਾਰ ਕਿਰਤੀ ਮਨੁੱਖ ਸਬਰ ਸੰਤੋਖ ਦਾ ਪੱਲਾ ਫੜ ਕੇ ਨਿਰਮਾਣ ਹੋ ਕੇ ਆਪਣੇ ਕੰਮ ਲੱਗਾ ਰਹਿੰਦਾ ਹੈ। ਉਸ ਦੇ ਕੰਮ ਵਿੱਚ ਬਰਕਤ ਪਾਉਣ ਵਾਲਾ ਕੋਈ ਹੋਰ ਹੁੰਦਾ ਹੈ, ਸੁੱਚੀ ਕਿਰਤ ਕਰਨ ਵਾਲੇ ਦਾ ਸੁਭਾਅ ਬਹੁਤ ਸਹਿਜ ਹੁੰਦਾ ਹੈ, ਇਸ ਸਹਿਜਤਾ ਸਦਕਾ ਹੀ ਉਸ ਦਾ ਸਬਰ ਸੰਤੋਖ ਨਾਲ ਭਰਿਆ ਰਹਿੰਦਾ ਹੈ ।

ਸਾਧ ਤੇ ਕਿਰਤੀ ਮਨੁੱਖ ਇਕ ਸਮਾਨ ਜੀਵਨ ਜਿਉਂਦੇ ਹਨ। ਦੋਵਾਂ ਅੰਦਰ ਹੀ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ । ਉਹ ਨਿੰਦਿਆ ਤੇ ਉਸਤਤ ਦੋਹਾਂ ਤੋਂ ਹੀ ਅਤੀਤ ਹੁੰਦੇ ਹਨ । ਰਸਿਕ ਕਿਰਤਾਂ ਨੂੰ ਛੱਡ ਵੀ ਦੇਈਏ ਤਦ ਸਧਾਰਨ ਸੁੱਚੀ ਹੱਥਾਂ ਪੈਰਾਂ ਦੀ ਕਿਰਤ ਦਾ ਕੰਮ ਕਰਨ ਵਾਲੇ ਆਪੇ ਵਿਚ ਬੱਚੇ ਵਾਂਗ ਅਬੋਝ ਅਵਸਥਾ ਵਿਚ ਟਿਕੇ ਰਹਿੰਦੇ ਹਨ । ਲੇਖਕ ਦੱਸਦਾ ਹੈ ਕਿ ਇਕ ਵਾਰੀ ਇਕ ਅਮੀਰ ਦੀ ਕਾਰ ਇਕ ਕਿਸਾਨ ਵਿੱਚ ਵੱਜੀ ਤੇ ਉਹ ਬੁਰੀ ਤਰ੍ਹਾਂ ਡਿੱਗ ਪਿਆ, ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਭਾਵੇਂ ਉਸ ਨੂੰ ਬਹੁਤੀ ਸੱਟ ਨਹੀਂ ਸੀ ਲੱਗੀ ਪਰ ਉਸ ਨੇ ਸ਼ਿਕਾਇਤ ਵੀ ਕੋਈ ਨਾ ਕੀਤੀ, ਇਹ ਉਸ ਦੇ ਕਿਰਤ ਨਾਲ ਸਹਿਜ ਸੁਭਾਅ ਟਿਕੇ ਹੋਏ ਮਨ ਦਾ ਲੱਛਣ ਸੀ, ਸੋ ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ ।

**ਕਿਰਤੀ ਉੱਪਰ ਰੱਬੀ ਮਿਹਰ** :

ਕਿਰਤੀ ਗ਼ਰੀਬ ਵੀ ਹੋਵੇ ਤਾਂ ਵੀ ਉਸ ਉੱਪਰ ਰੱਬੀ ਮਿਹਰ ਬਣੀ ਰਹਿੰਦੀ ਹੈ, ਉਹ ਦਿਖਾਵੇ ਵਜੋਂ ਧਰਮ ਕਰਮ ਦੇ ਫ਼ਜ਼ੂਲ ਕੰਮਾਂ ਵਿੱਚ ਨਹੀਂ ਪੈਂਦਾ ਪੂਰਨ ਸਿੰਘ ਲਿਖਦਾ ਹੈ,ਜਦ ਅਮੀਰ ਲੋਕ ਹੱਦ ਥੀਂ ਵਧ ਅੱਤਿਆਚਾਰ ਕਰਦੇ ਹਨ , ਤਦ ਰੱਬ ਵਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿੱਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ, 'ਉੱਚੀ ਨਿੱਚੀ ਪੈਲੀ ਵਿੱਚ ਕਰਾਹ ਫੇਰਦਾ ਹੈ ਤੇ ਬੰਨੇ ਚੰਨੇ ਵੱਟ ਟੋਏ ਨੂੰ ਇਕ ਬਰਾਬਰ ਕਰ ਦਿੰਦਾ ਹੈ । ਯੂਰਪ ਵਿੱਚ ਕਈ ਵਾਰੀ ਇਹ ਹੋਯਾ, ਪਰ ਫਿਰ ਵੀ ਮੁੜ ਤੁੜ ਗੱਲ ਸਮਾਂ ਪਾ ਕੇ ਉਥੇ ਹੀ ਆ ਟਿਕਦੀ ਹੈ। ਕਿਰਤੀ ਕੁਛ ਗਰੀਬ ਜਿਹੇ, ਨਿਮਾਣੇ ਜਿਹੇ, ਤੇ ਅਮੀਰ ਲੋਕ ਮਨ ਦੇ ਚੰਚਲ ਇਉਂ, ਜਿਵੇਂ ਮੋਮ ਦੇ ਬਣੇ ਬੇਜਾਨ ਜਿਹੇ ਬੁੱਤ ਹੁੰਦੇ ਹਨ ਤੇ ਅੱਖਾਂ ਝਮਕਾਂਦੇ ਹਨ ਤੇ ਹੋਠ ਹਿਲਾਂਦੇ ਹਨ । ਉਨ੍ਹਾਂ ਨੂੰ ਓਹ ਸੁਖ ਜਿਹੜਾ ਕਿਰਤੀ ਦੀ ਹੱਡੀ ਵਿੱਚ ਕਿਰਤ ਪੈਦਾ ਕਰਦੀ ਹੈ, ਕਦੀ ਨਹੀਂ ਆ ਸਕਦਾ । ਨਿਕੰਮਾ ਹੋਣ ਕਰ ਕੇ ਉਨ੍ਹਾਂ ਨੂੰ ਧਰਮ ਕਰਮ ਦੀਆਂ ਗੱਲਾਂ, ਮਸਜਿਦਾਂ ਮੰਦਰ ਬਨਾਉਣ ਦੇ ਅਹੰਕਾਰੀ ਤੇ ਬਨਾਵਟੀ ਦਾਨ ਤੇ ਖੈਰਾਇਤਾਂ ਸੁਝਦੀਆਂ ਹਨ' ।

**ਗੁਰਬਾਣੀ ਵਿੱਚ ਕਿਰਤੀ ਦੀ ਸਿਫ਼ਤ** :

ਗੁਰੂ ਸਾਹਿਬਾਨਾਂ ਨੇ ਆਪਣੀ ਸਿੱਖਿਆ ਵਿਚ ਮਨੁੱਖ ਨੂੰ ਜੋ ਤਿੰਨ ਕਰਮ ਕਰਨ ਲਈ ਕਿਹਾ ਗਿਆ ਹੈ, ਉਸ ਵਿਚ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ, ਲੇਖਕ ਅਨੁਸਾਰ 'ਗੁਰੂ ਸਹਿਬਾਨਾਂ ਦੇ ਦਰਬਾਰ ਵਿਚ ਇਕ ਪਾਸੇ ਸੁੱਚੀ ਕਿਰਤ ਨੈਣ ਪ੍ਰਾਣਾਂ ਦੀ ਦਸਾਂ ਨਹੁੰਆਂ ਦੀ ਮਿਹਨਤ ਦੀ ਕਦਰ ਹੈ ਅਤੇ ਦੂਜੇ ਪਾਸੇ ਇਕ ਪੂਰਨ ਬ੍ਰਹਮ ਗਿਆਨੀ ਅਤੇ ਕਿਰਤ ਵਾਲੇ ਸਾਧ ਦੀ ਚੁੱਪ ਕਿਰਤ ਦੇ ਪੂਰਨ ਦਰਸ਼ਨ ਦੀ ਸਿਫ਼ਤ ਹੈ, ਉਨ੍ਹਾਂ ਮਨੁੱਖੀ ਸਮਾਜ ਦਾ ਆਧਾਰ ਕਿਰਤੀ ਦੀ ਕਿਰਤ ਨੂੰ ਅਤੇ ਮੰਜ਼ਿਲ ਸਾਧ ਦੇ ਵਜੂਦ ਨੂੰ ਕਿਹਾ ਹੈ, ਇਸ ਤੋਂ ਬਿਨਾਂ ਹਰ ਕਰਮ ਨੂੰ ਕੂੜ ਦਾ ਪਸਾਰ ਮੰਨਿਆ ਹੈ, ਜਿਸ ਨੂੰ ਕੂੜੇ ਵਾਂਗ ਆਪਣੇ ਮਨ ਮੰਦਰ ਵਿਚੋਂ ਬਾਹਰ ਸੁੱਟ ਦੇਣ ਦਾ ਉਪਦੇਸ਼ ਵੀ ਦਿੱਤਾ ਹੈ।

**ਕਿਰਤ ਤੇ ਵਿੱਦਿਆ** :

ਅਸਲ ਵਿੱਦਿਆ ਉਹ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿਚ ਕਿਰਤ ਕਰਦੀ ਸਾਹ ਲੈਂਦੀ ਹੈ ਤੇ ਉਹ ਵਿੱਦਿਆ ਅਸਲ ਵਿਚ ਅਵਿੱਦਿਆ ਹੈ, ਜੋ ਕੁਦਰਤ ਤੇ ਕਾਦਰ ਦੇ ਰੰਗ ਤੋਂ ਵੱਖ ਕੀਤੇ ਮਨ ਦੇ ਖ਼ਿਆਲਾਂ ਤੇ ਚਰਚਾਵਾਂ ਨੂੰ ਕੋਈ ਹੈਸੀਅਤ ਦਿੰਦੀ ਹੈ।

**3.8 ਕਿਰਤ : ਕਲਾਤਮਕ ਅਧਿਐਨ**

ਪੂਰਨ ਸਿੰਘ ਆਪਣੀ ਜ਼ੋਰਦਾਰ ਪ੍ਰਤਿਭਾ ਦਾ ਅਕਸ ਆਪਣੀ ਵਾਰਤਕ ਵਿੱਚ ਪੇਸ਼ ਕਰਦਾ ਹੈ ਜਿਵੇਂ ਉਹ ਆਪ ਨਿਰਾਲਾ ਸੀ ਉਵੇਂ ਹੀ ਉਸ ਦੀ ਵਾਰਤਕ ਰਚਨਾ ਵੀ ਨਿਰਾਲੀ ਹੈ। ਇਸ ਦਾ ਵਿਸ਼ਾ ਵਸਤੂ ਅਤੇ ਰੂਪ ਦੋਵੇਂ ਬੇਮਿਸਾਲ ਹਨ। ਪੰਜਾਬੀ ਵਿੱਚ ਬਿਲਕੁਲ ਨਿਵੇਕਲੀ ਵੰਨਗੀ ਵਿਸ਼ਾ-ਵਸਤੂ ਤੇ ਰੂਪ ਦੋਵੇਂ ਘੁਲ ਮਿਲ ਜਾਂਦੇ ਹਨ। ਪੂਰਨ ਸਿੰਘ ਨੇ ਪੰਜਾਬੀ ਵਿੱਚ ਬਿਲਕੁਲ ਵੱਖਰੀ ਕਿਸਮ ਦੀ ਵਾਰਤਕ ਸ਼ੈਲੀ ਨੂੰ ਜਨਮ ਦਿੱਤਾ ਹੈ। ਪੂਰਨ ਸਿੰਘ ਨਾ ਗੁਰਬਖ਼ਸ਼ ਸਿੰਘ ਨਾਲ ਮਿਲਦਾ ਹੈ ਤੇ ਨਾ ਹੀ ਭਾਈ ਵੀਰ ਸਿੰਘ ਨਾਲ । ਭਾਵੇਂ ਪੂਰਨ ਸਿੰਘ ਤੇ ਵੀਰ ਸਿੰਘ ਦੀ ਵਾਰਤਕ ਦਾ ਵਿਸ਼ਾ ਕੁਝ ਹੱਦ ਤਕ ਇਕ ਦੂਜੇ ਦੇ ਨੇੜੇ ਹੈ। ਵਿਲੱਖਣ ਸ਼ੈਲੀਗਤ ਵਿਸ਼ੇਸ਼ਤਾਵਾਂ ਸਦਕਾ ਪੂਰਨ ਸਿੰਘ ਦੀ ਵਾਰਤਕ ਨੂੰ ਪੜ੍ਹਦਿਆਂ ਕੋਈ ਵੀ ਪਾਠਕ ਇਸ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਹੈ ਕਿ ਇਹ ਰਚਨਾ ਪੂਰਨ ਸਿੰਘ ਦੀ ਹੈ । ਇੱਥੇ ਅਸੀਂ ਕਿਰਤ ਲੇਖ ਦੇ ਆਧਾਰ ਤੇ ਉਸ ਦੇ ਕਲਾਤਮਕ ਅਧਿਐਨ ਦੀ ਚਰਚਾ ਕਰਾਂਗੇ ।

**ਬੁੱਧੀ ਅਤੇ ਵਲਵਲੇ ਦਾ ਸੁਮੇਲ** :

ਪੂਰਨ ਸਿੰਘ ਬਹੁਤ ਹੀ ਨਿਵੇਕਲੀ ਸ਼ਖ਼ਸੀਅਤ ਦਾ ਮਾਲਕ ਸੀ । ਉਹ ਬੇਹੱਦ ਭਾਵੁਕ ਇਨਸਾਨ ਸੀ ਜੋ ਬੁੱਧੀ ਦੀਆਂ ਸੋਚਾਂ ਨਾਲੋਂ ਦਿਲ ਵਿੱਚ ਪੈਦਾ ਹੁੰਦੀਆਂ ਤਰੰਗਾਂ ਤੋਂ ਵੀ ਵਧੇਰੇ ਪ੍ਰਭਾਵਿਤ ਹੁੰਦਾ ਸੀ । ਉਹ ਬੁੱਧੀ ਮੰਡਲ ਦੀ ਕੈਦ ਵਿੱਚ ਰਹਿਣ ਦੀ ਥਾਂ ਵਲਵਲਿਆਂ ਦੇ ਦੇਸ਼ ਦਾ ਪਾਂਧੀ ਸੀ । ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪੂਰਨ ਸਿੰਘ ਲਈ ਪਦਾਰਥਕ ਸੰਸਾਰ ਅਤੇ ਇਸ ਤੋਂ ਪਰ੍ਹਾਂ ਪਰਮਾਰਥਕ ਸੰਸਾਰ ਦੋ ਨਹੀਂ ਇਕ ਹੀ ਸਨ । ਸਰੀਰ ਅਤੇ ਆਤਮਾ ਉਸ ਲਈ ਦੋ ਨਹੀਂ ਇਹ ਵੀ ਇਕ ਹੀ ਸਨ । ਉਸ ਦੀ ਇਸ ਖ਼ੂਬੀ ਦੀ ਝਲਕ ਕਿਰਤ ਲੇਖ ਦੇ ਆਰੰਭ ਵਿੱਚ ਹੀ ਦੇਖਣ ਨੂੰ ਮਿਲ ਜਾਂਦੀ ਹੈ ਉਹ ਲਿਖਦਾ ਹੈ, 'ਪਿਆਰ ਤੇ ਮਿੱਤ੍ਰਤਾ ਤੇ ਹੋਰ ਦਿਵਯ ਗੁਣਾਂ ਨੂੰ ਆਪਣੇ ਵਿੱਚ ਆਵੇਸ਼ ਰੂਪ ਵਿੱਚ ਪੜ੍ਹਛਣ ਲਈ ਤੇ ਫਿਰ ਆਪਣੇ ਅੰਦਰ ਧਾਰਣ ਕਰਨ ਲਈ ਤੇ ਮੁੜ ਉਹਨਾਂ ਨੂੰ ਅੰਦਰੋਂ ਬਾਹਰ ਇਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਣ ਲਈ ਆਦਮੀ ਨੂੰ ਕਦੀ ਨਿਕੰਮਾ ਨਹੀਂ ਰਹਿਣਾ ਚਾਹੀਦਾ, ਜਿਸ ਦੇ ਹੱਥ ਵਿੱਚ ਕਿਰਤ ਨਹੀਂ ਓਹ ਨਿਕੰਮਾ ਆਦਮੀ ਹੈ, ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ'।

**ਵਾਰਤਕ ਵਿੱਚ ਕਵਿਤਾ ਵਾਲਾ ਰਸ** :

ਪੂਰਨ ਸਿੰਘ ਦੀ ਵਾਰਤਕ ਦੀ ਇਹ ਵਿਲੱਖਣਤਾ ਹੈ ਕਿ ਉਸ ਦੀ ਵਾਰਤਕ ਵਿਚ ਵੀ ਕਵਿਤਾ ਵਾਲਾ ਰਸ ਅਨੁਭਵ ਹੁੰਦਾ ਹੈ । ਉਸ ਦੇ ਲੇਖਾਂ ਨੂੰ ਪੜ੍ਹਦਿਆਂ ਵਾਰਤਕ ਦਾ ਨਹੀਂ ਕਵਿਤਾ ਦਾ ਸਵਾਦ ਆਉਂਦਾ ਹੈ । ਇਹੋ ਜਿਹੀਆਂ ਟੁਕੜੀਆਂ ਕਈ ਵਾਰ ਤਾਂ ਇਸ ਕਰਕੇ ਵੀ ਕਵਿਤਾ ਲੱਗਦੀਆਂ ਹਨ ਕਿ ਪੂਰਨ ਸਿੰਘ ਨੇ ਗੱਲ ਰੂਪਕਾਂ ਤੇ ਉਪਮਾਵਾਂ ਰਾਹੀਂ ਕੀਤੀ ਹੈ, ਕਵਿਤਾ ਵਾਲੇ ਬਿੰਬ ਵੀ ਉਸ ਵਿੱਚ ਦੇਖੇ ਜਾ ਸਕਦੇ ਹਨ । ਕਿਰਤ ਲੇਖ ਵਿੱਚ ਇਸ ਦਾ ਹਵਾਲਾ ਇਸ ਪ੍ਰਕਾਰ

ਵੇਖਿਆ ਜਾ ਸਕਦਾ ਹੈ, 'ਇਕ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿੱਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਕਰਮ ਕਰਨ ਦੀ ਵੇਹਲ ਹੀ ਨਹੀਂ ਲੱਗਦੀ-ਸਿਆਣਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ-ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ ।

**ਵਿਅਕਤੀਗਤ ਛਾਪ** :

ਨਿਬੰਧ ਵਿਚ ਚੂੰਕਿ ਨਿਬੰਧਕਾਰ ਦੇ ਦ੍ਰਿਸ਼ਟੀਕੋਣ,ਵਿਚਾਰਧਾਰਾ ਜਾਂ ਅਨੁਭਵ ਦਾ ਪ੍ਰਗਟਾਵਾ ਹੁੰਦਾ ਹੈ,ਇਸ ਲਈ ਉਸ ਦੇ ਵਿਅਕਤਿਤਵ ਦੀ ਸਪਸ਼ਟ ਛਾਪ ਉਸ ਦੀ ਨਿਬੰਧ-ਰਚਨਾ ਤੋਂ ਮਿਲ ਜਾਂਦੀ ਹੈ । ਇਸ ਗੱਲ ਨਾਲ ਵਿਦਵਾਨ ਸਹਿਮਤ ਹਨ ਕਿ ਕਿਸੇ ਲੇਖਕ ਦੇ ਵਿਚਾਰ ਅਤੇ ਗੁਣ ਉਸ ਦੀ ਰਚਨਾ ਵਿਚ ਉਸੇ ਤਰ੍ਹਾਂ ਸਮਾਏ ਹੁੰਦੇ ਹਨ ਜਿਵੇਂ ਫੁਲ ਵਿਚ ਸੁਗੰਧ ਮੌਜੂਦ ਰਹਿੰਦੀ ਹੈ । ਜਦੋਂ ਅਸੀਂ ਪੂਰਨ ਸਿੰਘ ਦੇ ਜੀਵਨ ਦੇ ਨਾਲ-ਨਾਲ ਉਸ ਦੀ ਰਚਨਾ 'ਤੇ ਝਾਤ ਮਾਰਦੇ ਹਾਂ ਤਾਂ ਇਹ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਜਿਹੋ ਜਿਹਾ ਅਲਬੇਲਾਪਣ ਉਸਦੇ ਜੀਵਨ ਵਿਚ ਮੌਜੂਦ ਸੀ ਉਹੋ ਜਿਹਾ ਹੀ ਖੁੱਲ੍ਹਾਪਣ ਉਸ ਦੀ ਰਚਨਾ ਵਿੱਚ ਵੀ ਮੌਜੂਦ ਹੈ । ਉਹ ਆਪਣੀ ਗੱਲ ਨੂੰ ਸਮਝਾਉਣ ਲਈ ਉਦਾਹਰਣਾਂ ਆਪਣੇ ਨਿੱਜੀ ਜੀਵਨ ਵਿੱਚੋਂ ਵੀ ਦੇ ਲੈਂਦਾ ਹੈ । ਕਿਰਤ ਨਿਬੰਧ ਵਿੱਚ ਅਸੀਂ ਦੇਖਦੇ ਹਾਂ ਕਿ ਪੂਰਨ ਸਿੰਘ ਆਪਣੇ ਸਾਹਮਣੇ ਇਕ ਕਿਰਤੀ ਦੀ ਅਮੀਰ ਦੀ ਕਾਰ ਨਾਲ ਹੋਈ ਟੱਕਰ ਤੇ ਉਸ ਨੂੰ ਹਸਪਤਾਲ ਲੈ ਕੇ ਜਾਣ ਬਾਰੇ ਦੱਸਦੇ ਹੋਏ ਕਿਰਤੀ ਦੇ ਸੁਭਾਅ 'ਤੇ ਚਾਨਣਾ ਪਾਉਂਦਾ ਹੈ।

**ਨਿਬੰਧਕਾਰ ਅਤੇ ਪਾਠਕ ਦਾ ਸੰਪਰਕ** :

ਨਿਬੰਧ ਇਕ ਅਜਿਹਾ ਸਾਹਿੱਤ-ਰੂਪ ਹੈ, ਜਿਸ ਰਾਹੀਂ ਨਿਬੰਧਕਾਰ ਆਪਣੇ ਵਿਚਾਰਾਂ , ਭਾਵਾਂ ਜਾਂ ਅਨੁਭਵਾਂ ਦੀ ਸਿੱਧੀ ਸਾਂਝ ਪਾਠਕ ਨਾਲ ਕਾਇਮ ਕਰਦਾ ਹੈ । ਇਹ ਦੋਹਾਂ ਵਿਚਾਲੇ ਇਕ ਪ੍ਰਕਾਰ ਦੇ ਸੰਵਾਦ ਦੀ ਭੂਮਿਕਾ ਨਿਭਾਉਂਦਾ ਹੈ । ਨਿਬੰਧਕਾਰ ਕਹਿੰਦਾ ਜਾ ਰਿਹਾ ਹੈ ਅਤੇ ਪਾਠਕ ਸੁਣਦਾ ਜਾ ਰਿਹਾ ਹੈ । ਇਸ ਸੰਵਾਦ ਰਾਹੀਂ ਹੌਲੀ ਹੌਲੀ ਨਿਬੰਧਕਾਰ ਆਪਣੇ ਭਾਵ ਜਾਂ ਵਿਚਾਰ ਨੂੰ ਪਾਠਕ ਦੇ ਮਨ ਵਿਚ ਸਥਾਪਿਤ ਕਰ ਰਿਹਾ ਹੁੰਦਾ ਹੈ । ਪੂਰਨ ਸਿੰਘ ਦੀ ਵਾਰਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਇੱਕ ਵਾਰ ਪਾਠਕ ਨੂੰ ਆਪਣੀ ਉਂਗਲ ਲਾ ਕੇ ਲੈ ਤੁਰਦਾ ਹੈ ਤੇ ਪਾਠਕ ਨੂੰ ਇਹ ਵੀ ਪਤਾ ਨਹੀਂ ਲੱਗਣ ਦਿੰਦਾ ਕਿ ਉਸ ਨੇ ਉਸ ਨੂੰ ਗਿਆਨ ਦੇ ਕਿਹੜੇ-ਕਿਹੜੇ ਸੰਸਾਰਾਂ ਦੀ ਯਾਤਰਾ ਕਰਵਾ ਦਿੱਤੀ ਹੈ। ਨਿਬੰਧ ਦੇ ਖ਼ਤਮ ਹੋਣ ਤੋਂ ਬਾਅਦ ਵਿੱਚ ਵੀ ਪੂਰਨ ਸਿੰਘ ਦਾ ਪ੍ਰਭਾਵ ਪਾਠਕ ਉਤੇ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ। ਕਵਿਤਾ ਦੇ ਜ਼ਿਆਦਾ ਨੇੜੇ ਹੋਣ ਕਰਕੇ ਕਈ ਵਾਰ ਪੂਰਨ ਸਿੰਘ ਦੇ ਵਿਚਾਰ ਪਾਠਕ ਦੀ ਪੂਰੀ ਤਰ੍ਹਾਂ ਪਕੜ ਵਿਚ ਬੇਸ਼ੱਕ ਨਹੀਂ ਆਉਂਦੇ ਪਰੰਤੂ ਜਿਸ ਪਾਠਕ ਨੂੰ ਇੱਕ ਵਾਰ ਪੂਰਨ ਸਿੰਘ ਨੂੰ ਪੜ੍ਹਨ ਤੇ ਰਸ ਆਉਣਾ ਆਰੰਭ ਹੋ ਜਾਵੇ, ਉਹ ਫਿਰ ਉਸ ਨੂੰ ਛੱਡ ਨਹੀਂ ਸਕਦਾ।

**ਮੌਲਿਕਤਾ** :

ਨਿਬੰਧ ਵਿਚ ਮੌਲਿਕਤਾ ਦੀ ਸਥਿਤੀ ਇਕ ਅਜਿਹੇ ਪ੍ਰਭਾਵ ਵਾਲੀ ਹੈ, ਜੋ ਵਿਸ਼ੇ ਅਤੇ ਕਲਾ ਦੋਹਾਂ ਤੋਂ ਪੈਦਾ ਹੁੰਦੀ ਹੈ। ਵੇਖਣ ਵਿਚ ਆਇਆ ਹੈ ਕਿ ਕਈ ਲੇਖਕਾਂ ਦੇ ਭਾਵ ਜਾਂ ਵਿਚਾਰ ਮੌਲਿਕ ਹੁੰਦੇ ਹਨ ਅਤੇ ਕਈ ਲੇਖਕਾਂ ਦੇ ਕਹਿਣ ਦਾ ਢੰਗ ਅਨੂਠਾ ਅਤੇ ਵਿਲੱਖਣ ਹੁੰਦਾ ਹੈ। ਜਿੱਥੋਂ ਤੱਕ ਪੂਰਨ ਸਿੰਘ ਦਾ ਸਬੰਧ ਹੈ, ਉਸ ਦੇ ਵਿਸ਼ੇ ਅਤੇ ਕਹਿਣ ਦੇ ਅੰਦਾਜ਼ ਦੋਹਾਂ

ਵਿਚ ਮੌਲਿਕਤਾ ਹੈ,ਅਸੀਂ ਇਹ ਵੀ ਦੇਖਦੇ ਹਾਂ ਕਿ ਪੂਰਨ ਸਿੰਘ ਤੋਂ ਪਹਿਲਾਂ ਆਧੁਨਿਕ ਰੂਪ ਵਾਲੀ ਵਾਰਤਕ ਦੀ ਕੋਈ ਖ਼ਾਸ ਪਰੰਪਰਾ ਪੰਜਾਬੀ ਵਿਚ ਮੌਜੂਦ ਨਹੀਂ ਸੀ । ਇਸ ਸਥਿਤੀ ਵਿੱਚ ਪੂਰਨ ਸਿੰਘ ਵਰਗਾ ਮੌਲਿਕ ਰਚਨਾਕਾਰ ਹੀ ਕੋਈ ਕ੍ਰਿਸ਼ਮਾ ਕਰ ਸਕਦਾ ਸੀ, ਜੋ ਕਿ ਉਸ ਨੇ ਆਪਣੀ ਵਾਰਤਕ ਦੁਆਰਾ ਕਰ ਵਿਖਾਇਆ। ਜਿੱਥੋਂ ਤਕ ਕਿਰਤ ਨਿਬੰਧ ਦਾ ਸੰਬੰਧ ਹੈ, ਇਸ ਦਾ ਵਿਸ਼ਾ ਤਾਂ ਭਾਵੇਂ ਆਮ ਚਰਚਾ ਵਾਲਾ ਹੈ ਪਰੰਤੂ ਜਿਸ ਢੰਗ ਨਾਲ ਪੂਰਨ ਸਿੰਘ ਨੇ ਇਸ ਨੂੰ ਪੁਖ਼ਤਗੀ ਬਖ਼ਸ਼ੀ ਹੈ, ਉਹ ਆਪਣੇ ਆਪ ਵਿੱਚ ਮਿਸਾਲ ਹੈ, ਸਰੀਰਕ ਕੰਮ ਅਤੇ ਦੈਵੀ ਗੁਣਾਂ ਦਾ ਸੁਮੇਲ ਕਰਵਾਉਣਾ ਪੂਰਨ ਸਿੰਘ ਦੀ ਵਿਲੱਖਣ ਪ੍ਰਾਪਤੀ ਕਹੀ ਜਾ ਸਕਦੀ ਹੈ ।

**ਸੰਖੇਪਤਾ** :

ਚੰਗੇ ਨਿਬੰਧ ਲਈ ਇਹ ਜ਼ਰੂਰੀ ਹੈ ਕਿ ਉਹ ਸੰਖੇਪ ਹੋਵੇ । ਨਿਬੰਧਕਾਰ ਨੇ ਜੋ ਕੁਝ ਕਹਿਣਾ ਹੈ ਉਹ ਜਲਦੀ ਤੋਂ ਜਲਦੀ ਥੋੜੇ ਸ਼ਬਦਾਂ ਵਿਚ ਕਹਿਣਾ ਹੈ । ਲੰਮਾ ਨਿਬੰਧ ਪਾਠਕ ਨੂੰ ਅਕਾ ਦਿੰਦਾ ਹੈ । ਪਾਠਕ ਦੀ ਉਸ ਪ੍ਰਤਿ ਅਰੁਚੀ ਪੈਦਾ ਹੋ ਜਾਂਦੀ ਹੈ । ਇਸ ਨਾਲ ਨਿਬੰਧਕਾਰ ਦਾ ਨਿਬੰਧ ਲਿਖਣ ਦਾ ਉਦੇਸ਼ ਹੀ ਖ਼ਤਮ ਹੋ ਜਾਂਦਾ ਹੈ। ਇਸ ਪੱਖ ਤੋਂ ਵੇਖਿਆਂ ਵੀ ਪੂਰਨ ਸਿੰਘ ਪ੍ਰਤਿਭਾਸ਼ੀਲ ਸ਼ੈਲੀਕਾਰ ਹੋ ਨਿਬੜਦਾ ਹੈ ਉਸ ਦੇ ਵਾਕ ਬੇਸ਼ੱਕ ਲੰਬੇ ਹਨ ਪ੍ਰੰਤੂ ਉਹ ਆਪਣੀ ਗੱਲ ਨੂੰ ਬਹੁਤ ਨਿੱਕੇ ਨਿੱਕੇ ਪੈਰਿਆਂ ਵਿੱਚ ਹੀ ਸਮਾਪਤ ਕਰ ਦਿੰਦਾ ਹੈ ਲੰਬੇ ਲੰਬੇ ਵਖਿਆਨ ਉਸਦੀ ਰਚਨਾ ਵਿੱਚ ਵੇਖਣ ਨੂੰ ਨਹੀਂ ਮਿਲਦੇ ਸੰਖੇਪਤਾ ਇਸ ਕਦਰ ਹੈ ਕਿ ਕਿਸੇ ਵੀ ਵਿਚਾਰ ਦਾ ਦੁਹਰਾਓ ਵੇਖਣ ਨੂੰ ਨਹੀਂ ਮਿਲਦਾ । ਲਗਾਤਾਰ ਪੜ੍ਹਦਿਆਂ ਸਮੁੱਚਾ ਨਿਬੰਧ ਦਸ ਤੋਂ ਪੰਦਰਾਂ ਮਿੰਟ ਵਿੱਚ ਹੀ ਸਮਾਪਤ ਹੋ ਜਾਂਦਾ ਹੈ । ਵਰਨਣਯੋਗ ਹੈ ਕਿ ਏਨੀ ਸੰਖੇਪਤਾ ਹੋਣ ਦੇ ਬਾਵਜੂਦ ਵੀ ਪਾਠਕ ਦੀ ਜਗਿਆਸਾ ਨੂੰ ਸ਼ਾਂਤ ਕਰਨ ਵਿੱਚ ਉਹ ਕਾਮਯਾਬ ਰਹਿੰਦਾ ਹੈ ।

**ਸਪੱਸ਼ਟਤਾ** :

ਨਿਬੰਧਕਾਰ ਦਾ ਮੁੱਖ ਕਰਤੱਵ ਹੈ, ਆਪਣੀ ਗੱਲ ਨੂੰ ਪਾਠਕ ਤਕ ਸਹੀ ਅਤੇ ਸਮਝੇ ਜਾਣ ਯੋਗ ਢੰਗ ਨਾਲ ਪੇਸ਼ ਕਰਨਾ ਹੈ । ਇਸ ਨਾਲ ਪਾਠਕ ਨੂੰ ਕਠਿਨਾਈ ਨਹੀਂ ਹੁੰਦੀ । ਜਿਤਨੀ ਵੀ ਕੋਈ ਨਿਬੰਧ-ਰਚਨਾ ਅਧਿਕ ਸਪਸ਼ਟ ਹੋਵੇਗੀ, ਉਤਨੀ ਹੀ ਉਹ ਵਧੇਰੇ ਪਸੰਦ ਕੀਤੀ ਜਾਵੇਗੀ । ਇਹ ਪਸੰਦਗੀ ਹੀ ਪਾਠਕ ਦਾ ਮਨ ਮੋਹ ਲੈਂਦੀ ਹੈ । ਇਸ ਪੱਖ ਤੋਂ ਪੂਰਨ ਸਿੰਘ ਦੇ ਨਿਬੰਧ ਵਿੱਚ ਘਾਟ ਮਹਿਸੂਸ ਹੁੰਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਪੂਰਨ ਸਿੰਘ ਦੀ ਵਾਰਤਕ ਵਿਚ ਇਸ ਘਾਟ ਵੱਲ ਇਸ਼ਾਰਾ ਵੀ ਕੀਤਾ ਹੈ । ਪੂਰਨ ਸਿੰਘ ਦੀ ਗੱਲ ਸ਼ਬਦਾਂ ਵਿੱਚ ਆਉਂਦੀ ਆਉਂਦੀ ਉਲਝ ਜਾਂਦੀ ਹੈ । ਕਈ ਵਾਰ ਤਾਂ ਉਹ ਬੜੀ ਸਰਲਤਾ ਨਾਲ ਠੀਕ ਕਿਸਮ ਦੇ ਵਾਕ ਬਣਾਉਂਦਾ ਹੈ ਪ੍ਰੰਤੂ ਕਈ ਵਾਰ ਇਉਂ ਲੱਗਦਾ ਹੈ ਕਿ ਉਹ ਆਪਣੀ ਗੱਲ ਕਹਿਣ ਦੇ ਜੋਸ਼ ਵਿਚ ਵਾਕ ਬਨਾਵਟ ਦੇ ਅਸੂਲ ਭੁੱਲ ਗਿਆ ਹੈ । ਉਸ ਦੇ ਵਾਕ ਇੰਨੇ ਲੰਬੇ ਹੋ ਜਾਂਦੇ ਹਨ ਕਿ ਕਈ ਵਾਰ ਪੂਰਾ ਪੈਰ੍ਹਾ ਹੀ ਇਕ ਵਾਕ ਬਣ ਜਾਂਦਾ ਹੈ । ਸਧਾਰਨ ਪੱਧਰ ਦੇ ਪਾਠਕ ਲਈ ਉਸਨੂੰ ਸਮਝ ਸਕਣਾ ਔਖਾ ਹੋ ਜਾਂਦਾ ਹੈ । ਇਹ ਗੱਲ ਕਈ ਵਾਰ ਪਾਠਕ ਨੂੰ ਅਕਾ ਵੀ ਦਿੰਦੀ ਹੈ । ਕਈ ਵਾਰ ਤਾਂ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਪੂਰਨ ਸਿੰਘ ਦੁਆਰਾ ਲਿਖੀ ਗਈ ਵਾਰਤਕ ਸਾਧਾਰਨ ਪਾਠਕ ਲਈ ਨਾ ਹੋ ਕੇ ਵਿਸ਼ੇਸ਼ ਪਾਠਕਾਂ ਲਈ ਰਚੀ ਗਈ ਹੈ।

ਅੰਤ ਕਹਿ ਸਕਦੇ ਹਾਂ ਕਿ ਪੂਰਨ ਸਿੰਘ ਇਕ ਮੌਲਿਕ ਸ਼ੈਲੀਕਾਰ ਹੈ । ਜਿਸ ਦੀ ਨਵੀਨਤਾ ਵਿਸ਼ੇ ਦੇ ਪੱਖ ਦੇ ਨਾਲ ਨਾਲ ਉਸਦੇ ਸ਼ੈਲੀਗਤ ਪੱਖਾਂ ਵਿਚ ਵੀ ਝਲਕਦੀ ਹੈ । ਕੋਈ ਵਿਸ਼ੇਸ਼ ਪਰੰਪਰਾ ਮੌਜੂਦ ਨਾ ਹੋਣ ਦੇ ਬਾਵਜੂਦ ਵੀ ਉਸ ਵੱਲੋਂ ਆਉਣ ਵਾਲੇ ਵਾਰਤਕਕਾਰਾਂ ਲਈ ਨਵੇਂ ਰਾਹ ਪੈਦਾ ਕੀਤੇ ਗਏ।

**3.9 ਅਭਿਆਸ ਲਈ ਪ੍ਰਸ਼ਨ**

**ਪ੍ਰਸ਼ਨ 6** ਜਾਪਾਨੀਆਂ ਦੇ ਕਿਰਤੀ ਸੁਭਾਅ ਬਾਰੇ ਪੂਰਨ ਸਿੰਘ ਕੀ ਦੱਸਦਾ ਹੈ ?

**ਪ੍ਰਸ਼ਨ 7** ਪੂਰਨ ਸਿੰਘ ਦੇ ਵਿਦਿਆ ਤੇ ਅਵਿਦਿਆ ਬਾਰੇ ਕੀ ਵਿਚਾਰ ਹਨ?

**ਪ੍ਰਸ਼ਨ 8** ਗੁਰਬਾਣੀ ਵਿੱਚ ਕਿਰਤੀ ਦੀ ਸਿਫ਼ਤ ਕਿਸ ਪ੍ਰਕਾਰ ਕੀਤੀ ਗਈ ਹੈ?

**ਪ੍ਰਸ਼ਨ 9** ਪੂਰਨ ਸਿੰਘ ਦੀ ਵਾਰਤਕ ਦੀ ਕੋਈ ਵਿਲੱਖਣਤਾ ਦੱਸੋ?

**ਪ੍ਰਸ਼ਨ 10** ਪੂਰਨ ਸਿੰਘ ਦੀ ਵਾਰਤਕ ਦੀ ਕੋਈ ਕਲਾਤਮਕ ਘਾਟ ਦੀ ਜਾਣਕਾਰੀ ਦਿਓ?

**ਉੱਤਰ 6**

ਪੂਰਨ ਸਿੰਘ ਨੇ ਆਪਣੇ ਵਿਦਿਆਰਥੀ ਜੀਵਨ ਦਾ ਲੰਮਾ ਸਮਾਂ ਜਾਪਾਨ ਵਿੱਚ ਗੁਜ਼ਾਰਿਆ ਕਿਰਤ ਦੇ ਅਸਲ ਅਰਥ ਉਸਨੂੰ ਜਾਪਾਨੀਆਂ ਦੇ ਜੀਵਨ ਵਿਚੋਂ ਝਲਕਦੇ ਦਿਖਾਈ ਦਿੰਦੇ ਹਨ। ਉਹ ਕਹਿੰਦਾ ਹੈ ਕਿ 'ਜੇਕਰ ਆਪਣੇ ਦੇਸ਼ ਅਤੇ ਜਪਾਨ ਦਾ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਜਾਪਾਨ ਵਿਚ ਕਿਸੇ ਨੂੰ ਮਨਘੜਤ ਖਿਆਲਾਂ ਦੀ ਕੜੀ ਗਿਆਨ ਗੋਦੜੀ ਦੀਆਂ ਮਾਨਸਿਕ ਚੰਚਲਤਾ ਦੀਆਂ ਖੇਡਾਂ ਕਰਨ ਦੀ ਵਿਹਲ ਨਹੀਂ, ਉਹ ਲਗਾਤਾਰ ਆਪਣੀ ਕਿਰਤ ਵਿਚ ਲੱਗੇ ਹੋਏ ਹਨ। ਇਕ ਤਰਖਾਣ ਜੋ ਆਪਣੇ ਹੱਥ ਨਾਲ ਲੱਕੜੀ ਨੂੰ ਰੂਪ ਦੇ ਰਿਹਾ ਹੈ, ਇੱਕ ਲੁਹਾਰ ਜੋ ਗਰਮ ਲੋਹੇ ਨੂੰ ਸਾਧ ਰਿਹਾ ਹੈ, ਇਕ ਚਿੱਤਰਕਾਰ ਜਿਹੜਾ ਗਿਆਨ ਧਿਆਨ ਵਿਚ ਕਿਸੀ ਦੇਖੀ ਚੀਜ਼ ਨੂੰ ਅਮਰ ਕਰ ਰਿਹਾ ਹੈ । ਉਨ੍ਹਾਂ ਦੀ ਕਿਰਤ ਦੀ ਲਗਾਤਾਰਤਾ ਤੋਂ ਉਪਜੀ ਸਹਿਜ ਸਮਾਧੀ ਤੋਂ ਉਨ੍ਹਾਂ ਨੂੰ ਵਿਹਲ ਹੀ ਨਹੀਂ ਮਿਲਦੀ ਕਿ ਉਹ ਕਿਸੇ ਨਿਕੰਮੇ ਵਾਦ ਵਿਵਾਦ ਵਿਚ ਪੈਣ ਸਗੋਂ ਉਹ ਤਾਂ ਗੱਲਾਂ ਕਰਨ ਵਾਲਿਆਂ ਨੂੰ ਕੁਝ ਪਾਗਲ ਸਮਝਦੇ ਹਨ।

**ਉੱਤਰ 7**

ਅਸਲ ਵਿੱਦਿਆ ਉਹ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿਚ ਕਿਰਤ ਕਰਦੀ ਸਾਹ ਲੈਂਦੀ ਹੈ ਤੇ ਉਹ ਵਿੱਦਿਆ ਅਸਲ ਵਿਚ ਅਵਿੱਦਿਆ ਹੈ, ਜੋ ਕੁਦਰਤ ਤੇ ਕਾਦਰ ਦੇ ਰੰਗ ਤੋਂ ਵੱਖ ਕੀਤੇ ਮਨ ਦੇ ਖ਼ਿਆਲਾਂ ਤੇ ਚਰਚਾਵਾਂ ਨੂੰ ਕੋਈ ਹੈਸੀਅਤ ਦਿੰਦੀ ਹੈ।

**ਉੱਤਰ 8**

ਪੂਰਨ ਸਿੰਘ ਅਨੁਸਾਰ ਗੁਰੂ ਸਹਿਬਾਨਾਂ ਦੇ ਦਰਬਾਰ ਵਿਚ ਇਕ ਪਾਸੇ ਸੁੱਚੀ ਕਿਰਤ ਨੈਣ ਪ੍ਰਾਣਾਂ ਦੀ ਦਸਾਂ ਨਹੁੰਆਂ ਦੀ ਮਿਹਨਤ ਦੀ ਕਦਰ ਹੈ ਅਤੇ ਦੂਜੇ ਪਾਸੇ ਇਕ ਪੂਰਨ ਬ੍ਰਹਮ ਗਿਆਨੀ ਅਤੇ ਕਿਰਤ ਵਾਲੇ ਸਾਧ ਦੀ ਚੁੱਪ ਕਿਰਤ ਦੇ ਪੂਰਨ ਦਰਸ਼ਨ ਦੀ ਸਿਫ਼ਤ ਹੈ, ਉਨ੍ਹਾਂ ਮਨੁੱਖੀ ਸਮਾਜ ਦਾ ਆਧਾਰ ਕਿਰਤੀ ਦੀ ਕਿਰਤ ਨੂੰ ਅਤੇ ਮੰਜ਼ਿਲ ਸਾਧ ਦੇ ਵਜੂਦ ਨੂੰ ਕਿਹਾ ਹੈ, ਇਸ ਤੋਂ ਬਿਨਾਂ ਹਰ ਕਰਮ ਨੂੰ ਕੂੜ ਦਾ ਪਸਾਰ ਮੰਨਿਆ ਹੈ, ਜਿਸ ਨੂੰ ਕੂੜੇ ਵਾਂਗ ਆਪਣੇ ਮਨ ਮੰਦਰ ਵਿਚੋਂ ਬਾਹਰ ਸੁੱਟ ਦੇਣ ਦਾ ਉਪਦੇਸ਼ ਵੀ ਦਿੱਤਾ ਹੈ।

**ਉੱਤਰ 9**

ਪੂਰਨ ਸਿੰਘ ਦੀ ਵਾਰਤਕ ਦੀ ਇਹ ਵਿਲੱਖਣਤਾ ਹੈ ਕਿ ਉਸ ਦੀ ਵਾਰਤਕ ਵਿਚ ਵੀ ਕਵਿਤਾ ਵਾਲਾ ਰਸ ਅਨੁਭਵ ਹੁੰਦਾ ਹੈ । ਉਸ ਦੇ ਲੇਖਾਂ ਨੂੰ ਪੜ੍ਹਦਿਆਂ ਵਾਰਤਕ ਦਾ ਨਹੀਂ ਕਵਿਤਾ ਦਾ ਸਵਾਦ ਆਉਂਦਾ ਹੈ । ਇਹੋ ਜਿਹੀਆਂ ਟੁਕੜੀਆਂ ਕਈ ਵਾਰ ਤਾਂ ਇਸ ਕਰਕੇ ਵੀ ਕਵਿਤਾ ਲੱਗਦੀਆਂ ਹਨ ਕਿ ਪੂਰਨ ਸਿੰਘ ਨੇ ਗੱਲ ਰੂਪਕਾਂ ਤੇ ਉਪਮਾਵਾਂ ਰਾਹੀਂ ਕੀਤੀ ਹੈ, ਕਵਿਤਾ ਵਾਲੇ ਬਿੰਬ ਵੀ ਉਸ ਵਿੱਚ ਦੇਖੇ ਜਾ ਸਕਦੇ ਹਨ । ਕਿਰਤ ਲੇਖ ਵਿੱਚ ਇਸ ਦਾ ਹਵਾਲਾ ਇਸ ਪ੍ਰਕਾਰ ਵੇਖਿਆ ਜਾ ਸਕਦਾ ਹੈ, 'ਇਕ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿੱਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਕਰਮ ਕਰਨ ਦੀ ਵੇਹਲ ਹੀ ਨਹੀਂ ਲੱਗਦੀ-ਸਿਆਣਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ-ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ ।

**ਉੱਤਰ 10**

ਸਪੱਸ਼ਟਤਾ ਦੇ ਪੱਖ ਤੋਂ ਪੂਰਨ ਸਿੰਘ ਦੇ ਨਿਬੰਧ ਵਿੱਚ ਘਾਟ ਮਹਿਸੂਸ ਹੁੰਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਪੂਰਨ ਸਿੰਘ ਦੀ ਵਾਰਤਕ ਵਿਚ ਇਸ ਘਾਟ ਵੱਲ ਇਸ਼ਾਰਾ ਵੀ ਕੀਤਾ ਹੈ । ਪੂਰਨ ਸਿੰਘ ਦੀ ਗੱਲ ਸ਼ਬਦਾਂ ਵਿੱਚ ਆਉਂਦੀ ਆਉਂਦੀ ਉਲਝ ਜਾਂਦੀ ਹੈ । ਕਈ ਵਾਰ ਤਾਂ ਉਹ ਬੜੀ ਸਰਲਤਾ ਨਾਲ ਠੀਕ ਕਿਸਮ ਦੇ ਵਾਕ ਬਣਾਉਂਦਾ ਹੈ ਪ੍ਰੰਤੂ ਕਈ ਵਾਰ ਇਉਂ ਲੱਗਦਾ ਹੈ ਕਿ ਉਹ ਆਪਣੀ ਗੱਲ ਕਹਿਣ ਦੇ ਜੋਸ਼ ਵਿਚ ਵਾਕ ਬਨਾਵਟ ਦੇ ਅਸੂਲ ਭੁੱਲ ਗਿਆ ਹੈ । ਉਸ ਦੇ ਵਾਕ ਇੰਨੇ ਲੰਬੇ ਹੋ ਜਾਂਦੇ ਹਨ ਕਿ ਕਈ ਵਾਰ ਪੂਰਾ ਪੈਰ੍ਹਾ ਹੀ ਇਕ ਵਾਕ ਬਣ ਜਾਂਦਾ ਹੈ । ਸਧਾਰਨ ਪੱਧਰ ਦੇ ਪਾਠਕ ਲਈ ਉਸਨੂੰ ਸਮਝ ਸਕਣਾ ਔਖਾ ਹੋ ਜਾਂਦਾ ਹੈ । ਇਹ ਗੱਲ ਕਈ ਵਾਰ ਪਾਠਕ ਨੂੰ ਅਕਾ ਵੀ ਦਿੰਦੀ ਹੈ । ਕਈ ਵਾਰ ਤਾਂ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਪੂਰਨ ਸਿੰਘ ਦੁਆਰਾ ਲਿਖੀ ਗਈ ਵਾਰਤਕ ਸਾਧਾਰਨ ਪਾਠਕ ਲਈ ਨਾ ਹੋ ਕੇ ਵਿਸ਼ੇਸ਼ ਪਾਠਕਾਂ ਲਈ ਰਚੀ ਗਈ ਹੈ।

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| | |
|---|---|
| ਯੂਨਿਟ–**4** | **ਘਰ ਦਾ ਪਿਆਰ - ਪ੍ਰਿੰਸੀਪਲ ਤੇਜਾ ਸਿੰਘ, ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ-ਅਨੁ ਵਿਜੈ ਬੰਬੇਲੀ** |

**ਪਾਠ ਦੀ ਰੂਪ-ਰੇਖਾ**

**4.0 ਘਰ ਦਾ ਪਿਆਰ - ਪ੍ਰਿੰਸੀਪਲ ਤੇਜਾ ਸਿੰਘ**

**4.0.0 ਜਾਣ-ਪਹਿਚਾਣ**

**4.0.1 ਉਦੇਸ਼**

**4.0.2 ਪ੍ਰਿੰਸੀਪਲ ਤੇਜਾ ਸਿੰਘ (1894-1958) : ਜੀਵਨ ਅਤੇ ਰਚਨਾ**

**4.0.3 ਰਚਨਾਵਾਂ**

**4.0.4 ਨਿਬੰਧ : ਘਰ ਦਾ ਪਿਆਰ**

**4.0.5 ਅਭਿਆਸ ਲਈ ਪ੍ਰਸ਼ਨ-ਉੱਤਰ**

**4.0.6 ਘਰ ਦਾ ਪਿਆਰ : ਵਿਸ਼ੇਗਤ ਅਧਿਐਨ**

**4.0.7 ਘਰ ਦਾ ਪਿਆਰ : ਕਲਾਤਮਕ ਅਧਿਐਨ**

**4.0.8 ਅਭਿਆਸ ਲਈ ਪ੍ਰਸ਼ਨ-ਉੱਤਰ**

**4.1 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ - ਅਨੁ ਵਿਜੈ ਬੰਬੇਲੀ**

**4.1.0 ਜਾਣ- ਪਹਿਚਾਣ**

**4.1.2 ਵਿਜੈ ਬੰਬੇਲੀ : ਜੀਵਨ ਤੇ ਰਚਨਾ**

**4.1.3 ਰਚਨਾਵਾਂ**

**4.1.4 ਨਿਬੰਧ :- ਇਨਸਾਨੀ ਹਿੰਮਤ ਤੇ ਪਹਿਲ ਕਦਮੀ ਦਾ ਕ੍ਰਿਸ਼ਮਾ**

**4.1.5 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ : ਵਿਸ਼ੇਗਤ ਅਧਿਐਨ**

**4.1.6 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ : ਕਲਾਤਮਕ ਅਧਿਐਨ**

**4.1.7 ਅਭਿਆਸ ਲਈ ਪ੍ਰਸ਼ਨ**

## 4.0 ਘਰ ਦਾ ਪਿਆਰ - ਪ੍ਰਿੰਸੀਪਲ ਤੇਜਾ ਸਿੰਘ

### 4.0.0 ਜਾਣ-ਪਹਿਚਾਣ

ਪ੍ਰਿੰਸੀਪਲ ਤੇਜਾ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਮੁੱਢਲੇ ਵਾਰਤਕਾਰ ਸਨ।ਵਾਰਤਕ ਦੇ ਨਾਲ ਨਾਲ ਉਹਨਾਂ ਨੇ ਟੀਕਾਕਾਰੀ, ਕੋਸ਼ਕਾਰੀ, ਜੀਵਨੀ, ਸਵੈ-ਜੀਵਨੀ, ਆਲੋਚਨਾ ਤੇ ਖੋਜ ਦੇ ਖੇਤਰ 'ਚ ਕਲਮ ਅਜ਼ਮਾਈ।ਇਸ ਪਾਠ ਵਿੱਚ ਉਨ੍ਹਾਂ ਦੇ ਜੀਵਨ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਬਾਰੇ ਗੱਲਬਾਤ ਕੀਤੀ ਗਈ ਹੈ।ਨਾਲ ਹੀ ਉਨ੍ਹਾਂ ਦੁਆਰਾ ਲਿਖੇ ਗਏ ਲੇਖ ਘਰ ਦਾ ਪਿਆਰ ਦਾ ਆਲੋਚਨਾਤਮਕ ਅਧਿਐਨ ਕਰਦੇ ਹੋਏ, ਇਸ ਦੇ ਬਹੁਪੱਖਾਂ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।

### 4.0.1 ਉਦੇਸ਼

ਪ੍ਰਿੰਸੀਪਲ ਤੇਜਾ ਸਿੰਘ ਵੀਹਵੀਂ ਸਦੀ ਦੇ ਆਧੁਨਿਕ ਪੰਜਾਬੀ ਸਾਹਿਤ ਦੇ ਪਹਿਲੀ ਪੀੜ੍ਹੀ ਦੇ ਪ੍ਰਮੁੱਖ ਵਾਰਤਕਕਾਰ ਹਨ। ਉਨ੍ਹਾਂ ਨੇ ਭਾਵੇਂ ਬਹੁਤਾ ਨਹੀਂ ਲਿਖਿਆ ਪਰ ਜੋ ਵੀ ਲਿਖਿਆ ਹੈ ਉਹ ਇੰਨਾ ਸ਼ੁੱਧ, ਸਪੱਸ਼ਟ ਅਤੇ ਮਿਆਰੀ ਹੈ ਕਿ ਉਹਨਾਂ ਨੂੰ ਟਕਸਾਲੀ ਲੇਖਕ ਮੰਨਣਾ ਪੈਂਦਾ ਹੈ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਤੇਜਾ ਸਿੰਘ ਦੇ ਲੇਖ ਘਰ ਦਾ ਪਿਆਰ ਦੀ ਮਹੱਤਤਾ ਦ੍ਰਿੜ੍ਹ ਕਰਵਾਉਣਾ ਹੈ । ਮੂਲ ਰਚਨਾ ਦੇ ਨਾਲ ਉਸ ਦਾ ਸਾਰ ਕਿਵੇਂ ਲਿਖਣਾ ਹੈ ਤੇ ਉਸ ਦੇ ਕਲਾ ਪੱਖ ਉੱਤੇ ਵੀ ਚਰਚਾ ਕੀਤੀ ਜਾਵੇਗੀ। ਜਿਸ ਨਾਲ ਵਿਦਿਆਰਥੀ ਨਿਬੰਧ ਦੇ ਕਲਾਤਮਕ ਪੱਖ ਬਾਰੇ ਸੂਝ ਹਾਸਿਲ ਕਰ ਸਕਣਗੇ। ਇਸ ਦੇ ਨਾਲ ਹੀ ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਪੰਜਾਬੀ ਸਾਹਿਤ ਜਗਤ ਵਿੱਚ ਪਾਏ, ਉਨ੍ਹਾਂ ਦੇ ਯੋਗਦਾਨ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ।

### 4.0.2 ਪ੍ਰਿੰਸੀਪਲ ਤੇਜਾ ਸਿੰਘ (1894-1958) : ਜੀਵਨ ਅਤੇ ਰਚਨਾ

ਪ੍ਰਿੰਸੀਪਲ ਤੇਜਾ ਸਿੰਘ ਵੀਹਵੀਂ ਸਦੀ ਦੀ ਇਕ ਪ੍ਰਭਾਵਸ਼ਾਲੀ ਹਸਤੀ ਸਨ। ਉਹ ਇਕ ਸਫ਼ਲ ਅਧਿਆਪਕ, ਮੰਨੇ-ਪ੍ਰਮੰਨੇ ਵਿਦਵਾਨ, ਸਾਹਿਤਕਾਰ, ਇਤਿਹਾਸਕਾਰ, ਕਵੀ, ਚਿੱਤਰਕਾਰ, ਵਿਆਕਰਣ ਮਾਹਿਰ, ਚਿੰਤਕ, ਧਰਮ ਪ੍ਰਚਾਰਕ ਤੇ ਸਮਾਜ ਸੁਧਾਰਕ ਸਨ। ਇਕ ਸਧਾਰਨ ਗਰੀਬ ਪਰਿਵਾਰ ਵਿਚ ਜਨਮ ਲੈ ਕੇ ਉਨ੍ਹਾਂ ਨੇ ਰੱਬ ਦਾ ਓਟ ਆਸਰਾ ਤੱਕਦਿਆਂ ਕਰੜੀ ਘਾਲਣਾ ਘਾਲ ਕੇ ਅਕਾਦਮਿਕ ਤੋਰ ’ਤੇ ਉਚੀਆਂ ਪ੍ਰਾਪਤੀਆਂ ਕੀਤੀਆਂ।

ਤੇਜਾ ਸਿੰਘ ਦਾ ਜਨਮ 2 ਜੂਨ 1894 ਈ. ਨੂੰ ਭਾਈ ਭਲਾਕਰ ਸਿੰਘ ਦੇ ਘਰ ਮਾਤਾ ਸਰਸਵਤੀ ਦੀ ਕੁੱਖੋਂ ਪਿੰਡ ਅਡਿਆਲਾ ਜਿਲ੍ਹਾ ਰਾਵਲਪਿੰਡੀ ਲਹਿੰਦੇ ਪੰਜਾਬ ਵਿਚ ਹੋਇਆ। ਉਨ੍ਹਾਂ ਦਾ ਪਹਿਲਾ ਨਾਮ ਤੇਜਾ ਰਾਮ ਸੀ। ਸਿੱਖ ਧਰਮ ਤੋਂ

ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਮ੍ਰਿਤ ਛਕ ਲਿਆ ਤੇ ਤੇਜਾ ਰਾਮ ਤੋਂ ਤੇਜਾ ਸਿੰਘ ਹੋ ਗਏ। 1899 ਈ. ਵਿੱਚ ਉਨ੍ਹਾਂ ਆਪਣੀ ਪ੍ਰਾਇਮਰੀ ਵਿੱਦਿਆ ਡੱਲਾ ਦੇ ਸਰਕਾਰੀ ਸਕੂਲ ਤੋਂ ਆਰੰਭ ਕੀਤੀ। ਸਕੂਲ ਸਮੇਂ ਵਿੱਚ ਵਿਦਿਆਰਥੀ ਜੀਵਨ ਦੀ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਅੱਠਵੀਂ ਜਮਾਤ ਵਿੱਚ ਅੱਵਲ ਰਹਿ ਕੇ ਵਜ਼ੀਫਾ ਹਾਸਲ ਕਰਨਾ ਸੀ। 1910 ਵਿੱਚ ਦਸਵੀਂ ਪਾਸ ਕਰਨ ਉਪਰੰਤ ਉਨ੍ਹਾਂ ਭਾਈ ਨਿਹਾਲ ਸਿੰਘ ਅਤੇ ਭਾਈ ਰਾਮ ਚੰਦ ਸੋਟੀਆਂ ਵਾਲੇ ਤੋਂ ਗੁਰਮੁਖੀ ਸਿੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਉਪਰੰਤ ਗੁਰਮਤਿ ਨਾਲ ਉਨ੍ਹਾਂ ਦਾ ਲਗਾਓ ਵਧਦਾ ਗਿਆ ਤੇ ਸਾਰੀ ਉਮਰ ਉਹ ਗੁਰਬਾਣੀ ਦੇ ਅਧਿਐਨ ਕਾਰਜਾਂ ਵਿੱਚ ਜੁਟੇ ਰਹੇ। ਪੰਜਾਬੀ ਤੋਂ ਇਲਾਵਾ ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਜ਼ੁਬਾਨ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ।

1912 ਈ. ਵਿੱਚ ਐਫ.ਏ ਪਾਸ ਕਰਕੇ ਉਹ ਸੰਤਾ ਸਿੰਘ ਸੁੱਖਾ ਸਿੰਘ ਅੰਮ੍ਰਿਤਸਰ ਵਿੱਚ ਮੁੱਖ ਅਧਿਆਪਕ ਲੱਗ ਗਏ। 1914 ਵਿੱਚ ਉਨ੍ਹਾਂ ਬੀ.ਏ ਪਾਸ ਕੀਤੀ ਅਤੇ ਰਾਵਲਪਿੰਡੀ ਵਿਚ ਇੰਗਲਿਸ਼ ਤੇ ਇਤਿਹਾਸ ਪੜ੍ਹਾਉਣ ਲੱਗੇ। ਐਮ.ਏ. ਪਾਸ ਕਰਨ ਤੋਂ ਬਾਅਦ 1919 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਇੰਗਲਿਸ਼, ਇਤਿਹਾਸ ਅਤੇ ਧਾਰਮਿਕ ਸਿੱਖਿਆ ਦੇ ਪ੍ਰੋਫੈਸਰ ਬਣ ਗਏ। ਪਰ ਖ਼ਾਲਸਾ ਕਾਲਜ ਦੀ ਮੈਨੇਜਮੈਂਟ ਸਰਕਾਰ ਪੱਖੀਆਂ ਕੋਲ ਸੀ। ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਕਰਦਿਆਂ ਕਾਲਜ ਦੇ ਤੇਰਾਂ ਅਧਿਆਪਕਾਂ ਨੇ ਅਸਤੀਫਾ ਦੇ ਦਿੱਤਾ, ਜਿਨ੍ਹਾਂ ਵਿੱਚੋਂ ਪ੍ਰਿੰਸੀਪਲ ਤੇਜਾ ਸਿੰਘ ਵੀ ਇੱਕ ਸਨ। 1923 ਈ. ਵਿੱਚ ਉਨ੍ਹਾਂ ਨੂੰ ਅਕਾਲੀ ਲਹਿਰ ਦੇ ਰੂਪ ਵਿਚ ਆਜ਼ਾਦੀ ਸੰਗਰਾਮ ਵਿੱਚ ਸਰਗਰਮੀਆਂ ਕਾਰਨ ਜੇਲ੍ਹ ਵੀ ਜਾਣਾ ਪਿਆ। 1925 ਵਿੱਚ ਉਹ ਦੁਬਾਰਾ ਖ਼ਾਲਸਾ ਕਾਲਜ ਵਿੱਚ ਪੜ੍ਹਾਉਣ ਲੱਗ ਪਏ।

1936 ਵਿੱਚ ਉਨ੍ਹਾਂ ਮਲਾਇਆ ਦੀ ਯਾਤਰਾ ਵੀ ਕੀਤੀ। 1945 ਵਿੱਚ ਗੁਰੂ ਨਾਨਕ ਖ਼ਾਲਸਾ ਕਾਲਜ (ਮੁੰਬਈ) ਦੇ ਪ੍ਰਿੰਸੀਪਲ ਥਾਪੇ ਗਏ। 1948 ਵਿੱਚ ਪੰਜਾਬ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੇ ਸਕੱਤਰ ਬਣੇ। 1949 ਵਿੱਚ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਨਿਯੁਕਤ ਹੋਏ ।

ਗੁਰਦੁਆਰਾ ਪ੍ਰਬੰਧ ਸੁਧਾਰ (ਅਕਾਲੀ) ਲਹਿਰ ਵਿਚ ਉਹਨਾਂ ਬਹੁਤ ਮਿਹਨਤ ਅਤੇ ਲਗਨ ਨਾਲ ਕਾਰਜ ਕੀਤਾ ਅਤੇ ਉਹਨਾਂ ਨੂੰ ਜੇਲ੍ਹ ਵੀ ਜਾਣਾ ਪਿਆ। ਸ਼੍ਰੋਮਣੀ ਕਮੇਟੀ ਵਲੋਂ ਸਿੱਖ ਰਹਿਤ ਮਰਿਆਦਾ ਦਾ ਖਰੜਾ ਤਿਆਰ ਕਰਨ ਸਮੇਂ ਪ੍ਰਿੰਸੀਪਲ ਤੇਜਾ ਸਿੰਘ ਦਾ ਬਹੁਤ ਯੋਗਦਾਨ ਰਿਹਾ। ਉਨ੍ਹਾਂ ਗੁਰਦੁਆਰਾ ਪ੍ਰਬੰਧ ਸੁਧਾਰ (ਅਕਾਲੀ) ਲਹਿਰ ’ਤੇ ਇਕ ਕਿਤਾਬ ਵੀ ਲਿਖੀ, ਜੋ ਕਿ ਸ਼੍ਰੋਮਣੀ ਕਮੇਟੀ ਨੇ ਛਾਪੀ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਉਨ੍ਹਾਂ ਦੇ ਲਿਖੇ ਕਈ ਇੰਦਰਾਜ਼ ਬਹੁਤ ਪ੍ਰਸੰਸਾਯੋਗ ਹਨ। ਇਸ ਕੋਸ਼ ਦੀ ਭੂਮਿਕਾ ਵੀ ਉਨ੍ਹਾਂ ਦੀ ਲਿਖੀ ਹੋਈ ਹੈ। ਉਹ ਭਾਰਤੀ ਸਾਹਿਤ ਅਕਾਦਮੀ ਦੇ ਸਲਾਹਕਾਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਉਪ ਪ੍ਰਧਾਨ ਵੀ ਰਹੇ।

ਪੰਜਾਬੀ ਸਾਹਿਤ ਦੇ ਵਾਰਤਕ ਲੇਖਕ ਵਜੋਂ ਪ੍ਰਿੰਸੀਪਲ ਤੇਜਾ ਸਿੰਘ ਦਾ ਨਾਂ ਬੜਾ ਉੱਚਾ ਹੈ। ਅਕਾਲੀ ਲਹਿਰ ਜਦੋਂ ਆਪਣੀ ਚੜ੍ਹਤ ਵਿੱਚ ਚੱਲ ਰਹੀ ਸੀ ਤਾਂ ਆਪ ਨੇ ਸਿੱਖ ਧਰਮ ਦੇ ਇਤਿਹਾਸ ਬਾਰੇ ਬਹੁਤ ਕੁਝ ਲਿਖਿਆ। ਧਾਰਮਿਕ ਲੇਖਣੀ ਤੋਂ ਪਿੱਛੋਂ ਆਪ ਜਲਦੀ ਹੀ ਸਾਹਿਤਕ ਪਰਖ ਪੜਚੋਲ ਦੇ ਵਿਸ਼ੇ ਨੂੰ ਅਪਣਾ ਕੇ ਉੱਧਰ ਸਰਗਰਮ ਹੋ ਗਏ ਅਤੇ ਨਵੇਂ ਪੁੰਗਰਦੇ ਪੰਜਾਬੀ ਸਾਹਿਤਕਾਰਾਂ ਨੂੰ ਆਪਣੀ ਅਗਵਾਈ ਨਾਲ ਉਤਸ਼ਾਹਿਤ ਕਰਨ ਲੱਗੇ। ਉਸ ਸਮੇਂ ਦੇ ਅਨੁਸਾਰ ਆਪ ਦੀ ਆਲੋਚਨਾ ਨਵੀਆਂ ਲੀਹਾਂ ਪਾਉਣ ਵਾਲੀ ਸੀ ਕਿਉਂਕਿ ਆਪ ਅੰਗਰੇਜ਼ੀ ਸਾਹਿਤ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੀਆਂ ਐਮ.ਏ. ਕਲਾਸਾਂ ਨੂੰ ਪੜ੍ਹਾਉਂਦੇ ਰਹੇ ਸਨ। ਆਪ ਨੇ ਪੰਜਾਬੀ ਆਲੋਚਨਾ ਨੂੰ ਰਵਾਇਤੀ ਸਥਾਨਕ ਰੰਗਤ ਵਿੱਚੋਂ ਕੱਢ ਕੇ ਆਪਣੀ ਲਿਖਤ ਵਿੱਚ ਖੁੱਲ੍ਹੇ ਦਿਲ ਨਾਲ ਹੋਰਨਾਂ ਦੇਸ਼ਾਂ, ਧਰਮਾਂ, ਸੱਭਿਆਚਾਰਾਂ ਅਤੇ ਸਾਹਿਤ ਨਾਲ ਜਾਣ ਪਛਾਣ ਕਰਵਾਉਂਦਿਆਂ ਇੱਕ ਨਵੇਂ ਸੰਵਾਦ ਦਾ ਸੰਚਾਰ ਕੀਤਾ। ਪ੍ਰੰਤੂ ਨਵੇਂ ਵਿਚਾਰਾਂ ਦੀ ਵੰਨਸੁਵੰਨਤਾ ਦੇ ਬਾਵਜੂਦ ਵੀ ਤੇਜਾ ਸਿੰਘ ਪਾਠਕਾਂ ਨੂੰ ਬੋਝਲ ਅਤੇ ਅਕਾਊ ਪ੍ਰਤੀਤ ਨਹੀਂ ਹੁੰਦਾ ਕਿਉਂਕਿ ਉਸ ਦੀ ਵਾਰਤਕ ਬਹੁਤ ਹੀ ਮਿੱਠੀ ਸਰਲ ਅਤੇ ਛੋਟੇ-ਛੋਟੇ ਵਾਕਾਂ ਨਾਲ ਜੜੀ ਹੋਈ ਹੈ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਕਾਲਜ ਵਿਚ ਸਾਹਿਤ ਪੜ੍ਹਨ ਤੇ ਪੜ੍ਹਾਉਣ ਵਿੱਚ ਲਾਇਆ ।ਇਸ ਕਰਕੇ ਉਨ੍ਹਾਂ ਦੇ ਵਧੇਰੇ ਲੇਖ ਨਿਰੋਲ ਸਾਹਿਤਕ ਆਸ਼ੇ ਤੋਂ ਹੀ ਲਿਖੇ ਗਏ।ਉਨ੍ਹਾਂ ਦੀ ਲੇਖਣੀ ਡੂੰਘੀ ਅਤੇ ਗੰਭੀਰ ਕਿਸਮ ਦੀ ਨਾ ਹੋ ਕੇ ਸੌਖੀ, ਸਪੱਸ਼ਟ ਅਤੇ ਦਿਲਚਸਪ ਹੈ। ਉਨ੍ਹਾਂ ਨੇ ਵਿਹਲੀਆਂ ਗੱਲਾਂ, ਸਾਊਪੁਣਾ, ਘਰ ਦਾ ਪਿਆਰ ਤੇ ਗੁਸਲਖਾਨਾ ਆਦਿ ਜਿਹੇ ਤੁਛ ਵਿਸ਼ਿਆਂ ਉੱਤੇ ਬਹੁਤ ਹੀ ਸੁੰਦਰ ਕਲਾਮਈ ਲੇਖ ਲਿਖੇ ਹਨ।ਹਰ ਚੰਗੀ ਵਾਰਤਕ ਵਿੱਚ ਸਪੱਸ਼ਟਤਾ ਸਰਲਤਾ ਸੰਜਮ ਸੁਭਾਵਿਕਤਾ ਰਵਾਨੀ ਢੁੱਕਵੇਂ ਸ਼ਬਦ ਸ਼ੁੱਧ ਬਣਤਰ ਨਿਆਂਇਕ ਤੇ ਰਸ ਹੋਣੇ ਚਾਹੀਦੇ ਹਨ। ਤੇਜਾ ਸਿੰਘ ਦੀ ਵਾਰਤਕ ਵਿੱਚ ਇਹ ਸਾਰੀਆਂ ਖ਼ੂਬੀਆਂ ਮੌਜੂਦ ਹਨ। ਭਾਵੇਂ ਉਸ ਦੀ ਵਾਰਤਕ ਇਕਸਾਰ ਚਲਦੀ ਹੈ, ਫਿਰ ਗਈ ਫਿੱਕੀ ਤੇ ਬੇਰਸ ਨਹੀਂ ਹੁੰਦੀ। ਉਹ ਛੋਟੇ ਛੋਟੇ ਵਾਕ ਬਣਾਉਂਦਾ ਹੈ ਅਤੇ ਹਰ ਇਕ ਪੈਰੇ ਵਿੱਚ ਇੱਕ ਨਵੇਂ ਖਿਆਲ ਨੂੰ ਥਾਂ ਦਿੰਦਾ ਹੈ। ਉਹ ਹਮੇਸ਼ਾ ਨਿਆਇ ਅਤੇ ਦਲੀਲ ਦਾ ਪੱਲਾ ਫੜ ਕੇ ਰੱਖਦਾ ਹੈ ਤੇ ਹਰ ਗੱਲ ਪੂਰੀ ਤਰ੍ਹਾਂ ਸਮਝਾਉਦਾ ਜਾਂਦਾ ਹੈ। ਕਿਤੇ ਕਿਤੇ ਹਾਸ ਰਸ ਅਤੇ ਸੂਖ਼ਮ ਵਿਅੰਗ ਵੀ ਆਉਂਦਾ ਹੈ। ਤੇਜਾ ਸਿੰਘ ਦਾ ਸ਼ੁਰੂ ਤੋਂ ਹੀ ਇਹ ਯਤਨ ਰਿਹਾ ਹੈ ਕਿ ਪੰਜਾਬੀ ਭਾਸ਼ਾ ਨੂੰ ਵੱਧ ਤੋਂ ਵੱਧ ਉੱਨਤ ਕੀਤਾ ਜਾਵੇ ਤੇ ਵਾਰਤਕ ਨੂੰ ਆਦਰਸ਼ਕ ਰੂਪ ਦਿੱਤਾ ਜਾਵੇ, ਜਿਸ ਵਿਚ ਉਹ ਸਫ਼ਲ ਵੀ ਰਿਹਾ ਹੈ। ਵਿਆਖਿਆਮਈ-ਵਾਰਤਕ ਵਿਚ ਉਸ ਦੀ ਜੋ ਦੇਣ ਹੈ, ਪੰਜਾਬੀ ਸਮਾਲੋਚਕ ਉਸ ਨੂੰ ਕਦੇ ਵਿਸਾਰ ਨਹੀਂ ਸਕਣਗੇ।

ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਤੇਜਾ ਸਿੰਘ ਨੂੰ ਮੁੱਖ ਤੌਰ ’ਤੇ ਨਿਬੰਧਕਾਰ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ‘ਅੰਗਰੇਜ਼ੀ-ਪੰਜਾਬੀ ਸ਼ਬਦਕੋਸ਼’ ਦਾ ਸੰਕਲਨ ਵੀ ਕੀਤਾ| ਉਨ੍ਹਾਂ ਦੀ ਸਭ ਤੋਂ ਵੱਡੀ ਇੱਛਾ ਇਹ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ। ਆਪਣੇ ਜੀਵਨ ਕਾਲ ਦੌਰਾਨ ਉਨ੍ਹਾਂ ਨੇ ਜਿਸ ਹਿੱਸੇ ਨੂੰ ਪੂਰਾ ਕੀਤਾ ਉਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 1985 ਵਿਚ ‘ਪਵਿੱਤਰ ਗ੍ਰੰਥ’ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ।

ਉਨ੍ਹਾਂ ਨੇ ਵਾਰਤਕ ਦੇ ਕਈ ਰੂਪਾਂ ਜਿਵੇਂ ਟੀਕਾਕਾਰੀ, ਕੋਸ਼ਕਾਰੀ, ਜੀਵਨੀ, ਸਵੈਜੀਵਨੀ ਤੋਂ ਇਲਾਵਾ ਆਲੋਚਨਾ ਅਤੇ ਖੋਜ ਦੇ ਖੇਤਰ 'ਚ ਕਲਮ ਅਜ਼ਮਾਈ। ਉਨ੍ਹਾਂ ਦੀ ਪਹਿਲੀ ਪੁਸਤਕ 'ਗੁਰੂ ਨਾਨਕ ਸਾਹਿਬ ਦਾ ਮਿਸ਼ਨ' 1914 ਵਿਚ ਪ੍ਰਕਾਸ਼ਿਤ ਹੋਈ। ਇਸ ਪਿੱਛੋਂ 'ਗੁਰਬਾਣੀ ਦੀਆਂ ਲਗਾਂ-ਮਾਤਰਾਂ' (1924), 'ਆਸਾ ਦੀ ਵਾਰ ਸਟੀਕ' (1939) 'ਚ ਪ੍ਰਕਾਸ਼ਿਤ ਹੋਈ। ਉਨ੍ਹਾਂ ਨੇ ਡਾ. ਗੰਡਾ ਸਿੰਘ ਦੇ ਸਹਿਯੋਗ ਨਾਲ ਸਿੱਖ ਧਰਮ ਦਾ ਸੰਖਿਪਤ ਇਤਿਹਾਸ ਲਿਖਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰਬਾਣੀ 'ਜਪੁ', 'ਆਸਾ ਕੀ ਵਾਰ' ਅਤੇ 'ਸੁਖਮਨੀ ਸਾਹਿਬ' ਦਾ ਤਰਜਮਾ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਦੇ ਪ੍ਰਕਾਸ਼ਨ ਵਜੋਂ 'ਸ਼ਬਦਾਰਥ' ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਕੀਤਾ ਗਿਆ ਅਜਿਹਾ ਮੁੱਖ ਕਾਰਜ ਸੀ, ਜਿਸ ਨੂੰ ਪੂਰਾ ਕਰਨ ਵਿਚ ਪੰਜ ਸਾਲ 1936 ਤੋਂ 1941 ਦਾ ਸਮਾਂ ਲੱਗਿਆ।

ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀ ਰਚਨਾਤਮਕ ਪ੍ਰਤਿਭਾ ਰਾਹੀਂ ਜ਼ਿੰਦਗੀ ਦੇ ਅਣਗੌਲੇ ਪਹਿਲੂਆਂ ਨੂੰ ਵਿਆਪਕ ਸੰਦਰਭ ਵਿਚ ਪੇਸ਼ ਕੀਤਾ। ਉਹ ਯਥਾਰਥਵਾਦੀ ਚਿੰਤਕ ਸਨ। ਪ੍ਰਮਾਣਿਕ ਨਿਬੰਧਕਾਰ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਹਿਤ-ਰੂਪ ਦੇ ਸਾਰੇ ਪ੍ਰਤੀਨਿਧ ਗੁਣ-ਲੱਛਣ ਅਤੇ ਰੂਪਗਤ ਵਿਸ਼ੇਸ਼ਤਾਵਾਂ ਮੌਜੂਦ ਹਨ, ਜਿਵੇਂ: ਵਿਅਕਤੀਗਤ ਛਾਪ, ਬੁੱਧੀ ਅਤੇ ਭਾਵ ਦਾ ਸੁਮੇਲ, ਪਾਠਕ ਨਾਲ ਸਾਂਝ, ਸਪੱਸ਼ਟਤਾ, ਸ਼ੈਲੀ ਅਤੇ ਸ਼ਖ਼ਸੀਅਤ, ਬੋਲੀ ਅਤੇ ਸ਼ੈਲੀ, ਸ਼ਬਦਾਂ ਦੀ ਢੁੱਕਵੀਂ ਚੋਣ ਆਦਿ। ਉਨ੍ਹਾਂ ਨੇ ਵਾਰਤਕ ਸਿਰਜਣਾ ਵੇਲੇ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਕਿ ਰਚਨਾ ਸਰਲ ਭਾਸ਼ਾ ਵਿਚ ਹੋਵੇ ਤੇ ਔਖੇ ਤੋਂ ਔਖੇ ਵਿਸ਼ੇ ਨੂੰ ਸਰਲਤਾ ਨਾਲ ਪਾਠਕਾਂ ਤੱਕ ਪਹੁੰਚਾ ਸਕਣ। ਉਨ੍ਹਾਂ ਦੇ ਵਿਚਾਰ ਮੁਤਾਬਿਕ ਸਰਲਤਾ ਵਿਸ਼ੇ ਦੀ ਚੋਣ ਦੇ ਆਲੇ-ਦੁਆਲੇ ਦੇ ਵਰਣਨ ਉੱਪਰ ਨਿਰਭਰ ਕਰਦੀ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਨੂੰ ਆਪਣੇ ਅਨੁਭਵ ਅਤੇ ਅਭਿਵਿੰਜਨ ਦੀ ਪ੍ਰਮਾਣਿਕਤਾ ਨਾਲ ਮਾਲਾਮਾਲ ਕਰਕੇ ਇਸ ਨੂੰ ਅਤਿਅੰਤ ਵਿਕਸਿਤ ਰੂਪਾਕਾਰ ਵਜੋਂ ਸਥਾਪਿਤ ਕੀਤਾ। ਪ੍ਰਿੰਸੀਪਲ ਤੇਜਾ ਸਿੰਘ ਦੀਆਂ ਰਚਨਾਵਾਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਦਰਪਣ ਹਨ। 'ਸ਼ੈਲੀ ਹੀ ਸ਼ਖ਼ਸੀਅਤ ਹੈ' ਵਾਲਾ ਕਥਨ ਉਨ੍ਹਾਂ ਦੇ ਨਿਬੰਧਾਂ 'ਤੇ ਪੂਰੀ ਤਰ੍ਹਾਂ ਢੁੱਕਦਾ ਹੈ। ਬੇਸ਼ੱਕ, ਪੰਜਾਬੀ ਨਿਬੰਧ ਦਾ ਜਨਮ ਤੇਜਾ ਸਿੰਘ ਤੋਂ ਲਗਭਗ ਇਕ ਚੌਥਾਈ ਸਦੀ ਪਹਿਲਾਂ ਹੋ ਚੁੱਕਿਆ ਸੀ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਆਧੁਨਿਕ ਨਿਬੰਧ ਦਾ ਜਨਮਦਾਤਾ ਹੀ ਮੰਨਿਆ ਜਾਂਦਾ ਹੈ। ਉਨ੍ਹਾਂ ਬਾਰੇ ਪੰਜਾਬੀ ਸਾਹਿਤਕਾਰਾਂ ਵਿਚ ਇਕ ਜੁਮਲਾ ਮਸ਼ਹੂਰ ਰਿਹਾ ਹੈ:

ਪਗੜੀ ਬੰਨ੍ਹਦਾ ਚੁਣ-ਚੁਣ।

ਗੱਲਾਂ ਕਰਦਾ ਪੁਣ-ਪੁਣ।

ਅਰਥਾਤ ਉਹ ਆਪਣੇ ਕਥਨ ਦੀ ਰਚਨਾ ਬੜੀ ਸੂਝ-ਬੂਝ ਤੇ ਤੋਲ-ਮੋਲ ਕੇ ਕਰਦੇ ਹਨ। ਉਹ ਆਪਣੀ ਹਰ ਰਚਨਾ ਨੂੰ ਕਲਾ ਦੀ ਕਸੌਟੀ ਉੱਤੇ ਨਿਰਖ-ਪਰਖ਼ ਕੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦੇ ਸਨ। ਉਨ੍ਹਾਂ ਨੇ ਆਪਣੀ ਲੇਖਣੀ ਵਿਚੋਂ ਸਾਰੇ ਰਵਾਇਤੀ ਤੇ ਮੱਧਕਾਲੀ ਲੱਛਣ ਨਿਖੇੜ ਕੇ ਲਾਂਭੇ ਰੱਖ ਦਿੱਤੇ, ਜਿਸ ਕਰਕੇ ਉਹ ਸਹੀ ਅਰਥਾਂ ਵਿਚ ਆਧੁਨਿਕ

ਨਿਬੰਧਕਾਰ ਦੇ ਰੂਪ ਵਿਚ ਉਜਾਗਰ ਹੁੰਦੇ ਹਨ। ਉਨ੍ਹਾਂ ਦਾ ਹਰ ਲੇਖ ਪੰਜਾਬੀ ਦੀ ਮਿਆਰੀ ਨਿਬੰਧਕਾਰੀ ਦਾ ਜ਼ਾਮਨ ਹੈ। 10 ਜਨਵਰੀ 1958 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਦਾ ਦੇਹਾਂਤ ਹੋਇਆ ਤਾਂ ਪੰਜਾਬ ਦੇ ਸਾਹਿਤਕ ਜਗਤ ਨੇ ਇੱਕ ਵੱਡਾ ਘਾਟਾ ਮਹਿਸੂਸ ਕੀਤਾ।

**4.0.3 ਰਚਨਾਵਾਂ**

ਪੰਜਾਬੀ:-

ਨਵੀਆਂ ਸੋਚਾਂ, ਸਹਿਜ-ਸੁਭਾ

ਸਭਿਆਚਾਰ

ਆਰਸੀ (ਸਵੈ-ਜੀਵਨੀ)

ਸਾਹਿਤ ਦਰਸ਼ਨ

ਪੰਜਾਬੀ ਕਿਵੇਂ ਲਿਖੀਏ

ਸ਼ਬਦਾਂਤਿਕ ਲਗਾਂ ਮਾਤਰਾਂ।

ਸ਼ਬਦ ਕੋਸ਼: ਸ਼ਬਦਾਰਥ, ਅੰਗਰੇਜ਼ੀ-ਪੰਜਾਬੀ ਕੋਸ਼।

ਇੰਗਲਿਸ਼: ਗਰੋਥ ਆਫ ਰਿਸਪਾਨਸਿਬਿਲਿਟੀ ਇਨ ਸਿਖਇਜ਼ਮ, ਏ ਸ਼ਾਰਟ ਹਿਸਟਰੀ ਆਫ ਦੀ ਸਿਖਸ, ਦੀ ਆਸਾ-ਦੀ-ਵਾਰ, ਹਾਈ ਰੋਡਜ਼ ਆਫ ਸਿੱਖ ਹਿਸਟਰੀ (ਤਿੰਨ ਭਾਗ), ਸਿਖਇਜ਼ਮ ਗੁਰਦੁਆਰਾ ਰੀਫਾਰਮ ਮੂਵਮੈਂਟ, ਸਿਖਇਜ਼ਮ: ਇਟਸ ਆਈਡਲਜ਼ ਐਂਡ ਇੰਸਟੀਟਿਊਸ਼ਨਜ਼, ਸ੍ਰੀ ਗੁਰੂ ਗ੍ਰੰਥ ਜੀ ਦਾ ਅੰਗਰੇਜ਼ੀ ਵਿਚ ਅਨੁਵਾਦ ਉਹ ਪੂਰਾ ਨਾ ਕਰ ਸਕੇ।

**4.0.4 ਨਿਬੰਧ : ਘਰ ਦਾ ਪਿਆਰ**

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ । ਘਰ ਤੋਂ ਭਾਵ ਉਹ ਥਾਂ ਹੈ , ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਲਤਾੜ ਕੇ, ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ , ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ ।ਘਰ ਮਨੁੱਖ ਦੇ ਨਿਜੀ ਵਲਵਲਿਆ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ । ਉਸ ਦਾ ਆਚਰਣ ਬਣਾਉਣ ਵਿੱਚ ਜਿਥੇ ਸਮਾਜਕ ਤੇ ਮੁਲਕੀ ਆਲੇ ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘਟ ਕੰਮ ਨਹੀਂ ਕਰਦਾ ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ । ਇਹ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ।ਕਈ ਵਾਰੀ ਜਦ ਮੈਂ ਕਿਸੇ ਸਜਣ ਨੂੰ ਕੋਝੇ,ਸੜੀਅਲ ਜਾਂ ਖਿਝੂ ਸੁਭਾ ਵਾਲਾ ਵੇਖਦਾ ਹਾਂ,ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।

ਮੇਰੇ ਇੱਕ ਜਾਣਕਾਰ ਬਿਰਧ ਬੀਬੀ ਜੀ ਹਨ , ਜੋ ਨੇਕੀ ਤੇ ਉਪਕਾਰ ਦੀ ਪੁਤਲੀ ਹਨ । ਸਵੇਰੇ ਸ਼ਾਮ ਬਿਨਾਂ ਨਾਗਾ ਨਿਤਨੇਮ ਕਰਦੇ ਗੁਰਦੁਆਰੇ ਦੀ ਪ੍ਰਕਰਮਾ ਕਰਦੇ ਹਨ । ਕਿਸੇ ਦੇ ਦੁੱਖ ਨੂੰ ਦੇਖ ਕੇ ਕਦੀ ਜਰ ਨਹੀਂ ਸਕਦੇ । ਵਲਵਲਾ ਉਹਨਾਂ ਦਾ ਇੰਨਾ ਕੋਮਲ ਤੇ ਪਵਿੱਤਰ ਹੈ ਕਿ ਚੱਪੇ-ਚੱਪੇ ਹਮਦਰਦੀ ਨਾਲ ਫਿਸ ਪੈਂਦੇ ਹਨ । ਬੱਚਿਆਂ ਨੂੰ ਵੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ ਪਰ ਸੁਭਾ ਉਨ੍ਹਾਂ ਦਾ ਬਹੁਤ ਖਰ੍ਹਵਾਂ ਹੈ । ਨਿੱਕੀ ਨਿੱਕੀ ਗੱਲ ਤੋਂ ਖਿਝ ਪੈਂਦੇ ਹਨ ਅਤੇ ਗੁੱਸੇ ਵਿੱਚ ਆ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ । ਉਸ ਹਾਲਤ ਵਿੱਚ ਉਨ੍ਹਾਂ ਨੂੰ ਦੇਖੋ ਤਾਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਕੋਈ ਤਰਸ ਨਹੀਂ , ਕੋਈ ਪਿਆਰ ਨਹੀਂ , ਪਰ ਹੁੰਦੇ ਉਸ ਵਕਤ ਵੀ ਉਨੇ ਹੀ ਨਰਮ ਤੇ ਕੋਮਲ ਹਨ । ਕੇਵਲ ਇਹ ਕੋਮਲਤਾ ਤੇ ਨਰਮੀ ਗੁੱਸੇ ਦੇ ਪਰਦੇ ਹੇਠ ਛੁਪੀ ਹੁੰਦੀ ਹੈ ।ਇਸ ਗੁੱਸੇ ਤੇ ਭੁੱਲਪੁਣੇ ਦਾ ਕਾਰਨ ਉਨ੍ਹਾਂ ਦੀ ਜ਼ਿੰਦਗੀ ਦਾ ਪਿੱਛਾ ਫੋਲਣ ਤੋਂ ਇਹ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ । ਪਤੀ ਜਵਾਨੀ ਵਿੱਚ ਹੀ ਸਾਥ ਛੱਡ ਗਿਆ ਅਤੇ ਝੋਲੀ ਪੁਤਰਾਂ ਧੀਆਂ ਤੋਂ ਖਾਲੀ ਰਹੀ । ਕਿਸੇ ਨੇ ਨਿੱਕੀਆਂ ਨਿੱਕੀਆਂ ਬਾਹਾਂ ਗਲੇ ਵਿੱਚ ਪਾ ਕੇ ਨਹੀਂ ਆਖਿਆ , ' ਬੀ ਜੀਓ ! ਮੈਂ ਕਿੱਡਾ ਸੋਹਣਾ ਵਾਂ ' ।

ਮੈਂ ਕਈ ਵੱਡੇ ਵੱਡੇ ਕਥਿੱਕੜ ਵੇਖੇ ਹਨ । ਜੋ ਬਾਹਰ ਪੰਡਾਲਾਂ ਵਿੱਚ ਕਥਾ ਕਰਦਿਆਂ ਜਾਂ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿਦਿਆ ਦੇ ਚਮਤਕਾਰ ਦਸ ਕੇ ਹੈਰਾਨ ਕਰ ਦਿੰਦੇ ਹਨ । ਪਰ ਜੇ ਕੋਈ ਦੁਖੀਆ ਜਾਂ ਲੋੜਵੰਦ ਉਹਨਾਂ ਦੇ ਦਰ ਤੇ ਜਾ ਖੜੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੋ ਮਿਲਣ ਵੀ ਤਾਂ ਉਹਨਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ , ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ , ਕਦੀ ਤਰਸ ਜਾਂ ਪਿਆਰ ਨਾਲ ਸਜਲ ਨਹੀਂ ਹੋਈਆ । ਇੱਡੀ ਕਰੜਾਈ ਦਾ ਕਾਰਨ ? ਕੇਵਲ ਇਹ ਕਿ ਇਹੋ ਜਿਹੇ ਸੱਜਣ ਆਪਣਾ ਸਾਰਾ ਸਮਾਂ ਪੋਥੀਆਂ ਫੋਲਣ , ਲਿਖਣ ਜਾਂ ਜਿਵੇਂ ਇੱਕ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ - ਭਾਈ ਹੁਰੀਂ ਆਪਣੀ ਸਾਰੀ ਜ਼ਿੰਦਗੀ ਹੈਂਡ ਬੈਗ ਨਾਲ ਮੋਟਰਾਂ ਜਾਂ ਗੱਡੀਆਂ ਦੇ ਸਫ਼ਰ ਵਿੱਚ ਹੀ ਟਪਾ ਛੱਡਦੇ ਹਨ । ਉਹਨਾਂ ਵਿੱਚ ਘਰ ਦਾ ਪਿਆਰ ਨਹੀਂ ਹੁੰਦਾ।ਇਸ ਲਈ ਉਹਨਾਂ ਦੀ ਜ਼ਿੰਦਗੀ ਰਸ ਤੋਂ, ਨਿੱਘ ਤੋਂ ਖ਼ਾਲੀ ਕੋਰੀ ਜਿਹੀ ਹੁੰਦੀ ਹੈ ।

ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਵੱਡੇ-ਵੱਡੇ ਗੁਰੂਆਂ ਤੇ ਪੈਗੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉੱਤੇ ਢਾਲਦੇ ਹੋਏ, ਉਹਨਾਂ ਮਹਾਂ ਪੁਰਖਾਂ ਨੂੰ ਵੀ ਆਪਣੇ ਜਿਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਦਸਦੇ ਹਨ । ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦੱਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਹੁੰਦੇ । ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪ੍ਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ , ਜਿਤਨੀਆਂ ਕਿ ਵੱਡੀ ਉਮਰ ਵਿੱਚ । ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ, ਭੈਣ ਭਰਾ ਦਾ ਪਿਆਰ, ਲਾਡ ਤੇ ਰੁਸੇਵੇ ਮਹਾਂ ਪੁਰਖਾਂ ਦੀ ਬਣਤਰ ਲਈ ਉਨੇ ਹੀ ਜ਼ਰੂਰੀ ਹਨ, ਜਿੰਨੇ ਕਿ ਆਮ ਮਨੁੱਖਾਂ ਲਈ ।ਇਸ ਤਜ਼ਰਬੇ ਵਿੱਚ ਲੰਘਣ ਨਾਲ ਖਿਆਲਾਂ , ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ ।ਜਿਹਨਾਂ ਦੀ ਜਿੰਦਗੀ ਸਾਧਾਰਨ

ਬਣਨੀ ਹੁੰਦੀ ਹੈ, ਉਹਨਾਂ ਨੂੰ ਬਚਪਨ ਦਾ ਇਹ ਤਜ਼ਰਬਾ ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ ਅਤੇ ਜਿਹਨਾਂ ਨੇ ਪੂਰਨਤਾ ਪ੍ਰਾਪਤ ਕਰਨੀ ਹੁੰਦੀ ਹੈ , ਉਹਨਾਂ ਲਈ ਘਰ ਦਾ ਪਿਆਰ , ਮਾਪਿਆਂ ਤੋਂ ਉਦਰੇਵਾਂ ਤੇ ਰੁਸੇਵਾਂ , ਭੈਣਾਂ ਦਾ ਥਾਂ ਤੇ ਵੀਰ ਨੂੰ ਬਚਾਉਣਾ ਇੱਕ ਅਜਿਹਾ ਚੁਗਿਰਦਾ ਬਣਾ ਰੱਖਦਾ ਹੈ, ਜਿਸ ਤੋਂ ਉਹਨਾਂ ਦੇ ਵਲਵਲੇ ਉੱਚੇ ਸਾਈਂ ਦੇ ਪਿਆਰ ਵੱਲ ਪਰੇਰੇ ਜਾਂਦੇ ਹਨ ਅਤੇ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਂਚ ਆਉਂਦੀ ਹੈ ।ਜਿਨ੍ਹਾਂ ਲਿਖਾਰੀਆਂ ਨੇ ਬਚਪਨ ਦੇ ਜ਼ਰੂਰੀ ਤਜ਼ਰਬੇ ਨੂੰ ਨਹੀਂ ਸਮਝਿਆ , ਉਹਨਾਂ ਨੇ ਈਸਾ ਦਾ ਜੀਵਨ ਉਹਨਾਂ ਦੇ ਬਚਪਨ ਦਾ ਹਾਲ ਦੇਣ ਤੋਂ ਬਿਨਾਂ ਹੀ ਲਿਖ ਦਿੱਤਾ ਅਤੇ ਬੁੱਧ ਮਹਾਰਾਜ ਤੇ ਗੁਰੂ ਨਾਨਕ ਦੇ ਮਾਪਿਆਂ ਦੇ ਆਚਰਣ ਨੂੰ ਬਹੁਤ ਕੋਝੇ ਢੰਗ ਨਾਲ ਰੰਗਿਆ ।ਜੇ ਲਿਖਾਰੀਆਂ ਨੂੰ ਖ਼ਿਆਲ ਹੁੰਦਾ ਕਿ ਮਹਾਂ ਪੁਰਖ ਵੀ ਘਰ ਦੇ ਆਲੇ ਦੁਆਲੇ ਵਿੱਚੋਂ ਚੰਗਾ ਅਸਰ ਲੈ ਸਕਦੇ ਹਨ ਤਾਂ ਉਹ ਇਹਨਾਂ ਦੇ ਮਾਪਿਆਂ ਦਾ ਜ਼ਿਕਰ ਬਹੁਤ ਸਤਿਕਾਰ ਨਾਲ ਕਰਦੇ ਅਤੇ ਉਹਨਾਂ ਦੇ ਘਰੋਗੀ ਚੁਗਿਰਦੇ ਵਿੱਚੋਂ ਕੁੱਝ ਮਹਾਨਤਾ ਦੇ ਚਿੰਨ੍ਹ ਲੱਭਣ ਦਾ ਯਤਨ ਕਰਦੇ। ਮੈਨੂੰ ਤਾਂ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿੱਚੋਂ ਵਧੀਕ ਤੋਂ ਵਧੀਕ ਦਰਦਨਾਕ ਤੇ ਰੁਮਾਂਚ ਕਰ ਦੇਣ ਵਾਲਾ ਨਜ਼ਾਰਾ ਉਹ ਲੱਭਣਾ ਹੈ, ਜਿਸ ਵਿੱਚ ਗੁਰੂ ਜੀ ਪਰਦੇਸ ਯਾਤਰਾ ਕਰ ਕੇ ਘਰ ਨੂੰ ਪਰਤਦੇ ਹਨ , ਪਰ ਦਿਲ ਨੂੰ ਕਰੜਾ ਕਰਕੇ ਆਪ ਬਾਹਰ ਖੂਹ ਉੱਤੇ ਬਹਿ ਰਹਿੰਦੇ ਹਨ  ਅਤੇ ਭਾਈ ਮਰਦਾਨੇ ਨੂੰ ਆਪਣੇ ਘਰ ਵਾਲਿਆਂ ਦੀ ਖ਼ਬਰ ਸੁਰਤ ਲੈਣ ਲਈ ਪਿੰਡ ਭੇਜਦੇ ਹਨ , ਪਰ ਕਹਿੰਦੇ ਹਨ , ਇਹ ਨਾਂ ਦੱਸੀਂ ਕਿ ਮੈਂ ਵੀ ਇੱਥੇ ਆਇਆ ਹਾਂ । ' ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁੱਜਦਾ ਹੈ ਅਤੇ ਘਰ ਦਾ ਹਾਲ ਪੁੱਛ ਕੇ ਵਿਦਾ ਹੋਣ ਲਗਦਾ ਹੈ ਤਾਂ ਮਾਤਾ ਜੀ ਵੀ ਉਸ ਦੇ ਪਿੱਛੇ - ਪਿੱਛੇ ਪਿੰਡ ਤੋਂ ਬਾਹਰ ਉਸ ਥਾਂ ਪੁੱਜਦੇ ਹਨ, ਜਿੱਥੇ ਗੁਰੂ ਜੀ ਬੈਠੇ ਹਨ ।  ਜੇ ਕਿਸੇ ਨੇ ਮਾਂ ਦੇ ਵਿਡੱਤਣ ਤੋਂ ਅਰਸ਼ੀ ਅਸਰ ਨੂੰ ਦੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹੇ ।  ਮਾਤਾ ਆਪਣੇ ਪੁੱਤਰ ਨੂੰ ਵੇਖ ਕੇ ਬਿਹਬਲ ਹੋ ਜਾਂਦੀ ਹੈ ਅਤੇ ਉਸ ਵੇਲੇ ਜੋ ਮਮਤਾ ਵਾਲੇ ਲਫਜ਼ ਕਹਿੰਦੀ ਹੈ, ਉਹਨਾਂ ਦਾ ਕਰੁਣਾ ਰਸ ਉੱਚੀ ਤੋਂ ਉੱਚੀ ਕਵਿਤਾ ਤੋਂ ਉੱਚੇ ਤੋਂ ਉੱਚੇ ਵਲਵਲੇ ਨੂੰ ਮਾਤ ਕਰਦਾ ਹੈ ।  ਪੁੱਤਰ ਦਾ ਮੱਥਾ ਚੁੰਮ ਕੇ ਉਹ ਕਹਿੰਦੀ ਹੈ , ਵੇ ਬੱਚਾ , ਮੈਂ ਵਾਰੀ ! ਮੈਂ ਤੈਥੋਂ ਵਾਰੀ ! ਮੈਂ ਉਹਨਾਂ ਦੇਸ਼ਾਂ ਤੋਂ ਵਾਰੀ ! ਉਹਨਾਂ ਰਾਹਾਂ ਤੋਂ ਵਾਰੀ ।  ਜਿਨ੍ਹਾਂ ਉੱਤੇ ਚਲ ਕੇ ਤੂੰ ਆਇਆ ਹੈ ।  ਜੇ ਕੋਈ ਸੁੱਕਾ ਫੂਲਾਸਫੂਰ ਹੁੰਦਾ ਤਾਂ ਉਸ ਵੇਲੇ ਆਪਣੀ ਮਾਂ ਨੂੰ ਕਹਿੰਦਾ , ' ਜਾ ਭਈ ਜਾ ।  ਇਹਨਾਂ ਤਿਲਾਂ ਵਿੱਚ ਤੇਲ ਨਹੀਂ ।  ਤੂੰ ਮਾਇਆ ਦਾ ਰੂਪ ਧਾਰ ਕੇ ਮੈਨੂੰ ਭਰਮਾਉਣ ਆਈ ਹੈ ।  ਨਹੀਂ , ਗੁਰੂ ਜੀ ਮਾਤਾ ਜੀ ਦੇ ਬਚਨ ਸੁਣ ਕੇ ਫਿਸ ਪਏ ਅਤੇ ਉਸ ਦੇ ਚਰਨਾਂ ਉੱਤੇ ਡਿੱਗ ਕੇ ਰੋਏ , ਖੂਬ ਰੋਏ ।  ਉਹ ਅੱਥਰੂ ਹਜ਼ਾਰ ਗਿਆਨ - ਧਿਆਨ ਦਾ ਨਚੋੜ ਸਨ , ਹਜ਼ਾਰ ਫਰਜ਼ਾਂ ਤੇ ਪਰਉਪਕਾਰਾਂ ਦੀ ਜੜ੍ਹ ਨੂੰ ਸਿੰਜਣ ਵਾਲੇ ਸਨ ।

ਕੀ ਗੁਰੂ ਨਾਨਕ ਸਾਹਿਬ ਦੇ ਦਿਲ ਉੱਤੇ ਹੀ ਨਾਨਕੀ ਦੇ ਪਿਆਰ ਦਾ ਅਸਰ ਘੱਟ ਸੀ , ਜਿਸ ਨੇ ਬਚਪਨ ਵਿੱਚ ਲੋਰੀਆਂ ਦੇ ਕੇ , ਕੁੱਛੜ ਚੁੱਕ ਕੇ ਪਾਲਿਆ ਸੀ ਅਤੇ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਤੇ ਖਰੇ ਸੌਦੇ ਕਰਦਿਆਂ ਸਲਾਹਿਆ ਤੇ ਉਤਸ਼ਾਹਿਆ ਸੀ ? ਜੇ ਉਹ 'ਨਾਨਕ ਸਨ ਤਾਂ ਉਹ ਨਾਨਕੀ ਨਹੀਂ ਸੀ' ?

ਕੀ ਮੁਹੰਮਦ ਸਾਹਿਬ ਦੀ ਜ਼ਿੰਦਗੀ ਉੱਤੇ ਉਨ੍ਹਾਂ ਦੀ ਬੀਵੀ ਖਦੀਜਾ ਦਾ ਅਸਰ ਘਟ ਸੀ, ਜਿਸ ਨੇ ਔਖੇ ਤੋਂ ਔਖੇ ਵੇਲੇ ਉਹਨਾਂ ਦੀ ਮਦਦ ਕੀਤੀ ਤੇ ਉਹਨਾਂ ਦੇ ਜੀਵਨ-ਆਦਰਸ਼ ਨੂੰ ਸਭ ਤੋਂ ਪਹਿਲਾਂ ਸਮਝ ਕੇ ਉਸ ਵਿੱਚ ਯਕੀਨ ਕੀਤਾ ਅਤੇ ਸਦਾ ਹੌਸਲਾ ਵਧਾਇਆ ? ਜਦ ਹਜ਼ਰਤ ਮੁਹੰਮਦ ਨੂੰ ਰੱਬ ਵੱਲੋਂ ਬਾਣੀ ਉਤਰਦੀ ਸੀ ਤਾਂ ਉਹ ਥੱਕ ਕੇ ਇੰਨੇ ਨਿਸੱਤੇ ਹੋ ਜਾਂਦੇ ਸਨ ਕਿ ਉਹਨਾਂ ਨੂੰ ਅਰਾਮ ਦੇ ਕੇ ਮੁੜ ਅਸਲੀ ਹਾਲਤ ਤੇ ਲਿਆਉਣ ਵਾਲੀ ਖ਼ਦੀਜਾ ਹੀ ਸੀ , ਜੋ ਉਨ੍ਹਾਂ ਦਾ ਸਿਰ ਆਪਣੇ ਪੱਟਾਂ ਉੱਤੇ ਰੱਖ ਕੇ ਪਿਆਰ ਨਾਲ ਸਭ ਥਕੇਵੇਂ ਦੂਰ ਕਰ ਦੇਂਦੀ ਸੀ ।

ਜੇ ਕਾਰਲਾਈਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇੰਨਾ ਖਿਝੂ ਨਾਂ ਹੁੰਦਾ । ਉਹ ਆਪਣੇ ਕਮਰੇ ਵਿੱਚ ਬੈਠਾ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ ਅਤੇ ਉਸ ਦੀ ਵਹੁਟੀ ਬਰਾਂਡੇ ਵਿੱਚ ਬੈਠੀ ਆਏ ਗਏ ਨੂੰ ਤ੍ਰਾਂਹਦੀ ਰਹਿੰਦੀ । ਜਦ ਕਦੀ ਉਹ ਹੀਆਂ ਕਰਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ ਚੁੱਪ ਦੇ ਮਜ਼ਮੂਨ ਉੱਤੇ ਅਮੁੱਕ ਸਿੱਖਿਆ ਦੇਣ ਦਾ ਕੀ ਲਾਭ ਜਦ ਉਸ ਦੀ ਆਪਣੀ ਕਲਮ ਚੁੱਪ ਨਹੀਂ ਕਰਦੀ ਅਤੇ 'ਨਾਈ ਦੀ ਕੈਂਚੀ' ਵਾਕਰ ਲੁਤਰ ਲੁਤਰ ਕਰਦੀ ਰਹਿੰਦੀ ਹੈ ? ਉਸ ਦਾ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰਗੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇੱਕ ਘਰ ਦੀ ਸੁਆਣੀ ਨੂੰ ਵੀ ਆਰਾਮ ਨਾ ਦੇ ਸਕਿਆ ।

ਅੱਜ ਕਲ ਬਹੁਤ ਸਾਰੀ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਤੇ ਬਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ । ਘਰ ਘਟ ਰਹੇ ਹਨ ਤੇ ਹੋਟਲ ਵਧ ਰਹੇ ਹਨ । ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ , ਬਾਲ ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ । ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਉਹ ਘਰੋਗੀ ਜ਼ਿਮੇਵਾਰੀ , ਉਹ ਬਰਾਦਰੀ ਵਾਲੀ ਸ਼ਰਾਫਤ ਅਤੇ ਉਹ ਮਿੱਠਤ ਤੇ ਨਿਮਰਤਾ ਵਾਲੇ ਗੁਣ ਘਟ ਰਹੇ ਹਨ , ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ । ਇਸਤਰੀ ਤੇ ਬੱਚਿਆਂ ਵਿੱਚ ਕੇਵਲ ਇਤਨੀ ਦਿਲਚਸਪੀ ਦੱਸੀ ਜਾਂਦੀ ਹੈ, ਜਿਤਨੀ ਕਿ ਉਹਨਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਵਿਖਾਲ ਜੋਗਾ ਬਣਾ ਦੇਵੇ । ਇਹ ਬਹੁਤ ਘਟ ਵੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੱਚਿਆਂ ਲਈ ਕੋਈ ਦਿਮਾਗੀ ਸਦਾਚਾਰਕ ਜਾਂ ਆਤਮਕ ਉਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ , ਪੁਸਤਕਾਂ , ਸਵਾਦੀ ਤਮਾਸ਼ੇ ਜਾਂ ਧਾਰਮਿਕ ਸਿੱਖਿਆ ਦੇ ਸਮਿਆਨ ਵਧਾਣ ਦਾ ਜਤਨ ਕਰਦਾ ਹੋਵੇ ।

ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਵੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਵਰਤੋਂ ਵਿੱਚ ਕੋਰੇ ਜਿਹੇ , ਗ਼ੈਰ - ਜ਼ਿਮੇਵਾਰ ਅਤੇ ਕਈ ਵੇਰ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ । ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗਾਂ ਦੀ ਰਹਿਣੀ ਬਹਿਣੀ ਹੈ । ਜਿਹੜਾ ਮੁੰਡਾ ਬਚਪਨ ਤੋਂ ਲੈ ਕੇ ਉਮਰ ਦਾ ਚੋਖਾ ਹਿੱਸਾ ਮਾਂ , ਭੈਣ , ਭਰਾ ਤੇ ਗੁਆਂਢੀਆਂ ਤੋਂ ਵੱਖਰਾ ਰਹਿ ਕੇ ਬੋਰਡਿੰਗ ਵਿੱਚ ਕੱਟਦਾ ਹੈ , ਉਸ ਵਿੱਚ ਘਰੋਗੀ ਗੁਣ ( ਲੱਜਾ , ਹਮਦਰਦੀ

, ਬਰਾਬਰੀ ਦਾ ਸਨਮਾਨ ਆਦਿ ) ਨਹੀਂ ਪੈਦਾ ਹੁੰਦੇ । ਚਾਚੀ ਮਰ ਜਾਏ , ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ । ਮਾਂ ਨੂੰ ਨਾਲ ਜਾ ਕੇ ਕਹਿਣਾ ਪੈਣਾਂ ਏ , ਕਾਕਾ ਚਾਚੀ ਲਈ ਅਫ਼ਸੋਸ ਕਰਨ ਆਇਆ ਹੈ । ਇਹੋ ਜਿਹਾ ਰਿਸ਼ਤਾ ਸੰਬੰਧਾਂ ਤੋਂ ਕੋਰਾ ਅਤੇ ਘਰੋਗੀ ਪਿਆਰਾਂ ਤੋਂ ਭੁੱਖਾ ਰੱਖਿਆ ਹੋਇਆ ਮੁੰਡਾ ਜਦ ਸਾਲ ਮਗਰੋਂ ਆਪਣੇ ਪਿੰਡ ਜਾਂਦਾ ਹੈ ਤਾਂ ਕੁੜੀਆਂ ਵੇਖਕੇ ਆਪਣੀਆਂ ਅੱਖਾਂ ਜਾਂ ਦਿਲ ਨੂੰ ਸੰਭਾਲ ਨਹੀਂ ਸਕਦਾ ਅਤੇ ਕਈ ਤਰ੍ਹਾਂ ਦੇ ਖਰੂਦ ਮਚਾਂਦਾ ਹੈ।

ਅਸਲੀ ਧਾਰਮਿਕ ਜੀਵਨ ਦੀ ਨੀਂਹ ਘਰ ਦੀ ਰਹਿਣੀ ਬਹਿਣੀ ਵਿੱਚ ਰੱਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ ਵੱਲ ਘੱਟ ਹੋਣ ਕਰਕੇ ਧਾਰਮਿਕ ਰਹਿਣੀ ਵੀ ਇੱਕ ਲੋਕਾਚਾਰ ਬਣ ਗਈ ਹੈ। ਧਰਮ ਘਰਾਂ ਵਿੱਚੋਂ ਨਿਕਲ ਕੇ ਬਜ਼ਾਰਾਂ ਵਿੱਚ ਆ ਗਿਆ ਹੈ । ਲੋਕੀਂ ਧਰਮ ਦੀ ਕਮਾਈ ਬੱਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਤਿਉਹਾਰ ਨੂੰ ਕਿਸੇ ਦੀਵਾਨ ਵਿੱਚ ਹਾਜ਼ਰ ਹੋ ਕੇ ਪਾਠ , ਲੈਕਚਰ ਜਾਂ ਅਰਦਾਸ ਨੂੰ ਸੁਣ ਛੱਡਣਾ । ਘਰ ਵਿੱਚ ਇਸਤਰੀ ਬੱਚਿਆਂ ਨਾਲ ਰਲਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਵੇਖੀ ਜਾਂਦੀ ਹੈ ਪਰ ਅਸਲ ਵਿੱਚ ਧਾਰਮਕ ਰੁਚੀ ਕੇਵਲ ਉਸੇ ਆਦਮੀ ਅੰਦਰ ਪੈਦਾ ਹੋ ਸਕਦੀ ਹੈ, ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ ।

ਜਿਹੜੇ ਲੋਕੀ ਘਰੋਗੀ ਜੀਵਨ ਛੱਡ ਕੇ ਸਾਧ ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਇਹ ਕੰਮ ਉਤਨਾ ਹੀ ਔਖਾ ਹੈ, ਜਿਤਨਾ ਕਿ ਉਸ ਕਿਸਾਨ ਜੋ ਜ਼ਿਮੀਂ ਨੂੰ ਛੱਡ ਕੇ ਹਵਾ ਵਿੱਚ ਬੀ ਬੀਜਣਾ ਚਾਹੇ । ਵੱਡੇ - ਵੱਡੇ ਮਹਾਂ ਪੁਰਖ ਅਖਵਾਣ ਵਾਲੇ , ਜੋ ਗ੍ਰਹਿਸਤ ਤੋਂ ਕੰਨੀਂ ਕਤਰਾਂਦੇ ਸਨ , ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝੱਟ ਡਿਗ ਜਾਂਦੇ ਸਨ ( ਕਿਸੇ ਦਾ ਨਾਂ ਕੀ ਲੈਣਾ ਹੋਇਆ ? ) ਤੁਸੀਂ ਕਈਆਂ ਦੀਆਂ ਸਾਖੀਆਂ ਪੜ੍ਹਦੇ ਹੋਵੋਗੇ ਕਿ ਉਹ ਸਾਰੀ ਉਮਰ ਜਤੀ ਰਹੇ ਪਰ ਜਦ ਇਸਤਰੀਆਂ ਵੇਖੀਆਂ ਤਾਂ ਆਪਣੇ ਆਪ ਉੱਤੇ ਕਾਬੂ ਨਾ ਰੱਖ ਸਕੇ । ਕਈ ਤਾਂ ਇਸੇ ਡਰ ਤੋਂ ਕਿ ਕਿਧਰੇ ਮਾਇਆ ਵਿੱਚ ਫਸ ਨਾ ਜਾਈਏ , ਜੰਮਦਿਆਂ ਹੀ ਕਮੰਡਲ ਚੁੱਕ ਤੇ ਬਨਵਾਸ ਕਰਨ ਚਲੇ ਜਾਂਦੇ ਸਨ । ਅੰਤ ਇਹੋ ਜਿਹਿਆਂ ਨੂੰ ਵੀ ਠੀਕ ਰਸਤਾ ਲੱਭਦਾ ਸੀ ਤਾਂ ਗ੍ਰਹਿਸਤੀ ਰਾਜੇ ਜਨਕ ਵਰਗਿਆਂ ਤੋਂ । ਇਸੇ ਲਈ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਕਿਉਂਕਿ ਸਦਾਚਾਰ ਬਣਦਾ ਹੀ ਘਰੋਗੀ ਜੀਵਨ ਤੋਂ ਹੈ । ਧੀਆਂ-ਪੁੱਤਰ,ਇਸਤਰੀ ਮਾਤਾ-ਪਿਤਾ, ਇਹ ਮਾਇਆ ਦੇ ਸੰਬੰਧ ਨਹੀਂ , ਸਗੋਂ ਹਰੀ ਨੇ ਆਪ ਸਾਡੇ ਆਚਰਣ ਢਾਲਣ ਲਈ ਪਵਿੱਤਰ ਸਾਂਚੇ ਬਣਾਏ ਹਨ ।

ਮਾਈ ਬਾਪ ਪੂਤ ਸਭਿ, ਹਰ ਕੇ ਕੀਏ ।
ਸਭ ਕਉ ਸਨਬੰਧੁ ਹਰਿ ਪ੍ਰਭੁ ਕਰਿ ਦੀਏ ( ਗੂਜਰੀ ਮ : ੪ )

ਜਿਸ ਨੇ ਕਿਸੇ ਵਿਹਾਰ ਵਿੱਚ ਪੈ ਕੇ ਨਿਤ-ਨਿਤ ਬਦਦਿਆਨਤੀ ਦਾ ਟਾਕਰਾ ਨਹੀਂ ਕੀਤਾ,ਉਸ ਨੇ ਦਿਆਨਤਦਾਰੀ ਦੇ ਗੁਣ ਨੂੰ ਕਿਵੇਂ ਸਿੱਖਣਾ ਹੋਇਆ? ਇਸੇ ਤਰ੍ਹਾਂ ਜਿਸ ਨੇ ਪਿਤਾ , ਮਾਤਾ , ਭਰਾ , ਭੈਣ , ਪੁੱਤਰ , ਧੀ ਬਣ

ਕੇ ਇਹਨਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ , ਉਸ ਨੂੰ ਇਹਨਾਂ ਸੰਬੰਧਾਂ ਵਿੱਚੋਂ ਪੈਦਾ ਹੋਏ ਗੁਣ , ਪਿਤਾਪੁਣਾ , ਪੁੱਤਰਪੁਣਾ ਆਦਿ ਕਿਵੇਂ ਆ ਸਕਦੇ ਹਨ ? ਪਿਆਰ , ਹਮਦਰਦੀ , ਕੁਰਬਾਨ , ਸੇਵਾ ਆਦਿ ਗੁਣ ਕਦੀ ਵੀ ਨਹੀਂ ਸਿੱਖੇ ਜਾ ਸਕਦੇ ਜਦ ਤਕ ਕਿ ਮਨੁੱਖ ਘਰ ਦੇ ਸੰਬੰਧੀਆਂ ਨਾਅ ਪਿਆਰ , ਉਹਨਾਂ ਦੀ ਸੰਭਾਲ ਲਈ ਉੱਦਮ ਤੇ ਯੋਗਤਾ ਨਾ ਪੈਦਾ ਕਰੇ ।

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ । ਕੇਵਲ ਉਹੀ ਲੋਕ ਆਪਣੇ ਮੁਲਕ ਉੱਤੇ ਹਮਲੇ ਜਾਂ ਅਤਿਆਚਾਰ ਹੁੰਦੇ ਨਹੀਂ ਸਹਾਰ ਸਕਦੇ, ਜਿਨ੍ਹਾਂ ਦੇ ਘਰਾਂ ਨੂੰ ਟੱਬਰਾਂ ਨੂੰ , ਵਹੁਟੀ ਤੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੁੰਦਾ ਹੈ । ਮੈਨੂੰ ਹਿੰਦੁਸਤਾਨ ਉਤਨਾ ਹੀ ਪਿਆਰਾ ਹੈ ਜਿਤਨੇ ਕਿ ਮੇਰੇ ਆਪਣੇ ਅਡਿਆਲੇ ਪਿੰਡ ਦਾ ਕੱਚਾ ਕੋਠਾ ਅਤੇ ਉਸ ਵਿੱਚ ਵਸਦੇ ਬੰਦੇ ਪਿਆਰੇ ਹਨ । ਮੈਨੂੰ ਯਾਦ ਹੈ , ਜਦ ਮੈਂ ਰਾਵਲਪਿੰਡੀ ਪੜ੍ਹਦਾ ਹੁੰਦਾ ਸਾਂ ਤਾਂ ਹਰ ਹਫ਼ਤੇ ਐਤਵਾਰ ਕੱਟਣ ਨੂੰ ਆਪਣੇ ਪਿੰਡ ਜਾਂਦਾ ਹੁੰਦਾ ਸੀ , ਜਦ ਮੈਂ 'ਚਿਰਪੜਾਂ' ਤੋਂ ਲੰਘ ਕੇ 'ਤ੍ਰਪਿਆਂ' ਕੋਲ ਪੁਜਦਾ ਸਾਂ , ਜਿੱਥੋਂ ਇੱਕ ਟਿੱਬੇ ਦੇ ਉਹਲੇ ਮੇਰਾ ਪਿੰਡ ਵਸਦਾ ਦਿਸਦਾ ਸੀ ਤਾਂ ਪਿੰਡ ਦੀ ਪਿਆਰੀ ਝਾਕੀ ਅੱਖਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਮੈਂ ਉਸ ਟਿੱਬੇ ਕੋਲ ਠਹਿਰ ਜਾਂਦਾ ਸੀ ਅਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵਲ ਝਾਕਣ ਦਾ ਹੀਆ ਕਰਦਾ ਸੀ । ਮੁੜਦੀ ਵੇਰ ਵੀ ਪਿੰਡ ਨੂੰ ਅੱਖਾਂ ਤੋਂ ਉਹਲੇ ਹੋਣ ਤੋਂ ਪਹਿਲਾਂ ਮੁੜ-ਮੁੜ ਵੇਖਦਾ ਸੀ । ਕਈ ਵੇਰ ਉਸਦੇ ਓਹਲੇ ਹੋ ਜਾਣ ਤੋਂ ਮਗਰੋਂ ਕੁੱਝ ਕਦਮ ਪਿੱਛੇ ਪਰਤ ਕੇ ਮੁੜ ਪਿੰਡ ਨੂੰ ਵੇਖਣ ਜਾਂਦਾ ਸੀ । ਪਿੰਡ ਕਿੱਡਾ ਪਿਆਰਾ ਸੀ ਅਤੇ ਉਸ ਵਿੱਚ ਵਸਦੇ ਮੇਰੇ ਸੰਬੰਧੀ ਹੋਰ ਵੀ ਪਿਆਰੇ ਸਨ ਪਰ ਹੁਣ ਉਹ ਕਿੱਥੇ ? ਸਭ ਛਾਈ ਮਾਈਂ ਹੋ ਗਏ । ਹੁਣ ਤਾਂ ਕੋਈ ਅੰਗਰੇਜ਼ ਜਾਂ ਫਰਾਂਸੀਸੀ ਮੇਰੇ ਪਿੰਡ ਜਾਏ ਤਾਂ ਜਾ ਸਕਦਾ ਹੈ , ਪਰ ਮੈਂ ਨਹੀਂ ਜਾ ਸਕਦਾ ।

**4.0.5 ਅਭਿਆਸ ਲਈ ਪ੍ਰਸ਼ਨ-ਉੱਤਰ**

ਪ੍ਰਸ਼ਨ 1- ਪ੍ਰਿ.ਤੇਜਾ ਸਿੰਘ ਦੇ ਜੀਵਨ ਤੇ ਸਾਹਿਤ ਰਚਨਾ ਉੱਤੇ ਇੱਕ ਨੋਟ ਲਿਖੋ।

ਪ੍ਰਸ਼ਨ 2- ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਕਲਾ ਸਬੰਧੀ ਸੰਖੇਪ ਜਾਣਕਾਰੀ ਦਿਓ ?

ਪ੍ਰਸ਼ਨ 3- ਘਰ ਦਾ ਪਿਆਰ ਲੇਖ ਦਾ ਵਿਸ਼ਾ ਸੰਖੇਪ ਵਿੱਚ ਲਿਖੋ।

ਪ੍ਰਸ਼ਨ 4- ਘਰ ਦਾ ਪਿਆਰ ਲੇਖ ਵਿੱਚ ਤੇਜਾ ਸਿੰਘ ਨੇ ਘਰ ਤੋਂ ਬਾਹਰ ਸਮਾਂ ਬਿਤਾਉਣ ਵਾਲੇ ਲੋਕਾਂ ਬਾਰੇ ਕੀ ਕਿਹਾ ਹੈ ?

ਪ੍ਰਸ਼ਨ 5- ਤੇਜਾ ਸਿੰਘ ਨੇ ਆਪਣੇ ਲੇਖ ਘਰ ਦਾ ਪਿਆਰ ਵਿੱਚ ਮਹਾਂਪੁਰਖਾਂ ਦੇ ਜੀਵਨ ਬਾਰੇ ਕੀ ਵਿਚਾਰ ਪ੍ਰਗਟਾਏ ਹਨ।

**ਉੱਤਰ 1**

ਪ੍ਰਿੰਸੀਪਲ ਤੇਜਾ ਸਿੰਘ ਦਾ ਜਨਮ ਹੁਣ ਤੇ ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਇੱਕ ਪਿੰਡ ਪਡਿਆਲਾ ਵਿੱਚ 1894 ਈ. ਵਿੱਚ ਹੋਇਆ। ਵਿਦਿਆਰਥੀ ਜੀਵਨ ਵਿੱਚ ਉਹ ਇੱਕ ਹੁਸ਼ਿਆਰ ਅਤੇ ਹੋਣਹਾਰ ਵਿਦਿਆਰਥੀ ਸਨ। ਪੰਜਾਬੀ ਤੋਂ ਇਲਾਵਾ ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਉਹਨਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ। ਉਹਨਾਂ ਕਿੱਤੇ ਵਜੋਂ ਅਧਿਆਪਕ ਦੇ ਖੇਤਰ ਨੂੰ ਚੁਣਿਆ, ਉਹਨਾਂ ਦੇ ਕਈ ਵਿਦਿਆਰਥੀ ਉਹਨਾਂ ਦੇ ਪੜ੍ਹਾਉਣ ਦੇ ਵਧੀਆ ਢੰਗ ਨੂੰ ਹੁਣ ਤੱਕ ਯਾਦ ਕਰਦੇ ਹਨ।

ਪੰਜਾਬੀ ਸਾਹਿਤ ਦੇ ਵਾਰਤਕ ਲੇਖਕਾਂ ਵਿਚੋਂ ਪ੍ਰਿੰ. ਤੇਜਾ ਸਿੰਘ ਦਾ ਨਾਂ ਉੱਚਾ ਹੈ। ਆਪ ਨੇ ਪੰਜਾਬੀ ਸਾਹਿਤ ਨੂੰ ਰਵਾਇਤੀ ਸਥਾਨਕ ਰੰਗਤ ਵਿੱਚੋਂ ਕੱਢ ਕੇ ਆਪਣੀ ਲਿਖਤ ਵਿੱਚ ਖੁੱਲ੍ਹੇ ਦਿਲ ਨਾਲ ਹੋਰਨਾਂ ਦੇਸ਼ਾਂ, ਧਰਮਾਂ, ਸੱਭਿਆਚਾਰਾਂ ਅਤੇ ਸਾਹਿਤ ਨਾਲ ਜਾਣ ਪਛਾਣ ਕਰਵਾਉਂਦਿਆਂ ਇੱਕ ਨਵੇਂ ਸੰਵਾਦ ਦਾ ਸੰਚਾਰ ਕੀਤਾ।

ਪ੍ਰਿੰਸੀਪਲ ਤੇਜਾ ਸਿੰਘ ਨੇ 1914 ਤੋਂ ਸਾਹਿਤ ਰਚਨਾ ਸ਼ੁਰੂ ਕੀਤੀ। ਉਹਨਾਂ ਨੇ ਵਾਰਤਕ ਦੇ ਕਈ ਰੂਪਾਂ ਜਿਵੇਂ ਟੀਕਾਕਾਰੀ, ਕੋਸ਼ਕਾਰੀ, ਜੀਵਨੀ, ਸਵੈਜੀਵਨੀ ਤੋਂ ਇਲਾਵਾ ਆਲੋਚਨਾ ਅਤੇ ਖੋਜ ਦੇ ਖੇਤਰ ’ਚ ਕਲਮ ਅਜ਼ਮਾਈ। ਉਨ੍ਹਾਂ ਦੀ ਪਹਿਲੀ ਪੁਸਤਕ ‘ਗੁਰੂ ਨਾਨਕ ਸਾਹਿਬ ਦਾ ਮਿਸ਼ਨ’ 1914 ਵਿਚ ਪ੍ਰਕਾਸ਼ਿਤ ਹੋਈ। ਇਸ ਪਿੱਛੋਂ ‘ਗੁਰਬਾਣੀ ਦੀਆਂ ਲਗਾਂ-ਮਾਤਰਾਂ’ (1924), ‘ਆਸਾ ਦੀ ਵਾਰ ਸਟੀਕ’ (1939) ’ਚ ਪ੍ਰਕਾਸ਼ਿਤ ਹੋਈ।

ਉਹਨਾਂ ਨੇ ਡਾ. ਗੰਡਾ ਸਿੰਘ ਦੇ ਸਹਿਯੋਗ ਨਾਲ ਸਿੱਖ ਧਰਮ ਦਾ ਸੰਖਿਪਤ ਇਤਿਹਾਸ ਲਿਖਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰਬਾਣੀ ‘ਜਪੁ’, ‘ਆਸਾ ਕੀ ਵਾਰ’ ਅਤੇ ‘ਸੁਖਮਨੀ ਸਾਹਿਬ’ ਦਾ ਤਰਜ਼ਮਾ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਹਿਤ-ਰੂਪ ਦੇ ਸਾਰੇ ਪ੍ਰਤੀਨਿਧ ਗੁਣ-ਲੱਛਣ ਅਤੇ ਰੂਪਗਤ ਵਿਸ਼ੇਸ਼ਤਾਵਾਂ ਜਿਵੇਂ:- ਵਿਅਕਤੀਗਤ ਛਾਪ, ਬੁੱਧੀ ਅਤੇ ਭਾਵ ਦਾ ਸੁਮੇਲ, ਪਾਠਕ ਨਾਲ ਸਾਂਝ, ਸਪੱਸ਼ਟਤਾ, ਸ਼ੈਲੀ ਅਤੇ ਸ਼ਖ਼ਸੀਅਤ, ਬੋਲੀ ਅਤੇ ਸ਼ੈਲੀ, ਸ਼ਬਦਾਂ ਦੀ ਢੁੱਕਵੀਂ ਚੋਣ ਆਦਿ ਮੌਜੂਦ ਹਨ।

**ਉੱਤਰ 2**

ਪ੍ਰਿੰਸੀਪਲ ਤੇਜਾ ਸਿੰਘ ਨੇ ਪੰਜਾਬੀ ਵਾਰਤਕ ਵਿਚ ਬੜੀ ਮੌਲਿਕ ਰਚਨਾ ਕੀਤੀ ਹੈ। ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਪੰਜਾਬੀ ਬੋਲੀ ਦਾ ਬਿਲਕੁਲ ਟਕਸਾਲੀ ਰੂਪ ਵਰਤਿਆ ਹੈ। ਉਹਨਾਂ ਦੀ ਵਾਰਤਕ ਦਾ ਵੱਡਾ ਗੁਣ ਸ਼ੈਲੀ ਪੱਖੋਂ ਸਰਲਤਾ ਅਤੇ ਸਪਸ਼ਟਤਾ ਹੈ। ਆਪਣੇ ਵਿਸ਼ੇ ਉੱਤੇ ਉਨ੍ਹਾਂ ਦਾ ਪੂਰਾ ਕਾਬੂ ਰਹਿੰਦਾ ਹੈ ਕਿਉਂਕਿ ਉਹਨਾਂ ਦੀ ਵਿਦਵਤਾ ਉਹਨਾਂ ਨੂੰ ਇਸ ਪੱਖੋਂ ਚੇਤੰਨ ਰੱਖਦੀ ਹੈ। ਸੰਖੇਪ ਅਤੇ ਸਾਦ ਮੁਰਾਦੀ ਭਾਸ਼ਾ ਵਿੱਚ ਉਹ ਬੜੇ ਤੋਂ ਬੜੇ ਖ਼ਿਆਲ ਨੂੰ ਸਹਿਜੇ ਹੀ ਕਹਿ ਜਾਂਦੇ ਹਨ। ਉਨ੍ਹਾਂ ਦੀ ਵਾਰਤਕ ਰਚਨਾ ਬੜੀ ਰਸ ਭਰਪੂਰ ਹੈ।ਉਨ੍ਹਾਂ ਦੀਆਂ ਵਾਰਤਕ ਵਿਚ ਮੁੱਖ ਰਚਨਾਵਾਂ ਇਸ ਪ੍ਰਕਾਰ ਹਨ:-

1. ਨਵੀਂਆਂ ਸੋਚਾਂ 2.ਸਹਿਜ ਸੁਭਾ 3.ਸੱਭਿਆਚਾਰ।

**ਉੱਤਰ 3**

ਘਰ ਦਾ ਪਿਆਰ ਲੇਖ ਉਸ ਪਿਆਰ ਬਾਰੇ ਹੈ, ਜੋ ਸਾਨੂੰ ਆਪਣੇ ਘਰ ਵਿੱਚੋਂ ਮਿਲਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਅਤੇ ਸਖਸ਼ੀ ਰਹਿਣੀ ਦਾ ਕੇਂਦਰ ਹੁੰਦਾ ਹੈ। ਮਨੁੱਖ ਦੇ ਆਚਰਨ ਦੀ ਉਸਾਰੀ ਵਿੱਚ ਘਰ ਦਾ ਪ੍ਰਮੁੱਖ ਯੋਗਦਾਨ

ਹੁੰਦਾ ਹੈ। ਘਰ ਮਨੁੱਖ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਸਾਧਾਰਨ ਮਨੁੱਖ ਤੋਂ ਲੈ ਕੇ ਮਹਾਂਪੁਰਖਾਂ ਤੇ ਪੈਗੰਬਰਾਂ ਦੇ ਜੀਵਨ ਉੱਤੇ ਵੀ ਘਰ ਦਾ ਖ਼ਾਸ ਪ੍ਰਭਾਵ ਹੁੰਦਾ ਹੈ। ਘਰ ਦੇ ਪਿਆਰ ਤੋਂ ਵਾਂਝੇ ਰਹੇ ਮਨੁੱਖਾਂ ਦੇ ਸੁਭਾਅ ਅਤੇ ਆਚਰਣ ਵਿੱਚ ਬਹੁਤ ਸਾਰੀਆਂ ਊਣਤਾਈਆਂ ਵੇਖੀਆਂ ਜਾ ਸਕਦੀਆਂ ਹਨ। ਘਰ ਦੇ ਪਿਆਰ ਤੋਂ ਸੱਖਣੇ ਕਲੱਬਾਂ ਅਤੇ ਹੋਸਟਲਾਂ ਵਿੱਚ ਰਹਿਣ ਵਾਲੇ ਮਨੁੱਖਾਂ ਦੀ ਆਚਰਣ ਉਸਾਰੀ ਸਾਂਵੀ ਨਹੀਂ ਰਹਿੰਦੀ ।

**ਉੱਤਰ 4**

ਪ੍ਰਿੰਸੀਪਲ ਤੇਜਾ ਸਿੰਘ ਦੇ ਲੇਖ ਘਰ ਦਾ ਪਿਆਰ ਅਨੁਸਾਰ ਘਰ ਤੋਂ ਬਾਹਰ ਸਮਾਂ ਬਿਤਾਉਣ ਵਾਲੇ ਲੋਕ ਸਮਾਜਿਕ ਵਿਵਹਾਰ ਪੱਖੋਂ ਕੋਰੇ ਜਿਹੇ, ਗ਼ੈਰ ਜ਼ਿੰਮੇਵਾਰ ਅਤੇ ਕਈ ਵੇਰ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ। ਘਰ ਤੋਂ ਮਿਲਣ ਵਾਲੇ ਗੁਣ ਪਿਆਰ, ਹਮਦਰਦੀ, ਕੁਰਬਾਨੀ ਤੇ ਸੇਵਾ ਭਾਵਨਾ ਤੋਂ ਉਹ ਲੋਕ ਸੱਖਣੇ ਰਹਿ ਜਾਂਦੇ ਹਨ। ਮਿਲਾਪ ਅਤੇ ਸਾਂਝ ਦੀ ਉਨ੍ਹਾਂ ਵਿੱਚ ਕਮੀ ਦੇਖਣ ਨੂੰ ਮਿਲਦੀ ਹੈ। ਲੇਖਕ ਅਨੁਸਾਰ ਘਰ ਦੇ ਪਿਆਰ ਤੋਂ ਸੱਖਣੇ ਲੋਕ ਜੋ ਬਾਹਰ ਰਹਿੰਦੇ ਹਨ, ਉਨ੍ਹਾਂ ਦਾ ਸੁਭਾਅ ਕੋਝਾ, ਸੜੀਅਲ ਜਾਂ ਖਿਝੂ ਜਿਹਾ ਹੋ ਜਾਂਦਾ।

**ਉੱਤਰ 5**

ਲੇਖਕ ਅਨੁਸਾਰ ਇਹੋ ਜਿਹੇ ਉਪਦੇਸ਼ਕ ਅਤੇ ਲਿਖਾਰੀ ਵੱਡੇ ਵੱਡੇ ਗੁਰੂਆਂ ਤੇ ਪੈਗੰਬਰਾਂ ਦੇ ਜੀਵਨ ਨੂੰ ਆਪਣੇ ਨਮੂਨੇ ਉੱਤੇ ਢਾਲਦੇ ਹੋਏ, ਉਹਨਾਂ ਮਹਾਂਪੁਰਖਾਂ ਨੂੰ ਆਪਣੇ ਜਿਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਪੇਸ਼ ਕਰਦੇ ਹਨ। ਗੁਰੂਆਂ ਪੈਗੰਬਰਾਂ ਦੇ ਜੀਵਨ ਉੱਤੇ ਉਹਨਾਂ ਦੇ ਬਚਪਨ ਅਤੇ ਘਰ ਦੇ ਮਾਹੌਲ ਦਾ ਜੋ ਪ੍ਰਭਾਵ ਪਿਆ ਹੁੰਦਾ ਹੈ, ਉਹ ਹਾਲ ਦੇਣ ਤੋਂ ਬਿਨਾਂ ਹੀ ਉਹ ਜੀਵਨੀਆਂ ਲਿਖ ਦਿੰਦੇ ਹਨ। ਉਹਨਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ, ਭੈਣ ਭਰਾ ਦਾ ਪਿਆਰ ਲਾਡ ਤੇ ਰੁਸੇਵੇ ਮਹਾਂਪੁਰਖਾਂ ਦੇ ਲਈ ਵੀਹ ਉਨੇ ਹੀ ਜ਼ਰੂਰੀ ਹੁੰਦੇ ਹਨ, ਜਿੰਨੇ ਕਿ ਸਾਧਾਰਨ ਮਨੁੱਖ ਲਈ। ਉਨ੍ਹਾਂ ਲੇਖਕਾਂ ਨੇ ਮਹਾਤਮਾ ਬੁੱਧ, ਗੁਰੂ ਨਾਨਕ ਦੇਵ ਜੀ ਅਤੇ ਈਸਾ ਜੀ ਦੇ ਮਾਪਿਆਂ ਦੇ ਆਚਰਣ ਨੂੰ ਵੀ ਬਹੁਤ ਕੋਝੇ ਢੰਗ ਨਾਲ ਰੰਗਿਆ ਹੈ।

**4.0.6 ਘਰ ਦਾ ਪਿਆਰ : ਵਿਸ਼ੇਗਤ ਅਧਿਐਨ**

ਪ੍ਰਿੰਸੀਪਲ ਤੇਜਾ ਸਿੰਘ ਦਾ ਲਿਖਿਆ ਹੋਇਆ ਇਹ ਲੇਖ ਉਨ੍ਹਾਂ ਦੇ ਪ੍ਰਸਿੱਧ ਲੇਖਾਂ ਵਿਚੋਂ ਇਕ ਹੈ। ਸ਼ਾਇਦ ਉਹਨਾਂ ਦੇ ਇਸ ਲੇਖ ਨੂੰ ਸਭ ਤੋਂ ਵੱਧ ਪ੍ਰਸਿੱਧੀ ਮਿਲੀ ਹੈ। ਜਿਹਨਾਂ ਨੇ ਇਹ ਪੜ੍ਹਿਆ ਹੈ, ਉਹ ਇਸ ਵਿਸ਼ੇ ਦੀ ਮਹੱਤਤਾ ਨੂੰ ਪਛਾਣਦਿਆਂ ਇਸ ਦੀ ਬਾਰ-ਬਾਰ ਪ੍ਰਸੰਸਾ ਕਰਦੇ ਨਹੀਂ ਥੱਕਦੇ।

**ਸਦਾਚਾਰਕ ਸਿੱਖਿਆ** :

ਮਨੁੱਖੀ ਜੀਵਨ ਜਿੰਨਾ ਜ਼ਿਆਦਾ ਉਪਭੋਗੀ ਅਤੇ ਪੂੰਜੀ ਕੇਂਦਰਤ ਹੁੰਦਾ ਜਾ ਰਿਹਾ ਹੈ ਉਨ੍ਹੀਂ ਹੀ ਇਸ ਵਿੱਚ ਨੈਤਿਕ ਅਤੇ ਸਦਾਚਾਰਕ ਗਿਰਾਵਟ ਆਉਂਦੀ ਜਾ ਰਹੀ ਹੈ। ਇਸ ਨੈਤਿਕ ਗਿਰਾਵਟ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਇੱਕ ਕਾਰਨ ਉੱਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਉਂਗਲ ਰੱਖਦਿਆਂ ਆਪਣਾ ਨਿਬੰਧ 'ਘਰ ਦਾ ਪਿਆਰ' ਲਿਖਿਆ ਹੈ। ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿਚ ਘਰ ਦੇ ਪਿਆਰ ਦੀ ਕੀ ਮਹੱਤਤਾ ਹੈ ਉਸ ਨੂੰ ਤੇਜਾ ਸਿੰਘ ਨੇ ਬਾਖੂਬੀ ਉਘਾੜਿਆ ਹੈ।

**ਮਨੁੱਖੀ ਸਖ਼ਸ਼ੀਅਤ ਉੱਤੇ ਪ੍ਰਭਾਵ** :

ਘਰ ਦਾ ਪਿਆਰ ਕੀ ਹੈ? ਕੀ ਇਹ ਕੇਵਲ ਘਰ ਨੂੰ ਪਿਆਰ ਹੈ ਜਾਂ ਘਰ ਤੋਂ ਮਿਲਣ ਵਾਲਾ ਪਿਆਰ ਹੈ। ਲੇਖਕ ਨੇ ਇਹ ਦੋਵੇਂ ਅਰਥ ਹੀ ਇਸ ਨਿਬੰਧ ਵਿੱਚ ਲਏ ਹਨ। ਘਰ ਦੇ ਪਿਆਰ ਵਿੱਚੋਂ ਹੀ ਬਾਕੀ ਪਿਆਰ ਪੈਦਾ ਹੁੰਦੇ ਹਨ ਅਤੇ ਮਨੁੱਖ ਵਿੱਚ ਉੱਤਮ ਗੁਣਾਂ ਦੀ ਪੈਦਾਇਸ਼ ਹੁੰਦੀ ਹੈ। ਘਰ ਵਿੱਚ ਸਭ ਤੋਂ ਵਧੇਰੇ ਪਿਆਰ ਆਪਣੀ ਮਾਂ ਕੋਲੋਂ ਨਸੀਬ ਹੁੰਦਾ ਹੈ। ਮਾਂ ਤੋਂ ਇਲਾਵਾ ਪਿਤਾ,ਪਤੀ, ਪਤਨੀ, ਭੈਣ, ਭਰਾ, ਚਾਚੀ, ਚਾਚਾ, ਦਾਦੀ, ਦਾਦਾ, ਤਾਇਆ, ਤਾਈ ਆਦਿ ਪਿਆਰ ਵੀ ਘਰ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਇਨ੍ਹਾਂ ਵਿੱਚੋਂ ਕਿਸੇ ਇੱਕ ਪਿਆਰ ਨੂੰ ਵਧੇਰੇ ਮਹੱਤਤਾ ਨਹੀਂ ਦਿੱਤੀ ਸਗੋਂ ਇਹ ਕਿਹਾ ਹੈ ਕਿ ਘਰ ਤੋਂ ਮਿਲਣ ਵਾਲੇ ਪਿਆਰ ਦਾ ਮਨੁੱਖੀ ਸਖ਼ਸ਼ੀਅਤ ਉੱਤੇ ਬੜਾ ਡੂੰਘਾ ਅਤੇ ਗਹਿਰਾ ਪ੍ਰਭਾਵ ਹੁੰਦਾ ਹੈ। ਉਹਨਾਂ ਅਨੁਸਾਰ ਦੇਸ਼ ਅਤੇ ਸਮਾਜ ਦੇ ਪ੍ਰਭਾਵ ਤੋਂ ਵੀ ਜ਼ਿਆਦਾ ਵੱਡਾ ਪ੍ਰਭਾਵ ਘਰ ਦੇ ਪਿਆਰ ਦਾ ਹੀ ਹੁੰਦਾ ਹੈ। ਪਰਿਵਾਰ ਇੱਕ ਸਮਾਜਿਕ ਇਕਾਈ ਹੈ ਪ੍ਰੰਤੂ ਇਹ ਹੋਰ ਸਭ ਇਕਾਈਆਂ ਨਾਲੋਂ ਵਧੇਰੇ ਵਿਸ਼ੇਸ਼ਤਾ ਰੱਖਦੀ ਹੈ।

**ਸਮਾਜਿਕ ਢਾਂਚੇ ਦੀ ਮੂਲ ਬੁਨਿਆਦ** :

ਪ੍ਰਿੰਸੀਪਲ ਤੇਜਾ ਸਿੰਘ ਵੱਲੋਂ ਘਰ ਦੇ ਪਿਆਰ ਦਾ ਮਹੱਤਵ ਵਿਸ਼ੇ ਦੀ ਚੋਣ ਉਹਨਾਂ ਦੀ ਸੂਖ਼ਮ ਸੂਝ ਦਾ ਪ੍ਰਤੀਕ ਹੈ। ਹਰ ਸਮਾਜ ਵਿੱਚ ਉਥੋਂ ਦੇ ਰਹਿਣ ਵਾਲੇ ਮਨੁੱਖਾਂ ਦੀ ਸਖ਼ਸ਼ੀਅਤ, ਆਚਰਣ ਅਤੇ ਰਹਿਣ-ਸਹਿਣ ਦੇ ਢੰਗ ਦਾ ਉਥੋਂ ਦੀ ਰਾਜਸੀ, ਸੱਭਿਆਚਾਰ ਅਤੇ ਆਰਥਿਕ ਬਣਤਰ ਉੱਤੇ ਖ਼ਾਸ ਅਸਰ ਹੁੰਦਾ ਹੈ ਅਤੇ ਘਰ ਦਾ ਪਿਆਰ ਇਹਨਾਂ ਦੀ ਉੱਨਤੀ ਲਈ ਇਕ ਬੁਨਿਆਦ ਦਾ ਕਾਰਜ ਕਰਦਾ ਹੈ। ਮਨੁੱਖ ਜਦੋਂ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਉਦੋਂ ਪਰਿਵਾਰਕ ਢਾਂਚੇ ਦੀ ਕੋਈ ਖ਼ਾਸ ਬਣਤਰ ਨਿਸ਼ਚਿਤ ਨਹੀਂ ਸੀ ਹੁੰਦੀ ਕਿਉਂਕਿ ਮਨੁੱਖ ਲਗਾਤਾਰ ਇਕ ਥਾਂ ਤੋਂ ਦੂਜੀ ਥਾਂ ਤੇ ਹਿਜ਼ਰਤ ਕਰਦਾ ਰਹਿੰਦਾ ਸੀ। ਸੱਭਿਅਤਾ ਵਿਕਸਤ ਹੋਈ ਤਾਂ ਸਾਡੇ ਪੁਰਖਿਆਂ ਨੇ ਮਨੁੱਖੀ ਜੀਵਨ ਨੂੰ ਸਹਿਜ ਢੰਗ ਨਾਲ ਚਲਾਉਣ ਲਈ ਸਮਾਜਕ ਤਾਣੇ ਬਾਣੇ ਦੇ ਕੁਝ ਨਿਯਮ ਨਿਸ਼ਚਤ ਕੀਤੇ, ਤਾਂ ਜੋ ਮਨੁੱਖੀ ਜੀਵਨ ਨੂੰ ਪਸ਼ੂ ਜੀਵਨ ਤੋਂ ਉੱਚਾ ਚੁੱਕਿਆ ਜਾ ਸਕੇ ਅਤੇ ਮਨੁੱਖੀ ਸ਼ਖ਼ਸੀਅਤ ਵਿਚ ਨੈਤਿਕ ਅਤੇ ਸਦਾਚਾਰਕ ਗੁਣਾਂ ਦਾ ਪਰਵੇਸ਼ ਹੋ ਸਕੇ। ਇਸ ਸਮੁੱਚੇ ਸਮਾਜਿਕ ਢਾਂਚੇ ਦੀ ਮੂਲ ਬੁਨਿਆਦ ਪਰਿਵਾਰ ਹੈ, ਅਤੇ ਪਰਿਵਾਰ ਦੀ ਮੂਲ ਬੁਨਿਆਦ ਇਤਫ਼ਾਕ, ਸਤਿਕਾਰ, ਆਪਸੀ ਮੇਲ-ਮਿਲਾਪ ਤੇ ਸਾਂਝ ਹੈ।

**ਕਦਰਾਂ ਕੀਮਤਾਂ ਵਿੱਚ ਗਿਰਾਵਟ ਦਾ ਕਾਰਨ** :

ਪ੍ਰੰਤੂ ਹੁਣ ਸੱਭਿਅਤਾ ਇੰਨੀ ਵਿਕਾਸ ਕਰ ਗਈ ਹੈ ਕਿ ਪੁਰਖਿਆਂ ਵੱਲੋਂ ਸਿਰਜੇ ਗਏ ਸਮਾਜਿਕ ਢਾਂਚੇ ਨੂੰ ਪਾਰ ਕਰਦਿਆ ਮਨੁੱਖ ਅਜਿਹੇ ਅਮੋੜ ਦੌੜਦੇ ਸੰਸਾਰ ਵੱਲ ਮੂੰਹ ਕਰੀ ਬੈਠਾ ਹੈ, ਜਿੱਥੇ ਸਮਾਜਿਕ ਜੀਵਨ ਅਤੇ ਮੁੱਲਵਾਨ ਕਦਰਾਂ ਕੀਮਤਾਂ ਵਿੱਚ ਤਰੇੜਾਂ ਆਉਣੀਆਂ ਲੱਗ ਪਈਆਂ ਹਨ। ਮਨੁੱਖ ਦਾ ਸੁਭਾਅ ਆਪਣੇ ਆਰੰਭਲੇ ਜਾਂਗਲੀ ਸੁਭਾਅ ਵਿੱਚੋਂ ਸੱਭਿਅਕ ਜੀਵਨ ਵਿੱਚ ਉਤਰਦਿਆਂ ਹੁਣ ਮਹੱਤਵਅਕਾਂਖੀ ਹੁੰਦਾ ਜਾ ਰਿਹਾ ਹੈ। ਪਿਆਰ,ਹਲੀਮੀ ਅਤੇ ਸੱਚਾਈ ਤਾਂ ਜਿਵੇਂ ਖੰਭ ਲਾ ਕੇ ਉਡਦੀ ਜਾ ਰਹੀ। ਇਸ ਦਾ ਮੂਲ ਕਾਰਨ ਪਰਿਵਾਰਕ ਰਿਸ਼ਤਿਆਂ ਨਾਲ ਸਾਂਝ ਦੀ ਅਣਹੋਂਦ ਹੈ। ਇਸੇ ਕਾਰਨ ਕਿਸੇ ਸਿਆਣੇ ਨੇ ਸੱਚ ਕਿਹਾ ਹੈ ਕਿ ਸੱਭਿਅਤਾ ਦਾ ਅਗਲਾ ਕਦਮ ਉਦੋਂ ਪੁੱਟਿਆ ਜਾਵੇਗਾ, ਜਦੋਂ ਵਿਹਾਰ ਵਿੱਚ ਮਨੁੱਖੀ ਰਿਸ਼ਤੇ ਘਰ ਦੇ ਜੀਆਂ ਦੇ ਪਰਸਪਰ ਰਸ਼ਤਿਆਂ ਵਰਗੇ ਹੋ ਜਾਣਗੇ।

**ਪਵਿੱਤਰ ਆਚਰਣ ਦੀ ਉਸਾਰੀ** :

ਘਰ ਦੇ ਜੀਅ ਇੱਕ ਦੂਜੇ ਦੀ ਬਹੁਤ ਸੇਵਾ ਸੰਭਾਲ ਕਰਦੇ ਹਨ। ਸਭ ਤੋਂ ਵਧੇਰੇ ਸੇਵਾ ਮਾਂ ਆਪਣੇ ਬੱਚਿਆਂ ਦੀ ਕਰਦੀ ਹੈ। ਜੇ ਮਾਂ ਦੇ ਹਿੱਸੇ ਇਹ ਮਮਤਾ ਨਾ ਆਈ ਹੋਵੇ ਤਾਂ ਬੱਚੇ ਕਿਵੇਂ ਪਲਣ ? ਜੰਮਦਾ ਬੱਚਾ ਆਪਣੇ ਆਪ ਕੁਝ ਨਹੀਂ ਕਰ ਸਕਦਾ, ਉਹ ਪੂਰਨ ਤੌਰ ਤੇ ਮਾਂ ਉੱਤੇ ਆਸ਼ਰਿਤ ਹੁੰਦਾ ਹੈ। ਜਿਹੜੇ ਲੋਕ ਮਾਂ ਦੇ ਪਿਆਰ ਤੋਂ ਵਿਰਵੇ ਰਹਿ ਜਾਂਦੇ ਹਨ, ਉਹਨਾਂ ਦੀ ਜ਼ਿੰਦਗੀ ਬੋਝਲ, ਰਸ ਅਤੇ ਨਿੱਘ ਤੋਂ ਖਾਲੀ ਕੋਰੀ ਜਿਹੀ ਹੁੰਦੀ ਹੈ। ਪਰਿਵਾਰ ਦੇ ਅਜਿਹੇ ਹੀ ਰਸਾ ਤੋਂ ਖੀਣੇ ਲੋਕਾਂ ਵੱਲ ਇਸ਼ਾਰਾ ਕਰਦਿਆਂ, ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖਿਆ ਹੈ ਕਿ ਅਜਿਹੇ ਉਪਦੇਸ਼ਕ ਅਤੇ ਲਿਖਾਰੀ ਵੱਡੇ ਗੁਰੂਆਂ ਅਤੇ ਪੈਗੰਬਰਾਂ ਦੇ ਜੀਵਨ ਦਾ ਵਖਿਆਨ ਕਰਦਿਆਂ ਉਨ੍ਹਾਂ ਨੂੰ ਘਰੋਗੀ ਪਿਆਰ ਤੋਂ ਸੱਖਣੇ ਦੱਸਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ ਘਰ ਦਾ ਪਿਆਰ ਅਤੇ ਲਾਡ ਮਹਾਂਪੁਰਖਾਂ ਦੀ ਬਣਤਰ ਵਿੱਚ ਕਿੰਨੇ ਜ਼ਰੂਰੀ ਹੁੰਦੇ ਹਨ। ਘਰ ਦੇ ਪਿਆਰ ਤੋਂ ਹੀ ਮਨੁੱਖ ਨੂੰ ਸੱਚੇ ਸੁੱਚੇ ਅਤੇ ਬਨਾਵਟਾ ਤੋਂ ਸੱਖਣੇ ਉਦਰੇਵੇਂ, ਰੁਸੇਵੇਂ, ਵਲਵਲੇ ਅਤੇ ਕੁਰਬਾਨੀ ਦੇ ਗੁਣ ਸਹਿਜੇ ਹੀ ਮਿਲ ਜਾਂਦੇ ਹਨ। ਘਰ ਤੋਂ ਮਿਲਿਆ ਉਤਸ਼ਾਹ ਅਤੇ ਤਜ਼ਰਬੇ ਹੀ ਉਸ ਨੂੰ ਜੀਵਨ ਦੇ ਸੰਘਰਸ਼ ਵਿਚ ਸਹਾਈ ਹੁੰਦੇ ਹਨ। ਘਰ ਦੇ ਜੀਆਂ ਦੇ ਸੰਬੰਧ ਮਾਇਆ ਦੇ ਸਬੰਧ ਨਹੀਂ ਹੁੰਦੇ ਸਗੋਂ ਪਰਮਾਤਮਾ ਨੇ ਆਪ ਸਾਡੇ ਆਚਰਣ ਨੂੰ ਢਾਲਣ ਅਤੇ ਪਵਿੱਤਰ ਕਰਨ ਲਈ ਸਹਾਇਕ ਰੂਪ ਵਿੱਚ ਇਨ੍ਹਾਂ ਰਿਸ਼ਤਿਆਂ ਨੂੰ ਸਿਰਜਿਆ ਹੈ। ਜਿਸ ਮਨੁੱਖ ਵਿੱਚ ਘਰ ਦੇ ਸਬੰਧੀਆਂ ਨਾਲ ਪਿਆਰ ਉਨ੍ਹਾਂ ਦੀ ਸੇਵਾ ਸੰਭਾਲ ਦਾ ਉੱਦਮ ਅਤੇ ਯੋਗਤਾ ਪੈਦਾ ਨਹੀਂ ਹੁੰਦੇ ਉਨ੍ਹਾਂ ਮਨੁੱਖਾਂ ਵਿੱਚ ਪਿਆਰ, ਹਮਦਰਦੀ, ਸੇਵਾ ਭਾਵਨਾ ਵਰਗੇ ਗੁਣ ਵੀ ਪੈਦਾ ਨਹੀਂ ਹੋ ਸਕਦੇ।

**ਮਹਾਂਪੁਰਖਾ ਦੇ ਜੀਵਨ ਉੱਤੇ ਘਰ ਦੇ ਪਿਆਰ ਦਾ ਪ੍ਰਭਾਵ :**

ਲੇਖਕ ਨੇ ਮਾਂ ਅਤੇ ਪੁੱਤ ਦੇ ਪਿਆਰ ਦਾ ਇੱਕ ਪ੍ਰਮਾਣ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚੋਂ ਦਿੱਤਾ ਹੈ। ਜਿਸ ਰਾਹੀਂ ਉਹ ਦੱਸਦੇ ਹਨ ਕਿ ਮਹਾਂਪੁਰਖਾਂ ਦੇ ਵਿਅਕਤੀਤਵ ਦੇ ਵਿਕਾਸ ਉੱਤੇ ਵੀ ਘਰੋਗੀ ਪਿਆਰ ਦਾ ਕਿੱਡਾ ਵੱਡਾ ਅਸਰ ਹੁੰਦਾ ਹੈ।ਗੁਰੂ ਨਾਨਕ ਦੇਵ ਜੀ ਦੀ ਭੈਣ ਨਾਨਕੀ ਨੇ ਉਨ੍ਹਾਂ ਦੀ ਵਡੱਤਣ ਨੂੰ ਸਭ ਤੋਂ ਪਹਿਲੇ ਪਛਾਣਿਆ ਤੇ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ ਸੀ। ਪਤੀ ਅਤੇ ਪਤਨੀ ਦੇ ਪਿਆਰ ਦਾ ਪ੍ਰਮਾਣ ਲੇਖਕ ਨੇ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਵਿੱਚੋਂ ਦਿੱਤਾ ਹੈ ਜਦੋਂ ਉਹ ਅੱਲ੍ਹਾ ਦੇ ਪਿਆਰ ਵਿੱਚ ਬਹੁਤ ਦੇਰ ਮਗਨ ਰਹਿਣ ਕਾਰਨ ਥੱਕ ਜਾਂਦੇ ਸਨ, ਉਨ੍ਹਾਂ ਦੀ ਪਤਨੀ ਖਤੀਜਾ ਜੀ ਆਪਣੀ ਸੇਵਾ ਨਾਲ ਉਨ੍ਹਾਂ ਦੀ ਸਭ ਥਕਾਵਟ ਦੂਰ ਕਰ ਦਿੰਦੀ ਸੀ। ਪ੍ਰਿ. ਤੇਜਾ ਸਿੰਘ ਨੇ ਗੁਰੂ ਨਾਨਕ ਦੇਵ ਜੀ, ਮਹਾਤਮਾ ਬੁੱਧ, ਪੈਗੰਬਰ ਈਸਾ ਦੇ ਉਨ੍ਹਾਂ ਜੀਵਨਕਾਰਾਂ ਉਤੇ ਅਫ਼ਸੋਸ ਕੀਤਾ ਹੈ, ਜਿਨ੍ਹਾਂ ਨੇ ਇਨ੍ਹਾਂ ਮਹਾਂਪੁਰਖਾਂ ਦੇ ਬਚਪਨ ਤੋਂ ਬਿਨਾਂ ਹੀ, ਉਨ੍ਹਾਂ ਦੇ ਜੀਵਨ ਦਾ ਵਰਣਨ ਕੀਤਾ ਹੈ।

**ਘਰ ਦੇ ਪਿਆਰ ਤੋਂ ਸੱਖਣੇ ਲੋਕ** :

ਲੇਖਕ ਨੇ ਆਪਣੇ ਜੀਵਨ ਅਨੁਭਵ ਵਿੱਚੋਂ ਵੀ ਘਰ ਦੇ ਪਿਆਰ ਤੋਂ ਵਾਂਝੇ ਰਹੇ ਲੋਕਾਂ ਦੇ ਕੁੱਝ ਪ੍ਰਮਾਣ ਦਿੱਤੇ ਹਨ। ਉਹ ਦੱਸਦੇ ਹਨ ਕਿ ਅੱਜਕੱਲ੍ਹ ਹੋਟਲਾਂ ਤੇ ਕਲੱਬਾਂ ਵਿੱਚ ਜਾਣ ਦਾ ਰਿਵਾਜ ਵਧ ਗਿਆ ਹੈ, ਜਿਸ ਸਦਕਾ ਘਰੋਗੀ ਜ਼ਿਮੇਵਾਰੀ, ਬਰਾਦਰੀ ਵਾਲੀ ਸ਼ਰਾਫ਼ਤ, ਮਿੱਠਤ ਤੇ ਨਿਮਰਤਾ ਵਰਗੇ ਗੁਣ ਘਟ ਰਹੇ ਹਨ। ਹੋਸਟਲਾਂ ਵਿੱਚ ਰਹਿਣ ਵਾਲੇ ਨੌਜਵਾਨ ਘਰੋਗੀ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਸੱਖਣੇ ਹੁੰਦੇ ਜਾ ਰਹੇ ਹਨ। ਜਿਹੜੀਆਂ ਔਰਤਾਂ ਧੀ, ਪੁੱਤ ਤੇ ਪਤੀ ਦੇ ਪਿਆਰ ਤੋਂ ਵਿਰਵੀਆਂ ਰਹਿ ਗਈਆਂ ਹਨ, ਉਨ੍ਹਾਂ ਦੇ ਸੁਭਾਅ ਵਿੱਚ ਸਖ਼ਤ ਅਤੇ ਕੁੜੱਤਣ ਪੁਣਾ ਝਲਕਦਾ ਹੈ। ਕੁਝ ਲੋਕ ਧਰਮ ਦੇ ਅਭਿਆਸ ਖਾਤਰ ਘਰ ਦਾ ਤਿਆਗ ਕਰਦੇ ਹਨ। ਉਨ੍ਹਾਂ ਦੇ ਆਚਰਣ ਵਿੱਚ ਪੁਖ਼ਤਗੀ ਨਹੀਂ ਆਉਂਦੀ ਤੇ ਪਰਖ ਵੇਲੇ ਉਹ ਡੋਲ ਜਾਂਦੇ ਹਨ।

**ਪਰਿਵਾਰ ਦਾ ਮਹੱਤਵ** :

ਘਰ ਦਾ ਪਿਆਰ ਹੀ ਮਨੁੱਖ ਅੰਦਰ ਸਮਾਜ ਅਤੇ ਦੇਸ਼ ਦੇ ਪਿਆਰ ਨੂੰ ਪੈਦਾ ਕਰਦਾ ਹੈ, ਕੇਵਲ ਉਹੀ ਲੋਕ ਕੁਰਬਾਨ ਹੋ ਸਕਦੇ ਹਨ ਅਤੇ ਅੱਤਿਆਚਾਰ ਦੇ ਖਿਲਾਫ਼ ਡਟ ਸਕਦੇ ਹਨ, ਜਿਹਨਾਂ ਨੂੰ ਆਪਣੇ ਘਰਾਂ ਟੱਬਰਾਂ ਦੇ ਨੁਕਸਾਨੇ ਜਾਣ ਦਾ ਖ਼ਤਰਾ ਹੁੰਦਾ ਹੈ। ਮਨੁੱਖ ਇਕ ਭਾਵਨਾਤਮਕ ਅਤੇ ਅਹਿਸਾਸਾਂ ਦਾ ਮੁਜੱਸਮਾ ਹੈ। ਭਾਵਨਾਵਾਂ ਅਤੇ ਅਹਿਸਾਸਾਂ ਦੀ ਪਵਿੱਤਰਤਾ ਮਨੁੱਖ ਨੂੰ ਪਰਿਵਾਰ ਵਿੱਚੋਂ ਹੀ ਮਿਲਦੀ ਹੈ। ਜਿਨ੍ਹਾਂ ਨੂੰ ਆਪਣੇ ਘਰ ਵਿੱਚੋਂ ਪਿਆਰ ਨਸੀਬ ਹੁੰਦਾ ਹੈ ਉਹ ਲੋਕ ਹੀ ਸਮਾਜ ਵਿੱਚ ਪਿਆਰ ਵੰਡਦੇ ਹਨ। ਪਰਿਵਾਰ ਦੀ ਹੋਂਦ ਤੋਂ ਬਿਨਾਂ ਇਕ ਉੱਤਮ ਗੁਣਾਂ ਵਾਲੇ ਮਨੁੱਖ ਦੀ ਹੋਂਦ ਨੂੰ ਤਸੱਵਰ ਕਰਨਾ ਨਾਮੁਮਕਿਨ ਹੈ।

**4.0.7 ਘਰ ਦਾ ਪਿਆਰ : ਕਲਾਤਮਕ ਅਧਿਐਨ**

**ਵਿਅਕਤੀਗਤ ਛਾਪ** : ਨਿਬੰਧ ਅਸਲੋਂ ਆਪੇ ਦਾ ਪ੍ਰਕਾਸ਼ ਹੈ। ਨਿਬੰਧ ਵਿੱਚ ਕਿਉਂਕਿ ਨਿਬੰਧਕਾਰ ਦੇ ਦ੍ਰਿਸ਼ਟੀਕੋਣ, ਵਿਚਾਰਧਾਰਾ ਜਾਂ ਅਨੁਭਵਾਂ ਦਾ ਪ੍ਰਗਟਾਵਾ ਹੁੰਦਾ ਹੈ। ਕਿਸੇ ਸਾਹਿਤ ਰਚਨਾ ਵਿਚ ਉਸ ਲੇਖਕ ਦੇ ਮਨ ਦਾ ਪ੍ਰਤੀਬਿੰਬ ਪੈਂਦਾ ਹੈ। ਉਹ ਪ੍ਰਤੀਬਿੰਬ ਹੀ ਉਸ ਦੇ ਵਿਅਕਤੀਤਵ ਦੀ ਛਾਪ ਹੈ। ਲੇਖਕ ਦੇ ਸੁਹਜ ਸਵਾਦ, ਬਿਰਤੀਆਂ, ਰੁਚੀਆਂ, ਸੰਸਕਾਰਾਂ ਦਾ ਸਹੀ ਚਿੱਤਰਣ ਉਸ ਦੇ ਨਿਬੰਧ ਤੋਂ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਉਸ ਦੇ ਵਿਅਕਤੀਤਵ ਦੀ ਸਪੱਸ਼ਟ ਛਾਪ ਉਸਦੀ ਨਿਬੰਧ ਰਚਨਾ ਤੋਂ ਮਿਲ ਜਾਂਦੀ ਹੈ। ਤੇਜਾ ਸਿੰਘ ਦੇ ਨਿਬੰਧ ਘਰ ਦਾ ਪਿਆਰ ਵਿੱਚ ਉਸ ਦੀ ਇਸੇ ਵਿਅਕਤੀਗਤ ਛਾਪ, ਜੀਵਨ ਪ੍ਰਤੀ ਉਸ ਦੇ ਦ੍ਰਿਸ਼ਟੀਕੋਣ ਅਤੇ ਅਨੁਭਵਾਂ ਨੂੰ ਵੇਖਿਆ ਜਾ ਸਕਦਾ ਹੈ । ਉਸ ਦੇ ਨਿਬੰਧ ਘਰ ਦਾ ਪਿਆਰ ਵਿੱਚੋਂ ਉਸ ਉਸ ਦੀ ਸੂਖ਼ਮ ਸੂਝ ਅਤੇ ਅਨੁਭਵ ਨੂੰ ਵੇਖਿਆ ਜਾ ਸਕਦਾ ਹੈ, ਉਹ ਲਿਖਦਾ ਹੈ "ਕਈ ਵਾਰੀ ਜਦ ਮੈਂ ਕਿਸੇ ਸਜਣ ਨੂੰ ਕੋੜੇ , ਸੜੀਅਲ , ਜਾਂ ਖਿਝੂ ਸੁਭਾ ਵਾਲਾ ਵੇਖਦਾ ਹਾਂ , ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।"

"ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ , ਅਲਬੇਲੀ ਤਬੀਅਤ , ਭੈਣ ਭਰਾ ਦਾ ਪਿਆਰ , ਲਾਡ ਤੇ ਰੁਸੇਵੇ ਮਹਾਂ ਪੁਰਖਾਂ ਦੀ ਬਣਤਰ ਲਈ ਉਨੇ ਹੀ ਜ਼ਰੂਰੀ ਹਨ, ਜਿੰਨੇ ਕਿ ਆਮ ਮਨੁੱਖਾਂ ਲਈ । ਇਸ ਤਜ਼ਰਬੇ ਵਿੱਚ ਲੰਘਣ ਨਾਲ ਖ਼ਿਆਲਾਂ , ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ।"

**ਬੁੱਧੀ ਅਤੇ ਭਾਵਾਂ ਦਾ ਸੁਮੇਲ :-** ਬੁੱਧੀ ਅਤੇ ਭਾਵਾਂ ਦਾ ਸੁਮੇਲ ਕਿਸੇ ਸਫ਼ਲ ਨਿਬੰਧ ਦੀ ਬੁਨਿਆਦ ਹੈ। ਲੇਖਕ ਅੰਦਰ ਬੁੱਧੀ ਅਤੇ ਭਾਵਾਂ ਦਾ ਸੁਮੇਲ ਮਸਤਕ ਅਤੇ ਹਿਰਦੇ ਨਾਲ ਹੁੰਦਾ ਹੈ।ਜਜ਼ਬਾਤੀ ਲੇਖਕ ਦੀ ਅਭਿਵਿਅਕਤੀ ਹਿਰਦੇ ਨਾਲ ਸਬੰਧਤ ਹੈ ਅਤੇ ਚਿੰਤਨਸ਼ੀਲ ਵਿਅਕਤੀ ਹਰ ਗੱਲ ਦਿਮਾਗ ਪੱਧਰ 'ਤੇ ਸਾਬਤ ਕਰਦਾ ਹੈ। ਚੰਗਾ ਜਾਂ ਉੱਤਮ ਲੇਖਕ ਉਹੀ ਹੈ, ਜੋ ਦੋਨਾਂ ਵਿੱਚ ਸੁਮੇਲ ਪੈਦਾ ਕਰ ਸਕੇ। ਉੱਤਮ ਗੁਣਾਂ ਵਾਲੇ ਨਿਬੰਧਕਾਰ ਸੰਤੁਲਿਤ ਨਿਬੰਧ ਲਿਖਣ ਵਿੱਚ ਕਾਮਯਾਬ ਹੁੰਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਇਹੋ ਜਿਹਾ ਹੀ ਨਿਬੰਧਕਾਰ ਹੈ। ਉਸ ਨੂੰ ਇਸੇ ਕਾਰਨ ਟਕਸਾਲੀ ਲੇਖਕ ਮੰਨਿਆ ਜਾਂਦਾ ਹੈ ਕਿਉਂਕਿ ਉਹ ਬੁੱਧੀ ਅਤੇ ਭਾਵਾਂ ਦੇ ਸੁਮੇਲ ਸਹਿਤ ਆਪਣੀ ਰਚਨਾ ਨੂੰ ਰਚਦਾ ਹੈ। ਦਲੀਲ ਦੀਆਂ ਪੈੜਾਂ ਉੱਤੇ ਚੱਲ ਕੇ ਸਿੱਟੇ ਉੱਤੇ ਪਹੁੰਚਦਾ ਹੈ। ਭਾਵਾਂ ਦੀ ਅਭਿਵਿਅਕਤੀ ਵੇਲੇ ਵੀ ਪ੍ਰਮਾਣਾ ਦਾ ਪੱਲਾ ਨਹੀਂ ਛੱਡਦਾ। ਉਸ ਦੇ ਨਿਬੰਧ ਵਿੱਚ ਇਹ ਚੀਜ਼ ਵੱਡੇ ਰੂਪ ਵਿੱਚ ਝਲਕਦੀ ਦੇਖੋ "ਅੱਜ ਕਲ ਬਹੁਤ ਸਾਰੀ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਤੇ ਬਜ਼ਾਰੀ ਰਹਿਣੀ - ਬਹਿਣੀ ਦਾ ਵਾਧਾ ਹੈ । ਘਰ ਘਟ ਰਹੇ ਹਨ ਤੇ ਹੋਟਲ ਵਧ ਰਹੇ ਹਨ । ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ , ਬਾਲ ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ । ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚੋਂ ਉਹ ਘਰੋਗੀ ਜ਼ਿਮੇਵਾਰੀ ,

ਉਹ ਬਰਾਦਰੀ ਵਾਲੀ ਸ਼ਰਾਫ਼ਤ ਅਤੇ ਉਹ ਮਿੱਠਤ ਤੇ ਨਿਮਰਤਾ ਵਾਲੇ ਗੁਣ ਘਟ ਰਹੇ ਹਨ , ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ।"

**ਨਿਬੰਧਕਾਰ ਅਤੇ ਪਾਠਕ ਦਾ ਸੰਪਰਕ :-** ਨਿਭਾਉਂਦੇ ਇੱਕ ਅਜਿਹਾ ਸਾਹਿਤ ਰੂਪ ਹੈ, ਜਿਸ ਰਾਹੀਂ ਨਿਬੰਧਕਾਰ ਆਪਣੇ ਵਿਚਾਰਾਂ ਭਾਵਾਂ ਜਾਂ ਅਨੁਭਵਾਂ ਦੀ ਸਿੱਧੀ ਸਾਂਝ ਪਾਠਕ ਨਾਲ ਕਾਇਮ ਕਰਦਾ ਹੈ। ਨਿਬੰਧਕਾਰ ਕਹਿੰਦਾ ਜਾਂਦਾ ਹੈ ਅਤੇ ਪਾਠਕ ਸੁਣਦਾ ਜਾਂਦਾ ਹੈ। ਜਿਸ ਨਾਲ ਨਿਬੰਧਕਾਰ ਆਪਣੇ ਭਾਵ ਜਾਂ ਵਿਚਾਰ ਨੂੰ ਪਾਠਕ ਦੇ ਮਨ ਵਿੱਚ ਸਥਾਪਤ ਕਰ ਰਿਹਾ ਹੁੰਦਾ ਹੈ। ਨਿਬੰਧ ਕਿਸੇ ਨਿਬੰਧਕਾਰ ਦੇ ਮਨ ਦੀ ਉਹ ਖਿੜਕੀ ਹੈ ਜਿਸ ਨੂੰ ਉਹ ਪਾਠਕ ਵੱਲ ਖੋਹਦਾ ਤੇ ਪਾਠਕ ਉਸ ਖਿੜਕੀ ਰਾਹੀਂ ਨਿਬੰਧ ਕਰਦੇ ਮੰਨਦੇ ਅੰਦਰ ਝਾਕਣ ਦਾ ਯਤਨ ਕਰਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਲਿਖਿਆ ਨੇ ਨਿਬੰਧ ਘਰ ਦਾ ਪਿਆਰ ਵਿਚ ਇੰਜ ਪ੍ਰਤੀਤ ਹੁੰਦਾ ਹੈ ਜਿਸ ਤਰ੍ਹਾਂ ਪਾਠਕ ਉਸ ਦੇ ਸਾਹਮਣੇ ਬੈਠਾ ਹੋਵੇ ਅਤੇ ਉਹ ਉਸ ਨੂੰ ਸੰਬੋਧਿਤ ਹੋ ਕੇ ਬੋਲ ਰਿਹਾ ਹੋਵੇ। ਨਿਬੰਧ ਕਾਰ ਦੇ ਤੌਰ ਤੇ ਤੇਜਾ ਸਿੰਘ ਦਾ ਹੀ ਇਕ ਵਿਸ਼ੇਸ਼ ਗੁਣ ਹੈ ਕਿ ਨਿਬੰਧ ਦੀ ਸਿਰਜਣਾ ਵੇਲੇ ਉਹ ਕਦੇ ਵੀ ਪਾਠਕ ਨੂੰ ਗੈਰ-ਹਾਜ਼ਰ ਮੰਨ ਕੇ ਨਹੀਂ ਲਿਖਦਾ ਉਸ ਦੀ ਹਰ ਸਤਰ ਆਪਣੇ ਪਾਠਕ ਜਾਂ ਸਰੋਤੇ ਨੂੰ ਸੰਬੋਧਿਤ ਹੁੰਦੀ। ਘਰ ਦਾ ਪਿਆਰ ਨੇ ਬੰਦ ਵਿੱਚੋਂ ਲਿਖਦਾ ਹੈ "ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁੱਜਦਾ ਹੈ ਅਤੇ ਘਰ ਦਾ ਹਾਲ ਪੁੱਛ ਕੇ ਵਿਦਾ ਹੋਣ ਲਗਦਾ ਹੈ ਤਾਂ ਮਾਤਾ ਜੀ ਵੀ ਉਸ ਦੇ ਪਿੱਛੇ - ਪਿੱਛੇ ਪਿੰਡ ਤੋਂ ਬਾਹਰ ਉਸ ਥਾਂ ਪੁੱਜਦੇ ਹਨ ਜਿੱਥੇ ਗੁਰੂ ਜੀ ਬੈਠੇ ਹਨ । ਜੇ ਕਿਸੇ ਨੇ ਮਾਂ ਦੇ ਵਿਡੱਤਣ ਤੋਂ ਅਰਸ਼ੀ ਅਸਰ ਨੂੰ ਦੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹੇ ।"

**ਮੌਲਿਕਤਾ : -** ਮੌਲਿਕਤਾ ਨਿਬੰਧ ਦੇ ਨਾਲ ਨਾਲ ਸਮੁੱਚੇ ਸਾਹਿਤ ਦਾ ਇਕ ਵਿਸ਼ੇਸ਼ ਗੁਣ ਹੈ। ਉਸੇ ਹੀ ਲੇਖਕ ਦੀ ਰਚਨਾ ਲੋਕ ਪ੍ਰਵਾਨਗੀ ਪ੍ਰਾਪਤ ਕਰਦੀ ਹੈ ਜੋ ਭਾਵਾਂ ਅਤੇ ਵਿਚਾਰਾਂ ਪੱਖੋਂ ਮੌਲਿਕ ਹੋਵੇ। ਮੌਲਿਕਤਾ ਅਜਿਹਾ ਗੁਣ ਹੈ ਜੋ ਲੇਖਕ ਦੇ ਕਹਿਣ ਦੇ ਢੰਗ ਨੂੰ ਅਨੂਠਾ ਅਤੇ ਵਿਲੱਖਣ ਬਣਾਉਂਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ ਨਿਬੰਧਕਾਰ ਵਜੋਂ ਪਹਿਚਾਣ ਦਾ ਮੂਲ ਕਾਰਨ ਉਨ੍ਹਾਂ ਦੀ ਰਚਨਾਤਮਿਕ ਮੌਲਿਕਤਾ ਹੀ ਹੈ। ਉਨ੍ਹਾਂ ਨੇ ਵਿਸ਼ਿਆਂ ਪੱਖੋਂ ਭਾਵੇਂ ਤੁੱਛ ਜਿਹੇ ਵਿਸ਼ੇ ਜਿਵੇਂ ਵਿਹਲੀਆਂ ਗੱਲਾਂ, ਸਾਊਪੁਣਾ, ਗੁਸਲਖਾਨਾ, ਘਰ ਦਾ ਪਿਆਰ ਆਦਿ ਚੁਣੇ ਹਨ ਪ੍ਰੰਤੂ ਉਨ੍ਹਾਂ ਦੇ ਵਿਚਾਰਾਂ ਅਤੇ ਭਾਵਾਂ ਦੀ ਮੌਲਿਕਤਾ ਸਦਕਾ ਉਨ੍ਹਾਂ ਦੇ ਨਿਬੰਧ ਪਾਠਕ ਦੇ ਮਨ ਉੱਤੇ ਆਪਣਾ ਖਾਸ ਅਸਰ ਰੱਖਦੇ ਹਨ। ਉਨ੍ਹਾਂ ਦੀ ਵਾਰਤਕ ਇਕਸਾਰ ਚਲਦੀ ਹੈ ਅਤੇ ਫਿਰ ਵੀ ਫਿੱਕੀ ਅਤੇ ਬੇਵੱਸ ਨਹੀਂ ਹੁੰਦੀ ਛੋਟੇ ਛੋਟੇ ਵਾਕ ਤੇ ਹਰ ਇਕ ਪੈਰੇ ਵਿੱਚ ਨਵਾਂ ਖਿਆਲ ਹੁੰਦਾ ਹੈ। ਕਿਤੇ ਕਿਤੇ ਹਾਸ ਰਸ ਤੇ ਸੂਖਮ ਵਿਅੰਗ ਵੀ ਆਉਂਦਾ।

**ਸੰਖੇਪਤਾ :-** ਪ੍ਰਿੰਸੀਪਲ ਤੇਜਾ ਸਿੰਘ ਦੀ ਨਿਬੰਧਕਾਰੀ ਦਾ ਸੱਭ ਤੋਂ ਵੱਧ ਕਲਾਤਮਕ ਪੱਖ ਉਸ ਦੀ ਸੰਖੇਪਤਾ ਹੈ। ਆਪਣੇ ਵਿਸ਼ੇ ਦੀ ਪੇਸ਼ਕਾਰੀ ਕਰਨ ਸਮੇਂ ਉਹ ਵਾਧੂ ਵੇਰਵਿਆਂ ਵਿੱਚ ਨਹੀਂ ਪੈਂਦਾ ਅਤੇ ਨਾ ਹੀ ਵਿਸ਼ੇ ਨੂੰ ਛੱਡ ਕੇ ਵਾਧੂ ਇਧਰ ਉਧਰ ਝਾਕਦਾ ਹੈ।ਆਪਣੇ ਵਿਸ਼ੇ ਉੱਤੇ ਉਸ ਦਾ ਪੂਰਾ ਕਾਬੂ ਰਹਿੰਦਾ ਹੈ ਕਿਉਂਕਿ ਉਸ ਦੀ ਵਿਦਵਤਾ ਉਸ ਨੂੰ ਇਸ ਪੱਖੋਂ ਚੇਤੰਨ

ਰੱਖਦੀ ਹੈ। ਸੰਖੇਪ ਅਤੇ ਸਾਦ ਮੁਰਾਦੀ ਭਾਸ਼ਾ ਵਿੱਚ ਉਹ ਬੜੇ ਤੋਂ ਬੜੇ ਖ਼ਿਆਲ ਨੂੰ ਸਹਿਜੇ ਹੀ ਕਹਿ ਜਾਂਦਾ ਹੈ। ਜਿਸ ਕਾਰਨ ਉਸ ਦੀਆਂ ਲਿਖਤਾਂ ਪਾਠਕਾਂ ਨੂੰ ਬੋਝਲ ਨਹੀਂ ਜਾਪਦੀਆਂ। ਉਹ ਆਪਣੇ ਨਿਬੰਧਾਂ ਵਿੱਚ ਬਹੁਤ ਹੀ ਹਲਕੇ ਫੁਲਕੇ ਟੁੰਬਵੇਂ ਅਤੇ ਜੀਵਨ ਵਿੱਚ ਕੰਮ ਆਉਣ ਵਾਲੇ ਸੁਝਾਅ ਦਿੰਦਾ ਤੁਰਿਆ ਜਾਂਦਾ ਹੈ। ਸੰਖੇਪਤਾ ਉਸ ਦੀ ਰਚਨਾ ਨੂੰ ਵਧੇਰੇ ਰਸ ਭਰਪੂਰ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੀ ਹੈ।

**ਸਪੱਸ਼ਟਤਾ**: ਘਰ ਦਾ ਪਿਆਰ ਲੇਖ ਪ੍ਰਿੰਸੀਪਲ ਤੇਜਾ ਸਿੰਘ ਦੀ ਨਿਬੰਧਕਾਰੀ ਦਾ ਪ੍ਰਤੀਨਿਧ ਨਮੂਨਾ ਕਿਹਾ ਜਾ ਸਕਦਾ ਹੈ। ਇਸ ਲੇਖ ਵਿੱਚ ਉਸ ਦੀ ਸ਼ੈਲੀ ਬੜੀ ਹੀ ਸਪਸ਼ਟ ਅਤੇ ਸਰਲ ਹੈ। ਸਪੱਸ਼ਟਤਾ ਪੱਕੀ ਹੋਈ ਸ਼ੈਲੀ ਦਾ ਉੱਤਮ ਗੁਣ ਗਿਣਿਆ ਜਾਂਦਾ। ਤੇਜਾ ਸਿੰਘ ਦੀ ਦ੍ਰਿਸ਼ਟੀ ਵਧੇਰੇ ਵਿਸ਼ਾਲ ਅਤੇ ਗਿਆਨ ਬੜਾ ਡੂੰਘਾ ਸੀ ਪ੍ਰੰਤੂ ਲਿਖਣ ਸਮੇਂ ਉਹ ਆਪਣੀ ਵਿਦਵਤਾ ਦਾ ਦਿਖਾਵਾ ਆਪਣੇ ਲੇਖਾਂ ਵਿਚ ਨਹੀਂ ਕਰਦਾ। ਸਗੋਂ ਆਪਣੀ ਗੱਲ ਨੂੰ ਪਾਠਕ ਤਕ ਸਹੀ ਅਤੇ ਸਮਝੇ ਜਾਣ ਯੋਗ ਢੰਗ ਨਾਲ ਪੇਸ਼ ਕਰਦਾ ਹੈ, ਇਸ ਨਾਲ ਪਾਠਕ ਨੂੰ ਕਠਿਨਾਈ ਨਹੀਂ ਹੁੰਦੀ। ਉਸ ਦੀ ਸਪੱਸ਼ਟਤਾ ਅਤੇ ਸਾਦਗੀ ਹੀ ਪਾਠਕ ਦਾ ਮਨ ਮੋਹ ਲੈਂਦੀ ਹੈ। ਅਸਪੱਸ਼ਟਤਾ ਦੇ ਮੁੱਖ ਕਾਰਨ ਇਕਸਾਰਤਾ ਦੀ ਘਾਟ, ਵੱਡੇ ਵੱਡੇ ਬੇਤਰਤੀਬੇ ਵਾਕ ਅਤੇ ਪੈਰਿਆਂ ਵਿਚ ਇਕ ਤੋਂ ਵੱਧ ਵਿਚਾਰਾਂ ਜਾਂ ਭਾਵਾਂ ਦੀ ਭਰਤੀ ਨੂੰ ਉਸਦੇ ਨਿਬੰਧਾਂ ਵਿੱਚ ਕੋਈ ਸਥਾਨ ਨਹੀਂ ਦਿੱਤਾ ਗਿਆ। ਇਸ ਪ੍ਰਕਾਰ ਸਰਲਤਾ ਅਤੇ ਸਪੱਸ਼ਟਤਾ ਉਸ ਦੀ ਸਫ਼ਲ ਨਿਬੰਧਕਾਰੀ ਦੇ ਮੁੱਖ ਗੁਣ ਹੋ ਨਿੱਬੜਦੇ ਹਨ ।

### 4.0.8 ਅਭਿਆਸ ਲਈ ਪ੍ਰਸ਼ਨ-ਉੱਤਰ

ਪ੍ਰਸ਼ਨ 6 :- ਘਰ ਦਾ ਪਿਆਰ ਲੇਖ ਦੇ ਕਲਾਤਮਕ ਪੱਖ ਉੱਤੇ ਨੋਟ ਲਿਖੋ।

ਪ੍ਰਸ਼ਨ 7:- ਘਰ ਦਾ ਪਿਆਰ ਲੇਖ ਵਿਚ ਲੇਖਕ ਬਿਰਧ ਬੀਬੀ ਬਾਰੇ ਕੀ ਮਹਿਸੂਸ ਕਰਦਾ ਹੈ?

ਪ੍ਰਸ਼ਨ 8:- ਲੇਖਕ ਨੇ ਕਾਰਲਾਈਲ ਦੇ ਕਿਸ ਤਰ੍ਹਾਂ ਦੇ ਸੁਭਾਅ ਦਾ ਜ਼ਿਕਰ ਕੀਤਾ ਹੈ?

ਪ੍ਰਸ਼ਨ 9:- ਲੇਖਕ ਅਨੁਸਾਰ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਕਿਉਂ ਦਿੱਤਾ ਹੈ?

ਪ੍ਰਸ਼ਨ 10:-ਲੇਖਕ ਨੇ ਆਪਣੇ ਪਿੰਡ ਦੀ ਕਿਹੜੀ ਯਾਦ ਨੂੰ ਚਿਤਰਿਆ ਹੈ।

**ਉੱਤਰ 6 :-**

ਤੇਜਾ ਸਿੰਘ ਦੇ ਨਿਬੰਧ ਘਰ ਦਾ ਪਿਆਰ ਵਿੱਚ ਉਸ ਦੀ ਵਿਅਕਤੀਗਤ ਛਾਪ, ਜੀਵਨ ਪ੍ਰਤੀ ਉਸ ਦੇ ਦ੍ਰਿਸ਼ਟੀਕੋਣ ਅਤੇ ਅਨੁਭਵਾਂ ਨੂੰ ਵੇਖਿਆ ਜਾ ਸਕਦਾ ਹੈ। ਉਹ ਬੁੱਧੀ ਅਤੇ ਭਾਵਾਂ ਦੇ ਸੁਮੇਲ ਸਹਿਤ ਆਪਣੀ ਰਚਨਾ ਨੂੰ ਰਚਦਾ ਹੈ। ਦਲੀਲ ਦੀਆਂ ਪੈੜਾਂ ਉੱਤੇ ਚੱਲ ਕੇ ਸਿੱਟੇ ਉੱਤੇ ਪਹੁੰਚਦਾ ਹੈ। ਭਾਵਾਂ ਦੀ ਅਭਿਵਿਅਕਤੀ ਵੇਲੇ ਵੀ ਪ੍ਰਮਾਣਾ ਦਾ ਪੱਲਾ ਨਹੀਂ ਛੱਡਦਾ।ਨਿਬੰਧਕਾਰ ਦੇ ਤੌਰ ਤੇ ਤੇਜਾ ਸਿੰਘ ਦਾ ਹੀ ਇਕ ਵਿਸ਼ੇਸ਼ ਗੁਣ ਹੈ ਕਿ ਨਿਬੰਧ ਦੀ ਸਿਰਜਣਾ ਵੇਲੇ ਉਹ ਕਦੇ ਵੀ ਪਾਠਕ ਨੂੰ ਗੈਰ-ਹਾਜ਼ਰ ਮੰਨ ਕੇ ਨਹੀਂ ਲਿਖਦਾ, ਉਸ ਦੀ ਹਰ ਸਤਰ ਆਪਣੇ ਪਾਠਕ ਜਾਂ ਸਰੋਤੇ ਨੂੰ ਸੰਬੋਧਿਤ ਹੁੰਦੀ ਹੈ। ਸੰਖੇਪ ਅਤੇ ਸਾਦ ਮੁਰਾਦੀ ਭਾਸ਼ਾ ਵਿੱਚ ਉਹ ਬੜੇ ਤੋਂ ਬੜੇ ਖ਼ਿਆਲ ਨੂੰ ਸਹਿਜੇ ਹੀ ਕਹਿ ਜਾਂਦਾ ਹੈ। ਜਿਸ ਕਾਰਨ ਉਸ

ਦੀਆਂ ਲਿਖਤਾਂ ਪਾਠਕਾਂ ਨੂੰ ਬੋਝਲ ਨਹੀਂ ਜਾਪਦੀਆਂ। ਇਸ ਲੇਖ ਵਿੱਚ ਉਸ ਦੀ ਸ਼ੈਲੀ ਬੜੀ ਹੀ ਸਪੱਸ਼ਟ ਅਤੇ ਸਰਲ ਹੈ। ਉਸ ਦੀ ਸਪੱਸ਼ਟਤਾ ਅਤੇ ਸਾਦਗੀ ਹੀ ਪਾਠਕ ਦਾ ਮਨ ਮੋਹ ਲੈਂਦੀ ਹੈ।

**ਉੱਤਰ 7 :-**

ਲੇਖਕ ਅਨੁਸਾਰ ਬਿਰਧ ਬੀਬੀ ਨੇਕੀ ਤੇ ਉਪਕਾਰ ਦੀ ਮੂਰਤ ਹੈ। ਉਹ ਬਿਨਾਂ ਨਾਗਾ ਨਿਤਨੇਮ ਕਰਦੀ ਹੈ ਤੇ ਗੁਰਦੁਆਰੇ ਹਾਜ਼ਰੀ ਭਰਦੀ ਹੈ। ਉਸ ਦਾ ਹਿਰਦਾ ਕੋਮਲ ਅਤੇ ਪਵਿੱਤਰ ਹੈ ਅਤੇ ਉਸ ਵਿੱਚ ਅਥਾਹ ਹਮਦਰਦੀ ਭਰੀ ਹੈ। ਪਰ ਉਹ ਬੜੇ ਸਖ਼ਤ ਸੁਭਾਅ ਦੀ ਹੈ। ਬਹੁਤ ਛੋਟੀਆਂ ਗੱਲਾਂ ਉੱਤੇ ਵੀ ਗੁੱਸੇ ਵਿੱਚ ਆ ਕੇ ਆਪੇ ਤੋਂ ਬਾਹਰ ਹੋ ਜਾਂਦੀ ਹੈ। ਉਸ ਹਾਲਤ ਵਿੱਚ ਜਦੋਂ ਲੇਖਕ ਬੀਬੀ ਨੂੰ ਦੇਖਦਾ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੇ ਅੰਦਰ ਕੋਈ ਤਰਸ ਅਤੇ ਪਿਆਰ ਦੀ ਭਾਵਨਾ ਨਹੀਂ ਹੈ ਪ੍ਰੰਤੂ ਅਸਲ ਵਿੱਚ ਉਨ੍ਹਾਂ ਦੀ ਕੋਮਲਤਾ ਤੇ ਨਰਮੀ ਉਨ੍ਹਾਂ ਦੇ ਗੁੱਸੇ ਦੇ ਪਰਦੇ ਹੇਠ ਛੁਪ ਜਾਂਦੀ ਹੈ। ਲੇਖਕ ਅਨੁਸਾਰ ਉਸ ਦੇ ਇਸ ਗੁਸੈਲੇ ਸੁਭਾਅ ਦਾ ਕਾਰਨ ਉਸ ਦੇ ਪਤੀ ਦੀ ਜਵਾਨੀ ਵਿੱਚ ਮੌਤ ਅਤੇ ਉਸ ਦੀ ਝੋਲੀ ਧੀਆਂ ਪੁੱਤਰਾਂ ਤੋਂ ਖਾਲੀ ਹੋਣਾ ਹੈ। ਜਿਸ ਕਾਰਨ ਉਸ ਨੂੰ ਘਰ ਦਾ ਪਿਆਰ ਪ੍ਰਾਪਤ ਨਹੀਂ ਹੋਇਆ।

**ਉੱਤਰ 8 :-**

ਲੇਖਕ ਅਨੁਸਾਰ ਕਾਰਲਾਈਲ ਖਿਝੂ ਅਤੇ ਸਾੜੂ ਸੁਭਾਅ ਦਾ ਮਾਲਕ ਸੀ। ਉਹ ਸਾਰਾ ਦਿਨ ਆਪਣੇ ਕਮਰੇ ਵਿੱਚ ਬੈਠਾ ਪੜਦਾ ਤੇ ਲਿਖਦਾ ਰਹਿੰਦਾ। ਜਦੋਂ ਕਦੇ ਉਸ ਦੀ ਪਤਨੀ ਉਸ ਦੇ ਕਮਰੇ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੀ ਤਾਂ ਉਹ ਖਿੱਝ ਕੇ, ਗੁੱਸੇ ਵਿੱਚ ਆ ਕੇ ਉਸ ਨੂੰ ਬਾਹਰ ਕੱਢ ਦਿੰਦਾ ਹੈ। ਉਹ ਸਾਰੀ ਦੁਨੀਆਂ ਨੂੰ ਚੁੱਪ ਦਾ ਸੰਦੇਸ਼ ਦਿੰਦਾ ਰਿਹਾ ਪ੍ਰੰਤੂ ਉਸ ਦੀ ਆਪਣੀ ਕਲਮ ਨਾਈ ਦੀ ਕੈਂਚੀ ਵਾਂਗੂੰ ਚੱਲਦੀ ਰਹੀ। ਲੇਖਕ ਅਨੁਸਾਰ ਉਸ ਦਾ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਸਿੱਖਿਆ ਦੇਣ ਦਾ ਕੀ ਲਾਭ ਜੇ ਉਹ ਆਪਣੇ ਘਰ ਦੀ ਸਵਾਣੀ ਨੂੰ ਆਰਾਮ ਨਾ ਦੇ ਸਕਿਆ।

**ਉੱਤਰ 9 :-**

ਲੇਖਕ ਅਨੁਸਾਰ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਇਸ ਕਾਰਨ ਜ਼ੋਰ ਦਿੱਤਾ ਹੈ ਕਿਉਂਕਿ ਧਰਮ ਦੇ ਰਸਤੇ ਦਾ ਮੂਲ ਸਦਾਚਾਰ ਹੈ ਅਤੇ ਇਹ ਸਦਾਚਾਰ ਘਰੋਗੀ ਜੀਵਨ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਧੀਆਂ, ਪੁੱਤਰ, ਇਸਤ੍ਰੀ, ਮਾਤਾ, ਪਿਤਾ ਇਹ ਮਾਇਆ ਦੇ ਸੰਬੰਧ ਨਹੀਂ ਹਨ ਸਗੋਂ ਪ੍ਰਮਾਤਮਾ ਨੇ ਮਨੁੱਖ ਦੇ ਆਚਰਨ ਨੂੰ ਢਾਲਣ ਲਈ ਇਹ ਪਵਿੱਤਰ ਰਿਸ਼ਤੇ ਮਨੁੱਖ ਦੀ ਝੋਲੀ ਪਾਏ ਹਨ। ਗ੍ਰਹਿਸਤ ਤੋਂ ਕੰਨੀ ਕਤਰਾਉਣ ਵਾਲੇ ਲੋਕ ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝੱਟ ਡੋਲ ਜਾਂਦੇ ਹਨ। ਘਰੋਗੀ ਜੀਵਨ ਵਿਚੋਂ ਹੀ ਮਨੁੱਖ ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਆਦਿ ਗੁਣਾਂ ਨੂੰ ਪ੍ਰਾਪਤ ਕਰਦਾ ਹੈ।

**ਉੱਤਰ 10 :-**

ਲੇਖਕ ਅਨੁਸਾਰ ਉਹ ਜਦੋਂ ਰਾਵਲਪਿੰਡੀ ਪੜ੍ਹਦਾ ਹੁੰਦਾ ਸੀ ਤਾਂ ਹਰ ਹਫ਼ਤੇ ਐਤਵਾਰ ਨੂੰ ਆਪਣੇ ਪਿੰਡ ਜਾਂਦਾ ਸੀ। ਉਸ ਦਾ ਪਿੰਡ ਇੱਕ ਟਿੱਬੇ ਦੇ ਓਹਲੇ ਵੱਸਦਾ ਸੀ। ਪਿੰਡ ਪਹੁੰਚ ਕੇ ਉਹ ਪਿੰਡ ਦੇ ਕੋਲ ਟਿੱਬੇ ਦੇ ਓਹਲੇ ਠਹਿਰ ਜਾਂਦਾ ਅਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵੱਲ ਝਾਕਣ ਦਾ ਸਾਹਸ ਕਰਦਾ ਹੈ। ਪਿੰਡੋਂ ਵਾਪਸ ਆਉਣ ਵੇਲੇ ਉਹ ਪਿੰਡ ਨੂੰ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਵਾਰ ਵਾਰ ਵੇਖਦਾ। ਕਈ ਵਾਰੀ ਪਿੰਡ ਦੇ ਓਹਲੇ ਹੋ ਜਾਣ ਤੋਂ ਮਗਰੋਂ ਉਹ ਪਿੱਛੇ ਮੁੜ ਮੁੜ ਕੇ ਪਿੰਡ ਨੂੰ ਵੇਖਣ ਜਾਂਦਾ। ਪਿੰਡ ਨੂੰ ਇਸ ਤਰ੍ਹਾਂ ਮੁੜ-ਮੁੜ ਵੇਖਣਾ ਉਸ ਨੂੰ ਬੜਾ ਪਿਆਰਾ ਲੱਗਦਾ ਸੀ ਅਤੇ ਇਹ ਉਸ ਦੇ ਬਚਪਨ ਦੀ ਬੜੀ ਨਿੱਘੀ ਯਾਦ ਸੀ।

## 4.1 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ - ਅਨੁ ਵਿਜੈ ਬੰਬੇਲੀ

### 4.1.0 ਜਾਣ- ਪਹਿਚਾਣ

ਇਸ ਪਾਠ ਵਿੱਚ ਵਿਜੈ ਬੰਬੇਲੀ ਦੇ ਜੀਵਨ ਅਤੇ ਰਚਨਾ ਉੱਪਰ ਇਕ ਪੰਛੀ ਝਾਤ ਪਾਈ ਗਈ ਹੈ। ਜਿਸ ਵਿੱਚ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਰਚਨਾ ਸੰਸਾਰ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਹੈ, ਇਸ ਦੇ ਨਾਲ ਹੀ ਉਨ੍ਹਾਂ ਦੁਬਾਰਾ ਅਨੁਵਾਦ ਕੀਤੇ ਗਏ ਲੇਖ ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ ਦੇ ਮੂਲ ਪਾਠ ਦੇ ਨਾਲ-ਨਾਲ ਲੇਖ ਦੇ ਵਿਸ਼ਾ ਵਸਤੂ ਅਤੇ ਉਸ ਦੀਆਂ ਕਲਾਤਮਕ ਖ਼ੂਬੀਆਂ ਨੂੰ ਚਰਚਾ ਵਿੱਚ ਲਿਆਂਦਾ ਗਿਆ ਹੈ ।

### 4.1.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਜੈ ਬੰਬੇਲੀ ਦੇ ਜੀਵਨ ਅਤੇ ਰਚਨਾ ਸੰਸਾਰ ਬਾਰੇ ਜਾਣਕਾਰੀ ਦੇਣਾ ਹੈ, ਇਸ ਦੇ ਨਾਲ ਹੀ ਉਨ੍ਹਾਂ ਦੁਆਰਾ ਅਨੁਵਾਦ ਕੀਤੇ ਗਏ ਲੇਖ ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ ਵਿੱਚ ਆਏ ਵਿਚਾਰਾਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਲੇਖ ਦੇ ਵਿਸ਼ਾ ਵਸਤੂ ਅਤੇ ਕਲਾਤਮਕ ਤੱਤਾਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ।

### 4.1.2 ਵਿਜੈ ਬੰਬੇਲੀ : ਜੀਵਨ ਤੇ ਰਚਨਾ

ਵਿਜੈ ਬੰਬੇਲੀ (ਵਿਜੈ ਕੁਮਾਰ) ਦਾ ਜਨਮ 10 ਜੂਨ 1958 ਈ. ਨੂੰ ਮਾਤਾ ਸ਼ੀਲਾ ਦੇਵੀ ਤੇ ਪਿਤਾ ਸ੍ਰੀ ਤਰਸੇਮ ਲਾਲ ਦੇ ਘਰ ਪਿੰਡ ਬੰਬੇਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਅਤੇ ਹਾਇਰ ਸੈਕੰਡਰੀ ਮਾਹਿਲਪੁਰ ਤੋਂ ਕੀਤੀ। ਉਪਰੰਤ ਖੇਤੀਬਾੜੀ ਯੂਨੀਵਰਸਿਟੀ ਤੋਂ ਡਿਪਲੋਮਾ ਇਨ ਐਗਰੀਕਲਚਰ (ਕੁਦਰਤੀ ਸਰੋਤਾਂ ਬਾਰੇ) ਕੀਤਾ। ਮਗਰੋਂ ਆਪ 'ਭੂਮੀ ਤੇ ਜਲ ਸੰਭਾਲ ਵਿਭਾਗ, ਪੰਜਾਬ ਵਿਚ ਮਾਣਮੱਤੀਆਂ ਸੇਵਾਵਾਂ ਨਿਭਾਉਣ ਉਪਰੰਤ ਜੂਨ 2018 ਬਤੌਰ ਭੂਮੀ ਰੱਖਿਆ ਅਫ਼ਸਰ ਸੇਵਾ ਮੁਕਤ ਹੋਏ । ਆਰੰਭ ਵਿੱਚ ਆਪ ਨੇ ਕੁੱਝ ਸਮਾਂ ਜ਼ਿਲ੍ਹਾ ਫਰੀਦਕੋਟ (ਮਾਲਵਾ) ਵਿਖੇ ਨੌਕਰੀ ਕੀਤੀ ਫਿਰ ਸੇਵਾ ਮੁਕਤੀ ਤੱਕ ਆਪਣੇ ਜੱਦੀ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ ਹੀ ਨੌਕਰੀ ਕਰਦੇ ਰਹੇ। ਉਨ੍ਹਾਂ ਮੁਤਾਬਿਕ; ਆਰਥਿਕ ਮੁਸ਼ਕਲਾਂ ਕਾਰਨ ਬੇਸ਼ੱਕ ਉਹ ਮਨ ਭਾਉਂਦੇ ਮਿਆਰ ਤਕ ਪੜ੍ਹ ਨਹੀਂ ਸਕੇ ਪ੍ਰੰਤੂ ਉਨ੍ਹਾਂ ਆਪਣੀ ਪੜ੍ਹਾਈ ਦਾ ਇਹ ਸੁਪਨਾ ਲਗਾਤਾਰ ਪੁਸਤਕਾਂ ਪੜ੍ਹ ਕੇ ਤੇ ਆਪਣੇ ਬੱਚਿਆਂ ਦੇ ਮਾਧਿਅਮ ਰਾਹੀਂ ਪੂਰਾ ਕੀਤਾ। ਅੱਜਕੱਲ੍ਹ ਆਪ ਆਪਣੇ ਪਿੰਡ ਬੰਬੇਲੀ ਵਿਖੇ ਰਹਿ ਰਹੇ ਹਨ ਤੇ ਲਗਾਤਾਰ ਪੰਜਾਬੀ ਸਾਹਿਤ ਤੇ ਲੋਕ ਸੇਵਾ ਲਈ ਕਾਰਜਸ਼ੀਲ ਹਨ। ਪਿੰਡ ਅਤੇ ਸਕੂਲ ਦੇ ਵਿਕਾਸ ਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਹ ਲਗਾਤਾਰ ਯਤਨ ਕਰਦੇ ਰਹਿੰਦੇ ਹਨ। ਕੁਦਰਤ ਤੇ ਕਿਤਾਬਾਂ ਨਾਲ ਉਨ੍ਹਾਂ ਦਾ ਵਿਸ਼ੇਸ ਮੋਹ ਹੈ। ਕੁਦਰਤੀ ਸੋਮਿਆਂ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਸਬੰਧੀ ਅਨੇਕਾਂ ਬਹੁਭਾਂਤੀ ਪ੍ਰੇਰਨਾਦਾਇਕ ਲੇਖ ਗਾਹੇ ਬਗਾਹੇ ਅਖ਼ਬਾਰਾਂ - ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ । ਕਿਤਾਬਾਂ ਪੜ੍ਹਨ ਦੇ ਸ਼ੌਂਕ ਨੇ ਉਨ੍ਹਾਂ ਅੰਦਰਲੀਆਂ ਸਾਹਿਤਕ ਰੁਚੀਆਂ ਨੂੰ ਦਿਸ਼ਾ ਪ੍ਰਦਾਨ ਕੀਤੀ ਜਿਸ ਬਦੌਲਤ ਉਹ ਲੰਬਾ ਸਮਾਂ ਤਰਕਸ਼ੀਲ ਸੁਸਾਇਟੀ ਦੇ ਸੰਪਾਦਕੀ ਬੋਰਡ ਦੇ ਮੈਂਬਰ ਰਹੇ । ਲੋਕ-ਪੱਖੀ ਸੰਸਥਾਵਾਂ ਨਾਲ ਵਾਹ-ਵਾਸਤੇ ਸਮੇਤ

ਆਪ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ  ਦੇ ਮੈਂਬਰ ਵੀ ਹਨ, ਇਸੇ ਕਮੇਟੀ ਦੀ ਹਿਸਟਰੀ ਸਬ ਕਮੇਟੀ ਦਾ ਮੈਂਬਰ ਵੀ ਆਪ ਨੂੰ ਨਿਯੁਕਤ ਕੀਤਾ ਗਿਆ ਹੈ।

ਮੁਲਕ ਵਿਚ ਸ਼੍ਰੇਣੀ ਰਹਿਤ ਸਮਾਜ ਦੀ ਸਿਰਜਣਾ ਆਪ ਦਾ ਸੁਪਨਾ ਹੈ।  ਵਿਜੈ ਬੰਬੇਲੀ ਜੀ ਦੀ ਇਹ ਰੀਝ ਹੈ ਕਿ ਮੁਲਕ ਦੀਆਂ ਖੇਤਰੀ ਭਾਸ਼ਾਵਾਂ ਵਧਣ ਫੁੱਲਣ ਅਤੇ ਉਨ੍ਹਾਂ ਅੰਦਰ ਹੀ ਵਿਗਿਆਨ  ਤੇ ਗਣਿਤ ਵਰਗੇ ਵਿਸ਼ਿਆਂ ਦੀ ਉੱਚ ਵਿੱਦਿਆ ਦਾ ਵੀ ਪ੍ਰਬੰਧ ਹੋਵੇ ।  ਉਹ ਇਹ ਵੀ ਚਾਹੁੰਦੇ ਹਨ ਕਿ ਮਨੁੱਖ ਦਾ ਕੁਦਰਤ ਨਾਲ ਰਿਸ਼ਤਾ  ਉਪਭੋਗਤਾ ਵਾਲਾ ਨਾ ਹੋ ਕੇ  ਗੂੜ੍ਹੀ ਮਿੱਤਰਤਾ ਵਾਲਾ ਹੋਵੇ ।  ਪਿੰਗਲਵਾੜੇ ਦੀ ਪ੍ਰੇਰਨਾ ਸਦਕਾ ਵਿਜੈ ਬੰਬੇਲੀ ਵੱਲੋਂ ਫ਼ਰਾਂਸ ਦੇ ਪ੍ਰਸਿੱਧ ਲੇਖਕ ਜਿਆ ਜਿਓਨੇ ਦੇ ਲੇਖ ਦਾ ਪੰਜਾਬੀ ਵਿਚ ਅਨੁਵਾਦ 'ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ' ਸਿਰਲੇਖ ਹੇਠ ਕੀਤਾ ਗਿਆ, ਜਿਹੜਾ ਕਾਫ਼ੀ ਮਕਬੂਲ ਵੀ ਹੋਇਆ ਤੇ ਚਰਚਾ ਦਾ ਵਿਸ਼ਾ ਵੀ ਰਿਹਾ।  ਆਪ ਇਸ ਲੇਖ ਦੇ ਅਨੁਵਾਦ ਦਾ ਕਾਰਨ ਵੀ ਕੁਦਰਤ ਨਾਲ ਲਗਾਓ ਅਤੇ ਮਨੁੱਖੀ ਹਿੰਮਤ ਤੇ ਪਹਿਲਕਦਮੀ ਦੇ ਕ੍ਰਿਸ਼ਮਿਆਂ ਨੂੰ ਨਤਮਸਤਕ ਹੋਣਾ ਦੱਸਦੇ ਹਨ।

**4.1.3 ਰਚਨਾਵਾਂ :**

ਧਰਤੀ ਪੁੱਤਰ
ਗ਼ਦਰ ਦੀਆਂ ਪੈੜਾਂ
ਮਨੁੱਖੀ ਹਿੰਮਤ ਤੇ ਪਹਿਲਕਦਮੀ ਦੇ ਕ੍ਰਿਸ਼ਮੇ
ਇਤਿਹਾਸ ਦੀਆਂ ਪੈੜਾਂ
ਕੰਢੀ ਇਲਾਕੇ ਦੇ ਪਿੰਡਾਂ ਦਾ ਇਤਿਹਾਸ
ਗੁੰਮਨਾਮ ਦੇਸ਼ ਭਗਤਾਂ ਦਾ ਪਿੰਡ ਰੁੜਕੀ
ਖਾਸ ਪਿੰਡ ਮੋਰਾਂਵਾਲੀ
ਆਪਣੀ ਮੌਤ ਨੂੰ ਵਾਜ਼ਾਂ ਮਾਰ ਰਿਹਾ ਮਨੁੱਖ
ਟਾਵਾਂ ਟਾਂਵਾ ਤਾਰਾ
ਬੀਤੇ ਨੂੰ ਫਰੋਲਦਿਆਂ

**4.1.4 ਨਿਬੰਧ :- ਇਨਸਾਨੀ ਹਿੰਮਤ ਤੇ ਪਹਿਲ ਕਦਮੀ ਦਾ ਕ੍ਰਿਸ਼ਮਾ**

ਗੱਲ ਅਸਲ ਵਿੱਚ ਕਾਫ਼ੀ ਪੁਰਾਣੀ ਹੈ ।  ਅੱਜ ਤੋਂ ਕਈ ਦਹਾਕੇ ਪਹਿਲਾਂ ਦੀ , ਉਦੋਂ ਮੈਂ ਹਾਲੇ ਫੌਜ ਵਿੱਚ ਭਰਤੀ ਹੋਇਆ ਹੀ ਸਾਂ ।  ਸਾਲ ਭਰ ਦੀ ਸਿਖਲਾਈ ਉਪਰੰਤ ਮੈਨੂੰ ਪੰਦਰਾਂ ਦਿਨ ਦੀ ਛੁੱਟੀ ਮਿਲੀ ।  ਛੁੱਟੀ ਸਮੇਂ ਘਰ ਜਾਣ ਦੀ ਥਾਂ ਮੈਂ ਘੁੱਮਕੜੀ ਦੀ ਗੱਲ ਸੋਚੀ ; ਥੈਲੇ ਵਿੱਚ ਕੁਝ ਖਾਣ - ਪੀਣ ਦਾ ਸਾਮਾਨ ਰੱਖ , ਪਾਣੀ ਦੀ ਮਸ਼ਕ ਲੈ ਲੰਬੀ ਸੈਰ ਲਈ ਤੁਰ ਪਿਆ ਸੀ ਮੈਂ ।  ਜਿਸ ਖਿੱਤੇ ' ਚੋਂ ਮੈਂ ਲੰਘ ਰਿਹਾ ਸਾਂ , ਉਸ ਦਾ ਮੈਂ ਪਹਿਲਾਂ ਤੋਂ ਵਾਕਫ਼ ਨਹੀਂ ਸੀ ।  ਜ਼ਮੀਨ ਉੱਕੀ ਬੰਜ਼ਰ ਸੀ , ਕਿਤੇ - ਕਿਤੇ ਪੀਲੇ ਧਤੂਰੇ ਦੀਆਂ ਝਾੜੀਆਂ ਵਾਲੀ ।  ਬਾਕੀ ਥਾਂ ਸੁੱਕੀ ਘਾਹ ਤੋਂ ਬਿਨਾਂ ਕੁਝ ਵੀ ਉੱਗਿਆ ਹੋਇਆ ਨਹੀਂ ਸੀ ।

ਮੈਨੂੰ ਇਸ ਇਲਾਕੇ ਵਿਚ ਘੁੰਮਦਿਆਂ ਦੋ ਦਿਨ ਹੋ ਗਏ ਸਨ।ਉੱਕਾ ਈ ਬੀਆ ਬਾਨ ਅਤੇ ਸੰਨਾਟਾ । ਜਿਥੇ ਮੈਂ ਹੁਣ ਖਲੋਤਾ ਸਾਂ , ਸ਼ਾਇਦ ਇਥੇ ਕਦੇ ਕੋਈ ਪਿੰਡ ਹੁੰਦਾ ਹੋਵੇਗਾ, ਜਿਥੇ ਨੱਢੀਆਂ ਧਮਾਲਾ ਪਾਉਂਦੀਆਂ ਹੋਣਗੀਆਂ ਤੇ ਬਾਲ ਕਿਲ - ਕਾਰੀਆਂ । ਹੁਣ ਬਾਂਕਿਆਂ ਸਮੇਤ ਸਭ ਛੁਪਣਛੋਤ ਹੋ ਚੁੱਕਾ ਸੀ । ਇਕ ਥਾਂ ਤੇ ਛੇ - ਸੱਤ ਖੰਡਰਾਤ ਸਨ , ਮੈਨੂੰ ਜਾਪਿਆ ਕਿ ਲਾਗੇ - ਛਾਗੇ ਜ਼ਰੂਰ ਕੋਈ ਖੂਹ ਹੋਵੇਗਾ ਜਾਂ ਕੋਈ ਹੋਰ ਜਲ ਸਰੋਤ।ਮਾੜੀ ਜਿਹੀ ਭਾਲ ਪਿੱਛੋ ਇਕ ਨਾਲਾ (ਚਸ਼ਮਾ) ਵਿਖਾਈ ਦਿੱਤਾ ਪਰ ਉਹ ਵੀ ਹੁਣ ਸੁੱਕਿਆ ਹੋਇਆ ਸੀ । ਮੈਂ ਕੁਝ ਦੇਰ ਉਥੇ ਹੀ ਆਰਾਮ ਕਰਨ ਦੀ ਸੋਚੀ ਕਿਉਂਕਿ ਮੈਂ ਥੱਕ ਟੁੱਟ ਚੁੱਕਾ ਸੀ । ਪਾਣੀ ਵੀ ਖ਼ਤਮ ਸੀ , ਪਿਆਸ ਨਾਲ ਮੇਰਾ ਗਲਾ ਖ਼ੁਸ਼ਕ ਹੋ ਰਿਹਾ ਸੀ । ਪਿੰਡ ਦੇ ਇਕ ਕੋਨੇ ਵਿੱਚ ਇਕ ਟੁੱਟਾ ਹੋਇਆ ਧਾਰਮਿਕ ਸਥਾਨ ਵੀ ਸੀ ਪਰ ਉਥੇ ਹੁਣ ਕੋਈ ਨਹੀਂ ਸੀ ਰਹਿੰਦਾ ।

ਜੂਨ ਦਾ ਮਹੀਨਾ ਸੀ । ਸੂਰਜ ਦੀ ਗਰਮੀ ਨਾਲ ਤੋਂ ਤਪ ਰਹੀ ਸੀ । ਤੇਜ਼ ਹਵਾ ਧੂੜ ਉਡਾ ਰਹੀ ਸੀ । ਇਸ ਉਦਾਸੀ ਭਰੇ ਮਹੌਲ ਨੂੰ ਮੈਂ ਜ਼ਿਆਦਾ ਚਿਰ ਬਰਦਾਸ਼ਤ ਨਾ ਕਰ ਸਕਿਆ । ਮੈਂ ਇਕ ਪੰਗਡੰਡੀ ਫੜ ਲਈ , ਕਈ ਘੰਟੇ ਤੁਰਦੇ ਰਹਿਣ ਪਿੱਛੋਂ ਵੀ ਪਾਣੀ ਨਾ ਲੱਭਾ । ਮੈਂ ਆਸ ਗਵਾ ਬੈਠਾ । ਮੇਰੇ ਚਾਰੇ ਪਾਸੇ ਸੁੱਕੀ-ਸਖ਼ਤ ਭੋਂ ਵਿੱਚ ਉੱਗੀਆਂ ਕੰਡਿਆਲੀਆਂ ਝਾੜੀਆਂ ਤੋਂ ਬਿਨ੍ਹਾਂ ਕੁਝ ਵੀ ਨਹੀਂ ਸੀ । ਇਸ ਸੰਨਾਟੇ ਵਿੱਚ ਮੈਨੂੰ ਦੂਰ ਇਕ ਕਾਲੀ ਜਿਹੀ ਪਰਛਾਈ ਦਿਸੀ : ਦੂਰੋਂ ਇਹ ਬਿਛੂ ਜਿਹੇ ਵਾਂਙ ਜਾਪੀ , ਮੈਂ .. ਉਸ ਪਾਸੇ ਹੋ ਤੁਰਿਆ । ਕੋਲ ਪੁੱਜਣ 'ਤੇ ਉਹ ਇੱਕ ਆਜੜੀ ਨਿਕਲਿਆ। ਉਸ ਦੇ ਆਲੇ - ਦੁਆਲੇ ਦੋ ਕੁ ਦਰਜਨ ਭੇਡਾਂ ਬੈਠੀਆਂ ਸਨ ।

ਕੱਦੂ ਦੀ ਤੂੰਬੀ ’ਚੋਂ ਪਾਣੀ ਪਿਆਉਣ ਉਪਰੰਤ ਮੇਰੀ ਬੇਨਤੀ ਪਿੱਛੋਂ ਉਹ ਮੈਨੂੰ ਆਪਣੇ ਘਰ ਲੈ ਗਿਆ । ਉਹ ਇੱਕ ਡੂੰਘੀ ਕੁਦਰਤੀ ਬਾਉਲੀ ਤੋਂ ਪਾਣੀ ਖਿੱਚਦਾ ਸੀ । ਏਨੀ ਗਹਿਰਾਈ ਤੋਂ ਪਾਣੀ ਖਿੱਚਣ ਲਈ ਉਸ ਨੇ ਪੁਲੀਆਂ ਅਤੇ ਰੱਸੀਆਂ ਦਾ ਇਕ ਜੁਗਾੜ ਬਣਾਇਆ ਹੋਇਆ ਸੀ । ਉਹ ਆਦਮੀ ਬਹੁਤ ਘੱਟ ਬੋਲਦਾ ਸੀ । ਇੰਝ ਸ਼ਾਇਦ ਇਸ ਲਈ ਸੀ ਕਿ ਉਹ ਉਥੇ ਕੱਲਮ-ਕੱਲਾ ਹੀ ਰਹਿੰਦਾ ਸੀ, ਉਸ ਨਾਲ ਗੁਫ਼ਤਗੂ ਕਰਨ ਵਾਲਾ ਉਥੇ ਕੋਈ ਹੋਰ ਹੈ ਹੀ ਨਹੀਂ ਸੀ । ਪਰ ਉਸ ਦੇ ਸਵੈ-ਵਿਸ਼ਵਾਸ਼ ਨੂੰ ਵੇਖ ਕੇ ਇੰਝ ਲੱਗਦਾ ਸੀ ਜਿਵੇਂ ਉਹ ਆਪਣੇ ਕੰਮ 'ਚ ਕਾਫ਼ੀ ਹੁਸ਼ਿਆਰ ਹੋਵੇ । ਇਸ ਸੁੰਨਸਾਨ ਬੰਜ਼ਰ ਇਲਾਕੇ ਵਿੱਚ ਮੈਨੂੰ ਉਸ ਦੇ ਮਿਲਣ ਦੀ ਕੋਈ ਉਮੀਦ ਨਹੀਂ ਸੀ। ਉਹ ਬਕਾਇਦਾ ਇਕ ਪੱਕੇ ਢਾਰੇ ਵਿੱਚ ਰਹਿੰਦਾ ਸੀ , ਲੱਗਦਾ ਸੀ ਜਿਵੇਂ ਉਸ ਨੇ ਆਲੇ-ਦੁਆਲੇ ਦੇ ਪੱਥਰਾਂ ਨਾਲ ਹੱਥੀਂ ਬਣਾਇਆ ਹੋਵੇ । ਘਰ ਦੀ ਛੱਤ ਮਜ਼ਬੂਤ ਸੀ, ਜਿਸ ਨਾਲ ਹਵਾ ਟਕਰਾ ਕੇ ਸਾਂ-ਸਾਂ ਕਰ ਰਹੀ ਸੀ । ਉਸ ਦੀ ਹਾਜ਼ਰੀ ਵਿੱਚ ਵੀ ਇਹ ਅਵਾਜ਼ ਡਰਾਉਣੀ ਜਾਪਦੀ ਸੀ ਪਰ ਉਹ ਨਿਡਰ ਬੰਦਾ ਬਿਲਕੁਲ ਸ਼ਾਂਤ ਤੇ ਸਹਿਜ ਸੀ ।

ਘਰ ਅੰਦਰ ਸਾਰੀਆਂ ਚੀਜ਼ਾਂ ਥਾਂ ਸਿਰ ਸਲੀਕੇ ਨਾਲ ਰੱਖੀਆਂ ਹੋਈਆਂ ਸਨ। ਭਾਂਡੇ-ਟੀਂਡੇ ਮਾਂਜੇ-ਲਿਸ਼ਕਦੇ ਹੋਏ । ਫਰਸ਼ ਸਾਫ਼ ਸੁਥਰਾ ਸੀ ਤੇ ਵਿਹੜਾ ਵੀ । ਕੱਪੜੇ ਲੱਤੇ ਵੀ ਗੰਦੇ ਨਹੀਂ ਸੀ , ਬਿਸਤਰਾ ਵੀ ਥਾਂ ਸਿਰ ਸੀ । ਇਕ ਕੋਨੇ ਵਿੱਚ ਤਿਖੀ ਕੁਹਾੜੀ ਸੀ ਤੇ ਦੂਜੀ ਵਿੱਚ ਪੱਥਰ ਉੱਤੇ ਦੀਵਾ । ਚੁੱਲ੍ਹੇ ਦੀ ਮੱਠੀ ਅੱਗ ਉੱਤੇ ਪਤੀਲੀ ਵਿੱਚ ਖਿਚੜੀ ਰਿੱਝ ਰਹੀ ਸੀ । ਉਸ ਨੇ ਏਨੀ ਹੁਸ਼ਿਆਰੀ ਨਾਲ ਆਪਣੇ ਕੋਟ ਉੱਤੇ ਟਾਕੀ ਲਾਈ ਹੋਈ ਸੀ ਕਿ ਉਸ ਦੇ ਲੱਗੇ ਹੋਣ ਦਾ ਪਤਾ ਨਹੀਂ ਸੀ ਲੱਗਦਾ । ਉਸ ਮੈਨੂੰ ਵੀ ਖਿਚੜੀ ਖੁਆਈ । ਖਾਣ ਪਿੱਛੋਂ ਮੈਂ ਸਿਗਰਟ ਸੁਲਗਾਈ ਅਤੇ ਇਕ ਉਸ ਵੱਲ ਵੀ ਵਧਾਈ । ਪਰ

ਉਸ ਕਿਹਾ ਕਿ ਉਹ ਸਿਗਰਟ ਨਹੀਂ ਪੀਂਦਾ । ਉਸ ਦਾ ਇਕ ਜੱਤਲ ਕੁੱਤਾ ਸੀ । ਪਰ ਉਹ ਵੀ ਆਪਣੇ ਮਾਲਕ ਵਾਂਗ ਹੀ ਚੁੱਪ-ਚਾਪ ਸੀ ।

ਪਹਿਲੀ ਮੁਲਾਕਾਤ ਪਿੱਛੋਂ ਹੀ ਮੈਨੂੰ ਜਾਪਿਆ ਜਿਵੇਂ ਉਸ ਮੈਨੂੰ ਉਥੇ ਰਾਤ ਕੱਟਣ ਲਈ ਹਾਂ ਕਰ ਦਿੱਤੀ ਹੋਵੇ ; ਅਗਲਾ ਪਿੰਡ ਇਥੋਂ ਕਰੀਬ ਡੇਢ ਦਿਨ ਦੀ ਦੂਰੀ ' ਤੇ ਸੀ , ਇਸ ਲਈ ਇਹ ਹੀ ਚੰਗਾ ਸੀ ਕਿ ਮੈਂ ਆਪਣੇ ਥੱਕੇ ਪੈਰਾਂ ਨੂੰ ਕੁਝ ਆਰਾਮ ਕਰ ਲੈਣ ਦੇਵਾਂ । ਇਸ ਪਹਾੜੀ ਇਲਾਕੇ ਵਿੱਚ ਦੂਰ - ਦੁਰਾਡੇ ਛੋਟੀਆਂ - ਛੋਟੀਆਂ ਠਾਹਰਾਂ ਸਨ । ਉਹ ਕੱਚੇ ਪਹਿਆਂ ਦੁਆਰਾ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਇਨ੍ਹਾਂ ਬੰਸਤੀਆਂ ਦੇ ਵਸਨੀਕ ਲੱਕੜ ਤੇ ਕੋਇਲਾ ਬਣਾਉਣ ਦਾ ਧੰਦਾ ਕਰਦੇ ਸਨ । ਕੋਇਲੇ ਦੇ ਧੰਦੇ ਕਾਰਨ ਆਲੇ - ਦੁਆਲੇ ਦੇ ਬ੍ਰਿਛ ਕੱਟੇ ਜਾ ਚੁੱਕੇ ਸਨ । ਬੇਰਹਿਮ ਹਵਾ ਨੂੰ ਡੱਕਣ ਵਾਲਾ ਕੋਈ ਬ੍ਰਿਛ ਨਹੀਂ ਸੀ ਬਚਿਆ ਅਤੇ ਨਾ ਹੀ ਮੌਨਸੂਨ ਬੁਲਾਉਣ ਵਾਲੇ ਜੰਗਲ । ਮੀਂਹ ਪੈਣੇ ਉੱਕਾ ਬੰਦ ਹੋ ਚੁੱਕੇ ਸਨ ਜੇ ਕਦੇ ਮਾੜਾ-ਮੋਟਾ ਪੈ ਜਾਂਦਾ ਤਾਂ ਉਹ ਜ਼ਰੂਰ ਹੀ ਮਣਾਂ-ਮੂੰਹੀਂ ਮਿੱਟੀ ਉੜਾ ਲੈ ਜਾਂਦਾ ਹੋਵੇਗਾ । ਪਾਣੀ ਰੋਕ ਖਲਾਰਨ ਵਾਲੀਆਂ ਕੱਚੀਆਂ ਪੱਕੀਆਂ ਰੋਕਾਂ ਵੀ ਨਹੀਂ ਸਨ । ਨਮੀ ਗਾਇਬ ਸੀ । ਜਾਪਦਾ ਸੀ ਟਿੱਬਿਆ ਉਪਰ ਹਰ ਵੇਲੇ ਧੂੜ ਭਰੀ ਹਨੇਰੀ ਨੱਚਦੀ ਹੋਵੇਗੀ । ਕੋਲੇ ਦੇ ਧੰਦੇ ਵਿੱਚ ਵੀ ਕੋਈ ਜ਼ਿਆਦਾ ਫਾਇਦਾ ਨਹੀਂ ਸੀ । ਕੋਲੇ ਨੂੰ ਗੱਡੀ 'ਤੇ ਸ਼ਹਿਰ ਤੀਕਰ ਪੁਹੰਚਾਣ ਵਿੱਚ ਦੋ ਦਿਨ ਲੱਗ ਜਾਂਦੇ ਸਨ । ਬਦਲੇ 'ਚ ਦਲਾਲ ਜੋ ਪੈਸਾ ਦਿੰਦੇ ਸਨ , ਉਸ ਨਾਲ ਖ਼ਰਚੇ ਵੀ ਮੁਸ਼ਕਲ ਨਾਲ ਪੂਰੇ ਹੁੰਦੇ ਸਨ ।

ਖਾਣੇ ਪਿੱਛੋਂ ਆਜੜੀ ਨੇ ਇੱਕ ਛੋਟਾ ਜਿਹਾ ਝੋਲਾ ਚੁੱਕਿਆ ਅਤੇ ਉਸ ਵਿੱਚਲੇ ਸਾਰੇ ਬੀਜ ਮੇਜ਼ ਉਪਰ ਉਲੱਦ ਦਿੱਤੇ । ਫੇਰ ਉਹ ਬੜੇ ਧਿਆਨ ਨਾਲ ਉਨ੍ਹਾਂ ਦੀ ਜਾਂਚ ਪਰਖ ਕਰਨ ਲੱਗਾ । ਉਹ ਇਕ ਇਕ ਬੀਜ ਨੂੰ ਚੱਕਦਾ , ਉਸ ਨੂੰ ਧਿਆਨ ਨਾਲ ਵੇਖਦਾ ਅਤੇ ਬਾਅਦ ਵਿੱਚ ਉਨ੍ਹਾਂ ਵਿਚ ਚੰਗੇ ਬੀਜਾਂ ਨੂੰ ਚੁਣ - ਛਾਂਟ ਕੇ ਇੱਕ ਪਾਸੇ ਰੱਖਦਾ । ਮੈਂ ਸਿਰਗਟ ਦਾ ਇੱਕ ਕਸ਼ ਖਿੱਚਿਆ ਅਤੇ ਸੋਚਿਆ ਕਿ ਮੈਂ ਵੀ ਬੀਜ ਛੱਟਣ ਵਿੱਚ ਉਸ ਦੀ ਮਦਦ ਕਰਾਂ । ਪਰ ਉਸ ਆਖਿਆ , ਉਹ ਇਹ ਕੰਮ ਖ਼ੁਦ ਹੀ ਕਰੇਗਾ । ਉਹ ਜਿਸ ਲਗਨ ਅਤੇ ਇਕਾਗਰਤਾ ਨਾਲ ਆਪਣਾ ਕੰਮ ਕਰ ਰਿਹਾ ਸੀ , ਉਸ ਨੂੰ ਵੇਖ ਕੇ ਮੈਨੂੰ ਆਪਣੀ ਦਖ਼ਲ - ਅੰਦਾਜ਼ੀ ਚੰਗੀ ਨਾ ਲੱਗੀ । ਸਾਡੇ ਦੋਹਾਂ ਵਿਚਕਾਰ ਬੱਸ ਐਨੀ ਕੁ ਗੱਲਬਾਤ ਹੀ ਹੋਈ । ਬੀਜਾਂ ਨੂੰ ਛਾਂਟਣ ਪਿੱਛੋਂ ਉਹ ਉਸ ਢੇਰੀ ਵਿੱਚੋਂ ਚੰਗੇ ਬੀਜਾਂ ਦੀਆਂ ਦਸ - ਦਸ ਢੇਰੀਆਂ ਬਨਾਉਣ ਲੱਗਾ । ਢੇਰੀ ਬਣਾਉਂਦੇ ਵਕਤ ਉਹ ਬਹੁਤ ਬਾਰੀਕੀ ਨਾਲ ਘੋਖਦਾ । ਉਸ ਨੂੰ ਜਿਹੜਾ ਬੀਜ ਵੀ ਜ਼ਰਾ ਕੁ ਵੀ ਦਾਗੀ ਜਾਂ ਤਿੜਕਿਆ ਦਿੱਸਦਾ , ਉਹ ਉਸ ਨੂੰ ਲਾਂਭੇ ਕਰ ਦਿੰਦਾ । ਏਦਾਂ ਉਸ ਨੇ ਸੌ ਵਧੀਆ ਬੀਜ ਛਾਂਟ ਲਏ , ਉਨ੍ਹਾਂ ਨੂੰ ਇੱਕ ਥੈਲੀ ਵਿੱਚ ਪਾ ਲਿਆ ਤੇ ਸੌਣ ਤੁਰ ਪਿਆ ।

ਨਾ ਜਾਣੇ ਕਿਉਂ ਮੈਨੂੰ ਇਸ ਭਲੇ ਬੰਦੇ ਦੇ ਸਾਥ ਵਿੱਚ ਬੜੀ ਸ਼ਾਂਤੀ ਮਹਿਸੂਸ ਹੋ ਰਹੀ ਸੀ । ਅਗਲੇ ਦਿਨ ਸਵੇਰੇ ਮੈਂ ਉਸ ਤੋਂ ਪੁੱਛਿਆ ਕਿ ਕੀ ਮੈਂ ਉਸ ਦੇ ਘਰ ਇੱਕ ਦਿਨ ਹੋਰ ਆਰਾਮ ਕਰ ਸਕਦਾ ਹਾਂ । ਉਸ ਨੇ ਸਹਿਜ-ਸੁਭਾਅ ਹੀ ਇਸ ਦੀ ਆਗਿਆ ਦੇ ਦਿੱਤੀ।ਉਪਰੰਤ ਉਹ ਫੇਰ ਆਪਣੇ ਕੰਮ ਵਿੱਚ ਰੁਝ ਗਿਆ । ਹੁਣ ਅੱਗੋ ਕਿਸੇ ਕਿਸਮ ਦੀ

ਗੱਲਬਾਤ ਦੀ ਲੋੜ ਹੀ ਨਹੀਂ ਸੀ , ਪਰ ਮੇਰੇ ਅੰਦਰ ਉੱਥਲ-ਪੁੱਥਲ ਮੱਚ ਰਹੀ ਸੀ ਮੈਂ ਉਸ ਦੀ ਜੀਵਨ - ਕਹਾਣੀ ਜਾਨਣ ਨੂੰ ਉਤਸਕ ਸਾਂ ।

ਸਭ ਤੋਂ ਪਹਿਲਾਂ ਉਸਨੇ ਉਹਨਾਂ ਛਾਂਟੇ ਹੋਏ ਬੀਜਾਂ ਨੂੰ ਇੱਕ ਭਾਂਡੇ ਵਿੱਚ ਪਾਣੀ ਵਿੱਚ ਭਿਉਂ ਦਿੱਤਾ । ਫੇਰ ਉਸ ਨੇ ਭੇਡਾਂ ਦੀ ਵਾੜ ਖੋਲ੍ਹੀ ਅਤੇ ਉਨ੍ਹਾਂ ਨੂੰ ਚਰਾਂਦ ਵੰਨੀ ਲੈ ਤੁਰਿਆ । ਮੈਂ ਵੇਖਿਆ ਕਿ ਉਸ ਆਜੜੀ ਦੇ ਹੱਥ ਵਿੱਚ ਇਕ ਤਿੰਨ - ਚਾਰ ਹੱਥ ਲੰਬੀ ਲੋਹੇ ਦੀ ਸੱਬਲ ਸੀ । ਉਹ ਸੱਬਲ ਮੇਰੇ ਅੰਗੂਠੇ ਜਿੱਡੀ ਮੋਟੀ ਹੋਵੇਗੀ । ਮੈਂ ਵੀ ਹੌਲੀ - ਹੌਲੀ ਆਜੜੀ ਪਿੱਛੇ ਹੋ ਤੁਰਿਆ । ਭੇਡਾਂ ਦੀ ਚਰਾਂਦ ਹੇਠਾਂ ਘਾਟੀ ਵਿੱਚ ਸੀ । ਥੋੜੀ ਦੇਰ ਪਿੱਛੋ ਉਹ ਭੇਡਾਂ ਨੂੰ ਆਪਣੇ ਕੁੱਤੇ ਦੀ ਦੇਖ - ਰੇਖ ਹੇਠ ਛੱਡਕੇ ਆਪ ਹੌਲੀ - ਹੌਲੀ ਪਹਾੜੀ ਉਪਰ ਨੂੰ ਹੋਇਆ । ਉਹ ਆਪਣੇ ਰਾਹ ਤੁਰੀ ਗਿਆ ਅਤੇ ਕਿਉਂ ਜੋ ਮੇਰੇ ਕੋਲ ਵੀ ਕਰਨ ਨੂੰ ਕੁਝ ਨਹੀਂ ਸੀ , ਸੋ ਮੈਂ ਵੀ ਉਸ ਦੇ ਪਿੱਛੇ ਪਿੱਛੇ ਤੁਰ ਪਿਆ । ਮੈਨੂੰ ਜਾਪਿਆ ਜਿਵੇਂ ਉਹ ਮੇਰੀ ਇਸ ਦਖ਼ਲਅੰਦਾਜ਼ੀ ਤੇ ਝੁੰਜਲਾਏਗਾ । ਪਰ ਉਸ ਨੇ ਇੱਦਾ ਦਾ ਕੋਈ ਭਾਵ ਨਾ ਵਿਖਾਇਆ।ਉਹ ਲੱਗਭਗ ਸੌ ਗਜ਼ ਦੂਰ ਇਕ ਟਿੱਬੇ ਜਿਹੇ ਉੱਪਰ ਚੜਿਆ , ਮਗਰੇ ਮੈਂ ਵੀ।

ਉੱਥੇ ਉਸ ਨੇ ਸੱਬਲ ਨਾਲ ਮਿੱਟੀ ਪੁੱਟ ਕੇ ਇਕ ਟੋਇਆ ਬਣਾਇਆ । ਇਸ ਵਿੱਚ ਉਸ ਨੇ ਇਕ ਬੀਜ ਬੀਜਿਆ ਅਤੇ ਫਿਰ ਉਸ ਨੂੰ ਮਿੱਟੀ ਨਾਲ ਭਰ ਦਿੱਤਾ । ਉਹ ਦੇਸੀ ਬ੍ਰਿਛਾਂ ਦੇ ਬੀਜ ਬੋ ਰਿਹਾ ਸੀ । ਮੈਂ ਉਸ ਨੂੰ ਪੁੱਛਿਆ ਕਿ ਕੀ ਇਹ ਤੋਂ ਉਸ ਦੀ ਆਪਣੀ ਜਾਇਦਾਦ ਹੈ । ਪਰ ਨਹੀਂ , ਉਸ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਹ ਜ਼ਮੀਨ ਕਿਸ ਦੀ ਸੀ । ਸ਼ਾਇਦ ਉਹ ਪਿੰਡ ਦੀ ਸਾਂਝੀ ਸ਼ਾਮਲਾਟ ਸੀ , ਜਾਂ ਕੁਝ ਅਜਿਹੇ ਸ਼ਾਹੂਕਾਰਾਂ ਦੀ ਜਿਨ੍ਹਾਂ ਨੂੰ ਇਸ ਜ਼ਮੀਨ ਦੀ ਕੋਈ ਪਰਵਾਹ ਨਹੀਂ ਸੀ । ਜ਼ਮੀਨ ਦਾ ਮਾਲਕ ਕੌਣ ਸੀ , ਇਹ ਜਾਨਣ ਵਿੱਚ ਉਸ ਦੀ ਕੋਈ ਰੁਚੀ ਨਹੀਂ ਸੀ । ਉਸ ਨੇ ਉਨ੍ਹਾਂ ਸੌ ਬੀਜਾਂ ਨੂੰ ਬਹੁਤ ਹੀ ਮੋਹ-ਮੁਹੱਬਤ ਨਾਲ ਬੀਜਿਆ ।

ਦੁਪਹਿਰ ਦੇ ਖਾਣੇ ਪਿੱਛੋਂ ਉਹ ਬੀਜ ਬੀਜਣ ਦੇ ਕੰਮ ਵਿੱਚ ਮੁੜ ਰੁਝ ਗਿਆ । ਸ਼ਾਇਦ ਮੈਂ ਆਪਣੇ ਸਵਾਲ ਵਾਰ-ਵਾਰ ਦੁਹਰਾਏ ਹੋਣੇ ਨੇ , ਕਿਉਂ ਇੰਜ ਮੈਨੂੰ ਅਖ਼ੀਰ ਵਿੱਚ ਉਸ ਬਾਰੇ ਮਾੜੀ - ਮੋਟੀ ਜਾਣਕਾਰੀ ਮਿਲ ਹੀ ਗਈ । ਪਿਛਲੇ ਤਿੰਨਾਂ ਵਰ੍ਹਿਆਂ ਤੋਂ ਕਰੀਬ ਇੱਕ ਲੱਖ ਬੀਜਾਂ ਵਿੱਚੋਂ ਸਿਰਫ਼ ਵੀਹ ਹਜ਼ਾਰ ਹੀ ਫੁੱਟੇ ਸਨ । ਉਸ ਨੂੰ ਜਾਪਦਾ ਸੀ ਕਿ ਇਨ੍ਹਾਂ ਵੀਹ ਹਜ਼ਾਰ ਪੌਦਿਆਂ ਵਿੱਚੋਂ ਸਿਰਫ਼ ਅੱਧੇ ਹੀ ਜਿਉਂਦੇ ਬਚਣਗੇ । ਅੱਧੇ ਜਾਂ ਤਾਂ ਕਿਸੇ ਕੁਦਰਤੀ ਆਫਤ ਦਾ ਸ਼ਿਕਾਰ ਹੋ ਜਾਣਗੇ ਜਾਂ ਫਿਰ ਸਿਉਂਕ-ਚੂਹੇ ਕੁਤਰ ਜਾਣਗੇ । ਪਰ ਜਿੱਥੇ ਪਹਿਲੋਂ ਕੁਝ ਵੀ ਨਹੀਂ ਸੀ , ਉਥੇ ਹੁਣ ਘੱਟੋ - ਘੱਟ ਦਸ ਹਜ਼ਾਰ ਬ੍ਰਿਛ ਤਾਂ ਉੱਗ ਹੀ ਰਹੇ ਹਨ ।

ਇਹ ਸਭ ਕੁਝ ਸੁਣਨ ਪਿੱਛੋਂ ਮੈਂ ਉਸ ਬੰਦੇ ਦੀ ਉਮਰ ਬਾਰੇ ਅਟਕਲਾਂ ਲਾਉਣ ਲੱਗਾ । ਉਹ ਯਕੀਨੀ ਤੌਰ 'ਤੇ ਪੰਜਾਹ ਵਰ੍ਹਿਆਂ ਤੋਂ ਉਪਰ ਹੋਵੇਗਾ । ਮੈਨੂੰ ਆਪ ਦੱਸਿਆ ਕਿ ਉਹ ਪਚਵੰਜਾ ਸਾਲ ਦਾ ਹੈ ਪਰ ਲੱਗਦਾ ਸੱਠਾਂ ਦਾ ਸੀ । ਉਸ ਦਾ ਨਾਂ ਐਜ਼ੀਆਰਾਦ ਬੌਫੇ ਸੀ । ਕਦੀ , ਉਸਦੀ ਤਰਾਈ ਦੇ ਹੇਠਲੇ ਹਿੱਸੇ ਵਿੱਚ ਆਪਣੀ ਖੇਤੀ - ਬਾੜੀ ਹੁੰਦੀ ਸੀ । ਪਰ ਚਾਣਚੱਕ ਉਸ ਦੇ ਇਕਲੌਤੇ ਬੇਟੇ ਦੀ ਅਤੇ ਫੇਰ ਉਸ ਦੀ ਸੁੱਘੜ ਪਤਨੀ ਦੀ ਮੌਤ ਹੋ ਗਈ । ਇਸ ਨਾਲ ਉਸ ਨੂੰ ਗਹਿਰਾ ਸਦਮਾ ਪੁੱਜਾ । ਉਦੋਂ-ਇਕਾਂਤ-ਵਾਸ ਲਈ ਆਪਣੇ ਕੁੱਤੇ ਅਤੇ ਭੇਡਾਂ ਨੂੰ ਨਾਲ ਲੈ ਕੇ ਇਥੇ ਆ ਗਿਆ । ਉਸ ਦੀ

ਮਨੋਤ ਸੀ (ਅਤੇ ਇਹ ਹੈ ਵੀ ਸੱਚ ) ਕਿ ਛਾਂ ਬਿਨ੍ਹਾਂ ਭੌਂ ਭਾਵ ਜ਼ਮੀਨ ਹੌਲੀ-ਹੌਲੀ ਮਰ ਰਹੀ ਹੈ । ਕਿਉਂ ਜੋ ਉਸ ਦੇ ਜ਼ਿੰਮੇ ਹੋਰ ਕੋਈ ਜ਼ਰੂਰੀ ਕੰਮ ਨਹੀਂ ਸੀ , ਇਸ ਲਈ ਉਸ ਨੇ ਧਰਤ ਦੀ ਇਸ ਖ਼ਰਾਬ ਹਾਲਾਤ ਨੂੰ ਸੁਧਾਰਨ ਦੀ ਗੱਲ ਮਨ ਵਿੱਚ ਠਾਣ ਲਈ।

ਉਦੋਂ ਕਿਉਂ ਜੋ ਮੈਂ ਮੁੰਡਾ-ਖੁੰਡਾ ਸੀ ਅਤੇ ਗਭਰੂਟੀ ਸੈਰ-ਸਪਾਟੇ ਲਈ ਇਕ ਵੀਰਾਨ ਇਲਾਕੇ ਵਿੱਚ ਆ ਗਿਆ ਸੀ,ਇਸ ਲਈ ਮੈਨੂੰ ਉਸ ਦੇ ਮਨ ਦਾ ਦਰਦ ਕੁਝ ਕੁਝ ਹੀ ਸਮਝ ਆਇਆ । ਇਸ ਦੇ ਨਾਲ ਹੀ ਉਸ ਸਮੇਂ , ਮੈਂ ਹਾਲੀ ਕੁਝ ਨਾ - ਸਮਝ ਵੀ ਸਾਂ ਅਤੇ ਚੰਗੇ ਖੁਸ਼ਹਾਲ ਭਵਿੱਖ ਦਾ ਰਾਹ ਲੱਭ ਰਿਹਾ ਸਾਂ , ਸੋ ਮੈਂ ਕਿਹਾ ਕਿ ਅਗਲੇ ਤੀਹਾਂ ਵਰ੍ਹਿਆਂ ਤਾਂ ਉਸ ਦੁਆਰਾ ਲਾਏ ਗਏ ਇਹ ਦਸ ਹਜ਼ਾਰ ਪੌਦੇ ਇਕ ਘਣੇ ਤੇ ਸ਼ਾਨਦਾਰ ਜੰਗਲ ਦਾ ਰੂਪ ਧਾਰਨ ਕਰ ਜਾਣਗੇ । ਉਸ ਨੇ ਸਾਦਾ ਜਿਹਾ ਜਵਾਬ ਦਿੱਤਾ ਕਿ ਜੇ ਉਹ ਜਿਉਂਦਾ ਰਿਹਾ ਤਾਂ ਉਹ ਅਗਲੇ ਤੀਹਾਂ ਸਾਲਾਂ ਵਿੱਚ ਏਨੇ ਜ਼ਿਆਦਾ ਬ੍ਰਿਛ ਲਾਏਗਾ ਕਿ ਇਹ ਦਸ ਹਜ਼ਾਰ ਬੂਟੇ ਤਾਂ ਸਮੁੰਦਰ ਵਿੱਚਲੀ ਇਕ ਬੂੰਦ ਵਾਂਗ ਦਿੱਸਣਗੇ । ਇਸ ਤੋਂ ਇਲਾਵਾ ਉਹ ਕੁਝ ਫ਼ਲਦਾਰ ਦਰੱਖਤਾਂ ਦੇ ਬੀਜ ਬੀਜਣ ਬਾਰੇ ਵੀ ਤਜਰਬੇ ਕਰ ਰਿਹਾ ਸੀ । ਇਸ ਲਈ ਉਸ ਨੇ ਆਪਣੇ ਘਰ ਦੇ ਬਾਹਰ ਇਕ ਪੌਦਸ਼ਾਲਾ ਵੀ ਬਣਾਈ ਹੋਈ ਸੀ । ਕੁਝ ਪੌਦਿਆਂ ਨੂੰ ਉਸ ਕੰਡਿਆਲੀ ਤਾਰ ਦੀ ਵਾੜ ਲਾ ਕੇ ਭੇਡਾਂ ਤੋਂ ਸੁਰੱਖਿਅਤ ਰੱਖਿਆ ਸੀ। ਉਹ ਪੌਦੇ ਚੰਗੀ ਤਰ੍ਹਾਂ ਵਧ ਫੁੱਲ ਰਹੇ ਸਨ । ਉਸਨੇ ਹੇਠਾਂ ਘਾਟੀ ਵਿੱਚ ਕੁਝ ਹੋਰ ਕਿਸਮਾਂ ਦੇ ਬੀਜ ਬੀਜਣ ਦੀ ਯੋਜਨਾ ਬਣਾਈ ਸੀ । ਘਾਟੀ ਦੇ ਵਿੱਚ ਕੁਝ ਗਹਿਰਾਈ `ਤੇ ਮਿੱਟੀ ਵਿੱਚ ਨਮੀ ਸੀ । ਜਿਸ ਕਾਰਣ ਇਹ ਦਰੱਖਤੁ ਉਥੇ ਚੰਗੀ ਜੜ੍ਹ ਫੜਨਗੇ , ਇਹ ਉਸ ਦਾ ਵਿਚਾਰ ਸੀ।

ਅਗਲੇ ਦਿਨ ਮੈਂ ਉਥੋਂ ਤੁਰ ਪਿਆ । ਅਗਲੇ ਸਾਲ 1914 ਵਿੱਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ । ਮੇਰੀ ਫੌਜੀ ਟੁਕੜੀ ਪੰਜ ਸਾਲ ਇਸ ਜੰਗ ਵਿੱਚ ਲੜਦੀ ਰਹੀ । ਇਕ ਫੌਜੀ ਸਿਪਾਹੀ ਹੋਣ ਨਾਤੇ ਮੈਨੂੰ ਯੁੱਧ ਦੌਰਾਨ ਦਰੱਖਤਾਂ ਬਾਰੇ ਸੋਚਣ ਤਕ ਦੀ ਵਿਹਲ ਨਾ ਮਿਲੀ । ਸੱਚੀ ਗੱਲ ਤਾਂ ਇਹ ਸੀ ਕਿ ਉਸ ਘਟਨਾ ਦਾ ਮੇਰੇ ’ਤੇ ਉੱਕਾ ਅਸਰ ਨਹੀਂ ਸੀ ਹੋਇਆ । ਲੋਕਾਂ ਦੇ ਵੱਖਰੇ ਵੱਖਰੇ ਸ਼ੌਕ ਹੁੰਦੇ ਹਨ , ਸ਼ੁਗਲ ਹੁੰਦੇ ਹਨ । ਕੁਝ ਲੋਕਾਂ ਨੂੰ ਸ਼ੌਕੀਆ ਤੌਰ ' ਤੇ ਦਰੱਖਤ ਲਾਉਣ ਵਿੱਚ ਵੀ ਮਜ਼ਾ ਆਉਂਦਾ ਹੋਏਗਾ ਸ਼ਾਇਦ ? ਦਰਸਅਲ ਮੈਂ ਉਪਰੋਕਤ ਘਟਨਾ ਨੂੰ ਲੱਗਭਗ ਭੁੱਲ - ਭੁਲਾ ਹੀ ਗਿਆ ਸਾਂ ।

ਜੰਗ ਖ਼ਤਮ ਹੋਣ ਉਪਰੰਤ ਮੈਨੂੰ ਕਾਫ਼ੀ ਲੰਮੀ ਛੁੱਟੀ ਮਿਲੀ ਅਤੇ ਕਾਫ਼ੀ ਪੈਸਾ ਵੀ । ਮੈਂ ਸੋਚਿਆ , ਕਿਉਂ ਨਾ ਸੈਰ - ਸਪਾਟਾ ਕੀਤਾ ਜਾਵੇ । ਇਸੇ ਮਕਸਦ ਨਾਲ ਮੈਂ ਇਕ ਵਾਰ ਫੇਰ ਉਸੇ ਬੀਆਬਾਨ ਵੀਰਾਨ ਇਲਾਕੇ ਨੂੰ ਰੁਖਸਤ ਹੋ ਗਿਆ । ਉਸ ਇਲਾਕੇ ਦੇ ਹੁਲੀਏ ਵਿੱਚ ਕੋਈ ਤਬਦੀਲੀ ਨਹੀਂ ਸੀ ਆਈ । ਪਰ ਜਦ ਮੈਂ ਉਸ ਉੱਜੜ ਖੰਡਰ ਬਣੇ ਪਿੰਡ ਪੁੱਜਾ ਤਦ ਮੈਨੂੰ ਦੂਰ ਜਿਹੇ ਪਹਾੜੀਆਂ ' ਤੇ ਇਕ ਧੁੰਦ ਜਿਹੀ ਛਾਈ ਨਜ਼ਰ ਆਈ । ਹੁਣ ਜਿਵੇਂ ਮੈਂ ਉਸ ਆਜੜੀ ਦੇ ਘਰ ਲਾਗੇ ਪਹੁੰਚ ਰਿਹਾ ਸਾਂ , ਉਸ ਦੀ ਯਾਦ ਓਨੀ ਹੀ ਸਜੀਵ ਤੇ ਤਾਜ਼ਾ ਹੋ ਰਹੀ ਸੀ । ਮੈਂ ਮਨ ’ ਚ ਕਲਪਨਾ ਕਰ ਰਿਹਾ ਸੀ ਕਿ ਉਹ ਦਸ ਹਜ਼ਾਰ ਪੌਦੇ ਹੁਣ ਕਿੱਡੇ ਵੱਡੇ ਰੁੱਖ ਹੋ ਗਏ ਹੋਣਗੇ ।

ਮੈਂ ਬੜੇ ਲੋਕਾਂ ਨੂੰ ਜੰਗ ਦੌਰਾਨ ਮਰਦੇ ਵੇਖਿਆ ਸੀ । ਜੇ ਕੋਈ ਜਣਾ ਕਹਿੰਦਾ ਕਿ ਉਹ ਆਜੜੀ ਮਰ ਚੁੱਕਾ ਹੈ , ਤਦ ਇਹ ਗੱਲ ਮੰਨਣ ਵਿੱਚ ਮੈਨੂੰ ਕੋਈ ਮੁਸ਼ਕਲ ਨਹੀਂ ਸੀ ਆਉਂਣੀ । ਭਲਾ ਪੰਜਾਹ ਸੱਠ ਸਾਲਾਂ ਦਾ ਬੁੱਢਾ ਮਰਨ ਤੋਂ ਬਿਨ੍ਹਾਂ ਹੋਰ ਕਰ ਹੀ ਕੀ ਸਕਦਾ ਸੀ । ਪਰ ਉਹ ਆਜੜੀ ਮਰਿਆ ਨਹੀਂ ਸੀ । ਉਹ ਨਾ ਸਿਰਫ਼ ਜਿਉਂਦਾ ਸੀ , ਸਗੋਂ ਬਿਲਕੁੱਲ ਨੌਂ - ਬਰ - ਨੌਂ ਸੀ । ਉਸ ਦੇ ਕੰਮ ਕਰਨ ਦੇ ਤਰੀਕੇ ਵਿੱਚ ਥੋੜ੍ਹੀ ਤਬਦੀਲੀ ਜ਼ਰੂਰ ਆਈ ਸੀ । ਉਸ ਕੋਲ ਹੁਣ ਸਿਰਫ ਚਾਰ ਭੇਡਾਂ ਸਨ , ਪਰ ਉਨ੍ਹਾਂ ਨਾਲ ਸ਼ਹਿਦ ਦੀਆਂ ਮੱਖੀਆਂ ਦੇ ਸੌ ਛੱਤੇ ਵੀ ਸਨ । ਉਸ ਨੂੰ ਡਰ ਸੀ ਕਿ ਕਿਧਰੇ ਭੇਡਾਂ ਉਸ ਦੇ ਨਵੇਂ ਪੌਦਿਆਂ ਨੂੰ ਹੀ ਨਾ ਖਾ ਜਾਣ ਇਸ ਤੋਂ ਬਿਨ੍ਹਾਂ ਸ਼ਹਿਦ ਮੱਖੀਆਂ ਪਰ - ਪਰਾਗਣ ਲਈ ਵੀ ਸਹਾਈ ਸਨ । ਮੈਨੂੰ ਸਪੱਸ਼ਟ ਨਜ਼ਰੀ ਆਇਆ ਕਿ ਵੱਡੀ ਆਲਮੀ ਜੰਗੀ ਮੁਹਿੰਮ ਨੇ ਉਸ ਦੇ ਕੰਮ - ਕਾਰ ਵਿੱਚ ਕੋਈ ਫ਼ਰਕ ਨਹੀਂ ਸੀ ਪਾਇਆ । ਉਹ ਉਸ ਭਿਆਨਕ ਲੜਾਈ ਤੋਂ ਉੱਕਾ ਹੀ ਬੇਖ਼ਬਰ ਸੀ ਅਤੇ ਲਗਾਤਾਰ ਬੀਜ ਬੀਜੀ ਜਾ ਰਿਹਾ ਸੀ , ਦਰੱਖਤ ਲਾ ਰਿਹਾ ਸੀ ।

1910 ਵਿੱਚ ਲਾਏ ਦਰੱਖਤ ਹੁਣ ਏਨੇ ਉੱਚੇ ਹੋ ਗਏ ਸਨ ਕਿ ਉਸ ਨੇ ਸਾਹਮਣੇ ਅਸੀਂ ਦੋਵੇਂ ਬੌਣੇ ਜਿਹੇ ਲੱਗਦੇ ਸਾਂ , ਬਿਲਕੁੱਲ ਹੀ ਗਿਠਮੁਠੀਏ । ਹਰੇ ਲਸ਼ - ਲਸ਼ ਕਰਦੇ ਦਰੱਖ਼ਤਾਂ ਦਾ ਨਜ਼ਾਰਾ ਬੱਸ ਵੇਖਣ ਹੀ ਵਾਲਾ ਸੀ । ਇਸ ਅਸਾਧਾਰਣ ਤਬਦੀਲੀ ਦਾ ਵਰਨਣ ਕਰਨਾ ਮੇਰੇ ਵੱਸ ਦਾ ਰੋਗ ਨਹੀਂ । ਸਾਰਾ ਦਿਨ , ਅਸੀਂ ਚੁੱਪ - ਚਾਂ ਹਰੇ - ਭਰੇ ਜੰਗਲ ਵਿਚ ਘੁੰਮਦੇ ਰਹੇ । ਹਰੇ ਕਚੂਰ ਦਰੱਖ਼ਤਾਂ ਦੀ ਵਾਦੀ - ਹੁਣ ਅੱਠ ਮੀਲ ਲੰਬੀ ਅਤੇ ਦੋ ਕੁ ਮੀਲ ਚੌੜੀ ਹੋ ਗਈ ਸੀ । ਇਹ ਸਾਰਾ ਕੁਝ ਇਕ ਅਨਪੜ੍ਹ ਪਰ ਮਹਾਨ ਆਜੜੀ ਦੇ ਦੋ ਹੱਥਾਂ ਨਾਲ ਕੀਤੀ ਸਖ਼ਤ ਮਿਹਨਤ ਦਾ ਸਿੱਟਾ ਸੀ । ਉਸਦੀ ਇਨਸਾਨੀ - ਦੋਸਤੀ , ਦਰਿਆ - ਦਿਲੀ ਅਤੇ ਨਿਸ਼ਕਾਮ ਭਾਵਨਾ ਵੇਖਕੇ ਮੇਰਾ ਦਿਲ ਭਰ ਆਇਆ । ਮੈਂ ਨਤਸਮਤਕ ਹੋ ਉੱਠਿਆ । ਮੈਨੂੰ ਜਾਪਿਆ ਜੇਕਰ ਕੋਈ ਆਦਮੀ ਚਾਹੇ ਤਾਂ ਲੜਾਈ ਤੇ ਤਬਾਹੀ ਛੱਡ ਕੇ ਇਕ ਖ਼ੂਬਸੂਰਤ ਅਤੇ ਪਿਆਰੀ ਦੁਨੀਆਂ ਘੜ ਸਕਦਾ ਹੈ , ਸਿਰਜ ਸਕਦਾ ਹੈ ।

ਉਹ ਦੁਨੀਆਂ ਵਿਚ ਹਫੜਾ - ਦਫੜੀ , ਹਲਚਲ ਤੋਂ ਉੱਕਾ ਬੇਖ਼ਬਰ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਰਿਹਾ ਸੀ । ਹਵਾ ਵਿਚ ਝੂਮਦੇ ਚੀਲ ਦੇ ਅਣਗਿਣਤ ਦਰੱਖ਼ਤ ਇਸ ਗੱਲ ਦੇ ਖਾਮੋਸ਼ ਗਵਾਹ ਸਨ । ਉਸਨੇ ਮੈਨੂੰ ਕੁਝ ਦਿਓਦਾਰ ਦੇ ਦਰੱਖ਼ਤ ਵੀ ਵਿਖਾਏ , ਜੋ ਉਸਨੇ ਪੰਜ ਸਾਲ ਪਹਿਲਾਂ ਲਾਏ ਸਨ। ਉਸ ਸਮੇਂ ਮੈਂ ਫਰੰਟ ' ਤੇ ਲੜ ਰਿਹਾ ਸੀ । ਉਸਨੇ ਇਨ੍ਹਾਂ ਦਰੱਖ਼ਤਾਂ ਨੂੰ ਘਾਟੀ ਦੀ ਤਲਹੱਟੀ ਵਿਚ ਲਾਇਆ ਸੀ ਜਿਥੇ ਕਿ ਮਿੱਟੀ ਵਿਚ ਵਧੇਰੇ ਨਮੀ ਸੀ । ਇਨ੍ਹਾਂ ਬ੍ਰਿਛਾਂ ਦੀਆਂ ਜੜ੍ਹਾਂ ਨੇ ਮਿੱਟੀ ਨੂੰ ਬੰਨ੍ਹੀ ਰੱਖਿਆ ਸੀ । ਉਨ੍ਹਾਂ ਦੀਆਂ ਚੌੜੀਆਂ ਪੱਤੀਆਂ ਛੱਤਰੀਆਂ ਵਾਂਗ ਧੁੱਪ ਨੂੰ ਰੋਕ ਰਹੀਆਂ ਸਨ ਅਤੇ ਭੋਂਅ ਨੂੰ ਤਪਣ ਤੋਂ ਬਚਾਅ ਰਹੀਆਂ ਸਨ ।

ਇਸ ਬੰਜ਼ਰ ਜ਼ਮੀਨ ਵਿਚ ਦਰੱਖ਼ਤਾਂ ਦੇ ਲੱਗਣ ਨਾਲ ਨਵੀਂ ਤੇ ਨਰੋਈ ਜਾਨ ਆ ਗਈ ਸੀ। ਵਾਪਸੀ ਸਮੇਂ , ਮੈਨੂੰ ਪਿੰਡ ਦੇ ਲਾਗੇ ਝਰਨਿਆਂ ' ਚੋਂ ਪਾਣੀ ਦੀ ਕੁਲ ਕਲ ਸੁਣਾਈ ਦਿੱਤੀ । ਇਹ ਇਕ ਹੋਰ ਕ੍ਰਿਸ਼ਮਾ ਸੀ । ਇਹ ਝਰਨੇ ਪਤਾ ਨਹੀਂ ਕਦੋਂ ਦੇ ਸੁੱਕੇ ਪਏ ਸਨ । ਬ੍ਰਿਛ ਲੱਗਣ ਦਾ ਸੱਭ ਤੋਂ ਵੱਧ ਉਤਸ਼ਾਹਜਨਕ ਸਬੂਤ ਸੀ ਇਹ । ਦਰੱਖ਼ਤ ਵੀ ਜਲ ਦਾ ਸਰੋਤ ਹਨ। ਬਹੁਤ ਸਾਲ ਪਹਿਲਾਂ ਜਦ ਏਥੇ ਜੰਗਲ ਹੋਣਗੇ ਤਦ ਇਨ੍ਹਾਂ ਨਾਲਿਆਂ ਵਿਚ ਵੀ ਜ਼ਰੂਰੀ ਪਾਣੀ ਵਹਿੰਦਾ

ਹੋਏਗਾ। ਖੰਡਰ ਹੋਏ ਜਿਨ੍ਹਾਂ ਪਿੰਡਾਂ ਦਾ ਮੈਂ ਜ਼ਿਕਰ ਕੀਤਾ ਸੀ, ਉਹ ਸ਼ਾਇਦ ਕਦੇ ਇਨ੍ਹਾਂ ਨਾਲਿਆਂ ਕੰਢੇ ਹੀ ਵੱਸੇ ਹੋਣਗੇ । ਨਦੀਆਂ ਵਸੋਂ ਦੇ ਉਗਮਣ ਸਥਲ ਹਨ ।

ਹਵਾ ਜੋ ਪਹਿਲਾਂ ਖ਼ੁਸ਼ਕ ਸੀ , ਹੁਣ ਤਰ ਹੈ ਜਿਹੜੀ ਬੀਜਾਂ ਨੂੰ ਦੂਰ - ਦੂਰ ਫੈਲਾਅ ਰਹੀ ਸੀ । ਪਾਣੀ ਦੇ ਦੁਬਾਰਾ ਵਧਣ ਨਾਲ ਖੱਡਾ - ਚਸ਼ਮਿਆਂ ਕੰਢੇ ਅਨੇਕਾਂ ਤਰ੍ਹਾਂ ਦੇ ਘਾਹ - ਪੌਦੇ ਉਗ ਪਏ ਸਨ । ਤਰ੍ਹਾਂ - ਤਰ੍ਹਾਂ ਦੇ ਬੀਜ , ਜੋ ਮਿੱਟੀ ਦੀ ਚਾਦਰ ਤਾਣੀ ਸੁੱਤੇ ਪਏ ਸਨ , ਹੁਣ ਆਪਣੀ ਨੀਂਦ ਤੋਂ ਜਾਗੇ ਸਨ । ਜੰਗਲੀ ਫੁੱਲ ਆਪਣੀਆਂ ਰੰਗ-ਬਰੰਗੀਆਂ ਅੱਖਾਂ ਨਾਲ ਅਸਮਾਨ ਨੂੰ ਤੱਕ ਰਹੇ ਸਨ । ਇੰਜ ਜਾਪਦਾ ਸੀ ਜਿਵੇਂ ਜ਼ਿੰਦਗੀ ਜਿਊਣ ਦਾ ਕੋਈ ਮਕਸਦ ਹੋਵੇ । ਪ੍ਰੰਤੂ ਇਹ ਸਭ ਤਬਦੀਲੀ ਏਨੀ ਧੀਮੀ ਤੇ ਕੁਦਰਤੀ ਢੰਗ ਨਾਲ ਸਹਿਜ - ਸੁਭਾਅ ਹੋਈ ਸੀ ਕਿ ਉਸ ਨੂੰ ਮੰਨਣ ਲੱਗਿਆ ਕੋਈ ਹੈਰਤ-ਹੈਰਾਨੀ ਨਹੀਂ ਸੀ ਹੁੰਦੀ । ਖ਼ਰਗੋਸ਼ ਅਤੇ ਜੰਗਲੀ ਸੂਰਾਂ ਆਦਿ ਦੇ ਸ਼ਿਕਾਰੀਆਂ ਨੇ ਇਨ੍ਹਾਂ ਦਰੱਖਤਾਂ ਦੇ ਹੜ੍ਹ ਨੂੰ ਵੇਖਿਆ ਤਾਂ ਜ਼ਰੂਰ ਸੀ , ਪਰ ਉਨ੍ਹਾਂ ਨੇ ਇਸ ਨੂੰ ਧਰਤੀ ਦੀ ਸਨਕ ਜਾਂ ਸ਼ੁਦਾਅ ਸਮਝ ਕੇ ਭੁਲਾ ਦਿੱਤਾ ਸੀ । ਤਦ ਹੀ ਤਾਂ ਉਸ ਭਲੇ ਬੰਦੇ ਦੇ ਕਾਰਜ ਵਿਚ ਕਿਸੇ ਨੇ ਕੋਈ ਦਖ਼ਲ ਨਹੀਂ ਸੀ ਦਿੱਤਾ । ਜੇਕਰ ਕਿਸੇ ਨੇ ਉਸ ਨੂੰ ਤੱਕਿਆ ਹੁੰਦਾ ਤਦ ਉਸ ਦਾ ਵਿਰੋਧ ਜ਼ਰੂਰ ਹੁੰਦਾ । ਪਰ ਉਸ ਨੂੰ ਲੱਭ ਲੈਣਾ ਬਹੁਤ ਮੁਸ਼ਕਲ ਸੀ । ਸਰਕਾਰ ਵਿਚ ਜਾਂ ਆਲੇ - ਦੁਆਲੇ ਦੇ ਪਿੰਡਾਂ ਵਿਚ ਕਦੀ ਕਿਸੇ ਦੇ ਦਿਮਾਗ ਵਿਚ ਇਹ ਗੱਲ ਆ ਹੀ ਨਹੀਂ ਸਕਦੀ ਸੀ ਕਿ ਉਹ ਵਿਸ਼ਾਲ ਜੰਗਲ ਕਿਸੇ ਨੇ ਆਪਣੇ ਹੱਥੀਂ ਲਾਇਆ ਸੀ । ਇਸ ਮਹਾਂ - ਇਨਸਾਨ ਦੀ ਸ਼ਖ਼ਸੀਅਤ ਦਾ ਸਹੀ ਅੰਦਾਜ਼ਾ ਲਾਉਣ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਹ ਬਿਲਕੁਲ ਇਕੱਲਾ ਸੀ ਅਤੇ ਇਸ ਉਜੜੇ - ਪੁਜੜੇ ਸੁਨਸਾਨ ਇਲਾਕੇ ਵਿਚ ਆਪਣਾ ਕੰਮ ਕਰਦਾ ਸੀ । ਉਸ ਦੇ ਇਕਾਂਤ ਮਾਹੌਲ ਵਿਚ ਏਨੀ ਖਾਮੋਸ਼ੀ ਸੀ ਕਿ ਅੰਤ ਵਿਚ ਉਹ ਬੋਲਣਾ- ਚਾਲਣਾ ਵੀ ਭੁੱਲ ਗਿਆ ਸੀ । ਸ਼ਾਇਦ ਇਹ ਵੀ ਸੰਭਵ ਹੈ ਕਿ ਉਸ ਦੇ ਜੀਵਨ ਵਿਚ ਹੁਣ ਸ਼ਬਦਾਂ ਦੀ ਲੋੜ ਹੀ ਨਹੀਂ ਸੀ ਰਹਿ ਗਈ ।

1933 ਵਿਚ ਪਹਿਲੀ ਵਾਰ ਇਕ ਫਾਰੈਸਟ ਰੇਂਜਰ ' ' ਭੁੱਲਿਆ - ਭਟਕਿਆ ' ਉਧਰ ਆ ਨਿਕਲਿਆ । ਉਸ ਨੂੰ ਮਿਲ ਕੇ ਰੇਂਜਰ ਨੇ ਉਸ ਨੂੰ ਇਸ ਹੁਕਮ ਤੋਂ ਜਾਣੂ ਕਰਵਾਇਆ,ਇ ਵਸਤਾਂ ਤੋਂ ਇਸ ਸਰਕਾਰੀ ' ਜੰਗਲ ਨੂੰ ਖ਼ਤਰਾ ' ਸੀ । ਉਸ ਰੇਂਜਰ ਨੇ ਉਸ ਜੰਗਲ ਨੂੰ ਆਪਣੇ ਆਪ ਉਗਦੇ ਵੇਖ ਕੇ ਹੈਰਾਨੀ ਪ੍ਰਗਟ ਕੀਤੀ । ਉਸ ਸਮੇਂ ਉਹ ਆਜੜੀ ਆਪਣੇ ਘਰੋਂ ਲਗਭਗ ਅੱਠ - ਦਸ ਮੀਲ ਦੂਰ ਕੁਝ ਚੀਲ - ਦਿਆਰ ਦੇ ਦਰੱਖਤ ਲਾਉਣ ਦੀ ਗੱਲ ਸੋਚ ਰਿਹਾ ਸੀ । ਏਨੀ ਦੂਰ ਰੋਜ਼ ਆਉਣ - ਜਾਣ ਦੀ ਥਾਂ ਉਸ ਨੇ ਉਸੇ ਜਗਾ ਆਪਣਾ ਰੈਣ - ਬਸੇਰਾ ਖੜ੍ਹਾ ਕਰਨ ਦੀ ਸੋਚੀ । ਅਗਲੇ ਸਾਲ ਉਸ ਆਪਣੇ ਨਵੇਂ ਘਰ ਵਿਚ ਜਾ ਡੇਰਾ ਲਾਇਆ । 1935 ਵਿਚ ਉਸ ਕੁਦਰਤੀ ਜੰਗਲ ਦਾ ਮੁਆਇਨਾ ਕਰਨ ਵਿਚ ਵੱਡੀ ' ਸਰਕਾਰੀ ਟੋਲੀ ਵੀ ਉਥੇ ਆਈ । ਉਸ ਵਿਚ ਵਣ - ਵਿਭਾਗ ਦੇ ਸਾਰੇ ਆਹਲਾ ਅਫਸਰ ਸ਼ਾਮਲ ਸਨ । ਉਨ੍ਹਾਂ ਨੇ ਬਹੁਤ ਸਾਰੀਆਂ ਬੇ - ਮਤਲਬ ਦੀਆਂ ਗੱਲਾਂ ਕੀਤੀਆਂ । ਉਨ੍ਹਾਂ ਦੀਆਂ ਫਜ਼ੂਲ ਨਿਰਾਰਥਕ ਗੱਲਾਂ ਤੋਂ ਹੋਰ ਕੋਈ ਫਾਇਦਾ ਤਾਂ ਨਾ ਹੋਇਆ , ਪਰ ਇਹ ਗੱਲ ਜ਼ਰੂਰ ਹੋਈ ਕਿ ਸਮੁੱਚੇ ਜੰਗਲ ਨੂੰ ' ਸੁਰੱਖਿਅਤ ਵਣ ਖੇਤਰ ' ਘੋਸ਼ਿਤ ਕੀਤਾ ਗਿਆ । ਇਸ ਦਾ ਇਕ ਲਾਭ ਇਹ ਹੋਇਆ ਕਿ ਲੱਕੜੀ ਤੋਂ ਕੋਇਲਾ ਬਨਾਉਣ ਦੇ ਧੰਦੇ ' ਤੇ ਪਾਬੰਦੀ ਲੱਗ ਗਈ । ਇਸ ਜੰਗਲ ਦੇ ਸੁਹੱਪਣ ਕਾਰਨ ਹੀ ਸਰਕਾਰੀ ਬੰਦਿਆਂ ਦਾ ਦਿਲ ਵੀ ਪਿਘਲ ਗਿਆ ਸੀ । ਮੁਆਇਨੇ ਵਿਚ ਆਈ ਟੋਲੀ ਵਿਚ ਮੇਰਾ ਇਕ ਜਾਣੂ ਵੀ

ਸੀ । ਜਦ ਮੈਂ ਉਸ ਨੂੰ ਜੰਗਲ ਦੇ ਮੁੜ - ਉਗਮਣ ਦਾ ਅਸਲ ਰਹੱਸ ਦੱਸਿਆ ਤਾਂ ਉਹ ਬਹੁਤ ਹੈਰਾਨ ਹੋਇਆ । ਅਗਲੇ ਹਫਤੇ ਅਸੀਂ ਉਸ ਆਜੜੀ ਕੋਲ ਪੁੱਜੇ।ਉਹ ਆਪਣੇ ਕੰਮ ਵਿਚ ਮਸਤ ਸੀ । ਇਹ ਥਾਂ ਮੁਆਇਨੇ ਵਾਲੀ ਥਾਂ ਤੋਂ ਲਗਭਗ ਛੇ - ਸੱਤ ਮੀਲ ਦੀ ਦੂਰੀ ' ਤੇ ਸੀ । ਉਹ ਅਫਸਰ ਐਵੇਂ - ਕੈਵੇਂ ਹੀ ਮੇਰਾ ਮਿੱਤਰ ਨਹੀਂ ਸੀ ਬਣ ਗਿਆ । ਉਹ ਇਕ ਵਧੀਆ ਇਨਸਾਨ ਸੀ ਅਤੇ ਭਲੇ ਕੰਮ ਦਾ ਸਤਿਕਾਰ ਕਰਦਾ ਸੀ । ਜੋ ਖਾਣਾ ਮੈਂ ਆਪਣੇ ਨਾਲ ਲਿਆਇਆ ਸਾਂ , ਉਹ ਅਸਾਂ ਤਿੰਨਾਂ ਨੇ ਰਲ ਕੇ ਖਾਧਾ । ਉਸ ਪਿੱਛੋਂ ਅਸੀਂ ਕਈ ਘੰਟੇ ਉਸ ਖ਼ੂਬਸੂਰਤ ਜੰਗਲ ਨੂੰ ਵੇਖਦੇ ਰਹੇ । ਜਿਸ ਪਾਸਿਉਂ ਅਸੀਂ ਆਏ ਸਾਂ , ਉਹ ਪਹਾੜੀ ਦੀਆਂ ਢਲਾਨਾਂ ਉੱਪਰ ਲੱਗੇ ਰੁੱਖ ਹੁਣ 20-25 ਫੁੱਟ ਉੱਚੇ ਹੋ ਚੁੱਕੇ ਸਨ । ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1913 ਵਿਚ ਇਹੋ ਜ਼ਮੀਨ ਬੰਜਰ , ਅਤੇ ਬੇਜਾਨ ਸੀ । ਮਾਨਸਿਕ ਸ਼ਾਂਤੀ , ਸਖ਼ਤ ਮਿਹਨਤ , ਪਹਾੜਾਂ ਦੀ ਸਾਫ਼ ਹਵਾ ਅਤੇ ਸਾਤਵਿਕ ਜੀਵਨ ਨੇ ਉਸ ਆਜੜੀ ਨੂੰ ਵਧੀਆ ਸਿਹਤ ਦਿੱਤੀ ਸੀ । ਇਸ ਧਰਤੀ ਉੱਪਰ ਸ਼ਾਇਦ ਉਹ ਮਨੁੱਖਤਾ ਦਾ ਧੁਰਾ ਸੀ । ਮੈਂ ਬੱਸ ਇਹੋ ਸੋਚ ਰਿਹਾ ਸਾਂ ਕਿ ਉਹ ਹੋਰ ਕਿੰਨੀ ਜ਼ਮੀਨ ਉੱਪਰ ਹੋਰ ਬਿਛ ਲਾਏਗਾ । ਰਵਾਨਗੀ ਤੋਂ ਪਹਿਲਾਂ ਮੇਰੇ ਮਿੱਤਰ ਨੇ ਮਿੱਟੀ ਨੂੰ ਜਾਂਚ ਕੇ ਕੁਝ ਖਾਸ ਕਿਸਮ ਦੇ ਦਰੱਖਤ ਲਾਉਣ ਦਾ ਸੁਝਾਅ ਦਿੱਤਾ । ਪਰ ਉਸ ਨੇ ਆਪਣੇ ਸੁਝਾਅ ਬਾਰੇ ਬਹੁਤਾ ਜ਼ੋਰ ਨਾ ਦਿੱਤਾ । ਪਿੱਛੋਂ ਉਸ ਦੱਸਿਆ , “ ਮੇਰੇ ਇਸ ਗੱਲ ' ਤੇ ਜ਼ੋਰ ਨਾ ਦੇਣ ਪਿੱਛੇ ਇਕ ਕਾਰਨ ਸੀ । ਉਹ ਬੰਦਾ ਦਰੱਖਤਾਂ ਬਾਰੇ ਮੈਥੋਂ ਕਿਤੇ ਵਧ ਜਾਣਦਾ ਸੀ । ਅਸਲ ਤਜ਼ਰਬਾ ਪੜ੍ਹਾਈ ਉੱਤੇ ਭਾਰੂ ਸੀ । ’ ’ ਕੋਈ ਘੰਟਾ ਕੁ ਤੁਰਦੇ ਰਹਿਣ ਪਿੱਛੋਂ ਮੇਰੇ ਅਫਸਰ ਦੋਸਤ ਨੇ ਮੈਨੂੰ ਫਿਰ ਕਿਹਾ , “ ਇਹ ਮਨੁੱਖ ਸ਼ਾਇਦ ਦਰੱਖਤਾਂ ਬਾਰੇ ਦੁਨੀਆ ਵਿਚ ਸਭ ਤੋਂ ਵਧ ਜਾਣਕਾਰੀ ਰੱਖਦਾ ਹੈ । ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਸ ਨੇ ਖੁਸ਼ ਰਹਿਣ ਦਾ ਅਦਭੁੱਤ ਤਰੀਕਾ ਲੱਭ ਲਿਆ ਹੈ । ਮੋੜਵੇਂ ਰੂਪ ਵਿਚ ਇਸ ਵਿਚ ਹਿਮੰਡ ਅਤੇ ਲੋਕਾਈ ਦਾ ਭਲਾ ਵੀ ਲੁਕਿਆ ਹੋਇਆ ਹੈ । ਦਰਅਸਲ ਉਸ ਨੇਕ ਅਫਸਰ ਕਰਕੇ ਹੀ ਇਹ ਜੰਗਲ ਸੁਰੱਖਿਅਤ ਰਹਿ ਸਕਿਆ ਅਤੇ ਉਸ ਆਜੜੀ ਦੀ ਖੁਸ਼ੀ ਵੀ । ਉਸ ਅਫਸਰ ਨੇ ਉਸ ਜੰਗਲ ਦੀ ਹਕੀਕੀ ਰਾਖੀ ਲਈ ਤਿੰਨ ਰੇਂਜਰ ਉਥੇ ਲਾ ਦਿੱਤੇ । ਉਨ੍ਹਾਂ ' ਤੇ ਕਾਫ਼ੀ ਸਖ਼ਤ ਨਜ਼ਰ ਰੱਖੀ ਗਈ ਤਾਂ ਜੋ ਉਹ ਕੋਇਲਾ ਬਣਾਉਣ ਵਾਲਿਆਂ ਦੀ ਰਿਸ਼ਵਤ ਤੋਂ ਬਚੇ ਰਹਿਣਾ । 1939 ਵਿਚ ਉਸ ਦੀ ਰਾਖੀ ਦੇ ਕੰਮ ਵਿਚ ਜ਼ਰਾ ਰੁਕਾਵਟ ਆਈ । ਰੇਲ ਦੀਆਂ ਲਾਈਨਾਂ ਵਿਛਾਉਣ ਲਈ ਲੱਕੜ ਦੇ ਸਲੀਪਰਾਂ ਦੀ ਕਾਫ਼ੀ ਭਾਰੀ ਗਿਣਤੀ ਵਿਚ ਲੋੜ ਪਈ । ਉਸ ਕਾਰਨ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਸ਼ੁਰੂ ਹੋ ਗਈ । ਪਰ ਇਹ ਇਲਾਕਾ ਰੇਲ ਦੇ ਸਟੇਸ਼ਨ ਜਾਂ ਪੱਕੀ ਸੜਕ ਦੀ ਪਹੁੰਚ ਤੋਂ ਏਨਾ ਦੂਰ ਸੀ ਕਿ ਸ਼ਤੀਰੀਆਂ ਨੂੰ ਲੱਦ ਕੇ ਖੜ੍ਹਨਾ ਬਹੁਤ ਹੀ ਮਹਿੰਗਾ ਸਾਬਤ ਹੋਇਆ । ਇਸ ਕਾਰਨ ਜੰਗਲ ਦੀ ਕਟਾਈ ਬੰਦ ਹੋ ਗਈ । ਆਜੜੀ ਨੂੰ ਇਸ ਸਮੁੱਚੀ ਘਟਨਾ ਦੀ ਭਿਣਕ ਤੀਕਰ ਨਹੀਂ ਸੀ ਪਈ , ਉਹ ਇਸ ਤੋਂ ਬੇਖ਼ਬਰ ਸੀ । ਉਹ ਤਾਂ ਲਗਭਗ 20 ਮੀਲ ਦੀ ਦੂਰੀ ਤੇ ਸ਼ਾਂਤਭਾਵ ਨਾਲ ਸਹਿਜ - ਸੁਭਾਅ ਦਰੱਖਤ ਲਾਉਣ ਦੇ ਕਾਰਜ ਵਿਚ ਰੁੱਝਾ ਹੋਇਆ ਸੀ । ਦੂਜੀ ਵੱਡੀ ਜੰਗ ਦੀ ਘਮਸਾਣ ਦੀ ਲੜਾਈ ਤੋਂ ਵੀ ਉਹ ਉੱਕਾ ਬੇਖ਼ਬਰ ਸੀ । ਪਹਿਲੇ ਮਹਾਂਯੁੱਧ ਨੂੰ ਵੀ ਉਸ ਨੇ ਏਦਾਂ ਹੀ ਅੱਖੋਂ - ਪਰੋਖੇ ਕੀਤਾ ਸੀ । ਜੂਨ 1945 ਵਿਚ ਮੈਨੂੰ ਉਸ ਬੁੱਢੇ ਆਜੜੀ ਨੂੰ ਆਖਰੀ ਵਾਰ ਮਿਲਣ ਦਾ ਅਵਸਰ ਮਿਲਿਆ । ਉਸ ਦੀ ਉਮਰ ਲਗਭਗ ਛਿਆਸੀ ਵਰਿਆਂ ਦੀ ਹੋਵੇਗੀ । ਇਸ ਦੌਰਾਨ ਉਥੇ ਭਾਰੀ ਤਬਦੀਲੀ ਆਈ ਸੀ।ਉਸ ਬੀਆਬਾਨ ਸੜਕ ਤੇ ਮੈਂ ਬੱਸ ਚਲਦੀ ਵੇਖੀ ਤਾਂ ਮੈਨੂੰ ਬੜੀ ਹੈਰਾਨੀ ਹੋਈ , ਮੈਂ ਕਈ ਜਾਣੀਆਂ ਪਛਾਣੀਆਂ ਰਾਹਾਂ ਨੂੰ ਪਛਾਣ ਹੀ ਨਾ ਸਕਿਆ । ਬੱਸ ਮੈਨੂੰ ਕਈ ਨਵੇਂ ਇਲਾਕਿਆਂ ਵਿਚ ਘੁੰਮਾਉਂਦੀ ਹੋਈ ਲੈ ਗਈ । ਜਦ ਮੈਂ ਇਕ ਬੋਰਡ ਉੱਪਰ ਉਸ

ਪੁਰਾਣੇ ਪਿੰਡ ਦਾ ਨਾਂ ਲਿਖਿਆ ਵੇਖਿਆ ਤਦ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਤਾਂ ਇਹੋ ਗੁਰਾਂ ਹੈ ਜੋ ਇਕ ਸਮੇਂ ਖੰਡਰ ਹੋ ਗਿਆ ਸੀ । ਮੈਂ ਬੱਸ ਤੋਂ ਉੱਤਰ ਕੇ ਪਿੰਡ ਵੱਨੀ ਪੈਦਲ ਹੀ ਚੱਲ ਪਿਆ । ਮੈਨੂੰ ਚੰਗੀ ਤਰ੍ਹਾਂ ਯਾਦ ਆ ਗਿਆ ਕਿ 1913 ਵਿਚ ਉਸ ਪਿੰਡ ਦੇ 10-12 ਟੁੱਟੇ - ਫੁੱਟੇ ਮਕਾਨਾਂ ਵਿਚ ਸਿਰਫ਼ ਤਿੰਨ ਜੀਅ ਹੀ ਰਹਿੰਦੇ ਸਨ । ਗਰਮੀ ਤੇ ਗਰੀਬੀ ਦੇ ਮਾਰੇ , ਮੰਦੜੇ ਹਾਲ । ਉਨ੍ਹਾਂ ਕਦਮੀ ਦੇ ਕ੍ਰਿਸ਼ਮੇ ਦੇ ਨਾਲ ਦੇ ਘਰਾਂ ਵਿਚ ਝਾੜੀਆਂ ਉੱਗੀਆਂ ਹੋਈਆਂ ਸਨ । ਉਸ ਨਿਰਾਸ਼ਤਾ ਭਰੇ ਜੀਵਨ ਤੋਂ ਸਿਰਫ ਮੌਤ ਹੀ ਉਨ੍ਹਾਂ ਨੂੰ ਮੁਕਤੀ ਦੁਆ ਸਕਦੀ ਸੀ । ਪਰ ਹੁਣ ਸਭ ਕੁਝ ਬਦਲਿਆ ਹੋਇਆ ਲੱਗ ਰਿਹਾ ਸੀ । ਹਵਾ ਵਿਚ ਭਿੰਨੀ ਭਿੰਨੀ ਖੁਸ਼ਬੋ ਸੀ । ਗਰਮ ਲੂ ਦੇ ਫਰਾਟਿਆਂ ਦੀ ਥਾਂ ਪੌਣ ਵਿਚ ਸਿਲ ਸੀ । ਇਕ ਬੰਨਿਓਂ ਮੈਨੂੰ ਪਾਣੀ ਦੇ ਡਿੱਗਣ ਦੀ ਆਵਾਜ਼ ਸੁਣਾਈ ਦਿੱਤੀ । ਮੇਰੀ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦ ਮੈਂ ਵੇਖਿਆ ਕਿ ਉਥੇ ਇਕ ਛੋਟੇ ਜਿਹੇ ਤਲਾਅ ਵਿਚ ਦੇਸੀ ਤਕਨੀਕ ਦਾ ਫੁਵਾਰਾ ਚੱਲ ਰਿਹਾ ਸੀ । ਉਸ ਦੇ ਲਾਗੇ ਹੀ ਕਿਸੇ ਕਨਕਚੰਪਾ ਦਾ ਇਕ ਖੂਬਸੂਰਤ ਬੂਟਾ ਲਾ ਰੱਖਿਆ ਸੀ । ਉਹ ਬੂਟਾ ਕੋਈ ਚਾਰ ਸਾਲ ਪੁਰਾਣਾ ਸੀ । ਚੰਪਾ ਦਾ ਬੂਟਾ ਇਸ ਗੱਲ ਦਾ ਪ੍ਰਤੀਕ ਸੀ ਕਿ ਇਸ ਹੱਥੀਂ ਸਿਰਜ ਦਿੱਤੇ ਗਏ ਮਾਰੂਥਲ ' ਚ ਜ਼ਿੰਦਗੀ ਫੇਰ ਪਰਤ ਆਈ ਹੈ । ਮਾਰੂਥਲ ਉਪਜਾਊ ਥਲ ' ਚ ਬਦਲ ਰਿਹਾ ਹੈ ਇਹ ਸੁੱਖ ਦਰੱਖਤਾਂ ਦੀ ਬਦੌਲਤ ਸੀ । ਪਿੰਡ ਨੂੰ ਵੇਖ ਕੇ ਇੰਜ ਲੱਗਦਾ ਸੀ ਜਿਵੇਂ ਉਥੋਂ ਦੇ ਲੋਕਾਂ ਦਾ ਇਕ ਉੱਜਲ ਭਵਿੱਖ ਵਿਚ ਵਿਸ਼ਵਾਸ ਜਾਗਿਆ ਹੈ । ਉਨ੍ਹਾਂ ਵਿਚ ਇਕ ਨਵੀਂ ਆਸ ਜਾਗੀ ਹੈ । ਖੰਡਰਾਂ ਨੂੰ ਸਾਫ਼ ਕਰਕੇ ਘਰਾਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਰਹਿਣ ਯੋਗ ਬਣਾਇਆ ਗਿਆ ਸੀ । ਉਸ ਪਿੰਡ ਵਿਚ ਹੁਣ 28 ਜਣੇ ਰਹਿੰਦੇ ਸਨ , ਜਿਨ੍ਹਾਂ ਵਿਚ ਚਾਰ ਵਿਆਹੇ ਜੋੜੇ ਵੀ ਸ਼ਾਮਲ ਸਨ । ਨਵੇਂ ਘਰਾਂ ਨੂੰ ਪਿੱਛੇ ਜਿਹੇ ਹੀ ਲਿਬਿਆ ਪੋਚਿਆ ਗਿਆ ਸੀ । ਉਨ੍ਹਾਂ ਦੇ ਸਾਹਮਣੇ ਕਿਆਰੀਆਂ ਵਿਚ ਹਰੀਆਂ ਸਬਜ਼ੀਆਂ , ਫਲ ਤੇ ਫੁੱਲ ਉੱਗੇ ਹੋਏ ਸਨ । ਕਿਤੇ ਗੇਂਦੇ ਅਤੇ ਗੁਲਾਬ ਦੇ ਫੁੱਲ ਸਨ ਤੇ ਕਿਤੇ ਕੱਦੂ ਅਤੇ ਸੇਮ ਦੀ ਵੇਲ।ਉਹ ਹੁਣ ਅਜਿਹਾ ਖੇੜਾ ਬਣ ਗਿਆ ਸੀ , ਜਿਥੇ ਹਰੇਕ ਜਣੇ ਦਾ ਵਸਣ ਨੂੰ ਦਿਲ ਕਰੇ । ਜੰਗ ਹਾਲੀਂ ਖ਼ਤਮ ਨਹੀਂ ਸੀ ਹੋਈ । ਇਸ ਕਾਰਨ ਆਮ ਜਨ - ਜੀਵਨ ਹਾਲੀਂ ਪੂਰੀ ਤਰ੍ਹਾਂ ਨਾਰਮਲ ਨਹੀਂ ਸੀ ਹੋਇਆ । ਪਹਾੜੀ ਦੀ ਹੇਠਲੀ ਢਲਾਨ ਤੇ ਮੈਨੂੰ ਜੌਂ ਅਤੇ ਬਾਜਰੇ ਦੇ ਖੇਤ ਨਜ਼ਰ ਪਏ । ਸੁੱਕੀ ਪਈ ਘਾਟੀ ਵਿਚ ਜਿਥੇ ਨਮੀ ਵਧ ਸੀ ਉਥੇ ਹੁਣ ਹਰਿਆਲੀ ਸੀ । ਕੁਝ ਵਰਿਆਂ ਵਿਚ ਹੀ ਇਹ ਇਲਾਕਾ ਵੀ ਹਰਿਆ - ਭਰਿਆ ਤੇ ਖੁਸ਼ਹਾਲ ਹੋ ਗਿਆ ਸੀ । 1913 ਵਿਚ ਜਿਥੇ ਮੈਨੂੰ ਖੰਡਰ ਨਜ਼ਰ ਆਏ ਸਨ , ਉਥੇ ਹੁਣ ਹਰੇ - ਭਰੇ ਖੇਤ ਲਹਿਲਹਾ ਰਹੇ ਸਨ । ਲੋਕ ਵੀ ਖੁਸ਼ ਅਤੇ ਸੁਖੀ ਨਜ਼ਰ ਆਉਂਦੇ ਸਨ । ਪਹਾੜੀ ਨਾਲੇ ਜੋ ਪਹਿਲਾਂ ਸੁੱਕ ਗਏ ਸਨ , ਹੁਣ ਉਨ੍ਹਾਂ ਵਿਚ ਦੁਬਾਰਾ ਨਿਰਮਲ ਪਾਣੀ ਵਹਿਣ ਲੱਗ ਪਿਆ ਸੀ । ਉੱਪਰਲੇ ਪਹਾੜਾਂ ਵਿਚ ਬਰਫ ਮੁੜ ਪੈਣ ਲੱਗ ਪਈ ਸੀ ਤੇ ਹੇਠਲਿਆਂ ਵਿਚ ਮੀਂਹ । ਇਸ ਪਾਣੀ ਨੂੰ ਖਾਲਾਂ ਰਾਹੀਂ ਵੱਖ - ਵੱਖ ਖੇਤਾਂ ਵਿਚ ਪਹੁੰਚਾਇਆ ਜਾ ਰਿਹਾ ਸੀ । ਖੇਤਾਂ ਕੋਲ ਦਰੱਖਤਾਂ ਦੇ ਛਾਂ - ਦਾਰ ਬੂੰਡ ਸਨ । ਹੌਲੀ - ਹੌਲੀ ਕਰਕੇ ਪੂਰੀ ਪਿੰਡ ਮੁੜ ਆਬਾਦ ਹੋ ਗਿਆ ਸੀ । ਮੈਦਾਨੀ ਇਲਾਕਿਆਂ ਵਿਚ ਜ਼ਮੀਨੀ ਕੀਮਤ ਮਹਿੰਗੀ ਹੋ ਗਈ । ਉਥੋਂ ਲੋਕ ਇਧਰ ਆ ਕੇ ਵਸਣ ਲੱਗੇ । ਰੁਜ਼ਗਾਰ ਜੁ ਪੈਦਾ ਹੋ ਰਿਹਾ ਸੀ ਇਥੇ । ਉਹ ਲੋਕ ਆਪਣੇ ਨਾਲ ਇਕ ਨਵਾਂ ਉਤਸ਼ਾਹ ਅਤੇ ਉਮੰਗ ਲੈ ਕੇ ਆਏ ਸਨ । ਸੜਕਾਂ ਉੱਪਰ ਅਜਿਹੇ ਲੋਕ ਨਜ਼ਰ ਆਉਂਦੇ ਸਨ , ਜਿਨ੍ਹਾਂ ਦੇ ਚਿਹਰਿਆਂ ਉੱਪਰ ਮੁਸਕਰਾਹਟ ਅਤੇ ਅੱਖਾਂ ਵਿਚ ਚਮਕ ਸੀ । ਇਨ੍ਹਾਂ ਬੰਦਿਆਂ ਦੀ ਖੁਸ਼ਹਾਲੀ ਦੀ ਜ਼ਿੰਮੇਵਾਰ ਇਕ ' ਗੰਵਾਰ ਆਜੜੀ ' ਦੀ ਦੂਰ - ਦ੍ਰਿਸ਼ਟੀ , ਸਿਰੜਤਾ , ਨਿਸ਼ਕਾਮ ਭਾਵਨਾ ਅਤੇ ਸਖ਼ਤ ਮਿਹਨਤ ਸੀ । ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਇਕ ਕੱਲੇ

- ਕਹਿਰੇ ਬੰਦੇ ਨੇ ਉਸ ਬੰਜਰ ਜ਼ਮੀਨ ਨੂੰ ਮੁੜ ਆਬਾਦ ਕੀਤਾ । ਜਦ ਮੈਂ ਸੋਚਦਾ ਹਾਂ ਕਿ ਇਹ ਸਾਰੀ ਖੁਸ਼ਹਾਲੀ ਅਤੇ ਮੁੜ - ਰੌਣਕਾਂ ਇਕ ਇਕੱਲੇ ਆਦਮੀ ਦੇ ਦਿਲ ਅਤੇ ਹੱਥਾਂ ਨਾਲ ਪ੍ਰਵਾਨ ਚੜ੍ਹੀ , ਤਦ ਆਪ - ਮੁਹਾਰੇ ਮੇਰਾ ਸਿਰ ਉਸ ਅੱਗੇ । ਝੁਕ ਜਾਂਦਾ ਹੈ । ਦਰਅਸਲ ' ਦੇਵਤੇ ਅੰਬਰਾਂ ਵਿਚ ਨਹੀਂ ਰਹਿੰਦੇ , ਏਥੇ ਕਿਤੇ ਹੀ ਹਨ ਸਾਡੇ ਵਿਚ । ਕਿਸਮਤ ਵਿਧ ਮਾਤਾ ਨਹੀਂ ਲਿਖਦੀ ਹੱਥੀਂ ਸਿਰਜੀ ਜਾਂਦੀ ਹੈ , ਆਪਣੀ ਹੀ ਨਹੀਂ ਦੂਸਰਿਆਂ ਦੀ ਵੀ । ਧਰਤੀ ਅਤੇ ਸਿਸਟਮ ਬਦਲਣਾ ਕੋਈ ਔਖਾ ਨਹੀਂ । ਸਾਨੂੰ ਅਜਿਹੇ ਸੰਘਰਸ਼ਸ਼ੀਲਾਂ ਅੱਗੇ ਨਤਮਸਤਕ ਹੋਣ ਦੀ ਲੋੜ ਨਹੀਂ ਉਨ੍ਹਾਂ ਵਰਗਾ ਬਣਨ ਅਤੇ ਸੰਘਰਸ਼ ਕਰਨ ਦੀ ਲੋੜ ਹੈ । 1947. ਵਿਚ ਉਹ ਮਹਾਂ - ਬੰਦਾ ਸਦਾ ਲਈ ਅੱਖਾਂ ਮੀਟ ਗਿਆ । ਸਦੀਵੀ ਉਡਾਰੀ ਮਾਰ ਗਿਆ ਸੀ ਏਥੋਂ ; ਪਰ ਕੀ ਇਹ ਸੱਚ ਹੈ ? ਜੰਗਲ ਅਤੇ ਖੁਸ਼ਹਾਲੀ ਦੇ ਰੂਪ ' ਚ ਉਹ ਸਦਾ ਹੀ ਜ਼ਿੰਦਾ ਰਹੇਗਾ । ਜੰਗਲ ਜਿਹੜਾ ਸਾਨੂੰ ਵੀ ਲਾਮਬੰਦੀ ਦਾ ਸੱਦਾ ਦੇ ਰਿਹਾ ਹੈ।

### 4.1.5 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ : ਵਿਸ਼ੇਗਤ ਅਧਿਐਨ

ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ ਵਿਜੈ ਬੰਬੇਲੀ ਦੁਆਰਾ ਰਚਿਤ ਅਜਿਹੀ ਰਚਨਾ ਹੈ ਜਿਸ ਵਿੱਚ ਉਸ ਨੇ ਇਕ ਅਜਿਹੇ ਜਾਂਗਲੀ ਆਜੜੀ ਦੇ ਜੀਵਨ ਦਾ ਵਰਣਨ ਕੀਤਾ ਹੈ, ਜਿਸਦੀ ਮਿਹਨਤ, ਸਿਦਕ ਅਤੇ ਲਗਨ ਨੂੰ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਕਿਹਾ ਜਾ ਸਕਦਾ। ਆਜੜੀ ਦੀ ਮਿਹਨਤ ਅਤੇ ਲਗਨ ਦੇ ਨਾਲ ਨਾਲ ਲੇਖਕ ਕੁਦਰਤ ਅਤੇ ਮਨੁੱਖ ਦੇ ਆਪਸੀ ਰਿਸ਼ਤੇ ਨੂੰ ਵੀ ਦਰਸਾਉਣਾ ਚਾਹੁੰਦਾ ਹੈ। ਮਨੁੱਖ ਨੂੰ ਅਸਲ ਖੁਸ਼ੀ, ਸ਼ਾਂਤੀ ਅਤੇ ਤਰੱਕੀ ਕਿੱਥੋਂ ਨਸੀਬ ਹੋ ਸਕਦੀ ਹੈ ਇਸ ਚੀਜ਼ ਨੂੰ ਵੀ ਲੇਖਕ ਨੇ ਬਾਖ਼ੂਬੀ ਵਰਣਨ ਕੀਤਾ।

ਹਜ਼ਾਰਾਂ ਸਾਲਾਂ ਤੋਂ ਮਨੁੱਖੀ ਸੱਭਿਅਤਾ ਧਰਤੀ ਉੱਤੇ ਵਸ ਰਹੀ ਹੈ। ਮਨੁੱਖ ਆਪਣੇ ਆਰੰਭ ਤੋਂ ਲੈ ਕੇ ਹੁਣ ਤਕ ਕੁਦਰਤ ਉੱਤੇ ਸੰਪੂਰਨ ਰੂਪ ਵਿੱਚ ਨਿਰਭਰ ਰਿਹਾ ਹੈ। ਕੁਦਰਤ ਅਤੇ ਮਨੁੱਖ ਦਾ ਆਪਸੀ ਰਿਸ਼ਤਾ ਮਾਂ ਅਤੇ ਬੱਚਿਆਂ ਵਾਲਾਂ ਹੈ। ਕੁਦਰਤ ਹੀ ਹੈ ਜੋ ਮਨੁੱਖ ਨੂੰ ਪਾਲਦੀ ਹੈ ਅਤੇ ਆਪਣੀ ਗੋਦ ਵਿੱਚ ਖਿਡਾਉਂਦੀ ਹੈ ਅਤੇ ਮੌਤ ਉਪਰੰਤ ਆਪਣੀ ਬੁੱਕਲ ਵਿੱਚ ਸਮਾ ਲੈਂਦੀ ਹੈ। ਮੌਜੂਦਾ ਪੂੰਜੀਵਾਦੀ ਯੁੱਗ ਵਿਚ ਮਨੁੱਖ ਦਾ ਜੀਵਨ ਭਾਵੇਂ ਬੜਾ ਹੀ ਵਿਅਸਤ ਹੋ ਗਿਆ ਹੈ। ਪਰੰਤੂ ਜਦੋਂ ਵੀ ਉਹ ਆਪਣੀ ਜ਼ਿੰਦਗੀ ਵਿੱਚੋਂ ਅਕੇਵਾਂ ਮਹਿਸੂਸ ਕਰਦਾ ਹੈ ਜਾਂ ਕੁੱਝ ਰੋਚਕ ਕਰਨ ਬਾਰੇ ਸੋਚਦਾ ਹੈ ਤਾਂ ਉਸ ਦਾ ਮਨ ਕੁਦਰਤ ਵੱਲ ਨੂੰ ਹੀ ਭੱਜਦਾ ਹੈ, ਕਿਉਂਕਿ ਮਨੁੱਖ ਅਤੇ ਕੁਦਰਤ ਦੀ ਆਪਸੀ ਖਿੱਚ ਧੁਰ ਤੋਂ ਹੀ ਚਲੀ ਆ ਰਹੀ ਹੈ। ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਆਖ਼ਰ ਮਨੁੱਖ ਨੂੰ ਕੁਦਰਤ ਵਿਚੋਂ ਹੀ ਲੱਭਦਾ ਹੈ। ਲੇਖ ਦੇ ਆਰੰਭ ਵਿੱਚ ਲੇਖਕ ਫੌਜ ਦੀ ਇਕ ਸਾਲ ਦੀ ਸਿਖਲਾਈ ਉਪਰੰਤ ਪੰਦਰਾਂ ਦਿਨਾਂ ਦੀ ਛੁੱਟੀ ਆਉਂਦਾ ਹੈ। ਛੁੱਟੀ ਵਿਚ ਘਰ ਜਾਣ ਦੀ ਥਾਂ, ਉਹ ਘੁੰਮਣ ਬਾਰੇ ਸੋਚਦਾ। ਸਾਮਾਨ ਬੰਨ੍ਹ ਕੇ ਉਹ ਅਣਜਾਣ ਰਾਹਾਂ ਉੱਤੇ ਤੁਰਨ ਦਾ ਫ਼ੈਸਲਾ ਲੈਂਦਾ ਹੈ। ਦੋ ਦਿਨ ਉਹ ਨਾ-ਵਾਕਫ਼ ਥਾਂਵਾਂ ਉੱਤੇ ਘੁੰਮਦਾ ਰਹਿੰਦਾ ਹੈ। ਸੁੰਨਸਾਨ ਰਾਹਾਂ ਉੱਤੇ ਘੁੰਮਦਿਆਂ ਉਸ ਦਾ ਪਾਣੀ ਖ਼ਤਮ ਹੋ ਜਾਂਦਾ ਹੈ। ਇਕ ਥਾਵੇਂ ਛੇ ਸੱਤ ਖੰਡਰਾਤ ਸਨ, ਉਸ ਨੂੰ ਲੱਗਿਆ ਕਿ ਨੇੜੇ ਕੋਈ ਖੂਹ ਜ਼ਰੂਰ ਹੋਵੇਗਾ ਜਾਂ ਕੋਈ ਹੋਰ ਜਲ ਸਰੋਤ। ਥੋੜ੍ਹੀ ਭਾਲ ਪਿੱਛੋਂ ਉਸ ਨੂੰ ਇੱਕ ਨਾਲਾ ਲੱਭਿਆ ਜੋ ਸੁੱਕਾ ਪਿਆ ਸੀ। ਉਸ ਨੇ ਕੁਝ ਦੇਰ ਆਰਾਮ ਦੀ ਸੋਚੀ ਕਿਉਂ ਕਰਕੇ ਬਹੁਤ ਥੱਕ ਗਿਆ ਸੀ ਅਤੇ ਉਸ ਨੂੰ ਪਿਆਸ ਵੀ ਬਹੁਤ ਲੱਗੀ ਹੋਈ ਸੀ। ਜੂਨ ਦਾ ਮਹੀਨਾ ਸੀ ਤੇ ਗਰਮੀ ਆਪਣੇ

ਪੂਰੇ ਜੋਬਨ ਤੇ ਸੀ। ਫਿਰ ਉਸਨੇ ਇੱਕ ਪਗਡੰਡੀ ਫੜੀ ਅਤੇ ਕਈ ਘੰਟੇ ਲਗਾਤਾਰ ਤੁਰਦਾ ਰਿਹਾ। ਪਾਣੀ ਦੀ ਭਾਲ ਕਰਦਿਆਂ ਕਰਦਿਆਂ ਉਸ ਨੂੰ ਦੂਰ ਇੱਕ ਪਰਛਾਈ ਦਿਖਾਈ ਦਿੰਦੀ ਹੈ। ਨੇੜੇ ਜਾਣ ਤੋਂ ਉਸ ਨੂੰ ਪਤਾ ਲੱਗਦਾ ਹੈ ਕਿ ਇਹ ਇੱਕ ਆਜੜੀ ਹੈ। ਜਿਸ ਕੋਲ ਤਕਰੀਬਨ ਦੋ ਦਰਜਨ ਭੇਡਾਂ ਹਨ।

ਆਜੜੀ ਨੇ ਉਸ ਨੂੰ ਕੱਦੂ ਦੀ ਤੂੰਬੀ ਚੋਂ ਪਾਣੀ ਪਿਆਇਆ। ਲੇਖਕ ਆਜੜੀ ਕੋਲੋਂ ਪਾਣੀ ਪੀ ਕੇ ਉਸ ਅੱਗੇ ਉਸ ਨੂੰ ਘਰ ਲਿਜਾਣ ਲਈ ਬੇਨਤੀ ਕਰਦਾ ਹੈ ਜਿਸਨੂੰ ਆਜੜੀ ਪਰਵਾਨ ਕਰ ਲੈਂਦਾ ਹੈ। ਆਜੜੀ ਆਪਣੇ ਘਰ ਵਿੱਚ ਇਕੱਲਾ ਹੀ ਰਹਿਦਾ ਹੈ ਉਹ ਬਹੁਤ ਘੱਟ ਬੋਲਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਉਹ ਘਰ ਵਿੱਚ ਕਲਮ ਕੱਲਾ ਹੀ ਰਹਿੰਦਾ ਸੀ ਉਸ ਨਾਲ ਗੱਲਬਾਤ ਕਰਨ ਵਾਲਾ ਕੋਈ ਹੋਰ ਵਿਅਕਤੀ ਨਹੀਂ ਸੀ। ਪਰ ਲੇਖਕ ਨੂੰ ਉਸ ਦੇ ਸਵੈ -ਵਿਸ਼ਵਾਸ ਵਿੱਚੋਂ ਇੰਜ ਲੱਗਦਾ ਹੈ ਕਿ ਉਹ ਆਪਣੇ ਕੰਮ ਵਿੱਚ ਬਹੁਤ ਹੋਣਹਾਰ ਅਤੇ ਹੁਸ਼ਿਆਰ ਹੈ। ਉਹ ਪੱਥਰਾਂ ਦੇ ਬਣਾਏ ਇਕ ਪੱਕੇ ਢਾਰੇ ਵਿੱਚ ਰਹਿੰਦਾ ਹੈ ਜੋ ਕਿ ਉਸ ਨੇ ਹੱਥੀਂ ਬਣਾਇਆ ਸੀ ਅਤੇ ਘਰ ਦੀ ਛੱਤ ਬੜੀ ਮਜ਼ਬੂਤ ਸੀ। ਆਲੇ ਦੁਆਲੇ ਦੀ ਸੁੰਨਸਾਨ ਅਤੇ ਹਵਾ ਦੀ ਸਾਂ-ਸਾਂ ਲੇਖਕ ਨੂੰ ਡਰਾਉਣੀ ਜਾਪਦੀ ਹੈ ਪਰ ਆਜੜੀ ਬਿਲਕੁਲ ਸ਼ਾਂਤ ਅਤੇ ਸਹਿਜ ਰਹਿੰਦਾ ਹੈ।

ਆਜੜੀ ਦਾ ਘਰ ਆਜੜੀ ਦੇ ਦਿਲ ਵਾਂਗੂੰ ਸਾਫ਼ ਸੁਥਰਾ ਹੈ। ਉਸ ਦਾ ਘਰ ਉਸ ਦੇ ਆਪਣੇ ਅੰਦਰਲੇ ਸਲੀਕੇ ਦੀ ਗਵਾਹੀ ਭਰਦਾ। ਕੱਪੜੇ ਲੀੜੇ ਵੀ ਸਾਫ਼ ਸੁਥਰੇ ਸਨ, ਬਿਸਤਰਾ ਵੀ ਥਾਂ ਸਿਰ ਸੀ, ਕੋਨੇ ਵਿੱਚ ਤਿੱਖੀ ਕੁਹਾੜੀ ਪਈ ਸੀ ਪੱਥਰ ਉੱਤੇ ਦੀਵਾ ਜਗਦਾ ਸੀ ,ਉਹ ਚੁੱਲ੍ਹੇ ਦੀ ਮਿੱਠੀ ਜਿਹੀ ਅੱਗ ਉੱਤੇ ਖਿੱਚੜੀ ਬਣਾਉਂਦਾ ਹੈ ਅਤੇ ਲੇਖਕ ਨੂੰ ਖਾਣ ਨੂੰ ਦਿੰਦਾ ਹੈ। ਆਜੜੀ ਕੋਲ ਇੱਕ ਜੱਤਲ ਕੁੱਤਾ ਹੈ ਜੋ ਆਪਣੇ ਮਾਲਕ ਵਾਂਗ ਹੀ ਸ਼ਾਂਤ ਸੁਭਾਅ ਦਾ ਹੈ। ਲੇਖਕ ਦੱਸਦਾ ਹੈ ਕਿ ਪਹਾੜੀ ਇਲਾਕੇ ਵਿੱਚ ਦੂਰ ਦੁਰਾਡੇ ਛੋਟੀਆਂ ਛੋਟੀਆਂ ਠਾਹਰਾਂ ਸਨ ਜੋ ਕੱਚੇ ਪਹਿਆਂ ਦੁਆਰਾ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਬਸਤੀਆਂ 'ਚ ਵਸਦੇ ਲੋਕ ਲੱਕੜ ਤੇ ਕੋਇਲੇ ਦਾ ਧੰਦਾ ਕਰਦੇ ਸਨ। ਕੋਇਲੇ ਦੇ ਧੰਦੇ ਕਾਰਨ ਆਲੇ ਦੁਆਲੇ ਦੇ ਦਰੱਖਤ ਕੱਟੇ ਜਾ ਚੁੱਕੇ ਸਨ। ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਮੌਨਸੂਨ ਵਿੱਚ ਤਬਦੀਲੀ ਆਈ ਸੀ ਅਤੇ ਮੀਂਹ ਪੈਣੇ ਬੰਦ ਹੋ ਚੁੱਕੇ ਸਨ। ਮਾੜਾ ਮੋਟਾ ਮੀਂਹ ਅਗਰ ਕਦੇ ਪੈ ਜਾਂਦਾ ਤਾਂ ਮਿੱਟੀ ਹੜ੍ਹਾ ਕੇ ਲੈ ਜਾਂਦਾ, ਟਿੱਬਿਆਂ ਉੱਪਰ ਧੂੜ ਭਰੀਆਂ ਹਨੇਰੀਆਂ ਚਲਦੀਆਂ ਰਹਿੰਦੀਆਂ। ਉੱਥੋਂ ਦੇ ਵਸਨੀਕਾਂ ਨੂੰ ਕੋਇਲੇ ਦੇ ਧੰਦੇ ਤੋਂ ਜ਼ਿਆਦਾ ਮੁਨਾਫਾ ਨਹੀਂ ਸੀ ਹੁੰਦਾ ਕਿਉਂਕਿ ਕੋਏਲੇ ਨੂੰ ਸ਼ਹਿਰ ਤੱਕ ਪਹੁੰਚਣ ਤੱਕ ਦੋ ਦਿਨ ਲੱਗਦੇ ਅਤੇ ਸਾਰਾ ਪੈਸਾ ਦਲਾਲ ਖਾ ਜਾਂਦੇ। ਦਰੱਖਤਾਂ ਦੀ ਕਟਾਈ ਕਰਕੇ ਕਮਾਈ ਖਾਣ ਵਾਲੀਆਂ ਬਸਤੀਆਂ ਦੇ ਵਿਚ ਆਜੜੀ ਇਕੱਲਾ ਹੀ ਅਜਿਹਾ ਵਿਅਕਤੀ ਸੀ ਜੋ ਉਨ੍ਹਾਂ ਸਾਰਿਆਂ ਦੇ ਉਲਟ ਕਾਰਜ ਕਰਦਾ ਸੀ।

ਲੇਖਕ ਲਿਖਦਾ ਹੈ ਕਿ ਖਾਣਾ ਖਾਣ ਪਿੱਛੋਂ ਆਜੜੀ ਨੇ ਇਕ ਛੋਟਾ ਜਿਹਾ ਝੋਲਾ ਚੁੱਕਿਆ ਅਤੇ ਉਸ ਵਿੱਚੋਂ ਬੀਜ ਖਿਲਾਰ ਕੇ ਮੇਜ਼ ਉੱਤੇ ਰੱਖ ਦਿੱਤੇ। ਉਹ ਹਰ ਇੱਕ ਬੀਜ ਨੂੰ ਚੁੱਕਦਾ ਉਸ ਨੂੰ ਧਿਆਨ ਨਾਲ ਦੇਖਦਾ ਅਤੇ ਬਾਅਦ ਵਿੱਚ ਚੰਗੇ ਬੀਜਾਂ ਨੂੰ ਚੁਣ ਚੁਣ ਕੇ ਇੱਕ ਪਾਸੇ ਰੱਖਦਾ ਜਾਂਦਾ। ਚੰਗੇ ਬੀਜਾਂ ਨੂੰ ਚੁਣਨ ਪਿੱਛੋਂ ਉਸ ਨੇ ਢੇਰੀ ਵਿਚੋਂ ਚੰਗੇ ਬੀਜਾਂ ਦੀਆਂ ਦਸ ਦਸ ਢੇਰੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਬੀਜ ਦੀ ਜਾਂਚ ਕਰਨ ਲੱਗਿਆਂ ਉਹ ਬੜੀ ਬਾਰੀਕੀ ਨਾਲ ਘੋਖਦਾ ਸੀ। ਜੇ ਉਸ ਨੂੰ ਕੋਈ ਬੀਜ ਜ਼ਰਾ ਵੀ ਦਾਗੀ ਜਾਂ ਤਿੜਕਿਆ ਲੱਗਦਾ ਤਾਂ ਉਸ ਨੂੰ ਇੱਕ ਪਾਸੇ ਕਰ ਦਿੰਦਾ। ਉਨ੍ਹਾਂ ਦੀ ਜਾਂਚ ਪਰਖ ਕਰ ਕਰ ਕੇ ਉਸ ਨੇ ਤਕਰੀਬਨ 100 ਬੀਜ ਛਾਂਟ ਲਏ। ਲੇਖਕ ਉਸ ਦੀ ਮਦਦ ਕਰਨ ਦੀ ਕੋਸ਼ਿਸ਼

ਕਰਦਾ ਹੈ ਪਰ ਉਸ ਨੂੰ ਆਪਣੇ ਕੰਮ ਵਿੱਚ ਕਿਸੇ ਦੀ ਦਖ਼ਲ ਚੰਗੀ ਨਹੀਂ ਲੱਗਦੀ। ਲੇਖਕ ਨੂੰ ਉਸ ਭਲੇ ਬੰਦੇ ਦੇ ਸਾਥ ਵਿੱਚ ਬੜੀ ਸ਼ਾਂਤੀ ਮਹਿਸੂਸ ਹੁੰਦੀ ਹੈ। ਲੇਖਕ ਅਗਲੇ ਦਿਨ ਉਸ ਤੋਂ ਉਸ ਦੇ ਘਰ ਵਿਚ ਇਕ ਹੋਰ ਦਿਨ ਰਹਿਣ ਦੀ ਇਜਾਜ਼ਤ ਲੈ ਲੈਂਦਾ ਹੈ। ਲੇਖਕ ਅੰਦਰ ਆਜੜੀ ਦੇ ਜੀਵਨ-ਕਹਾਣੀ ਨੂੰ ਜਾਨਣ ਦੀ ਉਤਸੁਕਤਾ ਪੈਦਾ ਹੁੰਦੀ ਹੈ। ਆਜੜੀ ਬੀਜਾਂ ਨੂੰ ਭਿਓਂ ਕੇ ਹੱਥ ਸੱਬਲ ਲੈ ਕੇ ਭੇਡਾਂ ਨੂੰ ਚਰਾਂਦੀ ਵੰਨੀ ਲੈ ਤੁਰਦਾ ਹੈ। ਲੇਖਕ ਉਸ ਦੇ ਪਿੱਛੇ ਹੋ ਲੈਂਦਾ ਹੈ। ਇਕ ਥਾਂ ਭੇਡਾਂ ਨੂੰ ਕੁੱਤੇ ਦੀ ਦੇਖ ਰੇਖ ਹੇਠ ਛੱਡ ਕੇ ਉਹ ਅੱਗੇ ਤੁਰ ਪੈਂਦਾ। ਇਕ ਉੱਚੇ ਟਿੱਬੇ ਉੱਤੇ ਚੜ੍ਹ ਕੇ ਉਹ ਮਿੱਟੀ ਪੁੱਟਦਾ ਤੇ ਬੀਜ ਬੀਜਣਾ ਸ਼ੁਰੂ ਕਰ ਦਿੰਦਾ। ਆਜੜੀ ਦੇਸੀ ਬੀਜਾਂ ਦੇ ਬੀਜ ਬੋਅ ਰਿਹਾ ਸੀ। ਲੇਖਕ ਨੂੰ ਪਤਾ ਲੱਗਦਾ ਹੈ ਕਿ ਬੀਜ ਬੀਜਣ ਵਾਲੀ ਥਾਂ ਉਸਦੀ ਆਪਣੀ ਨਹੀਂ ਹੈ ਅਤੇ ਨਾ ਆਜੜੀ ਨੂੰ ਪਤਾ ਹੈ ਕਿ ਇਹ ਜ਼ਮੀਨ ਕਿਸ ਦੀ ਹੈ। ਸ਼ਾਇਦ ਉਸ ਪਿੰਡ ਦੀ ਸਾਂਝੀ ਸ਼ਾਮਲਾਟ ਸੀ ਜਾਂ ਅਜਿਹੇ ਵਿਅਕਤੀਆਂ ਦੀ ਜਿਨ੍ਹਾਂ ਨੂੰ ਇਸ ਜ਼ਮੀਨ ਦੀ ਕੋਈ ਪ੍ਰਵਾਹ ਨਹੀਂ ਸੀ। ਜ਼ਮੀਨ ਦੇ ਮਾਲਕ ਸੰਬੰਧੀ ਆਜੜੀ ਨੂੰ ਕੋਈ ਦਿਲਚਸਪੀ ਨਹੀਂ ਸੀ। ਆਜੜੀ ਆਪਣੇ ਕੰਮ ਵਿਚ ਲੱਗਾ ਰਿਹਾ ਅਤੇ ਉਸ ਨੇ ਉਨ੍ਹਾਂ ਸੌ ਬੀਜਾਂ ਨੂੰ ਬੜੀ ਮੋਹ ਮੁਹੱਬਤ ਨਾਲ ਬੀਜਿਆ।

ਆਜੜੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਇੱਕ ਲੱਖ ਬੀਜ ਬੀਜਿਆ ਸੀ ਜਿਸ ਵਿਚੋਂ ਸਿਰਫ ਵੀਹ ਹਜ਼ਾਰ ਹੀ ਉੱਘੇ ਸਨ। ਉਸ ਵਿੱਚੋਂ ਵੀ ਆਜੜੀ ਨੂੰ ਅੱਧੇ ਹੀ ਜਿਉਂਦੇ ਬਚਣ ਦੀ ਉਮੀਦ ਸੀ। ਪਰ ਆਜੜੀ ਇਸ ਆਸ ਨਾਲ ਕਿ ਜਿੱਥੇ ਕੁਝ ਵੀ ਨਹੀਂ ਸੀ ਉੱਥੇ ਘੱਟੋ ਘੱਟ ਦੱਸ ਹਜ਼ਾਰ ਦਰੱਖਤ ਉੱਗਣਗੇ ਆਪਣਾ ਕੰਮ ਜਾਰੀ ਰੱਖਦਾ ਹੈ।

ਆਜੜੀ ਦੀ ਉਮਰ 55 ਸਾਲ ਦੀ ਸੀ ਉਸ ਦਾ ਨਾਂ ਅ ੈਲਜ਼ੀਆਰਾਦ ਬੌਫੇ ਸੀ। ਪਹਿਲਾਂ ਤਰਾਈ ਦੇ ਹੇਠਲੇ ਹਿੱਸੇ ਵਿੱਚ ਖੇਤੀ ਕਰਦਾ ਸੀ। ਉਸ ਦੇ ਪੁੱਤਰ ਅਤੇ ਪਤਨੀ ਦੀ ਮੌਤ ਹੋ ਚੁੱਕੀ ਸੀ। ਜਿਸ ਨਾਲ ਉਸ ਨੂੰ ਗਹਿਰਾ ਸਦਮਾ ਪੁੱਜਿਆ ਸੀ। ਉਦੋਂ ਇਕਾਂਤਵਾਸ ਲਈ ਆਪਣਾ ਕੁੱਤਾ ਅਤੇ ਭੇਡਾਂ ਲੈ ਉਹ ਇੱਥੇ ਆ ਗਿਆ। ਇਸ ਪਿੱਛੋਂ ਆਜੜੀ ਨੇ ਆਪਣੇ ਜੀਵਨ ਨੂੰ ਇੱਕ ਮਕਸਦ ਦਿੱਤਾ। ਆਜੜੀ ਦਾ ਵਿਸ਼ਵਾਸ ਸੀ ਕਿ ਦਰੱਖਤਾਂ ਬਿਨਾਂ ਜ਼ਮੀਨ ਮਰ ਰਹੀ ਹੈ। ਉਸ ਕੋਲ ਜ਼ਿੰਦਗੀ ਦਾ ਹੋਰ ਕੋਈ ਮਕਸਦ ਨਹੀਂ ਸੀ ਇਸ ਲਈ ਉਸ ਨੇ ਧਰਤ ਦੀ ਇਸ ਖਰਾਬ ਹਾਲਤ ਨੂੰ ਸੁਧਾਰਨ ਦਾ ਮਨ ਬਣਾਇਆ। ਲੇਖਕ ਉਸ ਨੂੰ ਕਹਿੰਦਾ ਹੈ ਕਿ ਅਗਲੇ ਤੀਹ ਵਰ੍ਹਿਆਂ ਤੱਕ ਉਸ ਦੁਆਰਾ ਲਾਏ ਗਏ ਦੱਸ ਹਜ਼ਾਰ ਪੌਦੇ ਇਕ ਸ਼ਾਨਦਾਰ ਜੰਗਲ ਦਾ ਰੂਪ ਧਾਰਨ ਕਰ ਜਾਣਗੇ। ਆਜੜੀ ਕਹਿੰਦਾ ਹੈ ਕਿ ਅਗਲੇ ਤੀਹ ਸਾਲ ਜੇ ਉਹ ਜਿਊਂਦਾ ਰਿਹਾ ਤਾਂ ਐਨੇ ਬੂਟੇ ਲਗਾਏਗਾ ਕੇ ਦਸ ਹਜ਼ਾਰ ਬੂਟੇ ਸਮੁੰਦਰ ਦੀ ਇੱਕ ਬੂੰਦ ਵਾਂਗ ਦਿਸਣਗੇ। ਬੂਟਿਆਂ ਦੇ ਪ੍ਰਯੋਗ ਲਈ ਉਸਨੇ ਆਪਣੇ ਘਰ ਦੇ ਬਾਹਰ ਇਕ ਪੌਦਸ਼ਾਲਾ ਵੀ ਬਣਾਈ ਹੋਈ ਸੀ। ਅਗਲੇ ਦਿਨ ਲੇਖਕ ਉੱਥੋਂ ਆ ਜਾਂਦਾ ਹੈ।

ਲੇਖਕ ਇੱਕ ਫ਼ੌਜੀ ਸੀ। 1914 ਵਿੱਚ ਪਹਿਲੀ ਸੰਸਾਰ ਜੰਗ ਸ਼ੁਰੂ ਹੁੰਦੀ ਹੈ। ਉਸ ਦੀ ਫੌਜੀ ਟੁਕੜੀ ਅਗਲੇ ਪੰਜ ਸਾਲ ਇਸ ਜੰਗ ਵਿੱਚ ਲੜਦੀ ਰਹੀ। ਉਸ ਨੂੰ ਆਜੜੀ ਬਾਰੇ ਜਾਂ ਦਰੱਖਤਾਂ ਬਾਰੇ ਸੋਚਣ ਦੀ ਵਿਹਲ ਨਾ ਮਿਲੀ। ਸੱਚ ਤਾਂ ਇਹ ਹੈ ਕਿ ਉਸ ਵੇਲੇ ਲੇਖਕ ਨੌਜ਼ਵਾਨ ਸੀ ਇਸ ਕਰਕੇ ਇਸ ਘਟਨਾ ਦਾ ਉਸ ਦੇ ਮਨ ਉੱਤੇ ਕੋਈ ਬਹੁਤਾ ਅਸਰ ਨਹੀਂ ਸੀ ਹੋਇਆ। ਲੇਖਕ ਨੂੰ ਉਸ ਵੇਲੇ ਲੱਗਦਾ ਸੀ ਕਿ ਲੋਕਾਂ ਦੇ ਵੱਖੋ ਵੱਖਰੇ ਸ਼ੌਕ ਹਨ ਇੰਜ ਕਿਸੇ ਦਾ ਸ਼ੌਂਕ ਦਰੱਖਤ ਲਗਾਉਣਾ ਹੈ। ਫੇਰ ਆਜੜੀ ਅਤੇ ਦਰੱਖਤਾਂ ਬਾਰੇ ਉਸ ਨੂੰ ਸਭ ਕੁਝ ਭੁੱਲ ਭੁਲਾ ਗਿਆ।

ਜੰਗ ਖ਼ਤਮ ਹੋਣ ਤੋਂ ਬਾਅਦ ਲੇਖਕ ਫਿਰ ਉਨ੍ਹਾਂ ਹੀ ਜੰਗਲਾਂ ਦੇ ਵਿੱਚ ਆਜੜੀ ਕੋਲ ਦੁਬਾਰਾ ਜਾਂਦਾ ਹੈ। ਓਮਾਨ ਵਿੱਚ ਕਲਪਨਾ ਕਰਦਾ ਹੈ ਕਿ ਦਸ ਹਜ਼ਾਰ ਪੌਦੇ ਕਿੱਡੇ ਵੱਡੇ ਹੋ ਗਏ ਹੋਣਗੇ। ਲੇਖਕ ਨੂੰ ਜਾਪਿਆ ਹੈ ਕਿ ਸ਼ਾਇਦ ਆਜੜੀ ਹੁਣ ਤਕ ਮਰ ਚੁੱਕਾ ਹੋਵੇਗਾ। ਪਰ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਆਜੜੀ ਪਹਿਲਾਂ ਨਾਲੋਂ ਵੀ ਵਧੇਰੇ ਤੰਦਰੁਸਤ ਜਾਪਦਾ ਸੀ। ਆਜੜੀ ਦੇ ਕੰਮ ਕਰਨ ਵਿੱਚ ਪਹਿਲਾਂ ਨਾਲੋਂ ਥੋੜ੍ਹੀ ਤਬਦੀਲੀ ਜ਼ਰੂਰ ਆਈ ਸੀ । ਹੁਣ ਉਸ ਕੋਲ ਸਿਰਫ ਚਾਰ ਭੇਡਾਂ ਸਨ ਅਤੇ ਮੱਖੀਆਂ ਦੇ ਸੌ ਛੱਤੇ ਵੀ ਸਨ। ਸੰਸਾਰ ਜੰਗ ਦਾ ਆਜੜੀ ਦੇ ਜੀਵਨ ਉੱਤੇ ਕੋਈ ਅਸਰ ਨਹੀਂ ਸੀ। ਉਹ ਜੰਗ ਤੋਂ ਬੇਖ਼ਬਰ ਲਗਾਤਾਰ ਆਪਣੇ ਬੀਜ ਬੀਜਣ ਦਾ ਕੰਮ ਜਾਰੀ ਰੱਖ ਰਿਹਾ ਸੀ।

1910 ਵਿਚ ਲਾਏ ਉਸ ਦੇ ਦਰੱਖਤ ਬਹੁਤ ਉੱਚੇ ਹੋ ਗਏ ਸਨ। ਲੇਖਕ ਅਤੇ ਆਜੜੀ ਸਾਰਾ ਦਿਨ ਜੰਗਲ ਵਿਚ ਘੁੰਮਦੇ ਰਹੇ। ਇਹ ਸਾਰਾ ਜੰਗਲ ਇੱਕ ਅਨਪੜ੍ਹ ਪਰ ਮਹਾਨ ਆਜੜੀ ਦੇ ਦੋ ਹੱਥਾਂ ਦੀ ਕੀਤੀ ਹੋਈ ਸਖ਼ਤ ਮਿਹਨਤ ਦਾ ਸਿੱਟਾ ਸੀ। ਆਜੜੀ ਦੀ ਇਨਸਾਨੀ ਦੋਸਤੀ ਦਰਿਆਦਿਲੀ ਨਿਸ਼ਕਾਮ ਭਾਵਨਾ ਨੂੰ ਵੇਖ ਕੇ ਲੇਖਕ ਦਾ ਦਿਲ ਉਸ ਨੂੰ ਨਤਮਸਤਕ ਹੋ ਉੱਠਦਾ ਹੈ। ਲੇਖਕ ਨੂੰ ਜਾਪਦਾ ਹੈ ਕਿ ਕੋਈ ਆਦਮੀ ਚਾਹੇ ਤਾਂ ਲੜਾਈ ਅਤੇ ਤਬਾਹੀ ਛੱਡ ਕੇ ਇੱਕ ਖ਼ੂਬਸੂਰਤ ਅਤੇ ਪਿਆਰੀ ਦੁਨੀਆਂ ਘੜ ਸਕਦਾ ਹੈ। ਵਾਪਸੀ ਵੇਲੇ ਲੇਖਕ ਪਿੰਡ ਦੇ ਲਾਗੇ ਪਾਣੀ ਦੇ ਕਲਕਲ ਕਰਦੇ ਝਰਨਿਆਂ ਦੀ ਆਵਾਜ਼ ਨੂੰ ਸੁਣਦਾ ਹੈ। ਉਸ ਨੂੰ ਇਕ ਹੋਰ ਕ੍ਰਿਸ਼ਮਾ ਜਾਪਦਾ ਹੈ। ਦਰੱਖਤਾਂ ਦੇ ਲੱਗਣ ਨਾਲ ਉਸ ਇਲਾਕੇ ਦੇ ਬਹੁਤ-ਸਾਰੇ ਜਲ ਸਰੋਤ ਦੁਬਾਰਾ ਵਗਣੇ ਸ਼ੁਰੂ ਹੋ ਗਏ ਸਨ।

ਇਹ ਸਾਰੇ ਕ੍ਰਿਸ਼ਮੇ ਆਜੜੀ ਦੇ ਹੱਥਾਂ ਦਾ ਕਮਾਲ ਸੀ। ਉਸ ਨੇ ਤਰ੍ਹਾਂ ਤਰ੍ਹਾਂ ਦੇ ਬੀਜ ਧਰਤੀ ਦੀ ਹਿੱਕ ਵਿਚ ਬੋ-ਬੋ ਕੇ ਜਗਾ ਦਿੱਤੇ ਸਨ। ਉਸ ਨੂੰ ਜ਼ਿੰਦਗੀ ਜਿਊਣ ਦਾ ਕੋਈ ਮਕਸਦ ਮਿਲ ਗਿਆ ਸੀ। ਆਦਮੀ ਦੇ ਇਸ ਸਮੁੱਚੇ ਕਾਰਜ ਵਿੱਚ ਕਿਸੇ ਨੇ ਵੀ ਕੋਈ ਦਖ਼ਲ ਨਹੀਂ ਸੀ ਦਿੱਤਾ। ਸਰਕਾਰ ਅਤੇ ਆਲੇ ਦੁਆਲੇ ਦੇ ਲੋਕਾਂ ਦੇ ਦਿਮਾਗ ਵਿੱਚ ਕਦੀ ਇਹ ਗੱਲ ਨਹੀਂ ਆਈ ਸੀ ਕਿ ਇਹ ਵਿਸ਼ਾਲ ਜੰਗਲ ਕਿਸੇ ਇੱਕ ਵਿਅਕਤੀ ਦੇ ਹੱਥੀਂ ਲਾਏ ਗਏ ਹਨ। 1935 ਵਿੱਚ ਉਸੇ ਜੰਗਲ ਵਿਚ ਮੁਆਇਨੇ ਲਈ ਇੱਕ ਸਰਕਾਰੀ ਟੋਲੀ ਆਉਂਦੀ ਹੈ। ਇਸ ਪਿੱਛੋਂ ਉਸ ਸਾਰੇ ਜੰਗਲ ਨੂੰ "ਸੁਰੱਖਿਅਤ ਵਣ ਖੇਤਰ ਘੋਸ਼ਿਤ' ਕਰ ਦਿੱਤਾ ਗਿਆ।ਇਸ ਦਾ ਲਾਭ ਇਹ ਹੋਇਆ ਕਿ ਲੱਕੜੀ ਤੋਂ ਕੋਇਲਾ ਬਣਾਉਣ ਦੇ ਧੰਦੇ ਉੱਤੇ ਪਾਬੰਦੀ ਲੱਗ ਗਈ। ਜੰਗਲ ਦੀ ਸੁਹੱਪਣ ਨੇ ਸਰਕਾਰੀ ਬੰਦਿਆਂ ਦਾ ਦਿਲ ਪਿਘਲਾ ਦਿੱਤਾ ਸੀ।

ਮਾਨਸਿਕ ਸ਼ਾਂਤੀ, ਸਖ਼ਤ ਮਿਹਨਤ, ਪਹਾੜਾਂ ਦੀ ਸਾਫ ਹਵਾ ਤੇ ਸਾਤਵਿਕ ਜੀਵਨ ਨੇ ਉਸ ਆਜੜੀ ਨੂੰ ਵਧੀਆ ਸੇਧ ਦਿੱਤੀ ਸੀ। ਲੇਖਕ ਉਸ ਬਾਰੇ ਇਹੋ ਸੋਚਦਾ ਰਿਹਾ ਕੇ ਉਹ ਹੋਰ ਕਿੰਨੀ ਕੁ ਜ਼ਮੀਨ ਉੱਤੇ ਦਰੱਖਤ ਲਗਾਏਗਾ। ਸਰਕਾਰੀ ਅਫ਼ਸਰਾਂ ਚੋਂ ਆਏ ਲੇਖਕ ਦੇ ਇੱਕ ਦੋਸਤ ਨੇ ਆਜੜੀ ਬਾਰੇ ਕਿਹਾ ਸੀ ਕਿ ਸ਼ਾਇਦ ਇਹ ਮਨੁੱਖ ਦੁਨੀਆਂ ਵਿੱਚ ਸਭ ਤੋਂ ਵੱਧ ਦਰਖ਼ਤਾਂ ਦੀ ਜਾਣਕਾਰੀ ਰੱਖਣ ਵਾਲਾ ਮਨੁੱਖ ਹੋਵੇ। ਅਸਲ ਵਿੱਚ ਨੇਕ ਅਫ਼ਸਰਾਂ ਦੀ ਕਰਕੇ ਇਿਹ ਜੰਗਲ ਹੁਣ ਤੱਕ ਸੁਰੱਖਿਅਤ ਰਹਿ ਸਕਿਆ ਸੀ ਅਤੇ ਉਸ ਆਜੜੀ ਦੀ ਖ਼ੁਸ਼ੀ ਵੀ। 1939 ਵਿਚ ਇੱਕ ਵਾਰ ਰੇਲ ਦੀ ਪਟੜੀ ਤੇ ਲਈ ਦਰੱਖਤਾਂ ਦੀ ਕਟਾਈ ਦਾ ਕੰਮ ਸ਼ੁਰੂ ਵੀ ਹੋ ਗਿਆ ਸੀ ਪਰੰਤੂ ਇਹ ਜੰਗਲ ਵਧੇਰੇ ਦੂਰ ਹੋਣ ਕਰਕੇ ਸ਼ਤੀਰੀਆਂ ਨੂੰ ਲੱਦ ਕੇ ਖੜ੍ਹਨਾ ਮਹਿੰਗਾ ਪੈਦਾ ਸੀ ਜਿਸ ਕਾਰਨ ਕਟਾਈ ਦਾ ਕੰਮ ਬੰਦ ਹੋ ਗਿਆ। ਪਰੰਤੂ ਆਜੜੀ ਇਸ ਸਾਭੇ ਕਾਸੇ ਤੋਂ ਬੇਖ਼ਬਰ ਆਪਣੇ ਕਾਰਜ ਵਿੱਚ ਲਗਾਤਾਰ ਜੁਟਿਆ ਰਿਹਾ। ਦੂਜੀ ਵੱਡੀ ਸੰਸਾਰ ਜੰਗ ਤੋਂ ਵੀ ਉਹ ਇਸੇ ਤਰ੍ਹਾਂ ਬੇਖ਼ਬਰ ਸੀ।

1945 ਵਿੱਚ ਲੇਖਕ ਆਖਰੀ ਵਾਰੀ ਆਜੜੀ ਨੂੰ ਮਿਲਿਆ। ਉਸ ਸਮੇਂ ਉਸਦੀ ਉਮਰ ਲਗਪਗ ਛਿਆਸੀ ਵਰ੍ਹਿਆਂ ਦੀ ਹੋਵੇਗੀ। ਜਿੱਥੇ ਆਜੜੀ ਰਹਿੰਦਾ ਸੀ ਹੁਣ ਉਥੇ ਕਾਫੀ ਕੁਝ ਬਦਲ ਗਿਆ ਸੀ। ਬੀਆਬਾਨ ਸੜਕ ਉੱਤੇ ਬੱਸ ਚੱਲਦੀ ਵੇਖਕੇ ਲੇਖਕ ਕਾਫ਼ੀ ਹੈਰਾਨ ਹੋਇਆ। ਲੇਖਕ ਦੀਆਂ ਕਈ ਜਾਣਿਆਂ ਪਹਿਚਾਣਿਆਂ ਥਾਂਵਾਂ ਵੀ ਪਛਾਣ ਵਿੱਚ ਨਹੀਂ ਆ ਰਹੀਆਂ ਸਨ। ਇਕ ਬੋਹੜ ਉੱਪਰ ਲਿਖਿਆ ਵੇਖਿਆ ਤੇ ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਤਾਂ ਉਹ ਪਿੰਡ ਹੈ ਜੋ ਕਿਸੇ ਸਮੇਂ ਖੰਡਰ ਹੋ ਗਿਆ ਸੀ। ਇਸ ਪਿੰਡ ਵਿੱਚ 1913 ਵਿਚ ਕੇਵਲ ਤਿੰਨ ਜੀ ਹੀ ਰਹਿੰਦੇ ਸਨ। ਉੱਥੇ ਹੁਣ ਪੂਰਾ ਪਿੰਡ ਵਸਣ ਲੱਗ ਪਿਆ ਸੀ। ਨਵੇਂ ਘਰ ਬਣ ਗਏ ਸਨ। ਕੁਦਰਤੀ ਨਜ਼ਾਰਿਆਂ ਨੂੰ ਵੇਖ ਕੇ ਉਥੇ ਹਰ ਇੱਕ ਦਾ ਵਸਣ ਨੂੰ ਦਿਲ ਕਰਦਾ। ਉੱਥੇ ਇੱਕ ਚੰਪਾ ਦਾ ਬੂਟਾ ਲੱਗਿਆ ਸੀ ਜੋ ਚਾਰ ਸਾਲ ਪੁਰਾਣਾ ਸੀ ਅਤੇ ਇਸ ਗੱਲ ਦਾ ਪ੍ਰਤੀਕ ਸੀ ਕਿ ਇੱਥੇ ਮਾਰੂਥਲ ਚ ਜ਼ਿੰਦਗੀ ਫਿਰ ਪਰਤ ਆਈ ਹੈ।

ਉੱਥੇ ਵੇਖ ਕੇ ਇੰਜ ਲੱਗਦਾ ਸੀ ਜਿਵੇਂ ਉੱਥੋਂ ਦੇ ਲੋਕਾਂ ਵਿਚ ਇਕ ਉੱਜਲ ਭਵਿੱਖ ਦਾ ਵਿਸਵਾਸ਼ ਜਾਗ ਪਿਆ ਹੋਵੇ। ਉੱਥੇ ਪਏ ਖੰਡਰਾਂ ਨੂੰ ਸਾਫ ਕਰਕੇ ਰਹਿਣ ਯੋਗ ਬਣਾ ਲਿਆ ਗਿਆ ਸੀ। ਉਸ ਪਿੰਡ ਵਿੱਚ ਹੁਣ ਅਠਾਈ ਜੀਅ ਵੱਸਦੇ ਸਨ। ਘਰਾਂ ਦੇ ਸਾਹਮਣੇ ਕਿਆਰੀਆਂ ਚ ਹਰੀਆਂ ਸਬਜ਼ੀਆਂ ਫਲ ਤੇ ਫੁੱਲ ਉੱਗੇ ਹੋਏ ਸਨ। ਕੁਝ ਵਰ੍ਹਿਆਂ ਵਿੱਚ ਹੀ ਸੁੰਨਾ ਪਿਆ ਇਲਾਕਾ ਦੁਬਾਰਾ ਖੁਸ਼ਹਾਲ ਅਤੇ ਹਰਿਆ ਭਰਿਆ ਹੋ ਗਿਆ। ਪਿੰਡ ਦੇ ਲੋਕ ਖੇਤੀ ਕਰਨ ਲੱਗ ਪਏ। ਪਹਾੜਾਂ ਵਿਚ ਬਰਫ ਤੇ ਮੀਂਹ ਪੈਣ ਲੱਗ ਪਿਆ ਸੀ। ਸੁੱਕੇ ਖਾਲੇ ਅਤੇ ਝਰਨੇ ਵਗਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਵਗਦੇ ਖਾਲਿਆਂ ਤੋਂ ਹੀ ਖੇਤੀ ਨੂੰ ਪਾਣੀ ਲਗਾਇਆ ਜਾਂਦਾ ਸੀ। ਲੋਕ ਆਪਣੇ ਨਾਲ ਨਵਾਂ ਉਤਸ਼ਾਹ ਅਤੇ ਉਮੰਗ ਲੈ ਕੇ ਆਏ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਮੁਸਕਰਾਹਟ ਤੇ ਅੱਖਾਂ ਚ ਚਮਕ ਦਿਖਾਈ ਦਿੰਦੀ ਸੀ। ਇੱਥੇ ਹੋਣ ਵਾਲੀ ਸਾਰੀ ਖੁਸ਼ਹਾਲੀ ਦਾ ਜ਼ਿੰਮੇਵਾਰ ਇਕ ਗਵਾਰ ਆਜੜੀ ਸੀ। ਜਿਸ ਦੀ ਦੂਰ-ਦ੍ਰਿਸ਼ਟੀ,ਸਿਰੜਤਾ, ਨਿਸ਼ਕਾਮ ਭਾਵਨਾ ਤੇ ਸਖ਼ਤ ਮਿਹਨਤ ਨੇ ਮਾਰੂਥਲ ਬਣਦੀ ਜਾ ਰਹੀ ਜ਼ਮੀਨ ਨੂੰ ਮੁੜ ਆਬਾਦ ਕਰ ਦਿੱਤਾ।

ਲੇਖਕ ਸੋਚਦਾ ਹੈ ਕਿ ਦੇਵਤੇ ਅੰਬਰਾਂ ਵਿੱਚ ਨਹੀਂ ਰਹਿੰਦੇ ਸਗੋਂ ਸਾਡੇ ਵਿਚਕਾਰ ਹੀ ਕਿਤੇ ਰਹਿੰਦੇ ਹਨ। ਧਰਤੀ ਅਤੇ ਸਿਸਟਮ ਬਦਲਣਾ ਕੋਈ ਔਖਾ ਕੰਮ ਨਹੀਂ ਹੈ। ਸਾਨੂੰ ਅਜਿਹੇ ਸੰਘਰਸ਼ਸ਼ੀਲ ਲੋਕਾਂ ਅੱਗੇ ਨਤਮਸਤਕ ਹੋਣ ਦੀ ਲੋੜ ਨਹੀਂ ਹੈ ਸਗੋਂ ਉਨ੍ਹਾਂ ਦੇ ਵਰਗਾ ਬਣਨ ਦੀ ਲੋੜ ਹੈ। 1947 ਵਿੱਚ ਇਹ ਮਹਾਂ ਬੰਦਾ ਸਦੀਵੀ ਉਡਾਰੀ ਮਾਰ ਗਿਆ। ਧਰਤੀ ਉੱਤੇ ਵਸਾਏ ਹੋਏ ਆਪਣੇ ਸਵਰਗ ਰੂਪੀ ਜੰਗਲ ਅਤੇ ਖੁਸ਼ਹਾਲੀ ਦੇ ਰੂਪ ਵਿੱਚ ਉਹ ਸਦਾ ਜਿਉਂਦਾ ਰਹੇਗਾ।

### 4.1.6 ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ : ਕਲਾਤਮਕ ਅਧਿਐਨ

'ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ' ਵਿਜੈ ਬੰਬੇਲੀ ਵੱਲੋਂ ਪ੍ਰਸਿੱਧ ਲੇਖਕ ਜਿਆ ਜਿਓਨੇ ਦੇ ਨਿਬੰਧ ਫਰਾਂਸ 1987 ਦਾ ਕੀਤਾ ਗਿਆ ਸੰਖੇਪ ਅਤੇ ਖੁੱਲ੍ਹਾ ਅਨੁਵਾਦ ਹੈ ਜੋ ਕਿ ਇਕ ਸੱਚੀ ਘਟਨਾ ਉਪਰ ਆਧਾਰਤ ਹੈ । ਇਸ ਨਿਬੰਧ ਨੂੰ ਪੜ੍ਹਦਿਆਂ ਇਸ ਦੀਆਂ ਕਲਾਤਮਕ ਖੂਬੀਆਂ ਦੇ ਨਾਲ ਨਾਲ ਸਾਨੂੰ ਅਨੁਵਾਦ ਦੇ ਹੁਨਰ ਨੂੰ ਵੀ ਜਾਨਣ ਦਾ ਮੌਕਾ ਮਿਲਦਾ ਹੈ ਇਹ ਅਨੁਵਾਦ ਦਾ ਕਮਾਲ ਹੀ ਹੈ ਕਿ ਇਸ ਨਿਬੰਧ ਨੂੰ ਪੜ੍ਹਦਿਆਂ ਇਹ ਮਹਿਸੂਸ ਹੀ ਨਹੀਂ ਹੁੰਦਾ ਕਿ ਇਸ ਦਾ ਲੇਖਕ ਕੋਈ ਦੂਰ ਦੇਸ ਦਾ ਵਾਸੀ ਹੈ ਅਨੁਵਾਦਕ ਵੱਲੋਂ ਨਿਬੰਧ ਦੀ ਰੂਹ ਨੂੰ ਆਪਣੇ ਅੰਦਰ ਆਤਮਸਾਤ ਕਰਨ ਉਪਰੰਤ

ਇਸ ਦਾ ਤਰਜਮਾ ਕੀਤਾ ਗਿਆ ਹੈ ਉਸ ਦੁਆਰਾ ਵਰਤੀ ਗਈ ਸ਼ਬਦਾਵਲੀ ਅਤੇ ਲਹਿਜ਼ਾ ਬਿਲਕੁਲ ਪੰਜਾਬੀ ਸੁਭਾਅ ਨਾਲ ਮੇਲ ਖਾਂਦੇ ਹਨ ਅੱਗੇ ਅਸੀਂ ਨਿਬੰਧ ਦੀਆਂ ਕਲਾਤਮਕ ਖੂਬੀਆਂ ਬਾਰੇ ਚਰਚਾ ਕਰਾਂਗੇ

'ਨਿਬੰਧ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ । ਇਸ ਦਾ ਅਰਥ ਹੈ ਚੰਗੀ ਤਰ੍ਹਾਂ ਬੰਨ੍ਹਿਆ ਜਾਂ ਪਰੋਇਆ ਹੋਇਆ । ਸਹਿਜੇ ਸਹਿਜੇ ਇਸ ਸ਼ਬਦ ਦੀ ਵਰਤੋਂ ਕਿਸੇ ਚੰਗੀ ਤਰ੍ਹਾਂ ਹੁੰਦੀ ਸੰਵਾਰੀ ਰਚਨਾ ਲਈ ਕੀਤੀ ਜਾਣ ਲੱਗੀ। ਵਿਚਾਰ ਅਧੀਨ ਰਚਨਾ ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕ੍ਰਿਸ਼ਮਾ ਇਸ ਪੱਖ ਤੋਂ ਵਾਚੀ ਜਾਵੇ ਤਾਂ ਅਸੀਂ ਵੇਖਦੇ ਹਾਂ ਕਿ ਉਕਤ ਰਚਨਾ ਸਰਸਰੀ ਨਜ਼ਰੇ ਇਕ ਕਥਾ ਵਾਂਗ ਪਰਤੀਤ ਹੁੰਦੀ ਹੈ ਪਰੰਤੂ ਲੇਖਕ ਦੁਆਰਾ ਵਾਤਾਵਰਣ ਦੀ ਸੰਭਾਲ ਸਬੰਧੀ ਜਾਗਰੂਕ ਕਰਨ ਹਿੱਤ ਆਪਣੇ ਵਿਚਾਰਾਂ ਨੂੰ ਕਥਾ ਦਾ ਸਹਾਰਾ ਲੈਂਦੇ ਹੋਏ ਪੇਸ਼ ਕੀਤਾ ਗਿਆ ਹੈ ਉਹ ਦੱਸਦਾ ਹੈ ਕਿ ਕਿਵੇਂ ਇਕ ਆਜੜੀ ਦੁਆਰਾ ਜਿਸ ਦਾ ਕਿ ਪਿੰਡ ਤੇ ਘਰ ਉੱਜੜ ਚੁੱਕਿਆ ਸੀ ਨੇ ਆਪਣੇ ਸ਼ੌਕ ਦੀ ਬਦੌਲਤ ਆਪਣੀ ਬੰਜਰ ਹੁੰਦੀ ਜਾ ਰਹੀ ਧਰਤ ਨੂੰ ਰੁੱਖ ਲਗਾ ਕੇ ਮੁੜ ਹਰਿਆ ਭਰਿਆ ਕਰ ਲਿਆ ਗਿਆ। ਆਜੜੀ ਦੁਬਾਰਾ ਬੀਜਾਂ ਦੀ ਚੋਣ ਕਰਨਾ, ਉਨ੍ਹਾਂ ਨੂੰ ਪਾਣੀ ਵਿੱਚ ਭਿਉਂਣਾ, ਫਿਰ ਉਹਨਾਂ ਦੀ ਬਿਜਾਈ ਕਰਨਾ, ਉੱਗੇ ਹੋਏ ਦਰੱਖਤਾਂ ਦਾ ਪੂਰਾ ਹਿਸਾਬ ਰੱਖਣਾ, ਲਗਾਤਾਰ ਆਪਣੀ ਮਿਹਨਤ ਨੂੰ ਕਰਦੇ ਜਾਣਾ, ਬੂਟਿਆਂ ਦਾ ਵੱਡੇ ਹੋਣਾ, ਉਥੇ ਬੱਦਲਾਂ ਦਾ ਵਰ੍ਹਨਾ, ਭੂ ਖੋਰੀ ਦਾ ਰੁਕਣਾ, ਪੰਛੀਆਂ ਦਾ ਚਹਿਚਹਾਉਣਾ, ਪਹਾੜਾਂ ਉੱਪਰ ਫਿਰ ਬਰਫ਼ ਦਾ ਪੈਣਾ, ਸੁੱਕ ਚੁੱਕੇ ਨਾਲਿਆਂ ਵਿੱਚ ਫਿਰ ਪਾਣੀ ਆਉਣਾ, ਉੱਜੜ ਚੁੱਕੀ ਬਸਤੀ ਦਾ ਫਿਰ ਵੱਸਣਾ, ਆਦਿਕ ਅਨੇਕਾਂ ਵਿਚਾਰਾਂ ਨੂੰ ਬਹੁਤ ਹੀ ਸੰਗਠਿਤ ਰੂਪ ਵਿਚ ਪੇਸ਼ ਕੀਤਾ ਗਿਆ ਹੈ ਵਿਦਵਾਨਾਂ ਨੇ ਨਿਬੰਧ ਲਈ ਜਿਨ੍ਹਾਂ ਤੱਤਾਂ ਦਾ ਉਲੇਖ ਕੀਤਾ ਹੈ , ਉਨ੍ਹਾਂ ਦੇ ਆਧਾਰ ਤੇ ਅਸੀਂ ਇਸ ਨਿਬੰਧ ਦੀ ਕਲਾਤਮਿਕਤਾ ਸਬੰਧੀ ਗੱਲ ਕਰਾਂਗੇ ।

**ਵਿਅਕਤੀਗਤ ਛਾਪ :**

ਨਿਬੰਧ ਵਿਚ ਚੂੰਕਿ ਨਿਬੰਧਕਾਰ ਦੇ ਦ੍ਰਿਸ਼ਟੀਕੋਣ , ਵਿਚਾਰਧਾਰਾ ਜਾਂ ਅਨੁਭਵਾਂ ਦਾ ਪ੍ਰਗਟਾਵਾ ਹੁੰਦਾ ਹੈ , ਇਸ ਲਈ ਉਸ ਦੇ ਵਿਅਕਤਿਤਵ ਦੀ ਸਪਸ਼ਟ ਛਾਪ ਉਸ ਦੀ ਨਿਬੰਧ - ਰਚਨਾ ਤੋਂ ਮਿਲ ਜਾਂਦੀ ਹੈ । ਇਸ ਗੱਲ ਨਾਲ ਵਿਦਵਾਨ ਸਹਿਮਤ ਹਨ ਕਿ ਕਿਸੇ ਲੇਖਕ ਦੇ ਵਿਚਾਰ ਅਤੇ ਗੁਣ ਉਸ ਦੀ ਰਚਨਾ ਵਿਚ ਉਸੇ ਤਰ੍ਹਾਂ ਸਮਾਏ ਹੁੰਦੇ ਹਨ ਜਿਵੇਂ ਫੁਲ ਵਿਚ ਸੁਗੰਧ ਮੌਜੂਦ ਰਹਿੰਦੀ ਹੈ । ਇਨਸਾਨੀ ਹਿੰਮਤ ਤੇ ਪਹਿਲਕਦਮੀ ਦਾ ਕਰਿਸ਼ਮਾ ਨਿਬੰਧ ਦਾ ਲੇਖਕ ਅਤੇ ਅਨੁਵਾਦਕ ਦੋਵੇਂ ਹੀ ਵਾਤਾਵਰਨ ਪ੍ਰੇਮੀ ਹਨ ਸਬੰਧਤ ਲੇਖ ਦੋਵਾਂ ਦੇ ਹੀ ਵਿਚਾਰਾਂ ਦੀ ਸਾਂਝੀ ਤਰਜਮਾਨੀ ਕਰਨ ਵਾਲਾ ਹੈ ਨਿਬੰਧ ਵਿਚ ਲੇਖਕ ਖ਼ੁਦ ਹਾਜ਼ਰ ਰਹਿੰਦਾ ਹੈ ਜਿਨ੍ਹਾਂ ਘਟਨਾਵਾਂ ਦਾ ਵਰਣਨ ਉਸ ਨੇ ਨਿਬੰਧ ਵਿੱਚ ਕੀਤਾ ਹੈ ਉਹ ਸਾਰੀਆਂ ਉਸ ਦੀਆਂ ਅੱਖੀਂ ਵੇਖੀਆਂ ਹੋਈਆਂ ਹਨ ਸਮੁੱਚੇ ਨਿਬੰਧ ਵਿੱਚ ਹੀ ਉਸ ਦੀ ਵਿਅਕਤੀਗਤ ਛਾਪ ਵੇਖੀ ਜਾ ਸਕਦੀ ਹੈ ਉਦਾਹਰਣ ਵਜੋਂ ਉਦੋਂ ਮੈਂ ਹਾਲੇ ਫੌਜ ਵਿੱਚ ਭਰਤੀ ਹੋਇਆ ਹੀ ਸਾਂ । ਸਾਲ ਭਰ ਦੀ ਸਿਖਲਾਈ ਉਪਰੰਤ ਮੈਨੂੰ ਪੰਦਰਾਂ ਦਿਨ ਦੀ ਛੁੱਟੀ ਮਿਲੀ । ਛੁੱਟੀ ਸਮੇਂ ਘਰ ਜਾਣ ਦੀ ਥਾਂ ਮੈਂ ਘੁੱਮਕੜੀ ਦੀ ਗੱਲ ਸੋਚੀ ; ਥੈਲੇ ਵਿੱਚ ਕੁਝ ਖਾਣ - ਪੀਣ ਦਾ ਸਾਮਾਨ ਰੱਖ , ਪਾਣੀ ਦੀ ਮਾਸ਼ਕ ਲੈ ਲੰਬੀ ਸੈਰ ਲਈ ਤੁਰ ਪਿਆ ਸੀ ਮੈਂ । ਜਿਸ ਖਿੱਤੇ ' ਚੋਂ ਮੈਂ ਲੰਘ ਰਿਹਾ ਸਾਂ , ਉਸ

ਦਾ ਮੈਂ ਪਹਿਲਾਂ ਤੋਂ ਵਾਕਫ਼ ਨਹੀਂ ਸੀ । ਜ਼ਮੀਨ ਉੱਕੀ ਬੰਜ਼ਰ ਸੀ , ਕਿਤੇ - ਕਿਤੇ ਪੀਲੇ ਧਤੂਰੇ ਦੀਆਂ ਝਾੜੀਆਂ ਵਾਲੀ । ਬਾਕੀ ਥਾਂ ਸੁੱਕੀ ਘਾਹ ਤੋਂ ਬਿਨਾਂ ਕੁਝ ਵੀ ਉੱਗਿਆ ਹੋਇਆ ਨਹੀਂ ਸੀ ।

**ਬੁੱਧੀ ਅਤੇ ਭਾਵ ਦਾ ਸੁਮੇਲ** :

ਬੁੱਧੀ ਅਤੇ ਭਾਵ ਦਾ ਸੁਮੇਲ ਕਿਸੇ ਸਫਲ ਨਿਬੰਧ ਦੀ ਬੁਨਿਆਦ ਹੈ ਇਸ ਨਿਬੰਧ ਵਿੱਚ ਅਸੀਂ ਵੇਖਦੇ ਹਾਂ ਕਿ ਲੇਖਕ ਦੀ ਅਰੰਭ ਵਿਚ ਵਾਤਾਵਰਨ ਦੀ ਸੰਭਾਲ ਬਾਰੇ ਕੋਈ ਰੁਚੀ ਨਹੀਂ ਸੀ ਪ੍ਰੰਤੂ ਜਦੋਂ ਉਹ ਇਕ ਆਜੜੀ ਕੋਲ ਇਕ ਰਾਤ ਲਈ ਰੁਕਦਾ ਹੈ ਤਾਂ ਉਸ ਦੇ ਕੰਮ ਨੂੰ ਵੇਖ ਕੇ ਉਸ ਦੇ ਮਨ ਵਿੱਚ ਕੋਈ ਖ਼ਿਆਲ ਜਨਮ ਲੈਂਦਾ ਹੈ ਪ੍ਰੰਤੂ ਬੇਸ਼ੱਕ ਉਹ ਪਹਿਲੇ ਪੜਾਅ ਤੇ ਇਸਨੂੰ ਤਵੱਜੋ ਨਹੀਂ ਦਿੰਦਾ ਪ੍ਰੰਤੂ ਜਦੋਂ ਦੂਸਰੀ ਵਾਰ ਉਹ ਆਜੜੀ ਨੂੰ ਮਿਲਦਾ ਹੈ ਤਾਂ ਉਸ ਦੁਆਰਾ ਲਗਾਏ ਗਏ ਰੁੱਖਾਂ ਨੂੰ ਵੱਡੇ ਹੋਏ ਦੇਖ ਕੇ ਉਸ ਦੀ ਭਾਵਨਾਤਮਕ ਸਾਂਝ ਉਸ ਆਜੜੀ ਤੇ ਰੁੱਖਾਂ ਨਾਲ ਪੈ ਜਾਂਦੀ ਹੈ ਪ੍ਰੰਤੂ ਨਿਬੰਧ ਵਿਚ ਉਹ ਆਪਣੀ ਭਾਵਨਾ ਦੇ ਵਹਿਣ ਵਿਚ ਨਹੀਂ ਵਹਿੰਦਾ ਸਗੋਂ ਬਹੁਤ ਹੀ ਸੰਜਮ ਤੋਂ ਕੰਮ ਲੈਂਦੇ ਹੋਏ ਉਹ ਸਮੁੱਚੇ ਨਿਬੰਧ ਦਾ ਮੁਹਾਂਦਰਾ ਘੜਦਾ ਹੈ ਆਪਣੇ ਹਰ ਵਿਚਾਰ ਨੂੰ ਬਹੁਤ ਹੀ ਬੌਧਿਕ ਢੰਗ ਨਾਲ ਪੇਸ਼ ਕਰਦਾ ਹੈ ਜਿਸ ਨਾਲ ਪਾਠਕ ਜਾਂ ਸਰੋਤੇ ਦੀ ਭਾਵਨਾ ਤਕ ਪਹੁੰਚ ਕਰਨ ਵਿੱਚ ਵੀ ਉਹ ਕਾਮਯਾਬ ਰਹਿੰਦਾ ਹੈ ਅਤੇ ਉਸਦੇ ਬੌਧਿਕ ਵਿਕਾਸ ਵਿੱਚ ਸਹਾਈ ਹੁੰਦਾ ਹੈ ।

**ਨਿਬੰਧਕਾਰ ਅਤੇ ਪਾਠਕ ਦਾ ਸੰਪਰਕ** :

ਨਿਬੰਧ ਕਿਸੇ ਨਿਬੰਧਕਾਰ ਦੇ ਮਨ ਦੀ ਉਹ ਖਿੜਕੀ ਹੈ ਜਿਸ ਨੂੰ ਉਹ ਪਾਠਕ ਵਲ ਖੋਲ੍ਹਦਾ ਹੈ ਅਤੇ ਪਾਠਕ ਉਸ ਖਿੜਕੀ ਰਾਹੀਂ ਨਿਬੰਧਕਾਰ ਦੇ ਮਨ ਅੰਦਰ ਝਾਕਣ ਦਾ ਯਤਨ ਕਰਦਾ ਹੈ । ਨਿਬੰਧ , ਅਸਲ ਵਿਚ , ਨਿਬੰਧਕਾਰ ਅਤੇ ਪਾਠਕ ਵਿਚਾਲੇ ਇਕ ਪੁਲ ਹੈ ਜੋ ਨਿਬੰਧਕਾਰ ਦੇ ਵਿਚਾਰ ਨੂੰ ਪਾਠਕ ਤਕ ਪਹੁੰਚਾਉਣ ਲਈ ਸਹਾਇਤਾ ਕਰਦੀ ਹੈ ਵਿਚਾਰ ਅਧੀਨ ਨਿਬੰਧ ਵਿੱਚ ਦਾ ਸਬੰਧ ਲੇਖਕ ਨਾਲ ਵਾਪਰੀਆਂ ਸੱਚੀਆਂ ਘਟਨਾਵਾਂ ਨਾਲ ਸਬੰਧਤ ਹੈ ਜਿਸ ਰਾਹੀਂ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਕਿਵੇਂ ਇਕ ਆਜੜੀ ਨਾਲ ਮੁਲਾਕਾਤ ਉਪਰੰਤ ਵਾਤਾਵਰਨ ਤੇ ਆਪਣੇ ਚੌਗਿਰਦੇ ਸਬੰਧੀ ਉਸ ਦੇ ਵਿਚਾਰਾਂ ਵਿੱਚ ਬਦਲਾਅ ਆਇਆ ਅਤੇ ਕਿਵੇਂ ਇਕ ਆਜੜੀ ਨੇ ਉੱਜੜ ਚੁੱਕੀ ਬੰਜਰ ਜ਼ਮੀਨ ਨੂੰ ਦਰੱਖਤਾਂ ਨਾਲ ਹਰਿਆ ਭਰਿਆ ਕਰਕੇ ਦੁਬਾਰਾ ਉੱਥੇ ਜੀਵਨ ਨੂੰ ਪਣਪਨ ਲਾ ਦਿੱਤਾ ਨਿਬੰਧ ਦੇ ਮਾਧਿਅਮ ਰਾਹੀਂ ਪਾਠਕ ਨਿਬੰਧਕਾਰ ਦੇ ਮਨੋ ਜਗਤ ਨਾਲ ਸਿੱਧਾ ਰਾਬਤਾ ਬਣਾਉਣ ਵਿੱਚ ਕਾਮਯਾਬ ਰਹਿੰਦਾ ਹੈ ਸਮੁੱਚੇ ਵਿਚਾਰਾਂ ਨੂੰ ਪੜ੍ਹ ਲੈਣ ਜਾਂ ਜਾਣ ਲੈਣ ਉਪਰੰਤ ਸਰੋਤੇ ਜਾਂ ਪਾਠਕ ਦੇ ਮਨ ਵਿੱਚ ਵੀ ਵਾਤਾਵਰਨ ਦੀ ਸੰਭਾਲ ਸਬੰਧੀ ਚੇਤਨਾ ਪੈਦਾ ਕਰਨ ਵਿੱਚ ਲੇਖਕ ਕਾਫੀ ਹੱਦ ਤਕ ਕਾਮਯਾਬ ਹੋ ਜਾਂਦਾ ਹੈ ।

**ਮੌਲਿਕਤਾ** :

ਮੌਲਿਕਤਾ ਭਾਵਾਂ ਜਾਂ ਵਿਚਾਰਾਂ ਦੀ ਨਵੀਨਤਾ ਅਤੇ ਕਥਨ ਦੀ ਵਿਲੱਖਣਤਾ ਉੱਤੇ ਨਿਰਭਰ ਕਰਨ ਵਾਲਾ ਇਕ ਅਹਿਸਾਸ ਹੈ । ਇਹ ਅਹਿਸਾਸ ਨਿਬੰਧਕਾਰ ਅਤੇ ਅਨੁਵਾਦਕ ਦੋਹਾਂ ਕੋਲ ਭਰਪੂਰ ਮਾਤਰਾ ਵਿੱਚ ਮੌਜੂਦ ਹੈ ਜਿੱਥੇ ਨਿਬੰਧਕਾਰ ਨੇ

ਇਸ ਨਿਬੰਧ ਵਿੱਚ ਵਾਤਾਵਰਨ ਸਬੰਧੀ ਬਹੁਤ ਹੀ ਮਲਿਕ ਅਤੇ ਸੱਚੀਆਂ ਘਟਨਾਵਾਂ ਉਪਰ ਆਧਾਰਤ ਵਿਚਾਰਾਂ ਨੂੰ ਪੇਸ਼ ਕੀਤਾ ਹੈ ਉੱਥੇ ਅਨੁਵਾਦਕ ਦੁਬਾਰਾ ਸ਼ਬਦਾਂ ਨੂੰ ਹੂ ਬ ਹੂ ਅਨੁਵਾਦ ਕਰਨ ਦੀ ਥਾਂ ਆਪਣੀ ਮੌਲਿਕ ਸ਼ੈਲੀ ਵਿਚ ਇਨ੍ਹਾਂ ਦਾ ਪ੍ਰਗਟਾਵਾ ਕੀਤਾ ਹੈ ਲੇਖਕ ਤੇ ਅਨੁਵਾਦਕ ਦੋਹਾਂ ਦੀ ਮੌਲਿਕਤਾ ਅੱਗੇ ਦਿੱਤੇ ਵਿਚਾਰ ਵਿੱਚ ਵੇਖੀ ਜਾ ਸਕਦੀ ਹੈ ਦਰਅਸਲ ' ਦੇਵਤੇ ਅੰਬਰਾਂ ਵਿਚ ਨਹੀਂ ਰਹਿੰਦੇ , ਏਥੇ ਕਿਤੇ ਹੀ ਹਨ ਸਾਡੇ ਵਿਚ । ਕਿਸਮਤ ਵਿਧ ਮਾਤਾ ਨਹੀਂ ਲਿਖਦੀ ਹੱਥੀਂ ਸਿਰਜੀ ਜਾਂਦੀ ਹੈ , ਆਪਣੀ ਹੀ ਨਹੀਂ ਦੂਸਰਿਆਂ ਦੀ ਵੀ । ਧਰਤੀ ਅਤੇ ਸਿਸਟਮ ਬਦਲਣਾ ਕੋਈ ਔਖਾ ਨਹੀਂ । ਸਾਨੂੰ ਅਜਿਹੇ ਸੰਘਰਸ਼ਸ਼ੀਲਾਂ ਅੱਗੇ ਨਤਮਸਤਕ ਹੋਣ ਦੀ ਲੋੜ ਨਹੀਂ ਉਨ੍ਹਾਂ ਵਰਗਾ ਬਣਨ ਅਤੇ ਸੰਘਰਸ਼ ਕਰਨ ਦੀ ਲੋੜ ਹੈ । 1947. ਵਿਚ ਉਹ ਮਹਾਂ - ਬੰਦਾ ਸਦਾ ਲਈ ਅੱਖਾਂ ਮੀਟ ਗਿਆ । ਸਦੀਵੀ ਉਡਾਰੀ ਮਾਰ ਗਿਆ ਸੀ ਏਥੋਂ ; ਪਰ ਕੀ ਇਹ ਸੱਚ ਹੈ ? ਜੰਗਲ ਅਤੇ ਖੁਸ਼ਹਾਲੀ ਦੇ ਰੂਪ ' ਚ ਉਹ ਸਦਾ ਹੀ ਜ਼ਿੰਦਾ ਰਹੇਗਾ । ਜੰਗਲ ਜਿਹੜਾ ਸਾਨੂੰ ਵੀ ਲਾਮਬੰਦੀ ਦਾ ਸੱਦਾ ਦੇ ਰਿਹਾ ਹੈ ।

**ਸੰਖੇਪਤਾ** :

ਸੰਖੇਪਤਾ ਤੋਂ ਭਾਵ ਇਹ ਨਹੀਂ ਕਿ ਨਿਬੰਧਕਾਰ ਦਸਣਯੋਗ ਜਰੂਰੀ ਗੱਲਾਂ ਨੂੰ ਲਿਖਣੋ ਛੱਡ ਦੇਵੇ ਸਗੋਂ ਜੋ ਕੁਝ ਨਿਬੰਧਕਾਰ ਉਸ ਵਿਸ਼ੇ ਦੇ ਸੰਬੰਧ ਵਿਚ ਕਹਿਣਾ ਚਾਹੁੰਦਾ ਹੈ , ਉਹ ਨਿਆਇਸ਼ੀਲ ਢੰਗ ਨਾਲ ਕਹਿ ਦੇਵੇ ਤਾਂ ਜੋ ਪਾਠਕ ਪਾਸ ਨਿਬੰਧਕਾਰ ਤੋਂ ਕੋਈ ਹੋਰ ਗੱਲ ਪੁੱਛਣ ਦੀ ਇੱਛਾ ਨਾ ਰਹਿ ਜਾਏ। ਇਨਸਾਨੀ ਹਿੰਮਤ ਅਤੇ ਪਹਿਲਕਦਮੀ ਦਾ ਕ੍ਰਿਸ਼ਮਾ ਨਿਬੰਧ ਮੂਲ ਲੇਖਕ ਦੇ ਨਿਬੰਧ ਦਾ ਪੰਜਾਬੀ ਅਨੁਵਾਦ ਹੈ ਅਨੁਵਾਦਕ ਨਿਬੰਧ ਦੀ ਇਸ ਕਲਾ ਤੋਂ ਭਲੀ ਭਾਂਤ ਵਾਕਫ਼ ਹੈ ਕਿ ਨਿਬੰਧ ਸੰਖੇਪ ਅਤੇ ਢੁੱਕਵਾਂ ਹੋਣਾ ਚਾਹੀਦਾ ਹੈ ਸ਼ਾਇਦ ਇਸੇ ਕਰਕੇ ਉਸ ਨੇ ਨਿਬੰਧ ਦਾ ਹੂ ਬ ਹੂ ਤਰਜਮਾ ਕਰਨ ਦੀ ਬਜਾਏ ਨਿਬੰਧ ਦੀ ਆਤਮਾ ਨਾਲ ਸਿੱਧਾ ਸੰਬੰਧ ਰੱਖਣ ਵਾਲੇ ਵਿਚਾਰਾਂ ਨੂੰ ਬਹੁਤ ਹੀ ਢੁੱਕਵੇਂ ਤੇ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ ਕਿਤੇ ਵੀ ਦੁਹਰਾਓ ਨਹੀਂ ਹੈ ਅਤੇ ਨਾ ਹੀ ਕਿਤੇ ਲੰਬੇ ਲੰਬੇ ਵਾਕ ਵਿਖਾਈ ਦਿੰਦੇ ਹਨ ਕਹਾਣੀ ਰਸ ਦੀ ਪਾਣ ਚੜ੍ਹੀ ਹੋਣ ਕਰਕੇ ਪਾਠਕ ਜਾਂ ਸਰੋਤਾ ਕਿਤੇ ਵੀ ਅੱਕ ਦਾ ਨਹੀਂ ਹੈ ਸਗੋਂ ਜਿਉਂ ਜਿਉਂ ਉਹ ਇਸ ਲੇਖ ਨੂੰ ਪੜ੍ਹਦਾ ਜਾਂਦਾ ਹੈ ਉਸ ਦੀ ਉਤਸੁਕਤਾ ਤੇ ਰੌਚਿਕਤਾ ਵਧਦੀ ਜਾਂਦੀ ਹੈ ।

**ਸਪੱਸ਼ਟਤਾ** :

ਨਿਬੰਧਕਾਰ ਦਾ ਮੁੱਖ ਕਰਤੱਵ ਹੈ ਆਪਣੀ ਗੱਲ ਨੂੰ ਪਾਠਕ ਤਕ ਸਹੀ ਅਤੇ ਸਮਝੇ ਜਾਣ ਯੋਗ ਢੰਗ ਨਾਲ ਪੇਸ਼ ਕਰਨਾ । ਇਸ ਨਾਲ ਪਾਠਕ ਨੂੰ ਕਠਿਨਾਈ ਨਹੀਂ ਹੁੰਦੀ । ਜਿਤਨੀ ਵੀ ਕੋਈ ਨਿਬੰਧ - ਰਚਨਾ ਅਧਿਕ ਸਪਸ਼ਟ ਹੋਵੇਗੀ , ਉਤਨੀ ਹੀ ਉਹ ਵਧੇਰੇ ਪਸੰਦ ਕੀਤੀ ਜਾਵੇਗੀ । ਵਾਤਾਵਰਣ ਅੱਜ ਦੇ ਯੁੱਗ ਵਿਚ ਵਿਚਾਰਿਆ ਜਾਣ ਵਾਲਾ ਆਮ ਵਿਸ਼ਾ ਹੈ ਪ੍ਰੰਤੂ ਅਸੀਂ ਦੇਖਦੇ ਹਾਂ ਕਿ ਬਹੁਤ ਵਾਰੀ ਲੇਖਕ ਦੇ ਵਿਚਾਰ ਕੁਝ ਨਵਾਂ ਜਾਂ ਮੌਲਿਕ ਸਿਰਜਣ ਦੀ ਥਾਂ ਪਹਿਲਾਂ ਵਿਅਕਤ ਕੀਤੇ ਗਏ ਵਿਚਾਰਾਂ ਦਾ ਹੀ ਦੁਹਰਾਓ ਮਾਤਰ ਹੁੰਦੇ ਹਨ ਜਾਂ ਫਿਰ ਕੁਝ ਨਵਾਂ ਕਰਨ ਦੇ ਆਹਰ ਵਿਚ ਵਿਚਾਰ ਬਹੁਤ ਹੀ ਅਸਪਸ਼ਟ ਹੋ ਜਾਂਦੇ ਹਨ ਤੇ ਬਿਆਨ ਵੀ ਗੁੰਝਲਦਾਰ ਹੋ ਨਿਬੜਦਾ ਹੈ ਪ੍ਰੰਤੂ ਜਿੱਥੋਂ ਤਕ ਇਸ ਨਿਬੰਧ ਦਾ ਸੰਬੰਧ ਹੈ ਲੇਖਕ ਨੇ ਬਹੁਤ ਹੀ ਸਪੱਸ਼ਟ ਤਰੀਕੇ ਨਾਲ ਆਪਣੇ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ ਉਪਦੇਸ਼ ਦੀ ਥਾਂ ਤੇ ਉਹ ਆਪਣੇ ਨਾਲ

ਵਾਪਰੀਆਂ ਘਟਨਾਵਾਂ ਦਾ ਵੇਰਵਾ ਦਿੰਦਾ ਹੈ , ਜਿਸ ਦੀ ਬਦੌਲਤ ਪਾਠਕ ਜਾਂ ਸਰੋਤੇ ਦਾ ਧਿਆਨ ਉਸ ਵੱਲੋਂ ਨਹੀਂ ਟੁੱਟਦਾ ਅਤੇ ਉਹ ਆਪਣੇ ਵਿਚਾਰ ਸਪੱਸ਼ਟ ਰੂਪ ਵਿੱਚ ਪਾਠਕ ਜਾਂ ਸਰੋਤੇ ਤਕ ਪਹੁੰਚਾਉਣ ਵਿੱਚ ਕਾਮਯਾਬ ਰਹਿੰਦਾ ਹੈ ਵਿਚਾਰਾਂ ਦੀ ਸਪਸ਼ਟਤਾ ਉਕਤ ਤੋਂ ਵੇਖੀ ਜਾ ਸਕਦੀ ਹੈ '1913 ਵਿਚ ਜਿਥੇ ਮੈਨੂੰ ਖੰਡਰ ਨਜ਼ਰ ਆਏ ਸਨ , ਉਥੇ ਹੁਣ ਹਰੇ - ਭਰੇ ਖੇਤ ਲਹਿਲਹਾ ਰਹੇ ਸਨ । ਲੋਕ ਵੀ ਖੁਸ਼ ਅਤੇ ਸੁਖੀ ਨਜ਼ਰ ਆਉਂਦੇ ਸਨ । ਪਹਾੜੀ ਨਾਲੇ ਜੋ ਪਹਿਲਾਂ ਸੁੱਕ ਗਏ ਸਨ , ਹੁਣ ਉਨ੍ਹਾਂ ਵਿਚ ਦੁਬਾਰਾ ਨਿਰਮਲ ਪਾਣੀ ਵਹਿਣ ਲੱਗ ਪਿਆ ਸੀ । ਉੱਪਰਲੇ ਪਹਾੜਾਂ ਵਿਚ ਬਰਫ ਮੁੜ ਪੈਣ ਲੱਗ ਪਈ ਸੀ ਤੇ ਹੇਠਲਿਆਂ ਵਿਚ ਮੀਂਹ । ਇਸ ਪਾਣੀ ਨੂੰ ਖਾਲਾਂ ਰਾਹੀਂ ਵੱਖ - ਵੱਖ ਖੇਤਾਂ ਵਿਚ ਪਹੁੰਚਾਇਆ ਜਾ ਰਿਹਾ ਸੀ । ਖੇਤਾਂ ਕੋਲ ਦਰੱਖਤਾਂ ਦੇ ਛਾਂ - ਦਾਰ ਬੂੰਡ ਸਨ । ਹੌਲੀ - ਹੌਲੀ ਕਰਕੇ ਪੂਰੀ ਪਿੰਡ ਮੁੜ ਆਬਾਦ ਹੋ ਗਿਆ ਸੀ । ਮੈਦਾਨੀ ਇਲਾਕਿਆਂ ਵਿਚ ਜ਼ਮੀਨੀ ਕੀਮਤ ਮਹਿੰਗੀ ਹੋ ਗਈ । ਉਥੋਂ ਲੋਕ ਇਧਰ ਆ ਕੇ ਵਸਣ ਲੱਗੇ । ਰੁਜ਼ਗਾਰ ਪੈਦਾ ਹੋ ਰਿਹਾ ਹੈ ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਨਿਬੰਧਕਾਰ ਅਤੇ ਅਨੁਵਾਦਕ ਦੋਵੇਂ ਹੀ ਨਿਬੰਧ ਕਲਾ ਤੋਂ ਭਲੀ ਭਾਂਤ ਵਾਕਫ਼ ਹਨ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਬਹੁਤ ਹੀ ਭਾਵਪੂਰਤ ਲੜੀ ਵਿਚ ਪਰੋ ਕੇ ਪੇਸ਼ ਕੀਤਾ ਹੈ ਸਪਸ਼ਟਤਾ ਤੇ ਸੰਜਮਤਾ ਗੁਣ ਹੋ ਨਿਬੜੇ ਹਨ ਕਹਾਣੀ ਰਸ ਦੇ ਮਾਧਿਅਮ ਰਾਹੀਂ ਲੇਖਕ ਪਾਠਕ ਜਾਂ ਸਰੋਤੇ ਨਾਲ ਸਿੱਧਾ ਰਾਬਤਾ ਬਣਾਉਣ ਵਿੱਚ ਕਾਮਯਾਬ ਰਿਹਾ ਹੈ ਨਿਬੰਧ ਦਾ ਕਲਾਤਮਕ ਮਿਆਰ ਬਹੁਤ ਹੀ ਨਿੱਗਰ ਤੇ ਮੌਲਿਕ ਹੈ।

### 4.1.7 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1 :- ਵਿਜੈ ਬੰਬੇਲੀ ਦੇ ਜੀਵਨ ਉੱਤੇ ਸੰਖੇਪ ਨੋਟ ਲਿਖੋ?

ਪ੍ਰਸ਼ਨ 2 :- ਆਜੜੀ ਦਾ ਅਸਲ ਨਾਂ ਕੀ ਸੀ ਅਤੇ ਉਸ ਦਾ ਸੁਭਾਅ ਕਿਹੋ ਜਿਹਾ ਸੀ?

ਪ੍ਰਸ਼ਨ 3 :- ਕੁਦਰਤ ਦੀ ਸਾਂਭ ਸੰਭਾਲ ਵਿੱਚ ਆਜੜੀ ਦਾ ਕੀ ਯੋਗਦਾਨ ਸੀ ?

ਪ੍ਰਸ਼ਨ 4 :- ਮੁਆਇਨਾ ਕਰਨ ਆਏ ਸਰਕਾਰੀ ਮੁਲਾਜ਼ਮਾਂ ਦਾ ਦਿਲ ਕਿਉਂ ਪਿਘਲ ਗਿਆ ਸੀ ਅਤੇ ਉਨ੍ਹਾਂ ਦਾ ਫ਼ੈਸਲਾ ਕੀ ਸੀ?

ਪ੍ਰਸ਼ਨ 5 :- ਜੰਗਲ ਅਬਾਦ ਹੋਣ ਉਪਰੰਤ ਪਿੰਡ ਵਿੱਚ ਆਏ ਪਰਿਵਰਤਨਾਂ ਉੱਪਰ ਨੋਟ ਲਿਖੋ ?

ਉੱਤਰ 1 :-

ਵਿਜੈ ਬੰਬੇਲੀ ( ਵਿਜੈ ਕੁਮਾਰ ) ਦਾ ਜਨਮ ਮਾਤਾ ਸ਼ੀਲਾ ਦੇਵੀ ਤੇ ਪਿਤਾ ਸ੍ਰੀ ਤਰਸੇਮ ਲਾਲ ਦੇ ਘਰ ਪਿੰਡ ਬੰਬੇਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਤੋਂ ਬਾਅਦ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਮਾਹਿਲਪੁਰ ਤੋਂ ਕੀਤੀ ਉੱਚ ਵਿੱਦਿਆ ਲਈ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖ਼ਲਾ ਲਿਆ ਅਤੇ ਉਥੋਂ ਡਿਪਲੋਮਾ ਇਨ ਐਗਰੀਕਲਚਰ (ਕੁਦਰਤੀ ਸਰੋਤਾਂ ਬਾਰੇ) ਕੀਤਾ। ਇਸ ਉਪਰੰਤ ਆਪ ਨੇ 'ਭੂਮੀ ਤੇ ਜਲ ਸੰਭਾਲ ਵਿਭਾਗ, ਪੰਜਾਬ ਵਿਚ ਨੌਕਰੀ ਜੁਆਇਨ ਕਰ ਲਈ ਜਿੱਥੋਂ ਆਪ ਜੂਨ 2018 ਵਿੱਚ ਭੂਮੀ ਰੱਖਿਆ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋਏ ।ਕੁਦਰਤ ਤੇ ਕਿਤਾਬਾਂ ਉਨ੍ਹਾਂ ਦੇ ਦੋ ਇਹੋ ਜਿਹੇ ਸਾਥੀ ਹਨ ਜਿਨ੍ਹਾਂ ਦਾ ਸਾਥ ਉਹਨਾਂ ਨੇ ਜੀਵਨ ਭਰ ਮਾਣਿਆ ਹੈ ।

ਉੱਤਰ 2 :-

ਆਜੜੀ ਦਾ ਅਸਲ ਨਾਂ ਐਲਜੀਆਰਾਦ ਬੋਫੇ ਸੀ।ਸੁਭਾਅ ਪੱਖੋਂ ਬੜਾ ਸ਼ਾਂਤ ਸੀ। ਉਹ ਸਦਾ ਚੁੱਪ-ਚੁੱਪ ਰਹਿੰਦਾ।ਉਹ ਆਪਣੇ ਕੰਮ ਨੂੰ ਬੜੀ ਲਗਨ ਅਤੇ ਇਕਾਗਰਤਾ ਨਾਲ ਕਰਦਾ । ਆਪਣੇ ਕੰਮ ਵਿਚ ਕਿਸੇ ਦੀ ਦਖ਼ਲਅੰਦਾਜ਼ੀ ਉਸ ਨੂੰ ਚੰਗੀ ਨਾ ਲੱਗਦੀ ।1910 ਤੋਂ 1947 ਤਕ ਉਹ ਲਗਾਤਾਰ ਦਰੱਖਤਾਂ ਦੀ ਬਿਜਾਈ ਦੇ ਕਾਰਜ ਵਿੱਚ ਜੁਟਿਆ ਰਿਹਾ।

ਉੱਤਰ 3 :-

ਉਹ ਵਾਤਾਵਰਨ ਪ੍ਰੇਮੀ ਸੀ ਅਤੇ ਕੁਦਰਤ ਦੀ ਸਾਂਭ ਸੰਭਾਲ ਦੇ ਲਈ ਬੂਟੇ ਲਾਉਂਦਾ ਰਹਿੰਦਾ ਸੀ। ਉਸ ਨੇ ਭੇਡਾਂ ਵੀ ਰੱਖੀਆਂ ਸੀ ਅਤੇ ਮਧੂ ਮੱਖੀ ਪਾਲਣ ਦਾ ਕਿੱਤਾ ਵੀ ਅਪਣਾਇਆ ਹੋਇਆ ਸੀ । ਉਸ ਨੂੰ ਮਿੱਟੀ ਦੀ ਬਹੁਤ ਪਰਖ ਸੀ ਅਤੇ ਉਹ ਉਸ ਹਿਸਾਬ ਨਾਲ ਹੀ ਬੂਟੇ ਚੁਣਦਾ ਸੀ।ਆਜੜੀ ਬੀਜਾਂ ਨੂੰ ਬਹੁਤ ਹੀ ਮੋਹ ਮੁਹੱਬਤ ਨਾਲ ਬੀਜਦਾ ਸੀ।ਉਸ ਦੇ ਹਿੱਸੇ ਹੋਰ ਕੋਈ ਕੰਮ ਨਹੀਂ ਸੀ ।ਇਸ ਲਈ ਉਸ ਨੇ ਧਰਤ ਦੀ ਇਸ ਖ਼ਰਾਬ ਹਾਲਤ ਨੂੰ ਸੁਧਾਰਨ ਦੀ ਗੱਲ ਮਨ ਵਿੱਚ ਠਾਣ ਲਈ ।

ਉੱਤਰ 4 :-

1935 ਵਿੱਚ ਆਬਾਦ ਹੋਏ ਉਸ ਜੰਗਲ ਦਾ ਮੁਆਇਨਾ ਕਰਨ ਲਈ ਇਕ ਵੱਡੀ ਸਰਕਾਰੀ ਟੋਲੀ ਉੱਥੇ ਆਉਂਦੀ ਹੈ ।ਜੰਗਲ ਦੇ ਸੁਹੱਪਣ ਕਾਰਨ ਹੀ ਸਰਕਾਰੀ ਮੁਲਾਜ਼ਮਾਂ ਦਾ ਦਿਲ ਪਿਘਲ ਗਿਆ ਸੀ । ਮੁਆਇਨਾ ਕਰਨ ਤੋਂ ਬਾਅਦ ਉਹ ਜੰਗਲ ਨੂੰ ਸੁਰੱਖਿਅਤ ਵਣ ਖੇਤਰ ਘੋਸ਼ਿਤ ਕਰਦੇ ਹਨ । ਇਸ ਦਾ ਇਹ ਲਾਭ ਹੋਇਆ ਕਿ ਲੱਕੜੀ ਤੋਂ ਕੋਲਾ ਬਣਾਉਣ ਦੇ ਧੰਦੇ ਤੇ ਪਾਬੰਦੀ ਲੱਗ ਗਈ।

ਉੱਤਰ 5 :-

ਜੰਗਲ ਆਬਾਦ ਹੋਣ ਉਪਰੰਤ ਪਿੰਡ ਨੂੰ ਵੇਖ ਕੇ ਇੰਜ ਲੱਗਦਾ ਸੀ ਕਿ ਲੋਕਾਂ ਦਾ ਇੱਕ ਉੱਜਲ ਭਵਿੱਖ ਵਿੱਚ ਵਿਸ਼ਵਾਸ ਜਾਗਿਆ ਸੀ ।ਜਿਨ੍ਹਾਂ ਵਿੱਚ ਇੱਕ ਨਵੀਂ ਆਸ ਜਾਗੀ ਸੀ ਤੇ ਉਨ੍ਹਾਂ ਨੇ ਖੰਡਰਾਂ ਨੂੰ ਸਾਫ ਕਰਕੇ ਘਰਾਂ ਨੂੰ ਰਹਿਣ ਯੋਗ ਬਣਾ ਲਿਆ ਸੀ ।ਖੇਤਾਂ ਤੱਕ ਪਾਣੀ ਨੂੰ ਪਹੁੰਚਾਇਆ ਗਿਆ ਅਤੇ ਖੇਤਾਂ ਦੇ ਆਲੇ ਦੁਆਲੇ ਛਾਂ-ਦਾਰ ਰੁੱਖਾਂ ਦੇ ਝੁੰਡ ਸਨ।ਮੈਦਾਨੀ ਇਲਾਕਿਆਂ ਵਿੱਚ ਜ਼ਮੀਨ ਦੀ ਕੀਮਤ ਮਹਿੰਗੀ ਹੋ ਗਈ ਅਤੇ ਲੋਕ ਉੱਥੋਂ ਆ ਕੇ ਇੱਥੇ ਵਸਣ ਲੱਗੇ ।ਇਨ੍ਹਾਂ ਲੋਕਾਂ ਦੀ ਖੁਸ਼ਹਾਲੀ ਦੀ ਜ਼ਿੰਮੇਵਾਰ ਇਕ ਗੰਵਾਰ ਆਜੜੀ ਦੀ ਦੂਰ ਦ੍ਰਿਸ਼ਟੀ, ਨਿਸ਼ਕਾਮ ਭਾਵਨਾ ਅਤੇ ਸਖ਼ਤ ਮਿਹਨਤ ਸੀ । ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਇਕ ਇਕੱਲੇ ਕਹਿਰੇ ਬੰਦੇ ਨੇ ਉਸ ਜੰਗਲ ਨੂੰ ਆਬਾਦ ਕੀਤਾ ।

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ– 5 | **ਗਿਆਨੀ ਗੁਰਦਿੱਤ ਸਿੰਘ ਲੇਖ 'ਤੀਆਂ' ਅਤੇ ਡਾ. ਗੁਰਬਖਸ਼ ਸਿੰਘ ਫ਼ਰੈਂਕ ਲੇਖ 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਦਾ ਵਿਸ਼ਾ, ਸਾਰ ਅਤੇ ਕਲਾਤਮਕ ਪੱਖ** |
|---|---|

## ਪਾਠ ਦੀ ਰੂਪ-ਰੇਖਾ

**5.0 ਭੂਮਿਕਾ**: ਪਿਆਰੇ ਵਿਦਿਆਰਥੀਓ ਤੁਹਾਡਾ ਸਿਲੇਬਸ ਦੇ ਇਸ ਹਿੱਸੇ ਵਿਚ ਲੋਕਧਾਰਾ ਅਤੇ ਸਭਿਆਚਾਰ ਨਾਲ ਸੰਬੰਧਿਤ ਲੇਖ ਪੜ੍ਹਾਏ ਜਾ ਰਹੇ ਹਨ। ਇਸ ਪਾਠ ਵਿਚ ਗਿਆਨੀ ਗੁਰਦਿੱਤ ਸਿੰਘ ਦਾ ਲੇਖ 'ਤੀਆਂ' ਅਤੇ ਡਾ. ਗੁਰਬਖ਼ਸ਼ ਸਿੰਘ ਦਾ ਲੇਖ 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਪੜ੍ਹਇਆ ਜਾ ਰਿਹਾ ਹੈ। ਇਸ ਪਾਠ ਵਿਚ ਅਸੀਂ ਪੰਜਾਬ ਦੀ ਵਿਰਾਸਤ ਦੇ ਤੀਆਂ ਨਾਲ ਸੰਬੰਧਿਤ ਅਤੇ ਪੰਜਾਬੀ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਤੋਂ ਜਾਣੂ ਹੋਵਾਂਗੇ।

**5.1 ਪਾਠ ਦਾ ਮੰਤਵ**: ਇਸ ਪਾਠ ਦਾ ਮੰਤਵ ਵਿਦਿਆਰਥੀਆਂ ਦੇ ਲੋਕਧਾਰਾ ਅਤੇ ਸਭਿਆਚਾਰ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਗਿਆਨ ਵਿਚ ਵਾਧਾ ਕਰਨਾ ਹੈ। ਵਿਦਿਆਰਥੀਆਂ ਦੀ ਸਿਰਜਣਾਤਮਕ ਸ਼ਕਤੀ ਨੂੰ ਵਧਾਉਣਾ ਹੈ। ਇਸ ਪਾਠ ਵਿਚ 'ਤੀਆਂ' ਲੇਖ ਰਾਹੀਂ ਵਿਦਿਆਰਥੀਆਂ ਨੂੰ ਤੀਆਂ ਦੇ ਮਹੱਤਵ ਤੋਂ ਜਾਣੂ ਕਰਾਉਣਾ ਹੈ ਅਤੇ 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਰਾਹੀਂ ਪੰਜਾਬੀ ਬੰਦੇ ਦੇ ਅਸਲ ਖਾਸੇ ਨੂੰ ਪਛਾਨਣ ਅਤੇ ਪੰਜਾਬੀ ਜੀਵਨ ਦੀ ਬੁਨਿਆਦੀ ਕਦਰ ਪ੍ਰਣਾਲੀ ਦੇ ਵਿਭਿੰਨ ਪੱਖਾਂ ਨੂੰ ਸਪੱਸ਼ਟ ਕਰਨਾ ਹੈ।

**5.2 ਪਾਠ ਦੀ ਰੂਪ-ਰੇਖਾ (ਲੇਖ: 'ਤੀਆਂ'-ਗਿਆਨੀ ਗੁਰਦਿੱਤ ਸਿੰਘ)**

5.2.1 ਭੂਮਿਕਾ

5.2.2 ਲੇਖਕ ਨਾਲ ਜਾਣ-ਪਛਾਣ

5.2.3 ਤੀਆਂ ਲੇਖ ਦਾ ਵਿਸ਼ਾ

5.2.4 ਤੀਆਂ ਲੇਖ ਦੀ ਸੰਖੇਪ ਚਰਚਾ ਅਤੇ ਸਾਰ

5.2.5 ਤੀਆਂ ਲੇਖ ਦਾ ਕਲਾਤਮਕ ਪੱਖ

**5.3 ਪਾਠ ਦੀ ਰੂਪ-ਰੇਖਾ (ਲੇਖ: 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ'-ਡਾ. ਗੁਰਬਖਸ਼ ਸਿੰਘ ਫ਼ਰੈਂਕ)**

5.3.1 ਭੂਮਿਕਾ

5.3.2 ਲੇਖਕ ਨਾਲ ਜਾਣ-ਪਛਾਣ

5.3.3 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦਾ ਵਿਸ਼ਾ-ਵਸਤੂ

5.3.4 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦੀ ਸੰਖੇਪ ਚਰਚਾ ਅਤੇ ਸਾਰ

5.3.5 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦਾ ਕਲਾਤਮਕ ਪੱਖ

**5.4 ਸਾਰ**

**5.5 ਅਭਿਆਸ ਲਈ ਪ੍ਰਸ਼ਨ**

**5.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

---

**5.2 ਲੇਖ: 'ਤੀਆਂ'-ਗਿਆਨੀ ਗੁਰਦਿੱਤ ਸਿੰਘ**

ਪਿਆਰੇ ਵਿਦਿਆਰਥੀਓ ਇਸ ਲੇਖ ਦਾ ਮੂਲ ਪਾਠ ਤੁਸੀਂ ਆਪ ਪੜ੍ਹਨਾ ਹੈ। ਤੀਆਂ ਲੇਖ ਬਾਰੇ ਵਿਸਥਾਰਤ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ।

**5.2.1 ਭੂਮਿਕਾ:** ਗਿਆਨੀ ਗੁਰਦਿੱਤ ਸਿੰਘ ਲੋਕਧਾਰਾ ਦੇ ਖੇਤਰ ਵਿਚ ਅਹਿਮ ਕਾਰਜ ਕਰਨ ਵਾਲਾ ਲੋਕਧਾਰਾ ਸ਼ਾਸਤਰੀ ਹੈ। 'ਤੀਆਂ' ਲੇਖ 1961 ਵਿੱਚ ਛਪੀ ਗਿਆਨੀ ਗੁਰਦਿੱਤ ਸਿੰਘ ਦੀ ਪ੍ਰਸਿੱਧ ਪੁਸਤਕ 'ਮੇਰਾ ਪਿੰਡ' ਵਿੱਚੋਂ ਲਿਆ ਗਿਆ ਹੈ। ਇਹ ਪੁਸਤਕ ਮੂਲ ਰੂਪ ਵਿਚ ਪੰਜਾਬੀ ਸੱਭਿਆਚਾਰ ਦੇ ਮੂਲ ਖਾਸੇ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਪੇਸ਼ ਕਰਦੀ ਹੈ। ਇਹ ਪੁਸਤਕ ਪੰਜਾਬੀ ਸਭਿਆਚਾਰ ਦੀਆਂ ਬਹੁਤ ਸਾਰੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਸੰਭਾਲਣ ਵਾਲੀ ਬਹੁਤ ਅਹਿਮ ਪੁਸਤਕ ਹੈ। ਇਹ ਪੁਸਤਕ ਪੰਜਾਬੀ ਲੋਕਧਾਰਾਈ ਵਿਰਾਸਤ ਦਾ ਇੱਕ ਠੋਸ ਦਸਤਾਵੇਜ਼ ਹੈ। ਇਸ ਲੇਖ ਵਿਚ ਲੇਖਕ ਨੇ ਤੀਆਂ ਬਾਰੇ ਸਰਵਪੱਖੀ ਜਾਣਕਾਰੀ ਦਿੱਤੀ ਹੈ।

**5.2.2 ਲੇਖਕ ਨਾਲ ਜਾਣ ਪਛਾਣ:** 'ਤੀਆਂ' ਲੇਖ ਗਿਆਨੀ ਗੁਰਦਿੱਤ ਸਿੰਘ ਦੀ ਰਚਨਾ ਹੈ। ਗਿਆਨੀ ਗੁਰਦਿੱਤ ਸਿੰਘ ਦਾ ਜਨਮ 24 ਫ਼ਰਵਰੀ 1923 ਨੂੰ ਪਿੰਡ ਮਿੱਠੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਸ. ਹੀਰਾ ਸਿੰਘ ਅਤੇ ਮਾਤਾ ਦਾ ਨਾਮ ਨਿਹਾਲ ਕੌਰ ਸੀ। ਉਹਨਾਂ ਨੇ ਸਾਹਿਤ ਰਚਨਾ, ਪੱਤਰਕਾਰੀ, ਖੋਜ ਅਤੇ ਪ੍ਰਕਾਸ਼ਨ ਆਦਿ ਖੇਤਰਾਂ ਵਿਚ ਮਹੱਤਵਪੂਰਨ ਕੰਮ ਕੀਤਾ। 'ਰਾਗਮਾਲਾ ਦੀ ਅਸਲੀਅਤ' (1946), 'ਪੰਜਾਬੀ ਅਤੇ ਗੁਰਮੁਖੀ ਲਿੱਪੀ ਦਾ ਸੰਖੇਪ ਇਤਿਹਾਸ' (ਮਿਤੀਹੀਣ), 'ਭੱਟ ਅਤੇ ਉਹਨਾਂ ਦੀ ਰਚਨਾ' (1960), 'ਮੇਰਾ ਪਿੰਡ' (1961), 'ਤਿੱਥ ਤਿਉਹਾਰ' (ਮਿਤੀਹੀਣ), 'ਮੇਰੇ ਪਿੰਡ ਦਾ ਜੀਵਨ' (ਮਿਤੀਹੀਣ), ਲੋਕ ਕਹਾਣੀਆਂ [ਤਿੰਨ ਜ਼ਿਲਦਾਂ ਵਿੱਚ] (1977), ਪੰਜਾਬੀ ਸਭਿਆਚਾਰ (1987) ਆਦਿ ਉਹਨਾਂ ਦੀਆਂ ਪ੍ਰਮੁੱਖ ਪੁਸਤਕਾਂ ਹਨ।

**5.2.3 ਤੀਆਂ ਲੇਖ ਦਾ ਵਿਸ਼ਾ:** ਇਸ ਲੇਖ ਦਾ ਲੇਖਕ ਗਿਆਨੀ ਗੁਰਦਿੱਤ ਸਿੰਘ ਹੈ। 'ਤੀਆਂ' ਲੇਖ ਵਿਚ ਲੇਖਕ ਨੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਅਤੇ ਇਸਦੇ ਵੱਖ-ਵੱਖ ਪੱਖਾਂ ਦੀ ਸਰਵਪੱਖੀ ਜਾਣਕਾਰੀ ਦਿੱਤੀ ਹੈ। ਲੇਖਕ ਅਨੁਸਾਰ ਤੀਆਂ ਦਾ ਤਿਉਹਾਰ ਸਾਵਣ ਦੇ ਮਹੀਨੇ ਵਿਚ ਔਰਤਾਂ ਅਤੇ ਖਾਸਕਰ ਜਵਾਨ ਕੁੜੀਆਂ ਦੇ ਹੱਸਣ-ਖੇਡਣ ਉਤਸਵ ਹੁੰਦਾ ਹੈ। ਤੀਆਂ ਸਾਵਣ ਦੇ ਮਹੀਨੇ ਦੀ ਤੀਜ ਨੂੰ ਸ਼ੁਰੂ ਹੁੰਦੀਆਂ ਹਨ ਅਤੇ ਪੰਦਰਾਂ ਦਿਨ ਤੱਕ ਚਲਦੀਆਂ ਹਨ। ਇਹਨਾਂ ਦਿਨਾਂ ਵਿਚ ਵਿਆਹੀਆਂ ਕੁੜੀਆਂ ਨੂੰ ਸਹੁਰਿਓ ਪੇਕੇ ਲਿਆਂਦਾ ਜਾਂਦਾ ਹੈ। ਹਰ ਪਿੰਡ ਵਿਚ ਤੀਆਂ ਦਾ ਤਿਉਹਾਰ ਮਨਾਉਣ ਲਈ ਇੱਕ ਵੱਖਰੀ ਥਾਂ ਮੁਕੱਰਰ ਕੀਤੀ ਹੁੰਦੀ ਹੈ। ਇਹ ਥਾਂ ਕੁੜੀਆਂ ਅਤੇ ਔਰਤਾਂ ਦੇ ਹੱਸਣ-ਖੇਡਣ, ਗਾਉਣ, ਗਿੱਧਾ ਪਾਉਣ, ਪੀਘਾਂ ਝੂਟਣ ਅਤੇ ਮੌਜ-ਮਸਤੀ ਕਰਨ ਦਾ ਸਾਂਝਾ ਪਿੜ ਹੁੰਦਾ ਹੈ ਜਿੱਥੇ ਉਹ ਆਪਣੀਆਂ ਰੀਝਾਂ ਅਤੇ ਵਲਵਲਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਥਾਂ ਦੇ ਮਰਦਾਂ ਅਤੇ ਮੁੰਡਿਆਂ ਦਾ ਜਾਣਾ ਮਨ੍ਹਾਂ ਹੁੰਦਾ ਹੈ।

ਇਸ ਲੇਖ ਵਿਚ ਲੇਖਕ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਕਿ ਤੀਆਂ ਦੇ ਤਿਉਹਾਰ ਬਾਰੇ ਦੋ ਪੱਖ ਹਨ। ਪਹਿਲਾ, ਲੇਖਕ ਨੇ ਤੀਆਂ ਦੇ ਨਾਲ ਜੋੜ ਕੇ ਭੈਣ ਭਰਾ ਦੇ ਪਿਆਰ ਦੀ ਅਮਰ ਗੱਲ ਨੂੰ ਬਾਖ਼ੂਬੀ ਪੇਸ਼ ਕੀਤਾ ਹੈ ਅਤੇ ਬਹੁਤ ਸਾਰੇ ਲੋਕ ਗੀਤਾਂ ਦੀਆਂ ਉਦਾਹਰਣਾਂ ਸਹਿਤ ਇਹ ਦਰਸਾਇਆ ਹੈ ਕਿ ਕਿਸੇ ਲੜਕੀ ਲਈ ਘੱਟੋ-ਘੱਟ ਇਕ ਜਾਂ ਇੱਕ ਤੋ ਵਧੇਰੇ ਭਰਾਵਾਂ ਦਾ ਹੋਣਾ ਕੀ ਮਹੱਤਵ ਰੱਖਦਾ ਹੈ। ਭਰਾ ਹੀ ਸਾਰੀ ਉਮਰ ਲਈ ਪੇਕੇ ਹੁੰਦੇ ਹਨ। ਜਿਹਨਾਂ ਦੇ ਭਰਾ ਨਹੀ ਹੁੰਦੇ ਉਹਨਾਂ ਦੇ ਦੁੱਖ ਨੂੰ ਵੀ ਪੇਸ਼ ਕੀਤਾ ਗਿਆ ਹੈ। ਦੂਜਾ, ਤੀਆਂ ਦੇ ਤਿਉਹਾਰ ਦਾ ਸਮਾਂ ਦੱਸਦਿਆਂ ਹੋਇਆ ਸਾਵਣ ਦੇ ਮਹੀਨੇ ਵਿਆਹੀਆਂ ਹੋਈਆਂ ਔਰਤਾਂ ਦੇ ਪੇਕੇ ਆਣ ਦਾ ਕਾਰਣ ਇਹ ਦੱਸਿਆ ਹੈ ਕਿ ਇਸ ਮਹੀਨੇ ਗਰਭਵਤੀ ਹੋਈਆਂ ਔਰਤਾਂ ਦੇ ਬੱਚੇ ਕੱਤਕ ਵਿਚ ਹੁੰਦੇ ਹਨ ਅਤੇ ਕੱਤੇ ਵਿਚ ਕਿਸਾਨਾਂ ਦੇ ਹੋਰ ਰੁਝੇਵੇ ਹੋਣ ਕਰਕੇ ਇਹ ਸਮਾਂ ਉਹਨਾਂ ਲਈ ਇਸ ਪੱਖੋ ਸੁਖਾਵਾਂ ਨਹੀਂ ਹੁੰਦਾ। ਲੇਖਕ ਨੇ ਕੁੜੀਆਂ ਦੇ ਸੰਧਾਰੇ ਬਾਰੇ ਵੀ ਜਾਣਕਾਰੀ ਦਿੱਤੀ ਹੈ। ਇਸ ਤਰ੍ਹਾਂ ਇਸ ਲੇਖ ਦਾ ਵਿਸ਼ਾ ਤੀਆਂ ਬਾਰੇ ਸਰਵਪੱਖੀ ਜਾਣਕਾਰੀ ਦੇਣਾ ਹੈ।

**5.2.4 ਤੀਆਂ ਲੇਖ ਦੀ ਸੰਖੇਪ ਚਰਚਾ ਅਤੇ ਸਾਰ**

5.2.4.1 **ਤੀਆਂ ਦੀ ਤਿਆਰੀ ਅਤੇ ਪਿਛੋਕੜ:** ਪੰਜਾਬ ਦੇ ਹਰ ਪਿੰਡ ਵਿਚ ਤੀਆਂ (ਤੀਜ) ਦਾ ਤਿਉਹਾਰ ਬੜੇ ਧੂਮ ਧੜਕੇ ਨਾਲ ਮਨਾਇਆ ਜਾਂਦਾ ਹੈ। ਇਸਨੂੰ ਸਾਵਿਆਂ (ਹਰਿਆਲੀ) ਦਾ ਤਿਉਹਾਰ ਵੀ ਆਖਦੇ ਹਨ। ਤੀਆਂ ਦੇ ਤਿਉਹਾਰ ਦੇ ਪਿਛੋਕੜ ਬਾਰੇ ਦੋ ਪੱਖ ਹਨ। ਪਹਿਲਾ, ਤੀਆਂ ਅਸਲ ਵਿਚ ਤੀਵੀਆਂ ਜਾਂ ਖਾਸ ਕਰਕੇ ਜੁਆਨ ਕੁੜੀਆਂ ਦੇ ਹੱਸਣ ਖੇਡਣ ਦਾ ਉਤਸਵ ਹੁੰਦਾ ਹੈ। ਤੀਆਂ ਦਾ ਆਰੰਭ ਸਾਵਣ ਮਹੀਨੇ ਦੀ ਤੀਜ ਤੋਂ ਹੁੰਦਾ ਹੈ ਅਤੇ ਪੰਦਰਾਂ ਦਿਨਾਂ ਤੱਕ ਮਨਾਇਆ ਜਾਂਦਾ ਹੈ। ਤੀਆਂ ਨੂੰ ਕੁੜੀਆਂ ਨੂੰ ਸਹੁਰਿਆਂ ਤੋਂ ਪੇਕੇ ਲਿਆਉਣ ਦਾ ਰਿਵਾਜ ਬਹੁਤ ਪੁਰਾਣਾ ਹੈ।

ਦੂਜਾ, ਤੀਆਂ ਦੇ ਤਿਉਹਾਰ ਦਾ ਇੱਕ ਅਹਿਮ ਪੱਖ ਪੈਦਾਵਾਰ ਅਤੇ ਖੇਤੀ ਦੇ ਕਿੱਤੇ ਨਾਲ ਵੀ ਜੁੜਿਆ ਹੋਇਆ ਹੈ। ਇਸ ਪਿੱਛੇ ਵਹਿਮ ਇਹ ਹੈ ਕਿ ਪਿੰਡਾਂ ਦੇ ਲੋਕਾਂ ਦਾ ਇਹ ਵਿਚਾਰ ਹੈ ਕਿ ਸਾਉਣ ਵਿਚ ਨਵ-ਵਿਆਹੀਆਂ ਆਪਣੇ ਪਤੀਆਂ ਤੋਂ ਦੂਰ ਰਹਿਣ ਇਸਦੇ ਪਿਛੇ ਛੁਪੀ ਹੋਈ ਭਾਵਨਾ ਤਾਂ ਇਹ ਹੈ ਕਿ ਬੱਚੇ ਕੱਤੇ ਦੇ ਮਹੀਨੇ ਨਾ ਪੈਦਾ ਹੋਣ ਕਿਉਂਕਿ ਕੱਤੇ ਵਿਚ ਕਿਸਾਨਾ ਨੂੰ ਬਹੁਤ ਕੰਮ ਹੁੰਦਾ ਹੈ।

5.2.4.2 **ਤੀਆਂ ਦੀ ਉਡੀਕ:** ਲੇਖਕ ਇਸ ਲੇਖ ਵਿਚ ਦੱਸਦਾ ਹੈ ਕਿ ਕੁੜੀਆਂ ਅਤੇ ਖ਼ਾਸਕਰ ਵਿਆਹੀਆਂ ਨੂੰ ਤੀਆਂ ਦਾ ਬਹੁਤ ਚਾਅ ਹੁੰਦਾ ਹੈ। ਤੀਆਂ ਦੇ ਤਿਉਹਾਰ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਸਹੁਰੇ ਬੈਠੀਆਂ ਵਿਆਦੜਾਂ ਆਪਣੇ ਪੇਕਿਆਂ ਤੋਂ ਕਿਸੇ ਦੇ ਆਉਣ ਦੀ ਉਡੀਕ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਜੇ ਕਿਸੇ ਦਾ ਵੀਰ ਉਸਨੂੰ ਲੈਣ ਨਾ ਆਵੇ ਤਾਂ ਉਹ ਉਡੀਕ ਅਤੇ ਚਿੰਤਾਂ ਚਿਚ ਤਰਲੋਮੱਛੀ ਹੋ ਜਾਂਦੀ ਹੈ। ਇਸ ਮੌਕੇ ਲੋਕ ਗੀਤ ਪ੍ਰਚੱਲਿੱਤ ਹੈ

ਬੋਤਾ ਵੀਰ ਦਾ ਨਜ਼ਰ ਨਾ ਆਵੇ, ਉਡਦੀ ਧੂੜ ਦਿਸੇ

5.2.4.3 **ਤੀਆਂ ਦਾ ਸਥਾਨ:** ਹਰ ਪਿੰਡ ਵਿਚ ਤੀਆਂ ਦਾ ਤਿਉਹਾਰ ਮਨਾਉਣ ਲਈ ਇੱਕ ਵੱਖਰੀ ਥਾਂ ਨਿਸ਼ਚਿਤ ਕੀਤੀ ਹੁੰਦੀ ਹੈ। ਕੋਈ ਟੋਭਾ, ਕੋਈ ਬਰੋਟਾ, ਕੋਈ ਖੂਹ ਆਦਿ। ਸਭ ਤੋਂ ਮਹੱਤਵਪੂਰਨ ਸਥਾਨ ਪਿੰਡ ਦਾ ਟੋਭਾ ਜਿਸ ਦੇ ਕੰਢੇ ਉੱਤੇ ਤੀਆਂ ਲੱਗਦੀਆਂ ਹਨ। ਇਸ ਤੋਂ ਬਾਅਦ ਬਰੋਟਾ ਜਿੱਥੇ ਕੁੜੀਆਂ ਆਪਣੀਆਂ ਪੀਘਾਂ ਝੂਟਦੀਆਂ ਹੋਈਆਂ ਬਰੋਟੇ ਦੇ ਪੱਤੇ ਤੋੜਨ ਨੂੰ ਸੱਸ ਦੀ ਗੁੱਤ ਪੁੱਟਣ ਨਾਲ ਤੁਲਨਾ ਕਰਦੀਆਂ ਹਨ। ਤੀਜਾ ਮਹੱਤਵਪੂਰਨ ਸਥਾਨ ਖੂਹ ਹੁੰਦਾ ਹੈ ਜਿੱਥੇ ਤੀਆਂ ਲੱਗਣ ਦੀ ਚਰਚਾ ਕੀਤੀ ਜਾਂਦੀ ਹੈ। ਇਹਨਾਂ ਥਾਵਾਂ ਨੂੰ ਤੀਆਂ ਵਾਲਾ ਟੋਭਾ, ਤੀਆਂ ਵਾਲਾ ਬਰੋਟਾ, ਤੀਆਂ ਵਾਲਾ ਖੂਹ ਆਦਿ ਨਾਵਾਂ ਨਾਲ ਸਤਿਕਾਰ ਦਿੱਤਾ ਜਾਂਦਾ ਹੈ।

5.2.4.4 **ਤੀਆਂ ਵਿਚ ਵੀਰ ਦਾ ਮਹੱਤਵ:** ਤੀਆਂ ਦੇ ਤਿਉਹਾਰ ਦਾ ਮਹੱਤਵ ਭਰਾ ਨਾਲ ਜੁੜਿਆ ਹੋਇਆ ਹੈ। ਤੀਆਂ ਨੂੰ ਵੀਰ ਭੈਣ ਦੇ ਸਹੁਰੇ ਜਾ ਕੇ ਉਸ ਨੂੰ ਆਪਣੇ ਨਾਲ ਲੈ ਕੇ ਪੇਕੇ ਆਉਂਦਾ ਹੈ। ਤੀਆਂ ਨੂੰ ਭੈਣਾਂ ਆਪਣੇ ਭਰਾਵਾਂ ਨੂੰ ਉਡੀਕਦੀਆਂ ਹਨ। ਔਸੀਆਂ ਪਾਂਦੀਆਂ ਕਾਂਗ ਉਡਾਂਦੀਆਂ ਗੀਤ ਗਾਂਦੀਆਂ ਹਨ। ਵੀਰ ਦਾ ਬੋਤਾ ਸ਼ੁੱਭ ਸ਼ਗਨਾਂ ਦਾ ਚਿੰਨ੍ਹ ਅਤੇ ਪੇਕਿਆਂ ਦਾ ਦੂਤ ਬਣ ਜਾਂਦਾ ਹੈ। ਤੀਆਂ ਨੂੰ ਲੈਣ ਲਈ ਵੀਰ ਦੇ ਆਉਣ ਤੇ ਸਹੁਰੇ ਘਰ ਭੈਣ ਦਾ ਬਹੁਤ ਮਾਣ ਵਧਦਾ ਹੈ। ਉਸਦੀ ਸਹੁਰੇ ਘਰ ਚਾਲ ਬਦਲ ਜਾਂਦੀ ਹੈ। ਕਿਵੇ ਇਸ ਗੀਤ ਵਿਚ ਕਿਹਾ ਜਾਂਦਾ ਕਿ:

ਜਦੋਂ ਦੇਖਿਆ ਵੀਰ ਦਾ ਬੋਤਾ ਮੱਲ ਵਾਂਗੂ ਪੱਬ ਚੱਕਦੀ।

ਭੈਣ ਦੇ ਘਰ ਪਹੁੰਚਣ ਤੇ ਵੀਰ ਪਹਿਲਾਂ ਭੈਣ ਨੂੰ ਮੱਥਾ ਟੇਕਦਾ ਹੈ। ਉਹ ਭਰਾ ਨੂੰ ਮਲਾਈ ਸਮੇਤ ਕੜ੍ਹਿਆ ਦੁੱਧ ਪੀਣ ਲਈ ਦਿੰਦੀ ਹੈ। ਫਿਰ ਭੈਣ ਸਾਰੇ ਘਰ ਦੀ ਸੁੱਖ-ਸਾਂਦ ਪੁੱਛਦੀ ਹੈ। ਮਾਂ ਦੀ ਗੱਲ ਕਰਦਿਆਂ ਉਹ ਬਹੁਤ ਭਾਵੁਕ ਹੋ ਜਾਂਦੀ ਹੈ। ਵੀਰ ਦੇ ਨਾਲ-ਨਾਲ ਵੀਰ ਦੇ ਬੋਤੇ ਦੇ ਮਹੱਤਵ ਨੂੰ ਵੀ ਦਰਸਾਇਆ ਗਿਆ ਹੈ:

ਤੇਰੇ ਬੋਤੇ ਨੂੰ ਗੁਆਰੇ ਦੀਆਂ ਫ਼ਲੀਆਂ ਤੈਨੂੰ ਵੀਰਾ ਦੁਧ ਦਾ ਛੰਨਾਂ

ਜਾਂ

ਬੋਤਾ ਬੰਨ੍ਹ ਦੇ ਸਰਵਣਾਂ ਵੀਰਾ, ਮੁੰਨੀਆਂ ਰੰਗੀਨ ਗੱਡੀਆਂ।

ਇਸ ਤਰ੍ਹਾਂ ਵੀਰ ਦੇ ਨਾਲ-ਨਾਲ ਭੈਣ ਬੋਤੇ ਦੀ ਵੀ ਖਾਤਰਦਾਰੀ ਕਰਦੀ ਹੈ। ਭੈਣ ਆਪਣੇ ਭਰਾ ਤੋ ਪੇਕਿਆਂ ਦੀ ਹਰ ਚੀਜ਼, ਆਪਣੀਆ ਸਹੇਲੀਆਂ, ਆਂਢ ਗੁਆਂਢ ਆਦਿ ਸਭ ਬਾਰੇ ਪੁੱਛਦੀ ਹੈ। ਉਸਦੀਆਂ ਗੱਲਾਂ ਖ਼ਤਮ ਹੀ ਨਹੀਂ ਹੁੰਦੀਆਂ। ਭਰਾ ਕਹਿੰਦਾ ਹੈ ਕਿ ਤੂੰ ਉਥੇ ਜਾਣਾ ਤਾਂ ਹੈ, ਉਥੇ ਜਾਕੇ ਹੀ ਸਭ ਕੁਝ ਆਪੇ ਜਾਣ ਲਈ। ਪੇਕਿਆਂ ਦੀਆਂ ਗੱਲਾਂ ਕਰਦਿਆਂ ਕਰਦਿਆਂ ਸਹੁਰਾ ਦੇਸ਼ ਬਿਗਾਨਾ ਲੱਗਣ ਲੱਗ ਪੈਦਾ ਹੈ। ਜਿਹਨਾਂ ਕੁੜੀਆਂ ਦੇ ਵੀਰ ਨਹੀਂ ਹੁੰਦਾ ਉਹਨਾਂ ਦਾ ਕੀ ਹਾਲ ਹੁੰਦਾ ਹੈ, ਇਸ ਦਾ ਵਰਣਨ ਵੀ ਗੀਤਾਂ ਵਿਚ ਮਿਲ ਜਾਂਦਾ ਹੈ।

ਭੈਣਾਂ ਰੋਦੀਆਂ ਪਿਛੋਕੜ ਖੜ੍ਹ ਕੇ,
ਜਿਹਨਾਂ ਦੇ ਘਰ ਵੀਰ ਨਹੀਂ।

ਇਸ ਤਰ੍ਹਾਂ ਜਿੱਥੇ ਤੀਆਂ ਦਾ ਮਹੱਤਵ ਭਰਾ ਨਾਲ ਜੁੜਿਆ ਹੋਇਆ ਹੈ ਉੱਥੇ ਭਰਾ ਬਾਹਰੀਆਂ ਕੁੜੀਆਂ ਦੀ ਹਾਲਤ ਨੂੰ ਵੀ ਲੇਖਕ ਨੇ ਬਹੁਤ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ।

5.2.4.5 **ਤੀਆਂ ਦੇ ਗੀਤ:** ਗਿਆਨੀ ਗੁਰਦਿੱਤ ਸਿੰਘ ਨੇ ਤੀਆਂ ਦੇ ਨਾਲ ਜੋੜ ਕੇ ਭੈਣ ਭਰਾ ਦੇ ਪਿਆਰ ਦੀ ਅਮਰ ਗੱਲ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਲੇਖਕ ਨੇ ਬਹੁਤ ਸਾਰੇ ਲੋਕ ਗੀਤਾਂ ਦੀਆਂ ਉਦਾਹਰਣਾਂ ਸਹਿਤ ਇਹ ਦਰਸਾਇਆ ਹੈ ਕਿ ਤੀਆਂ ਦਾ ਮਹੱਤਵ ਭੈਣ ਭਰਾ ਦੇ ਪਿਆਰ, ਸੁਪਨਿਆਂ ਅਤੇ ਰੀਝਾਂ ਨਾਲ ਜੁੜਿਆ ਹੋਇਆ ਹੈ। ਤੀਆਂ ਦੇ ਬਹੁਤੇ ਗੀਤਾਂ ਦਾ ਸੰਬੰਧ ਭਰਾ ਨਾਲ ਹੁੰਦਾ ਹੈ। ਕੁਝ ਗੀਤ ਇਸ ਪ੍ਰਕਾਰ ਹਨ:

ਵੀਰ ਮੇਰਿਆ ਅੰਮਾਂ ਦਿਆ ਜਾਇਆ
ਤੈਨੂੰ ਵੇਖਕੇ ਚੰਨ ਚੜ ਜੇ

ਇਕ ਵੀਰ ਦੇਈ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿਤ ਕਰਦਾ
ਦੋ ਵੀਰ ਦੇਈਂ ਵੇ ਰੱਬਾ, ਮੇਰੀ ਸਾਰੀ ਉਮਰ ਦੇ ਮਾਪੇ।

ਕਈ ਵਾਰ ਭੈਣ ਰੱਬ ਤੋਂ ਦੋ ਵੀਰਾਂ ਦੀ ਮੰਗ ਮੰਗਦੀ ਹੈ:

ਦੋ ਵੀਰ ਦੇਈਂ ਵੇ ਰੱਬਾ
ਇਕ ਮੁਨਸ਼ੀ ਤੇ ਇਕ ਪਟਵਾਰੀ

ਜੇਕਰ ਕਿਸੇ ਕਾਰਨ ਵੀਰ ਲੈਣ ਨਾ ਆਵੇ ਤਾਂ ਸੱਸ ਵੱਲੋਂ ਮਿਹਣੇ ਵੀ ਮਿਲਦੇ ਹਨ:

ਬਹੁਤਿਆਂ ਭਰਾਵਾਂ ਵਾਲੀਏ, ਤੈਨੂੰ ਤੀਆਂ ਨੂੰ ਲੈਣ ਨਾ ਆਏ।
ਸੱਸ ਮਾਰਦੀ ਗਲੀ ਵਿਚ ਤਾਹਨੇ ਤੀਆਂ ਨੂੰ ਨਾ ਆਇਆ ਵੀਰਨਾ।

ਸੱਸ ਵੱਲੋਂ ਦਿੱਤੇ ਉਪਰੋਕਤ ਮਿਹਣੇ ਦਾ ਜਵਾਬ ਵੀ ਗੀਤ ਰਾਹੀਂ ਦਿੱਤਾ ਜਾਂਦਾ ਹੈ:

ਸੱਸੇ ਬਘਿਆੜ ਮੂੰਹੀਏ ਤੇਥੋਂ ਡਰਦੇ ਲੈਣ ਨੀ ਆਏ

ਕਈ ਬਦਕਿਸਮਤ ਭੈਣਾ ਭਰਾ ਬਾਹਰੀਆਂ ਵੀ ਹੁੰਦੀਆਂ ਹਨ। ਇਹਨਾਂ ਕੁੜੀਆਂ ਦੀ ਹਾਲਤ ਨੂੰ ਵੀ ਲੇਖਕ ਨੇ ਗੀਤਾਂ ਰਾਹੀਂ ਬਹੁਤ ਮਾਰਮਿਕਤਾ ਨਾਲ ਪੇਸ਼ ਕੀਤਾ ਹੈ।

5.2.4.6 **ਤੀਆਂ ਦਾ ਸੰਧਾਰਾ**: ਇਸ ਲੇਖ ਵਿਚ ਗਿਆਨੀ ਗੁਰਦਿੱਤ ਸਿੰਘ ਦਸਦੇ ਹਨ ਕਿ ਜਿਹੜੀ ਕੁੜੀ ਨੂੰ ਤੀਆਂ ਦੇ ਦਿਨੀਂ ਪੇਕੀਂ ਨਾ ਲਿਆਂਦਾ ਗਿਆ ਹੋਵੇ, ਉਸ ਨੂੰ ਤੀਆਂ ਦੇ ਦਿਨੀਂ ਸਹੁਰੇ ਘਰ ਹੀ ਸੰਧਾਰਾ ਭੇਜਿਆ ਜਾਂਦਾ ਹੈ, ਜਿਸ ਵਿਚ ਘੱਟੋ-ਘੱਟ ਇੱਕ ਕੁੜਤੀ, ਸੁੱਥਣ ਵਾਲਾ ਤਿਉਰ, ਗੁੜ ਦੇ ਗੁਲਗੁਲੇ ਜਾਂ ਡੋਲ ਸ਼ੱਕਰ, ਇੱਕ ਰੁਪਿਆ ਜ਼ਰੂਰ ਹੁੰਦਾ ਹੈ। ਅਣਮੁਕਲਾਈਆਂ ਕੁੜੀਆਂ ਲਈ ਸੰਧਾਰਾ ਸਹੁਰਿਆਂ ਵਲੋ ਆਉਂਦਾ ਹੈ। ਸਹੁਰਿਆਂ ਦੇ ਸੰਧਾਰੇ ਵਿਚ ਤੇੜ ਸਿਰ ਦੇ ਕੱਪੜਿਆਂ ਤੋਂ ਇਲਾਵਾ, ਇੱਕ ਸੂਤ ਦੀ ਰੰਗੀਲੀ ਦੀ ਰੰਗੀਲੀ ਅਤੇ ਝੂਟਣ ਵਾਲੀ ਪੀਂਘ ਭੇਜੀ ਜਾਂਦੀ ਹੈ। ਕਈ ਆਪਣੀ ਸ਼ਾਨ ਵਿਖਾਣ ਲਈ ਕੋਈ ਇੱਕ ਅੱਧਾ ਗਹਿਣਾ, ਖਾਸ ਕਰ ਨੱਕ ਦਾ ਲੌਂਗ ਜਾਂ ਤੀਲ੍ਹੀ, ਸੁਹਾਗ ਭਾਗ ਮਾਨਣ ਦੀ ਸੱਧਰ ਦੇ ਰੂਪ ਵਿਚ ਭੇਜ ਛੱਡਦੇ ਹਨ।

**5.2.5 ਤੀਆਂ ਲੇਖ ਦਾ ਕਲਾਤਮਕ ਪੱਖ:** ਗਿਆਨੀ ਗੁਰਦਿੱਤ ਸਿੰਘ ਦੇ ਇਸ ਲੇਖ ਦੀ ਸ਼ੈਲੀ ਬਹੁਤ ਨਿਵੇਕਲੀ ਅਤੇ ਰਸਾਤਮਕ ਹੈ। ਲੇਖਕ ਨੇ ਬਹੁਤ ਕਲਾਤਮਕਤਾ ਨਾਲ ਵੱਖ-ਵੱਖ ਥਾਵਾਂ ਦਾ ਮਾਨਵੀਕਰਨ ਕੀਤਾ ਹੈ ਜਿਸ ਨਾਲ ਨਵੀਂ ਤਰ੍ਹਾਂ ਦੀ ਵਾਰਤਕ ਸਾਡੇ ਸਾਹਮਣੇ ਆਉਂਦੀ ਹੈ। ਲੇਖਕ ਦੀ ਭਾਸ਼ਾ ਵੀ ਬਹੁਤ ਕਾਵਿਮਈ ਹੈ। ਬਹੁਤ ਕਮਾਲ ਦੀ ਜੁਗਤ ਨਾਲ ਲੇਖਕ ਨੇ ਪਿੰਡ ਦੇ ਟੋਭੇ ਦਾ, ਪੀਘਾਂ ਝੂਟਣ ਵਾਲੇ ਬਰੋਟੇ ਅਤੇ ਤੀਆਂ ਵਾਲੇ ਖੂਹ ਦਾ ਮਾਨਵੀਕਰਨ ਕਰਕੇ ਜਿਉਂਦੇ ਜਾਗਦੇ ਮਨੁੱਖਾਂ ਵਾਂਗ ਵਰਨਣ ਕੀਤਾ ਹੈ। ਇਸ ਤਰ੍ਹਾਂ ਇਹ ਲੇਖ ਤੀਆਂ ਨਾਲ ਸੰਬੰਧਿਤ ਸਰਬਪੱਖੀ ਜਾਣਕਾਰੀ ਨੂੰ ਬਹੁਤ ਕਲਾਤਮਕਤਾ ਨਾਲ ਪੇਸ਼ ਕਰਦਾ ਹੈ।

### 5.3 ਲੇਖ: 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ'-ਡਾ. ਗੁਰਬਖਸ਼ ਸਿੰਘ ਫ਼ਰੈਂਕ

ਪਿਆਰੇ ਵਿਦਿਆਰਥੀਓ ਇਸ ਲੇਖ ਦਾ ਮੂਲ ਪਾਠ ਤੁਸੀਂ ਆਪ ਪੜ੍ਹਨਾ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦਾ ਇਹ ਲੇਖ 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਬਹੁਤ ਮਹੱਤਵਪੂਰਨ ਲੇਖ ਹੈ। ਇਹ ਲੇਖ ਪਹਿਲੀ ਵਾਰ ਡਾ. ਹਰਮਿੰਦਰ ਸਿੰਘ ਦਿਓਲ ਅਤੇ ਡਾ. ਕੁਲਬੀਰ ਸਿੰਘ ਕਾਂਗ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਸਭਿਆਚਾਰ' ਵਿਚ ਛਪਿਆ ਸੀ। ਬਾਅਦ ਵਿਚ ਇਹ ਲੇਖ ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੀ ਪੁਸਤਕ 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ' ਵਿਚ ਵੀ ਸ਼ਾਮਿਲ ਕੀਤਾ ਗਿਆ। ਹੁਣ ਇਹ ਲੇਖ ਤੁਹਾਡੇ ਪਾਠਕ੍ਰਮ ਦਾ ਹਿੱਸਾ ਹੈ। 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਬਾਰੇ ਵਿਸਥਾਰਤ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ

**5.3.1 ਭੂਮਿਕਾ:** ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦਾ ਨਾਮ ਪੰਜਾਬੀ ਸਭਿਆਚਾਰ ਦੇ ਸਿਧਾਂਤ ਨੂੰ ਘੜਨ ਵਾਲੇ ਸਭਿਆਚਾਰ-ਸ਼ਾਸਤਰੀ ਦੇ ਮੋਢੀਆਂ ਵਿੱਚ ਸ਼ੁਮਾਰ ਹੈ। ਡਾ. ਫ਼ਰੈਂਕ ਨੇ ਇਕ ਪਾਸੇ ਤਾਂ ਸਭਿਆਚਾਰ ਦੇ ਆਮ ਸਿਧਾਂਤਾਂ ਲਈ ਵਿਸ਼ਵ ਵਿਚ ਸਭਿਆਚਾਰ ਬਾਰੇ ਹੋ ਰਹੇ ਚਿੰਤਨ ਨੂੰ ਧਿਆਨ ਵਿਚ ਰੱਖਿਆ ਹੈ। ਦੂਜੇ ਪਾਸੇ ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ' ਪੁਸਤਕ ਪੰਜਾਬੀ ਸਭਿਆਚਾਰ ਅਧਿਐਨ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦਾ ਇਹ ਲੇਖ 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਬਹੁਤ ਮਹੱਤਵਪੂਰਨ ਲੇਖ ਹੈ। ਕਿਉਂਕਿ ਇਹ ਨਾ ਕੇਵਲ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਪ੍ਰਣਾਲੀ ਨੂੰ ਹੀ ਪੇਸ਼ ਕਰਦਾ ਹੈ ਸਗੋਂ ਕਈ ਭੁਲੇਖਿਆਂ ਅਤੇ ਦੁਬਿਧਾਵਾਂ ਨੂੰ ਵੀ ਖ਼ਤਮ ਕਰਦਾ ਹੈ।

**5.3.2 ਲੇਖਕ ਨਾਲ ਜਾਣ-ਪਛਾਣ:** ਇਹ ਲੇਖ ਪੰਜਾਬ ਦੇ ਸਭਿਆਚਾਰ-ਸ਼ਾਸਤਰੀ ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੀ ਰਚਨਾ ਹੈ। ਡਾ. ਫ਼ਰੈਂਕ ਦਾ ਜਨਮ 1 ਸਤੰਬਰ 1935 ਅੰਮ੍ਰਿਤਸਰ ਵਿੱਚ ਹੋਇਆ। ਡਾ. ਫ਼ਰੈਂਕ ਇਕ ਮਾਰਕਸਵਾਦੀ ਚਿੰਤਕ ਹੈ। ਉਸ ਨੇ ਕਈ ਸਾਲ ਸੋਵੀਅਤ ਰੂਸ ਵਿੱਚ ਇਕ ਅਨੁਵਾਦਕ ਦੇ ਰੂਪ ਵਿੱਚ ਕੰਮ ਕੀਤਾ ਸੀ। ਬਾਅਦ ਵਿਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਅਧਿਆਪਨ ਕਾਰਜ ਕਰਦੇ ਰਹੇ। ਉਸਨੇ ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾਂ ਅਤੇ ਤੱਤਾਂ ਬਾਰੇ ਵੀ ਕਾਫ਼ੀ ਮਹੱਤਵਪੂਰਨ ਕੰਮ ਕੀਤਾ ਹੈ। ਉਹਨਾਂ ਨੇ 'ਸੰਵਾਦ', 'ਸਭਿਆਚਾਰ-ਮੁੱਢਲੀ ਜਾਣ-ਪਛਾਣ', 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ', 'ਵਿਰੋਧ ਵਿਕਾਸ ਅਤੇ ਸਾਹਿਤ', 'ਸਾਹਿਤ ਸੰਵਾਦ', 'ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ', 'ਸਾਹਿਤ ਦੀ ਸੰਬਾਦਕਤਾ' ਪ੍ਰਮੁੱਖ ਪੁਸਤਕਾਂ ਦੀ ਰਚਨਾ ਕੀਤੀ।

**5.3.3 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦਾ ਵਿਸ਼ਾ-ਵਸਤੂ:** 'ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ' ਲੇਖ ਦਾ ਵਿਸ਼ਾ-ਵਸਤੂ ਮੁੱਖ ਰੂਪ ਵਿਚ ਪੰਜਾਬੀ ਬੰਦੇ ਦੀ ਅਸਲ ਖਾਸੇ ਨੂੰ ਪਛਾਨਣ ਅਤੇ ਪੰਜਾਬੀ ਜੀਵਨ ਦੀ ਬੁਨਿਆਦੀ ਕਦਰ ਪ੍ਰਣਾਲੀ ਦੇ ਵਿਭਿੰਨ ਪੱਖਾਂ ਨੂੰ ਸਪੱਸ਼ਟ ਕਰਨਾ ਹੈ। ਡਾ. ਫ਼ਰੈਂਕ ਅਨੁਸਾਰ ਪੰਜਾਬੀ ਸਭਿਆਚਾਰ ਦੀ ਮੂਲ ਕਦਰ ਆਜ਼ਾਦ ਅਤੇ ਬੇਖ਼ੌਫ਼ ਜ਼ਿੰਦਗੀ ਜਿਉਣ ਦੀ ਚਾਹਤ ਵਿਚ ਲੁਪਤ ਹੈ। ਪੰਜਾਬੀ ਬੰਦਾ ਕਿਸੇ ਤੇ ਨਿਰਭਰ ਹੋ ਕੇ ਨਹੀਂ ਬਲਕਿ ਸਵੈਨਿਰਭਰਤਾ ਵਿਚ ਜਿਉਣ ਦੀ ਤਾਂਘ ਰੱਖਦਾ ਹੈ। ਲੇਖਕ ਬਾਬਾ ਫ਼ਰੀਦ ਦੇ ਸ਼ਲੋਕ 'ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ' ਅਤੇ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪਿਆਰ ਨਾਲ ਇਹ ਕਰਨ ਗ਼ੁਲਾਮੀ, ਜਾਨ ਕੋਹ ਆਪਣੀ ਵਾਰ ਦਿੰਦੇ ਪਰ ਟੈਂ ਨਾ ਮੰਨਣ ਕਿਸੇ ਦੀ' ਆਦਿ ਉਦਾਹਰਣਾਂ ਰਾਹੀਂ ਪੰਜਾਬੀ ਲੋਕਾਂ ਦੀ ਮੂਲ ਖ਼ਸਲਤ ਨੂੰ ਪਛਾਨਣ ਦਾ ਯਤਨ ਕਰਦਾ ਹੈ।

ਇਸ ਲੇਖ ਵਿੱਚ ਡਾ. ਫ਼ਰੈਂਕ ਪੰਜਾਬ ਦੇ ਲੋਕਾਂ ਦੇ ਅਣਖੀ ਸੁਭਾਅ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਉਹਨਾਂ ਵਿਚ ਬਹੁਤ ਜ਼ਿਆਦਾ ਅੱਖੜਪੁਣਾ ਅਤੇ ਆਪਮੁਹਾਰਾਪਣ ਹੈ। ਉਹ ਕਿਸੇ ਦੀ ਗੁਲਾਮੀ ਨਹੀਂ ਕਰਦੇ ਅਤੇ ਨਾ ਹੀ ਕਿਸੇ ਤੋਂ ਮੰਗ ਕੇ ਖਾਂਦੇਂ ਹਨ। ਉਹ ਨਾ ਹੀ ਕਿਸੇ ਰਾਜੇ-ਰਜਵਾੜੇ ਦੀ ਗ਼ੁਲਾਮੀ ਨੂੰ ਸਵੀਕਾਰ ਕਰਦੇ ਹਨ। ਲੇਖਕ ਅਨੁਸਾਰ ਕਿਸੇ ਸਭਿਆਚਾਰ ਨੂੰ ਅਜਿਹੀਆਂ ਕਦਰਾਂ-ਕੀਮਤਾਂ ਦੇ ਹਵਾਲੇ ਨਾਲ ਜਾਣਿਆ ਜਾ ਸਕਦਾ ਹੈ, ਜਿਹੜੇ ਉਸ ਸਭਿਅਚਾਰ ਦੇ ਜਨ-ਸਮੂਹ ਦੇ ਜੀਵਨ-ਵਿਹਾਰ ਵਿੱਚੋਂ ਝਲਕਦੇ ਹੋਣ। ਅਜਿਹੀਆਂ ਵਿਸ਼ੇਸ਼ ਕਦਰਾਂ-ਕੀਮਤਾਂ ਹੀ ਕਿਸੇ ਸਮਾਜ ਦਾ ਮੁਹਾਂਦਰਾ ਘੜ੍ਹਨ ਵਿਚ ਆਪਣਾ ਯੋਗਦਾਨ ਪਾ ਕੇ ਵਿਅਕਤੀਗਤ ਆਚਰਨ ਨੂੰ ਘੜ੍ਹਨ ਵਿੱਚ ਬੁਨਿਆਦੀ ਰੋਲ ਅਦਾ ਕਰਦੀਆਂ ਹਨ।

ਡਾ.ਗੁਰਬਖ਼ਸ਼ ਸਿੰਘ ਫ਼ਰੈਂਕ ਇਸ ਲੇਖ ਵਿਚ ਪੰਜਾਬੀਆਂ ਦੇ ਸੁਭਾਅ ਦੀ ਇੱਕ ਹੋਰ ਮਹੱਤਵਪੂਰਨ ਪਰਤ ਫ਼ਰੋਲਦੇ ਹਨ। ਜਿਸ ਵਿਚ ਉਹ ਪੰਜਾਬ ਦੇ ਲੋਕਾਂ ਦੀ ਬਹਾਦਰੀ, ਮਹਿਮਾਨ-ਨਿਵਾਜ਼ੀ ਅਤੇ ਉਹਨਾਂ ਦੇ ਦਾਨੀ ਸੁਭਾਅ ਦੀ ਚਰਚਾ ਕਰਦੇ ਹਨ। ਲੇਖਕ ਦਾ ਮੰਨਣਾ ਹੈ ਕਿ ਇਹ ਵਿਵਹਾਰ ਉਹਨਾਂ ਨੇ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਤੋਂ ਆਪਣੇ ਅੰਦਰ ਵਸਾਇਆ ਹੈ। ਉਹ ਲਿਖਦੇ ਹਨ ਕਿ ਬਹਾਦਰੀ ਤਾਂ ਹੀ ਬਹਾਦਰੀ ਹੈ, ਜੇ ਉਹ ਆਪਣੀ ਆਜ਼ਾਦੀ ਕਾਇਮ ਰੱਖਣ ਲਈ ਕੀਤੀ ਗਈ ਹੋਵੇ। ਕਿਸੇ ਦਾ ਦਿਲ ਦਾ ਦੁਖਾਉਣਾ ਜਾਂ ਦੂਸਰੇ 'ਤੇ ਜ਼ੁਲਮ ਕਰਨ ਵਾਲਾ ਕਿੰਨਾ ਵੀ ਬਹਾਦਰ ਹੋਵੇ, ਉਸਦੀ ਬਹਾਦਰੀ ਸਭਿਆਚਾਰਕ ਮੁੱਲ ਨਹੀਂ ਬਣਦੀ। ਇਸ ਪ੍ਰਕਾਰ ਉਹ ਪੰਜਾਬੀ ਲੋਕਾਂ ਵਿਚਲੀ ਬਹਾਦਰੀ ਦੇ ਨਿਵੇਕਲੇ ਅਰਥਾਂ ਦੀ ਸ਼ਨਾਖ਼ਤ ਕਰਦੇ ਹਨ।

ਡਾ. ਫ਼ਰੈਂਕ ਇਸ ਲੇਖ ਵਿਚ ਪੰਜਾਬੀ ਬੰਦੇ ਦੇ ਸਭਿਆਚਾਰਕ ਖ਼ਾਸੇ ਨਾਲ ਸੰਬੰਧਿਤ ਇੱਕ ਹੋਰ ਮਹੱਤਵਪੂਰਨ ਨੁਕਤਾ ਫੜਦੇ ਹਨ ਕਿ ਪੰਜਾਬੀ ਸਭਿਆਚਾਰ ਧਰਮ ਨਿਰਪੱਖ ਹੈ। ਡਾ. ਫ਼ਰੈਂਕ ਦੀ ਧਾਰਨਾ ਹੈ ਕਿ ਪੰਜਾਬੀ ਸਭਿਆਚਾਰ ਵਿਚ ਵਿੱਚ ਭਾਵੇਂ ਸਾਰੇ ਧਰਮਾਂ ਦੇ ਲੋਕ ਸ਼ਾਮਿਲ ਹਨ ਪਰ ਇਹਨਾਂ ਦੀ ਸਭਿਆਚਾਰ ਸ਼ਨਾਖਤ ਧਰਮ ਕਰਕੇ ਨਹੀਂ ਬਲਕਿ ਕੇਂਦਰੀ ਕਦਰ-ਪ੍ਰਣਾਲੀ ਕਰਕੇ ਹੈ। ਇਸਦੇ ਨਾਲ ਹੀ ਉਹਨਾਂ ਇਹ ਸਪੱਸ਼ਟ ਕੀਤਾ ਹੈ ਕਿ ਸਭਿਅਚਾਰ ਕੋਈ ਸਥਿਰ ਵਰਤਾਰਾ ਨਹੀਂ ਹੈ ਸਗੋਂ ਇਹ ਬਦਲਦੀਆਂ ਪਰਸਥਿਤੀਆਂ ਅਨੁਸਾਰ ਬਦਲਦਾ ਰਹਿੰਦਾ ਹੈ। ਨਵੀਆਂ ਸਥਿਤੀਆਂ ਵਿਚ ਜੇ ਕੋਈ ਸਭਿਆਚਾਰ ਆਪਣੀਆਂ ਬੁਨਿਆਦੀ ਕਦਰਾਂ-ਕੀਮਤਾਂ ਦਾ ਤਿਆਗ ਕਰ ਦੇਵੇ ਤਾਂ ਉਹ ਸਭਿਅਚਾਰ ਖ਼ਤਮ ਹੋ ਜਾਂਦਾ ਹੈ। ਪਰ ਜੇ ਆਪਣੀਆਂ ਮੂਲ ਕਦਰਾਂ-ਕੀਮਤਾਂ ਨੂੰ ਬਚਾ ਕੇ ਨਵੀਂਆਂ ਹਾਲਤਾਂ ਦਾ ਟਾਕਰਾ ਕਰਦਾ ਹੈ ਤਾਂ ਨਾ ਕੇਵਲ ਉਹ ਹੋਰ ਮਜ਼ਬੂਤ ਹੋ ਜਾਂਦਾ ਹੈ ਸਗੋਂ ਆਪਚੀ ਸ਼ਨਾਖਤ ਨੂੰ ਵੀ ਪੱਕਿਆ ਕਰ ਲੈਂਦਾ ਹੈ।

ਡਾ. ਫ਼ਰੈਂਕ ਲੇਖ ਦੇ ਅੰਤ ਵਿੱਚ ਪੰਜਾਬੀ ਸਭਿਆਚਾਰ ਬਾਰੇ ਕੁਝ ਤੌਖ਼ਲਿਆਂ ਦੀ ਚਰਚਾ ਕਰਦੇ ਹਨ। ਆਧੁਨਿਕ ਪੂੰਜੀਵਾਦੀ ਯੁੱਗ ਦਾ ਵਿਸ਼ਲੇਸ਼ਣ ਕਰਦੇ ਹੋਏ ਉਹ ਕਹਿੰਦੇ ਹਨ ਕਿ ਪੂੰਜੀਵਾਦ ਨੇ ਸਾਡੇ ਲੋਕਾਂ ਤੋਂ ਅਣਖ ਅਤੇ ਮਟਕ ਖੋਹ ਲਈ ਹੈ। ਹੋਰਨਾਂ ਸਭਿਆਚਾਰਾਂ ਨਾਲ ਜੁੜੇ ਲੋਕਾਂ ਵਾਂਗ ਪੰਜਾਬ ਦੇ ਲੋਕ ਵੀ ਪੂੰਜੀ ਇੱਕਤਰ ਕਰਨ ਵਾਸਤੇ ਆਪਣੀ ਪੰਜਾਬੀਅਤ ਅਤੇ ਜ਼ਮੀਰ ਨਾਲ ਬਹੁਤ ਸਾਰੇ ਦਬਾਵਾਂ, ਤਣਾਵਾਂ ਅਤੇ ਅੰਤਰ ਵਿਰੋਧਾਂ ਵਿੱਚੋਂ ਦੀ ਗੁਜ਼ਰ ਰਿਹਾ ਹੈ। ਪੰਜਾਬੀ ਲੋਕਾਂ ਨੇ ਜੇ ਇਸ ਸੰਕਟ ਨੂੰ ਗੰਭੀਰ ਰੂਪ ਵਿਚ ਨਾ ਲਿਆ ਤਾਂ ਪੰਜਾਬੀ ਸਭਿਆਚਾਰ ਦੀ ਸੁੱਚਤਾ ਅਤੇ ਸੱਚਤਾ ਖ਼ਤਰੇ ਵਿੱਚ ਪੈ ਜਾਵੇਗੀ। ਉਹ ਸਭਿਆਚਾਰ ਨੂੰ ਪੈਸੇ ਦੀ ਪ੍ਰਧਾਨਤਾ ਹੱਥੋਂ ਖ਼ਤਰਾ ਦੇਖਦੇ ਹਨ। ਡਾ. ਫ਼ਰੈਂਕ ਅਨੁਸਾਰ ਜੇ ਪੈਸੇ ਪ੍ਰਧਾਨਤਾ ਹੋ ਗਈ ਤਾਂ ਮਨੁੱਖ ਪੈਸੇ ਦਾ ਗ਼ੁਲਾਮ ਬਣ ਜਾਵੇਗਾ ਅਤੇ ਬੁਨਿਆਦੀ ਕਦਰਾਂ-ਕੀਮਤਾਂ ਗੁਆ ਬੈਠੇਗਾ। ਉਹਨਾਂ ਨੇ ਸਭਿਅਚਾਰ ਨੂੰ ਮੁੱਖ ਖ਼ਤਰਾ ਪੈਸੇ ਦੀ ਸਰਦਾਰੀ ਨੂੰ ਦੱਸਿਆ ਹੈ।

**5.3.4 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦੀ ਸੰਖੇਪ ਚਰਚਾ ਅਤੇ ਸਾਰ:** ਡਾ. ਗੁਰਬਖ਼ਸ ਸਿੰਘ ਫ਼ਰੈਂਕ ਦਾ ਵਿਚਾਰ ਹੈ ਕਿ ਹਰ ਸਭਿਆਚਾਰ ਕਿਸੇ-ਨਾ-ਕਿਸੇ ਬੁਨਿਆਦੀ ਕਦਰ-ਪ੍ਰਣਾਲੀ ਦੇ ਆਲੇ-ਦੁਆਲੇ ਉਸਰਦਾ ਹੈ। ਇਸ ਪ੍ਰਸੰਗ ਵਿਚ ਜੇ ਅਸੀਂ ਪੰਜਾਬੀ ਸਭਿਆਚਾਰ ਦਾ ਅਧਿਐਨ ਕਰੀਏ ਤਾਂ ਸਾਨੂੰ ਬਹੁਤ ਸਾਰੀਆਂ ਕਦਰਾਂ-ਕੀਮਤਾਂ ਪੰਜਾਬੀਅਤ ਦੀਆਂ ਆਤਮਾ ਪ੍ਰਤੀਤ ਹੋਣਗੀਆਂ, ਜਿਵੇਂ; ਬਹਾਦਰੀ, ਪ੍ਰਾਹੁਣਚਾਰੀ ਉਦਾਰਤਾ ਅਤੇ ਧਾਰਮਕਿਤਾ ਆਦਿ। ਪਰੰਤੂ ਇਹ ਥੋੜ੍ਹੇ ਬਹੁਤ ਫ਼ਰਕ ਨਾਲ ਹਰੇਕ ਸਭਿਆਚਾਰ ਵਿਚ ਮੌਜੂਦ ਹਨ ਅਤੇ ਸਾਰੀ ਦੁਨੀਆਂ ਦੇ ਲੋਕ ਇਨ੍ਹਾਂ ਕਦਰਾਂ-ਕੀਮਤਾਂ ਦੀ ਪ੍ਰਸ਼ੰਸ਼ਾ ਕਰਦੇ ਹਨ। ਬਹਾਦਰੀ ਨਾਲ ਹੀ ਆਪਣੇ ਆਪ ਵਿੱਚ ਕੋਈ ਕਦਰ ਨਹੀਂ ਸਗੋਂ ਕਦਰ ਉਸ ਆਸ਼ੇ ਦੀ ਹੁੰਦੀ ਹੈ ਜਿਸ ਲਈ ਉਹ ਦਲੇਰੀ ਦਿਖਾਈ ਜਾਂਦੀ ਹੈ। ਇਸ ਆਸ਼ੇ ਨੂੰ ਮੁੱਖ ਰੱਖ ਕੇ ਹੀ ਇਹ ਖ਼ਾਕਾ ਉਲੀਕਿਆ ਜਾ ਸਕਦਾ ਹੈ ਕਿ ਇਹ ਦਲੇਰੀ ਕਿਸੇ ਆਪਾ ਵਾਰੂ ਭਾਵਨਾ ਦਾ ਪ੍ਰਗਟਾ ਹੈ ਜਾਂ ਨਿਰਦੈਰਤਾ ਅਤੇ ਜ਼ੁਲਮ ਦਾ। ਬਹਾਦਰੀ ਸਿਰਫ਼ ਤੇਗਾਂ ਮਾਰਨ ਦਾ ਨਾਂ ਹੀ ਨਹੀਂ ਬਲਕਿ ਤੱਤੀ ਤਵੀ 'ਤੇ ਬੈਠਣਾ, ਬੰਦ-ਬੰਦ ਕਟਵਾਉਣ ਦਾ ਨਾਂ ਵੀ ਬਹਾਦਰੀ ਹੈ। ਸਿਰ ਉੱਚਾ ਚੁੱਕ ਕੇ ਚੱਲਣ ਦਾ ਨਾਂ ਵੀ ਬਹਾਦਰੀ ਹੈ। ਬਹਾਦਰੀ ਦੇ ਇਹ ਸਾਰੇ ਰੂਪ ਸਭਿਆਚਾਰ ਦਾ ਅੰਗ ਨਹੀਂ ਹੁੰਦੇ ਬਲਕਿ ਬਾਕੀ ਦੇ ਸਾਰੇ ਗੁਣ ਵੀ ਸਭਿਆਚਾਰ ਦੀ ਕੇਂਦਰੀ ਕਦਰ ਨਾਲ ਸੰਬੰਧ ਰੱਖਦੇ ਹੋਏ ਆਪਣੀ ਵਿਲੱਖਣਤਾ ਨੂੰ ਉਘਾੜਦੇ ਹਨ।

ਲੇਖਕ ਇਸ ਲੇਖ ਰਾਹੀਂ ਦਰਸਾਉਂਦਾ ਹੈ ਕਿ ਪੰਜਾਬੀ ਸਭਿਆਚਾਰ ਦੀ ਮੂਲ ਕਦਰ ਆਜ਼ਾਦ ਅਤੇ ਬੇਖ਼ੌਫ਼ ਹੋ ਕੇ ਜਿਉਂਣ ਦੀ ਚਾਹਤ ਵਿਚ ਨਿਹਿਤ ਹੈ। ਉਹ ਕਹਿੰਦਾ ਹੈ ਕਿ ਪੰਜਾਬੀ ਸਭਿਆਚਾਰ ਵਿਚ ਕਿਸੇ ਦੀ ਗ਼ੁਲਾਮੀ ਜਾਂ ਅਧੀਨਗੀ ਕਰਨ ਨੂੰ ਸਭ ਤੋਂ ਮਾੜਾ, ਨਖਿੱਧ ਅਤੇ ਅਨੁਚਿਤ ਕਰਮ ਸਮਝਿਆ ਗਿਆ ਹੈ। ਸ਼ੇਖ਼ ਫ਼ਰੀਦ ਜੀ ਇਸ ਕਰਮ ਦਾ ਖੰਡਣ ਕਰਦੇ ਫੁਰਮਾਉਂਦੇ ਹਨ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।। 42 ।।

ਸ਼ੇਖ਼ ਫ਼ਰੀਦ ਦੀ ਕਦਰ-ਪ੍ਰਣਾਲੀ ਵਿਚ ਕੁਝ ਹੋਰ ਵੀ ਗੁਣ ਸ਼ਾਮਿਲ ਹਨ ਜਿਵੇਂ; ਮਿੱਠਾ ਬੋਲਣਾ, ਕਿਸੇ ਦਾ ਦਿਲ ਨਾ ਦੁਖਾਉਣਾ, ਘਰ ਆਏ ਮਹਿਮਾਨ ਦੀ ਸੇਵਾ ਕਰਨਾ, ਮਾੜੇ ਕੰਮਾਂ ਤੋਂ ਬਚਣਾ, ਮੁਸੀਬਤਾਂ ਤੋਂ ਨਾ ਘਬਰਾਉਣਾ, ਧਨ-ਦੌਲਤ ਨਾਲ ਪਿਆਰ ਨਾ ਕਰਨਾ, ਬੁਰੇ ਦਾ ਭਲਾ ਕਰਨਾ ਤੇ ਲਾਲਚ ਨੂੰ ਪਿਆਰ ਦਾ ਆਧਾਰ ਨਾ ਬਣਾਉਣਾ ਆਦਿ ਪਰ ਇੱਕੋ ਗੁਣ ਜਿਹੜਾਂ ਜ਼ਿੰਦਗੀ ਦੇ ਬਰਾਬਰ ਹੋ ਨਿਬੜਦਾ, ਉਹ ਹੈ ਸ੍ਵੈਧੀਨਤਾ ਦਾ ਜੀਵਨ। ਪੰਜਾਬੀ ਸਭਿਆਚਾਰ ਦੀ ਕਦਰ-ਪ੍ਰਣਾਲੀ ਸ਼ੇਖ਼ ਫ਼ਰੀਦ ਦੀ ਬਾਣੀ ਦੇ ਨਾਲ-ਨਾਲ ਬਾਕੀ ਪੰਜਾਬੀ ਸਾਹਿਤ ਵਿਚੋਂ ਵੀ ਪ੍ਰਤੀਬਿੰਬਤ ਹੁੰਦੀ ਹੈ। ਸ੍ਵੈਧੀਨਤਾ ਤੋਂ ਬਿਨ੍ਹਾਂ ਜੀਵਨ ਵਿੱਚ ਮਟਕ ਨਹੀਂ ਆ ਸਕਦੀ। ਸੋ ਸ੍ਵੈਧੀਨਤਾ ਜੀਵਨ ਦੇ ਸਾਮਾਨਾਰਥੀ ਹੈ ਤੇ 'ਬਾਰਿ ਪਰਾਇ ਬੈਸਣਾ' ਮੌਤ ਬਰਾਬਰ ਹੈ।

ਪ੍ਰੋ. ਪੂਰਨ ਸਿੰਘ, ਪੰਜਾਬੀਆਂ ਦੇ ਸੁਭਾਅ ਦਾ ਖ਼ੁਲਾਸਾ ਕਰਦਾ ਹੋਇਆ ਆਪਣੀ ਇਕ ਕਵਿਤਾ ਵਿੱਚ ਲਿਖਦਾ ਹੈ:

"ਪਿਆਰ ਨਾਲ ਇਹ ਕਰਨ ਗ਼ੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈਂ ਨਾ ਮੰਨਣ ਕਿਸੇ ਦੀ

ਖਲੋ ਜਾਣ ਡਾਂਗਾ ਮੋਢੇ ਤੇ ਉਲਾਰ ਕੇ।"

(ਜਵਾਨ ਪੰਜਾਬ ਦੇ)

ਪੰਜਾਬ ਵਿਦੇਸ਼ੀ ਹਮਲਾਵਰਾਂ ਦਾ ਪ੍ਰਵੇਸ਼ ਦੁਅਰ ਰਿਹਾ ਹੈ ਜਿਸ ਨੇ ਅਨੇਕਾਂ ਹਮਲਿਆਂ ਨੂੰ ਆਪਣਿ ਉਪਰ ਹੰਢਾਇਆ ਹੈ। 1947 ਦੀ ਵੰਡ, ਪੰਜਾਬ ਸੰਕਟ ਦੀ ਮਾਰ ਨੂੰ ਆਪਣੇ ਆਚਰਨ ਦੇ ਬੁਨਿਆਦੀ ਗੁਣ ਸਦਕਾ ਨਾ ਸਿਰਫ਼ ਬਰਦਾਸ਼ਤ ਕੀਤਾ ਸਗੋਂ ਜਲਦੀ ਹੀ ਇਸ ਦੇ ਪ੍ਰਭਾਵ ਹੇਠੋਂ ਨਿਕਲ ਕੇ ਸਮੁੱਚੇ ਦੇਸ਼ ਦੀ ਉਸਾਰੀ ਕਰਨ ਵਿੱਚ ਆਪਣਾ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਨੇ ਭੁੱਖਮਰੀ ਦੇ ਸੰਕਟ ਨੂੰ ਦੂਰ ਕਰਨ ਲਈ ਅਨਾਜ ਉਤਪਾਦਨ ਵਿੱਚ ਆਪਣਾ ਭਰਪੂਰ ਯੋਗਦਾਨ ਪਾ ਕੇ ਦੇਸ਼ ਨੂੰ ਵਿਦੇਸ਼ਾਂ ਦੀ ਆਰਥਿਕ ਗ਼ੁਲਾਮੀ ਤੋਂ ਬਚਾਇਆ ਹੈ। ਇਸ ਤਰ੍ਹਾਂ ਪੰਜਾਬੀ ਲੋਕ ਮੁਸੀਬਤ ਸਮੇਂ ਢੇਰੀ ਨਹੀਂ ਢਾਹੁੰਦੇ ਸਗੋਂ ਰੱਬ ਨੂੰ ਵੰਗਾਰਨ ਲੱਗ ਪੈਂਦੇ ਹਨ। ਪੰਜਾਬੀਆਂ ਦਾ ਸੁਭਾਅ ਜੇਕਰ ਅਜਿਹਾ ਨਾ ਹੁੰਦਾ ਤਾਂ ਇਨ੍ਹਾਂ ਦੀ ਹੋਂਦ ਕਦੋਂ ਦੀ ਖ਼ਤਮ ਹੋ ਗਈ ਹੁੰਦੀ।

ਡਾ. ਦੀਵਾਨ ਸਿੰਘ ਕਾਲੇਪਾਣੀ ਗ਼ੁਲਾਮੀ ਦੀ ਲਾਅਨਤ ਨੂੰ ਬਿਆਨ ਕਰਦਾ ਹੋਇਆ ਪੰਜਾਬੀਆਂ ਨੂੰ ਹਰ ਪ੍ਰਕਾਰ ਦੇ ਬੰਧਨਾਂ ਤੋਂ ਅਜ਼ਾਦ ਵੇਖਣਾ ਚਾਹੁੰਦਾ ਹੈ:

ਮੈਂ ਆਪਣੇ ਬੰਦਿਆਂ ਵਾਸਤੇ ਗ਼ੁਲਾਮੀ ਹਰਾਮ ਕੀਤੀ ਸੀ,
ਮੇਰੇ ਬੰਦੇ ਫਿਰ ਗ਼ੁਲਾਮ ਨੇ ਕਿਉਂ?
... ... ...
ਇਹ ਕੀ ਹੈ ਆਲ, ਜਾਲ, ਜੰਜਾਲ
ਮੇਰੇ ਬੰਦਿਆਂ ਨੂੰ ਬੰਨ੍ਹੇ ਬੰਨ੍ਹਣ?
ਧਰਮ, ਮਜ਼੍ਹਬ, ਸ਼ਰ੍ਹਾ, ਸ਼ਿਕੰਜੇ-ਵਹਿਮ ਭੁਲੇਖੇ।

(ਪੁਕਾਰ ਮੇਰੇ ਰੱਬ ਦੀ)

ਗ਼ੁਲਾਮੀ, ਪਰਾਧੀਨਤਾ ਪੰਜਾਬੀ ਆਚਰਨ ਦੀਆਂ ਸਧਾਰਨ ਹਾਲਤਾਂ ਨਹੀਂ। ਫ਼ਰੇਬ ਅਤੇ ਮੂਰਖ਼ਤਾ ਨੂੰ ਪੰਜਾਬੀ ਸਭਿਆਚਾਰ ਵਿਚ ਕੋਈ ਥਾਂ ਨਹੀਂ। ਇਹ ਨਵੀਆਂ ਕਦਰਾਂ ਪੰਜਾਬੀ ਸਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਸਖੀਪੁਣਾ, ਪਿਆਰ, ਨਿਰਛਲਤਾ, ਭਰੱਪਣ ਆਮ-ਸੂਝ ਦੇ ਵਿਰੋਧ ਵਿੱਚ ਉਭਰ ਰਹੀਆਂ ਹਨ।

ਇਨ੍ਹਾਂ ਹਵਾਲਿਆਂ ਦੁਆਰਾ ਡਾ. ਫ਼ਰੈਂਕ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬੀ ਬੰਦਾ ਕਿਸੇ ਤੇ ਨਿਰਭਰ ਹੋ ਕੇ ਨਹੀਂ ਬਲਕਿ ਸਵੈਨਿਰਭਰਤਾ ਵਿਚ ਜਿਉਣ ਦੀ ਤਾਂਘ ਰੱਖਦਾ ਹੈ। ਸ੍ਵੈਧੀਨਤਾ ਅਤੇ ਅਤਮ-ਸਨਮਾਨ ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਅਤੇ ਮਹੱਤਵਪੂਰਨ ਕਦਰਾਂ-ਕੀਮਤਾਂ ਹਨ। ਇਸ ਦੇ ਹਵਾਲੇ ਨਾਲ ਪੰਜਾਬੀ ਸਭਿਆਚਾਰ ਦੇ ਹੋਰ ਲੱਛਣ ਅਰਥ ਗ੍ਰਹਿਣ ਕਰਦੇ ਹਨ। ਪੰਜਾਬੀ ਸਭਿਆਚਾਰ ਵਿੱਚ ਸ੍ਵੈਧੀਨਤਾ ਦਾ ਅਰਥ ਆਪਹੁਦਰਾਪਣ ਜਾਂ ਮਨ ਮਰਜ਼ੀ ਨਹੀਂ ਹੈ ਬਲਕਿ ਪੰਜਾਬ ਦੇ ਲੋਕਾਂ ਦੇ ਲਈ ਸ੍ਵੈਧੀਨਤਾ ਦਾ ਅਰਥ ਇਹ ਹੈ ਕਿ ਕੋਈ ਸ਼ਕਤੀਸ਼ਾਲੀ ਜ਼ਾਲਮ ਧਿਰ, ਨਿਰਬਲਾਂ ਅਤੇ ਮਜ਼ਲੂਮਾਂ ਨੂੰ ਦਬਾਏ, ਕੁਚਲੇ ਨਾ ਬਲਕਿ ਹਰ ਵਿਅਕਤੀ ਪੂਰਨ ਅਜ਼ਾਦੀ ਨਾਲ ਆਪਣਾ ਜੀਵਨ ਜਿਉਂ ਸਕੇ। ਇਸ ਪ੍ਰਕਾਰ ਉਹ ਪੰਜਾਬੀ ਲੋਕਾਂ ਵਿਚਲੀ ਬਹਾਦਰੀ ਦੇ ਨਿਵੇਕਲੇ ਅਰਥਾਂ ਦੀ ਸ਼ਨਾਖ਼ਤ ਕਰਦੇ ਹਨ।

ਡਾ. ਫ਼ਰੈਂਕ ਅਨੁਸਾਰ ਪੰਜਾਬੀ ਸਭਿਆਚਾਰ ਵਿੱਚ ਰੱਬ ਅਤੇ ਮਨੁੱਖ ਵਿਚਲਾ ਰਿਸ਼ਤਾ ਵੀ ਪਿਆਰ ਦਾ ਹੈ, ਮਾਲਕ-ਗੁਲਾਮ ਦਾ ਨਹੀਂ। ਪੰਜਾਬ ਵਿੱਚ ਧੰਨੇ ਵਰਗਾ ਸਿੱਧਾ ਜੱਟ ਹੀ ਰੱਬ ਅੱਗੇ ਆਪਣੀਆਂ ਮੰਗਾਂ ਦਾ ਚਾਰਟਰ ਪੇਸ਼ ਕਰਕੇ ਉਨ੍ਹਾਂ ਦੀ ਪੂਰਤੀ ਚਾਹੁੰਦਾ ਹੈ ਜੇ ਉਸ ਨੇ ਆਪਣੀ ਭਗਤੀ ਕਰਾਉਣੀ ਹੈ ਤਾਂ ਇਸ ਲਈ ਉਸ ਨੂੰ ਧੰਨੇ ਭਗਤ ਦੀਆਂ ਮੰਗਾਂ ਪੂਰੀਆਂ ਕਰਨੀਆਂ ਪੈਣੀਆਂ ਹਨ।

ਡਾ. ਫ਼ਰੈਂਕ ਇਸ ਲੇਖ ਵਿਚ ਪੰਜਾਬੀ ਬੰਦੇ ਦੇ ਸਭਿਆਚਾਰਕ ਖਾਸੇ ਨਾਲ ਸੰਬੰਧਿਤ ਇੱਕ ਹੋਰ ਮਹੱਤਵਪੂਰਨ ਨੁਕਤਾ ਫੜਦੇ ਹਨ ਕਿ ਪੰਜਾਬੀ ਸਭਿਆਚਾਰ ਕਿਸੇ ਇੱਕ ਧਰਮ ਜਾਂ ਜਮਾਤ ਦੀ ਮਲਕੀਅਤ ਨਹੀਂ ਹੈ। ਇਹ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਆਦਿ ਸਭ ਧਰਮਾਂ ਦਾ ਸਾਂਝਾ ਹੈ। ਪੰਜਾਬੀ ਲੋਕਾਂ ਨੂੰ ਕਿਸੇ ਓਪਰੇ ਜਾਂ ਵਿਦੇਸ਼ੀ ਸਭਿਆਚਾਰ ਵਿੱਚ ਵਿਚਰਦਿਆਂ ਵੇਖੋ। ਉਨ੍ਹਾਂ ਦਾ ਧਰਮ ਭਾਵੇਂ ਕੋਈ ਵੀ ਹੋਵੇ ਉਨ੍ਹਾਂ ਦਾ ਵਿਹਾਰ ਮੂੰਹੋਂ ਬੋਲੇਗਾ ਕਿ ਉਹ ਪੰਜਾਬੀ ਹਨ। ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਦੇਸ਼-ਵਿਦੇਸ਼ ਭਟਕਦੇ ਹੋਏ ਪੰਜਾਬੀ ਵੀ ਹੱਥ ਅੱਡ ਕੇ ਖਾਣ ਨਾਲੋਂ ਹੱਡ ਭੰਨ੍ਹ ਕੇ ਰੋਜ਼ੀ ਕਮਾਉਣੀ ਠੀਕ ਸਮਝਦੇ ਹਨ। ਇਸ ਲਈ ਉਹ ਸਮਾਂ ਪਾ ਕੇ ਸਥਾਨਕ ਆਰਥਿਕਤਾ ਦਾ ਅੰਗ ਬਣ ਜਾਂਦੇ ਹਨ, ਬਾਹਰਲੇ ਜਾਂ ਗ਼ੈਰ ਨਹੀਂ ਰਹਿੰਦੇ। ਪੰਜਾਬੀਆਂ ਦੀ ਇਸੇ ਫ਼ਿਤਰਤ ਕਾਰਨ, ਉਨ੍ਹਾਂ ਉਪਰ ਰਸ਼ਕ ਕੀਤਾ ਜਾ ਸਕਦਾ ਹੈ।

ਆਰਥਿਕ-ਪਦਾਰਥਕ ਸਥਿਤੀਆਂ ਦੇ ਬਦਲ ਜਾਣ ਨਾਲ ਹਰ ਸਭਿਆਚਾਰ ਉਤੇ ਕੁਝ ਦਬਾਉ ਵੀ ਪੈਂਦੇ ਹਨ, ਜਿਨ੍ਹਾਂ ਕਾਰਨ ਲੋਕ ਤਣਾਉ ਗ੍ਰਸਤ ਹੋਣ ਲੱਗਦੇ ਹਨ ਪਰ ਜਿਹੜੇ ਸਭਿਆਚਾਰ ਇਨ੍ਹਾਂ ਦਬਾਵਾਂ ਦੇ ਕਾਰਨ ਆਪਣੀਆਂ ਮੂਲ ਕਦਰਾਂ-ਕੀਮਤਾਂ ਤੋਂ ਬੇਮੁਖ ਹੋ ਜਾਂਦੇ ਹਨ, ਉਹ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਂਦੇ ਹਨ। ਪਰ ਜਿਹੜੇ ਲੋਕ ਆਪਣੀਆਂ ਕਦਰਾਂ-ਕੀਮਤਾਂ ਨੂੰ ਸੰਭਾਲ ਕੇ ਬਦਲਦੀਆਂ ਪਰਸਥਿਤੀਆਂ ਅਨੁਸਾਰ ਇਨ੍ਹਾਂ ਵਿਚ ਨਵੀਂ ਵਸਤੂ ਭਰ ਦਿੰਦੇ ਹਨ; ਉਹ ਨਾ ਕੇਵਲ ਸੰਕਟ ਨੂੰ ਟਾਲ ਦਿੰਦੇ ਹਨ ਬਲਕਿ ਹੋਰ ਮਜ਼ਬੂਤ ਹੋ ਜਾਂਦੇ ਹਨ। ਪੰਜਾਬੀ ਸਭਿਆਚਾਰ ਬਹੁਤ ਸਾਰੇ ਸੰਕਟਾਂ ਵਿਚੋਂ ਹੁੰਦਾ ਹੋਇਆ ਵਧੇਰੇ ਮਜ਼ਬੂਤ ਹੋ ਕੇ ਨਿਕਲਦਾ ਰਿਹਾ ਹੈ। ਅਜੋਕੀ ਪੂੰਜੀਵਾਦੀ ਦੌਰ ਵਿਚ ਪੰਜਾਬੀ ਸਭਿਆਚਾਰ ਬਹੁਤ ਸਾਰੇ ਦਬਾਵਾਂ ਅਤੇ ਸੰਕਟਾਂ ਦੇ ਰੂ-ਬ-ਰੂ ਹੈ। ਜਿਸ ਦੌਰ ਵਿਚੋਂ ਅਸੀਂ ਅੱਜ ਗੁਜ਼ਰ ਰਹੇ ਹਾਂ ਇਸ ਵਿਚ ਪੈਸਾ ਹੀ ਇੱਕੋ-ਇੱਕ ਹਕੀਕਤ ਬਣ ਕੇ ਰਹਿ ਗਿਆ ਹੈ। ਇਸ ਦੀ ਪ੍ਰਾਪਤੀ ਲਈ ਅਸੀਂ ਆਪਣੀਆਂ ਸਭਿਆਚਾਰਕ ਕਦਰਾਂ–ਕੀਮਤਾਂ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਾਂ। ਗੁਰੂ ਨਾਨਕ ਦੇਵ ਜੀ ਨੇ ਪੈਸੇ ਦੀ ਹਕੀਕਤ ਨੂੰ ਸਪੱਸ਼ਟ ਕਰਦਿਆਂ ਫੁਰਮਾਇਆ ਹੈ:

"ਪਾਪਾਂ ਬਾਝਹੁ ਹੋਵੈ ਨਾਹੀ, ਮੋਇਆ ਸਾਥਿ ਨ ਜਾਈ।।"

ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਲੇਖ ਦੇ ਅੰਤ ਵਿੱਚ ਪੰਜਾਬੀ ਸਭਿਆਚਾਰ ਬਾਰੇ ਕੁਝ ਤੋਖ਼ਲਿਆਂ ਦੀ ਚਰਚਾ ਕਰਦੇ ਹਨ। ਆਧੁਨਿਕ ਪੂੰਜੀਵਾਦੀ ਯੁੱਗ ਦਾ ਵਿਸ਼ਲੇਸ਼ਣ ਕਰਦੇ ਹੋਏ ਉਹ ਕਹਿੰਦੇ ਹਨ ਕਿ ਪੂੰਜੀਵਾਦ ਨੇ ਸਾਡੇ ਲੋਕਾਂ ਤੋਂ ਅਣਖ ਅਤੇ ਮਟਕ ਖੋਹ ਲਈ ਹੈ।ਹੁਣ ਹੋਰ ਸਭਿਆਚਾਰਾਂ ਵਾਂਗ ਪੰਜਾਬੀ ਲੋਕ ਵੀ ਪੈਸਾ ਇੱਕਠਾ ਕਰਨ ਦੀ ਹੋੜ ਜਾਂ ਦੌੜ ਵਿਚ ਸ਼ਾਮਲ ਹੋ ਗਏ ਹਨ। ਪੂੰਜੀਵਾਦੀ ਸਭਿਆਚਾਰ ਨੇ ਅਣਖ, ਸ੍ਵੈਧੀਨਤਾ ਅਤੇ ਸ੍ਵੈਮਾਣ ਵਰਗੀਆਂ ਸਾਡੀਆਂ ਕੇਂਦਟੀ ਕਦਰਾਂ-ਕੀਮਤਾਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਦੇਖਣਾ ਸਿਰਫ਼ ਇਹ ਹੈ ਕਿ ਕੀ ਪੰਜਾਬੀ ਲੋਕ ਆਪਣੀਆਂ ਕੀਮਤਾਂ ਨੂੰ ਬਚਾ ਸਕਦੇ ਹਨ ਜਾਂ ਨਹੀਂ। ਉਹ ਜੇ ਇਨ੍ਹਾਂ ਕਦਰਾਂ-ਕੀਮਤਾਂ ਨੂੰ ਨਾ ਬਚਾ ਸਕੇ ਤਾਂ ਪੰਜਾਬੀ ਸਭਿਆਚਾਰ ਟੁਕੜੇ-ਟੁਕੜੇ ਹੋ ਜਾਵੇਗਾ ਅਤੇ ਇਸ ਦੇ ਨਾਲ ਹੀ ਸਾਡੀ ਸ਼ਨਾਖਤ ਅਤੇ ਸ੍ਵੈ-ਪਹਿਚਾਣ ਵੀ ਖ਼ਤਮ ਹੋ ਜਾਵੇਗੀ। ਆਪਣੀ ਸ੍ਵੈਧੀਨਤਾ ਨੂੰ ਕਾਇਮ ਰੱਖਣ ਦੀ ਵੰਗਾਰ ਨੂੰ ਹਿੰਮਤ, ਹੌਂਸਲੇ ਅਤੇ ਬਹਾਦਰੀ ਨਾਲ ਪ੍ਰਵਾਨ ਕਰਨ ਨਾਲ ਹੀ ਪੰਜਾਬੀਆਂ ਨੂੰ ਅਤੇ ਇਨ੍ਹਾਂ

ਦੇ ਸਭਿਆਚਾਰ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਇਸ ਤਰ੍ਹਾਂ ਲੇਖਕ ਨੇ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਦੀ ਅਖੰਡਤਾ ਅਤੇ ਸਮੁੱਚਤਾ ਨੂੰ ਬਚਾਉਣ ਲਈ ਭਰਪੂਰ ਚੁਣੌਤੀ ਦਿੱਤੀ ਹੈ।

**5.3.5 'ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ' ਲੇਖ ਦਾ ਕਲਾਤਮਕ ਪੱਖ**

**5.3.5.1 ਭਾਸ਼ਾ ਅਤੇ ਸ਼ਬਦਾਵਲੀ:** ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਨੇ ਇਸ ਲੇਖ ਵਿਚ ਪੰਜਾਬੀ ਸਭਿਆਚਾਰਕ ਬਣਤਰ ਦੀਆਂ ਮੂਲ ਖਸਲਤਾਂ ਦੀ ਪੇਸ਼ਕਾਰੀ ਕੀਤੀ ਹੈ। ਉਸਨੇ ਇਸ ਲੇਖ ਵਿਚ ਕੇਂਦਰੀ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਹੈ। ਸ਼ਬਦ ਚੋਣ ਢੁੱਕਵੀਂ ਅਤੇ ਭਾਵਾਂ ਦੇ ਅਨੁਕੂਲ ਹੋਣ ਕਰਕੇ ਬਿਆਨੀਆ ਲਹਿਜ਼ਾ ਮੁਹਾਵਰੇਦਾਰ ਹੈ। ਉਸ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਉਰਦੂ-ਫ਼ਾਰਸੀ, ਹਿੰਦੀ-ਸੰਸਕ੍ਰਿਤ, ਅੰਗਰੇਜ਼ੀ ਦੇ ਪੰਜਾਬੀ ਵਿੱਚ ਪ੍ਰਚਿੱਲਤ ਸ਼ਬਦਾਂ ਦੀ ਖੁੱਲ੍ਹੀ ਵਰਤੋ ਕੀਤੀ ਹੈ। ਜਿਵੇਂ; ਉਰਦੂ ਸ਼ਬਦ:- ਕਦਰਾਂ, ਬੁਨਿਆਦੀ, ਗ਼ਦਾਰੀ, ਸ਼ਾਹਦੀ, ਗ਼ੁਲਾਮ, ਹਕੀਕਤ ਆਦਿ ਸ਼ਬਦ। ਹਿੰਦੀ-ਸੰਸਕ੍ਰਿਤ:-ਵਿਲੱਖਣਤਾ, ਸੰਦਰਭ, ਨਿਰਧਾਰਿਤ, ਸੰਤਾਪ. ਪ੍ਰਤੀਬਿੰਬਤਾ, ਸ੍ਵੈਧੀਨਤਾ ਆਦਿ ਸ਼ਬਦ, ਪ੍ਰਾਜੈਕਟ, ਚਾਰਟਰ ਆਦਿ ਅੰਗਰੇਜ਼ੀ ਸ਼ਬਦ ਵਰਤੇ ਹਨ। ਇਸ ਤੋਂ ਬਿਨ੍ਹਾਂ ਫ਼ਰੀਦ ਬਾਣੀ ਦੀਆਂ ਟੂਕਾਂ ਵੀ ਉਸ ਸਮੇਂ ਦੀ ਪੰਜਾਬੀ ਵਿੱਚ ਦਿੱਤੀਆਂ ਹਨ। ਲੇਖਕ ਨੇ ਵੱਖ-ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਤੋਂ ਬਿਨ੍ਹਾਂ ਆਪਣੇ ਬਿਆਨ ਨੂੰ ਵਧੇਰੇ ਰੌਚਕ ਬਣਾਉਣ ਲਈ ਮੂੰਹ ਫੇਰਨਾ, ਹੱਥ ਅੱਡਣਾ, ਹੱਡ ਭੰਨ ਕੇ ਖਾਣਾ, ਮੂੰਹੋਂ ਬੋਲਣਾ ਆਦਿ ਮੁਹਾਵਰਿਆਂ ਦੀ ਵਰਤੋਂ ਕੀਤੀ ਹੈ।

**5.3.5.2 ਸ਼ੈਲੀ:** ਡਾ. ਗੁਰਬਖ਼ਸ ਸਿੰਘ ਫ਼ਰੈਂਕ ਦੇ ਇਸ ਲੇਖ ਦੀ ਸ਼ੈਲੀ ਬੌਧਿਕ ਹੈ। ਸਪੱਸ਼ਟਤਾ ਤੇ ਰੌਚਕਤਾ ਇਸ ਦੇ ਵਿਸ਼ੇਸ਼ ਗੁਣ ਹਨ। ਲੇਖਕ ਦੀ ਆਪਣੇ ਵਿਸ਼ੇ ਸੰਬੰਧੀ ਪੂਰੀ ਸਪੱਸ਼ਟਤਾ ਦਾ ਪ੍ਰਗਟਾਵਾ ਉਸਦੇ ਆਪਣੇ ਵਿਚਾਰਾਂ ਵਿੱਚ ਵੀ ਝਲਕਦਾ ਹੈ। ਲੇਖਕ ਨੇ ਇਸ ਲੇਖ ਨੂੰ ਆਧੁਨਿਕ ਨਿੱਕੀ ਕਹਾਣੀ ਵਾਂਗ ਕੇਵਲ ਇਕ ਧੁਰੀ ਉਪਰ ਕੇਂਦਰਿਤ ਕੀਤਾ ਹੈ ਅਤੇ ਉਹ ਧੁਰੀ ਹੈ ਪੰਜਾਬੀ ਸਭਿਆਚਾਰ ਦੀ ਕੇਂਦਰੀ ਕੜੀ ਜਾਂ ਕੀਮਤ ਕਿਹੜੀ ਹੈ? ਕਹਾਣੀ ਵਾਂਗ ਹੀ ਉਹ ਇਸ ਪ੍ਰਸ਼ਨ ਨੂੰ ਲਮਕਾਈ ਗਿਆ ਹੈ ਅਤੇ ਦੋ-ਤਿੰਨ ਪੰਨੇ ਲਿਖੇ ਜਾਣ ਤੋਂ ਬਾਅਦ ਹੀ ਉਸਨੇ ਇਹ ਦਸਿਆ ਹੈ ਕਿ ਪੰਜਾਬੀ ਸਭਿਆਚਾਰ ਦੀ ਕੇਂਦਰੀ ਕੜੀ ਸ੍ਵੈਧੀਨਤਾ ਅਰਥਾਤ ਸੁਤੰਤਰਤਾ ਹੈ। ਇਸ ਵਿਧੀ ਨੂੰ 'ਡੀਡਕਟਿਵ ਲਾਜ਼ਿਕ' (Deductive Logic) ਦੀ ਵਿਧੀ ਆਖਦੇ ਹਨ ਅਰਥਾਤ ਕਿਸੇ ਸਮੱਸਿਆ ਦਾ ਉੱਤਰ ਆਪਣੇ ਆਪ ਬਾਹਰ ਆ ਜਾਵੇ। ਸੁਕਰਾਤ ਵੀ ਆਪਣੇ ਵਿਦਿਅਰਥੀਆਂ ਦੀਆਂ ਸ਼ੰਕਾਵਾਂ ਦੇ ਉੱਤਰ ਦੇਣ ਸਮੇਂ ਇਸੇ ਵਿਧੀ ਦੀ ਵਰਤੋ ਕਰਦਾ ਸੀ। ਲੇਖਕ ਨੇ ਦਲੀਲਮਈ ਸ਼ੈਲੀ ਰਾਹੀਂ ਆਪਣੇ ਮਤ ਦੀ ਪੇਸ਼ਕਾਰੀ ਕੀਤੀ ਹੈ। ਆਪਣੇ ਮਤ ਦੀ ਪੁਸ਼ਟੀ ਲਈ ਉਸਨੇ ਸ਼ੇਖ਼ ਫ਼ਰੀਦ, ਪ੍ਰੋ. ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਅਤੇ ਕਰਤਾਰ ਸਿੰਘ ਦੁੱਗਲ ਦੀਆਂ ਕਵਿਤਾਵਾਂ ਵਿੱਚੋਂ ਟੂਕਾਂ ਵੀ ਪ੍ਰਸਤੁਤ ਕੀਤੀਆਂ ਹਨ। ਲੇਖਕ ਆਪਣੇ ਮਤ ਨੂੰ ਪਾਠਕਾਂ ਉਪਰ ਥੋਪਦਾ ਨਹੀਂ ਬਲਕਿ ਆਪਣੇ ਸੁਝਾਉ ਪੇਸ਼ ਕਰਕੇ ਵਿਚਾਰ-ਚਰਚਾ ਨੂੰ ਖੁੱਲ੍ਹੀ ਛੱਡ ਦਿੰਦਾ ਹੈ। ਪਾਠਕਾਂ ਦੀ ਮਰਜ਼ੀ ਹੈ ਉਹ ਜਿਹੜਾ ਮਰਜ਼ੀ ਰਸਤਾ ਚੁਣ ਲਵੇ। ਇਉਂ ਇਹ ਲੇਖ ਡਾ. ਗੁਰਬਖ਼ਸ ਸਿੰਘ ਫ਼ਰੈਂਕ ਦੀਆਂ ਬ੍ਰਿਤਾਂਤਕ ਵਿਧੀਆਂ ਅਤੇ ਲਿਖਣ ਸ਼ੈਲੀ ਦਾ ਇੱਕ ਬੜਾ ਪ੍ਰਮਾਣਿਕ ਨਮੂਨਾ ਪੇਸ਼ ਕਰਦਾ ਹੈ।

**5.3.5.3 ਵਾਕ ਤੇ ਪੈਰ੍ਹੇ:** ਵਿਚਲਾ ਹਰ ਪੈਰ੍ਹਾ ਕਿਸੇ ਨਵੇਂ ਵਿਚਾਰ ਜਾਂ ਪੱਖ ਨੂੰ ਲੈ ਕੇ ਆਰੰਭ ਹੁੰਦਾ ਹੈ। ਲੇਖਕ ਇਸ ਵਿੱਚ ਬਹੁਤ ਸਾਰੇ ਭਾਵਪੂਰਤ ਮਿਸ਼ਰਿਤ ਅਤੇ ਸੰਯੁਕਤ ਵਾਕ ਮਿਲਦੇ ਹਨ ਜੋ ਲੇਖਕ ਵਿਚਾਰਾਂ ਦੀ ਲੜੀ ਨੂੰ ਲਗਾਤਾਰ ਅੱਗੇ ਤੋਰਦੇ ਹਨ। ਹਰ ਵਾਕ ਆਪਣੇ ਤੋਂ ਪਹਿਲੇ ਵਾਕ ਵਿਚੋਂ ਉਪਜਦਾ ਹੈ ਤੇ ਨਵੇਂ ਵਾਕ ਨੂੰ ਜਨਮ ਦਿੰਦਾ ਹੈ ਜੋ ਪੈਰ੍ਹਿਆਂ

ਦੀ ਰਚਨਾ ਕਰਦੇ ਹਨ। ਲੇਖ ਇਸ ਤਰ੍ਹਾਂ ਸਾਰੇ ਪੈਰ੍ਹੇ ਇੱਕ ਲੜੀ ਵਿਚ ਪਰੋਏ ਪ੍ਰਤੀਤ ਹੁੰਦੇ ਹਨ। ਕਈ ਪੈਰ੍ਹੇ ਬੜੇ ਖਿੱਚ ਭਰੇ ਵਾਕਾਂ ਨਾਲ ਸ਼ੁਰੂ ਹੁੰਦੇ ਹਨ।

ਜਿਵੇਂ;-ੳ. ਬਾਬਾ ਫ਼ਰੀਦ ਦੀ ਕਦਰ ਪ੍ਰਣਾਲੀ ਵਿੱਚ ਹੋਰ ਬੜੇ ਗੁਣ ਸ਼ਾਮਲ ਹਨ।...

ਅ. ਪੰਜਾਬੀ ਸਭਿਆਚਾਰ ਨਾ ਸਿੱਖ ਸਭਿਆਚਾਰ ਹੈ, ਨਾ ਹਿੰਦੂ ਸਭਿਆਚਾਰ, ਨਾ ਮੁਸਲਿਮ ਸਭਿਆਚਾਰ, ਨਾ ਈਸਾਈ ਸਭਿਆਚਾਰ।...

ੲ. ਆਪਣੇ ਸਭਿਆਚਾਰ ਤੋਂ ਮੂੰਹ ਫੇਰਨਾ ਕੋਈ ਸਧਾਰਨ ਸਥਿਤੀ ਨਹੀਂ ਤੇ ਨਾ ਹੀ ਇਹ ਸੰਭਵ ਹੈ।...

**5.3.5.4 ਅਲੰਕਾਰ:** ਲੇਖਕ ਨੇ ਆਪਣੇ ਇਸ ਲੇਖ ਵਿਚ ਉਚੇਚੇ ਪੱਧਰ ’ਤੇ ਸੁਚੇਤ ਹੋ ਕੇ ਅਲੰਕਾਰਾਂ ਦੀ ਵਰਤੋ ਨਹੀਂ ਕੀਤੀ ਲੇਕਿਨ ਕਿਧਰੇ-ਕਿਧਰੇ ਉਹ ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਅਲੰਕਾਰਾਂ ਦੀ ਵਰਤੋ ਕਰਦਾ ਹੈ। ਇਸ ਰਚਨਾ ਵਿੱਚ ਸਾਨੂੰ ਰੂਪਕ ਤੇ ਦ੍ਰਿਸ਼ਟਾਂਤ ਅਲੰਕਾਰਾਂ ਦੇ ਕੁਝ ਨਮੂਨੇ ਵੇਖਣ ਨੂੰ ਮਿਲਦੇ ਹਨ ਜੋ ਇਕ ਤਰ੍ਹਾਂ ਨਾਲ ਇਸ ਵਿਚ ਰਸ ਪੈਦਾ ਕਰਦੇ ਹਨ। ਜਿਵੇਂ;

ੳ. “ਕੌਮੀ ਸਭਿਆਚਾਰ ਹਮੇਸ਼ਾ ਹੀ ਵੱਖੋ-ਵੱਖਰੇ ਸਭਿਆਚਾਰਾਂ ਦਾ ਇਕ ਰੰਗ-ਬਰੰਗਾ ਗੁਲਦਸਤਾ ਹੁੰਦਾ ਹੈ।”

ਅ. “ਭਾਵੇਂ ਸਭਿਆਚਾਰ ਓਨੀ ਹੀ ਸਧਾਰਨ ਪਰ ਲਾਜ਼ਮੀ ਸਥਿਤੀ ਹੈ ਜਿੰਨੀ ਮਨੁੱਖ ਲਈ ਹਵਾ ਜਾਂ ਮੱਛੀ ਲਈ ਪਾਣੀ...।”

**5.3.5.5 ਹਵਾਲੇ ਤੇ ਟੂਕਾਂ ਦੀ ਵਰਤੋਂ:** ਲੇਖਕ ਦਾ ਬਿਆਨ ਤਰਕਸ਼ੀਲਤਾ, ਹਵਾਲੇ ਅਤੇ ਟੂਕਾਂ ਨਾਲ ਭਰਪੂਰ ਹੈ ਆਪਣੇ ਮਤ ਦੀ ਪੁਸ਼ਟੀ ਲਈ ਅਨੇਕ ਤਰਕ ਸ਼ੇਖ਼ ਫ਼ਰੀਦ ਦੀ ਬਾਣੀ, ਲੋਕਗੀਤ, ਪ੍ਰੋ. ਪੂਰਨ ਸਿੰਘ, ਡਾ. ਦੀਵਾਨ ਸਿੰਘ ਕਾਲੇਪਾਣੀ ਅਤੇ ਕਰਤਾਰ ਸਿੰਘ ਦੁੱਗਲ ਦੀਆਂ ਰਚਨਾਵਾਂ ਵਿਚੋਂ ਟੂਕਾਂ ਤੇ ਹਵਾਲੇ ਦਿੰਦਾ ਹੈ ਜੋ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਦਾ ਪ੍ਰਗਟਾਵਾ ਕਰਦੀਆਂ ਹਨ। ਉਹ ਇਨ੍ਹਾਂ ਟੂਕਾਂ ਦੇ ਹਵਾਲੇ ਸਦਕਾ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਅਤੇ ਉਸ ਦੇ ਪਾਸਾਰ ਬਾਕੀ ਕਦਰ ਪ੍ਰਣਾਲੀ ਨੂੰ ਸਪੱਸ਼ਟ ਕਰਨ ਵਿਚ ਕਾਮਯਾਬ ਹੁੰਦਾ ਹੈ।

**ਸਾਰ-ਅੰਸ:** ਇਸ ਤਰ੍ਹਾਂ ਡਾ. ਗੁਰਬਖ਼ਸ ਸਿੰਘ ਫ਼ਰੈਂਕ ਦਾ ਇਹ ਲੇਖ ਪੰਜਾਬੀ ਸਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਪੇਸ਼ ਕਰਨ ਵਿਚ ਮੌਲਿਕ ਤੇ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਰਚਨਾ ਆਪਣੀ ਸ਼ੈਲੀ ਦੀ ਵਿਲੱਖਣਤਾ ਕਾਰਨ ਹੀ ਪਾਠਕਾਂ ਨੂੰ ਵਧੇਰੇ ਟੁੰਬਦੀ ਹੈ।

**5.4 ਸਾਰ:**

ਓਪਰੋਕਤ ਦੋਵੇਂ ਲੇਖਾਂ ਵਿੱਚ ਅਸੀਂ ਇਮਤਿਹਾਨ ਵਿਚ ਪੁੱਛੇ ਜਾ ਸਕਣ ਵਾਲੇ ਪ੍ਰਸ਼ਨਾਂ ਦੇ ਅਨੁਸਾਰ ਵੱਖ-ਵੱਖ ਪੱਖਾਂ ਤੋਂ ਚਰਚਾ ਕੀਤੀ ਹੈ। ਇਹਨਾਂ ਦੋਵੇਂ ਲੇਖਾਂ ਵਿੱਚੋਂ ਇਮਤਿਹਾਨ ਵਿਚ ਵਿਸ਼ਾ-ਵਸਤੂ, ਸਾਰ ਜਾਂ ਲੇਖ ਦੇ ਕਲਾਤਮਕ ਪੱਖ ਬਾਰੇ ਵੱਡੇ ਪ੍ਰਸ਼ਨ ਪੁੱਛੇ ਜਾਣਗੇ। ਮੂਲ ਪਾਠ ਨੂੰ ਪੜ੍ਹ ਕੇ ਅਤੇ ਓਪਰੋਕਤ ਪਾਠ ਵਿਚਲੀ ਸਮੱਗਰੀ ਅਨੁਸਾਰ ਤੁਸੀਂ ਪੁੱਛੇ ਗਏ ਦਾ ਉੱਤਰ ਦੇਣਾ ਹੈ।

**5.5 ਸੰਖੇਪ ਉੱਤਰਾਂ ਵਾਲੇ ਅਭਿਆਸ ਪ੍ਰਸ਼ਨ:**

ਪਾਠ ਪੁਸਤਕ ਵਿਚਲੇ ਮੂਲ ਲੇਖ ਅਤੇ ਓਪਰੋਕਤ ਸਮੱਗਰੀ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਨਮੂਨੇ ਦੇ ਪ੍ਰਸ਼ਨਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਪ੍ਰਸ਼ਨ 1. ਤੀਆਂ ਦਾ ਤਿਉਹਾਰ ਕਿਹੜੇ ਮਹੀਨੇ ਅਤੇ ਕਿਸ ਦਿਨ ਸ਼ੁਰੂ ਹੁੰਦਾ ਹੈ?

ਪ੍ਰਸ਼ਨ 2. ਤੀਆਂ ਦੇ ਤਿਉਹਾਰ ਨੂੰ ਮਨਾਉਣ ਲਈ ਕਿਹੜੀ ਥਾਂ ਨਿਸ਼ਚਿਤ ਕੀਤੀ ਜਾਂਦੀ ਹੈ?

ਪ੍ਰਸ਼ਨ 3. ਤੀਆਂ ਦੇ ਤਿਉਹਾਰ ਵਿੱਚ ਭਰਾ ਦੀ ਕੀ ਮਹੱਤਤਾ ਹੁੰਦੀ ਹੈ?

ਪ੍ਰਸ਼ਨ 4. ਸੰਧਾਰਾ ਕਿਸ ਵੱਲੋਂ ਭੇਜਿਆ ਜਾਂਦਾ ਹੈ?

ਪ੍ਰਸ਼ਨ 5. ਤੀਆਂ ਦੇ ਤਿਉਹਾਰ ਵਿਚ ਹੇਠ ਲਿਖੇ ਗੀਤ ਦਾ ਸਮਾਜਿਕ ਸੰਦਰਭ ਕੀ ਹੈ?

ਭੈਣਾਂ ਰੋਦੀਆਂ ਪਿਛੋਕੜ ਖੜ੍ਹ ਕੇ,
ਜਿਹਨਾਂ ਦੇ ਘਰ ਵੀਰ ਨਹੀਂ।

ਪ੍ਰਸ਼ਨ 6. ਬਾਬਾ ਫ਼ਰੀਦ ਦੇ ਹਵਾਲੇ ਨਾਲ ਡਾ. ਫ਼ਰੈਕ ਨੇ ਪੰਜਾਬੀਆਂ ਦੇ ਕਿਸ ਤਰ੍ਹਾਂ ਦੇ ਜੀਵਨ ਜਿਉਣ ਦੀ ਮੰਗ ਨੂੰ ਦੱਸਿਆ ਹੈ?

ਪ੍ਰਸ਼ਨ 7. ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ ਕਿਹੜੀ ਹੈ?

ਪ੍ਰਸ਼ਨ 8. ਡਾ. ਫ਼ਰੈਂਕ ਲੇਖ ਦੇ ਅੰਤ ਵਿੱਚ ਪੰਜਾਬੀ ਸਭਿਆਚਾਰ ਬਾਰੇ ਕਿਹੜੀਆਂ ਚਿੰਤਾਵਾਂ ਦੀ ਚਰਚਾ ਕਰਦਾ ਹੈ?

ਪ੍ਰਸ਼ਨ 9 ਡਾ. ਫ਼ਰੈਂਕ ਲੇਖ ਵਿਚ ਪੰਜਾਬੀ ਲੋਕਾਂ ਵਿਚਲੀ ਬਹਾਦਰੀ ਦੇ ਕਿਹੜੇ ਨਿਵੇਕਲੇ ਅਰਥਾਂ ਦੀ ਸ਼ਨਾਖ਼ਤ ਕਰਦੇ ਹਨ?

ਪ੍ਰਸ਼ਨ 10 ਡਾ. ਫ਼ਰੈਂਕ ਇਸ ਲੇਖ ਵਿਚ ਪੰਜਾਬੀ ਦੇ ਸਭਿਆਚਾਰ ਅਤੇ ਉਹਨਾਂ ਦੇ ਧਰਮ ਨਾਲ ਰਿਸ਼ਤੇ ਬਾਰੇ ਕੀ ਕਹਿੰਦੇ ਹਨ?

**5.6 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**


1. ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ*
2. ਡਾ. ਹਰਮਿੰਦਰ ਸਿੰਘ ਦਿਓਲ ਅਤੇ ਡਾ. ਕੁਲਬੀਰ ਸਿੰਘ ਕਾਂਗ (ਸੰਪਾ.), *ਪੰਜਾਬੀ ਸਭਿਆਚਾਰ*
3. ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, *ਸਭਿਆਚਾਰ-ਮੁੱਢਲੀ ਜਾਣ-ਪਛਾਣ*
4. ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, *'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ'*
5. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*-ਸੱਤ ਜਿਲਦਾਂ ਵਿਚ
6. ਡਾ. ਗੁਰਮੀਤ ਸਿੰਘ, *ਲੋਕਧਾਰਾ ਦੇ ਕੁਝ ਪੱਖ*
7. ਡਾ. ਗੁਰਮੀਤ ਸਿੰਘ, *ਲੋਕਧਾਰਾ: ਪਰੰਪਰਾ ਅਤੇ ਆਧੁਨਿਕਤਾ*
8. ਡਾ. ਭੁਪਿੰਦਰ ਸਿੰਘ ਖਹਿਰਾ, *ਲੋਕਧਾਰਾ, ਭਾਸ਼ਾ ਤੇ ਸਭਿਆਚਾਰ*
9. ਡਾ. ਨਾਹਰ ਸਿੰਘ, *ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ*

# B.COM (DIGITAL)

**SEMESTAR-I**

ਕੋਰਸ–ਜਰਨਲ ਪੰਜਾਬੀ

| ਯੂਨਿਟ–6 | **ਗੁਰਮੀਤ ਸਿੰਘ ਦਾ ਲੇਖ "ਪੰਜਾਬ ਦੇ ਲੋਕ ਵਿਸ਼ਵਾਸ"** |
| --- | --- |

## ਪਾਠ ਦੀ ਰੂਪ-ਰੇਖਾ

**6.0 ਭੂਮਿਕਾ:** ਪਿਆਰੇ ਵਿਦਿਆਰਥੀਓ ਤੁਹਾਡਾ ਸਿਲੇਬਸ ਦੇ ਇਸ ਹਿੱਸੇ ਵਿਚ ਲੋਕਧਾਰਾ ਅਤੇ ਸਭਿਆਚਾਰ ਨਾਲ ਸੰਬੰਧਿਤ ਲੇਖ ਪੜ੍ਹਾਏ ਜਾ ਰਹੇ ਹਨ। ਇਸ ਪਾਠ ਵਿਚ ਡਾ. ਗੁਰਮੀਤ ਸਿੰਘ ਦਾ ਲੇਖ 'ਪੰਜਾਬ ਦੇ ਲੋਕ ਵਿਸ਼ਵਾਸ' ਪੜ੍ਹਾਇਆ ਜਾ ਰਿਹਾ ਹੈ।

**6.1 ਪਾਠ ਦਾ ਮੰਤਵ:** ਇਸ ਪਾਠ ਦਾ ਮੰਤਵ ਵਿਦਿਆਰਥੀਆਂ ਦੇ ਲੋਕਧਾਰਾ ਅਤੇ ਸਭਿਆਚਾਰ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਗਿਆਨ ਵਿਚ ਵਾਧਾ ਕਰਨਾ ਹੈ। ਵਿਦਿਆਰਥੀਆਂ ਦੀ ਸਿਰਜਣਾਤਮਕ ਸ਼ਕਤੀ ਨੂੰ ਵਧਾਉਣਾ ਹੈ। ਇਸ ਪਾਠ ਵਿਚ 'ਪੰਜਾਬ ਦੇ ਲੋਕ ਵਿਸ਼ਵਾਸ' ਲੇਖ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਮਨੁੱਖ ਆਪਣੇ ਤੋਂ ਪੂਰਵ ਕਾਲ ਵਿਚ ਪ੍ਰਾਪਤ ਅਨੁਭਵ ਰਾਹੀਂ ਨਵੇਂ ਵਿਸ਼ਵਾਸਾਂ ਦੀ ਸਿਰਜਣਾ ਕਰਦਾ ਆਇਆ ਹੈ। ਜਾਦੂ ਚਿੰਤਨ ਅਤੇ ਧਰਮ ਚਿੰਤਨ ਇਹਨਾਂ ਵਿਸ਼ਵਾਸਾਂ ਦੀਆਂ ਮਿਸਾਲਾਂ ਹਨ। ਇਹ ਵਿਸ਼ਵਾਸ ਪੀੜ੍ਹੀ-ਦਰ-ਪੀੜ੍ਹੀ ਲੋਕ ਜੀਵਨ ਦਾ ਹਿੱਸਾ ਬਣ ਗਏ ਹਨ। ਸੋ ਇਸ ਪਾਠ ਦਾ ਮੰਤਵ ਪੰਜਾਬ ਦੇ ਲੋਕ-ਵਿਸ਼ਵਾਸਾਂ ਦੇ ਵਿਭਿੰਨ ਪੱਖਾਂ ਨੂੰ ਸਪੱਸ਼ਟ ਕਰਨਾ ਹੈ।

**6.2 ਪਾਠ ਦੀ ਰੂਪ-ਰੇਖਾ (ਲੇਖ: 'ਪੰਜਾਬ ਦੇ ਲੋਕ ਵਿਸ਼ਵਾਸ'- ਡਾ. ਗੁਰਮੀਤ ਸਿੰਘ)**

**6.2.1** ਭੂਮਿਕਾ

**6.2.2** ਲੇਖਕ ਨਾਲ ਜਾਣ-ਪਛਾਣ

**6.2.3** 'ਪੰਜਾਬ ਦੇ ਲੋਕ ਵਿਸ਼ਵਾਸ' ਲੇਖ ਦਾ ਵਿਸ਼ਾ

**6.2.4** 'ਪੰਜਾਬ ਦੇ ਲੋਕ ਵਿਸ਼ਵਾਸ' ਲੇਖ ਦੀ ਸੰਖੇਪ ਚਰਚਾ ਅਤੇ ਸਾਰ

**6.2.5** 'ਪੰਜਾਬ ਦੇ ਲੋਕ ਵਿਸ਼ਵਾਸ' ਲੇਖ ਦਾ ਕਲਾਤਮਕ ਪੱਖ

**6.3 ਸਾਰ**

**6.4 ਅਭਿਆਸ ਲਈ ਪ੍ਰਸ਼ਨ**

**6.5 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ**

---

**6.2 ਲੇਖ: 'ਪੰਜਾਬ ਦੇ ਲੋਕ ਵਿਸ਼ਵਾਸ'- ਡਾ. ਗੁਰਮੀਤ ਸਿੰਘ**

ਪਿਆਰੇ ਵਿਦਿਆਰਥੀਓ ਇਸ ਲੇਖ ਦਾ ਮੂਲ ਪਾਠ ਤੁਸੀਂ ਆਪ ਪੜ੍ਹਨਾ ਹੈ। 'ਪੰਜਾਬ ਦੇ ਲੋਕ ਵਿਸ਼ਵਾਸ' ਲੇਖ ਬਾਰੇ ਵਿਸਥਾਰਤ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ।

**6.2.1 ਭੂਮਿਕਾ:** ਇਸ ਲੇਖ ਵਿਚ ਡਾ. ਗੁਰਮੀਤ ਸਿੰਘ ਨੇ ਲੋਕ ਵਿਸ਼ਵਾਸਾਂ ਦਾ ਸਿਧਾਂਤਕ ਚੌਖਟਾ ਤਿਆਰ ਕੀਤਾ ਹੈ ਅਤੇ ਇਹਨਾਂ ਦਾ ਵਰਗੀਕਰਨ ਕੀਤਾ ਹੈ। ਲੋਕਧਾਰਾ ਸ਼ਾਸਤਰੀਆਂ ਲਈ ਇਹ ਵਰਗੀਕਰਨ ਬਹੁਤ ਕਠਿਨ ਕਾਰਜ ਹੈ। ਇਸ ਲੇਖ ਰਾਹੀਂ ਇਹ ਵੀ ਦਰਸਾਇਆ ਗਿਆ ਹੈ ਕਿ ਕਿਵੇਂ ਮਨੁੱਖ ਆਪਣੇ ਤੋਂ ਪੂਰਵ ਕਾਲ ਵਿਚ ਪ੍ਰਾਪਤ ਅਨੁਭਵ ਰਾਹੀਂ ਨਵੇਂ ਵਿਸ਼ਵਾਸਾਂ ਦੀ ਸਿਰਜਣਾ ਕਰਦਾ ਆਇਆ ਹੈ। ਜਾਦੂ ਚਿੰਤਨ ਅਤੇ ਧਰਮ ਚਿੰਤਨ ਇਹਨਾਂ ਵਿਸ਼ਵਾਸਾਂ ਦੀਆਂ ਮਿਸਾਲਾਂ ਹਨ। ਡਾ. ਗੁਰਮੀਤ ਸਿੰਘ ਨੇ ਆਪਣੇ ਲੇਖ ਵਿੱਚ ਲੋਕ ਵਿਸ਼ਵਾਸਾਂ ਨੂੰ ਸਤਾਰਾਂ ਕਿਸਮਾਂ ਵਿੱਚ ਵੰਡ ਕੇ ਪੇਸ਼ ਕੀਤਾ ਹੈ। ਜਨਮ, ਵਿਆਹ ਅਤੇ ਮੌਤ ਜ਼ਿੰਦਗੀ ਦੇ ਅਹਿਮ ਵਰਤਾਰੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਮੌਕਿਆਂ ਤੇ ਕੀਤੇ ਜਾਣ ਵਾਲੇ ਵਿਸ਼ਵਾਸਾਂ ਅਤੇ ਸਮਾਜ ਵਿੱਚ ਇਹਨਾਂ ਦੀ ਮਹੱਤਤਾ ਸੰਬੰਧੀ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ।

**6.2.2 ਲੇਖਕ ਨਾਲ ਜਾਣ-ਪਛਾਣ**: ਡਾ. ਗੁਰਮੀਤ ਸਿੰਘ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਖੇਤਰ ਵਿਚ ਨਿੱਠ ਕੇ ਕੰਮ ਕਰਨ ਵਾਲੇ ਲੋਕਧਾਰਾ ਸ਼ਾਸਤਰੀ ਅਤੇ ਸਿਰੜੀ ਬਿਰਤੀ ਵਾਲੇ ਖੋਜੀ ਵਿਦਵਾਨ ਹਨ। ਉਹ ਬਹੁਤ ਲੰਮੇ ਸਮੇਂ ਤੋਂ ਲੋਕਧਾਰਾ ਦੇ ਖੇਤਰ ਵਿਚ ਅਧਿਆਪਨ ਦੇ ਨਾਲ-ਨਾਲ ਖੋਜ ਦਾ ਕਾਰਜ ਵੀ ਕਰਦੇ ਆ ਰਹੇ ਹਨ। ਉਹਨਾਂ ਦਾ ਜਨਮ 2 ਦਸੰਬਰ 1956 ਨੂੰ ਪਿੰਡ ਗਜ਼ਨੀਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਓਹਨਾਂ ਦੀ ਮਾਤਾ ਦਾ ਨਾਮ ਦਲੀਪ ਕੌਰ ਅਤੇ ਪਿਤਾ ਦਾ ਨਾਮ ਸ. ਕਰਤਾਰ ਸਿੰਘ ਹੈ। ਉਹ ਗੁਰੂ ਨਾਨਾਕ ਦੇਵ ਯੂਨਿਵਰਸਿਟੀ ਅੰਮ੍ਰਿਤਸਰ ਵਿਖੇ ਪ੍ਰੋਫ਼ੈਸਰ ਦੇ ਅਹੁਦੇ ਤੇ ਰਹਿ ਕੇ ਸੇਵਾਂਵਾਂ ਨਿਭਾ ਚੁੱਕੇ ਹਨ। ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ 'ਲੋਕਧਾਰਾ ਦੇ ਕੁਝ ਪੱਖ' (1985), ਲੋਕ ਰੰਗ (ਸੰਪਾਦਿਤ 1990), 'ਲੋਕਧਾਰਾ: ਪਰੰਪਰਾ ਅਤੇ ਆਧੁਨਿਕਤਾ' (2007) ਅਤੇ 'ਸਭਿਆਚਾਰ ਅਤੇ ਲੋਕਧਾਰਾ: ਵਿਸ਼ਵ ਚਿੰਤਨ (ਡਾ. ਸੁਰਜੀਤ ਸਿੰਘ ਨਾਲ ਸਾਂਝੀ ਸੰਪਾਦਿਤ ਪੁਸਤਕ, 2020) ਆਦਿ ਹਨ।

**6.2.3 'ਪੰਜਾਬ ਦੇ ਲੋਕ-ਵਿਸ਼ਵਾਸ ਲੇਖ ਦਾ ਵਿਸ਼ਾ-ਵਸਤੂ:** ਡਾ. ਗੁਰਮੀਤ ਸਿੰਘ ਨੇ ਆਪਣੇ ਲੇਖ 'ਪੰਜਾਬ ਦੇ ਲੋਕ ਵਿਸ਼ਵਾਸ' ਵਿੱਚ ਲੋਕ ਵਿਸ਼ਵਾਸਾਂ ਦੀ ਸਿਧਾਂਤਕ ਰੂਪ-ਰੇਖਾ ਤਿਆਰ ਕਰਕੇ ਅੱਗੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਇਸ ਲੇਖ ਵਿਚ ਡਾ. ਗੁਰਮੀਤ ਸਿੰਘ ਲੋਕ ਵਿਸ਼ਵਾਸਾਂ ਦੇ ਪੈਦਾ ਹੋਣ ਦੇ ਆਧਾਰ, ਉਹਨਾਂ ਦੀ ਅੰਦਰੂਨੀ ਬਣਤਰ ਅਤੇ ਉਹਨਾਂ ਦੇ ਸਮਾਜਿਕ ਕਾਰਜ ਆਦਿ ਬਾਰੇ ਵਿਆਖਿਆ ਕਰਦੇ ਹਨ। ਇਸ ਦੇ ਪ੍ਰਮੁੱਖ ਵਿਸ਼ੇ ਲੋਕ ਵਿਸ਼ਵਾਸ ਦੀ ਉਪਜ ਦੇ ਕਾਰਨ, ਵਿਸ਼ਵਾਸ ਦੀ ਸਿਧਾਂਤਕ ਪਰਿਭਾਸ਼ਾ, ਭਾਰਤੀ ਅਤੇ ਪੱਛਮੀ ਚੇਤਨਾ ਵਿੱਚ ਲੋਕ ਵਿਸ਼ਵਾਸਾਂ ਦੀ ਵੱਖਰਤਾ, ਲੋਕ ਵਿਸ਼ਵਾਸ ਅਤੇ ਵਹਿਮ ਭਰਮ ਵਿੱਚ ਅੰਤਰ, ਲੋਕ ਵਿਸ਼ਵਾਸਾਂ ਦਾ ਖੇਤਰੀ ਸੰਬੰਧ ਅਤੇ ਲੋਕ ਵਿਸ਼ਵਾਸਾਂ ਦੇ ਵਰਗੀਕਰਨ ਨਾਲ ਸੰਬੰਧਤ ਹੈ। ਵਿਸ਼ਵਾਸ ਕਰਨਾ ਮਨੁੱਖ ਦੀ ਸੁਭਾਵਿਕ ਬਿਰਤੀ ਹੈ। ਪ੍ਰਕਿਰਤੀ ਨਾਲ ਸੰਘਰਸ਼ ਕਰਦਾ ਮਨੁੱਖ ਆਪਣੇ ਆਲੇ-ਦੁਆਲੇ ਸੰਬੰਧੀ ਬਹੁਤ ਸਾਰੇ ਵਿਸ਼ਵਾਸ ਬਣਾ ਲੈਂਦਾ ਹੈ। ਇਹ ਲੋਕ ਵਿਸ਼ਵਾਸ ਪੀੜ੍ਹੀ- ਦਰ-ਪੀੜ੍ਹੀ ਸਵੀਕਾਰ ਕੀਤੇ ਜਾਂਦੇ ਹਨ। ਇਨ੍ਹਾਂ ਵਿਸ਼ਵਾਸਾਂ ਨੂੰ ਹੀ ਲੋਕ ਵਿਸ਼ਵਾਸ ਕਿਹਾ ਜਾਂਦਾ ਹੈ। ਮਨੁੱਖ ਆਪਣੇ ਸ਼ੁਰੂਆਤੀ ਸਮੇਂ ਵਿੱਚ ਪ੍ਰਕਿਰਤੀ ਦੀਆਂ ਪ੍ਰਕਿਰਿਆਵਾਂ ਤੋਂ ਅਣਜਾਣ ਸੀ ਜਿਸ ਕਾਰਨ ਪ੍ਰਕਿਰਤੀ ਦੀਆਂ ਪ੍ਰਕਿਰਿਆਵਾਂ ਦਾ ਪ੍ਰਭਾਵ ਗ੍ਰਹਿਣ ਕਰਦਾ ਗਿਆ। ਇਹ ਪ੍ਰਭਾਵ ਹੀ ਬਾਅਦ ਵਿੱਚ ਲੋਕ ਵਿਸ਼ਵਾਸਾਂ ਦਾ ਆਧਾਰ ਬਣੇ। ਪ੍ਰਕਿਰਤੀ ਜਾਂ ਮਨੁੱਖ ਨਾਲ ਵਾਪਰੀ ਘਟਨਾ ਦਾ ਸੰਬੰਧ ਜਦੋਂ ਕਿਸੇ ਦੂਸਰੀ ਘਟਨਾ ਨਾਲ ਜੁੜ ਜਾਂਦਾ ਤਾਂ ਮਨੁੱਖ ਲਈ ਸਮਾਨ ਘਟਨਾਵਾਂ ਲਈ ਵਿਸ਼ਵਾਸ ਬਣਨ ਲੱਗੇ। ਜਿਵੇਂ-ਜਿਵੇਂ ਮਨੁੱਖ ਦਾ ਅਨੁਭਵ ਵਿਸ਼ਾਲ ਹੁੰਦਾ ਗਿਆ ਤਾਂ ਇਨ੍ਹਾਂ ਵਿਸ਼ਵਾਸਾਂ ਦਾ ਦਾਇਰਾ ਵੀ ਫੈਲਦਾ ਗਿਆ।

ਭਾਰਤ ਵਰਗੇ ਦੇਸ਼ਾਂ ਵਿੱਚ ਇਨ੍ਹਾਂ ਲੋਕ ਵਿਸ਼ਵਾਸਾਂ ਨੂੰ ਬੀਤੇ ਸਮਿਆਂ ਦੀ ਜੀਵਨ ਜਾਚ ਦਾ ਅੰਗ ਮੰਨ ਕੇ ਅਧਿਐਨ ਕਰਨਾ ਸਹੀ ਪ੍ਰਤੀਤ ਨਹੀਂ ਹੁੰਦਾ। ਭਾਰਤ ਜਿਹੇ ਦੇਸ਼ਾਂ ਵਿੱਚ ਲੋਕ ਵਿਸ਼ਵਾਸ ਅੱਜ ਵੀ ਲੋਕ ਜੀਵਨ ਦਾ ਮਹੱਤਵਪੂਰਨ ਹਿੱਸਾ ਹਨ। ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਸਾਰੀਆਂ ਰਸਮਾਂ ਪੂਰੇ ਵਿਸ਼ਵਾਸ ਨਾਲ ਕੀਤੀਆਂ ਜਾਂਦੀਆਂ ਹਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਜਦੋਂ ਕੋਈ ਪੰਜਾਬੀ ਕਵੀ ਇਹ ਸਤਰਾਂ ਲਿਖਦਾ ਹੈ ਤਾਂ ਸਾਡੇ ਸਭਿਆਚਾਰ ਵਿੱਚ ਲੋਕ ਵਿਸ਼ਵਾਸਾਂ ਦੀ ਮਹੱਤਤਾ ਵੇਖੀ ਜਾ ਸਕਦੀ ਹੈ।

ਦੁਨੀਆਂ ਚੰਨ 'ਤੇ ਜਾ ਪਹੁੰਚੀ ਏ
ਅਸਾਂ ਨਹੀਂ ਤੁਰਨਾ ਬਿੱਲੀ ਰਸਤਾ ਕੱਟ ਗਈ ਏ।

ਅਸੀਂ ਅਕਸਰ ਹੀ ਲੋਕ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਨੂੰ ਇੱਕੋ ਅਰਥਾਂ ਵਿੱਚ ਪਰਿਭਾਸ਼ਿਤ ਕਰ ਦਿੰਦੇ ਹਾਂ। ਅਸਲ ਵਿੱਚ ਲੋਕ ਵਿਸ਼ਵਾਸ ਅਤੇ ਵਹਿਮ ਭਰਮ ਲੋਕਧਾਰਾ ਦੀਆਂ ਦੋ ਅਲੱਗ-ਅਲੱਗ ਵੰਨਗੀਆਂ ਹਨ। ਵਹਿਮ ਭਰਮ ਦਾ ਆਧਾਰ ਨਿਰੋਲ ਭਾਵਨਾ ਹੋ ਸਕਦੀ ਹੈ ਅਤੇ ਇਸ ਦਾ ਉਦੇਸ਼ ਇਕ ਖ਼ਾਸ ਸਮੇਂ ਦੀ ਸਥਿਤੀ ਦਾ ਸਮਾਧਾਨ ਹੋ ਸਕਦਾ ਹੈ। ਲੋਕ ਵਿਸ਼ਵਾਸ ਕਿਸੇ ਸਮਾਜ ਦੀ ਵਿਗਿਆਨਕ ਚੇਤਨਾ ਉੱਪਰ ਵੀ ਆਧਾਰਿਤ ਹੋ ਸਕਦੇ ਹਨ ਅਤੇ ਇਨ੍ਹਾਂ ਵਿੱਚ ਲੋਕ ਭਾਵਨਾ ਵੀ ਸ਼ਾਮਿਲ ਹੁੰਦੀ ਹੈ। ਲੋਕ ਵਿਸ਼ਵਾਸ ਦੀ ਮਿਆਦ ਵਹਿਮਾਂ ਭਰਮਾਂ ਤੋਂ ਲੰਮੀ ਹੁੰਦੀ ਹੈ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਲੋਕ ਵਿਸ਼ਵਾਸ ਨਿਮਨ ਬੌਧਿਕ ਅਵਸਥਾ ਦੀ ਉਪਜ ਹੁੰਦੀ ਹੈ ਪਰ ਜਦੋਂ ਅਸੀਂ ਵਰਤਮਾਨ ਸਮੇਂ ਵਿੱਚ ਵਸ਼ਿਸ਼ਟ ਧਰਮਾਂ ਦਾ ਆਧਾਰ ਵੇਖਦੇ ਹਾਂ ਤਾਂ ਇਨ੍ਹਾਂ ਵਿੱਚ ਲੋਕ ਵਿਸ਼ਵਾਸਾਂ ਦੀ ਭੂਮਿਕਾ ਵੇਖੀ ਜਾ ਸਕਦੀ ਹੈ।

ਲੋਕ ਵਿਸ਼ਵਾਸਾਂ ਦਾ ਵਰਗੀਕਰਨ ਜਿੰਨਾ ਜ਼ਰੂਰੀ ਹੈ ਓਨਾ ਮੁਸ਼ਕਿਲ ਕਾਰਜ ਵੀ ਹੈ। ਲੋਕਧਾਰਾ ਸ਼ਾਸਤਰੀਆਂ ਲਈ ਇਹ ਵਰਗੀਕਰਨ ਬਹੁਤ ਕਠਿਨ ਕਾਰਜ ਹੈ। ਡਾ. ਗੁਰਮੀਤ ਸਿੰਘ ਨੇ ਆਪਣੇ ਲੇਖ 'ਲੋਕ ਵਿਸ਼ਵਾਸ' ਵਿੱਚ ਲੋਕ ਵਿਸ਼ਵਾਸਾਂ ਨੂੰ ਸਤਾਰਾਂ ਕਿਸਮਾ ਵਿੱਚ ਵੰਡਿਆ ਹੈ। ਇਨ੍ਹਾਂ ਸੰਬੰਧੀ ਸੰਖੇਪ ਵਿਆਖਿਆ ਕੀਤੀ ਜਾ ਸਕਦੀ ਹੈ।

ਜਨਮ, ਵਿਆਹ ਅਤੇ ਮੌਤ ਜ਼ਿੰਦਗੀ ਦੇ ਅਹਿਮ ਵਰਤਾਰੇ ਹਨ। ਸਮਾਜ ਵਿੱਚ ਇਨ੍ਹਾਂ ਸੰਬੰਧੀ ਬਹੁਤ ਸਾਰੇ ਲੋਕ ਵਿਸ਼ਵਾਸ ਹਨ। ਔਰਤ ਦੇ ਗਰਭਵਤੀ ਹੋਣ ਨਾਲ ਹੀ ਉਸ ਔਰਤ ਨੂੰ ਕਿਸੇ ਮ੍ਰਿਤਕ ਦੇਹ ਨੂੰ ਵਿਖਾਇਆ ਨਹੀਂ ਜਾਂਦਾ। ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਭਰੂਣ ਨੂੰ ਸੋਕੜਾ ਹੋ ਸਕਦਾ ਹੈ ਜਾਂ ਉਸਦੀ ਮੌਤ ਹੋ ਸਕਦੀ ਹੈ। ਜਨਮ ਤੋਂ ਬਾਅਦ ਮਾਂ ਅਤੇ ਬੱਚੇ ਨੂੰ ਪੰਦਰਾਂ ਦਿਨ ਇੱਕ ਕਮਰੇ ਵਿੱਚ ਰੱਖਿਆ ਜਾਂਦਾ ਹੈ। ਇਸ ਕਮਰੇ ਦੇ ਦਰਵਾਜ਼ੇ ਉੱਤੇ ਅੱਗ ਅਤੇ ਲੋਹਾ ਰੱਖਿਆ ਜਾਂਦਾ ਹੈ। ਇਸ ਪਿੱਛੇ ਇਹ ਲੋਕ ਵਿਸ਼ਵਾਸ ਹੈ ਕਿ ਕੋਈ ਬਦਰੂਹ ਮਾਂ ਅਤੇ ਬੱਚੇ ਕੋਲ ਪਹੁੰਚ ਨਹੀਂ ਸਕੇਗੀ। ਵਿਆਹ ਤੋਂ ਦਸ ਦਿਨ ਪਹਿਲਾਂ ਮੁੰਡੇ ਜਾਂ ਕੁੜੀ ਨੂੰ ਘਰ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ। ਵਿਆਹ ਦੌਰਾਨ ਜੰਞ ਚੜ੍ਹਨ ਤੋਂ ਪਹਿਲਾਂ ਲਾੜਾ ਆਪਣੇ ਪਿੰਡ/ਕਸਬੇ ਦੇ ਸਾਰੇ ਵੱਡ ਵਡੇਰਿਆਂ ਨੂੰ ਮੱਥਾ ਟੇਕਦਾ ਹੈ। ਲੋਕ ਵਿਸ਼ਵਾਸ ਹੈ ਕਿ ਇੰਝ ਲਾੜੇ ਦੇ ਵਡੇਰੇ ਉਸਦੀ ਰਾਖੀ ਕਰਦੇ ਹਨ। ਮੌਤ ਨਾਲ ਵੀ ਬਹੁਤ ਸਾਰੇ ਲੋਕ ਵਿਸ਼ਵਾਸ ਜੁੜੇ ਹੋਏ ਹਨ। ਪੰਜਾਬ ਵਿੱਚ ਜਦੋਂ ਕੋਈ ਵਿਅਕਤੀ ਮਰਨ ਨਜ਼ਦੀਕ ਹੁੰਦਾ ਹੈ ਤਾਂ ਉਸ ਨੂੰ ਮੰਜੇ ਤੋਂ ਚੁੱਕ ਕੇ ਧਰਤੀ ਉੱਪਰ ਲਿਟਾ ਦਿੱਤਾ ਜਾਂਦਾ ਹੈ। ਜੇਕਰ ਕਿਸੇ ਪਰਿਵਾਰ ਵਿੱਚ ਇੱਕ ਬਿਮਾਰੀ ਨਾਲ ਕਈ ਮੌਤਾਂ ਹੁੰਦੀਆਂ ਹਨ ਤਾਂ ਮ੍ਰਿਤਕ ਦੀ ਦੇਹ ਨਾਲ ਪੀੜ੍ਹੀ ਵੀ ਜਲਾ ਦਿੱਤੀ ਜਾਂਦੀ ਹੈ। ਇਸ ਪਿੱਛੇ ਇਹ ਲੋਕ ਵਿਸ਼ਵਾਸ ਹੈ ਕਿ ਹੁਣ ਇਸ ਬਿਮਾਰੀ ਨਾਲ ਅਗਲੀ ਪੀੜ੍ਹੀ (ਪਰਿਵਾਰ) ਵਿੱਚ ਕੋਈ ਮੌਤ ਨਹੀਂ ਹੋਵੇਗੀ।

ਪੰਜਾਬ ਵਿੱਚ ਪਸ਼ੂ ਅਤੇ ਪੰਛੀਆਂ ਸੰਬੰਧੀ ਲੋਕ ਵਿਸ਼ਵਾਸ ਆਮ ਮਿਲਦੇ ਹਨ। ਕਈ ਪੰਛੀਆਂ ਅਤੇ ਪਸ਼ੂਆਂ ਨੂੰ ਸ਼ੁੱਭ ਮੰਨਿਆ ਜਾਂਦਾ ਹੈ ਅਤੇ ਕਈ ਅਸ਼ੁੱਭ ਮੰਨੇ ਜਾਂਦੇ ਹਨ। ਕਾਂ ਜਦੋਂ ਬਨੇਰੇ ਉੱਤੇ ਬੋਲਦਾ ਹੈ ਤਾਂ ਲੋਕ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਘਰ ਕੋਈ ਮਹਿਮਾਨ ਆਏਗਾ। ਜਦੋਂ ਕਾਂ ਘਰ ਦੀ ਛੱਤ ਉੱਪਰ ਬੋਲਦਾ ਹੈ ਤਾਂ ਇਹ ਅਸ਼ੁੱਭ ਮੰਨਿਆ ਜਾਂਦਾ ਹੈ। ਕੁੱਤੇ ਨੂੰ ਰੋਟੀ ਦੇਣਾ ਲੋਕ ਵਿਸ਼ਵਾਸ ਅਨੁਸਾਰ ਸ਼ੁੱਭ ਹੈ ਪਰ ਬਿੱਲੀ ਨੂੰ ਕੁੱਝ ਵੀ ਦੇਣਾ ਅਸ਼ੁੱਭ ਮੰਨਿਆ ਗਿਆ ਹੈ। ਜੇਕਰ ਯਾਤਰਾ ਦੌਰਾਨ ਬਿੱਲੀ ਰਸਤਾ ਕੱਟ ਜਾਵੇ ਤਾਂ ਲੋਕ ਵਿਸ਼ਵਾਸ ਵਿੱਚ ਬਹੁਤ ਬੁਰਾ ਮੰਨਿਆ ਜਾਂਦਾ ਹੈ। ਬਿੱਲੀ ਦੇ ਰਾਹ ਕੱਟਣ ਕਾਰਨ ਕਈ ਵਾਰ ਤਾਂ ਲੋਕ ਆਪਣੀ ਯਾਤਰਾ ਵੀ ਰੱਦ ਕਰ ਦਿੰਦੇ ਹਨ।

ਲੋਕ ਵਿਸ਼ਵਾਸਾਂ ਦਾ ਦਾਇਰਾ ਬਹੁਤ ਵਿਸ਼ਾਲ ਹੈ। ਦਿਸ਼ਾ, ਚੰਦ, ਸੂਰਜ ਅਤੇ ਤਾਰਿਆਂ ਸੰਬੰਧੀ ਬਹੁਤ ਲੋਕ ਵਿਸ਼ਵਾਸ ਹਨ। ਉੱਤਰ ਅਤੇ ਪੂਰਬ ਦਿਸ਼ਾ ਨੂੰ ਵਧੀਆ ਮੰਨਿਆ ਗਿਆ ਹੈ। ਲੋਕ ਅਕਸਰ ਹੀ ਆਪਣੇ ਘਰਾਂ ਦੇ ਦਰਵਾਜ਼ੇ ਪੂਰਬ ਵੱਲ ਕਰਦੇ ਹਨ। ਸੋਮਵਾਰ ਨੂੰ ਉੱਤਰ ਦਿਸ਼ਾ ਵੱਲ ਜਾਣਾ ਵਧੀਆ ਸਮਝਿਆ ਜਾਂਦਾ ਹੈ। ਦੱਖਣ ਦਿਸ਼ਾ ਨੂੰ ਨਿਘਾਰ ਦਾ ਪ੍ਰਤੀਕ ਮੰਨਿਆ ਗਿਆ ਹੈ। ਚੰਦ ਨੂੰ ਅਕਸਰ ਸੋਹਣੀ ਵਸਤੂ ਜਾਂ ਇਨਸਾਨ ਨਾਲ ਤੁਲਨਾਇਆ ਜਾਂਦਾ ਹੈ। ਚੰਦ ਵਰਗਾ ਪੁੱਤਰ, ਪਤੀ ਅਤੇ ਭਰਾ ਔਰਤ ਦੇ ਮਰਦਾਂ ਲਈ ਸੁਹੱਪਣ ਦੇ ਉੱਤਮ ਪੈਮਾਨੇ ਹਨ। ਇਸ ਲਈ ਹੀ ਕਰਵਾਚੌਥ ਦੇ ਦਿਨ ਔਰਤ ਆਪਣੇ ਪਤੀ ਦੇ ਨਾਲ-ਨਾਲ ਚੰਦ ਦੀ ਪੂਜਾ ਵੀ ਕਰਦੀ ਹੈ। ਟੁੱਟਦੇ ਤਾਰੇ ਨੂੰ ਵੇਖਣਾ ਅਸ਼ੁੱਭ ਮੰਨਿਆ ਜਾਂਦਾ ਹੈ ਪਰ ਇਹ ਲੋਕ ਵਿਸ਼ਵਾਸ ਵੀ ਹੈ ਕਿ ਟੁੱਟਦੇ ਤਾਰੇ ਨੂੰ ਵੇਖਦਿਆਂ ਮੰਗੀ ਹੋਈ ਮੁਰਾਦ ਹਮੇਸ਼ਾ ਪੂਰੀ ਹੁੰਦੀ ਹੈ।

ਰੂਹਾਂ ਅਤੇ ਬਦਰੂਹਾਂ ਸੰਬੰਧੀ ਲੋਕ ਵਿਸ਼ਵਾਸ ਸੰਸਾਰ ਭਰ ਵਿੱਚ ਮਿਲਦੇ ਹਨ। ਚੁੜੇਲ, ਜਿੰਨ, ਡੈਣ, ਭੂਤ ਆਦਿ ਬਦਰੂਹਾਂ ਦੇ ਨਾਮ ਹਨ। ਇਨ੍ਹਾਂ ਵਿੱਚ ਡੈਣ ਸੰਬੰਧੀ ਲੋਕ ਵਿਸ਼ਵਾਸ ਹੈ ਕਿ ਗਰਭਵਤੀ ਔਰਤ ਦੀ ਮੌਤ ਤੋਂ ਬਾਅਦ ਉਹ ਡੈਣ ਬਣ ਜਾਂਦੀ ਹੈ। ਡੈਣ ਛੋਟੇ ਬੱਚਿਆਂ ਦਾ ਕਾਲਜਾ ਕੱਢ ਕੇ ਖਾ ਲੈਂਦੀ ਹੈ ਜਾਂ ਉਨ੍ਹਾਂ ਨੂੰ ਮਾਰ ਦਿੰਦੀ ਹੈ। ਕਿਸੇ ਅਚਨਚੇਤ ਹੋਈ ਦੁਰਘਟਨਾ ਵਿੱਚ ਹੋਈ ਮੌਤ ਤੋਂ ਬਾਅਦ ਮ੍ਰਿਤਕ ਭੂਤ ਬਣ ਜਾਂਦਾ ਹੈ। ਇਹ ਭੂਤ ਦੁਰਘਟਨਾ ਵਾਲੀ ਜਗ੍ਹਾ ਉੱਤੇ ਰਹਿੰਦਾ ਹੈ ਅਤੇ ਹੋਰ ਯਾਤਰੀਆਂ ਦੀ ਦੁਰਘਟਨਾਵਾਂ ਕਰਵਾਉਂਦਾ ਹੈ। ਇਨ੍ਹਾਂ ਬਦਰੂਹਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਕਰਮ ਕਾਂਡ ਕੀਤੇ ਜਾਂਦੇ ਹਨ। ਨਿੱਛ ਸੰਬੰਧੀ ਲੋਕ ਵਿਸ਼ਵਾਸ ਪੂਰੀ ਦੁਨੀਆਂ ਵਿੱਚ ਮਿਲਦੇ ਹਨ, ਜੇਕਰ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਪਿੱਛੇ ਤੋਂ ਕੋਈ ਨਿੱਛ ਮਾਰ ਦੇਵੇ ਤਾਂ ਬਹੁਤ ਹੀ ਅਸ਼ੁੱਭ ਮੰਨਿਆ ਜਾਂਦਾ ਹੈ। ਕਈ ਵਾਰ ਤਾਂ ਸਫ਼ਰ ਰੱਦ ਹੀ ਕਰ ਦਿੱਤਾ ਜਾਂਦਾ ਹੈ।

ਚਿਕਿਸਤਾ ਸੰਬੰਧੀ ਲੋਕ ਵਿਸ਼ਵਾਸਾਂ ਵਿੱਚ ਖੇਤਰੀ ਵੱਖਰਤਾਵਾਂ ਮਿਲਦੀਆਂ ਹਨ। ਅਜਿਹਾ ਹੋਣ ਦਾ ਕਾਰਨ ਹਰ ਇਕ ਸਮਾਜ ਦੀ ਵਸਤੂਗਤ ਸਮੱਗਰੀ ਅਲੱਗ-ਅਲੱਗ ਹੋਣਾ ਹੈ। ਪੰਜਾਬ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਪੀਲੀਆ ਹੋ ਜਾਂਦਾ ਹੈ ਤਾਂ ਉਸ ਤੋਂ ਪੀਲੇ ਰੰਗ ਦੀਆਂ ਵਸਤਾਂ ਦੂਰ ਰੱਖੀਆਂ ਜਾਂਦੀਆਂ ਹਨ। ਬੱਚਿਆਂ ਨੂੰ ਪੀਲੀਏ ਤੋਂ ਬਚਾਉਣ ਲਈ ਹਥੌਲਾ ਵੀ ਕਰਵਾਇਆ ਜਾਂਦਾ ਹੈ। ਕੋਈ ਔਰਤ ਜੇਕਰ ਬਾਂਝ ਹੋਵੇ ਤਾਂ ਉਸ ਸੰਬੰਧੀ ਹਰੀ ਬੇਰੀ ਦੇ ਹੇਠਾਂ ਨਹਾਉਣ ਵਾਲਾ ਲੋਕ ਵਿਸ਼ਵਾਸ ਹੈ। ਬਾਂਝ ਔਰਤ ਨੂੰ ਫਲ਼ ਵੀ ਦਿੱਤਾ ਜਾਂਦਾ ਹੈ ਜਿਸ ਨਾਲ ਉਸ ਕੋਲ ਪੁੱਤਰ ਹੁੰਦਾ ਹੈ। ਪਹਿਰਾਵੇ ਵਿੱਚ ਸੁਹਾਗਣ ਔਰਤ ਲਈ ਚਿੱਟਾ ਕੱਪੜਾ ਪਾਉਣਾ ਬੁਰਾ ਮੰਨਿਆ ਗਿਆ ਹੈ। ਇਹ ਲੋਕ ਵਿਸ਼ਵਾਸ ਹੈ ਕਿ ਅਜਿਹਾ ਕਰਨ ਵਾਲੀ ਔਰਤ ਦੇ ਪਤੀ ਨਾਲ ਕੋਈ ਵੱਡੀ ਦੁਰਘਟਨਾ ਹੋ ਸਕਦੀ ਹੈ। ਵਿਆਹ ਵੇਲੇ ਕੁੜੀ ਲਾਲ ਰੰਗ ਦੇ ਕੱਪੜੇ ਪਾਉਂਦੀ ਹੈ। ਪਹਿਰਾਵੇ ਸੰਬੰਧੀ ਵਸ਼ਿਸ਼ਟ ਧਰਮਾਂ ਦੇ ਅਲੱਗ ਅਲੱਗ ਵਿਚਾਰ ਹਨ। ਚਿੱਟੇ ਰੰਗ ਨੂੰ ਹਿੰਦੂ ਧਰਮ ਵਿੱਚ ਅਸ਼ੁੱਭ ਮੰਨਿਆ ਜਾਂਦਾ ਹੈ ਪਰ ਮੁਸਲਿਮ ਧਰਮ ਵਿੱਚ ਚਿੱਟਾ ਰੰਗ ਸ਼ੁੱਭ ਮੰਨਿਆ ਜਾਂਦਾ ਹੈ।

ਅੰਕਾਂ ਦੀ ਗਿਣਤੀ ਸੰਬੰਧੀ ਵੀ ਕਈ ਲੋਕ ਵਿਸ਼ਵਾਸ ਹਨ। ਗਿਣਤੀ ਵਿੱਚ ਅੰਕ ਤਿੰਨ ਨੂੰ ਚੰਗਾ ਨਹੀਂ ਮੰਨਿਆ ਜਾਂਦਾ ਪਰ ਪੰਜ, ਸੱਤ, ਨੌਂ ਅੰਕ ਸ਼ੁੱਭ ਮੰਨੇ ਗਏ ਹਨ। ਪੰਜ ਪੀਰ, ਪੰਜ ਵਕਤ ਨਮਾਜ਼, ਪੰਜ ਦਰਿਆ, ਪੰਜ ਕੱਕੇ ਪੰਜਾਬ ਵਿੱਚ ਸਹੀ ਮੰਨੇ ਗਏ ਹਨ। ਇਸ ਤਰ੍ਹਾਂ ਹੀ ਅੰਕ ਸੱਤ ਅਤੇ ਨੌਂ ਦੇ ਵੀ ਆਪਣੇ ਆਪਣੇ ਸੰਦਰਭ ਹਨ। ਨਜ਼ਰ ਲੱਗਣ ਦਾ ਲੋਕ ਵਿਸ਼ਵਾਸ ਪੂਰੀ ਦੁਨੀਆ ਵਿੱਚ ਸਵੀਕਾਰ ਕੀਤਾ ਗਿਆ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੋਹਣੀ ਵਸਤੂ ਜਾਂ ਬੱਚੇ ਨੂੰ ਕੋਈ ਮਾੜੀ ਨਜ਼ਰ ਨਾਲ ਵੇਖਦਾ ਹੈ ਤਾਂ ਨਜ਼ਰ ਲੱਗ ਜਾਂਦੀ ਹੈ। ਨਜ਼ਰ ਲੱਗਣ ਦੀਆਂ ਦੋ ਕਿਸਮਾਂ ਮੰਨੀਆਂ ਗਈਆਂ ਹਨ।ਪਹਿਲੀ ਕਿਸਮ ਵਿੱਚ ਕਿਸੇ ਦੀ ਸੁਭਾਵਿਕ ਹੀ ਨਜ਼ਰ ਅਜਿਹੀ ਹੁੰਦੀ ਹੈ ਕਿ ਉਸ ਨਾਲ ਕਿਸੇ ਸੋਹਣੀ ਵਸਤੂ ਜਾਂ ਬੱਚੇ ਨੂੰ ਨਜ਼ਰ ਲੱਗ ਜਾਂਦੀ ਹੈ। ਇਸ ਵਿੱਚ ਸਭ ਅਚੇਤ ਹੁੰਦਾ ਹੈ। ਨਜ਼ਰ ਲੱਗਣ ਦੀ ਦੂਜੀ ਕਿਸਮ ਵਿੱਚ ਵਿਸ਼ੇਸ਼ ਕਿਸਮ ਦੇ ਕਰਮ-ਕਾਂਡ ਨਾਲ ਨਜ਼ਰ ਲਗਾਈ ਜਾਂਦੀ ਹੈ ਅਤੇ ਸਭ ਕੁਝ ਸੁਚੇਤ ਹੋ ਕੇ ਕੀਤਾ ਜਾਂਦਾ ਹੈ।

ਉਪਰੋਕਤ ਲੋਕ ਵਿਸ਼ਵਾਸਾਂ ਤੋਂ ਬਿਨਾਂ ਵੀ ਬਹੁਤ ਸਾਰੇ ਲੋਕ ਵਿਸ਼ਵਾਸ ਮਿਲਦੇ ਹਨ ਜਿਨ੍ਹਾਂ ਨੂੰ ਫੁਟਕਲ ਲੋਕ ਵਿਸ਼ਵਾਸਾਂ ਦੀ ਵੰਨਗੀ ਵਿੱਚ ਰੱਖਿਆ ਜਾਂਦਾ ਹੈ। ਡਰਾਇਵਰਾਂ, ਦੁਕਾਨਦਾਰਾਂ ਅਤੇ ਡਾਕਟਰਾਂ ਦੇ ਆਪਣੇ ਆਪਣੇ ਲੋਕ ਵਿਸ਼ਵਾਸ ਹਨ। ਪੰਜਾਬ ਵਿੱਚ ਖੇਤੀਬਾੜੀ ਅਤੇ ਕਿਸਾਨੀ ਜੀਵਨ ਸੰਬੰਧੀ ਵੀ ਬਹੁਤ ਲੋਕ ਵਿਸ਼ਵਾਸ ਹਨ। ਲੋਕ ਵਿਸ਼ਵਾਸ ਆਦਿਮ ਮਨੁੱਖ ਤੋਂ ਹੀ ਸਾਡੇ ਨਾਲ ਨਾਲ ਹਨ। ਇਹ ਕਿਹਾ ਜਾਂਦਾ ਹੈ ਕਿ ਵਿਗਿਆਨਕ ਯੁੱਗ ਵਿੱਚ ਇਨ੍ਹਾਂ ਲੋਕ ਵਿਸ਼ਵਾਸਾਂ ਦੀ ਮਹੱਤਤਾ ਘਟ ਗਈ ਹੈ ਪਰ ਅੱਜ ਦੇ ਵਿਗਿਆਨਕ ਯੁੱਗ ਵਿੱਚ ਅਨਿਸ਼ਚਿਤਤਾ ਅਤੇ ਅਸੁਰੱਖਿਆ ਹੋਰ ਵੀ ਜ਼ਿਆਦਾ ਵੱਧ ਗਏ ਹਨ। ਇਸ ਲਈ ਲੋਕ ਵਿਸ਼ਵਾਸਾਂ ਦੀ ਮਹੱਤਤਾ ਅੱਜ ਵੀ ਬਰਕਰਾਰ ਹੈ।

**6.2.4 ਪੰਜਾਬ ਦੇ ਲੋਕ-ਵਿਸ਼ਵਾਸ ਲੇਖ ਦਾ ਸਾਰ**

ਵਿਸ਼ਵਾਸ ਮਨੁੱਖੀ ਜ਼ਿੰਦਗੀ ਦਾ ਸੁਭਾਵਿਕ ਹਿੱਸਾ ਹੈ। ਵਿਸ਼ਵਾਸ ਕਰਨ ਦੀ ਬਿਰਤੀ ਨਾਲ ਹੀ ਮਨੁੱਖ ਨੇ ਬਹੁਤ ਕੁਝ ਨਵਾਂ ਸਿਰਜਿਆ ਹੈ। ਇਹ ਬਿਰਤੀ ਗਿਆਨ ਵਿਗਿਆਨ ਦੇ ਖੇਤਰ ਵਿਚ ਕਿਸੇ ਵਿਸ਼ਵਾਸ ਨਾਲ ਜੁੜੀ ਹੁੰਦੀ ਹੈ। ਇਹ ਵਿਸ਼ਵਾਸ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਆਦਿ ਕਿਸਮਾਂ ਨਾਲ ਜੁੜਿਆ ਹੋਇਆ ਹੋ ਸਕਦਾ ਹੈ। ਇਸ ਲਈ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਵਿਸ਼ਵਾਸ ਕਿਸਨੂੰ ਕਿਹਾ ਜਾਦਾ ਹੈ।

**ਵਿਸ਼ਵਾਸ:-** ਵਿਸ਼ਵਾਸ ਨੂੰ ਜੇਕਰ ਅਸੀਂ ਸਾਧਰਨ ਸ਼ਬਦ ਵਿਚ ਪਰਿਭਾਸ਼ਿਤ ਕਰਨਾ ਹੋਵੇ ਤਾਂ ਅਸੀ ਕਹਿ ਸਕਦੇ ਹਾਂ ਕਿ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ, ਗ਼ੈਬੀ ਸ਼ਕਤੀ ਵਿਚ ਯਕੀਨ ਜਾਂ ਭਰੋਸਾ ਵਿਸ਼ਵਾਸ ਹੁੰਦਾ ਹੈ। ਇਸ ਦਾ ਆਧਾਰ ਅਤੇ ਸਵੀਕ੍ਰਿਤੀ ਬੌਧਿਕ ਨਾਲੋਂ ਭਾਵੁਕ ਰੰਗ ਵਿਚ ਜ਼ਿਆਦਾ ਹੋਵੇਗੀ। ਇਹ ਵਿਸ਼ਵਾਸ ਵਾਸਤਵਿਕ ਸਚਾਈ ਉਪਰ ਨਿਰਭਰ ਨਹੀਂ ਕਰਦਾ ਸਗੋਂ ਇੱਕ ਖ਼ਾਸ ਸਮਾਜਿਕ ਸੱਭਿਆਚਾਰਕ ਮੋਨਸਥਿਤੀ ਕਰਕੇ ਹੁੰਦਾ ਹੈ। ਮਨੁੱਖ ਕੁਦਰਤ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਪ੍ਰਤੱਖਣ ਸ਼ਕਤੀ ਰਾਹੀਂ ਜੋ ਪ੍ਰਭਾਵ ਕਬੂਲਦਾ ਹੈ, ਉਹ ਲੋਕ ਵਿਸ਼ਵਾਸ ਦਾ ਆਧਾਰ ਬਣਦੇ ਹਨ। ਇੱਕ ਘਟਨਾ ਦਾ ਸੰਬੰਧ ਜਦੋਂ ਕਿਸੇ ਦੂਜੀ ਘਟਨਾ ਨਾਲ ਬਣਦਾ ਹੈ, ਉਦੋਂ ਵੀ ਅਜਿਹੇ ਵਿਸ਼ਵਾਸ ਬਣਨੇ ਸ਼ੁਰੂ ਹੋ ਜਾਂਦੇ ਹਨ। ਕੁਦਰਤ ਨਾਲ ਅੰਤਰ ਕਿਰਿਆ ਵਿਚ ਆਉਣ ਨਾਲ ਇਹ ਵਿਸ਼ਵਾਸ ਬਣਨੇ ਸ਼ੁਰੂ ਹੋਏ ਅਤੇ ਮਨੁੱਖੀ ਅਨੁਭਵ ਦੇ ਵਿਸ਼ਾਲ ਹੋਣ ਨਾਲ ਇਹਨਾਂ ਵਿਸ਼ਵਾਸਾਂ ਦਾ ਦਾਇਰਾ ਵੀ ਫੈਲਦਾ ਗਿਆ।

ਮਨੁੱਖ ਸ਼ੁਰੂ ਤੋਂ ਹੀ ਕੁਦਰਤ ਨਾਲ ਸੰਘਰਸ਼ ਕਰਕੇ ਇਸ ਨੂੰ ਆਪਣੇ ਹਿਤਾਂ ਅਨਕੂਲ ਢਾਲਣ ਦੀ ਕੋਸ਼ਿਸ ਵਿਚ ਰਿਹਾ ਹੈ। ਕਬੀਲਾ ਸਮਾਜ ਵਿਚ ਮਨੁੱਖ ਕੁਦਰਤ ਵਿਚ ਵਪਾਰਨ ਵਾਲੀਆਂ ਘਟਨਾਵਾਂ ਦੇ ਵਿਗਿਆਨਕ ਸੰਬੰਧ ਸਮਝਣ ਤੋਂ

ਅਸਮਰਥ ਸੀ। ਅਜਿਹੀ ਸਥਿਤੀ ਵਿਚ ਅਨਿਸ਼ਚਿਤਾ ਅਤੇ ਖ਼ਤਰਿਆ ਤੋਂ ਬਚਣ ਲਈ ਮਨੁੱਖ ਅਨੇਕ ਤਰ੍ਹਾਂ ਦੇ ਵਿਸ਼ਵਾਸਾਂ ਦਾ ਸਹਾਰਾ ਲੈਣ ਲੱਗਾ। ਵੈਸੇ ਵੀ ਮਨੁੱਖ ਆਪਣੇ ਨਿੱਤ ਦੇ ਕਰ-ਵਿਹਾਰ ਸੰਬੰਧੀ, ਆਪਣੀ ਹੋਂਦ ਸੰਬੰਧੀ ਅਤੇ ਕੁਦਰਤੀ ਵਰਤਾਰਿਆਂ ਦੀ ਵਿਆਖਿਆ ਲਈ ਵਿਸ਼ਵਾਸ ਨੂੰ ਬਣਾਉਂਦਾ ਹੈ। ਹਰ ਸਮਾਜ ਅਤੇ ਕਾਲ ਦੇ ਮਨੁੱਖ ਦਾ ਜੀਵਨ ਉਸ ਦੇ ਸਮਕਾਲੀ ਵਿਸ਼ਵਾਸਾਂ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ। ਮਨੁੱਖ ਆਪਣੇ ਤੋਂ ਪੂਰਵ ਕਾਲ ਵਿਚ ਪ੍ਰਾਪਤ ਅਨੁਭਵ ਅਤੇ ਉਸਾਰੇ ਵਿਸ਼ਵਾਸ ਦੀ ਮਦਦ ਨਾਲ ਨਵੇਂ ਵਿਸ਼ਵਾਸ ਦੀ ਸਿਰਜਣਾ ਕਰਦਾ ਆਇਆ ਹੈ। ਜਾਦੂ ਚਿੰਤਨ ਅਤੇ ਧਰਮ ਚਿੰਤਨ ਇਹਨਾਂ ਵਿਸ਼ਵਾਸਾਂ ਦੀਆਂ ਮਿਸਾਲ ਹਨ। ਇਹ ਵਿਸ਼ਵਾਸ ਪੀੜ੍ਹੀ-ਦਰ-ਪੀੜ੍ਹੀ ਲੋਕ ਜੀਵਨ ਦਾ ਹਿੱਸਾ ਬਣਦੇ ਗਏ।

**ਲੋਕ ਵਿਸ਼ਵਾਸ:-** ਲੋਕ ਵਿਸ਼ਵਾਸ ਉਹਨਾਂ ਵਿਸ਼ਵਾਸਾਂ ਨੂੰ ਕਿਹਾ ਜਾਂਦਾ ਹੈ ਜਿਹੜ ਪੀੜ੍ਹੀ-ਦਰ-ਪੀੜ੍ਹੀ ਸਮਾਜ ਦੇ ਸਾਰੇ ਸਮੂਹਾਂ ਵਲੋ ਅਪਣਾਏ ਜਾਂਦੇ ਹਨ। ਇਹ ਲੋਕ ਵਿਸ਼ਵਾਸ ਉਸ ਸਮੂਹ ਦੇ ਸਭਿਆਚਾਰ ਅਤੇ ਸਮਾਜ ਨਾਲ ਸੰਬੰਧਿਤ ਹੁੰਦੇ ਹਨ, ਜਿਸ ਕਰਨ ਇਹ ਵਿਸ਼ਵਾਸ ਸਾਰੇ ਹੀ ਸਮਾਜ ਵਲੋਂ ਅਪਣਾਏ ਜਾਂਦੇ ਹਨ। ਬਹੁਤ ਥੋੜ੍ਹੇ ਲੋਕ ਵਿਸ਼ਵਾਸ ਛੱਡ ਦਿੱਤਾ ਜਾਵੇ ਤਾ ਹਰ ਇਕ ਸਮਾਜ ਦੇ ਵੱਖੋ-ਵੱਖਰੋ ਲੋਕ ਵਿਸ਼ਵਾਸ ਹਨ। ਲੋਕ ਵਿਸ਼ਵਾਸ ਦੀ ਸਿਧਾਂਤਕ ਲਈ ਅਸੀਂ ਕੁਝ ਵਿਦਵਾਨਾਂ ਦੀ ਪਰਿਭਾਸ਼ਾਵਾਂ ਲੈ ਸਕਦੇ ਹਾਂ।

**ਡਾ. ਕਰਨੈਲ ਸਿੰਘ ਥਿੰਦ ਅਨੁਸਾਰ:**

> "ਵਿਸ਼ਵਾਸ ਪੰਰਪਰਾਗਤ ਤੌਰ 'ਤੇ ਪਰਵਾਨ ਕਰ ਲਈ ਗਈ ਧਾਰਨਾ ਹੈ। ਜਿਸ ਵਿਚ ਅਜਿਹੇ ਅਦਭੁਤ ਵਿਸ਼ਵਾਸ ਵੀ ਆ ਜਾਂਦਾ ਹਨ। ਜਿਨਾਂ ਨੂੰ ਲੋਕ ਨਾਲ ਸੰਬਧਿਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ ਅਣਗਣਿਤ ਪੀੜ੍ਹੀਆਂ ਬੀਤ ਚੁੱਕੀ ਹਨ। ਵਿਸ਼ਵਾਸ ਸ਼ਬਦ ਵਿਚ ਸਾਰੀਆਂ ਭਾਵਾਤਮਕ ਜਾਂ ਤਰਕ ਰਹਿਤ ਭਾਵਨਾਵਾਂ ਸ਼ਾਮਿਲ ਹਨ।"

**ਡਾ. ਨਾਹਰ ਸਿੰਘ ਅਨੁਸਾਰ:**

> "ਲੋਕ-ਵਿਸ਼ਵਾਸ ਕਿਸੇ ਲੋਕਧਾਰਕ ਤਰਕ ਉੱਤੇ ਅਧਾਰਿਤ ਹੁੰਦਾ ਹੈ। ਇਸ ਲਈ ਇਸ ਨੂੰ ਵਹਿਮ ਭਰਮ ਕਹਿਣਾ ਠੀਕ ਨਹੀਂ ਲੋਕ ਵਿਸ਼ਵਾਸ ਦਾ ਤਰਕ ਮਿੱਥਾਂ ਦੇ ਤਰਕ ਨਾਲ ਮਿਲਦਾ ਜੁਲਦਾ ਹੈ।"

ਉਪਰੋਕਤ ਪਰਿਭਾਸਵਾਂ ਦੇ ਆਧਾਰ ਉੱਤੇ ਅਸੀਂ ਆਖ ਸਕਦੇ ਹਾਂ ਕਿ ਲੋਕ ਵਿਸ਼ਵਾਸ ਕਿਸੇ ਸਮੂਹ ਉੱਤੇ ਕੁਦਰਤ ਪ੍ਰਤੀ ਭਾਵਨਾਤਮਕ ਵਿਸ਼ਵਾਸ ਹੁੰਦੇ ਹਨ। ਇਹਨਾਂ ਵਿਸ਼ਵਾਸਾਂ ਦੀ ਆਪਣੇ ਕਾਲ ਅਤੇ ਸਮਾਜ ਵਿਚ ਸਾਰਥਿਕ ਭੂਮਿਕਾ ਹੁੰਦੀ ਹੈ। ਇਹ ਲੋਕ ਵਿਸ਼ਵਾਸ ਪੀੜ੍ਹੀ-ਦਰ-ਪੀੜ੍ਹੀ ਅੱਗੇ ਅਪਣਾਏ ਜਾਂਦੇ ਹਨ।

ਇੱਥੇ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਇਹ ਲੋਕ ਵਿਸ਼ਵਾਸ ਅਤੇ ਵਹਿਮ ਭਰਮ ਲੋਕਧਾਰਾ ਦੀ ਵੱਖ ਵੱਖ ਵੰਨਗੀਆਂ ਹਨ। ਲੋਕ ਵਿਸ਼ਵਾਸ ਬੇਸ਼ਕ ਜ਼ਿਆਦਾਤਰ ਭਾਵਨਾਤਮਕ ਤੌਰ 'ਤੇ ਅਪਣਾਏ ਜਾਂਦੇ ਹਨ। ਪਰ ਇਹਨਾਂ ਵਿਚ ਸਮਕਾਲੀ ਸਮਾਜ ਦਾ ਵਿਗਿਆਨਕ ਸੱਚ ਵੀ ਸ਼ਾਮਿਲ ਹੋ ਸਕਦਾ ਹੈ। ਇਸ ਲਈ ਵਿਸ਼ਵਾਸ ਵਹਿਮ ਭਰਮ ਨਾਲੋਂ ਵੱਧ ਵਿਗਿਆਨ ਦੇ ਨੇੜੇ ਹੁੰਦੇ ਹਨ।

ਲੋਕ ਵਿਸ਼ਵਾਸ ਅਤੇ ਵਹਿਮ ਭਰਮ ਵਿਚ ਕੋਈ ਸਪਸ਼ਟ ਨਿਖੇੜਾ ਪੇਸ਼ ਕਰ ਸਕਣਾ ਕਾਫ਼ੀ ਕਠਿਨ ਹੈ। ਕਈ ਵਾਰ ਲੋਕ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਨੂੰ ਇਕ ਹੀ ਅਰਥਾਂ ਵਿਚ ਗ੍ਰਹਿਣ ਕਰ ਲਿਆ ਜਾਂਦਾ ਹੈ। ਲੋਕ ਵਿਸ਼ਵਾਸ ਦਾ ਆਧਾਰ ਜੇਕਰ ਲੋਕਧਾਰਾਈ ਸੱਚ ਹੁੰਦਾ ਹੈ ਤਾਂ ਵਹਿਮ ਭਰਮ ਵੀ ਇਸ ਲੋਕਧਾਰਾਈ ਸੱਚ ਉੱਪਰ ਹੀ ਉਸਰਦੇ ਹਨ। ਕਿਸੇ ਵਿਅਕਤੀ ਲਈ ਕੋਈ ਵਹਿਮ, ਭਰਮ ਹੋ ਸਕਦਾ ਹੈ ਪਰ ਦੂਜੇ ਵਿਅਕਤੀ ਲਈ ਉਹ ਸਭਿਆਚਾਰਕ ਸੱਚ ਵੀ ਹੋ ਸਕਦਾ ਹੈ। ਲੋਕ ਵਿਸ਼ਵਾਸ ਅਤੇ ਵਹਿਮ ਭਰਮ ਵਿਚ ਅੰਤਰ ਕਰਨ ਲਈ ਅਸੀਂ ਡੀ. ਹੈਂਡ ਦੀ ਸਹਾਇਤਾ ਲੈ ਸਕਦੇ ਹੈ। ਡੀ. ਹੈਂਡ ਲੋਕ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਵਿਚ ਨਿਖੇੜਾ ਕਰਦਿਆਂ ਕਹਿੰਦਾ ਹੈ ਕਿ ਜਿੱਥੇ ਵਹਿਮ ਭਰਮ ਅਵਿਗਿਆਨਕ ਅਤੇ ਅਤਾਰਕਿਕ ਆਧਾਰਾਂ ਉੱਪਰ ਉਸਰੇ ਹੁੰਦੇ ਹਨ ਉਥੇ ਲੋਕ ਵਿਸ਼ਵਾਸ ਜ਼ਰੂਰੀ ਨਹੀਂ ਕਿ ਹਮੇਸ਼ਾਂ ਗ਼ਲਤ ਅਤੇ ਅਵਿਗਿਆਨਕ ਨਿਰਣੈ ’ਤੇ ਹੀ ਆਧਾਰਿਤ ਹੋਣ। ਇਹਨਾਂ ਵਿਭਿੰਨਤਾਵਾਂ ਦੇ ਆਧਾਰ ’ਤੇ ਅਸੀਂ ਵਹਿਮ ਭਰਮ ਅਤੇ ਲੋਕ ਵਿਸ਼ਵਾਸ ਵਿਚੋਂ ਨਿਖੇੜਾ ਕਰ ਸਕਦੇ ਹਾਂ।

ਆਮ ਤੌਰ ’ਤੇ ਇਹ ਸਮਝਿਆ ਜਾਂਦਾ ਕਿ ਲੋਕ ਵਿਸ਼ਵਾਸ ਜਾਂ ਵਹਿਮ ਭਰਮ ਮਨੁੱਖ ਦੀ ਨਿਮਨ ਬੌਧਿਕ ਅਵਸਥਾ ਦੀ ਉਪਜ ਹਨ। ਇਹ ਠੀਕ ਹੈ ਕਿ ਜਿੱਥੇ ਜੀਵਨ ਜਾਚ ਪਰੰਪਰਾਗਤ ਜੀਵਨ ਕੀਮਤਾਂ ਤੋਂ ਉਸਰੀ ਹੁੰਦੀ ਹੈ। ਉੱਥੇ ਲੋਕ ਵਿਸ਼ਵਾਸ ਦੀ ਜੀਵਨ ਵਿਚ ਮਹੁੱਤਵਪੂਰਨ ਭੂਮਿਕਾ ਹੁੰਦੀਹੈ ਪਰ ਵਿਗਿਆਨਕ ਮਨ ਵੀ ਇਹਨਾਂ ਵਿਸ਼ਵਾਸ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਦਾ। ਅੱਜ ਦੇ ਸਮਾਜ ਵਿਚ ਅਨਿਸ਼ਚਿਤਾ ਅਤੇ ਅਸੁਰੱਖਿਆ ਵਧਣ ਕਾਰਨ ਲੋਕ ਵਿਸ਼ਵਾਸਾਂ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ। ਇਸ ਲਈ ਹੀ ਇਹ ਲੋਕ ਵਿਸ਼ਵਾਸ ਆਦਿਮ ਮਨੁੱਖ ਤੋਂ ਵਰਤਮਾਨ ਸਮੇ ਤੱਕ ਮਨੁੱਖ ਨਾਲ ਆਏ ਹਨ।

ਪੰਜਾਬ ਵਿਚ ਵੀ ਲੋਕ ਵਿਸ਼ਵਾਸਾਂ ਨੂੰ ਜ਼ਿੰਦਗੀ ਵਿਚ ਅਪਣਾਇਆ ਜਾਂਦਾ ਹੈ। ਇਹ ਲੋਕ ਵਿਸ਼ਵਾਸ ਬਹੁਤ ਕਿਸਮਾਂ ਦੇ ਹੋ ਸਕਦੇ ਹਨ। ਲੋਕ ਵਿਸ਼ਵਾਸਾਂ ਦੇ ਵਿਗਿਆਨਕ ਅਧਿਐਨ ਲਈ ਇਹਨਾਂ ਦਾ ਵਰਗੀਕਰਨ ਕਰਨਾ ਬਹੁਤ ਜ਼ਰੂਰੀ ਹੈ। ਇਹ ਵਰਗੀਕਰਨ ਕਾਫੀ ਮੁਸ਼ਕਿਲ ਕੰਮ ਹੈ। ਇਸਦਾ ਕਾਰਨ ਇਹ ਹੈ ਕਿ ਮਨੁੱਖ ਅਤੇ ਕੁਦਰਤ ਦਾ ਰਿਸ਼ਤਾ ਬਹੁਤ ਹੀ ਗੁੰਝਲਦਾਰ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੀ ਪ੍ਰਕਿਰਿਆ ਨਾਲ ਕੋਈ ਨਾ ਕੋਈ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ। ਇਸ ਲਈ ਇਹਨਾਂ ਲੋਕ ਵਿਸ਼ਵਾਸਾਂ ਦਾ ਵਰਗੀਕਰਨ ਕਾਫ਼ੀ ਮੁਸ਼ਕਿਲ ਹੈ। ਡਾ. ਗੁਰਮੀਤ ਸਿੰਘ ਨੇ ਆਪਣੀ ਪੁਸਤਕ ਪੰਜਾਬੀ ਲੋਕਧਾਰਾ ਦੇ ਕੁਝ ਪੱਖ ਵਿਚ ਲੋਕ ਵਿਸ਼ਵਾਸ ਦੀ ਵੰਡ ਇਸ ਤਰ੍ਹਾਂ ਕੀਤੀ ਹੈ ਜਿਸਨੂੰ ਅਸੀਂ ਅਪਣਾ ਸਕਦੇ ਹਾਂ।

1 ਜਨਮ, ਵਿਆਹ ਅਤੇ ਮੌਤ ਸੰਬੰਧੀ ਲੋਕ ਵਿਸ਼ਵਾਸ।

2 ਯਾਤਰਾ ਸੰਬੰਧੀ।

3 ਪਸ਼ੂ-ਪੰਛੀਆਂ ਅਤੇ ਜੀਵਾਂ ਸੰਬੰਧੀ ।

4 ਦਿਸ਼ਾ ਅਤੇ ਨਛੱਤਰਾਂ ਸੰਬੰਧੀ।

5 ਚੰਦ, ਸੂਰਜ, ਤਾਰਿਆਂ ਆਦਿ ਸੰਬੰਧੀ।

6 ਸਰੀਰਕ ਅੰਗਾਂ ਸੰਬੰਧੀ

7 ਕਿਸਾਨੀ ਜੀਵਨ ਅਤੇ ਖੇਤੀਬਾੜੀ ਸੰਬੰਧੀ।

8 ਨਿੱਛ ਸੰਬੰਧੀ ।

9 ਦਿਨ ਰਾਤ ਅਤੇ ਰੁੱਤਾਂ ਸੰਬੰਧੀ।

10 ਚਿਕਿਸਤਾ ਸੰਬੰਧੀ ।

11 ਪਹਿਰਾਵੇ ਸੰਬੰਧੀ।

12 ਰੂਹਾਂ ਅਤੇ ਬਦਰੂਹਾਂ ਸੰਬੰਧੀ।

13 ਦੇਵੀ ਦੇਵਤਿਆਂ ਅਤੇ ਪਿੱਤਰਾਂ ਸੰਬੰਧੀ।

14 ਬਨਸਪਤੀ ਸੰਬੰਧੀ ।

15 ਅੰਕਾਂ ਸੰਬੰਧੀ।

16 ਨਜਰ ਲੱਗਣ ਸੰਬੰਧੀ।

17 ਫੁਟਕਲ ਲੋਕ ਵਿਸ਼ਵਾਸ।

ਇਸ ਤੋਂ ਇਲਾਵਾ ਵਿਭਿੰਨ ਕੰਮਾਂ ਨਾਲ ਸੰਬੰਧਿਤ ਵਰਗਾਂ ਦੇ ਵੀ ਆਪਣੇ ਹੀ ਲੋਕ ਵਿਸ਼ਵਾਸ ਹੁੰਦੇ ਹਨ। ਸ਼ਿਕਾਰੀ, ਜੂਏਬਾਜ਼ਾਂ, ਦੁਕਾਨਦਾਰਾਂ ਅਤੇ ਡਰਾਈਵਰਾਂ ਦੇ ਵੀ ਆਪਣੇ-ਆਪਣੇ ਲੋਕ ਵਿਸ਼ਵਾਸ ਹਨ। ਮਨੁੱਖ ਦੀ ਜ਼ਿੰਦਗੀ ਦੇ ਬਹੁਤ ਸਾਰੇ ਅਜਿਹੇ ਲੋਕ ਵਿਸ਼ਵਾਸ ਹਨ ਜੋ ਕਿ ਉਪੋਰਕਤ ਕੀਤੀ ਵੰਡ ਵਿਚ ਨਹੀਂ ਆ ਸਕਦੇ, ਅਜਿਹੇ ਲੋਕ ਵਿਸ਼ਵਾਸਾਂ ਨੂੰ ਅਸੀ ਫੁਟਕਲ ਲੋਕ ਵਿਸ਼ਵਾਸਾਂ ਦੀ ਸ਼੍ਰੇਣੀ ਵਿਚ ਰੱਖਦੇ ਹਾਂ। ਅਸੀਂ ਉਪਰੋਕਤ ਕੀਤੀ ਵੰਡ ਦੇ ਲੋਕ ਵਿਸ਼ਵਾਸਾਂ ਦੀ ਇਸ ਤਰ੍ਹਾਂ ਵਿਆਖਿਆ ਕਰ ਸਕਦੇ ਹਾਂ:-

**6.2.4.1 ਜਨਮ, ਵਿਆਹ ਅਤੇ ਮੌਤ ਸੰਬੰਧੀ ਲੋਕ ਵਿਸ਼ਵਾਸ**:

**6.2.4.1.1 ਜਨਮ ਸੰਬੰਧੀ ਲੋਕ ਵਿਸ਼ਵਾਸ:** ਮਨੁੱਖ ਦੇ ਜਨਮ ਤੋਂ ਲੈ ਕੇ ਉਸਦੀ ਮੌਤ ਤੱਕ ਦੀਆਂ ਸਾਰੀਆਂ ਹੀ ਪ੍ਰੀਕਿਰਿਆਵਾਂ ਨਾਲ ਹੀ ਲੋਕ ਵਿਸ਼ਵਾਸ ਜੁੜੇ ਹੋਏ ਹਨ। ਪੰਜਾਬ ਅਤੇ ਹੋਰ ਬਹੁਤ ਸਾਰੇ ਸਮਾਜਾਂ ਵਿਚ ਲੋਕ ਵਿਸ਼ਵਾਸ ਔਰਤ ਦੇ ਗਰਭਵਤੀ ਹੋਣ ਨਾਲ ਹੀ ਜੁੜ ਜਾਂਦੇ ਹਨ। ਗਰਭਵਤੀ ਔਰਤ ਨੂੰ ਰੂਪ ਅਤੇ ਕੋਝੀਆਂ ਚੀਜ਼ਾਂ ਨਹੀਂ ਵੇਖਣੀਆਂ ਚਾਹੀਦੀਆਂ। ਜੇਕਰ ਉਹ ਅਜਿਹਾ ਕਰੇਗੀ ਤਾਂ ਲੋਕ ਵਿਸ਼ਵਾਸ ਹੈ ਕਿ ਉਸਦਾ ਬੱਚਾ ਵੀ ਕਰੂਪ ਅਤੇ ਕੋਹਝਾ ਹੋਵੇਗਾ। ਇਸਦੇ ਉਲਟ ਜੇਕਰ ਉਹ ਕਿਸੇ ਸੁੰਦਰ ਬੁੱਚੇ ਨੂੰ ਵੇਖ, ਉਸ ਨੂੰ ਪਿਆਰ ਕਰੇ ਤਾਂ ਉਸਦਾ ਬੱਚਾ ਵੀ ਸੁੰਦਰ ਅਤੇ ਨੇਕ ਹੋਵੇਗਾ। ਇਸ ਤੋਂ ਬਿਨਾਂ ਵੀ ਜਨਮ ਨਾਲ ਸੰਬੰਧਿਤ ਬਹੁਤ ਲੋਕ ਵਿਸ਼ਵਾਸ ਹਨ:

- ਸੰਤਾਨ ਚਾਹੁੰਣ ਵਾਲੀ ਔਰਤ ਨੂੰ ਫਲ਼ ਦੇਣਾ
- ਪਹਿਲੇ ਬੱਚੇ ਦਾ ਜਨਮ ਪੇਕੇ ਕਰਾਉਣਾ।

**6.2.4.1.2 ਵਿਆਹ ਸੰਬੰਧੀ ਲੋਕ ਵਿਸ਼ਵਾਸ:** ਮਨੁੱਖ ਇੱਕ ਸਮਾਜਿਕ ਪ੍ਰਾਣੀ ਅਤੇ ਜੈਵਿਕ ਜੀਵ ਹੈ। ਇਸ ਲਈ ਉਹ ਆਪਣੀ ਸੰਤਾਨ ਪੈਦਾ ਕਰਦਾ ਹੈ। ਵਿਆਹ ਵਰਗੀ ਪ੍ਰਕਿਰਿਆ ਵਿਚ ਕੇਂਦਰੀ ਧੁਰਾ ਦੋ ਜੀਵਾਂ ਦਾ ਆਪਸੀ ਮੇਲ ਹੀ ਹੁੰਦਾ ਹੈ। ਇਸ ਸੰਬੰਧੀ ਵੀ ਬਹੁਤ ਸਾਰੇ ਲੋਕ ਵਿਸ਼ਵਾਸ ਮਿਲਦੇ ਹਨ। ਵਿਆਹ ਸੰਬੰਧੀ ਇਕ ਆਮ ਲੋਕ ਵਿਸ਼ਵਾਸ ਇਹ ਹੈ ਕਿ ਵਿਆਹ ਤੋਂ ਪੰਦਰਾਂ ਦਿਨ ਪਹਿਲਾਂ ਮੁੰਡੇ ਜਾਂ ਕੁੜੀ ਦਾ ਘਰ ਤੋਂ ਬਾਹਰ ਦੂਰ ਜਾਣਾ ਵਰਜਿਤ ਹੁੰਦਾ ਹੈ। ਦੋਵਾਂ ਨੂੰ ਘਰ ਹੀ ਰੱਖਿਆ ਜਾਂਦਾ ਹੈ ਅਤੇ ਕਿਸੇ ਭਾਰੇ ਕੰਮ ਨੂੰ ਕਰਨ ਦੀ ਮਨਾਹੀ ਹੁੰਦੀ ਹੈ। ਵਿਆਹ ਵਾਲੇ ਮੁੰਡਾ ਆਪਣੇ ਪਿੰਡ ਜਾਂ ਸ਼ਹਿਰ ਦੇ ਹਰ ਇੱਕ ਪੂਜਣਯੋਗ ਸਥਾਨ ਉੱਪਰ ਜਾ ਕੇ ਪਰਾਥਨਾ ਕਰਦਾ ਹੈ ਤਾਂ ਜੋ ਉਸ ਦਾ ਵਿਆਹ ਸਫ਼ਲ ਹੋ ਜਾਵੇ। ਇਸ ਤੋਂ ਬਿਨਾਂ ਵੀ ਵਿਆਹ ਸੰਬੰਧੀ ਹੋਰ ਬਹੁਤ ਸਾਰੇ ਲੋਕ ਵਿਸ਼ਵਾਸ ਹਨ।

**6.2.4.1.3 ਮੌਤ ਸੰਬੰਧੀ ਲੋਕ ਵਿਸ਼ਵਾਸ:** ਮੌਤ ਮਨੁੱਖੀ ਜ਼ਿੰਦਗੀ ਦੀ ਇੱਕ ਅਜਿਹੀ ਸਚਾਈ ਹੈ ਜਿਸ ਨੂੰ ਉਹ ਸਵੀਕਾਰ ਨਹੀਂ ਕਰਨਾ ਚਾਹੁੰਦਾ। ਮੌਤ ਸੰਬੰਧੀ ਵੀ ਹਰ ਇੱਕ ਸਮਾਜ ਵਿਚ ਆਪਣੇ-ਆਪਣੇ ਲੋਕ ਵਿਸ਼ਵਾਸ ਹਨ। ਪੰਜਾਬ ਵਿਚ ਮੌਤ ਸੰਬੰਧੀ ਬਹੁਤ ਲੋਕ ਵਿਸ਼ਵਾਸ ਹਨ। ਕੁੱਝ ਲੋਕ ਵਿਸ਼ਵਾਸ ਖ਼ਾਸ ਧਰਮ ਨਾਲ ਜੁੜੇ ਹੁੰਦੇ ਹਨ। ਪਰ ਜ਼ਿਆਦਾਤਰ ਲੋਕ ਵਿਸ਼ਵਾਸ ਇਲਾਕਾਈ ਹੁੰਦੇ ਹਨ। ਮੌਤ ਸੰਬੰਧੀ ਕੁਝ ਲੋਕ ਵਿਸ਼ਵਾਸ ਜਿਵੇਂ;

- **ਮਰਨ ਵਾਲੇ ਵਿਅਕਤੀ ਦੇ ਮੂੰਹ ਵਿਚ ਪਾਣੀ ਪਾਉਣਾ:** ਇਸ ਨਾਲ ਇਹ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ ਕਿ ਮਰਨ ਵਾਲਾ ਵਿਅਕਤੀ ਪਿਆਸਾ ਰਹਿਣ ਕਾਰਨ ਦੁਨੀਆ ਵਿਚ ਭਟਕਦਾ ਰਹੇਗਾ। ਇਸ ਲਈ ਹੀ ਉਸ ਦੇ ਮੂੰਹ ਵਿਚ ਪਾਣੀ ਪਾਇਆ ਜਾਂਦਾ ਹੈ।
- **ਮਰਨ ਵਾਲੇ ਵਿਅਕਤੀ ਨੂੰ ਧਰਤੀ ਉੱਤੇ ਲਿਟਾਉਣਾ:** ਇਹ ਲੋਕ ਵਿਸ਼ਵਾਸ ਹੈ ਕਿ ਮਰਨ ਵਾਲੇ ਵਿਅਕਤੀ ਨੂੰ ਜੇਕਰ ਧਰਤੀ ਉੱਪਰ ਲਿਟਾਇਆ ਜਾਵੇ ਤਾਂ ਉਸਦੀ ਜਾਨ ਸੌਖੀ ਨਿਕਲ ਜਾਂਦੀ ਹੈ। ਇਸ ਲਈ ਮਰਨ ਵਾਲੇ ਵਿਅਕਤੀ ਨੂੰ ਧਰਤੀ ਉੱਪਰ ਲਿਟਾ ਦਿੱਤਾ ਜਾਂਦਾ ਹੈ। ਇਸ ਨਾਲ ਇਕ ਲੋਕ ਵਿਸ਼ਵਾਸ ਇਹ ਵੀ ਜੁੜਿਆ ਹੋਇਆ ਹੈ ਕਿ ਮਨੁੱਖੀ ਸਰੀਰ ਮਿੱਟੀ ਦਾ ਬਣਿਆ ਹੋਇਆ ਹੈ। ਇਸ ਲਈ ਸਰੀਰ ਰੂਪੀ ਮਿੱਟੀ ਆਪਸ ਵਿਚ ਮਿਲ ਜਾਂਦੀ ਹੈ।

ਇਸ ਤੋਂ ਬਿਨਾਂ ਮੌਤ ਨਾਲ ਸੰਬੰਧਿਤ ਹੋਰ ਲੋਕ ਵਿਸ਼ਵਾਸ ਜਿਵੇਂ; ਘੜਾ ਭੰਨ੍ਹਣਾ, ਪੀੜ੍ਹੀ ਫੂਕਣਾ, ਗੰਗਾਜਲ ਛਿੜਕਣਾ, ਸਰਾਧ ਪਾਉਣਾ ਆਦਿ ਪ੍ਰਮੁੱਖ ਹਨ।

**6.2.4.2 ਯਾਤਰਾ ਸੰਬੰਧੀ ਲੋਕ ਵਿਸ਼ਵਾਸ:**

ਪੰਜਾਬੀ ਜੀਵਨ ਵਿਚ ਪ੍ਰਚਲਿਤ ਬਹੁਤ ਸਾਰੇ ਲੋਕ ਵਿਸ਼ਵਾਸ ਇਸ ਸ੍ਰੇਣੀ ਵਿਚ ਆਉਂਦੇ ਹਨ। ਸਫ਼ਰ ’ਤੇ ਤੁਰਨ ਲੱਗਿਆ ਜੇਕਰ ਰਸਤੇ ਵਿਚ ਬ੍ਰਾਹਮਣ ਮਿਲ ਪਵੇ ਜਾਂ ਕੋਈ ਨਿੱਛ ਮਾਰ ਦੇਵੇ ਜਾਂ ਕੋਈ ਵਿਅਕਤੀ ਖ਼ਾਲੀ ਬਰਤਨ ਲੈ ਕੇ ਆ ਰਿਹਾ ਹੋਵੇ ਜਾਂ ਬਿੱਲੀ ਰਸਤੇ ਕੱਟ ਜਾਵੇ ਤਾਂ ਸਫ਼ਰ ’ਤੇ ਤੁਰਨ ਵਾਲਾ ਵਿਅਕਤੀ ਰੁਕ ਜਾਂਦਾ ਹੈ। ਉਹ ਪੈਰਾਂ ਤੋਂ ਜੁੱਤੀ ਲਾ ਕੇ ਮੁੜ ਪੈਰੀਂ ਪਾ ਕੇ ਹੀ ਸਫ਼ਰ ਲਈ ਨਿਕਲਦਾ ਹੈ। ਇਸ ਸ਼੍ਰੇਣੀ ਨਾਲ ਸੰਬੰਧਿਤ ਲੋਕ ਵਿਸ਼ਵਾਸਾਂ ਨੂੰ ਤਿੰਨ ਹਿੱਸਿਆਂ ਵਿਚ ਵਾਚਿਆ ਜਾ ਸਕਦਾ ਹੈ।

- ਸਫ਼ਰ ’ਤੇ ਤੁਰਨ ਸਮੇਂ ਬ੍ਰਾਹਮਣ ਦਾ ਮਿਲਣਾ ਜਾਂ ਨਿੱਛ ਵੱਜਣੀ ਜਾਂ ਖ਼ਾਲੀ ਬਰਤਨ ਲਈ ਆਉਂਦਾ ਵਿਅਕਤੀ ਮਿਲਣਾ ਜਾਂ ਬਿੱਲੀ ਦਾ ਰਸਤਾ ਕੱਟਣਾ।
- ਦੁਰਘਟਨਾ ਜਾਂ ਸਫ਼ਰ ਦੀ ਅਸਫ਼ਲਤਾ ਦੀ ਸੰਭਾਵਨਾ।
- ਜੁੱਤੀ ਉਤਾਰ ਕੇ ਮੁੜ ਨਾ ਪਾਈ ਜਾਵੇ।

ਪੁਰਾਣੇ ਸਮਿਆਂ ਵਿਚ ਲੰਮ ਸਫ਼ਰ ਪੈਦਲ ਹੀ ਕੀਤਾ ਜਾਂਦਾ ਸੀ ਇਸ ਲਈ ਇਹ ਲੋਕ ਵਿਸ਼ਵਾਸ ਆਪਣੇ ਸਮੇਂ ਦੀਆਂ ਪਰਸਥਿਤੀਆਂ ਵਿਚ ਜ਼ਰੂਰ ਤਾਰਕਿਕ ਹੋ ਸਕਦੇ ਹਨ।

**6.2.4.3 ਪਸ਼ੂ ਪੰਛੀਆਂ ਅਤੇ ਜੀਵਾਂ ਸੰਬੰਧੀ:**

ਪਸ਼ੂ ਪੰਛੀਆਂ ਅਤੇ ਜੀਵਾਂ ਸੰਬੰਧੀ ਵੀ ਹਰ ਇੱਕ ਸਮਾਜ ਵਿਚ ਲੋਕ ਵਿਸ਼ਵਾਸ ਮਿਲਦੇ ਹਨ। ਕਿਸੇ ਜੀਵ ਨੂੰ ਘਰ ਵਿਚ ਸ਼ੁੱਭ ਮੰਨਿਆ ਜਾਂਦਾ ਹੈ। ਸਫ਼ਰ ਦੌਰਾਨ ਜੇਕਰ ਬਿੱਲੀ ਰਾਹ ਕੱਟ ਜਾਂਦੀ ਹੈ ਤਾਂ ਇਸ ਨੂੰ ਮਾੜਾ ਸਮਝਿਆ ਜਾਂਦਾ ਹੈ।

ਕੁੱਤੇ ਨੂੰ ਰੋਟੀ ਪਾਉਣਾ ਇਕ ਅਜਿਹਾ ਲੋਕ ਵਿਸ਼ਵਾਸ ਹੈ ਜਿਸ ਤੋਂ ਸਮਝਿਆ ਜਾਂਦਾ ਹੈ ਕਿ ਘਰ ਵਿਚ ਅਨਾਜ ਵਾਧੂ ਰਹੇਗਾ। ਇਸ ਤੋਂ ਬਿਨਾਂ ਵੀ ਪਸ਼ੂ ਪੰਛੀਆਂ ਅਤੇ ਜੀਵਾਂ ਬਾਰੇ ਕਾਫ਼ੀ ਲੋਕ ਵਿਸ਼ਵਾਸ ਮਿਲਦੇ ਹਨ।

- **ਬਿੱਲੀਆਂ ਦਾ ਰਾਤ ਨੂੰ ਰੋਣਾ:** ਇਸ ਨਾਲ ਇਹ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ ਕਿ ਬਿੱਲੀਆਂ ਨੂੰ ਬਦਰੂਹਾਂ ਵਿਖਾਈ ਦਿੰਦੀਆਂ ਹਨ। ਜੇਕਰ ਬਿੱਲੀਆਂ ਰਾਤ ਨੂੰ ਰੋਦੀਆਂ ਹਨ ਤਾਂ ਸਮਝੋ ਘਰ ਵਿਚ ਕਿਸੇ ਜੀਅ ਦੀ ਮੌਤ ਹੋ ਸਕਦੀ ਹੈ।
- **ਕਾਂ ਦਾ ਘਰ ਵਿਚ ਆਵਾਜ਼ ਕਰਨਾ:** ਕਾਂ ਸੰਬੰਧੀ ਲੋਕ ਵਿਸ਼ਵਾਸ ਅਲੱਗ-ਅਲੱਗ ਹਨ। ਜੇਕਰ ਕਾਂ ਕਿਸੇ ਘਰ ਦੇ ਬਨੇਰੇ ਉੱਪਰ ਕਾਂ-ਕਾਂ ਕਰਦਾ ਹੈ ਤਾਂ ਇਹ ਸਮਝਿਆ ਜਾਂਦਾ ਹੈ ਕਿ ਘਰ ਵਿਚ ਕੋਈ ਮਹਿਮਾਨ ਆਵੇਗਾ। ਕਾਂ ਜਦੋਂ ਕਿਸੇ ਘਰ ਵਿਚ ਕਾਂ ਕਾਂ ਕਰਦਾ ਹੈ ਤਾਂ ਇਸ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ।

ਇਨ੍ਹਾਂ ਲੋਕ ਵਿਸ਼ਵਾਸਾਂ ਦਾ ਆਪਣਾ-ਆਪਣਾ ਤਾਰਕਿਕ ਜਾਂ ਭਾਵਨਾਤਮਕ ਆਧਾਰ ਹੋ ਸਕਦਾ ਹੈ। ਇਸ ਲਈ ਪਸ਼ੂ ਪੰਛੀਆਂ ਅਤੇ ਜੀਵਾਂ ਦੇ ਸੰਬੰਧੀ ਲੋਕ ਵਿਸ਼ਵਾਸਾਂ ਵਿਚ ਖੇਤਰੀ ਭਿੰਨਤਾ ਮਿਲਦੀ ਹੈ।

### 6.2.4.4 ਦਿਸ਼ਾ ਅਤੇ ਨਛੱਤਰਾਂ ਸੰਬੰਧੀ

ਧਰਤੀ ਦੀਆਂ ਚਾਰ ਦਿਸ਼ਾਵਾਂ ਹਨ ਹਰ ਇੱਕ ਦਿਸ਼ਾ ਨਾਲ ਕੋਈ ਨਾ ਕੋਈ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ। ਕਿਸੇ ਖ਼ਾਸ ਸਮੇਂ ਖ਼ਾਸ ਦਿਸ਼ਾ ਵਲ ਜਾਣ ਨਾਲ ਲਾਭ ਜਾਂ ਹਾਨੀ ਹੋ ਸਕਦੀ ਹੈ। ਲੋਕ ਵਿਸ਼ਵਾਸਾਂ ਵਿਚ ਇਹ ਗੱਲ ਮੰਨੀ ਜਾਂਦੀ ਹੈ ਕਿ ਹਰ ਇੱਕ ਵਿਅਕਤੀ ਦੇ ਆਪਣੇ ਗ੍ਰਹਿ ਹੁੰਦੇ ਹਨ। ਇਹ ਗ੍ਰਹਿ ਹੀ ਉਸ ਵਿਅਕਤੀ ਦੀ ਸਫ਼ਲਤਾ ਅਤੇ ਅਸਫ਼ਲਤਾ ਦਾ ਸਬੱਬ ਬਣਦੇ ਹਨ। ਪੰਜਾਬੀ ਸਮਾਜ ਵਿਚ ਵੀ ਅਜਿਹੇ ਬਹੁਤ ਲੋਕ ਵਿਸ਼ਵਾਸ ਹਨ ਜਿਹੜੇ ਕਿ ਦਿਸ਼ਾ ਅਤੇ ਨਛੱਤਰਾਂ ਨਾਲ ਸੰਬੰਧਿਤ ਹਨ।

- ਸੋਮਵਾਰ ਤੇ ਸ਼ਨੀਵਾਰ ਨੂੰ ਪੂਰਬ ਦਿਸ਼ਾ ਵੱਲ ਜਾਣਾ ਵਧੀਆ ਮੰਨਿਆ ਜਾਂਦਾ ਹੈ।
- ਟੁੱਟਦੇ ਤਾਰੇ ਨੂੰ ਵੇਖਣਾ ਮਾੜਾ ਸਮਝਿਆ ਜਾਂਦਾ ਹੈ ਪਰ ਇੱਕ ਲੋਕ ਵਿਸ਼ਵਾਸ ਇਹ ਵੀ ਹੈ ਕਿ ਟੁੱਟਦੇ ਤਾਰੇ ਨੂੰ ਵੇਖਦਿਆਂ ਮਨ ਦੀ ਮੁਰਾਦ ਮੰਗੀ ਜਾ ਸਕਦੀ ਹੈ।
- ਸ਼ਨੀਵਾਰ ਨੂੰ ਉੱਤਰ ਦਿਸ਼ਾ ਵੱਲ ਨਹੀਂ ਜਾਣਾ ਚਾਹੀਦਾ।
- ਚੰਨ, ਸੂਰਜ ਗ੍ਰਹਿਣ ਸਮੇਂ ਸਰੀਰਕ ਕੰਮ, ਖਾਣਾ ਪੀਣਾ ਤੇ ਨਵੇਂ ਕੱਪੜੇ ਪਹਿਨਣਾ ਮਾੜਾ ਮੰਨਿਆ ਜਾਂਦਾ ਹੈ।

ਇਨ੍ਹਾਂ ਲੋਕ ਵਿਸ਼ਵਾਸਾਂ ਤੋਂ ਬਿਨਾਂ ਦਿਸ਼ਾ ਅਤੇ ਨਛੱਤਰਾਂ ਸੰਬੰਧੀ ਹੋਰ ਵੀ ਲੋਕ ਵਿਸ਼ਵਾਸ ਹਨ। ਇਹ ਲੋਕ ਵਿਸ਼ਵਾਸ ਅਕਸਰ ਹੀ ਖੇਤਰੀ ਵਿਭਿੰਨਤਾ ਕਾਰਨ ਵੱਖੋ-ਵੱਖ ਹੋ ਸਕਦੇ ਹਨ

### 6.2.4.5 ਸਰੀਰਕ ਅੰਗਾਂ ਸੰਬੰਧੀ

ਲੋਕ ਵਿਸ਼ਵਾਸ ਲੋਕ ਮਾਨਸ ਦੀ ਉਪਜ ਹਨ। ਲੋਕ ਮਾਨਸ ਹਰੇਕ ਵਸਤੂ ਨੂੰ ਪ੍ਰਵਾਨ ਮੰਨਦਾ ਹੈ ਹਰੇਕ ਜੜ੍ਹ ਵਸਤੂ ਵਿਚ ਆਤਮਾ ਦੀ ਹੋਂਦ ਨੇ ਜੜ੍ਹ ਵਸਤੂਆਂ ਦੀ ਪੂਜਾ ਅਤੇ ਅਨੇਕ ਲੋਕ ਵਿਸ਼ਵਾਸਾਂ ਨੂੰ ਜਨਮ ਦਿੱਤਾ। ਸਰੀਰ ਦੇ ਵੱਖ-ਵੱਖ ਅੰਗਾਂ ਪ੍ਰਤੀ ਬਹੁਤ ਸਾਰੇ ਲੋਕ ਵਿਸ਼ਵਾਸ ਹਨ। ਇਹ ਲੋਕ ਵਿਸ਼ਵਾਸ ਜਨਮ ਤੋਂ ਸ਼ੁਰੂ ਹੋ ਜਾਂਦੇ ਹਨ। ਜੇਕਰ ਕਿਸੇ ਲੜਕੇ ਦਾ ਜਨਮ ਦੋ ਲੜਕੀਆਂ ਤੋਂ ਬਾਅਦ ਹੋਵੇ ਤਾਂ ਉਸ ਨੂੰ 'ਤ੍ਰਿਖਲ' ਕਿਹਾ ਜਾਂਦਾ ਹੈ। ਇਸ ਬੱਚੇ ਨੂੰ ਮਾਪਿਆਂ ਲਈ

ਬਦਕਿਸਮਤ ਮੰਨਿਆ ਜਾਂਦਾ ਹੈ। ਕਿਸੇ ਔਰਤ ਦੇ ਜੇਕਰ ਪੈਰ ਵੱਡੇ ਹੋਣ ਤਾਂ ਉਸ ਨੂੰ ਮਾੜਾ ਸਮਝਿਆ ਜਾਂਦਾ ਹੈ। ਪਲਕ ਅਤੇ ਗੱਲ ਦਾ ਫਰਕਣਾ ਸ਼ੁੱਭ ਮੰਨਿਆ ਜਾਂਦਾ ਹੈ। ਜਿਸ ਇਨਸਾਨ ਦੀ ਜੀਭ ਉੱਤੇ ਕਾਲੇ ਤਿਲ ਹੋਣ ਤਾਂ ਉਸ ਦੀ ਕਹੀ ਗੱਲ ਨੂੰ ਸੱਚ ਮੰਨਿਆ ਜਾਂਦਾ ਹੈ। ਇਕ ਲੋਕ ਵਿਸ਼ਵਾਸ ਆਮ ਪ੍ਰਚਲਿਤ ਹੈ ਕਿ ਜਿਸ ਵਿਅਕਤੀ ਦੇ ਮੱਥੇ ਉੱਪਰ ਤਿੰਨ ਸਿੱਧੀਆਂ ਰੇਖਾਵਾਂ ਹੋਣ ਤਾਂ ਉਹ ਚੰਗੀ ਕਿਸਮਤ ਵਾਲਾ ਹੁੰਦਾ ਹੈ। ਔਰਤਾਂ ਦੇ ਸ਼ਿੰਗਾਰ ਵਿਚ ਜੇਕਰ ਬਿੰਦੀ ਮੱਥੇ ਤੋਂ ਟੇਡੀ ਹੋ ਜਾਵੇ ਤਾਂ ਪਤੀ ਦੇ ਮਨ ਭਟਕਣ ਦਾ ਪ੍ਰਤੀਕ ਮੰਨੀ ਜਾਂਦੀ ਹੈ। ਦੋਸਤੀ ਜਾਂ ਰਿਸ਼ਤੇਦਾਰੀ ਵਿਚ ਖੱਬਾ ਹੱਥ ਮਿਲਾਉਣਾ ਮਾੜਾ ਸਮਝਿਆ ਜਾਂਦਾ ਹੈ।

**6.2.4.6 ਚਿਕਿਤਸਾ ਸੰਬੰਧੀ**

ਚਿਕਿਤਸਾ ਪ੍ਰਣਾਲੀ ਆਮ ਤੌਰ ’ਤੇ ਖੇਤਰੀ ਵਸਤੂਆਂ ਨਾਲ ਸੰਬੰਧਿਤ ਹੁੰਦੀ ਹੈ। ਇਸ ਲਈ ਇਹ ਲੋਕ ਵਿਸ਼ਵਾਸ ਹਰ ਇੱਕ ਸਮਾਜ ਦੇ ਆਪਣੇ-ਆਪਣੇ ਹੁੰਦੇ ਹਨ। ਕਿਸੇ ਪਸ਼ੂ ਜਾਂ ਜੀਵ ਨੂੰ ਜਦੋਂ ਕੋਈ ਬਿਮਾਰੀ ਹੋ ਜਾਂਦੀ ਹੈ ਤਾਂ ਉਸ ਦੇ ਇਲਾਜ ਸੰਬੰਧੀ ਅਨੇਕ ਲੋਕ ਵਿਸ਼ਵਾਸ ਹਨ। ਮਿਸਾਲ ਲਈ ਜਦੋਂ ਕਿਸੇ ਵਿਅਕਤੀ ਦੇ ਕੋਈ ਜ਼ਖ਼ਮ ਹੋਵੇ ਤਾਂ ਉਸ ਦੇ ਲਾਲ ਧਾਗੇ ਵਿਚ ਕੌਡੀ ਪਰੋ ਕੇ ਗਲ ਵਿਚ ਪਾਈ ਜਾਂਦੀ ਹੈ। ਸ਼ਾਮ ਨੂੰ ਅੱਗ ਬਾਲ ਕੇ ਉਸ ਦੇ ਸਿਰ ਉਪਰੋਂ ਦੀ ਸੱਤ ਵਾਰੀ ਫੇਰੀ ਜਾਂਦੀ ਹੈ। ਲੋਕ ਵਿਸ਼ਵਾਸ ਹੈ ਕਿ ਲਾਲ ਧਾਗੇ ਜਾਂ ਧਾਤ ਨੇੜੇ ਕੋਈ ਬਦਰੂਹ ਨਹੀਂ ਆਉਂਦੀ। ਗੁੱਟ ਦਰਦ ਜਿਸ ਨੂੰ ਲੋਕ ਭਾਸ਼ਾ ਵਿਚ ‘ਕਾਨਾ ਪੈਣਾ’ ਵੀ ਕਿਹਾ ਜਾਂਦਾ ਹੈ, ਦੇ ਇਲਾਜ ਲਈ ਇਹ ਕਿਹਾ ਜਾਂਦਾ ਹੈ ਕਿ ਉਹ ਕਿਸੇ ਅਜਿਹੀ ਕੰਜਕ ਦੀ ਪਰਾਂਦੀ ਦਾ ਕਾਲਾ ਧਾਗਾ ਬੰਨ੍ਹੇ ਜਿਸ ਦੇ ਨਾਨਾ-ਨਾਨੀ ਜਿਊਂਦੇ ਹੋਣ। ਧਾਗਾ ਬੰਨ੍ਹਣ ਦੀ ਪ੍ਰਕਿਰਿਆ ਦੌਰਾਨ ਇਹ ਮੰਤਰ ਵੀ ਉਚਾਰਿਆ ਜਾਂਦਾ ਹੈ

ਟੁੱਟੇ ਤੇਰਾ ਕਾਨਾ ਕਾਨੀ<br>
ਜੀਵੇ ਮੇਰਾ ਨਾਨਾ ਨਾਨੀ

ਮਿਰਗੀ ਪੈਣ ਵੇਲੇ ਵਿਅਕਤੀ ਨੂੰ ਚਮੜੇ ਦੀ ਜੁੱਤੀ ਸੁੰਘਾ ਦਿੱਤੀ ਜਾਵੇ ਤਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਿਰਗੀ ਦਾ ਦੌਰਾ ਹਟ ਜਾਂਦਾ ਹੈ। ਕਿਸੇ ਬੱਚੇ ਨੂੰ ਜੇਕਰ ਪੀਲੀਆ ਹੋ ਜਾਵੇ ਤਾਂ ਉਸ ਨੂੰ ਪੀਲੇ ਰੰਗ ਦੀਆਂ ਵਸਤੂਆਂ ਦੇ ਕਰੀਬ ਨਹੀਂ ਆਉਣ ਦਿੱਤਾ ਜਾਂਦਾ। ਇਸ ਤੋਂ ਬਿਨਾਂ ਵੀ ਚਿਕਿਸਤਾ ਸੰਬੰਧੀ ਬਹੁਤ ਸਾਰੇ ਲੋਕ ਵਿਸ਼ਵਾਸ ਹਨ। ਇਨ੍ਹਾਂ ਵਿਚ ਔਲਾਦ ਲਈ ਟੂਣੇ ਕਰਨਾ, ਬਵਾਸੀਰ ਲਈ ਹਨੂੰਮਾਨ ਮੰਦਰ ਵਿਚ ਪ੍ਰਸ਼ਾਦ ਚੜਾਉਣਾ ਅਤੇ ਅਠਮਾਹੇ ਬੱਚੇ ਦੇ ਗੱਲ ਵਿਚ ਨੌਂ ਮੋਤੀਆਂ ਦੀ ਮਾਲਾ ਪਾਉਣਾ ਆਦਿ।

**6.2.4.7 ਰੂਹਾਂ ਅਤੇ ਬਦਰੂਹਾਂ ਸੰਬੰਧੀ**

ਬਦਰੂਹਾਂ ਸੰਬੰਧੀ ਲੋਕ ਵਿਸ਼ਵਾਸ ਸਾਡੇ ਸਮਾਜ ਵਿਚ ਆਮ ਹੀ ਪਾਏ ਜਾਂਦੇ ਹਨ। ਲੋਕ ਜੀਵਨ ਵਿਚ ਭੂਤ, ਪ੍ਰੇਤ, ਜਿੰਨ, ਚੁੜੇਲ ਆਦਿ ਬਦਰੂਹਾਂ ਨੂੰ ਸਵੀਕਾਰ ਗਿਆ ਹੈ। ਲੋਕਾਂ ਵਿਚ ਇਹ ਮੰਨਿਆ ਜਾਂਦਾ ਹੈ ਕਿ ਡੈਣ ਬੱਚਿਆਂ ਦਾ ਕਲੇਜਾ ਕੱਢ ਕੇ ਖਾ ਜਾਂਦੀ ਹੈ। ਡੈਣ ਸੰਬੰਧੀ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਜੇਕਰ ਡੈਣ ਨੂੰ ਕੋਈ ਸ਼ਿਕਾਰ ਨਾ ਮਿਲੇ ਤਾਂ ਉਹ ਆਪਣੇ ਕਿਸੇ ਨਜ਼ਦੀਕੀ ਬੱਚੇ ਜਾਂ ਆਪਣੇ ਖ਼ੁਦ ਦੇ ਬੱਚੇ ਦਾ ਸ਼ਿਕਾਰ ਵੀ ਕਰ ਲੈਂਦੀ ਹੈ।

ਜੇਕਰ ਗਰਭਵਤੀ ਔਰਤ ਦੀ ਮੌਤ ਹੋ ਜਾਂਦੀ ਹੈ ਤਾਂ ਲੋਕ ਵਿਸ਼ਵਾਸ ਹੈ ਕਿ ਇਹ ਚੁੜੇਲ ਬਣ ਜਾਂਦੀ ਹੈ। ਕੋਈ ਕੁਆਰਾ ਮੁੰਡਾ ਜਦੋਂ ਮਰ ਜਾਂਦਾ ਹੈ ਤਾਂ ਉਹ ਛਲੇਡਾ ਬਣ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਇਹ ਦੋਵੇਂ ਹੀ ਬਦਰੂਹਾਂ ਆਪਣਾ ਭੇਸ ਕਈ ਜਾਨਵਰਾਂ ਵਿਚ ਵਟਾ ਸਕਦੀਆਂ ਹਨ। ਇਸ ਲਈ ਇਨਾਂ ਬਦਰੂਹਾਂ ਦੇ ਇਲਾਜ ਕਰਵਾਉਣ ਲਈ ਕਈ

ਕਿਸਮ ਦੇ ਕਰਮ ਕਾਂਡ ਕੀਤੇ ਜਾਂਦੇ ਹਨ। ਜਿਹੜਾ ਵਿਅਕਤੀ ਕਿਸੇ ਦੁਰਘਨਾ ਕਾਰਨ ਅਚਾਨਕ ਮਰ ਜਾਂਦਾ ਹੈ ਤਾਂ ਉਹ ਭੂਤ ਮੰਨ ਲਿਆ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਉਹ ਬਦਰੂਹ ਹੋਰਾਂ ਲੋਕਾਂ ਨੂੰ ਵੀ ਇਸ ਤਰ੍ਹਾਂ ਦੀ ਦੁਰਘਟਨਾ ਨਾਲ ਮਾਰ ਸਕਦੀ ਹੈ।

ਸੋਕੜੇ ਦੀ ਬਿਮਾਰੀ ਅਕਸਰ ਛੋਟੇ ਬੱਚਿਆਂ ਨੂੰ ਹੋ ਜਾਂਦੀ ਹੈ। ਇਸ ਸੰਬੰਧੀ ਲੋਕ ਵਿਸ਼ਵਾਸ ਹੈ ਕਿ ਸੋਕੇ ਵਿਚ ਮਰੇ ਬੱਚੇ ਦੀ ਰੂਹ, ਜਿਉਂਦੇ ਬੱਚੇ ਵਿਚ ਪ੍ਰਵੇਸ਼ ਕਰ ਗਈ ਹੈ। ਅਕਸਰ ਹੀ ਜਦੋਂ ਕੋਈ ਬੱਚਾ ਸੋਕੜੇ ਨਾਲ ਮਰਿਆ ਹੁੰਦਾ ਹੈ ਤਾਂ ਉਸ ਦੇ ਘਰ ਆਉਣ ਜਾਣ ਤੋਂ ਪ੍ਰਹੇਜ਼ ਕੀਤਾ ਜਾਂਦਾ ਹੈ। ਛੋਟੇ ਬੱਚਿਆਂ ਅਤੇ ਗਰਭਵਤੀ ਔਰਤਾਂ ਸੋਕੜੇ ਨਾਲ ਮਰੇ ਬੱਚੇ ਵਾਲੇ ਘਰ ਤੋਂ ਦੂਰੀ ਬਣਾ ਕੇ ਰੱਖਦੇ ਹਨ। ਇਸ ਤੋਂ ਬਿਨਾਂ ਵੀ ਬਦਰੂਹਾਂ ਸੰਬੰਧੀ ਬਹੁਤ ਲੋਕ ਵਿਸ਼ਵਾਸ ਹਨ। ਇਹਨਾਂ ਬਦਰੂਹਾਂ ਤੋਂ ਲੋਕ ਧਰਮ ਵਿਚ ਮੌਜੂਦ ਰਸਮਾਂ-ਰਿਵਾਜਾਂ ਨਾਲ ਛੁਟਕਾਰਾ ਪਾਇਆ ਜਾਂਦਾ ਹੈ।

**6.2.4.8 ਅੰਕਾਂ ਸੰਬੰਧੀ**

ਪੰਜਾਬੀ ਲੋਕ ਜੀਵਨ ਵਿਚ ਅੰਕਾਂ ਨਾਲ ਸੰਬੰਧਿਤ ਵੀ ਅਨੇਕਾਂ ਵਿਸ਼ਵਾਸ ਹਨ। 5, 7, 11, 12 ਆਦਿ ਅੰਕਾਂ ਦੇ ਰਹੱਸਮੀ ਪ੍ਰਭਾਵ ਮੰਨੇ ਜਾਂਦੇ ਹਨ। ਪੰਜਾਂ ਵਿਚ ਪਰਮਾਤਮਾ, ਪੰਜ ਪੀਰ ਅਤੇ ਪੰਜ ਵਕਤ ਨਮਾਜ਼ ਆਦਿ ਹੋਣ ਕਾਰਨ ਪੰਜ ਨੂੰ ਰਹੱਸਮਈ ਮੰਨਿਆ ਜਾਂਦਾ ਹੈ। ਕਿਸੇ ਔਰਤ ਨੂੰ ਜੇਕਰ ਕੋਈ ਯੋਨ ਸੰਬੰਧੀ ਸਮੱਸਿਆ ਹੋਵੇ ਤਾਂ ਉਸ ਨੂੰ ਪੰਜ ਖੂਹਾਂ ਦਾ ਪਾਣੀ ਮੰਤਰ ਕੇ ਦਿੱਤਾ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਇਸ ਨਾਲ ਬਿਮਾਰੀ ਦੂਰ ਹੋ ਜਾਂਦੀ ਹੈ। ਅੰਕ 7 ਦੀ ਵੀ ਲੋਕ ਜੀਵਨ ਵਿਚ ਬਹੁਤ ਮਹੱਤਤਾ ਹੈ। ਸੱਤ ਸੁਹਾਗਣਾਂ, ਸੱਤ ਵਰਤ ਆਦਿ ਬਹੁਤ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ ਜੇਕਰ ਕੋਈ ਔਰਤ ਬਾਂਝ ਹੋਵੇ ਤਾਂ ਸੱਤ ਬੀਜ ਚਾਲੀ ਦਿਨ ਉਸ ਦੀ ਆਪਣੀ ਚੁੰਨੀ ਦੇ ਪੱਲੇ ਨਾਲ ਬੰਨ੍ਹ ਕੇ ਰੱਖਣ ਨਾਲ ਉਸਦਾ ਬਾਂਝਪਨ ਦੂਰ ਹੋ ਜਾਂਦਾ ਹੈ। ਇਨ੍ਹਾਂ ਤੋਂ ਬਿਨਾਂ ਅੰਕਾਂ ਸੰਬੰਧੀ ਹੋਰ ਲੋਕ ਵਿਸ਼ਵਾਸ ਬਹੁਤ ਸਾਰੀਆਂ ਉਦਾਹਰਣਾਂ ਵਿਚੋਂ ਵੇਖੇ ਜਾ ਸਕਦੇ ਹਨ ਜਿਵੇਂ 'ਤੀਜਾ ਰਲਿਆ ਕੰਮ ਗਲਿਆ'। ਇਸ ਤਰ੍ਹਾਂ ਤਿੰਨ ਅੰਕ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ।

**6.2.4.9 ਨਜ਼ਰ ਲੱਗਣ ਸੰਬੰਧੀ**

ਨਜ਼ਰ ਲੱਗਣ ਦਾ ਵਿਸ਼ਵਾਸ ਦੁਨੀਆ ਭਰ ਵਿਚ ਸਵੀਕਾਰ ਹੈ। ਪੰਜਾਬ ਦੇ ਹਰ ਇੱਕ ਇਲਾਕੇ ਦੇ ਲੋਕਾਂ ਵਿਚ ਨਜ਼ਰ ਲੱਗਣ ਦਾ ਲੋਕ ਵਿਸ਼ਵਾਸ ਆਮ ਮਿਲਦਾ ਹੈ। ਪੰਜਾਬੀ ਲੋਕ ਜੀਵਨ ਵਿਚ ਨਜ਼ਰ ਲੱਗਣ ਤੋਂ ਦੁੱਧ ਅਤੇ ਪੁੱਤ ਦੋਹਾਂ ਨੂੰ ਹੀ ਬਚਾ ਕੇ ਰੱਖਿਆ ਜਾਂਦਾ ਹੈ। ਕਿਸੇ ਉਪਰੇ ਬੰਦੇ ਦੀ ਨਜ਼ਰ ਤੋਂ ਬਣਾਉਣ ਲਈ ਜਾਂ ਕਿਸੇ ਨੂੰ ਦੁੱਧ ਜਾਂ ਲੱਸੀ ਦੇਣੀ ਹੋਵੇ ਤਾਂ ਕਾੜ੍ਹਨੀ ਜਾਂ ਲੱਸੀ ਵਾਲੀ ਚਾਟੀ ਉੱਪਰ ਕੱਪੜਾ ਪਾ ਲਿਆ ਜਾਂਦਾ ਹੈ। ਗਾਂ ਜਾਂ ਮੱਝ ਦਾ ਦੁੱਧ ਕੱਢਣ ਤੋਂ ਬਾਅਦ ਦੁੱਧ ਢੱਕ ਦਿੱਤਾ ਜਾਂਦਾ ਹੈ। ਇਹ ਲੋਕ ਵਿਸ਼ਵਾਸ ਹੈ ਕਿ ਦੁੱਧ ਨੂੰ ਨਜ਼ਰ ਨਹੀਂ ਲੱਗੇਗੀ।

ਨਜ਼ਰ ਤੋਂ ਬਚਾਉਣ ਲਈ ਮਾਪੇ ਆਪਣੇ ਬੱਚਿਆਂ ਦੇ ਨਾਂ ਘਟੀਆ ਚੀਜ਼ਾਂ ਦੇ ਨਾਂ 'ਤੇ ਰੱਖ ਲੈਂਦੇ ਹਨ। ਇਹ ਨਾਮ 'ਘਸੀਟਾ', 'ਰੁਲਦੂ', 'ਰੂੜਾ' ਆਦਿ ਹੁੰਦੇ ਹਨ। ਬੱਚਿਆਂ ਦੇ ਅਸਲ ਵਿਚ ਦੋ ਨਾਂ ਰੱਖੇ ਜਾਂਦੇ ਹਨ। ਅਸਲ ਨਾਮ ਛੁਪਾ ਕੇ ਰੱਖਿਆ ਜਾਂਦਾ ਹੈ। ਬੱਚੇ ਦੇ ਜਨਮ ਸਮੇਂ ਔਰਤ ਅਤੇ ਬੱਚੇ ਦੋਹਾਂ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਤੇਰ੍ਹਾਂ ਦਿਨ ਕਮਰੇ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ। ਕਿਸੇ ਵੀ ਅਜਿਹੀ ਔਰਤ ਜਾਂ ਮਰਦ ਨੂੰ ਜਿਸਦੀ ਨਜ਼ਰ ਬੁਰੀ ਹੋਣ ਦਾ ਸੰਦੇਹ ਹੋਵੇ ਉਸ ਦੇ ਮੱਥੇ ਨਹੀਂ ਲੱਗਣ ਦਿੱਤਾ ਜਾਂਦਾ। ਬੁਰੀ ਨਜ਼ਰ ਦੀਆਂ ਵੀ ਦੋ ਕਿਸਮਾਂ ਮੰਨੀਆਂ ਜਾਂਦੀਆਂ ਹਨ।

- ਕੁਝ ਵਿਅਕਤੀਆਂ ਦੀ ਨਜ਼ਰ ਜਨਮ ਤੋਂ ਬੁਰੇ ਪ੍ਰਭਾਵ ਵਾਲੀ ਹੁੰਦੀ ਹੈ। ਅਜਿਹੇ ਵਿਅਕਤੀ ਜਦੋਂ ਕਿਸੇ ਦੂਸਰੇ ਵਿਅਕਤੀ ਜਾਂ ਬੱਚੇ ਵੱਲ ਵੇਖਦੇ ਹਨ ਤਾਂ ਅਚੇਤ ਹੀ ਉਹਨਾਂ ਦਾ ਅਸਰ ਉਸ ਵਿਅਕਤੀ ਉੱਪਰ ਪੈਂਦਾ ਹੈ। ਇਸ ਵਿਚ ਬੁਰੀ ਨਜ਼ਰ ਵਾਲੇ ਵਿਅਕਤੀ ਦਾ ਨਜ਼ਰ ਲਗਾਉਣ ਦਾ ਕੋਈ ਇਰਾਦਾ ਨਹੀਂ ਹੁੰਦਾ।
- ਇਸ ਵੰਨਗੀ ਦੀ ਨਜ਼ਰ ਵਿਚ ਕੋਈ ਵਿਅਕਤੀ ਆਪਣੇ ਹਿੱਤਾਂ ਦੀ ਪੂਰਤੀ ਲਈ ਸੁਚੇਤ ਰੂਪ ਵਿਚ ਦੂਜੇ ਦਾ ਨੁਕਸਾਨ ਕਰਦਾ ਹੈ। ਇਸ ਲਈ ਹੀ ਸਾਰੇ ਜੋਤਿਸ਼ ਕਰਮ-ਕਾਂਡ ਕਰਦੇ ਹਨ। ਵਿਅਕਤੀ ਸੁਚੇਤ ਰੂਪ ਵਿਚ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਬੁਰੀ ਨਜ਼ਰ ਨੂੰ ਇਕ ਹਥਿਆਰ ਦੇ ਤੌਰ ’ਤੇ ਵਰਤਦਾ ਹੈ।

**6.2.4.10 ਫੁਟਕਲ ਲੋਕ ਵਿਸ਼ਵਾਸ**

ਲੋਕ ਵਿਸ਼ਵਾਸ ਦੀਆਂ ਬਹੁ-ਵੰਨਗੀਆਂ ਦੇ ਹੋਣ ਦੇ ਬਾਵਜੂਦ ਵੀ ਕੁੱਝ ਲੋਕ ਵਿਸ਼ਵਾਸ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਕਿਸੇ ਖ਼ਾਸ ਵੰਨਗੀ ਵਿਚ ਨਹੀਂ ਰੱਖਿਆ ਜਾ ਸਕਦਾ। ਇਹ ਲੋਕ ਵਿਸ਼ਵਾਸ ਫੁਟਕਲ ਲੋਕ ਵਿਸ਼ਵਾਸ਼ਾਂ ਵਿਚ ਆਉਂਦੇ ਹਨ। ਬਨਸਪਤੀ ਸੰਬੰਧੀ, ਦੇਵੀ ਦੇਵਤਿਆਂ ਸੰਬੰਧੀ, ਪਹਿਰਾਵੇ ਸੰਬੰਧੀ ਦਿਨ ਰਾਤ ਅਤੇ ਰੁੱਤਾਂ ਸੰਬੰਧੀ ਲੋਕ ਵਿਸ਼ਵਾਸ ਇਸ ਵੰਨਗੀ ਦੇ ਹੀ ਲੋਕ ਵਿਸ਼ਵਾਸ ਹਨ। ਬਨਸਪਤੀ ਸੰਬੰਧੀ ਲੋਕ ਵਿਸ਼ਵਾਸਾਂ ਵਿਚ ਖੇਤਰੀ ਵੱਖਰਤਾਵਾਂ ਮਿਲਦੀਆਂ ਹਨ। ਪੰਜਾਬ ਵਿਚ ਅਨਾਜ ਦਾ ਬੀਜ ਬੀਜਣ ਸਮੇਂ ਖ਼ਾਸ ਤਰ੍ਹਾਂ ਦੇ ਅਖਾਣ ਉਚਾਰੇ ਜਾਂਦੇ ਹਨ। ਲੋਕ ਵਿਸ਼ਵਾਸ ਹੈ ਕਿ ਇਸ ਅਖਾਣ ਨਾਲ ਅਨਾਜ ਹਰ ਇੱਕ ਜ਼ਰੂਰਤਮੰਦ ਲਈ ਪੈਦਾ ਹੋਵੇਗਾ।

ਪਹਿਰਾਵੇ ਵਿਚ ਬਹੁਤ ਸਾਰੇ ਰੰਗਾਂ ਦਾ ਧਿਆਨ ਰੱਖਿਆ ਜਾਂਦਾ ਹੈ। ਸੁਹਾਗਣ ਔਰਤ ਨੂੰ ਕਦੀ ਵੀ ਚਿੱਟਾ ਕੱਪੜਾ ਪਾਉਣ ਲਈ ਨਹੀਂ ਦਿੱਤਾ। ਵਿਆਹ ਵੇਲੇ ਸੁਹਾਗਣ ਲਈ ਲਾਲ ਰੰਗ ਦੇ ਕੱਪੜੇ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਬਿਨਾਂ ਵੀ ਪਹਿਰਾਵੇ ਸੰਬੰਧੀ ਲੋਕ ਵਿਸ਼ਵਾਸ ਮਿਲਦੇ ਹਨ।

ਕਿਸਾਨੀ ਜੀਵਨ ਪੰਜਾਬੀ ਲੋਕ ਜੀਵਨ ਦੀ ਜੜ੍ਹ ਹੈ। ਇਸ ਲਈ ਪੰਜਾਬ ਵਿਚ ਬਹੁਤ ਸਾਰੇ ਲੋਕ ਵਿਸ਼ਵਾਸ ਕਿਸਾਨੀ ਜੀਵਨ ਅਤੇ ਖੇਤੀਬਾੜੀ ਸੰਬੰਧੀ ਹਨ। ਕਿਸਾਨਾਂ ਦੇ ਸੰਦਾਂ ਵਿਚ ਕਹੀ ਨੂੰ ਕਦੀ ਵੀ ਟੇਢੇ ਤਰ੍ਹਾਂ ਨਹੀਂ ਰੱਖਿਆ ਜਾਂਦਾ। ਜ਼ਮੀਨ ਦਾ ਮਾਲਕ ਕਿਸਾਨ ਕਦੀ ਵੀ ਖੇਤ ਦੇ ਵਿਚਕਾਰ ਖੜ੍ਹਾ ਹੋ ਕੇ ਪਾਣੀ ਨਹੀਂ ਪੀਂਦਾ।

ਲੋਕ ਵਿਸ਼ਵਾਸਾਂ ਦੀ ਲੋਕ ਜੀਵਨ ਵਿਚ ਬਹੁਤ ਮਹੱਤਤਾ ਹੈ। ਇਨ੍ਹਾਂ ਦਾ ਜਨਮ ਕਬੀਲਾਈ ਸਮਾਜ ਸਮੇਂ ਹੀ ਹੋ ਗਿਆ ਸੀ। ਉਸ ਸਮੇਂ ਮਨੁੱਖ ਕੁਦਰਤੀ ਸ਼ਕਤੀਆਂ ਤੋਂ ਅਣਜਾਣ ਸੀ। ਸਿੱਟੇ ਵਜੋਂ ਜਦੋਂ ਕੋਈ ਕੁਦਰਤੀ ਪ੍ਰਕਿਰਿਆ ਹੁੰਦੀ ਤਾਂ ਆਦਿਮ ਮਨੁੱਖ ਉਸ ਪ੍ਰਕਿਰਿਆ ਪ੍ਰਤੀ ਆਪਣਾ ਵਿਸ਼ਵਾਸ ਬਣਾ ਲੈਂਦਾ ਸੀ। ਬਾਅਦ ਵਿਚ ਇਹ ਵਿਸ਼ਵਾਸ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਧਦੇ ਗਏ। ਧਰਮ, ਜਾਦੂ-ਚਿੰਤਨ ਆਦਿ ਇਨ੍ਹਾਂ ਲੋਕ ਵਿਸ਼ਵਾਸ਼ਾਂ ਦੀ ਉਪਜ ਹਨ। ਸਮੇਂ ਦੇ ਬੀਤਣ ਨਾਲ ਕੁੱਝ ਲੋਕ ਵਿਸ਼ਵਾਸ ਖ਼ਤਮ ਹੋ ਗਏ ਪਰ ਨਵੇਂ ਵਿਸ਼ਵਾਸ ਵੀ ਪੈਦਾ ਹੋਵੇ। ਇਹ ਸਿਲਸਿਲਾ ਵਰਤਮਾਨ ਸਮੇਂ ਵੀ ਨਿਰੰਤਰ ਜਾਰੀ ਹੈ।

ਪੱਛਮ ਵਿਚ ਵਿਗਿਆਨਕ ਚੇਤਨਾ ਅਤੇ ਪਦਾਰਥਵਾਦੀ ਨਜ਼ਰੀਏ ਕਾਰਨ ਲੋਕ ਵਿਸ਼ਵਾਸ਼ਾਂ ਲਈ ਵਿਹਾਰ ਬਦਲ ਰਿਹਾ ਹੈ। ਭਾਰਤ ਵਰਗੇ ਦੇਸ਼ਾਂ ਵਿਚ ਲੋਕ ਵਿਸ਼ਵਾਸ਼ਾਂ ਦੀ ਅੱਜ ਵੀ ਪੂਰੀ ਮਹੱਤਤਾ ਹੈ। ਵੈਸੇ ਵੀ ਮੰਡੀਕਰਨ ਅਤੇ ਸਰਮਾਏਦਾਰੀ ਨਿਜ਼ਾਮ ਨੇ ਅਸੁਰੱਖਿਆ ਅਤੇ ਅਨਿਸ਼ਚਿਤਤਾ ਦੀ ਸਥਿਤੀ ਨੂੰ ਵਧਾ ਦਿੱਤਾ ਹੈ। ਅਸੁਰੱਖਿਆ ਅਤੇ ਅਨਿਸ਼ਚਿਤਤਾ ਵੀ ਲੋਕ ਵਿਸ਼ਵਾਸ ਦਾ ਆਧਾਰ ਹਨ। ਇਸ ਲਈ ਲੋਕ ਵਿਸ਼ਵਾਸ ਅੱਜ ਵੀ ਮਨੁੱਖੀ ਜੀਵਨ ਵਿਚ ਮਹੱਤਵਪੂਰਣ ਸਥਾਨ ਰੱਖਦੇ ਹਨ।

ਬ੍ਰਹਿਮੰਡ ਦੀ ਵਿਆਖਿਆ ਨਾਲ ਵੀ ਬਹੁਤ ਸਾਰੇ ਲੋਕ ਵਿਸ਼ਵਾਸ ਜੁੜੇ ਹੋਏ ਹਨ। ਇਸ ਕਿਸਮ ਦੇ ਵਿਸ਼ਵਾਸਾਂ ਵਿਚ ਬ੍ਰਹਿਮੰਡ, ਦੁਨੀਆ, ਧਰਤੀ ਅਤੇ ਮਾਨਵੀ ਜੀਵਨ ਦੇ ਸ਼ੁਰੂ ਅਤੇ ਖ਼ਾਤਮੇ ਸੰਬੰਧੀ ਲੋਕ ਵਿਸ਼ਵਾਸ ਸ਼ਾਮਿਲ ਹਨ। ਚੰਦਰਮਾ, ਸੂਰਜ, ਧਰਤੀ, ਤਾਰਿਆਂ ਨਾਲ ਸੰਬੰਧਤ ਅਣਗਿਣਤ ਲੋਕ ਵਿਸ਼ਵਾਸ ਹਨ ਜਿਹਨਾਂ ਨਾਲ ਵੱਖ-ਵੱਖ ਤਰ੍ਹਾਂ ਦੀਆਂ ਮਿੱਥਾਂ ਜੁੜੀਆਂ ਹੋਈਆਂ ਹਨ।

ਚੰਦਰਮੇ ਉੱਪਰ ਨਜ਼ਰ ਆਉਂਦੇ ਕਾਲੇ ਧੱਬਿਆਂ ਸੰਬੰਧੀ ਲੋਕ ਵਿਸ਼ਵਾਸ ਹੈ ਕਿ ਇੱਕ ਬੁੱਢੀ ਮਾਈ ਚਰਖਾ ਕੱਤ ਰਹੀ ਹੈ। ਜਦੋਂ ਉਹ ਮੁੱਢਾ ਪੂਰਾ ਕਰਕੇ ਧਰਤੀ ਉੱਪਰ ਵਗਾਹ ਕੇ ਮਾਰਦੀ ਹੈ ਤਾਂ ਰਸਮਾਂ ਦਾ ਨੂਰ ਚਾਰੇ ਪਾਸੇ ਫੈਲ ਜਾਂਦਾ ਹੈ। ਇੱਕ ਹੋਰ ਲੋਕ ਵਿਸ਼ਵਾਸ ਇਹ ਹੈ ਕਿ ਚੰਦਰਮਾ ਉੱਪਰ ਕਾਲੇ ਧੱਬੇ ਗੌਤਮ ਰਿਸ਼ੀ ਦੇ ਸਰਾਪ ਦਾ ਨਤੀਜਾ ਹੈ। ਪੰਜਾਬੀ ਲੋਕ ਜੀਵਨ ਵਿਚ ਔਰਤਾਂ ਚੰਨ ਨੂੰ ਪਤੀ, ਪੁੱਤਰ ਅਤੇ ਭਰਾ ਰੂਪ ਵਿਚ ਚਿਤਵਦੀਆਂ ਹਨ। ਔਰਤ ਹਮੇਸ਼ਾਂ ਹੀ ਚੰਨ ਵਰਗਾ ਪਤੀ, ਪੁੱਤਰ ਅਤੇ ਭਰਾ ਚਾਹੁੰਦੀ ਹੈ। ਕਰਵਾਚੌਥ ਦੇ ਤਿਉਹਾਰ ਸਮੇਂ ਚੰਨ ਦੀ ਪੂਜਾ ਪਤੀ ਦੀ ਲੰਮੀ ਉਮਰ ਲਈ ਕੀਤੀ ਜਾਂਦੀ ਹੈ।

ਭੂਚਾਲ ਸੰਬੰਧੀ ਲੋਕ ਵਿਸ਼ਵਾਸ ਹੈ ਕਿ ਧਰਤੀ ਬਲਦ ਦੇ ਸਿੰਗਾਂ ਉੱਪਰ ਖੜੀ ਹੈ। ਧਰਤੀ ਉੱਪਰ ਜਦੋਂ ਪਾਪ ਵਧ ਜਾਂਦੇ ਹਨ ਤਾਂ ਬਲਦ ਲਈ ਧਰਤੀ ਦਾ ਭਾਰ ਸਹਿਣਾ ਔਖਾ ਹੋ ਜਾਂਦਾ ਹੈ। ਇਸ ਲਈ ਬਲਦ ਆਪਣਾ ਸਿੰਗ ਬਦਲਦਾ ਹੈ ਉਦੋਂ ਹੀ ਭੂਚਾਲ ਆਉਂਦੇ ਹੈ। ਲੋਕ ਵਿਸ਼ਵਾਸ ਹੈ ਕਿ ਜੇਕਰ ਟੁੱਟਦੇ ਤਾਰੇ ਨੂੰ ਵੇਖਣ ਸਮੇਂ ਕਿਸੇ ਕੱਪੜੇ ਨੂੰ ਗੰਢ ਦੇ ਦਿੱਤੀ ਜਾਵੇ ਤਾਂ ਮਨਇੱਛਿਤ ਫਲ਼ ਦੀ ਪ੍ਰਾਪਤੀ ਹੁੰਦੀ ਹੈ।

ਉਪਰੋਕਤ ਲੋਕ ਵਿਸ਼ਵਾਸਾਂ ਤੋਂ ਬਿਨ੍ਹਾਂ ਡਾ. ਗੁਰਬਖ਼ਸ ਸਿੰਘ ਫ਼ਰੈਂਕ ਨੇ ਆਪਣੇ ਇਸ ਨਿਬੰਧ ਵਿਚ ਚੰਦ, ਸੂਰਜ ਅਤੇ ਤਾਰਿਆਂ ਸੰਬੰਧੀ, ਕਿਸਾਨੀ ਜੀਵਨ ਬਾਰੇ, ਨਿੱਛ ਸੰਬੰਧੀ, ਦਿਨ ਰਾਤ ਅਤੇ ਰੁੱਤਾਂ ਸੰਬੰਧੀ ਲੋਕ ਵਿਸ਼ਵਾਸਾਂ ਦਾ ਜ਼ਿਕਰ ਵੀ ਕੀਤਾ ਹੈ।

**6.3 ਸਾਰ:**

ਉਪਰੋਕਤ ਦੋਵੇਂ ਲੇਖਾਂ ਵਿੱਚ ਅਸੀਂ ਇਮਤਿਹਾਨ ਵਿਚ ਪੁੱਛੇ ਜਾ ਸਕਣ ਵਾਲੇ ਪ੍ਰਸ਼ਨਾਂ ਦੇ ਅਨੁਸਾਰ ਵੱਖ-ਵੱਖ ਪੱਖਾਂ ਤੋਂ ਚਰਚਾ ਕੀਤੀ ਹੈ। ਇਨ੍ਹਾਂ ਦੋਵੇਂ ਲੇਖਾਂ ਵਿੱਚੋਂ ਇਮਤਿਹਾਨ ਵਿਚ ਵਿਸ਼ਾ-ਵਸਤੂ, ਸਾਰ ਜਾਂ ਲੇਖ ਦੇ ਕਲਾਤਮਕ ਪੱਖ ਬਾਰੇ ਵੱਡੇ ਪ੍ਰਸ਼ਨ ਪੁੱਛੇ ਜਾਣਗੇ। ਮੂਲ ਪਾਠ ਨੂੰ ਪੜ੍ਹ ਕੇ ਅਤੇ ਉਪਰੋਕਤ ਪਾਠ ਵਿਚਲੀ ਸਮੱਗਰੀ ਅਨੁਸਾਰ ਤੁਸੀਂ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ।

**6.4 ਸੰਖੇਪ ਉੱਤਰਾਂ ਵਾਲੇ ਅਭਿਆਸ ਪ੍ਰਸ਼ਨ:** ਪਾਠ ਪੁਸਤਕ ਵਿਚਲੇ ਮੂਲ ਲੇਖ ਅਤੇ ਉਪਰੋਕਤ ਸਮੱਗਰੀ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਨਮੂਨੇ ਦੇ ਪ੍ਰਸ਼ਨਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ:

ਪ੍ਰਸ਼ਨ 1. ਵਿਸ਼ਵਾਸ ਅਤੇ ਲੋਕ ਵਿਸ਼ਵਾਸ ਵਿਚ ਕੀ ਫ਼ਰਕ ਹੈ?

ਪ੍ਰਸ਼ਨ 2. ਲੋਕ ਵਿਸ਼ਵਾਸ ਦੀਆਂ ਕਿਸਮਾਂ 'ਤੇ ਸੰਖੇਪ ਨੋਟ ਲਿਖੋ?

ਪ੍ਰਸ਼ਨ 3. ਜਨਮ, ਵਿਆਹ ਅਤੇ ਮੌਤ ਸੰਬੰਧੀ ਕਿਹੜੇ ਲੋਕ ਵਿਸ਼ਵਾਸ ਹਨ?

ਪ੍ਰਸ਼ਨ 4. ਬ੍ਰਹਿਮੰਡੀ ਵਸਤਾਂ (ਸੂਰਜ, ਚੰਨ, ਗ੍ਰਹਿਆਂ) ਸੰਬੰਧੀ ਕਿਹੜੇ ਲੋਕ ਵਿਸ਼ਵਾਸ ਪ੍ਰਚੱਲਿਤ ਹਨ?

ਪ੍ਰਸ਼ਨ 5. ਲੋਕ ਚਿਕਿਤਸਾ ਨਾਲ ਸੰਬੰਧਿਤ ਲੋਕ ਵਿਸ਼ਵਾਸਾਂ ਦੀ ਸੰਖੇਪ ਚਰਚਾ ਕਰੋ?

ਪ੍ਰਸ਼ਨ 6. ਡਾ. ਗੁਰਮੀਤ ਸਿੰਘ ਦੀਆਂ ਪ੍ਰਮੁੱਖ ਪੁਸਤਕਾਂ ਕਿਹੜੀਆਂ ਹਨ?

### 6.5 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ


1. ਡਾ. ਗੁਰਮੀਤ ਸਿੰਘ, *ਲੋਕਧਾਰਾ ਦੇ ਕੁਝ ਪੱਖ*
2. ਡਾ. ਗੁਰਮੀਤ ਸਿੰਘ, *ਲੋਕਧਾਰਾ: ਪਰੰਪਰਾ ਅਤੇ ਆਧੁਨਿਕਤਾ*
3. ਗਿਆਨੀ ਗੁਰਦਿੱਤ ਸਿੰਘ, *ਮੇਰਾ ਪਿੰਡ*
4. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*-ਸੱਤ ਜਿਲਦਾਂ ਵਿਚ
5. ਡਾ. ਭੁਪਿੰਦਰ ਸਿੰਘ ਖਹਿਰਾ, *ਲੋਕਧਾਰਾ, ਭਾਸ਼ਾ ਤੇ ਸਭਿਆਚਾਰ*
6. ਡਾ. ਨਾਹਰ ਸਿੰਘ, *ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ*
7. ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, *ਸਭਿਆਚਾਰ-ਮੁੱਢਲੀ ਜਾਣ-ਪਛਾਣ*
8. ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, *'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ'*
9. ਡਾ. ਹਰਮਿੰਦਰ ਸਿੰਘ ਦਿਓਲ ਅਤੇ ਡਾ. ਕੁਲਬੀਰ ਸਿੰਘ ਕਾਂਗ (ਸੰਪਾ.), *ਪੰਜਾਬੀ ਸਭਿਆਚਾਰ*

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ–**7** | **ਗੁਰਮੁਖੀ ਲਿਪੀ: ਇਤਿਹਾਸ, ਵਿਕਾਸ ਅਤੇ ਵਿਸ਼ੇਸ਼ਤਾਵਾਂ** |
|---|---|

## ਪਾਠ ਦੀ ਰੂਪ-ਰੇਖਾ

**7.1 ਪਾਠ ਦਾ ਮਹੱਤਵ**
**7.2 ਲਿਪੀ ਕੀ ਹੁੰਦੀ ਹੈ**
**7.3 ਭਾਰਤ ਦੀਆਂ ਪ੍ਰਾਚੀਨ ਲਿਪੀਆਂ ਬਾਰੇ ਜਾਣਕਾਰੀ**
**7.4 ਗੁਰਮੁਖੀ ਦਾ ਨਾਮਕਰਨ ਤੇ ਵਿਕਾਸ**
**7.5 ਗੁਰਮੁਖੀ ਦੀਆਂ ਵਿਸ਼ੇਸ਼ਤਾਵਾਂ**

### 1.0 ਪਾਠ ਦਾ ਮਹੱਤਵ:

ਪਿਆਰੇ ਵਿਦਿਆਰਥੀਓ,

ਦੁਨੀਆ ਦੀਆਂ ਲਿਪੀਆਂ ਦੇ ਇਤਿਹਾਸ ਬਾਰੇ ਜਾਣਨਾ, ਕਿਸੇ ਖ਼ਿੱਤੇ ਵਿਚ ਵੱਸਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਗਿਆਨ ਦੇ ਇਤਿਹਾਸ ਨੂੰ ਜਾਣਨ ਦੇ ਬਰਾਬਰ ਹੈ। ਇਸ ਤਰ੍ਹਾਂ ਦਾ ਅਧਿਐਨ ਬਹੁਤ ਰੁਮਾਂਚਿਕ ਤੇ ਦਿਲਚਸਪੀ ਭਰਿਆ ਹੁੰਦਾ ਹੈ। ਇਸ ਰੁਮਾਂਚਿਕ ਤੇ ਦਿਲਚਸਪ ਸਫ਼ਰ ਨੂੰ ਜਾਣਨ ਲਈ ਅਸੀਂ ਇਸ ਅਧਿਆਇ ਵਿਚ ਗੁਰਮੁਖੀ ਲਿਪੀ ਦੇ ਇਤਿਹਾਸ, ਵਿਕਾਸ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਜਾਣਾਂਗੇ। ਇਸ ਵਿਚ ਅਸੀਂ ਲਿਪੀ ਕੀ ਹੁੰਦੀ ਹੈ, ਭਾਰਤ ਦੀਆਂ ਪ੍ਰਾਚੀਨ ਲਿਪੀਆਂ ਬਾਰੇ ਜਾਣਕਾਰੀ, ਗੁਰਮੁਖੀ ਦਾ ਨਾਮਕਰਨ ਤੇ ਵਿਕਾਸ ਅਤੇ ਫਿਰ ਗੁਰਮੁਖੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਚਾਰ ਚਰਚਾ ਕਰਾਂਗੇ। ਉਮੀਦ ਹੈ ਕਿ ਇਸ ਤਰਤੀਬ ਨਾਲ ਤੁਸੀਂ ਗੁਰਮੁਖੀ ਲਿਪੀ ਦੇ ਇਤਿਹਾਸਕ-ਕ੍ਰਮ ਅਤੇ ਇਸ ਦੇ ਗੁਣਾਂ ਨੂੰ ਸਪੱਸ਼ਟ ਰੂਪ ਵਿਚ ਸਮਝਣ ਦੇ ਯੋਗ ਹੋ ਸਕੋਗੇ।

### 1.2 ਲਿਪੀ ਕੀ ਹੈ:

ਲਿਪੀ ਕਿਸੇ ਭਾਸ਼ਾ ਨੂੰ ਚਿੰਨ੍ਹਾਂ ਵਿਚ ਵਿਅਕਤ ਕਰਨ ਦਾ ਪ੍ਰਬੰਧ ਹੁੰਦੀ ਹੈ। ਇਹ ਬੋਲਾਂ ਨੂੰ ਲਿਖਤ ਰੂਪ ਵਿਚ ਪ੍ਰਗਟ ਕਰਦੀ ਹੈ ਅਤੇ ਇਸ ਬੋਲ ਤੇ ਲਿਖਤ ਅਰਥਾਤ ਭਾਸ਼ਾ ਅਤੇ ਲਿਪੀ ਦਾ ਸੰਬੰਧ ਪਰਸਪਰ ਹੁੰਦਾ ਹੈ। ਭਾਸ਼ਾ ਜਿੱਥੇ ਧੁਨੀਆਂ ਦਾ ਸਮੂਹ ਮੰਨੀ ਜਾਂਦੀ ਹੈ, ਉੱਥੇ ਲਿਪੀ ਭਾਸ਼ਾ ਨੂੰ ਚਿੰਨ੍ਹਾਂ ਵਿਚ ਵਿਆਪਕ ਕਰਨ ਦੇ ਸਿਸਟਮ ਵਜੋਂ ਜਾਣੀ ਜਾਂਦੀ ਹੈ। ਭਾਵੇਂ ਕਿ ਭਾਸ਼ਾਈ ਵਰਤਾਰੇ ਬਿਨਾਂ ਲਿਪੀ ਤੋਂ ਆਪਣਾ ਕਾਰਜ ਕਰ ਸਕਦੇ ਹਨ, ਪਰ ਲਿਪੀ ਭਾਸ਼ਾ ਦੀ ਹੋਂਦ ਤੋਂ ਬਿਨਾਂ ਆਪਣੀ ਹੋਂਦ

ਨਹੀਂ ਬਣਾਈ ਰੱਖ ਸਕਦੀ। ਇਸ ਲਈ ਇਹ ਕੁਦਰਤੀ ਹੈ ਕਿ ਪਹਿਲਾ ਭਾਸ਼ਾ ਹੋਂਦ ਵਿਚ ਆਈ ਹੋਵੇਗੀ ਅਤੇ ਭਾਸ਼ਾ ਨੂੰ ਸਮਾਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਕਰਨ ਦੀ ਲੋੜ ਵਿਚੋਂ ਲਿਪੀ ਦੀ ਕਾਢ ਕੱਢੀ ਗਈ ਹੋਵੇਗੀ। ਜਿਵੇਂ ਕਿ ਭਾਸ਼ਾ ਦੇ ਵਿਕਾਸ ਦਾ ਆਪਣਾ ਇੱਕ ਲੰਮਾ ਇਤਿਹਾਸ ਹੈ, ਉਸੇ ਤਰ੍ਹਾਂ ਲਿਪੀ ਦਾ ਵਿਕਾਸ ਵੀ ਲੰਮੇ ਸਮੇਂ ਦੌਰਾਨ ਹੋਇਆ ਹੈ। ਲਿਪੀ ਦੇ ਜਨਮ ਅਤੇ ਵਿਕਾਸ ਵਿਚ ਹਜ਼ਾਰਾਂ ਹੀ ਸਾਲ ਲੱਗੇ ਹਨ, ਜਿਸ ਵਿਚ ਮਨੁੱਖ ਨੇ ਆਪਣੀ ਭਾਸ਼ਾ ਨੂੰ ਦੂਜੇ ਮਨੁੱਖਾਂ ਤੱਕ ਪਹੁੰਚਾਉਣ ਲਈ ਅਨੇਕਾਂ '**ਪ੍ਰਤੀਕਾਂ**' ਤੇ **'ਚਿੱਤਰਾਂ**' ਤੋਂ ਹੋਕੇ ਆਧੁਨਿਕ '**ਧੁਨੀਆਤਮਕ ਰੂਪਾਂ**' ਵਰਗੇ ਅਨੇਕਾਂ ਤਰੀਕਿਆਂ ਦੀ ਵਰਤੋਂ ਕੀਤੀ ਹੈ। ਇੱਥੇ ਅਸੀਂ ਸਭ ਤੋਂ ਪਹਿਲਾਂ 'ਪ੍ਰਾਚੀਨ ਲਿਪੀ ਰੂਪਾਂ' ਬਾਰੇ ਸੰਖੇਪ ਵਿਚ ਜਾਣਾਂਗੇ।

### 1.2.1 ਪ੍ਰਤੀਕ-ਪਰੰਪਰਾ:

ਇਹ ਇਕ ਆਮ ਕਹਾਵਤ ਹੈ ਕਿ "ਜ਼ਰੂਰਤ ਕਾਢ ਦੀ ਮਾਂ ਹੈ"। ਇਹ ਕਹਾਵਤ ਲਿਪੀ ਦੇ ਪ੍ਰਸੰਗ ਵਿਚ ਬਿਲਕੁਲ ਸੱਚ ਜਾਪਦੀ ਹੈ। ਮਨੁੱਖਾਂ ਨੇ ਪਹਿਲਾ ਬੋਲ-ਸ਼ਕਤੀ ਅਤੇ ਬੁੱਧੀ-ਤੱਤ ਦੇ ਆਧਾਰ 'ਤੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਾਸ਼ਾ ਦੀ ਘਾੜਤ ਘੜੀ। ਪਰ ਜਦ ਮਨੁੱਖ ਨੇ ਭਾਸ਼ਾ ਰਾਹੀਂ ਵਿਅਕਤ ਕੀਤੇ ਖ਼ਿਆਲਾਂ ਨੂੰ ਸੰਭਾਲੀ ਰੱਖਣ ਦੀ ਲੋੜ ਮਹਿਸੂਸ ਕੀਤੀ, ਤਦ ਉਸ ਨੇ ਲਿਪੀ ਦੀ ਖੋਜ ਕੀਤੀ। ਪਹਿਲੋਂ ਪਹਿਲ ਆਪਣੇ ਸੁਨੇਹੇ ਜਾਂ ਪੈਗ਼ਾਮ ਭੇਜਣ ਦੀ ਲੋੜ ਦੀ ਪੂਰਤੀ ਲਈ ਮਨੁੱਖਾਂ ਨੇ ਪ੍ਰਤੀਕਾਂ (ਚਿੰਨ੍ਹਾਂ) ਦੀ ਵਰਤੋਂ ਦਾ ਸਿਲਸਿਲਾ ਸ਼ੁਰੂ ਕੀਤਾ। ਜਿਵੇਂ ਕਈ ਕਬੀਲੇ ਦੂਜੇ ਕਬੀਲੇ ਨੂੰ ਯੁੱਧ ਦਾ ਸੁਨੇਹਾ ਦੇਣ ਲਈ ਮੁਰਗ਼ੇ ਦੀ ਕਲੇਜੀ, ਉਸ ਦੀ ਚਰਬੀ ਦੇ ਕੁਝ ਟੁਕੜੇ, ਇਕ ਮਿਰਚ ਨਾਲ ਲਾਲ ਰੰਗ ਕੇ ਕਾਗ਼ਜ਼ ਵਿਚ ਲਪੇਟ ਕੇ ਭੇਕੇ, ਪ੍ਰਤੀਕਮਈ ਸੰਦੇਸ਼ ਦਿੰਦੇ ਸਨ ਕਿ ਯੁੱਧ ਲਈ ਤਿਆਰ ਹੋ ਜਾਉ। ਇਸ ਤਰ੍ਹਾਂ ਪ੍ਰਤੀਕਾਂ ਰਾਹੀਂ ਮਨੁੱਖ ਆਪਣੇ ਸੁਨੇਹੇ ਨੂੰ ਹੋਰਨਾਂ ਤੱਕ ਪਹੁੰਚਾਉਂਦਾ ਸੀ।

### 1.2.2 ਚਿੱਤਰ-ਲਿਪੀ:

ਕਈ ਵਿਦਵਾਨਾਂ ਦੀ ਖੋਜਾਂ ਮੁਤਾਬਕ ਲਿਖਣ-ਕਲਾ ਦਾ ਆਦਿ ਜਾਂ ਪਹਿਲਾ ਰੂਪ ਚਿੱਤਰ-ਲਿਪੀ (ਤਸਵੀਰ ਲਿਪੀ) ਹੈ। ਮੁੱਢਲੇ ਇਨਸਾਨ ਨੇ ਤਸਵੀਰਾਂ ਰਾਹੀਂ ਆਪਣੇ ਭਾਵਾਂ ਦਾ ਬੋਧ ਕਰਾਉਣਾ ਸ਼ੁਰੂ ਕੀਤਾ- ਭਾਵ ਕਿਸੇ ਭਾਵ ਜਾਂ ਵਸਤੂ ਦਾ ਬੋਧ ਕਰਾਉਣ ਲਈ, ਉਸ ਦਾ ਚਿੱਤਰ (ਤਸਵੀਰਾਂ) ਬਣਾਇਆ ਜਾਂਦਾ ਸੀ। ਉਦਾਹਰਨ ਲਈ ਜਦੋਂ ਕਿਸੇ ਇਨਸਾਨ ਨੇ ਜਦ ਸੂਰਜ ਬਾਰੇ ਕੁਝ ਕਹਿਣਾ ਹੁੰਦਾ ਤਾਂ ਇਕ ਗੋਲਾਂ ਜਿਹਾ ਬਣਾ ਦਿੰਦਾ। ਜਿਸ ਨੂੰ ਦੇਖ ਕੇ ਚਿੱਤਰਕਾਰ ਦੇ ਭਾਵਾਂ ਨੂੰ ਸਮਝਿਆ ਜਾਂਦਾ ਸੀ। ਇਹ ਚਿੱਤਰ-ਲਿਪੀ ਮਿਸਰ, ਮੈਸੋਪੋਟਾਮੀਆਂ, ਫੋਨੇਸ਼ੀਆ, ਕੀਟ, ਸਪੇਨ, ਫਰਾਂਸ, ਟੋਨ ਤੋਂ ਸਿੰਧ ਘਾਟੀ ਤੇ ਹੋਰ ਕਈ ਦੇਸ਼ਾਂ ਵਿਚੋਂ ਲੱਭੀ ਹੈ।

### 1.2.3 ਧੁਨੀਆਤਮਕ-ਲਿਪੀ:

ਲਿਪੀ ਦੇ ਇਤਿਹਾਸ ਵਿਚ ਧੁਨੀਆਤਮਕ-ਲਿਪੀ ਦਾ ਮਹੱਤਵਪੂਰਨ ਸਥਾਨ ਹੈ। ਵਰਤਮਾਨਿਕ ਧੁਨੀਆਤਮਕ-ਲਿਪੀ ਭਾਸ਼ਾ ਦਾ ਪ੍ਰਤਿਰੂਪ ਹੈ। ਇਸ ਲਿਪੀ ਵਿਚ ਲਿਖਤ ਪ੍ਰਣਾਲੀ ਦੇ ਹਰੇਕ ਚਿੰਨ੍ਹ ਭਾਸ਼ਾ ਦੀ ਅਨੇਕ ਧੁਨੀ ਨੂੰ ਪ੍ਰਤੀਨਿਧ ਕਰਦਾ

ਹੈ। ਇਸ ਲਿਪੀ ਵਿਚ ਵਸਤੂ/ਸੰਕੇਤ ਨੂੰ ਪ੍ਰਗਟ ਨਹੀਂ ਕਰਦੀ, ਸਗੋਂ ਧੁਨੀ ਜਾਂ ਧੁਨੀ ਸਮੂਹ ਨੂੰ ਪ੍ਰਗਟ ਕਰਦੀ ਹੈ। ਦੂਜੇ ਸ਼ਬਦਾਂ ਵਿਚ ਧੁਨੀਆਤਮਕ-ਲਿਪੀ ਪ੍ਰਤੀਕ ਦੇ ਜ਼ਰੀਏ ਬੋਲ ਦੇ ਪ੍ਰਤਿਰੂਪ ਨੂੰ ਪੇਸ਼ ਕਰਦਾ ਹੈ। ਇਹ ਲਿਪੀ ਆਮ ਤੌਰ ਤੇ (ੳ) ਅੱਖਰਾਤਮਕ (syllabic) ਤੇ (ਅ) ਵਰਨਣਾਤਮਿਕ (alphabetic) ਦੋ ਰੂਪਾ ਵਿਚ ਮਿਲਦੀ ਹੈ।

ਇਸ ਤਰ੍ਹਾਂ ਅਸੀਂ ਸੰਪੇਖ ਰੂਪ ਵਿਚ ਕਹਿ ਸਕਦੇ ਹਾਂ ਕਿ ਪਹਿਲਾਂ ਮਨੁੱਖ ਨੇ ਪ੍ਰਤੀਕਾਂ ਰਾਹੀਂ ਭਾਸ਼ਾ ਨੂੰ ਬੰਨ੍ਹਣ ਦਾ ਉੱਪਰਲਾ ਕੀਤਾ, ਫਿਰ ਚਿੱਤਰਾਂ ਰਾਹੀਂ ਆਪਣੀ ਗੱਲ ਹੋਰਨਾਂ ਤੱਕ ਪਹੁੰਚਾਉਣ ਲੱਗਿਆ ਅਤੇ ਲਗਾਤਾਰ ਹੁੰਦੇ ਵਿਕਾਸ ਨਾਲ ਹੀ ਅਜੋਕੀਆਂ ਲਿਪੀਆਂ ਦਾ ਜਨਮ ਹੋਇਆ। ਇਹ ਲਿਪੀਆਂ ਵੀ ਸਹਿਜੇ ਸਹਿਜੇ ਵਿਕਾਸ ਕਰਦੀਆਂ ਹੋਈਆ, ਅੱਜ ਦੇ ਸਰੂਪ ਵਿਚ ਰੂਪਮਾਨ ਹੋ ਗਈਆਂ ਹਨ। ਜਿਸ ਤਰ੍ਹਾਂ ਦੁਨੀਆਂ ਦੀਆਂ ਭਾਸ਼ਾਵਾਂ ਕਿਸੇ ਦੈਵੀ ਸ਼ਕਤੀ ਦੀ ਉਤਪਤੀ ਨਹੀਂ ਹਨ, ਉਸੇ ਤਰ੍ਹਾਂ ਦੁਨੀਆਂ ਦੀ ਭਾਸ਼ਾਵਾਂ ਨੂੰ ਲਿਖਤ ਰੂਪ ਦੇਣ ਵਾਲੀਆਂ ਲਿਪੀਆਂ ਵੀ ਕੋਈ ਦੈਵੀ ਉਤਪਤੀ ਨਹੀਂ ਹਨ। ਇਹ ਦੋਵੇਂ (ਭਾਸ਼ਾ ਤੇ ਲਿਪੀ) ਨੂੰ ਮਨੁੱਖ ਨੇ ਆਪਣੀ ਬੌਧਿਕ, ਕਾਲਪਨਿਕ ਤੇ ਖੋਜ ਦੇ ਆਧਾਰ ‘ਤੇ ਘੜਿਆ ਹੈ। ਪਰ ਦੁਨੀਆਂ ਦੀਆਂ ਲਿਪੀਆਂ ਵਿਚ ਕਿਹੜੀ ਲਿਪੀ ਸਭ ਤੋਂ ਜ਼ਿਆਦਾ ਪ੍ਰਾਚੀਨ ਹੈ, ਜਿਸ ਤੋਂ ਅੱਗੇ ਲਿਪੀਆਂ ਨਿਕਲੀਆਂ ਹਨ, ਇਸ ਉੱਪਰ ਅਜੇ ਤੱਕ ਵਿਦਵਾਨਾਂ ਵਿਚ ਇਕ ਮੱਤ ਨਹੀਂ ਹੈ ਅਤੇ ਇਹ ਗੱਲ ਭਾਰਤੀ ਲਿਪੀਆਂ ਦੇ ਪ੍ਰਸੰਗ ਵਿਚ ਵੀ ਲਾਗੂ ਹੁੰਦੀ ਹੈ।


**1.3 ਪ੍ਰਾਚੀਨ ਭਾਰਤੀ ਲਿਪੀਆਂ:**

ਭਾਰਤ ਵਿਚ ਲਿਪੀਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਹ ਦੀਆਂ ਸ਼ੁਰੂਆਤੀ ਜੜ੍ਹਾਂ ਦੇ ਸਬੂਤ ਸਿੰਧ ਘਾਟੀ ਦੀ ਸਭਿਅਤਾ ਦੇ ਅਵਸ਼ੇਸ਼ਾਂ ਵਿਚ ਮਿਲਦੇ ਹਨ, ਜਿਨ੍ਹਾਂ ਨੂੰ ਫ਼ਿਲਹਾਲ ਪੜ੍ਹਿਆ ਨਹੀਂ ਜਾ ਸਕਿਆ ਹੈ। ਪਰ ਪਹਿਲੀ ਪੜ੍ਹਣਯੋਗ ਲਿਪੀ ਦੇ ਸਬੂਤ ਅਸ਼ੋਕ ਦੇ ਸਮੇਂ ਦੇ ਇਕ ਖੰਭੇ ਤੋਂ ‘ਬ੍ਰਹਮੀ-ਲਿਪੀ’ (ਜੋ ਸੱਜੇ ਤੋਂ ਖੱਬੇ ਲਿਪੀ ਜਾਂਦੀ ਹੈ) ਦੇ ਮਿਲਦੇ ਹਨ। 20ਵੀਂ ਸਦੀ ਵਿਚ ਕੀਤੀ ਖੋਜ ਨੇ ਸਿੱਧ ਕੀਤਾ ਹੈ ਕਿ ਬ੍ਰਹਮੀ-ਲਿਪੀ ਪ੍ਰਾਚੀਨ ਭਾਰਤੀ ਉਪ ਮਹਾਂਦੀਪ ਉੱਤੇ 450 ਈ.ਪੂ. ਦੇ ਅਰੰਭ ਵਿੱਚ ਮੌਜੂਦ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬ੍ਰਹਮੀ-ਲਿਪੀ ਤੀਜੀ ਸਦੀ ਈ.ਪੂ. ਵਿਚ ਦੱਖਣੀ ਏਸ਼ੀਆ ਵਿਚ ਇਕ ਪੂਰੀ ਤਰ੍ਹਾਂ ਵਿਕਸਤ ਤੇ ਵਿਆਪਕ ਤੌਰ 'ਤੇ ਪ੍ਰਗਟ ਹੋ ਗਈ ਸੀ। ਭਾਰਤ ਦੀ ਬ੍ਰਹਮੀ-ਲਿਪੀ ਵਿੱਚੋਂ ਹੀ ਦੱਖਣੀ ਏਸ਼ੀਆਂ ਦੀਆਂ ਬਹੁਤੀਆਂ ਆਧੁਨਿਕ ਲਿਪੀਆਂ ਦਾ ਵਿਕਾਸ ਹੋਇਆ ਹੈ। ਬ੍ਰਹਮੀ-ਲਿਪੀ ਦੀ ਉਤਪਤੀ ਸੰਬੰਧੀ ਵਿਦਵਾਨਾਂ ਵਿੱਚ ਬੜਾ ਮੱਤ-ਭੇਦ ਹੈ। ਮੋਟੇ ਰੂਪ ਵਿੱਚ ਇਨ੍ਹਾਂ ਵਿਦਵਾਨਾਂ ਦੀ ਵਿਚਾਰਧਾਰਾ ਨੂੰ ਦੋ ਪ੍ਰਮੁੱਖ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

- **ਪਹਿਲੀ ਵਿਚਾਰਧਾਰਾ ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਕਿਸੇ ਵਿਦੇਸ਼ੀ ਸੋਮੇ ਤੋਂ ਹੋਇਆ ਹੈ।**
- **ਦੂਸਰੇ ਮੱਤ ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਭਾਰਤ ਵਿਚ ਹੀ ਕਿਸੇ ਦੇਸੀ ਸੋਮੇ ਤੋਂ ਹੋਇਆ ਹੈ।**

ਭਾਰਤੀ ਅਤੇ ਕੁਝ ਯੂਰਪੀ ਵਿਦਵਾਨਾਂ (ਕਨਿੰਘਮ, ਡਾਂਉਸਨ ਤੇ ਲੈਸੇਨ ਆਦਿ) ਦੇ ਅਨੁਸਾਰ ਵੈਦਿਕ ਰਿਸ਼ੀਆਂ, ਮੁਨੀਆਂ ਤੇ ਪ੍ਰੋਹਿਤਾਂ ਨੇ ਪ੍ਰਾਚੀਨ ਭਾਰਤੀ ਚਿੱਤਰ-ਲਿਪੀ ਤੋਂ ਬ੍ਰਹਮੀ-ਲਿਪੀ ਨੂੰ ਵਿਕਸਿਤ ਕੀਤਾ। ਹੋ ਸਕਦਾ ਹੈ ਸਿੰਧ ਘਾਟੀ ਦੀ ਚਿੱਤਰ-ਲਿਪੀ ਤੋਂ ਪ੍ਰਭਾਵਿਤ ਹੋ ਕੇ ਆਰੀਆ ਲੋਕਾਂ ਨੇ ਬ੍ਰਹਮੀ-ਲਿਪੀ ਘੜੀ ਹੋਵੇ। ਦੂਜੇ ਪਾਸੇ ਸਰਦਾਰ ਜੀ. ਬੀ. ਸਿੰਘ

ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਫ਼ਿਨੀਸ਼ੀਅਨ ਲੋਕਾਂ ਦੀ ਫ਼ਿਨਕੀ ਜਾਂ ਫ਼ਿਨੀਸ਼ੀਅਨ ਲਿਪੀ ਵਿੱਚੋਂ ਹੋਇਆ ਹੈ। ਫ਼ਿਨੀਸ਼ੀਅਨ ਲੋਕ ਸੌਦਾਗਰ ਸਨ, ਜਿਨ੍ਹਾਂ ਦੇ ਮੁੱਖ ਕੇਂਦਰ ਬਿਬਲੂਸ (Byblus), ਸਿਡਨ (Sidon) ਤੇ ਤਾਇਰ (Tyre) ਦੀਆਂ ਬੰਦਰਗਾਹਾਂ ਸਨ ਅਤੇ ਇਨ੍ਹਾਂ ਲੋਕਾਂ ਦੀ ਫ਼ਿਨੀਸ਼ੀਅਨ ਲਿਪੀ ਪਾਸੋਂ ਹੀ ਭਾਰਤੀ ਵਪਾਰੀ ਇਕ ਲਿਪੀ ਭਾਰਤ ਲੈ ਕੇ ਆਏ। ਇਸ ਲਿਪੀ ਨੂੰ ਆਧਾਰ ਬਣਾ ਕੇ ਬ੍ਰਹਮੀ-ਲਿਪੀ ਪੈਦਾ ਹੋਈ। ਇਨ੍ਹਾਂ ਦੋਵੇਂ ਮੱਤਾਂ ਵਿਚੋਂ ਭਾਵੇਂ ਕੋਈ ਵੀ ਠੀਕ ਹੋਵੇ ਜਾਂ ਗ਼ਲਤ, ਪਰ ਇਕ ਗੱਲ ਸਰਵ-ਪ੍ਰਮਾਣਿਤ ਹੈ ਕਿ ਬ੍ਰਹਮੀ-ਲਿਪੀ ਤੋਂ ਹੀ ਅੱਗੇ ਮੋਰੀਆਂ (ਗੁਪਤ) ਕਾਲ ਵਿਚ ਕਈ ਤਬਦੀਲੀਆਂ ਆਈਆਂ ਅਤੇ ਇਸ ਦੀ ਪੂਰਬੀ ਸ਼ਾਖਾ ਤੋਂ ਸਿੱਧ-ਮਾਤ੍ਰਿਕਾ ਲਿਪੀ ਪੈਂਦਾ ਹੋਈ। ਸੱਤਵੀਂ ਸਦੀ ਵਿਚ ਇਸ ਲਿਪੀ ਵਿਚ ਜ਼ਬਰਦਸਤ ਪਰਿਵਰਤਨ ਆਏ ਅਤੇ **ਗੁਪਤ-ਬ੍ਰਹਮੀ ਲਿਪੀ** ਉੱਤਰੀ ਭਾਰਤ ਦੇ ਕਈ ਸਥਾਨਕ ਰੂਪਾਂ ਵਿੱਚ ਅਰਥਾਤ ਕਈ ਵੰਨ-ਸੁਵੰਨੇ ਰੂਪਾਂ -**ਸ਼ਾਰਦਾ, ਨਗਰ ਤੇ ਕੁਟਿਲ**- ਵਿਚ ਵੰਡੀ ਗਈ। ਇਨ੍ਹਾਂ ਲਿਪੀਆਂ ਤੋਂ ਹੀ ਅੱਗੇ ਕਈ ਭਾਰਤੀ ਲਿਪੀਆਂ ਦਾ ਵਿਕਾਸ ਹੋਇਆ, ਜਿਸ ਨੂੰ ਅਸੀਂ ਹੇਠ ਦਰਜ ਡਾਇਗ੍ਰਾਮ ਰਾਹੀਂ ਸਮਝ ਸਕਦੇ ਹਾਂ




- **ਸ਼ਾਰਦਾ**: ਟਾਕਰੀ, ਗੁਰਮੁਖੀ, ਲੰਡੇ, ਡੋਗਰੀ, ਚੰਬਿਆਲੀ, ਸਿਰਮੌਰ, ਜੈਨਸਾਰੀ, ਕੋਛੀ, ਕੁਲੂ, ਕਸ਼ਟਵਾਰੀ, ਮੁਲਤਾਨੀ
- **ਨਾਗਰ**: **ਦੇਵਨਾਗਰੀ**- ਗੁਜਰਾਤੀ, ਸਰਾਫ਼ੀ, ਮਹਾਜਨੀ, ਮੋੜੀ
- **ਕੁਟਿਲ**: ਬਿਹਾਰੀ, ਮੈਥਲੀ, ਬੰਗਾਲੀ, ਆਸਾਮੀ, ਉੜੀਆ

ਇਸ ਪ੍ਰਕਾਰ ਭਾਰਤੀ ਤੇ ਦੱਖਣੀ ਏਸ਼ੀਆ ਵਿੱਚ ਪ੍ਰਯੋਗ ਹੁੰਦੀਆਂ ਅਨੇਕਾਂ ਆਧੁਨਿਕ ਲਿਪੀਆਂ ਬ੍ਰਹਮੀ-ਲਿਪੀ ਤੋਂ ਪੈਂਦਾ ਹੋਇਆ ਮੰਨੀਆਂ ਜਾਂਦੀਆਂ ਹਨ ਅਤੇ ਬ੍ਰਹਮੀ-ਲਿਪੀ ਨੂੰ ਵਿਸ਼ਵ ਦੀ ਸਭ ਤੋਂ ਪ੍ਰਭਾਵਸ਼ਾਲੀ ਲਿਖਤ ਪਰੰਪਰਾਵਾਂ ਵਿੱਚੋਂ ਇੱਕ ਬਣਾਉਂਦੀਆਂ ਹਨ। ਇਸ ਦੇ ਨਾਲ ਹੀ ਇਸਲਾਮੀ ਰਾਜ ਦੇ ਭਾਰਤ ਵਿਚਲੇ ਪ੍ਰਵੇਸ਼ ਨਾਲ ਖ਼ਰੋਸ਼ਟੀ ਲਿਪੀ, ਜੋ ਸੱਜੇ ਤੋਂ ਖੱਬੇ ਪਾਸੇ ਵੱਲ ਲਿਪੀ ਜਾਂਦੀ ਸੀ ਅਤੇ ਇਸ ਲਿਪੀ ਉੱਤਰੀ ਭਾਰਤ (ਪੰਜਾਬ ਤੇ ਸਿੰਧ) ਵਿਚ ਹੀ ਪ੍ਰਚਿੱਲਤ ਸੀ।

**2.0 ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ:**

ਅਸੀਂ ਪਹਿਲਾ ਸਪਸ਼ਟ ਕੀਤਾ ਹੈ ਕਿ ਭਾਰਤੀ ਲਿਪੀਆਂ ਦੇ ਪੈਂਦਾ ਹੋਣ ਦੇ ਸੰਬੰਧ ਵਿਚ ਦੋ ਪ੍ਰਮੁੱਖ ਸਿਧਾਂਤ ਪ੍ਰਚੱਲਿਤ ਹਨ। ਜਿਨ੍ਹਾਂ ਵਿਚੋਂ ਇਕ ਵਿਚ ਕਿਹਾ ਜਾਂਦਾ ਹੈ ਕਿ ਭਾਰਤ ਦੀ ਪ੍ਰਾਚੀਨ ਲਿਪੀ 'ਬ੍ਰਹਮੀ' ਪਹਿਲਾ ਮੌਜੂਦ ਭਾਰਤੀ ਲਿਪੀਆਂ ਨੂੰ ਸੋਧਕ ਬਣੀ ਗਈ ਸੀ। ਇਸ ਦੇ ਮੁਕਾਬਲੇ ਦੂਜਾ ਸਿਧਾਂਤ ਦੱਸਦਾ ਹੈ ਕਿ 'ਬ੍ਰਹਮੀ-ਲਿਪੀ' ਦੀ ਭਾਰਤ ਵਿਚ ਆਮਦ ਬਾਹਰੀ ਦੇਸ਼ਾਂ ਤੋਂ ਹੋਈ ਸੀ। ਇਸ ਪ੍ਰਸੰਗ ਵਿਚ ਸਰਦਾਰ ਜੇ.ਬੀ. ਸਿੰਘ ਨੇ ਬੜੀ ਦਲੀਲ ਨਾਲ ਸਿੱਧ ਕਰਨ ਦੀ ਕੋਸ਼ਿਸ਼

ਕੀਤੀ ਹੈ ਕਿ ਰੂਮਸਾਗਰ ਦੇ ਕੰਢਿਆਂ ਉੱਤੇ ਫ਼ਨੀਸੀ ਨਾਮ ਦੀ ਇਕ ਮਨੁੱਖ-ਜਾਤੀ ਦਾ ਵਾਸਾ ਸੀ ਅਤੇ ਇਹ ਵਪਾਰੀ ਕਿਸਮ ਦੇ ਲੋਕ ਸਨ। ਫ਼ੂਨੀਸੀ ਲੋਕਾਂ ਨੇ ਆਪਣੇ ਵਪਾਰਿਕ ਅੰਕੜਿਆਂ ਅਤੇ ਹੋਰ ਸੌਦਿਆਂ ਦਾ ਹਿਸਾਬ-ਕਿਤਾਬ ਰੱਖਣ ਲਈ 22 ਧੁਨੀਆਂ ਵਾਲੀ ਫ਼ੂਨੀਸੀਅਨ ਲਿਪੀ ਨੂੰ ਇਜਾਦ ਕੀਤਾ ਅਤੇ ਇਸ ਲਿਪੀ, ਯੂਰਪੀਅਨ ਲਿਪੀ ਸਮੇਤ, ਦੁਨੀਆ ਦੀਆਂ ਅਨੇਕਾਂ ਲਿਪੀਆਂ ਦੀ ਮਾਂ-ਲਿਪੀ ਬਣੀ। ਸਰਦਾਰ ਜੇ.ਬੀ. ਸਿੰਘ ਇਹ ਵੀ ਦਲੀਲ ਦਿੰਦੇ ਹਨ ਕਿ ਭਾਰਤੀ ਲੋਕ ਇਨ੍ਹਾਂ ਫ਼ੂਨੀਸੀ ਲੋਕਾਂ ਨਾਲ ਵਪਾਰਿਕ ਸੰਬੰਧ ਰੱਖਦੇ ਸਨ ਅਤੇ ਉਨ੍ਹਾਂ ਹੋਰਾਂ ਯੂਰਪੀਅਨ ਕੌਮਾਂ ਦੀ ਤਰ੍ਹਾਂ ਹੀ ਫ਼ਨੀਸੀ ਕੌਮ ਤੋਂ ਲਿਪੀ ਦਾ ਵੱਲ ਸਿੱਖਿਆ ਅਤੇ ਭਾਰਤ ਦੀ 'ਬ੍ਰਹਮੀ-ਲਿਪੀ' ਦਾ ਨਿਰਮਾਣ ਕੀਤਾ। ਇਸ ਤਰ੍ਹਾਂ ਸਰਦਾਰ ਜੇ.ਬੀ. ਸਿੰਘ 'ਬ੍ਰਹਮੀ-ਲਿਪੀ' ਅਤੇ ਉਸ ਤੋਂ ਬਾਅਦ ਪੈਦਾ ਹੋਣ ਵਾਲੀਆਂ ਹੋਰ ਭਾਰਤੀ ਲਿਪੀਆਂ ਦੀ ਜਨਨੀ ਫ਼ੂਨੀਸੀਅਨ ਲਿਪੀ ਨੂੰ ਮੰਨਦੇ ਹਨ।

ਪਰ ਸਰਦਾਰ ਜੇ.ਬੀ. ਸਿੰਘ ਦੀ 'ਬ੍ਰਹਮੀ ਬਾਹਰੋਂ ਆਈ ਲਿਪੀ' ਵਾਲੀ ਧਾਰਨਾ ਵਿਚ ਕਈ ਕਮੀਆਂ ਹਨ। ਪਹਿਲੀ ਕਮੀ ਇਹ ਹੈ ਕਿ ਭਾਰਤੀ ਕੌਮ ਫ਼ੂਨੀਸੀ ਕੌਮ ਤੋਂ ਜ਼ਿਆਦਾ ਪੁਰਾਣੀ ਕੌਮ ਹੈ। ਦੂਜਾ ਜਿੱਥੇ ਫ਼ੂਨੀਸੀਅਨ-ਲਿਪੀ ਵਿਚ 22 ਧੁਨੀਆਂ ਸਨ, ਉੱਥੇ ਬ੍ਰਹਮੀ-ਲਿਪੀ ਵਿਚ 52 ਧੁਨੀਆਂ ਦੀ ਮੌਜੂਦਗੀ ਸੀ। ਤੀਜਾ ਭਾਰਤ ਵਿਚ ਸਿੰਧ-ਘਾਟੀ ਦੀ ਸਭਿਅਤਾ ਦੇ ਸਮੇਂ ਤੋਂ ਹੀ ਭਾਰਤ ਵਿਚ ਲਿਪੀ-ਪ੍ਰਬੰਧ ਮੌਜੂਦ ਸੀ ਅਤੇ ਬ੍ਰਹਮੀ ਪਹਿਲਾ ਮੌਜੂਦ ਭਾਰਤੀ ਲਿਪੀਆਂ ਦਾ ਹੀ ਵਿਕਸਤ ਰੂਪ ਸੀ। ਚੌਥਾ ਕਾਰਨ ਇਹ ਕਿ ਆਰੀਆ ਰਿਸ਼ੀ ਲੋਕਾਂ, ਜਿਨ੍ਹਾਂ ਨੇ ਵੇਦਾਂ ਤੇ ਹੋਰ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ, ਕੀ ਉਨ੍ਹਾਂ ਆਪਣੇ ਸਾਹਿਤ ਦੀ ਸੰਭਾਲ ਲਈ ਕਿਸੇ ਲਿਪੀ ਦੀ ਕਾਢ ਨਹੀਂ ਕੱਢੀ ਹੋਵੇਗੀ? ਤਾਂ ਇਸ ਦਾ ਜਵਾਬ ਹੋਵੇਗਾ ਬਿਲਕੁਲ 'ਹਾਂ' ਹੋਵੇਗਾ। ਇਸ ਕਰਕੇ ਹੀ ਇਨ੍ਹਾਂ ਰਿਸ਼ੀਆਂ ਨੇ ਬ੍ਰਹਮੀ ਨਾਮ ਦੀ ਲਿਪੀ ਦੀ ਈਜਾਦ ਕੀਤੀ ਅਤੇ ਇਸ ਦਾ ਨਾਮ ਬ੍ਰਹਮ ਨਾਲ ਮਿਲਦਾ ਜੁਲਦਾ ਰੱਖਿਆ ਕਿਉਂਕਿ ਬ੍ਰਹਮ ਦੀ ਪ੍ਰਾਪਤੀ ਦਾ ਨੁਕਤਾ ਭਾਰਤੀ-ਦਰਸ਼ਨ ਦੇ ਕੇਂਦਰ ਵਿਚ ਰਿਹਾ ਹੈ, ਜਿਸ ਦਾ ਜ਼ਿਕਰ ਵੇਦ-ਪਰੰਪਰਾ ਵਿਚ ਬਾਰ ਆਉਂਦਾ ਹੈ। ਇਨ੍ਹਾਂ ਪ੍ਰਮੁੱਖ ਕਾਰਨਾਂ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਸਰਦਾਰ ਜੇ.ਬੀ. ਸਿੰਘ ਦਾ 'ਬਾਹਰੋਂ ਆਈ ਲਿਪੀ' ਵਾਲਾ ਤਰਕ ਅੰਗਰੇਜ਼ ਵਿਦਵਾਨਾਂ ਤੋਂ ਪ੍ਰਭਾਵ ਹੈ, ਜਿਸ ਵਿਚ ਅਨੇਕਾਂ ਕਮੀਆਂ ਹਨ। ਇਸ ਜ਼ਿਆਦਾ ਸੰਭਵ ਹੈ ਕਿ ਭਾਰਤੀ ਲੋਕਾਂ ਦੀ ਤਰ੍ਹਾਂ ਫ਼ੂਨੀਸੀ ਲੋਕ ਵੀ ਆਰੀਆ ਸਨ ਤਾਂ ਫ਼ੂਨੀਸੀ ਲੋਕਾਂ ਨੇ ਆਪਣੀ ਲਿਪੀ ਭਾਰਤ ਵਿਚੋਂ ਹੀ ਲਈ ਹੋਵੇ ਅਤੇ ਰੂਮਸਾਗਰ ਦੇ ਕੰਢਿਆਂ ਉੱਤੇ ਜਾ ਵਸੇ ਹੋਣ। ਇਸ ਲਈ 'ਬ੍ਰਹਮੀ-ਲਿਪੀ' ਭਾਰਤੀ ਆਰੀਆ ਲੋਕਾਂ ਦੀ ਕਾਢ ਵਧੇਰੇ ਜਾਪਦੀ ਹੈ, ਜਿਸ ਨੂੰ ਆਰੀਆ ਰਿਸ਼ੀਆਂ ਨੇ ਆਪਣੇ ਸਾਹਿਤ ਦੀ ਸੰਭਾਲ ਲਈ ਪਹਿਲਾਂ ਮੌਜੂਦ ਭਾਰਤੀ ਲਿਪੀਆਂ ਤੋਂ ਤਿਆਰ ਕੀਤਾ ਹੋਵੇਗਾ।

ਇਨ੍ਹਾਂ ਆਰੀਆ ਰਿਸ਼ੀਆਂ ਦੀ ਦੇਣ ਸਦਕਾ ਬ੍ਰਹਮੀ-ਲਿਪੀ ਭਾਰਤ ਵਿਚ ਆਪਣਾ ਪ੍ਰਭਾਵ ਕਾਇਮ ਕਰ ਸਕੀ ਅਤੇ ਅਨੇਕਾਂ ਹੋਰ ਏਸ਼ੀਆਈ ਦੇਸ਼ਾਂ ਵਿਚ ਵੀ ਆਪਣਾ ਵਿਸਥਾਰ ਕਰ ਸਕੀ। ਪਰ ਸਮੇਂ ਦੇ ਬੀਤਣ ਨਾਲ ਨਾਲ ਬ੍ਰਹਮੀ-ਲਿਪੀ ਦਾ ਰੂਪ ਬਦਲਦਾ ਗਿਆ ਅਤੇ ਬ੍ਰਹਮੀ ਭਾਰਤ ਵਿਚ ਸਥਾਨਿਕ ਭਿੰਨਤਾ ਕਾਰਨ- **ਸ਼ਾਰਦਾ, ਨਾਗਰੀ** ਤੇ **ਕੁਟਿਲ**- ਲਿਪੀ ਵਿਚ ਤਬਦੀਲ ਹੋ ਗਈ। ਪੰਜਾਬ ਦੇ ਲੋਕਾਂ ਨੇ ਗੰਗਾ ਵਾਲੇ ਇਲਾਕੇ ਦੇ ਲੋਕਾਂ ਤੋਂ ਵੱਖਰਾ ਸਰਸਵਤੀ ਨੂੰ ਆਪਣੀ ਸ਼ਰਧਾ ਦਾ ਪ੍ਰਤੀਕ ਬਣਾ ਲਿਆ ਅਤੇ ਆਪਣੀ ਲਿਪੀ ਨੂੰ ਸ਼ਾਰਦਾ ਨਾਮ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ। ਇਸ ਕਾਰਨ ਉਸ ਸਮੇਂ ਬ੍ਰਹਮੀ ਦੇ ਅੱਗੇ ਵਿਕਸਤ ਹੋਏ ਦੋ ਰੂਪ ਜੋ ਜ਼ਿਆਦਾ ਪ੍ਰਸਿੱਧ ਹਨ- ਉਨ੍ਹਾਂ ਵਿਚੋਂ ਪੂਰਬ ਵਿਚ 'ਨਾਗਰੀ' ਨਾਮ ਦੀ ਲਿਪੀ ਪ੍ਰਚੱਲਿਤ ਸੀ ਅਤੇ ਪੱਛਮ ਵਿਚ, ਅਰਥਾਤ ਪੰਜਾਬ ਤੇ ਇਸ ਦੇ ਲਾਗਲੇ ਇਲਾਕੇ ਵਿਚ 'ਸ਼ਾਰਦਾ' ਲਿਪੀ ਦੀ ਵਰਤੋਂ ਹੁੰਦੀ

ਸੀ। ਇਹ ਦਸਵੀਂ ਸਦੀ ਈ. ਦੇ ਨੇੜੇ ਦੀ ਸਥਿਤੀ ਸੀ। ਸਰਸਵਤੀ ਦੇ ਕੰਢੇ ਉੱਤੇ ਵੱਸਦੇ ਲੋਕਾਂ ਨੂੰ ਆਪਣੇ ਦੁਸ਼ਮਣਾਂ ਤੋਂ ਬਚਣ ਲਈ ਕਸ਼ਮੀਰ ਵੱਲ ਜਾਣਾ ਪਿਆ ਅਤੇ ਸ਼ਾਰਦਾ ਦੀ ਵਰਤੋਂ ਕਸ਼ਮੀਰ ਵਿਚ ਤਾਂ ਕਾਫ਼ੀ ਸਮੇਂ ਤੱਕ ਹੁੰਦੀ ਰਹੀ, ਪਰੰਤੂ ਪੰਜਾਬ ਵਿਚ ਲਗਭਗ ਖ਼ਤਮ ਹੋ ਗਈ। ਕਸ਼ਮੀਰ ਵਿੱਚ ਨਾਥ ਤੇ ਜੋਗੀ ਰਹਿੰਦੇ ਸਨ ਜਿਨ੍ਹਾਂ ਨੂੰ ਸਿੱਧ ਵੀ ਕਿਹਾ ਜਾਂਦਾ ਸੀ। ਇਹ ਸਿੱਧ ਇੱਕ ਲਿਪੀ ਦਾ ਪ੍ਰਯੋਗ ਕਰਦੇ ਸਨ ਜੋ ਸ਼ਾਰਦਾ ਦਾ ਵਿਕਸਿਤ ਰੂਪ ਸੀ। ਇਸ ਲਿਪੀ ਨੂੰ ਸਿੱਧਾਂ ਦੇ ਨਾਮ ਨਾਲ ਮਿਲਦੇ ਜੁਲਦੇ ਨਾਮ 'ਸਿੱਧ-ਮਾਤ੍ਰਿਕਾ' ਨਾਲ ਪੁਕਾਰਿਆ ਜਾਣ ਲੱਗਿਆ। ਸ਼ਾਰਦਾ, ਨਾਗਰ ਤੇ ਸਿੱਧ-ਮਾਤ੍ਰਿਕਾ ਦੇ ਮੇਲ ਵਿਚੋਂ ਨਾਗਰੀ ਤੇ ਸ਼ਾਰਦਾ ਦੀ ਵਰਤੋਂ ਵਿਚਕਾਰਲੇ ਇਲਾਕੇ (ਭਾਵ ਪੰਜਾਬ) ਵਿਚ ਲਿਪੀ ਦਾ ਇਕ ਨਵਾਂ ਰੂਪ ਪੈਦਾ ਹੋਇਆ, ਜਿਸ ਨੂੰ ਅਲਬਰੂਨੀ (1030 ਈ. ਤੱਕ) **'ਅਰਧ-ਨਾਗਰੀ'** ਲਿਪੀ ਵਜੋਂ ਆਪਣੀ ਪੁਸਤਕ ਅਲਹਿੰਦ ਵਿਚ ਦਰਜ ਕਰਦਾ ਹੈ। ਇਸ ਲਿਪੀ ਉੱਤੇ ਨਾਗਰੀ, ਸ਼ਾਰਦਾ ਤੇ ਸਿੱਧ-ਮਾਤ੍ਰਿਕਾ ਦਾ ਪ੍ਰਭਾਵ ਸੀ। ਇਸ 'ਅਰਧ-ਨਾਗਰੀ' ਤੋਂ ਹੀ ਅੱਗੇ ਗੁਰਮੁਖੀ ਲਿਪੀ ਦਾ ਜਨਮ ਹੁੰਦਾ ਹੈ।

### 2.1 ਗੁਰਮੁਖੀ ਦਾ ਨਾਮਕਰਨ:

ਗੁਰਮੁਖੀ ਦੇ ਨਿਕਾਸ ਬਾਬਤ ਆਮ ਲੋਕਾਂ ਵਿੱਚ ਤਿੰਨ ਮੱਤ ਪ੍ਰਚਲਿਤ ਹਨ। ਪਹਿਲਾ ਮੱਤ ਇਹ ਹੈ ਕਿ ਗੁਰਮੁਖੀ ਅੱਖਰਾਂ ਦੀ ਰਚਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ ਹੈ। ਦੂਸਰੇ ਮੱਤ ਅਨੁਸਾਰ ਇਨ੍ਹਾਂ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ ਅਤੇ ਤੀਜਾ ਮੱਤ ਅਨੁਸਾਰ ਇਸ ਦਾ ਰਚਣਹਾਰਾ ਬਾਬਾ ਸ੍ਰੀ ਚੰਦ ਨੂੰ ਮੰਨਿਆ ਜਾਂਦਾ ਹੈ। ਪਰ ਇਹ ਸਾਰੀਆਂ ਧਾਰਨਾਵਾਂ ਉਦੋਂ ਰੱਦ ਹੋ ਜਾਂਦੀਆਂ ਹਨ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪੱਟੀ' ਨੂੰ ਦੇਖਦੇ ਹਾਂ। 'ਪੱਟੀ' ਨਾਮੀ ਬਾਣੀ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ 'ਅਰਧ-ਨਾਗਰੀ' ਪੰਜਾਬੀ ਭਾਸ਼ਾ ਨੂੰ ਲਿਖਤਬੱਧ ਕਰਨ ਲਈ ਪ੍ਰਚੱਲਿਤ ਸੀ। ਡਾ. ਕਾਲਾ ਸਿੰਘ ਬੇਦੀ ਨੇ ਇਸ ਗੱਲ ਨੂੰ ਸਿਰੇ ਤੋਂ ਨਕਾਰਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਲੰਡੇ ਅੱਖਰਾਂ ਵਿਚ ਲਿਖਤ ਰੂਪ ਦਿੱਤਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਤਰਕ ਕੋਰੀ ਕਲਪਨਾ ਅਧਾਰਿਤ ਹੈ।

ਇਸ ਦੇ ਨਾਲ ਹੀ ਡਾ. ਕਾਲਾ ਸਿੰਘ ਬੇਦੀ ਦਾ ਇਹ ਵੀ ਵਿਚਾਰ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਬੈਠ ਕੇ ਗੁਰਮਤ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਆਪਣੀ ਬਾਣੀ (ਸਲੋਕ) ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਵਿਚ ਲਿਖੀ। ਆਪ ਜੀ ਨੇ ਮਹਿਸੂਸ ਕੀਤਾ ਕਿ ਅਰਧ-ਨਾਗਰੀ ਦੇ ਕੁਝ ਅੱਖਰ ਲਿਖਣੇ ਵਿਚ ਬੜੇ ਮੁਸ਼ਕਲ ਹਨ। ਇਸ ਲਈ ਆਪ ਜੀ ਨੇ ਇਨ੍ਹਾਂ ਅੱਖਰਾਂ ਦੀ ਸ਼ਕਲ-ਸੂਰਤ ਹੁਣ ਵਾਲੇ ਰੂਪ ਵਿਚ ਕਾਇਮ ਕੀਤੀ ਅਤੇ ਅੱਖਰਾਂ ਦੀ ਤਰਤੀਬ ਵੀ ਹੁਣ ਵਾਲੀ ਤਰਤੀਬ ਵਿਚ ਰੱਖੀ। 'ਅਰਧ-ਨਾਗਰੀ' ਵਿਚ ਇਹ ਸੁਧਾਰ ਕਰਨ ਕਰਕੇ ਬਹੁਤ ਸਾਰੇ ਵਿਦਵਾਨ ਗੁਰਮੁਖੀ ਲਿਪੀ ਦੀ ਕਾਢ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਜੋੜਕੇ ਹਨ, ਜਦ ਕਿ ਇਹ ਤਰਕ ਠੀਕ ਨਹੀਂ। ਅਸਲ ਵਿਚ ਗੁਰਮੁਖੀ ਅੱਖਰਾਂ ਦੀ ਹੁਣ ਵਾਲੀ ਸ਼ਕਲ ਤੇ ਅੱਖਰਾਂ ਦੀ ਤਰਤੀਬ ਗੁਰੂ ਅੰਗਦ ਦੇਵ ਨੇ ਹੀ ਦਿੱਤੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਲਤਾਨਪੁਰ ਲੋਧੀ ਦੇ ਵਿਦਵਾਨ ਪੈੜੇ ਮੋਖੇ ਨੂੰ, ਜੋ ਦੇਵਨਾਗਰੀ ਤੋਂ ਅਰਧ-ਨਾਗਰੀ ਦੇ ਅੱਖਰ ਲਿਖ ਸਕਦਾ ਸੀ ਤੇ ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਭਾਸ਼ਾਵਾਂ ਦਾ ਗਿਆਨ ਰੱਖਦਾ ਸੀ, ਖਡੂਰ ਸਾਹਿਬ ਬੁਲਾ ਕੇ ਭਾਈ ਬਾਲੇ ਦੇ ਮੂੰਹੋਂ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਘਟਨਾਵਾਂ ਨੂੰ ਸੁਣਕੇ, ਜਨਮ-ਸਾਖੀ ਵਿਚ ਲਿਖਵਾਇਆ। ਇਸ ਕਥਨ ਦਾ

ਮਤਲਬ ਇਹ ਹੋਇਆ ਕਿ 'ਅਰਧ-ਨਾਗਰੀ' ਲਿਪੀ ਲਗਭਗ ਸਾਰੇ ਪੰਜਾਬ ਵਿਚ, ਪੰਜਾਬੀ ਬੋਲੀ ਨੂੰ ਲਿਖਤਬੱਧ ਕਰਨ ਲਈ ਚਾਲੂ ਸੀ, ਜਦ ਕਿ ਲੰਡੇ ਕੇਵਲ ਹਿਸਾਬ ਕਿਤਾਬ ਰੱਖਣ ਲਈ ਵਪਾਰੀਆਂ, ਦੁਕਾਨਦਾਰਾਂ ਤੋਂ ਸ਼ਾਹੂਕਾਰਾਂ ਦੀਆਂ ਵਹੀਆਂ ਦਾ ਹੀ ਸ਼ਿੰਗਾਰ ਸਨ। ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਤੀਜੇ ਗੁਰੂ ਅਮਰਦਾਸ ਜੀ ਪਾਸ ਪੁੱਜੀ। ਉਨ੍ਹਾਂ ਨੇ ਵੀ ਆਪਣੀ ਬਾਣੀ ਇਸੇ ਅਰਧ-ਨਾਗਰੀ ਲਿਪੀ ਵਿਚ ਹੀ ਲਿਖੀ। ਜਦ ਉਹ ਸਾਰੀ ਬਾਣੀ ਸ੍ਰੀ ਗੁਰੂ ਅਰਜਨ ਜੀ ਪਾਸ ਪਹੁੰਚੀ ਤਦ ਉਨ੍ਹਾਂ ਨੇ ਆਪਣੀ ਬਾਣੀ, ਗੁਰੂਆਂ ਦੀ ਬਾਣੀ, ਭਗਤਾਂ, ਜੱਟਾਂ ਆਦਿ ਦੀਆਂ ਰਚਨਾਵਾਂ ਨੂੰ, ਜੋ ਗੁਰਮਤਿ ਨਾਲ ਮੇਲ ਖਾਂਦੀ ਸੀ, ਸ੍ਰੀ ਗੁਰੂ ਗ੍ਰੰਥ ਵਿਚ ਸੰਕਲਿਤ ਕਰ ਦਿੱਤਾ। ਇਹ ਸਾਰੀ ਬਾਣੀ ਅਰਧ-ਨਾਗਰੀ (ਗੁਰਮੁਖੀ) ਵਿਚ ਹੀ ਲਿਖੀ ਗਈ ਸੀ। ਗੁਰਮਤ ਵਿਚਾਰਧਾਰਾ ਵਿਚ 'ਗੁਰਮੁਖ' ਸ਼ਬਦ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਉਸ ਵੇਲੇ ਹਰੇਕ ਸਿੱਖ ਨੂੰ ਗੁਰਮੁਖ ਕਿਹਾ ਜਾਂਦਾ ਸੀ, ਕਿਉਂਕਿ ਉਹ ਗੁਰੂਆਂ ਦੇ ਮੁੱਖ ਤੋਂ ਉਚਾਰੀ ਹੋਈ ਬਾਣੀ ਦਾ ਧਾਰਨੀ, ਦ੍ਰਿੜ੍ਹ ਵਿਸ਼ਵਾਸੀ ਤੇ ਸੱਚਾ ਅਮਲ ਕਰਦਾ ਸੀ। ਸੋ ਗੁਰਮੁਖਾਂ ਨੇ ਵੀ ਗੁਰੂਆਂ ਤੋਂ ਅਪਣਾਈ ਗਈ ਲਿਪੀ ਨੂੰ ਹੀ ਆਪਣੇ ਕਾਰ-ਵਿਹਾਰ, ਚਿੱਠੀ-ਪੱਤਰ ਤੇ ਸਾਹਿਤ ਰਚਨਾ ਦਾ ਮਾਧਿਅਮ ਬਣਾ ਲਿਆ। ਗੁਰਮੁਖਾਂ ਵੱਲੋਂ ਵਰਤੀ ਜਾਣ ਵਾਲੀ ਲਿਪੀ ਦਾ ਨਾਮ ਗੁਰਮੁਖੀ ਮਸ਼ਹੂਰ ਹੋ ਗਿਆ, ਜਿਵੇਂ ਨਾਗਰ ਬਾਹਮਣਾਂ ਤੋਂ ਵਰਤੀ ਜਾਣ ਵਾਲੀ ਲਿਪੀ 'ਨਾਗਰੀ' ਹੋ ਗਈ। ਸੋ ਮਤਲਬ ਇਹ ਹੋਇਆ ਕਿ ਗੁਰੂਆਂ ਤੇ ਗੁਰਮੁਖਾਂ ਵਿਚ ਵਰਤੀ ਗਈ ਲਿਪੀ ਗੁਰਮੁਖੀ ਸੀ।

ਸਪਸ਼ਟ ਹੈ ਕਿ ਗੁਰਮੁਖੀ ਦੀ ਘਾੜਤ ਗੁਰੂ ਵਿਅਕਤੀਆਂ ਨੇ ਨਹੀਂ ਕੀਤੀ ਸਗੋਂ ਉਨ੍ਹਾਂ ਤੋਂ ਵੀ ਪਹਿਲਾਂ ਇਹ ਲਿਪੀ ਪੰਜਾਬ ਦੇ ਲੋਕਾਂ ਵਿੱਚ ਪ੍ਰਚੱਲਿਤ ਸੀ। ਭਾਵੇਂ ਕਿ ਇਸ ਦਾ ਵਰਤਮਾਨ ਨਾਮ 'ਗੁਰਮੁਖੀ' ਗੁਰੂ ਸਾਹਿਬਾਨ ਤੋਂ ਪਹਿਲਾਂ ਪ੍ਰਚਲਿਤ ਨਹੀਂ ਸੀ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਪਹਿਲਾਂ ਇਸ ਨੂੰ 'ਅਰਧ-ਨਾਗਰੀ' ਕਿਹਾ ਜਾਂਦਾ ਸੀ। ਗੁਰੂ ਨਾਨਕ ਯੁੱਗ ਵਿੱਚ ਜਦੋਂ ਗੁਰੂ ਸਾਹਿਬਾਨ ਨੂੰ ਗੁਰਬਾਣੀ ਲਿਖਣ ਦੀ ਲੋੜ ਪਈ ਤਾਂ ਗੁਰਬਾਣੀ ਦੀਆਂ ਬਾਰੀਕੀਆਂ ਨੂੰ ਅੰਕਿਤ ਕਰਨ ਦੀ ਸਮਰੱਥਾ ਵਾਲੀ ਲਿਪੀ ਦੀ ਜ਼ਰੂਰਤ ਸੀ। ਹੋ ਸਕਦਾ ਹੈ ਕਿ ਉਸ ਸਮੇਂ ਉਨ੍ਹਾਂ ਨੇ ਪੰਜਾਬ ਦੀਆਂ ਉਸ ਸਮੇਂ ਪ੍ਰਚਲਿਤ ਅਧੂਰੀਆਂ ਲਿਪੀਆਂ ਨੂੰ ਸੋਧ ਕੇ ਅਤੇ ਤਰਤੀਬ ਦੇ ਕੇ ਅਜਿਹੀ ਲਿਪੀ ਬਣਾਈ ਹੋਵੇ। ਸੋ ਇਹ ਕਹਿਣਾ ਸਰਾਸਰ ਗ਼ਲਤ ਹੈ ਕਿ ਗੁਰਮੁਖੀ ਲਿਪੀ ਨੂੰ ਸਿੱਖ ਗੁਰੂਆਂ ਨੇ ਘੜਿਆ ਹੈ।

ਇਸ ਚਰਚਾ ਉਪਰੰਤ ਸਿੱਟਾ ਇਹ ਨਿਕਲਦਾ ਹੈ ਕਿ ਭਾਰਤੀ ਰਿਸ਼ੀਆਂ ਨੇ ਆਪਣੇ ਸਾਹਿਤ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਤੇ ਸਿੰਧ ਵਿੱਚ ਪ੍ਰਚਲਿਤ ਚਿੱਤਰ-ਲਿਪੀ ਤੋਂ ਪ੍ਰਭਾਵਿਤ ਹੋ ਕੇ ਬ੍ਰਹਮੀ ਲਿਪੀ ਦਾ ਨਿਰਮਾਣ ਕੀਤਾ। ਅਸ਼ੋਕ ਦੇ ਵੇਲੇ ਤੱਕ ਬ੍ਰਹਮੀ-ਲਿਪੀ ਵਿੱਚ ਵੱਖ-ਵੱਖ ਖੇਤਰਾਂ ਅਨੁਸਾਰ ਫ਼ਰਕ ਪੈਣੇ ਸ਼ੁਰੂ ਹੋ ਚੁੱਕੇ ਸਨ। ਅੱਖਰਾਂ ਦੀ ਬਣਤਰ ਉੱਤੇ ਇਲਾਕਾਈ ਪ੍ਰਭਾਵ ਕਾਰਨ ਵੱਖ-ਵੱਖ ਖੇਤਰਾਂ ਤੇ ਸਮੇਂ ਦੇ ਅੰਤਰਾਲ ਕਾਰਨ ਬ੍ਰਹਮੀ-ਲਿਪੀ ਅਤੇ ਗੁਪਤ ਕਾਲੀਨ ਲਿਪੀ ਦੇ ਵਿਕਾਸ ਪੜਾਵਾਂ ਵਿੱਚੋਂ ਲੰਘਦੀ ਹੋਈ ਸ਼ਾਰਦਾ, ਕੁਟਿਲ ਤੇ ਨਾਗਰ ਲਿਪੀਆਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਸ ਲਈ ਹੀ ਡਾ. ਤਰਲੋਚਨ ਸਿੰਘ ਬੇਦੀ ਕਹਿੰਦੇ ਹਨ ਕਿ ਜੇਕਰ ਅਸੀਂ ਗੁਰਮੁਖੀ ਲਿਪੀ ਦੇ ਵਿਕਾਸ-ਕ੍ਰਮ ਨੂੰ ਸੰਖਿਪਤ ਰੂਪ ਵਿੱਚ ਦੇਖਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਬ੍ਰਹਮੀ ਲਿਪੀ ਤੋਂ ਕੁਸ਼ਾਨ ਲਿਪੀ ਬਣੀ, ਫਿਰ ਗੁਪਤ ਲਿਪੀ ਵਿਕਸਿਤ ਹੋਈ। ਗੁਪਤ ਲਿਪੀ ਤੋਂ ਫਿਰ ਸ਼ਾਰਦਾ ਲਿਪੀ ਦਾ ਵਿਕਾਸ ਹੋਇਆ। ਇਸ ਸ਼ਾਰਦਾ, ਨਾਗਰੀ ਤੇ ਸਿੱਧ-ਮਾਤਰਿਕਾ ਦੇ ਮਿਸ਼ਰਨ ਤੋਂ ਅਰਧ ਨਾਗਰੀ ਅਤੇ ਅਰਧ ਨਾਗਰੀ ਦੇ ਅੱਖਰ ਹੀ ਗੁਰਮੁਖੀ ਦਾ ਆਧਾਰ ਬਣੇ।

## 2.2 ਗੁਰਮੁਖੀ ਦਾ ਵਿਕਾਸ:

ਆਪਣੇ ਆਰੰਭਿਕ ਸਮੇਂ ਤੋਂ ਲੈ ਕੇ ਅੱਜ ਤੱਕ ਗੁਰਮੁਖੀ ਦੇ ਆਮ ਰੂਪ ਦੀ ਵਰਤੋਂ ਦੇ ਨਿਯਮਾਂ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਪਰ ਕੁਝ ਸ਼ਬਦਾਂ ਤੇ ਲਗਾਂ ਆਦਿ ਦੇ ਰੂਪ ਵਿਚ ਜ਼ਰੂਰ ਅੰਤਰ ਆਇਆ ਹੈ। ਜਿਵੇਂ:

1. ਛਾਪੇਖ਼ਾਨੇ ਦੇ ਆਉਣ ਤੋਂ ਪਹਿਲਾਂ ਔਂਕੜ ਤੇ ਦੁਲੈਂਕੜ ਅੱਖਰ ਦਾ ਨਾਲ ਜੁੜ ਕੇ ਲਿਖੀਆਂ ਜਾਂਦੀਆਂ ਸਨ।
2. ਪੁਰਾਣੀਆਂ ਲਿਖਤਾਂ ਵਿਚ ਟਿੱਪੀ ਤੇ ਬਿੰਦੀ ਵਰਤੋਂ ਦੇ ਨਿਯਮ ਅੱਜ ਵਾਲੇ ਨਹੀਂ ਸਨ।
3. ਫ਼ਾਰਸੀ ਧੁਨੀਆਂ ਨੂੰ ਉਚਾਰਨ ਲਈ ਪੁਰਾਣੇ ਅੱਖਰਾਂ ਹੇਠਾਂ ਬਿੰਦੀ ਲਾ ਕੇ ਬਣਾਏ ਗਏ, ਜਿਵੇਂ /ਸ਼, ਖ਼, ਗ਼, ਜ਼, ਫ਼/ ਦੀ ਵਰਤੋਂ ਸ਼ੁਰੂ ਹੋਈ। ਪਿਛਲੇ ਕੁਝ ਸਾਲਾਂ ਤੋਂ ਇਕ ਹੋਰ ਨਵਾਂ ਅੱਖਰ ਪੈਰ ਬਿੰਦੀ ਵਾਲਾ ਰੂਪ /ਲ਼/ ਵੀ ਵਰਤਿਆ ਜਾਣ ਲੱਗਾ ਹੈ।
4. ਅੰਗਰੇਜ਼ੀ ਰਾਜ ਤੋਂ ਪਹਿਲਾਂ ਦੀਆਂ ਲਿਖਤਾਂ ਵਿਚ ਬੰਦ ਜੁੜੇ ਲਿਖੇ ਹੋਏ ਮਿਲਦੇ ਹਨ। ਸਾਰੀ ਪੰਕਤੀ ਦੀ ਉਤਲੀ ਲਾਈਨ ਇੱਕੋ ਹੀ ਹੁੰਦੀ ਸੀ। ਬੰਦਾਂ ਨੂੰ ਪਦ-ਛੇਦ (ਨਿਖੇੜ) ਕਰਕੇ ਅਰਥਾਤ ਵੱਖ-ਵੱਖ ਤੋੜ ਕੇ, ਲਿਖਣ ਦਾ ਰਿਵਾਜ ਅੰਗਰੇਜ਼ੀ ਰਾਜ ਵਿਚ ਹੀ ਪਿਆ।
5. ਅੰਗਰੇਜ਼ੀ ਰਾਜ ਸਮੇਂ ਤੋਂ ਗੁਰਮੁਖੀ ਵਿਚ ਅੰਗਰੇਜ਼ੀ ਵਾਲੀ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਦੀ ਸ਼ੁਰੂਆਤ ਹੋਈ। ਇਸ ਤੋਂ ਪਹਿਲਾਂ ਸਿਰਫ਼ ਇੱਕੋ ਵਿਸਰਾਮ-ਚਿੰਨ੍ਹ ਵਰਤਿਆ ਜਾਂਦਾ ਸੀ- ਦੋ ਡੰਡੀਆਂ (।।) ਜੋ ਅੰਗਰੇਜ਼ੀ ਦੇ ਫ਼ੁਲ ਸਟਾਪ ਦੀ ਥਾਂ ਲਗਦੀਆਂ ਸਨ।
6. ਫ਼ੁੱਲ ਪ੍ਰਭਾਵ ਹੇਠ ਦੁੱਤ ਕਰਨ ਨੂੰ ਦਿਖਾਉਣ ਲਈ ਅਧਕ ਦੀ ਵਰਤੋਂ ਸ਼ੁਰੂ ਹੋਈ, ਇਸ ਤੋਂ ਪਹਿਲਾਂ ਅਧਕ ਹੋਂਦ ਵਿਚ ਨਹੀਂ ਸੀ ਆਇਆ।

## 3.0 ਗੁਰਮੁਖੀ-ਲਿਪੀ ਦੀਆਂ ਵਿਸ਼ੇਸ਼ਤਾਵਾਂ ਜਾਂ ਗੁਰਮੁਖੀ-ਲਿਪੀ ਪੰਜਾਬੀ ਭਾਸ਼ਾ ਲਈ ਕਿਵੇਂ ਢੁਕਵੀਂ ਲਿਪੀ ਹੈ:

ਭਾਰਤ ਵਿਚ ਕਈ ਲਿਪੀਆਂ ਪ੍ਰਚੱਲਿਤ ਹਨ ਅਤੇ ਉਹ ਵੱਖ-ਵੱਖ ਬੋਲੀਆਂ ਨੂੰ ਲਿਖਣ ਲਈ ਉਪਯੋਗੀ ਹਨ। ਇਸ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਗੁਰਮੁਖੀ-ਲਿਪੀ ਨਾਲ ਜੁੜੀ ਹੋਈ ਹੈ। ਪੰਜਾਬੀ ਭਾਸ਼ਾ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਕਾਰਨ ਗੁਰਮੁਖੀ-ਲਿਪੀ ਦਾ ਵਜੂਦ ਕਾਇਮ ਹੋਇਆ ਅਤੇ ਇਹ ਲਿਪੀ ਪੰਜਾਬੀ-ਭਾਸ਼ਾ ਨੂੰ ਲਿਖਤਬੱਧ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ। ਗੁਰਮੁਖੀ-ਲਿਪੀ ਨੂੰ ਪੰਜਾਬੀ ਭਾਸ਼ਾ ਲਈ ਉਪਯੋਗੀ ਬਣਾਉਣ ਵਾਲੇ ਤੱਤ ਜਾਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਿਮਨ ਲਿਖੀਆਂ ਹਨ:

1. ਪੁਰਾਤਨ ਪੰਜਾਬੀ ਭਾਸ਼ਾ ਉੱਪਰ ਨਜ਼ਰ ਮਾਰੀਏ ਤਦ ਪਤਾ ਚਲਦਾ ਹੈ ਕਿ ਇਸ ਦਾ ਸੋਮਾ ਵੈਦਿਕ ਭਾਸ਼ਾ ਸੀ, ਜਿਸ ਨੂੰ ਲਿਖਤਬੱਧ ਕਰਨ ਦੀ ਲੋੜ ਵਿਚੋਂ ਬ੍ਰਹਮੀ-ਲਿਪੀ ਦੀ ਕਾਢ ਕੱਢੀ ਗਈ। ਇਸ ਵੇਲੇ ਪੁਰਾਤਨ ਪੰਜਾਬੀ ਦੀਆਂ ਲਗਭਗ ਬਵੰਜਾ (52) ਧੁਨੀਆਂ ਸਨ। ਵੈਦਿਕ ਭਾਸ਼ਾ ਜਦ ਵਿਕਾਸ ਦੀਆਂ ਮੰਜ਼ਿਲਾਂ ਨੂੰ ਪਾਰ ਕਰਦੀ ਹੋਈ ਹੁਣ ਵਾਲੇ ਰੂਪ ਪਾਸ ਪਹੁੰਚਦੀ ਹੈ, ਇਸ ਵਿਚ ਕੁਲ ਪੈਂਤੀ ਧੁਨੀਆਂ ਬਾਕੀ ਰਹਿ ਗਈਆਂ। ਇਨ੍ਹਾਂ 35 ਧੁਨੀਆਂ ਨੂੰ ਹੁਣ ਸਮੇਂ ਦੀ ਲੋੜ ਅਨੁਸਾਰ ਵਧਾਕੇ 41 ਕਰ ਦਿੱਤਾ ਗਿਆ ਹੈ।

2. ਗੁਰਮੁਖੀ ਧੁਨੀਆਤਮਕ (phonemic) ਤੇ ਅੱਖਰਾਤਮਕ (syllabic) ਦੋਹਾਂ ਦੀਆਂ ਲਿਪੀਆਂ ਦੇ ਗੁਣ ਰੱਖਦੀ ਹੈ। ਪੰਜਾਬੀ ਭਾਸ਼ਾ ਦੇ 10 ਸਵਰ ਤੇ 29 ਵਿਅੰਜਨਾਂ ਨੂੰ ਗੁਰਮੁਖੀ ਲਿਪੀ ਬਾਖ਼ੂਬੀ ਚਿੰਨ੍ਹਤ ਕਰ ਸਕਦੀ ਹੈ।

3. ਪੰਜਾਬੀ ਵਿਚ ਵਿਦੇਸ਼ੀ ਭਾਸ਼ਾ ਦੀਆਂ ਧੁਨੀਆਂ ਨੂੰ ਪ੍ਰਗਟਾਉਣ ਦੀ ਸਮਰੱਥਾ ਹੈ। ਜਦੋਂ ਪੰਜਾਬ ਵਿਚ ਇਸਲਾਮਿਕ ਰਾਜ ਕਾਇਮ ਹੋ ਗਿਆ, ਤਾਂ ਫ਼ਾਰਸੀ ਤੇ ਅਰਬੀ ਸ਼ਬਦਾਵਲੀ ਦਾ ਤਦਭਵ ਰੂਪਾਂ ਵਿਚ ਪੰਜਾਬੀ ਭਾਸ਼ਾ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਇਨ੍ਹਾਂ ਜ਼ਬਾਨਾਂ ਦੀਆਂ ਕੁਝ ਪ੍ਰਮੁੱਖ ਧੁਨੀਆਂ ਐਸੀਆਂ ਸਨ ਜੋ ਉਸ ਸਮੇਂ ਗੁਰਮੁਖੀ-ਲਿਪੀ ਵਿਚ ਮੌਜੂਦ ਨਹੀਂ ਸਨ। ਇਸ ਘਾਟ ਨੂੰ ਪੂਰਾ ਕਰਨ ਲਈ ਕੁਝ ਗੁਰਮੁਖੀ ਦੇ ਅੱਖਰਾਂ ਪੈਰ੍ਹ ਬਿੰਦੀ ਲਗਾ ਕੇ ਪੂਰਾ ਕਰ ਲਿਆ ਗਿਆ- /ਸ਼, ਖ਼, ਗ਼, ਜ਼, ਫ਼/ ਆਦਿ । ਇਸ ਪ੍ਰਕਾਰ ਗੁਰਮੁਖੀ ਅੱਖਰਾਂ ਦੀ ਸੰਖਿਆ ਚਾਲੀ ਹੋ ਗਈ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਲ' ਦੇ ਪੈਰ੍ਹ ਬਿੰਦੀ ਲਾ ਕੇ 'ਲ਼' ਨਾਲ ਇਹ ਗਿਣਤੀ 41 ਕਰ ਦਿੱਤੀ ਹੈ। ਇਸ ਤਰ੍ਹਾਂ ਗੁਰਮੁਖੀ-ਲਿਪੀ ਪੰਜਾਬੀ-ਭਾਸ਼ਾ ਵਿਚ ਪ੍ਰਵੇਸ਼ ਕਰ ਰਹੀਆਂ ਨਵੀਂਆ ਧੁਨੀਆਂ ਨੂੰ ਪ੍ਰਗਟਾਉਣ ਦੇ ਸਮਰੱਥ ਹੋ ਗਈ ਹੈ।

4. ਪੰਜਾਬੀ ਬੋਲੀ ਦੀਆਂ ਕੁਝ ਧੁਨੀਆਂ ਐਸੀਆਂ ਹਨ ਜਿਨ੍ਹਾਂ ਦੇ ਚਿੰਨ੍ਹ ਜਾਂ ਅੱਖਰ ਤਾਂ ਦੂਜੀਆਂ ਲਿਪੀਆ ਵਿਚ ਮੌਜੂਦ ਹਨ, ਪਰ ਦੂਜੀਆਂ ਲਿਪੀਆਂ ਦੇ ਅੱਖਰ ਇਨ੍ਹਾਂ ਖ਼ਾਸ਼ ਧੁਨੀਆਂ ਦੀਆਂ ਆਵਾਜ਼ਾਂ ਪ੍ਰਗਟ ਕਰਨ ਦੇ ਕਾਬਲ ਨਹੀਂ ਹਨ। ਪੰਜਾਬੀ ਦੀਆਂ ਉਹ ਖ਼ਾਸ ਧੁਨੀਆਂ ਇਹ ਹਨ /ਘ, ਝ, ਧ, ਭ, ਢ/। ਇਨ੍ਹਾਂ ਧੁਨੀਆਂ ਨੂੰ ਕੇਵਲ ਗੁਰਮੁਖੀ ਦੀਆਂ ਹੀ ਧੁਨੀਆਂ ਅਸਲ ਰੂਪ ਵਿਚ ਵਿਅਕਤ ਕਰਨ ਦੇ ਕਾਬਲ ਹਨ, ਹਿੰਦੀ ਜਾਂ ਉਰਦੂ ਦੀਆਂ ਇਹ ਧੁਨੀਆਂ ਬਿਲਕੁਲ ਇਨ੍ਹਾਂ ਆਵਾਜ਼ਾਂ ਨੂੰ ਵਿਅਕਤ ਨਹੀਂ ਕਰ ਸਕਦੀਆਂ, ਜਿਵੇਂ 'ਧੁੱਪ' ਸ਼ਬਦ ਨੂੰ ਹਿੰਦੀ ਧੁਨੀਆਂ ਵਿਚ 'ਦਹੁਪ' ਕਿਹਾ ਜਾਏਗਾ । ਸੋ ਗੁਰਮੁਖੀ ਲਿਪੀ ਦੀ ਇਹ ਖ਼ਾਸ ਖ਼ੂਬੀ ਹੈ ਕਿ ਪੰਜਾਬੀ ਬੋਲੀ ਨੂੰ ਪ੍ਰਗਟ ਕਰਨ ਲਈ ਕੇਵਲ ਗੁਰਮੁਖੀ ਦੇ ਹੀ ਅੱਖਰ ਉਪਯੋਗੀ ਹਨ।

5. ਗੁਰਮੁਖੀ ਅੱਖਰ ਸਮਰੱਥਾਵਾਨ ਹਨ, ਜਿਨ੍ਹਾਂ ਵਿਚ ਦੂਜੀਆਂ ਬੋਲੀਆਂ ਦੇ ਉਚਾਰ ਅਨੁਸਾਰ ਠੀਕ ਢੰਗ ਲਿਖਿਆ ਜਾ ਸਕਦਾ ਹੈ, ਭਾਵੇਂ ਪੰਜਾਬੀ ਬੋਲੀ ਨੂੰ ਹੋਰ ਲਿਪੀਆਂ ਪੂਰੀ ਤਰ੍ਹਾਂ ਵਿਅਕਤ ਨਹੀਂ ਕਰ ਸਕਦੀਆਂ। ਪੰਜਾਬੀ ਬੋਲੀ ਵਿਚ ਕਿਉਂਕਿ /ਧ, ਜ਼, ਋/ ਵਰਗੀਆਂ ਕਈ ਧੁਨੀਆਂ ਨਹੀਂ ਹਨ, ਇਸ ਲਈ ਗੁਰਮੁਖੀ-ਲਿਪੀ ਵਿਚ ਇਸ ਕਿਸਮ ਦਾ ਕੋਈ ਅੱਖਰ ਮੌਜੂਦ ਨਹੀਂ ਹੈ, ਪਰ ਜੇ ਕਿਤੇ ਜ਼ਰੂਰਤ ਪੈ ਜਾਵੇ ਤਦ ਦੋ ਅੱਖਰਾਂ ਦੀ ਸਹਾਇਤਾ ਨਾਲ ਕੰਮ ਸਾਰ ਲਿਆ ਜਾ ਸਕਦਾ ਹੈ, ਜਾਂ ਫੇਰ ਇਸ ਕਿਸਮ ਦੇ ਸ਼ਬਦਾਂ ਨੂੰ ਪੰਜਾਬੀ-ਨੁਮਾ ਬਣਾ ਕੇ ਗੁਰਮੁਖੀ ਅੱਖਰਾਂ ਵਿਚ ਲਿਖ ਲਿਆ ਜਾਂਦਾ ਹੈ।

6. ਪੰਜਾਬੀ ਭਾਸ਼ਾ ਨੂੰ ਕਿਸੇ ਸਮੇਂ ਰੋਮਨ-ਲਿਪੀ ਵਿਚ ਲਿਖਣ ਦੀ ਤਜਬੀਜ਼ ਦਿੱਤੀ ਗਈ ਸੀ। ਅਸੀਂ ਬਹੁਤੀ ਬਾਰ ਅੱਜ ਵੀ ਆਪਣੇ ਪੰਜਾਬੀ-ਭਾਸ਼ਾ ਵਾਲੇ ਮੋਬਾਇਲ ਸੰਦੇਸ਼ ਭੇਜਣ ਲਈ ਰੋਮਨ-ਲਿਪੀ ਦੀ ਵਰਤੋਂ ਕਰਦੇ ਹਾਂ। ਪਰ ਜੇਕਰ ਅਸੀਂ ਗੁਰਮੁਖੀ-ਲਿਪੀ ਦੀ ਰੋਮਨ-ਲਿਪੀ ਨਾਲ ਤੁਲਨਾ ਕਰੀਏ ਤਾਂ ਪਤਾ ਚਲਦਾ ਹੈ ਕਿ ਰੋਮਨ-ਲਿਪੀ ਵਿਚ ਪੰਜ ਸਵਰ ਹਨ ਤੇ ਬਾਕੀ ਇੱਕੀ ਚਿੰਨ੍ਹ ਵਿਅੰਜਨ ਹਨ। ਮਤਲਬ ਪੰਜਾਬੀ ਦੀਆਂ ਪੈਂਤੀ ਧੁਨੀਆਂ ਦੇ ਟਾਕਰੇ ਵਿਚ ਰੋਮਨ-ਲਿਪੀ ਵਿਚ ਕੁੱਲ ਛੱਬੀ ਧੁਨੀਆਂ ਹਨ। ਸੋ ਇਸ ਵਿਚ ਬਹੁਤੇ ਲਿਪੀ ਚਿੰਨ੍ਹ ਐਸੇ ਹਨ ਜਿਨ੍ਹਾਂ ਤੋਂ ਕਈ ਕਈ ਧੁਨੀਆਂ ਦਾ ਗਿਆਨ ਹੁੰਦਾ ਹੈ। ਉਦਾਹਰਨ ਲਈ ਦੇਖੋ 'C' ਤੋਂ 'ਸ' 'ਕ' ਧੁਨੀਆ ਦਾ ਬੋਧ ਹੁੰਦਾ ਹੈ ਜਿਵੇਂ Princes ਵਿਚ 'C' 'ਸ' ਧੁਨੀ ਦੀ

ਪ੍ਰਤੀਕ ਹੈ ਅਤੇ 'Cut' ਕੈਟ ਵਿਚ 'C' 'ਕ' ਧੁਨੀ ਨੂੰ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਹੀ ਜਦੋਂ 'C', 'H' ਨਾਲ ਮਿਲਦੀ ਹੈ ਤਾਂ ਇਹ 'ਚ' ਧੁਨੀ ਦੀ ਆਵਾਜ਼ ਦਾ ਬੋਧ ਕਰਾਉਂਦੀ ਹੈ, 'D' ਧੁਨੀ ਚਿੰਨ੍ਹ ਤੋਂ 'ਡ' ਤੇ 'ਦ' ਤੋਂ 'ਜ' ਧੁਨੀਆਂ ਦਾ ਗਿਆਨ ਹੁੰਦਾ ਹੈ, (G) ਧੁਨੀ ਚਿੰਨ੍ਹ ਤੋਂ 'ਗ' ਤੇ 'ਜ' ਦਾ ਬੋਧ ਹੁੰਦਾ ਹੈ (ਜਿਵੇਂ Gat, Page)। ਇਸ ਤਰ੍ਹਾਂ ਹੀ 'S' 'T' 'U' 'O' ਨਾਲ ਵੀ ਹੁੰਦਾ ਹੈ। ਗੁਰਮੁਖੀ-ਲਿਪੀ ਵਿਚ ਇਸ ਕਿਸਮ ਦਾ ਕੋਈ ਦੋਸ਼ ਨਹੀਂ ਹੈ ਤੇ ਨਾ ਹੀ ਇਹੋ ਜਿਹੀ ਕੋਈ ਘਾਟ ਹੈ।

7. ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਹੈ। ਪਰ ਉੱਥੇ ਪੰਜਾਬੀ ਨੂੰ ਲਿਖਣ ਲਈ ਉਰਦੂ-ਲਿਪੀ/ਸ਼ਾਹਮੁਖੀ-ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਪੰਜਾਬੀ ਉਚਾਰਨ ਵੇਲੇ ਉਰਦੂ-ਲਿਪੀ/ਸ਼ਾਹਮੁਖੀ-ਲਿਪੀ ਵਿਚ ਵੀ ਕਈ ਕਮੀਆਂ ਨਜ਼ਰ ਆ ਜਾਂਦੀਆਂ ਹਨ, ਜਿਵੇਂ ਪੰਜਾਬੀ ਵਿਚ ਇਕ ਸ਼ਬਦ ਹੈ 'ਉਧੋਂ' ਤੇ ਇਹ ਸਦਾ 'ਉਧੋਂ' ਹੀ ਪੜ੍ਹਿਆ ਜਾਵੇਗਾ, ਪਰ ਉਰਦੂ/ਸ਼ਾਹਮੁਖੀ ਅੱਖਰਾਂ ਵਿਚ ਜਦ 'ਉਧੇ' ਲਿਖਿਆ ਜਾਵੇਗਾ ਤਾਂ ਉਹ ਬਹੁਰੂਪੀ ਬਣ ਜਾਂਦਾ ਹੈ। ਇਸ ਸ਼ਬਦ ਨੂੰ -ਓਧਵ, ਔਧਵ, ਊਧਵ, ਉਧੂ, ਔਧੂ, ਓਧ ਤੇ ਐਧੋ- ਪੜ੍ਹਿਆ ਜਾ ਸਕਦਾ ਹੈ, ਪਰ ਨਿਸ਼ਚੇ ਨਾਲ 'ਉਧੋਂ' ਨਹੀਂ ਉਚਾਰਿਆ ਜਾ ਸਕਦਾ ਹੈ। ਇਸ ਘਾਟ ਨੂੰ ਪੰਜਾਬੀ-ਭਾਸ਼ਾ ਲਈ ਗੁਰਮੁਖੀ-ਲਿਪੀ ਹੀ ਪੂਰੀ ਕਰਦੀ ਹੈ। ਇਸ ਦੇ ਨਾਲ ਹੀ ਉਰਦੂ-ਲਿਪੀ ਵਿਚ ਇਕ ਨੁਕਤੇ ਦੀ ਗ਼ਲਤੀ ਨਾਲ ਕਈ ਮੁਸ਼ਕਲਾਂ ਪੈਦਾ ਹੋ ਜਾਂਦੀਆਂ ਹਨ ਅਤੇ ਥੋੜ੍ਹੀ ਜਿਹੀ ਅਸਾਵਧਾਨੀ ਹੋਵੇ ਤਦ 'ਖ਼ੁਦਾ' ਤੋਂ 'ਜੁਦਾ' ਵੀ ਪੜ੍ਹਿਆ ਜਾ ਸਕਦਾ। ਗੁਰਮੁਖੀ-ਲਿਪੀ ਵਧੇਰੇ ਸਪੱਸ਼ਟ ਹੋਣ ਕਰਕੇ ਇਸ ਤਰ੍ਹਾਂ ਦੀਆਂ ਗ਼ਲਤੀਆਂ ਤੋਂ ਮੁਕਤ ਹੈ ਅਤੇ ਇਸ ਦਾ ਗਿਆਨ ਹਾਸਲ ਕਰਨਾ ਅਸਾਨ ਹੈ।

8. ਕਈ ਬਾਰ ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿਚ ਲਿਖਣ ਦੀ ਗੱਲ ਕੀਤੀ ਜਾਂਦੀ ਹੈ, ਪਰ ਇਹ ਗੱਲ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਿਤ ਹੈ। ਭਾਵੇਂ ਕਿ ਦੇਵਨਾਗਰੀ ਲਿਪੀ ਵਿਚ ਅਨਿਸ਼ਚਿਤਤਾ ਜਾਂ ਅਵਿਗਿਆਨਿਕ, ਰੋਮਨ ਲਿਪੀ ਤੋਂ ਉਰਦੂ ਲਿਪੀ ਅਤੇ ਹੋਰ ਲਿਪੀਆਂ ਨਾਲੋਂ ਬਹੁਤ ਹੀ ਘੱਟ ਨਜ਼ਰ ਆਉਂਦੀ ਹੈ। ਪਰ ਦੇਵਨਾਗਰੀ ਵਿਚ 52 ਧੁਨੀਆਂ ਹਨ, ਜੋ ਪੰਜਾਬੀ ਦੀਆਂ 35 ਧੁਨੀਆਂ ਨਾਲੋਂ ਜ਼ਿਆਦਾ ਹਨ ਤੇ ਦੇਵਨਾਗਰੀ ਦੀਆਂ 17 ਧੁਨੀਆਂ ਦੀ ਪੰਜਾਬੀ ਨੂੰ ਜ਼ਰੂਰਤ ਨਹੀਂ ਹੈ। ਜਦੋਂ ਕਿ ਪੰਜਾਬੀ ਦੀਆਂ /ਣ, ਘ, ੜ/ ਧੁਨੀਆਂ ਦੇਵਨਾਗਰੀ ਪ੍ਰਗਟ ਨਹੀਂ ਕਰ ਸਕਦੀ। ਇਸ ਪੰਜਾਬੀ ਦੀਆਂ ਖ਼ਾਸ ਧੁਨੀਆਂ ਹਨ, ਜਿਨ੍ਹਾਂ ਨੂੰ ਗੁਰਮੁਖੀ ਹੀ ਦਰਸਾ ਸਕਦੀ ਹੈ। ਦੇਵਨਾਗਰੀ ਵਿਚ ਹਰੇਕ ਸ਼ਬਦ ਸ਼ੁੱਧ ਰੂਪ ਨਾਲ ਲਿਖਿਆ ਹੀ ਨਹੀਂ ਜਾ ਸਕਦਾ ਹੈ, ਅਸੀਂ ਦੋ ਅੱਖਰ 'ਖ਼'- ਖ- ਤੇ ਅੱਧਾ 'ਰ' –ਰ- ਨੂੰ ਦੇਖ ਸਕਦੇ ਹਾਂ, ਜਿਨ੍ਹਾਂ ਵਿਚ ਗੜਬੜ ਪੈਣ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਅਤੇ 'ਖ਼' ਨੂੰ 'ਰਵ' 'ਰਕ' ਪੜ੍ਹਿਆ ਜਾ ਸਕਦਾ ਹੈ। ਗੁਰਮੁਖੀ ਲਿਪੀ ਇਸ ਦੋਸ਼ ਤੋਂ ਰਹਿਤ ਹੈ, ਉਸ ਦਾ ਕੋਈ ਵਰਨ ਵੀ ਐਸਾ ਨਹੀਂ ਹੈ ਜਿਸ ਵਿਚ ਕਿਸੇ ਪ੍ਰਕਾਰ ਦੀ ਗ਼ਲਤੀ ਲਗ ਸਕੇ। ਦੇਵਨਾਗਰੀ ਦਾ ਦੋਹਰੇਪਨ ਨੂੰ ਅਧਕ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਕ ਲਿਪੀ ਦਾ ਉੱਤਮ ਹੋਣਾ ਨਿਸ਼ਚੇ ਹੀ ਉਸ ਦੀ ਉਪਯੋਗਤਾ, ਸਰਲਤਾ, ਸਾਦਗੀ ਤੇ ਸੁੰਦਰਤਾ ਉੱਪਰ ਆਧਾਰਤ ਹੁੰਦਾ ਹੈ। ਗੁਰਮੁਖੀ-ਲਿਪੀ ਦੀ ਇਹ ਸਭ ਤੋਂ ਵੱਡੀ ਵਿਸ਼ੇਸ਼ਤਾ ਹੀ ਇਹ ਹੈ ਕਿ ਪੰਜਾਬੀ ਬੋਲੀ ਨੂੰ ਸਹੀ ਅਰਥਾਂ ਵਿਚ ਵਿਅਕਤ ਕਰਨ ਲਈ ਪੂਰੀ ਤਰ੍ਹਾਂ ਉਪਯੁਕਤ ਲਿਪੀ ਹੈ। ਪੰਜਾਛਬੀ-ਭਾਸ਼ਾ ਦੂਜੀਆਂ ਲਿਪੀ ਵਿਚ ਲਿਖੀ ਜਾ ਸਕਦੀ ਹੈ। ਪਰ ਦੂਜੀਆਂ ਲਿਪੀਆਂ ਵਿਚ ਲਿਖਣ ਕਾਰਨ ਇਸ ਵਿਚੋਂ ਪੰਜਾਬੀਅਤ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ, ਇਸ ਦਾ ਮੁੱਖ-ਮੁਹਾਂਦਰਾ ਤਬਦੀਲ ਹੋ ਜਾਂਦਾ ਹੈ। ਗੁਰਮੁਖੀ ਅੱਖਰਾਂ ਦੀ ਇਹ

ਵਿਸ਼ੇਸ਼ਤਾ ਹੈ ਕਿ ਉਹ ਪੰਜਾਬੀ ਬੋਲੀ ਨੂੰ ਵਿਗੜਨ ਨਹੀਂ ਦਿੰਦੇ ਅਤੇ ਪੰਜਾਬੀ ਬੋਲੀ ਦੀ ਸ਼ਕਲ, ਸੂਰਤ ਤੇ ਉਚਾਰਨ ਠੀਕ ਠੀਕ ਬਣਿਆ ਰਹਿੰਦਾ ਹੈ ।

**ਅਭਿਆਸ ਲਈ ਪ੍ਰਸ਼ਨ:**

- ਗੁਰਮੁਖੀ ਲਿਪੀ ਦੇ ਜਨਮ ਤੇ ਵਿਕਾਸ ਬਾਰੇ ਵਿਭਿੰਨ ਸਿਧਾਂਤਾਂ ਬਾਰੇ ਤੁਸੀਂ ਕੀ ਜਾਣਦੇ ਹੋ।
- ਗੁਰਮੁਖੀ ਲਿਪੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ, ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ।
- ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਈ ਕਿਸ ਤਰ੍ਹਾਂ ਅਨੁਕੂਲ ਲਿਪੀ ਹੈ?
- ਲਿਪੀ ਕੀ ਹੁੰਦੀ ਹੈ? ਗੁਰਮੁਖੀ ਲਿਪੀ ਦਾ ਆਰੰਭ ਕਿਸ ਤਰ੍ਹਾਂ ਹੋਇਆ?
- ਪੰਜਾਬੀ ਭਾਸ਼ਾ ਨੂੰ ਲਿਖਤ ਬੱਧ ਕਰਨ ਲਈ ਕਿਹੜੀ ਲਿਪੀ ਸਭ ਤੋਂ ਉੱਤਮ ਹੈ?
- ਗੁਰਮੁਖੀ ਲਿਪੀ ਦਾ ਹੋਰਨਾਂ ਲਿਪੀਆਂ ਨਾਲ ਕੀ ਸੰਬੰਧ ਹੈ?

**ਅਧਿਐਨ ਲਈ ਹੋਰ ਪੁਸਤਕਾਂ ਦੀ ਸੂੱਚੀ:**


- ਕਾਲਾ ਸਿੰਘ ਬੇਦੀ, ਲਿਪੀ ਦਾ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995
- ਜੀ.ਬੀ. ਸਿੰਘ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ।
- ਤਰਲੋਚਨ ਸਿੰਘ ਬੇਦੀ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
- ਪ੍ਰੀਤਮ ਸਿੰਘ, ਗੁਰਮੁਖੀ ਲਿਪੀ, ਖੋਜ ਪੱਤ੍ਰਿਕਾ, ਅੰਕ 36, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ–8 | **ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ** |
|---|---|

## ਪਾਠ ਦੀ ਰੂਪ-ਰੇਖਾ


**8.0** ਭੂਮਿਕਾ

**8.1** ਮੰਤਵ

**8.2** ਪੈਰ੍ਹਾ ਰਚਨਾ ਦਾ ਨਮੂਨਾ (Model)

(ੳ) ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)

8.2.1 ਭੂਮਿਕਾ

8.2.2 ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ

8.2.3 ਸਾਰ-ਅੰਸ਼

**8.3** ਪੈਰ੍ਹਾ ਰਚਨਾ ਦਾ ਨਮੂਨਾ (Model)

(ਅ) ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ

8.3.1 ਸਾਡਾ ਵਿੱਦਿਅਕ ਢਾਂਚਾ

8.3.2 ਵਿੱਦਿਆ ਦਾ ਵਪਾਰੀਕਰਨ

8.3.3 ਮਾਂ ਬੋਲੀ ਦਾ ਮਹੱਤਵ

8.3.4 ਪੜ੍ਹਾਈ ਵਿੱਚ ਖੇਡਾਂ ਦੀ ਮਹੱਤਤਾ

8.3.5 ਪ੍ਰੀਖਿਆਵਾਂ ਵਿਚ ਨਕਲ ਦੀ ਸਮੱਸਿਆ

8.3.6 ਵਿਦਿਆਰਥੀਆਂ ਵਿੱਚ ਵਧ ਰਿਹਾ ਨਸ਼ਿਆਂ ਦਾ ਰੁਝਾਨ

**8.4** ਅਭਿਆਸ ਲਈ ਪ੍ਰਸ਼ਨ

**8.5** ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ


---

**8.0 ਭੂਮਿਕਾ:** ਵਿੱਦਿਆ ਦਾ ਕੰਮ ਵਿਦਿਆਰਥੀ ਦੀ ਸੋਚ ਵਿਚ ਤਬਦੀਲੀ ਲਿਆਉਣਾ ਹੁੰਦਾ ਹੈ। ਵਿਦਿਆਰਥੀ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਹੈ। ਉਸ ਨੂੰ ਸਮਾਜਿਕ ਕਦਰਾਂ-ਕੀਮਤਾਂ ਸਿਖਾਉਣਾ, ਮਿਹਨਤ, ਇਮਾਨਦਾਰੀ ਅਤੇ ਚੜ੍ਹਦੀ ਕਲਾ ਦਾ ਪਾਠ ਪੜ੍ਹਾਉਣਾ ਸਿੱਖਿਆ ਦਾ ਕਾਰਜ ਹੈ। ਬੱਚੇ ਵਿਚ ਛੁਪੇ ਗੁਣਾਂ ਨੂੰ ਉਜਾਗਰ ਕਰਨਾ ਹੈ ਅਤੇ ਉਸ ਦੀ ਸੋਚ ਨੂੰ ਉਡਾਰੀਆਂ ਮਾਰਨ ਲਈ ਉਕਸਾਉਣਾ ਹੈ। ਇਹ ਪਾਠ ਵਿਦਿਆਰਥੀਆਂ ਦੀ

ਵਿੱਦਿਅਕ ਵਿਸ਼ਿਆਂ ਬਾਰੇ ਸਮਝ ਬਣਾਉਣ ਅਤੇ ਉਹਨਾਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਸਮਰੱਥ ਬਣਾਉਣ ਦੀ ਭਾਵਨਾ ਹਿਤ ਤਿਆਰ ਕੀਤਾ ਜਾ ਰਿਹਾ ਹੈ।

**8.1 ਪਾਠ ਦਾ ਮੰਤਵ:** ਇਸ ਪਾਠ ਦਾ ਮੰਤਵ ਵਿਦਿਆਰਥੀਆਂ ਦੇ ਗਿਆਨ ਅਤੇ ਸਿਰਜਣਾਤਮਕ ਸ਼ਕਤੀ ਨੂੰ ਵਧਾਉਣਾ ਹੈ। ਦੂਜਾ ਮੰਤਵ ਵਿਦਿਆਰਥੀ ਦੇ ਜੀਵਨ ਨੂੰ ਗਿਆਨ ਦੇ ਚਾਨਣ ਨਾਲ ਰੁਸ਼ਨਾਉਣਾ ਹੈ। ਗਿਆਨ ਰੂਪੀ ਪ੍ਰਕਾਸ਼ ਹੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ। ਅਸਲ ਵਿਚ ਗਿਆਨ ਵਿਕਾਸ ਦੀ ਨੀਂਹ ਹੈ। ਸੋ ਉਪਰੋਕਤ ਮੰਤਵਾਂ ਦੀ ਪੂਰਤੀ ਲਈ ਪੈਰ੍ਹਾ ਰਚਨਾ ਦਾ ਇਹ ਹਿੱਸਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ-ਨਾਲ ਉਹਨਾਂ ਦੀ ਸਿਰਜਣਾਮਕ ਸ਼ਕਤੀ ਅਤੇ ਸਮਰੱਥਾ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਪਾਠ ਦੀ ਮਦਦ ਨਾਲ ਉਹ ਜਿੱਥੇ ਨਵੇਂ ਵਿਸ਼ਿਆਂ ਪ੍ਰਤੀ ਆਪਣੀ ਸਮਝ ਬਣਾ ਸਕਣਗੇ, ਉੱਥੇ ਹੀ ਇਸ ਸਮਝ ਨੂੰ ਪੈਰ੍ਹਾ ਰਚਨਾ ਵਿਚ ਪ੍ਰਗਟ ਕਰਨ ਦੇ ਸਮਰੱਥ ਵੀ ਹੋ ਸਕਣਗੇ।

**8.2 ਪੈਰ੍ਹਾ ਰਚਨਾ ਦਾ ਨਮੂਨਾ (Model)**

**{(ੳ) ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)}:** ਪੈਰ੍ਹਾ ਰਚਨਾ ਦੀ ਰੂਪ-ਰੇਖਾ ਵਿਚ ਸਭ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਭੂਮਿਕਾ ਲਿਖਣੀ ਹੈ, ਫਿਰ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ ਅਤੇ ਲੇਖ ਦੇ ਅੰਤ ਉੱਤੇ ਸਾਰ-ਅੰਸ਼ ਲਿਖਣਾ ਹੈ।

**8.3 ਪੈਰ੍ਹਾ ਰਚਨਾ ਦਾ ਨਮੂਨਾ (Model)**

**{(ਅ) ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ}:** ਪਿਆਰੇ ਵਿਦਿਆਰਥੀਓ ਉਪਰੋਕਤ ਰੂਪ-ਰੇਖਾ ਅਨੁਸਾਰ ਇਸ ਪਾਠ ਵਿਚ ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕੀਤੀ ਗਈ ਹੈ। ਇਸ ਪੈਰ੍ਹਾ ਰਚਨਾ ਦੇ ਮਾਡਲ ਨੂੰ ਧਿਆਨ ਵਿਚ ਰੱਖ ਕੇ ਤੁਸੀਂ ਹੋਰ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕਰਨੀ ਹੈ।

**8.4 ਅਭਿਆਸ ਲਈ ਪ੍ਰਸ਼ਨ:** ਪਾਠ ਦੇ ਅੰਤ ਵਿਚ ਅਭਿਆਸ ਲਈ ਕੁਝ ਪ੍ਰਸ਼ਨ ਦਿੱਤੇ ਗਏ ਹਨ, ਜਿਹਨਾਂ ਦੇ ਉੱਤਰ ਓਪਰੋਕਤ ਰੂਪ-ਰੇਖਾ ਅਨੁਸਾਰ ਤੁਸੀਂ ਆਪ ਤਿਆਰ ਕਰਨੇ ਹਨ।

ਵਿੱਦਿਅਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਮਾਡਲ ਵਜੋਂ ਕੁਝ ਪੈਰ੍ਹਾ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

**8.3.1. ਸਾਡਾ ਵਿੱਦਿਅਕ ਢਾਂਚਾ**

**ਭੂਮਿਕਾ:** ਭਾਰਤ ਦੀ ਵਰਤਮਾਨ ਵਿੱਦਿਆ ਪ੍ਰਣਾਲੀ ਬੁਨਿਆਦੀ ਤੌਰ ਤੇ ਉਹ ਹੀ ਹੈ ਜਿਹੜੀ ਅੰਗਰੇਜਾਂ ਦੇ ਰਾਜ ਵਿੱਚ ਸਾਡੀ ਗੁਲਾਮੀ ਦੇ ਸਮੇਂ ਪ੍ਰਚਲਿਤ ਸੀ। ਇਸ ਵਿੱਦਿਆ ਦਾ ਢਾਂਚਾ ਲਾਰਡ ਮੈਕਾਲੇ ਨੇ ਤਿਆਰ ਕੀਤਾ ਸੀ। ਆਜ਼ਾਦੀ ਤੋਂ ਬਾਅਦ ਵੀ ਏਨੇ ਸਾਲ ਬੀਤ ਜਾਣ ਤੇ ਵੀ ਅਜੇ ਤੱਕ ਅਸੀਂ ਸਾਡੇ ਵਿੱਦਿਅਕ ਢਾਂਚੇ ਵਿਚ ਲੋੜੀਂਦੇ ਸੁਧਾਰ ਨਹੀਂ ਕਰ ਸਕੇ। ਇਸ ਪੈਰ੍ਹਾ ਰਚਨਾ ਵਿਚ ਅਸੀਂ ਸਾਡੇ ਵਿੱਦਿਅਕ ਢਾਂਚੇ ਦੇ ਦੋਸ਼ਾਂ ਦੀ ਚਰਚਾ ਕਰਾਂਗੇ ਜਿਹਨਾਂ ਨੂੰ ਦੂਰ ਕਰਕੇ ਵਿੱਦਿਆ ਦੇ

ਖੇਤਰ ਵਿੱਚ ਚੰਗੇ ਯਤਨ ਕੀਤੇ ਜਾ ਸਕਦੇ ਹਨ। ਇਸ ਲੇਖ ਦਾ ਮੰਤਵ ਸਾਡੇ ਵਿੱਦਿਅਕ ਢਾਂਚੇ ਨਾਲ ਜੁੜੇ ਵੱਖ-ਵੱਖ ਮਸਲਿਆਂ ਬਾਰੇ ਚਰਚਾ ਕਰਨਾ ਹੈ।

**ਅਜੋਕੇ ਸਮੇਂ ਵਿਚ ਸਾਡੇ ਵਿੱਦਿਅਕ ਅਦਾਰੇ:** ਤਕਨਾਲੋਜੀ ਅਤੇ ਮੁਕਾਬਲੇ ਦੇ ਅਜੋਕੇ ਦੌਰ ਵਿਚ ਮਿਆਰੀ ਤੇ ਉਚੇਰੀ ਸਿੱਖਿਆ ਹਾਸਲ ਕਰਨੀ ਬਹੁਤ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਅੱਜ ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ-ਕਾਲਜਾਂ ਵਿਚ ਪੜ੍ਹਨੇ ਪਾਉਣਾ ਲੋਚਦਾ ਹੈ, ਚਾਹੇ ਉਹ ਅਦਾਰੇ ਕਿੰਨੀਆਂ ਹੀ ਮੋਟੀਆਂ ਫੀਸਾਂ ਬਟੋਰ ਰਹੇ ਹੋਣ। ਇਸੇ ਕਾਰਨ ਜਗ੍ਹਾ-ਜਗ੍ਹਾ ਸਕੂਲ-ਕਾਲਜ ਖੁੱਲ੍ਹ ਗਏ ਹਨ। ਸਾਡੇ ਦੇਸ਼ ਅਤੇ ਸੂਬੇ ਵਿਚ ਵਿੱਦਿਅਕ ਅਦਾਰਿਆਂ ਦੀ ਗਿਣਤੀ ਭਾਵੇਂ ਬਹੁਤ ਵਧ ਗਈ ਹੈ, ਪਰ ਸਿੱਖਿਆ ਦਾ ਮਿਆਰ ਉਨਾ ਹੀ ਥੱਲੇ ਡਿੱਗ ਗਿਆ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਆਪਣੇ ਇਕ ਭਾਸ਼ਣ ਵਿਚ ਕਿਹਾ ਸੀ ਕਿ ਭਾਰਤ ਕੋਲ ਬਹੁਤ ਤੇਜ਼ ਦਿਮਾਗ ਵਿਦਿਆਰਥੀ ਅਤੇ ਵਿਸ਼ਵ ਪੱਧਰੀ ਸੰਸਥਾਵਾਂ ਹਨ, ਭਾਰਤ ਦਾ ਸਿੱਖਿਆ ਬੁਨਿਆਦੀ ਢਾਂਚਾ ਸਭ ਤੋਂ ਵੱਡਾ ਹੈ, ਪਰ ਅਜੇ ਤੱਕ ਕੋਈ ਵੀ ਭਾਰਤੀ ਸੰਸਥਾ ਸਿਖ਼ਰਲੇ 200 ਰੈਂਕ ਵਿਚ ਨਹੀਂ ਆਈ ਹੈ।

**ਅੰਗਰੇਜ਼ਾਂ ਦਾ ਤਿਆਰ ਕੀਤਾ ਵਿੱਦਿਅਕ ਢਾਂਚਾ:** ਸਿੱਖਿਆ ਉਹ ਆਧਾਰ ਹੈ ਜਿਸ ਉੱਤੇ ਹਰ ਨਾਗਰਿਕ, ਵਿਅਕਤੀ ਦਾ ਵਿਕਾਸ ਨਿਰਭਰ ਕਰਦਾ ਹੈ। ਮਿਆਰੀ ਸਿੱਖਿਆ ਕਿਸੇ ਵੀ ਸਮਾਜ ਦਾ ਦਰਪਣ ਹੁੰਦੀ ਹੈ। ਅਸਲ ਵਿਚ ਭਾਰਤ ਦਾ ਵਰਤਮਾਨ ਵਿੱਦਿਅਕ ਢਾਂਚਾ ਬੁਨਿਆਦੀ ਤੌਰ ਤੇ ਉਹ ਹੀ ਹੈ ਜਿਹੜੀ ਅੰਗਰੇਜ਼ਾਂ ਦੇ ਸਮੇਂ ਪ੍ਰਚਲਿਤ ਸੀ। ਇਹ ਵਿੱਦਿਆ ਪ੍ਰਣਾਲੀ ਆਜ਼ਾਦ ਭਾਰਤ ਦੇ ਹਲਾਤਾਂ ਦੇ ਬਿਲਕੁਲ ਅਨੁਕੂਲ ਨਹੀਂ ਹੈ। ਅੰਗਰੇਜ਼ਾਂ ਨੇ ਇਹ ਪ੍ਰਣਾਲੀ ਆਪਣੇ ਰਾਜ ਕਾਜ ਨੂੰ ਚਲਾਉਣ ਖਾਤਰ ਭਾਰਤੀ ਲੋਕਾਂ ਵਿਚੋ ਕਲਰਕ ਪੈਦਾ ਕਰਨ ਲਈ ਚਾਲੂ ਕੀਤੀ ਸੀ। ਇਸ ਦੁਆਰਾ ਉਨ੍ਹਾਂ ਦਾ ਮੰਤਵ ਭਾਰਤੀ ਲੋਕਾਂ ਦਾ ਬੌਧਿਕ ਵਿਕਾਸ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦੀ ਜ਼ਿਹਨੀਅਤ ਨੂੰ ਗੁਲਾਮ ਕਰਨਾ ਸੀ, ਪਰ ਕਿੰਨੀ ਮਾੜੀ ਗੱਲ ਹੈ ਕਿ ਅੰਗਰੇਜ਼ਾਂ ਦੇ ਚਲੇ ਜਾਣ ਤੋ ਇੰਨਾਂ ਚਿਰ ਪਿੱਛੋਂ ਵੀ ਭਾਰਤ ਵਿਚ ਇਸੇ ਵਿੱਦਿਆ ਪ੍ਰਣਾਲੀ ਨੂੰ ਹੀ ਚਾਲੂ ਰੱਖਿਆ ਹੋਇਆ ਹੈ। ਇਸ ਕਾਰਨ ਹੀ ਸਾਡੀ ਵਿੱਦਿਆ ਪ੍ਰਣਾਲੀ ਵਿਚ ਅਜੇ ਤੱਕ ਬੁਨਿਆਦੀ ਤੌਰ ਤੇ ਕੋਈ ਸੁਧਾਰ ਨਹੀਂ ਹੋਇਆ।

**ਦੋਸ਼ਪੂਰਨ ਵਿੱਦਿਅਕ ਢਾਂਚਾ:** ਭਾਰਤੀ ਵਿੱਦਿਆ ਦਾ ਢਾਂਚਾ ਲਾਰਡ ਮੈਕਾਲੇ ਨੇ ਤਿਆਰ ਕੀਤਾ ਅਤੇ ਸਦੀਆਂ ਦੀ ਗੁਲਾਮੀ ਪਿੱਛੋਂ ਭਾਰਤ ਨੇ ਰਾਜਨੀਤਿਕ ਆਜ਼ਾਦੀ ਤਾਂ ਪ੍ਰਾਪਤ ਕਰ ਲਈ ਹੈ, ਪਰ ਇਸ ਆਰਥਿਕ, ਪ੍ਰਸ਼ਾਸਨਿਕ ਤੇ ਵਿੱਦਿਅਕ ਢਾਂਚਾ ਉਹੋ ਹੀ ਕਾਇਮ ਹੈ। ਜਿਸ ਕਰਕੇ ਭਾਰਤ ਆਪਣੀ ਆਜ਼ਾਦੀ ਦੇ ਲਗਭਗ ਛੇ ਦਹਾਕੇ ਬੀਤ ਜਾਣ ਮਗਰੋਂ ਵੀ ਉੱਨਤੀ ਤੇ ਖੁਸ਼ਹਾਲੀ ਦੀਆਂ ਲੀਹਾਂ ਤੇ ਨਹੀਂ ਤੁਰ ਸਕਿਆ। ਇਸ ਗਿਰਾਵਟ ਦੇ ਭਾਵੇਂ ਹੋਰ ਬਹੁਤ ਸਾਰੇ ਰਾਜਨੀਤਿਕ ਕਾਰਨ ਵੀ ਹਨ, ਪਰ ਭਾਰਤ ਦਾ ਦੋਸ਼ਪੂਰਨ ਵਿੱਦਿਅਕ ਢਾਂਚਾ ਵੀ ਇਸ ਗਿਰਾਵਟ ਤੇ ਨਿਘਾਰ ਵਿਚ ਪੂਰਾ ਹਿੱਸੇਦਾਰ ਹੈ, ਜਿਸ ਵਿਚ ਤਬਦੀਲੀਆਂ ਦੀ ਫੋਰੀ ਜ਼ਰੂਰਤ ਹੈ।

**ਸਿੱਖਿਆ ਪ੍ਰਣਾਲੀ ਦਾ ਕਾਰੋਬਾਰੀ ਧੰਦਾ ਬਣਨਾ:** ਸਭ ਤੋਂ ਮਾੜੀ ਗੱਲ ਇਹ ਹੈ ਕਿ ਵਰਤਮਾਨ ਸਿੱਖਿਆ ਪ੍ਰਣਾਲੀ ਕਾਰੋਬਾਰ ਦਾ ਧੰਦਾ ਬਣ ਕੇ ਹੀ ਰਹਿ ਗਈ ਹੈ। ਪ੍ਰਾਈਵੇਟ ਸਕੂਲਾਂ ਤੇ ਕਾਲਜਾਂ ਵਿਚ ਇਹ ਨੁਕਸ ਆਮ ਹੀ ਵੇਖਣ ਵਿਚ ਆਉਂਦਾ ਹੈ। ਬਹੁਤੇ ਸਕੂਲਾਂ ਅਤੇ ਕਾਲਜਾਂ ਦੇ ਪ੍ਰੰਬਧਕਾਂ ਦਾ ਮਕਸਦ ਆਲੇ-ਦੁਆਲੇ ਵਿਚ ਵਿੱਦਿਆ ਫੈਲਾਉਣਾ ਨਹੀ, ਸਗੋਂ ਆਪਣੀ ਚੌਧਰ ਨੂੰ ਕਾਇਮ ਰੱਖਣਾ ਤੇ ਅਧਿਆਪਕਾਂ ਦੀਆਂ ਤਨਖਾਹਾਂ ਤੇ ਫੰਡਾਂ ਵਿਚੋਂ ਪੈਸੇ ਖਾਣਾ ਹੈ। ਬਹੁਤ ਸਾਰੀਆਂ ਅਕੈਡਮੀਆਂ, ਪ੍ਰਾਈਵੇਟ ਸਕੂਲ -ਕਾਲਜ ਤੇ ਯੂਨੀਵਰਸਿਟੀਆਂ ਤਾਂ ਨਿਰੀਆਂ ਪੁਰੀਆਂ ਧੋਖੇ ਦੀਆਂ ਦੁਕਾਨਾਂ ਹਨ।

**ਵਿੱਦਿਆ ਦਾ ਦੋਸ਼ਪੂਰਨ ਮਾਧਿਅਮ:** ਵਰਤਮਾਨ ਵਿੱਦਿਆ ਪ੍ਰਣਾਲੀ ਵਿਚ ਇਕ ਦੋਸ਼ ਇਹ ਵੀ ਹੈ ਕਿ ਇਕ ਤਾਂ ਵਿਦਿਆਰਥੀਆਂ ਨੂੰ ਕੁੱਝ ਨਿਸਚਿਤ ਵਿਸ਼ੇ ਹੀ ਪੜ੍ਹਾਏ ਜਾਂਦੇ ਹਨ ਤੇ ਦੂਜਾ ਉਨ੍ਹਾਂ ਨੂੰ ਪੜ੍ਹਾਇਆ ਵੀ ਅੰਗਰੇਜ਼ੀ ਮਾਧਿਅਮ ਦੁਆਰਾ ਜਾਂਦਾ ਹੈ। ਅਸੀਂ ਅੰਗਰੇਜ਼ੀ ਵਿੱਦਿਆ ਦੇ ਖਿਲਾਫ਼ ਨਹੀ ਹਾਂ ਪ੍ਰੰਤੂ ਅਸੀਂ ਅਰਥ ਵਿਗਿਆਨ ਰਾਜਨੀਤੀ ਵਿਗਿਆਨ ਤੇ ਮੋਨਵਿਗਿਆਨ ਆਦਿ ਦੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਦੀ ਬਜਾਏ ਆਪਣੀ ਮਾਤ ਭਾਸ਼ਾ ਨੂੰ ਬਣਾਉਣਾ ਚਾਹੁੰਦੇ ਹਾਂ। ਜਿਨ੍ਹਾਂ ਦੇਸ਼ਾਂ ਵਿਚ ਮਾਤ-ਭਾਸ਼ਾ ਦੁਆਰਾ ਵਿਗਿਆਨ, ਤਕਨੀਕੀ ਵਿਗਿਆਨ, ਮੋਨਵਿਗਿਆਨ ਤੇ ਜੀਵ ਵਿਗਿਆਨ ਆਦਿ ਵਿਸ਼ੇ ਸਿਖਾਏ ਜਾਂਦੇ ਹਨ, ਉਨ੍ਹਾਂ ਦੇਸ਼ਾਂ ਦੇ ਵਿਦਿਆਰਥੀਆਂ ਨੇ ਜੀਵਨ ਵਿਚ ਪ੍ਰਵੇਸ਼ ਕਰਕੇ ਬੜੇ ਮਹਾਨ ਕੰਮ ਕੀਤੇ ਹਨ ਅਤੇ ਨਵੀਆਂ ਕਾਢਾਂ ਤੇ ਉਤਪਾਦਨ ਨਾਲ ਪਿਛਲੇ ਰਿਕਾਰਡ ਮਾਤ ਪਾ ਦਿੱਤੇ ਹਨ।

**ਡਿਗਰੀ ਪ੍ਰਾਪਤ ਕਰਨ ਦਾ ਮੰਤਵ:** ਸਾਡੀ ਵਰਤਮਾਨ ਵਿੱਦਿਆ ਪ੍ਰਣਾਲੀ ਦਾ ਮੰਤਵ ਡਿਗਰੀ ਪ੍ਰਾਪਤ ਕਰਨਾ ਹੀ ਸਮਝਿਆ ਜਾਂਦਾ ਹੈ, ਜੋ ਕਿ ਇਕ ਬਹੁਤ ਵੱਡਾ ਦੋਸ਼ ਹੈ। ਇਨ੍ਹਾਂ ਡਿਗਰੀਆਂ ਨੂੰ ਪ੍ਰਾਪਤ ਕਰਨ ਲਈ ਵਿਦਿਆਰਥੀ ਘਟੀਆਂ ਗਾਈਡਾਂ, ਕੁੰਜੀਆਂ ਪੜ੍ਹ ਕੇ ਤੇ ਪ੍ਰੀਖਿਆ ਹਾਲ ਵਿਚ ਨਾਜਾਇਜ਼ ਢੰਗਾਂ ਦੀ ਵਰਤੋਂ ਕਰਕੇ ਇਮਤਿਹਾਨ ਪਾਸ ਕਰਨ ਦਾ ਯਤਨ ਕਰਦੇ ਹਨ। ਉਹ ਆਪਣੇ ਮਾਨਸਿਕ, ਬੌਧਿਕ ਤੇ ਸਰੀਰਕ ਵਿਕਾਸ ਵਲ ਜਰਾ ਧਿਆਨ ਨਹੀਂ ਦਿੰਦੇ।

**ਵਿੱਦਿਅਕ ਢਾਂਚਾ ਅਤੇ ਸਰਕਾਰ ਦੇ ਯਤਨ:** ਇਸ ਵਿੱਦਿਆ ਪ੍ਰਣਾਲੀ ਦੇ ਨੁਕਸਾਂ ਨੂੰ ਦੂਰ ਕਰਨ ਲਈ ਸਾਡੀ ਸਰਕਾਰ ਨੇ ਬੇਸ਼ਕ ਕੁਝ ਯਤਨ ਕੀਤੇ ਹਨ ਪਰ ਅਜੇ ਇਨ੍ਹਾਂ ਯਤਨਾਂ ਦਾ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਅਸਲ ਵਿਚ ਸਰਕਾਰ ਤੋਂ ਅਜੇ ਤੱਕ ਕੋਈ ਠੋਸ ਵਿੱਦਿਅਕ ਨੀਤੀ ਨਹੀਂ ਬਣਾਈ ਜਾ ਸਕੀ ਸਗੋਂ ਵਰਤਮਾਨ ਸਮੇਂ ਵਿੱਦਿਆ ਨੂੰ ਮਹਿੰਗੀ ਤੇ ਵਿਕਾਊ ਵਸਤੂ ਬਣਾਇਆ ਜਾ ਰਿਹਾ ਹੈ। ਕੁਝ ਸਾਲ ਪਹਿਲਾਂ ਭਾਰਤ ਸਰਕਾਰ ਵੱਲੋਂ ਵਿੱਦਿਆ ਦੇ ਵਰਤਮਾਨ ਢਾਂਚੇ ਵਿਚ ਸੁਧਾਰ ਕਰਨ ਲਈ ਵਿੱਦਿਆ ਦਾ ਨਵਾਂ ਸਿਸਟਮ 10+2+3 ਲਾਗੂ ਕੀਤਾ ਗਿਆ ਜਿਸ ਅਨੁਸਾਰ ਦਸਵੀਂ ਪਾਸ ਕਰਨ ਮਗਰੋਂ ਵਿਦਿਆਰਥੀ ਨੇ 2 ਸਾਲ ਲਈ ਤਕਨੀਕੀ ਵਿੱਦਿਆ ਪ੍ਰਾਪਤ ਕਰਕੇ ਖੇਤ ਜਾਂ ਕਾਰਖ਼ਾਨੇ ਵਿਚ ਕੰਮ ਕਰਨ ਦੇ ਯੋਗ ਬਣਨਾ ਸੀ ਤੇ ਫਿਰ ਜੇਕਰ ਉਹ ਬੀ.ਏ ਪਾਸ ਕਰਨੀ ਚਾਹੰਦਾ ਹੋਵੇ ਤਾਂ ਉਸ ਨੂੰ ਹੋਰ ਤਿੰਨ ਸਾਲ ਕਾਲਜ ਵਿਚ ਲਾਉਣੇ ਪੈਂਦੇ ਸਨ। ਦੇਖਣ ਨੂੰ ਸਰਕਾਰ ਵਲੋਂ ਸਾਹਮਣੇ ਲਿਆਂਦਾ ਇਹ ਸਿਸਟਮ ਭਾਵੇਂ ਬਹੁਤ ਹੀ ਅਗਾਂਹ ਵਧੂ ਕਦਮ ਜਾਪਦਾ ਸੀ ਪਰ ਅਮਲੀ ਰੂਪ ਵਿਚ ਇਹ ਠੁੱਸ ਹੋ ਕੇ ਰਹਿ ਗਿਆ ਹੈ।

**ਸਾਰ-ਅੰਸ਼:** ਇਹ ਗੱਲ ਪੱਕੀ ਹੈ ਕਿ ਜਿੰਨੀ ਦੇਰ ਇਸ ਵਿੱਦਿਆ ਪ੍ਰਣਾਲੀ ਵਿਚੋਂ ਵਰਤਮਾਨ ਦੋਸ਼ਾਂ ਨੂੰ ਦੂਰ ਕਰਨ ਲਈ ਤਕੜੇ ਕਦਮ ਨਹੀ ਚੁੱਕੇ ਜਾਂਦੇ, ਉਨਾਂ ਚਿਰ ਦੇਸ਼ ਦੇ ਭਵਿੱਖ ਨੂੰ ਉਸਾਰਨ ਵਾਲੇ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵਾਧਾ ਨਹੀ ਹੋ ਸਕਦਾ ਤੇ ਨਾ ਉਨ੍ਹਾਂ ਵਿਚ ਨਿਰਾਸ਼ਤਾ ਪੈਦਾ ਕਰਨ ਵਾਲੀ ਬੇਕਾਰੀ ਦੀ ਸਮੱਸਿਆ ਦੂਰ ਹੋ ਸਕਦੀ ਹੈ। ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਕਦਮ ਚੁੱਕੇ, ਜੋ ਕਿ ਵਰਤਮਾਨ ਵਿੱਦਿਆ ਪ੍ਰਣਾਲੀ ਵਿਚ ਪੈਦਾ ਹੋਏ ਦੋਸ਼ਾਂ ਨੂੰ ਦੂਰ ਕਰਨ। ਇਨ੍ਹਾਂ ਦੋਸ਼ਾਂ ਦੇ ਦੂਰ ਹੋਣ ਨਾਲ ਨੌਜਵਾਨਾਂ ਦੀ ਪੜ੍ਹਾਈ ਵਿਚ ਰੁਚੀ ਵਧੇਗੀ ਤੇ ਇਸ ਪ੍ਰਕਾਰ ਕੁਦਰਤੀ ਤੌਰ ਤੇ ਉਨ੍ਹਾਂ ਦਾ ਸਰੀਰਕ, ਮਾਨਸਿਕ ਤੇ ਬੌਧਿਕ ਵਿਕਾਸ ਹੋਵੇਗਾ, ਜੋ ਕਿ ਭਾਰਤ ਦੀ ਨਵ-ਉਸਾਰੀ ਲਈ ਅਤਿਅੰਤ ਜ਼ਰੂਰੀ ਹੈ।

## 8.3.2 ਵਿੱਦਿਆ ਦਾ ਵਪਾਰੀਕਰਨ

**ਭੂਮਿਕਾ:** ਸਿੱਖਿਆ ਦਾ ਅਰਥ ਹੈ ਮਨੁੱਖ ਨੂੰ ਸਿੱਖਿਅਤ ਕਰਨਾ। ਸਿੱਖਿਆ ਹੀ ਮਨੁੱਖ ਨੂੰ ਵਰਤਮਾਨ ਸਥਿਤੀਆਂ ਅਨੁਸਾਰ ਢਾਲਦੀ ਹੈ। ਸਿੱਖਿਆ ਵਿਅਕਤੀ ਨੂੰ ਜੀਵਨ ਜਾਂਚ ਸਿਖਾਉਂਦੀ ਹੈ। ਸਿੱਖਿਆ ਵਿਅਕਤੀ ਨੂੰ ਰੋਜ਼ੀ-ਰੋਟੀ ਕਮਾਉਣ ਦੇ ਕਾਬਲ ਬਣਾਉਂਦੀ ਹੈ। ਸਿੱਖਿਆ ਦਾ ਉਦੇਸ਼ ਹੀ ਮਨੁੱਖ ਤੇ ਸਮਾਜ ਦਾ ਪੂਰਨ ਵਿਕਾਸ ਕਰਨਾ ਹੈ। ਸਿੱਖਿਆ ਹੀ ਮਨੁੱਖ ਦੇ ਚਰਿੱਤਰ ਦਾ ਨਿਰਮਾਣ ਕਰਦੀ ਹੈ। ਸਹੀ ਸਿੱਖਿਆ ਵਿਅਕਤੀ ਦਾ ਸਰਬਪੱਖੀ ਵਿਕਾਸ ਕਰਦੀ ਹੈ। ਪਰ ਅਜੋਕੇ ਸਮੇਂ ਵਿਚ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ। ਹੁਣ ਸਿੱਖਿਆ ਦਾ ਉਦੇਸ਼ ਸਮਾਜ ਨੂੰ ਸਿੱਖਿਅਤ ਕਰਨਾ ਨਹੀਂ ਰਿਹਾ ਸਗੋਂ ਨੋਟ ਛਾਪਣ ਦੀ ਮਸ਼ੀਨ ਲਗਾਉਣ ਵਰਗਾ ਹੋ ਗਿਆ ਹੈ। ਕਿਸੇ ਸਮੇਂ ਵਿੱਦਿਆ ਦਾ ਉਦੇਸ਼ ਸਮਾਜ ਉੱਤੇ ਪਰਉਪਕਾਰ ਕਰਨਾ ਸੀ, ਤਾਂ ਹੀ ਸਿੱਖਿਆ ਨੂੰ 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ' ਕਿਹਾ ਜਾਂਦਾ ਸੀ। ਹੁਣ ਤਾਂ ਨਿੱਤ ਦਿਹਾੜੇ ਬਣਦੀਆਂ ਨਵੀਆਂ ਸਿੱਖਿਆ ਨੀਤੀਆਂ ਕਾਰਨ ਵਿੱਦਿਆ ਵਿਚਾਰੀ ਤਾਂ ਸਿਰਫ਼ ਮੁਨਾਫ਼ਾ ਕਮਾਉਣ ਦਾ ਸਾਧਨ ਬਣ ਕੇ ਰਹਿ ਗਈ ਹੈ। ਇਸ ਲੇਖ ਦਾ ਮੰਤਵ ਵਿੱਦਿਆ ਦੇ ਵਪਾਰੀਕਰਨ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਕਰਨਾ ਹੈ।

**ਸਿੱਖਿਆ ਦਾ ਨਿੱਜੀਕਰਨ ਅਤੇ ਲੋਕਾਂ ਦਾ ਰੁਝਾਨ:** ਆਮ ਮਾਪੇ ਵੀ ਅਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਬਜਾਏ ਨਿਜੀ ਸਕੂਲਾਂ ਵਿਚ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ। ਸਿੱਖਿਆ ਦਾ ਏਨਾ ਵਪਾਰੀਕਰਨ ਹੋ ਗਿਆ ਹੈ ਕਿ ਮਾਪੇ ਤਨਖ਼ਾਹ ਮਿਲਣ ਤੇ ਘਰ ਦਾ ਰਾਸ਼ਨ ਖ਼ਰੀਦਣ ਤੋਂ ਪਹਿਲਾਂ ਸਕੂਲ ਦੀ ਫ਼ੀਸ ਦਾ ਫ਼ਿਕਰ ਕਰਨ ਲੱਗ ਪੈਂਦੇ ਹਨ। ਮਾਪਿਆਂ ਦਾ ਉਦੇਸ਼ ਬੱਚੇ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਉਣਾ ਹੁੰਦਾ ਹੈ। ਹਰ ਮਾਤਾ-ਪਿਤਾ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਵਧੀਆ ਸਕੂਲਾਂ ਵਿਚ ਪੜ੍ਹ-ਲਿਖ ਕੇ ਉੱਚੇ ਅਹੁਦਿਆਂ ’ਤੇ ਬੈਠਣ। ਇਸ ਸੁਪਨੇ ਨੂੰ ਪੂਰਾ ਕਰਨ ਲਈ ਉਹ ਸਰਕਾਰੀ ਸਕੂਲਾਂ ਦੀ ਬਜਾਏ ਨਿਜੀ ਸਕੂਲਾਂ ਵਿਚ ਬੱਚਾ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਨ੍ਹਾਂ ਸਕੂਲਾਂ ਵਿਚ ਸਰਕਾਰੀ ਸਕੂਲਾਂ ਨਾਲੋਂ ਪੜ੍ਹਾਈ ਵਧੀਆ ਕਰਵਾਈ ਜਾਂਦੀ ਹੈ ਪਰ ਉਨ੍ਹਾਂ ਦੇ ਸੁਪਨੇ ਉਦੋਂ ਚੂਰ-ਚੂਰ ਹੋਣ ਲਗਦੇ ਹਨ ਜਦੋਂ ਉਨ੍ਹਾਂ ਦੀ ਮਿਹਨਤ ਦੀ ਕਮਾਈ ਨੂੰ ਪ੍ਰਾਈਵੇਟ ਸਕੂਲਾਂ ਵਾਲੇ ਹੜੱਪਣ ਲਗਦੇ ਹਨ।

**ਸਿੱਖਿਆ ਦਾ ਅਧਿਕਾਰ ਐਕਟ:** ਸਿੱਖਿਆ ਦਾ ਅਧਿਕਾਰ ਐਕਟ 2009 ਅਨੁਸਾਰ ਹਰ ਬੱਚੇ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਸੰਵਿਧਾਨਿਕ ਹੱਕ ਪ੍ਰਾਪਤ ਹੈ ਪਰ ਨਿਜੀ ਸਕੂਲ ਸਮਾਜ ਦੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਦਾਖ਼ਲਾ ਦੇ ਕੇ ਰਾਜ਼ੀ ਨਹੀਂ ਹਨ, ਜਦਕਿ ਐਕਟ ਦੀ ਧਾਰਾ 12 ਅਧੀਨ ਗ਼ਰੀਬ ਬੱਚਿਆਂ ਨੂੰ ਦਾਖ਼ਲਾ ਦੇਣ ਵਾਸਤੇ ਸੰਸਥਾਵਾਂ ਨੂੰ ਉਪਬੰਧ ਬਣਾਉਂਦੀ ਹੈ ਪਰ ਅਜਿਹਾ ਨਾ ਕਰ ਕੇ ਨਿੱਜੀ ਸੰਸਥਾਵਾਂ ਵਾਲੇ ਕਾਨੂੰਨ ਦੀ ਸਿੱਧੀ ਉਲੰਘਣਾ ਕਰਦੇ ਹਨ। ਇਸ ਤੋਂ ਇਲਾਵਾ ਐਕਟ ਦੀ ਧਾਰਾ 13 ਅਨੁਸਾਰ ਬੱਚੇ ਦੇ ਦਾਖ਼ਲੇ ਸਮੇਂ ਕੋਈ ਵੀ ਸਕੂਲ ਕੈਪੀਟੇਸ਼ਨ ਫ਼ੀਸ ਵਸੂਲ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਵਾਲੇ ਹਰ ਸਾਲ ਮੁੜ ਦਾਖ਼ਲਾ ਫ਼ੀਸ ਦੇ ਨਾਂ ’ਤੇ ਕਰੋੜਾਂ ਰੁਪਏ ਇਕੱਠਾ ਕਰਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ।

**ਵਿੱਦਿਆ ਦਾ ਮੰਡੀ ਦੀ ਚੀਜ ਬਣਨਾ:** ਅੱਜ ਵਿੱਦਿਆ ਮੰਡੀ ਦੀ ਚੀਜ਼ ਬਣਦੀ ਜਾ ਰਹੀ ਹੈ। ਇਸ ਨੂੰ ਵਪਾਰ ਅਤੇ ਮੁਨਾਫ਼ਾ ਕਮਾਉਣਾ ਦਾ ਇਕ ਸਾਧਨ ਸਮਝਿਆ ਜਾਣ ਲੱਗਾ ਹੈ। ਅੱਜ ਦੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਇਸ ਨੂੰ ਇਕ ਵਸਤੂ ਬਣਾ ਕੇ ਵੇਚ ਰਹੀਆਂ ਹਨ ਅਤੇ ਖ਼ਰੀਦਦਾਰ ਨੌਕਰੀ ਅਤੇ ਆਪਣੇ ਭਵਿੱਖ ਦੀ ਆਰਥਿਕ ਸੁਰੱਖਿਆ

ਸਮਝਦੇ ਹੋਏ ਇਸ ਨੂੰ ਖ਼ਰੀਦ ਰਹੇ ਹਨ। ਜਦਕਿ ਵਿੱਦਿਆ ਵੇਚੀ ਜਾਣ ਵਾਲੀ ਵਸਤੂ ਨਹੀਂ ਤੇ ਨਾ ਹੀ ਕੇਵਲ ਇਸ ਨੂੰ ਹੀ ਨੌਕਰੀ ਤੇ ਆਰਥਿਕ ਸੁਰੱਖਿਆ ਦਾ ਆਧਾਰ ਸਮਝਣਾ ਚਾਹੀਦਾ ਹੈ। ਇਹ ਮਨੁੱਖ ਦਾ ਮਾਨਸਿਕ, ਆਤਮਿਕ, ਨੈਤਿਕ, ਤੇ ਸਮਾਜਿਕ ਵਿਕਾਸ ਕਰਨ ਵਾਲੀ ਚੀਜ਼ ਹੈ।

**ਸਿੱਖਿਆ ਦਾ ਵਪਾਰੀਕਰਨ ਅਤੇ ਲੁੱਟ:** ਸਿੱਖਿਆ ਦੇ ਖੇਤਰ ਵਿਚ ਸਰਕਾਰਾਂ ਵਲੋਂ ਨਿੱਜੀਕਰਨ ਅਤੇ ਵਪਾਰੀਕਰਨ ਦੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਇਹ ਸਮੱਸਿਆ ਅਮਨ ਕਾਨੂੰਨ ਲਈ ਵੀ ਇੱਕ ਚੁਣੌਤੀ ਬਣਦੀ ਜਾ ਰਹੀ ਹੈ। ਸਿੱਖਿਆ ਵਰਗੀ ਮੁੱਢਲੀ ਸਹੂਲਤ ਵੀ ਲਗਭਗ 70 ਫ਼ੀਸਦੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਸਿੱਖਿਆ ਨੂੰ ਪ੍ਰਾਪਤ ਕਰਨਾ ਲੋਕਾਂ ਦਾ ਸੰਵਿਧਾਨਕ ਹੱਕ ਹੈ ਪਰ ਸਿੱਖਿਆ ਦਾ ਨਿੱਜੀਕਰਨ ਹੋਣ ਕਾਰਨ ਗ਼ਰੀਬ ਲੋਕ ਅਪਣੇ ਬੱਚਿਆਂ ਨੂੰ ਪੜ੍ਹਾਉਣ ਤੋਂ ਅਸਮਰੱਥ ਹੋ ਗਏ ਹਨ। ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ ਵੱਲੋਂ ਅੰਨ੍ਹੇਵਾਹ ਫ਼ੀਸ ਵਧਾਉਣ ਕਾਰਨ ਵਿੱਦਿਆ ਆਮ ਲੋਕਾਂ ਦੀ ਪਹੁੰਚ ਵਿੱਚੋਂ ਬਾਹਰ ਹੁੰਦੀ ਜਾ ਰਹੀ ਹੈ। ਹਰ ਨਵੇਂ ਸੈਸ਼ਨ ਦੌਰਾਨ ਨਿਜੀ ਸਕੂਲਾਂ ਵਲੋਂ ਫ਼ੀਸਾਂ ਵਧਾਉਣ ਵੇਲੇ ਨਿਯਮਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਨਿੱਜੀ ਕੋਚਿੰਗ ਸੰਸਥਾਵਾਂ ਸਮੱਸਿਆ ਨੂੰ ਹੋਰ ਵੀ ਵਧਾ ਦਿੰਦੀਆਂ ਹਨ। ਇਹ ਸਾਡੇ ਬੱਚਿਆਂ ਅਤੇ ਨੌਜਵਾਨਾਂ ਦੀ ਭਾਵਨਾਤਮਕ ਸਿਹਤ ਦੇ ਹੋ ਰਹੇ ਵੱਡੇ ਨੁਕਸਾਨ ਲਈ ਜ਼ਿੰਮੇਵਾਰ ਹਨ।

**ਵਿੱਦਿਅਕ ਵਪਾਰੀਕਰਨ ਦਾ ਪਸਾਰ:** ਪਿਛਲੇ ਵੀਹ ਕੁ ਸਾਲਾਂ ਤੋਂ ਸ਼ੁਰੂ ਹੋਏ ਵਿਸ਼ਵੀਕਰਨ ਦੇ ਦੌਰ ਵਿਚ ਸਾਡੀਆਂ ਸਰਕਾਰਾਂ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਵਿੱਦਿਆ ਦੇਣ ਦੀ ਆਪਣੀ ਜ਼ਿੰਮੇਵਾਰੀ ਜਿਸ ਪ੍ਰਤੀ ਉਹ ਪਹਿਲਾਂ ਹੀ ਉਦਾਸੀਨ ਸਨ, ਤੋਂ ਬਿਲਕੁਲ ਹੀ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਫ਼ਲਸਰੂਪ ਸਕੂਲਾਂ, ਕਾਲਜਾਂ ਨੂੰ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਹੌਲੀ -ਹੌਲੀ ਬੰਦ ਕਰਨੀਆਂ ਤੇ ਨਾਲ ਹੀ ਰਿਟਾਇਰਮੈਂਟ ਦੀ ਸਿੱਟੇ ਵਜੋਂ ਖਾਲੀ ਹੋਈਆਂ ਆਸਾਮੀਆਂ ਨੂੰ ਭਰਨ ਲਈ ਨਵੇਂ ਅਧਿਆਪਕਾਂ ਤੇ ਪ੍ਰਾਅਧਿਆਪਕਾਂ ਦੀਆਂ ਨਿਯੁਕਤੀਆਂ ਉੱਤੇ ਪਾਬੰਦੀ ਲਾ ਦਿੱਤੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਸਕੂਲ ਦੀਆਂ ਇਮਾਰਤਾਂ, ਫ਼ਰਨੀਚਰ, ਪ੍ਰਯੋਗਸ਼ਾਲਾਵਾਂ ਤੇ ਹੋਰ ਜ਼ਰੂਰੀ ਸਮਾਨ ਦੀ ਪੂਰਤੀ ਵੱਲ ਧਿਆਨ ਦੇਣਾ ਬੰਦ ਕਰ ਦਿੱਤਾ ਹੈ ਪਰ ਨਾਲ ਹੀ ਪ੍ਰਾਈਵੇਟ ਸੰਸਥਾਵਾਂ ਤੇ ਵਿੱਦਿਅਕ ਕਮੇਟੀਆਂ ਨੂੰ ਸਿਆਸੀ ਤੇ ਰਾਜਨੀਤਕ ਭਾਈਵਾਲੀ ਨਾਲ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ ਸਕੂਲ, ਮੈਡੀਕਲ ਤੇ ਇੰਜੀਨੀਅਰਿੰਗ ਕਾਲਜ ਖੋਲ੍ਹਣ ਲਈ ਸਹੂਲਤਾਂ ਤੇ ਹੋਰ ਉਤਸ਼ਾਹ ਦੇਣਾ ਸ਼ੁਰੂ ਕਰ ਦਿੱਤਾ। ਇਸ ਕੰਮ ਲਈ ਉਹਨਾਂ ਨੂੰ ਸਸਤੇ ਭਾਅ ਜ਼ਮੀਨਾਂ ਦਿੱਤੀਆਂ ਤੇ ਹੋਰ ਸਹੂਲਤਾਂ ਵੀ ਪ੍ਰਦਾਨ ਕੀਤੀਆਂ।

**ਸਾਰ-ਅੰਸ਼:** ਸਿੱਖਿਆ ਦੇ ਖੇਤਰ ਵਿਚ ਸਰਕਾਰਾਂ ਵਲੋਂ ਨਿੱਜੀਕਰਨ ਅਤੇ ਵਪਾਰੀਕਰਨ ਦੀਆਂ ਅਪਣਾਈਆਂ ਗਈਆਂ ਨੀਤੀਆਂ ਕਾਰਨ ਵਿਦਿਆਰਥੀਆਂ ਅਤੇ ਆਮ ਲੋਕਾਂ ਵਿਚ ਰੋਸ ਹੈ। ਅਜਿਹੀ ਸਥਿਤੀ ਨੂੰ ਦੇਖ ਕੇ ਦੇਸ਼ ਦੇ ਸਾਰੇ ਬੁੱਧੀਜੀਵੀ ਅਤੇ ਸਿੱਖਿਆ-ਸ਼ਾਸਤਰੀ ਵਿੱਦਿਆ ਦੇ ਵਪਾਰੀਕਰਨ ਉੱਤੇ ਪੂਰਨ ਪਾਂਬਦੀ ਦੀ ਮੰਗ ਕਰਦੇ ਹੋਏ ਇਕ ਅੰਦੋਲਨ ਚਲਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿੱਦਿਅਕ ਖੇਤਰ ਵਿਚ ਨਿੱਜੀ ਖੇਤਰ ਦਖ਼ਲਅੰਦਾਜ਼ੀ ਪੈਸਾ ਕਮਾਉਣ ਲਈ ਨਹੀ ਹੋਣੀ ਚਾਹੀਦੀ ਤੇ ਨਾ ਨਿੱਜੀ ਖੇਤਰ ਨੂੰ ਹੀ ਹਰ ਸਮੱਸਿਆ ਦਾ ਹੱਲ ਕਰਨ ਵਾਲਾ ਸਮਝਣਾ ਚਾਹੀਦਾ ਹੈ। ਨਿੱਜੀ ਖੇਤਰ ਵਿੱਦਿਆ ਨੂੰ ਕੇਵਲ ਨੌਕਰੀ ਅਤੇ ਕਾਰਪੋਰੇਟ ਸੈਕਟਰ ਦੇ ਮੁਨਾਫ਼ੇ ਜੋਗੀ ਹੀ ਬਣਾ ਰਿਹਾ ਹੈ। ਜਿਸ ਕਰਕੇ ਸਾਹਿਤ, ਕਲਾ, ਫਿਲਾਸਫ਼ੀ, ਮਾਤ-ਭਾਸ਼ਾ, ਧਾਰਮਿਕ, ਨੈਤਿਕ ਵਿੱਦਿਆ ਅਤੇ ਸਮਾਜ-ਸ਼ਾਸਤਰ ਅਣਗੌਲੇ ਰਹਿ ਰਹੇ ਹਨ। ਵਿੱਦਿਅਕ ਮਾਹਿਰਾਂ ਦੀ ਕਹਿਣਾ ਹੈ ਕਿ ਵਪਾਰੀਕਰਨ ਨਾਲ ਅਧਿਆਪਕਾਂ ਦਾ ਸ਼ੋਸਣ ਵਧੇਗਾ ਤੇ ਉਨ੍ਹਾਂ ਦੀ ਪੜ੍ਹਾਉਣ ਦੀ ਰੁਚੀ

ਘਟੇਗੀ, ਫਲਸਰੂਪ ਵਿੱਦਿਆ ਦਾ ਮਿਆਰ ਡਿੱਗੇਗਾ। ਵਿੱਦਿਆ ਦਾ ਵਿਕਾਸ ਇਕ ਪਾਸੜ ਨਹੀਂ, ਸਗੋਂ ਸਮੱਗਰਤਾ ਵਾਲਾ ਹੋਣਾ ਚਾਹੀਦਾ ਹੈ। ਜਿਸ ਨਾਲ ਬੱਚਿਆਂ ਤੇ ਨੌਜਵਾਨਾਂ ਦਾ ਬਹੁਪੱਖੀ ਵਿਕਾਸ ਯਕੀਨੀ ਹੋ ਸਕੇ, ਇਸ ਕਰਕੇ ਵਿੱਦਿਆ ਦਾ ਵਪਾਰੀਕਰਨ ਰੋਕਣਾ ਅਤੇ ਇਸ ਨੂੰ ਨਿੱਜੀ ਮੁਨਾਫ਼ੇ ਲਈ ਵਰਤਣ ਦੀ ਥਾਂ ਸਮੁੱਚੀ ਮਨੁੱਖਤਾ ਦੇ ਲਾਭ ਤੇ ਵਿਕਾਸ ਲਈ ਵਰਤਣਾ ਚਾਹੀਦਾ ਹੈ।

### 8.3.3 ਮਾਂ ਬੋਲੀ ਦਾ ਮਹੱਤਵ

**ਭੂਮਿਕਾ**: ਮਾਂ ਬੋਲੀ ਉਹ ਭਾਸ਼ਾ ਹੁੰਦੀ ਹੈ ਜਿਸ ਨੂੰ ਇਨਸਾਨ ਜਨਮ ਤੋਂ ਸਿੱਖਦਾ ਹੈ ਜਾਂ ਜਿਸ ਨੂੰ ਇਨਸਾਨ ਆਪਣੀ ਮਾਂ ਤੋਂ ਸਿੱਖਦਾ ਹੈ। ਮਾਂ ਬੋਲੀ ਕਿਸੇ ਖ਼ਾਸ ਲੋਕ-ਸਮੂਹ ਦੀ ਬੋਲੀ ਨੂੰ ਵੀ ਕਿਹਾ ਜਾਂਦਾ ਹੈ। ਕਦੇ-ਕਦੇ, "ਮਾਤ ਭਾਸ਼ਾ" ਜਾਂ "ਮਾਂ ਦੀ ਭਾਸ਼ਾ" ਦੀ ਵਰਤੋਂ ਉਸ ਭਾਸ਼ਾ ਲਈ ਕੀਤੀ ਜਾਂਦੀ ਹੈ ਜੋ ਇੱਕ ਵਿਅਕਤੀ ਨੇ ਘਰ ਵਿੱਚ ਬੱਚੇ (ਆਮ ਤੌਰ ਤੇ ਆਪਣੇ ਮਾਤਾ-ਪਿਤਾ ਤੋਂ) ਦੇ ਤੌਰ ਤੇ ਸਿੱਖੀ ਹੁੰਦੀ ਹੈ। ਮਾਂ ਬੋਲੀ ਸਮਾਜ ਦੀ ਭਾਸ਼ਾ ਹੁੰਦੀ ਹੈ ਜੋ ਉਹ ਆਪਣੇ ਆਲੇ ਦੁਆਲੇ ਤੋਂ ਸੁਭਾਵਿਕ ਤੌਰ ਤੇ ਸਿੱਖਦਾ ਹੈ। ਇਹ ਕਿਸੇ ਇਨਸਾਨ ਦੀ ਨਿੱਜੀ, ਸਮਾਜਿਕ ਅਤੇ ਸੱਭਿਆਚਾਰਕ ਪਛਾਣ ਹੁੰਦੀ ਹੈ। ਮਾਂ ਬੋਲੀ ਕਿਸੇ ਦੀ ਸਿੱਖਿਆ ਦਾ ਹਿੱਸਾ ਹੀ ਨਹੀਂ ਸਗੋਂ ਚਾਰੇ ਪਾਸੇ ਤੋਂ ਉਸ ’ਤੇ ਭਾਰੂ ਹੁੰਦੀ ਹੈ। ਮਨੁੱਖੀ ਸਮਾਜਾਂ ਦੀ ਚੇਤਨਾ ਦੀ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਰਾਹੀਂ ਹੀ ਵਧੇਰੇ ਪਨਪਦੀਆਂ ਹਨ। ਮਾਤ ਭਾਸ਼ਾ ਰਾਹੀਂ ਹੀ ਮਨੁੱਖ ਆਪਣੇ ਕੌਮੀ ਇਤਿਹਾਸ ਤੇ ਮਿਥਿਹਾਸ ਤੋਂ ਜਾਣੂੰ ਹੁੰਦਾ ਹੈ। ਮਾਤ ਭਾਸ਼ਾ ਹੀ ਬੱਚੇ ਨੂੰ ਆਪਣੇ ਘਰ, ਪਰਿਵਾਰ, ਭਾਈਚਾਰੇ ਅਤੇ ਮੁਲਕ/ਕੌਮ ਨਾਲ ਜੋੜਦੀ ਹੈ। ਮਾਂ ਦੀ ਤਰ੍ਹਾਂ ਹੀ ਮਾਂ-ਬੋਲੀ ਵੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੈ। ਇਸ ਲੇਖ ਦਾ ਮੰਤਵ ਮਾਂ ਬੋਲੀ ਦੇ ਮਹੱਤਵ ਨਾਲ ਜੁੜੇ ਵੱਖ-ਵੱਖ ਮਸਲਿਆਂ ਬਾਰੇ ਚਰਚਾ ਕਰਨਾ ਹੈ।

**ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜਾ** : ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜਾ ਹਰ ਸਾਲ 21 ਫ਼ਰਵਰੀ ਨੂੰ ਭਾਸ਼ਾਈ ਅਤੇ ਸੱਭਿਆਚਾਰਿਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣ ਲਈ ਮਨਾਇਆ ਜਾਂਦਾ ਹੈ। ਯੂਨੈਸਕੋ ਦੁਆਰਾ 17 ਨਵੰਬਰ 1999 ਨੂੰ ਇਹ ਦਿਹਾੜਾ ਮਨਾਉਣ ਬਾਰੇ ਫ਼ੈਸਲਾ ਕੀਤਾ ਗਿਆ। ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜਾ ਫ਼ਰਵਰੀ 2000 ਤੋਂ ਬਾਅਦ ਹਰ ਸਾਲ ਮਨਾਇਆ ਜਾਂਦਾ ਹੈ। ਇਹ ਦਿਨ 1952 ਦੀ 21 ਫ਼ਰਵਰੀ ਦੀ ਪ੍ਰਤਿਨਿਧਤਾ ਕਰਦਾ ਹੈ ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀ ਉਸ ਸਮੇਂ ਦੇ ਪਾਕਿਸਤਾਨ ਵਿੱਚ ਉਰਦੂ ਤੋਂ ਬਿਨਾਂ ਬੰਗਾਲੀ ਨੂੰ ਵੀ ਇੱਕ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਮੁਜਾਹਰਾ ਕਰ ਰਹੇ ਸਨ ਅਤੇ ਇਹਨਾਂ ਨੂੰ ਪੁਲਿਸ ਦੁਆਰਾ ਗੋਲੀਆਂ ਚਲਾਕੇ ਢਾਕਾ (ਹੁਣ ਬੰਗਲਾਦੇਸ਼) ਵਿਖੇ ਮਾਰ ਦਿੱਤਾ ਗਿਆ। ਉਹਨਾਂ ਵਿਦਿਆਰਥੀਆਂ ਦੀ ਸ਼ਹਾਦਤ ਵਾਲਾ ਦਿਨ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ।

**ਮਾਤ-ਭਾਸ਼ਾ ਮਨੁੱਖ ਦੀ ਪਛਾਣ**: ਅਸਲ ਵਿੱਚ ਮਾਤ-ਭਾਸ਼ਾ ਮਨੁੱਖ ਦੀ ਪਛਾਣ ਹੈ, ਉਸ ਦੀ ਹੋਂਦ ਅਤੇ ਉਸ ਦੇ ਜਿਉਂਦੇ ਰਹਿਣ ਦੀ ਗਵਾਹੀ ਹੈ। ਜਿਸ ਭਾਸ਼ਾ ਰਾਹੀਂ ਸਾਡੀ ਸੋਚਣੀ ਗਤੀਸ਼ੀਲ ਹੁੰਦੀ ਹੈ ਅਤੇ ਜਿਸ ਭਾਸ਼ਾ ਵਿੱਚ ਅਸੀਂ ਸੁਪਨੇ ਲੈਂਦੇ ਹਾਂ, ਉਹ ਹੀ ਮੂਲ ਰੂਪ ਵਿੱਚ ਸਾਡੀ ਮਾਤ-ਭਾਸ਼ਾ ਹੈ। ਇਹੋ ਮਾਤ-ਭਾਸ਼ਾ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ

ਨਾਲ ਉਸ ਦੇ ਨਾਲ ਵਿਚਰਦੀ ਹੈ। ਹਰ ਮਨੁੱਖ ਮਾਤ-ਭਾਸ਼ਾ ਵਿੱਚ ਹੀ ਆਪਣੇ ਅਤਿ ਸੂਖ਼ਮ, ਮੁੱਢਲੇ, ਹਾਰਦਿਕ ਵਲਵਲਿਆਂ ਜਜ਼ਬਾਤਾਂ ਅਤੇ ਅਹਿਸਾਸਾਂ ਦਾ ਪ੍ਰਗਟਾਵਾ ਕਰਦਾ ਹੈ।

**ਸਹਿਜ ਸੁਭਵਿਕਤਾ-** ਸਹਿਜ ਸੁਭਾਵਿਕਤਾ ਮਾਂ ਬੋਲੀ ਦਾ ਵਿਸ਼ੇਸ਼ ਗੁਣ ਹੈ। ਆਪਣੀ ਬੋਲੀ ਵਿਚ ਬੋਲਣ ਸਮੇਂ ਕਿਸੇ ਉਚੇਚ ਦੀ ਲੋੜ ਨਹੀਂ ਪੈਦੀ, ਹਰ ਗੱਲ ਸਹਿਜ-ਸਭਾਵਿਕ ਢੰਗ ਨਾਲ ਕੀਤੀ ਜਾ ਸਕਦੀ ਹੈ। ਮਾਂ- ਬੋਲੀ ਦੇ ਇਸੇ ਗੁਣ ਕਰਕੇ ਹੀ ਫਰਨਵੀਸ ਨੇ ਬਹੁਤੀਆਂ ਬੋਲੀਆਂ ਦੇ ਜਾਣਕਾਰ ਇਕ ਵਿਦਵਾਨ ਦੀ ਮਾਂ ਬੋਲੀ ਪਛਾਣ ਲਈ ਸੀ। ਉਸ ਨੇ ਉਸ ਉੱਪਰ ਉਦੋਂ ਪਾਣੀ ਦਾ ਬਾਲਟੀ ਪਾ ਦਿੱਤੀ, ਜਦੋਂ ਉਹ ਸੁੱਤਾ ਪਿਆ ਸੀ । ਉਹ ਵਿਦਵਾਨ ਅੱਭੜਵਾਹੇ ਉੱਠ ਕੇ ਬੋਲਿਆ, ਹਾਈ ਮਾਂ ਮੇਰੀ ਗਾਇਓ। ਨਾਨਾ ਸਾਹਿਬ ਇਕ ਦਮ ਕਹਿਣ ਲੱਗੇ, ਤੇਰੀ ਮਾਂ-ਬੋਲੀ ਗੁਜਰਾਤੀ ਹੈ।

**ਪੰਜਾਬ ਰਾਜ ਭਾਸ਼ਾ ਐਕਟ 1967:** ਪੰਜਾਬ ਰਾਜ ਪੁਨਰਗਠਨ ਤੋਂ ਬਾਅਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ, ਜਿਸ ਅਨੁਸਾਰ ਸਰਕਾਰ ਦੇ ਸਾਰੇ ਦਫ਼ਤਰਾਂ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜ਼ਰੂਰੀ ਹੈ। 5 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ, ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼, ਰਾਜ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜ਼ਰੂਰੀ ਹੈ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ।

**ਪੰਜਾਬ ਰਾਜ ਭਾਸ਼ਾ ਐਕਟ ਦੇ ਨਿਯਮ ਅਤੇ ਦੰਡ:** ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਨ੍ਹਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਨ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ਹੈ? ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਅੱਜ ਤੱਕ ਇਸ ਐਕਟ ਤਹਿਤ ਸਜ਼ਾ ਨਹੀਂ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਐਕਟ ਕੇਵਲ ਕਾਗਜ਼ੀ ਹੀ ਹੈ। ਹਾਲਾਤ ਇੱਥੋਂ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ-ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ।

**ਮਾਂ-ਬੋਲੀ ਦਾ ਮਹੱਤਵ:** ਮਾਂ-ਬੋਲੀ ਬੱਚੇ ਦੇ ਜਨਮ ਦੇ ਨਾਲ ਹੀ ਉਸ ਦੇ ਕੰਨੀਂ ਪੈਣੀ ਆਰੰਭ ਹੋ ਜਾਂਦੀ ਹੈ ਤੇ ਉਹ ਸਭ ਤੋਂ ਪਹਿਲਾ ਇਸੇ ਵਿਚ ਹੀ ਆਪਣੇ ਭਾਵ ਪ੍ਰਗਟ ਕਰਨੇ ਆਰੰਭ ਕਰਦਾ ਹੈ। ਮਾਤ-ਭਾਸ਼ਾ ਵਿਚ ਦਿੱਤੀ ਸਿੱਖਿਆ ਹੀ ਉਸ ਨੂੰ ਛੇਤੀ ਤੇ ਸੌਖੀ ਸਮਝ ਆਉਦੀ ਹੈ। ਆਪਣੀ ਬੋਲੀ ਬਿਨਾਂ ਕਿਸੇ ਉਚੇਚ ਜਾਂ ਜ਼ੋਰ ਦੇ ਬੋਲੀ ਜਾ ਸਕਦੀ ਹੈ ਤੇ ਇਸ ਵਿਚ ਸਭ ਕੁੱਝ ਸੌਖਿਆਂ ਹੀ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ, ਸਹਿਜ ਸੁਭਾਵਿਕਤਾ ਮਾਂ-ਬੋਲੀ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਮਾਂ ਬੋਲੀ ਬੋਲਦਾ ਮਨੁੱਖ ਇਹ ਅਨੁਭਵ ਕਰਦਾ ਹੈ ਕਿ ਉਹ ਸੱਚ ਬੋਲ ਰਿਹਾ ਹੈ।

**ਸਾਰ ਅੰਸ਼:** ਜੇਕਰ ਹੋਰਨਾਂ ਦੇਸ਼ਾਂ ਸੂਬਿਆਂ ਤੇ ਇਲਾਕਿਆਂ ਦੇ ਲੋਕ ਆਪਣੀ-ਆਪਣੀ ਬੋਲੀ ਨੂੰ ਮਾਣ ਦੇ ਸਕਦੇ ਹਨ, ਤਾਂ ਸਾਨੂੰ ਵੀ ਆਪਣੀ ਮਾਂ ਬੋਲੀ ਨੂੰ ਪੂਰਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ। ਸਾਨੂੰ ਹੋਰਨਾਂ ਬੋਲੀਆਂ ਦਾ ਵੀ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਉਨ੍ਹਾਂ ਨੂੰ ਮਾਂ-ਬੋਲੀ ਦੀ ਥਾਂ ਨਹੀ ਦੇਣੀ ਚਾਹੀਦੀ। ਇੱਥੇ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਟੈਗੋਰ ਵਾਂਗ ਸਾਰੇ ਬੰਗਾਲੀ ਆਪਣੀ ਮਾਂ-ਬੋਲੀ ਨੂੰ ਬੇਹੱਦ ਪਿਆਰ ਕਰਦੇ ਹਨ। ਉਨ੍ਹਾਂ ਦੇ ਘਰਾਂ ਦੇ ਬਾਹਰ ਨਾਂ ਦੀ

ਤਖ਼ਤੀ, ਅਖ਼ਬਾਰ ਤੇ ਬੋਲੀ ਦੁਕਾਨਾਂ ਦੇ ਬੋਰਡ ਬੰਗਾਲੀ ਵਿਚ ਹੀ ਲਿਖੇ ਹੁੰਦੇ ਹਨ ਪਰ ਬਹੁਤੇ ਪੰਜਾਬੀਆਂ ਵਿਚ ਇਹ ਗੱਲ ਉਲਟੀ ਹੈ ਤੇ ਉਹ ਮਾੜੀ ਮੋਟੀ ਅੰਗਰੇਜ਼ੀ ਪੜ੍ਹ ਕੇ ਪੂਰੇ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਦੇ ਹਨ। ਅਸਲ ਵਿਚ ਇਹ ਲੋਕ ਹੀਣ-ਭਾਵਨਾ ਦੇ ਸ਼ਿਕਾਰ ਹੁੰਦੇ ਹਨ। ਇਸ ਤਰ੍ਹਾਂ ਉਹ ਆਪਣੀ ਮਾਂ-ਬੋਲੀ ਤੇ ਸੱਭਿਆਚਾਰ ਨੂੰ ਛੱਡ ਦਿੰਦੇ ਹਨ ਪਰ ਓਪਰੀ ਬੋਲੀ ਤੇ ਓਪਰੇ ਸਭਿਆਚਾਰ ਨੂੰ ਪੂਰੀ ਤਰ੍ਹਾਂ ਅਪਨਾ ਨਹੀਂ ਸਕਦੇ।

### 8.3.4 ਪੜ੍ਹਾਈ ਵਿੱਚ ਖੇਡਾਂ ਦੀ ਮਹੱਤਤਾ

**ਭੂਮਿਕਾ**: ਵਿਦਿਆਰਥੀ ਜੀਵਨ ਵਿਚ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਦਾ ਆਪਣਾ ਮਹੱਤਵਪੂਰਨ ਸਥਾਨ ਹੈ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਦਿਆਰਥੀ ਜੀਵਨ ਦਾ ਮਹੱਤਵਪੂਰਣ ਹਿੱਸਾ ਹੁੰਦੀਆਂ ਹਨ। ਖੇਡਾਂ ਅਤੇ ਪੜ੍ਹਾਈ ਮਨੁੱਖ ਦੇ ਸਰੀਰਕ ਵਿਕਾਸ ਅਤੇ ਸਰੀਰ ਦੀ ਅਰੋਗਤਾ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਸਰੀਰਕ ਤੰਦਰੁਸਤੀ ਨਾਲ ਵਿਦਿਆਰਥੀ ਬੌਧਿਕ ਤੌਰ ’ਤੇ ਵੀ ਵਿਕਸਤ ਹੁੰਦਾ ਹੈ। ਖੇਡਾਂ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ-ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਇਸ ਲੇਖ ਦਾ ਮੰਤਵ ਪੜ੍ਹਾਈ ਵਿਚ ਖੇਡਾਂ ਦੀ ਮਹੱਤਤਾ ਦੀ ਚਰਚਾ ਕਰਨਾ ਹੈ।

**ਨਰੋਏ ਸਰੀਰ ਵਿਚ ਨਰੋਇਆ ਦਿਮਾਗ**: ਖੇਡਾਂ ਵਿਦਿਆਰਥੀ ਜੀਵਨ ਦਾ ਅਨਿੱਖੜਵਾਂ ਅੰਗ ਹਨ। ਹਰ ਵਿਦਿਆਰਥੀ ਕੋਈ ਨਾ ਕੋਈ ਖੇਡ ਖੇਡਣਾ ਪਸੰਦ ਕਰਦਾ ਹੈ। ਇਸ ਕਾਰਨ ਹੁਣ ਖੇਡਾਂ ਨੂੰ ਸਕੂਲਾਂ ਵਿਚ ਪੜ੍ਹਾਈ ਦਾ ਖ਼ਾਸ ਭਾਗ ਬਣਾਇਆ ਗਿਆ ਹੈ। ਮਹਾਤਮਾ ਗਾਂਧੀ ਜੀ ਨੇ ਠੀਕ ਹੀ ਆਖਿਆ ਹੈ ਕਿ 'ਨਰੋਏ ਸਰੀਰ ਵਿਚ ਨਰੋਇਆ ਦਿਮਾਗ ਹੁੰਦਾ ਹੈ।' ਜੇ ਸਰੀਰ ਅਰੋਗ ਹੈ ਤਾਂ ਦਿਮਾਗ਼ ਵੀ ਚੁਸਤ-ਦਰੁਸਤ ਰਹਿੰਦਾ ਹੈ । ਨਿਰੇ ਕਿਤਾਬੀ ਕੀੜੇ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਹਿੱਸਾ ਲੈਣ। ਖੇਡਾਂ ਮਨ ਵਿੱਚ ਟਿਕਾਅ ਤੇ ਇਕਾਗਰਤਾ ਪੈਦਾ ਕਰਦੀਆਂ ਹਨ। ਖੇਡਾਂ ਨਾਲ ਅਨੁਸ਼ਾਸਨ ਅਤੇ ਭਾਈਚਾਰੇ ਦੀ ਭਾਵਨਾ ਵੀ ਵਧਦੀ ਹੈ। ਇਹ ਜਿੱਤ-ਹਾਰ ਦਾ ਸਾਹਮਣਾ ਕਰਨ ਦੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ।

**ਖੇਡਾਂ ਦੀ ਮਹਾਨਤਾ**: ਖੇਡਾਂ ਦੀ ਮਨੁੱਖੀ ਜੀਵਨ ਵਿੱਚ ਬੜੀ ਮਹਾਨਤਾ ਹੈ। ਇਹ ਦਿਨ ਭਰ ਦੇ ਦਿਮਾਗੀ ਤੇ ਸਰੀਰਕ ਥਕੇਵੇਂ ਨੂੰ ਦੂਰ ਕਰਦੀਆਂ ਹਨ। ਖੇਡਾਂ ਖੇਡਣ ਨਾਲ ਸਰੀਰ ਵਿੱਚ ਤਾਜ਼ਗੀ ਤੇ ਫੁਰਤੀ ਪੈਦਾ ਹੁੰਦੀ ਹੈ। ਸੰਸਾਰ ਦੇ ਉੱਨਤ ਦੇਸ਼ ਖੇਡਾਂ ਦੀ ਮਹਾਨਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਕਾਰਨ ਹਰ ਦੇਸ਼ ਵਿੱਚ ਵਧੀਆ ਖਿਡਾਰੀਆਂ ਦੀਆਂ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ ਤੇ ਮੁਕਾਬਲੇ ਕਰਵਾਏ ਜਾਂਦੇ ਹਨ। ਓਲੰਪਿਕ ਖੇਡਾਂ ਵਿੱਚ ਸੰਸਾਰ ਭਰ ਦੇ ਪ੍ਰਸਿੱਧ ਖਿਡਾਰੀ ਆਪਣੀਆਂ ਖੇਡਾਂ ਰਾਹੀਂ ਤਮਗੇ ਹਾਸਲ ਕਰਦੇ ਹਨ।

**ਦਿਲ-ਪਰਚਾਵੇ ਦਾ ਸਾਧਨ**: ਖੇਡਾਂ ਦਿਲਪ੍ਰਚਾਵੇ ਦਾ ਵੀ ਇੱਕ ਵਧੀਆ ਸਾਧਨ ਹਨ । ਇਨ੍ਹਾਂ ਨਾਲ ਮਨ ਖੁਸ਼ੀ ਮਹਿਸੂਸ ਕਰਦਾ ਹੈ । ਜਿਹੜਾ ਵਿਦਿਆਰਥੀ ਖੇਡਾਂ ਖੇਡਣ ਦਾ ਸ਼ੌਕੀਨ ਹੁੰਦਾ ਹੈ , ਉਸ ਦਾ ਵਿਹਾਰ ਬਾਕੀ ਬੱਚਿਆਂ ਨਾਲੋਂ ਕਿਤੇ ਚੰਗਾ ਹੁੰਦਾ ਹੈ । ਕਈ ਖਿਡਾਰੀ ਤਾਂ ਆਪਣੇ ਵਿਦਿਆਰਥੀ ਜੀਵਨ ਵਿੱਚ ਹੀ ਉੱਚੀਆਂ ਮੱਲਾਂ ਮਾਰ ਲੈਂਦੇ ਹਨ । ਉਹ

ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਤੱਕ ਦੇ ਖਿਡਾਰੀ ਬਣ ਜਾਂਦੇ ਹਨ, ਜੀਵਨ ਵਿੱਚ ਉੱਚਾ ਨਾਂ ਤੇ ਪ੍ਰਸਿੱਧੀ ਹਾਸਲ ਕਰਦੇ ਹਨ। ਅਸੀਂ ਵੇਖ ਸਕਦੇ ਹਾਂ ਕਿ ਕਈ ਚੰਗੇ ਖਿਡਾਰੀ ਵੱਡੇ ਅਹੁਦਿਆਂ 'ਤੇ ਨੌਕਰੀਆਂ ਵੀ ਕਰ ਰਹੇ ਹਨ।

**ਖੇਡਾਂ ਅਤੇ ਵਿਕਸਿਤ ਕੌਮਾਂ ਦਾ ਸੰਬੰਧ**: ਅਸੀ ਦੇਖਦੇ ਹੈ ਕਿ ਜਿਨ੍ਹਾਂ ਕੌਮਾਂ ਦੇ ਨਾਗਰਿਕ ਸਰੀਰਕ ਤੌਰ ਤੇ ਤੁੰਦਰਸਤ ਤੇ ਦਿਮਾਗੀ ਤੌਰ ਤੇ ਯੋਗ ਹਨ, ਉਨ੍ਹਾਂ ਨੇ ਬਾਕੀਆਂ ਦੇ ਮੁਕਾਬਲੇ ਬੇਮਿਸਾਲ ਤਰੱਕੀ ਕੀਤੀ ਹੈ। ਸੰਸਾਰ ਪੱਧਰ ਉੱਤੇ ਉਨ੍ਹਾਂ ਦਾ ਦਬਦਬਾ ਕਾਇਮ ਹੋਇਆ ਹੈ। ਇਹ ਸਭ ਇਸੇ ਕਾਰਨ ਹੀ ਸੰਭਵ ਹੋਇਆ ਹੈ ਕਿ ਇਨ੍ਹਾਂ ਰਾਸ਼ਟਰਾਂ ਜਾਂ ਕੌਮਾਂ ਨੇ ਹੋਰ ਸਭ ਖੇਤਰਾਂ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵੱਲ ਸਮੇਂ ਸਮੇਂ 'ਤੇ ਪੂਰਾ ਧਿਆਨ ਦਿੱਤਾ ਹੈ।

**ਦਿਮਾਗੀ ਆਰੋਗਤਾ**: ਖੇਡਾਂ ਜਿਥੇ ਮਨੁੱਖ ਸਰੀਰ ਨੂੰ ਤਾਕਤ ਤੇ ਰੋਗ ਮੁਕਤ ਕਰਦੀਆਂ ਹਨ ਉੱਥੇ ਹੀ ਵਿਹਲੇ ਸਮੇਂ ਦੀ ਸਦ ਵਰਤੋਂ ਖੇਡਾਂ ਖੇਡਣ ਵਜੋਂ ਕੀਤੀ ਜਾਵੇ ਤਾਂ ਦਿਮਾਗੀ ਸਮਰੱਥਾ, ਯੋਗਤਾ ਤੇ ਚੁਸਤੀ ਵਿਚ ਵੀ ਵਾਧਾ ਹੁੰਦਾ ਹੈ। ਇਸ ਨਾਲ ਜਿੱਥੇ ਪੜ੍ਹਿਆ ਹੋਇਆ ਛੇਤੀ ਯਾਦ ਹੋ ਜਾਂਦਾ ਹੈ ਉੱਥੇ ਹੀ ਨਵਾਂ ਜਾਣਨ ਦੀ ਚਾਹ ਹਰ ਸਮੇਂ ਪੈਦਾ ਹੁੰਦੀ ਰਹਿੰਦੀ ਹੈ। ਇਸ ਨਾਲ ਜਿਥੇ ਯਾਦ ਸ਼ਕਤੀ ਵਿਕਸਿਤ ਹੁੰਦੀ ਹੈ। ਉਥੇ ਹੀ ਵਿਦਿਆਰਥੀਆਂ ਵਿਚ ਤਰਕ ਅਤੇ ਕਲਪਨਾ ਯੋਗਤਾ ਦਾ ਵੀ ਵਿਕਾਸ ਹੁੰਦਾ ਹੈ।

**ਸੁੰਤਲਿਤ ਜੀਵਨ ਲਈ ਸਹਾਇਕ:** ਖੇਡਾਂ ਦੇ ਜਿੱਥੇ ਸਰੀਰਕ ਤੇ ਦਿਮਾਗੀ ਤੰਦਰੁਸਤੀ ਲਈ ਲਾਭ ਹਨ ਉੱਥੇ ਹੀ ਖੇਡਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਅੱਗੇ ਆਉਣ ਵਾਲੀਆਂ ਔਕੜਾਂ, ਉਲਝਣਾਂ ਤੇ ਮੁਸੀਬਤਾਂ ਵਿਚ ਵੀ ਅਡੋਲ ਟਿਕੇ ਰਹਿਣ ਤੇ ਸੰਤੁਲਣ ਬਣਾਈ ਰੱਖਣ ਲਈ ਸਹਾਇਕ ਸਾਬਤ ਹੁੰਦੀਆਂ ਹਨ। ਖੇਡਾਂ ਦੌਰਾਨ ਜਿਥੇ ਮੁਕਾਬਲੇ ਦੀ ਭਾਵਨਾ ਭਾਰੂ ਹੁੰਦੀ ਹੈ, ਵਿਦਿਆਰਥੀ ਜਿੱਤਣ ਲਈ ਕਰੜੀ ਮੁਸ਼ੱਕਤ ਕਰਦੇ ਹਨ ਉੱਥੇ ਹੀ ਉਹਨਾਂ ਵਿਚ ਅਗਲੇਰੀ ਜ਼ਿੰਦਗੀ ਵਿਚ ਵੀ ਮਿਹਨਤ ਨੂੰ ਉਤਸ਼ਾਹਿਤ ਕਰਦੀ ਹੈ। ਹਾਰ ਜਾਣ ਤੋਂ ਬਾਅਦ ਮਾਯੂਸ ਨਾ ਹੋ ਕੇ ਅਗਲੇ ਮੁਕਾਬਲੇ ਦੀ ਲਈ ਤਿਆਰੀ ਜ਼ਿੰਦਗੀ ਦੀਆਂ ਅਸਫ਼ਲਤਾਵਾਂ ਤੋਂ ਡਰਨ ਦੀ ਬਜਾਇ ਸਫ਼ਲ ਹੋਣ ਲਈ ਦ੍ਰਿੜ ਨਿਸਚਾ ਪੈਦਾ ਕਰਦੀ ਹੈ।

**ਅਨੁਸ਼ਾਸ਼ਨ ਅਤੇ ਚੰਗੇ ਆਚਰਨ ਦੀ ਉਸਾਰੀ:** ਖੇਡਾਂ ਅਨੁਸ਼ਾਸ਼ਨ ਅਤੇ ਚੰਗੇ ਆਚਰਨ ਦੀ ਉਸਾਰੀ ਵਿਚ ਬਹੁਤ ਅਹਿਮ ਰੋਲ ਅਦਾ ਕਰਦੀਆਂ ਹਨ। ਅੱਜ-ਕੱਲ੍ਹ ਬਾਹਰੀ ਜਾਂ ਜਬਰੀ ਤੇ ਧੱਕੇ ਨਾਲ ਅਨੁਸ਼ਾਸ਼ਨ ਸਿਖਾਏ ਜਾਣ ਦੀ ਬਜਾਇ ਅੰਦਰੂਨੀ ਤੇ ਸਵੈ ਅਨੁਸ਼ਾਸ਼ਨ ਤੇ ਜ਼ੋਰ ਦਿੱਤਾ ਜਾਂਦਾ ਹੈ। ਅਜਿਹਾ ਅਨੁਸ਼ਾਸ਼ਨ ਬਿਨਾਂ ਸ਼ੱਕ ਖੇਡਣ ਦੌਰਾਨ ਪੈਦਾ ਹੁੰਦਾ ਹੈ। ਜਦੋਂ ਵਿਦਿਆਰਥੀ ਰਲ-ਮਿਲ ਕੇ ਖੇਡਦੇ ਹਨ ਤਾਂ ਜਿੱਥੇ ਉਹਨਾਂ ਵਿਚ ਭਾਈਚਾਰੇ ਦੇ ਗੁਣ ਪੈਦਾ ਹੁੰਦੇ ਹਨ ਉੱਥੇ ਹੀ ਦੂਜਿਆਂ ਨੂੰ ਸਹਿਯੋਗ ਦੇਣਾ ਤੇ ਲੈਣਾ, ਲੋੜ ,ਸਮੇਂ ਹਰ ਸੰਭਵ ਸਹਾਇਤਾ ਦੇਣੀ, ਸਮੇਂ ਦੀ ਪਾਬੰਦੀ, ਖੇਡ ਦੇ ਨਿਯਮਾਂ ਦੀ ਪਾਲਣਾ, ਰੈਫਰੀ ਤੇ ਕਪਤਾਨ ਦਾ ਹੁਕਮ ਮੰਨਣ, ਹੁੜਦੰਗ ਜਾਂ ਲੜਾਈ ਝਗੜਾ ਨਾ ਕਰਨ ਵਰਗੇ ਅਨੁਸ਼ਾਸ਼ਨੀ ਗੁਣ ਸਹਿਜੇ ਹੀ ਜੀਵਨ ਦਾ ਅੰਗ ਬਣ ਜਾਂਦੇ ਹਨ।

**ਮੁਕਾਬਲੇ ਦੀ ਭਾਵਨਾ ਅਤੇ ਉਤਸ਼ਾਹ:** ਖੇਡਾਂ ਵਿਦਿਆਰਥੀਆਂ ਵਿਚ ਜਿੱਥੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੀਆਂ ਹਨ ਉੱਥੇ ਉਹਨਾਂ ਦੀ ਨਿਰਸ ਜ਼ਿੰਦਗੀ ਵਿਚ ਉਤਸ਼ਾਹ ਵੀ ਭਰਦੀਆਂ ਹਨ। ਜਿੱਥੇ ਨਿਰਾਸ਼ਾ ਤੋਂ ਛੁਟਕਾਰਾ ਪਾਉਣ ਦਾ ਉੱਤਮ ਸਾਧਨ ਹਨ ਉਥੇ ਹੀ ਲਗਾਤਾਰ ਮਨੁੱਖ ਵਿਚ ਉਤਸ਼ਾਹ ਵੀ ਬਣਾਈ ਰੱਖਦੀਆਂ ਹਨ। ਇੱਕ ਖਿਡਾਰੀ ਜੀਵਨ ਵਿਚ ਆਈ ਕਿਸੇ ਵੀ ਸਮੱਸਿਆ ਜਾਂ ਮੁਸੀਬਤ ਸਮੇਂ ਫਿਕਰਾਂ ਵਿਚ ਨਹੀ ਪੈਂਦਾ ਸਗੋਂ ਉਸਨੂੰ ਇਕ ਚੁਣੌਤੀ ਵੱਜੋਂ ਸਵੀਕਾਰ ਕਰਕੇ ਪੂਰੇ ਉਤਸ਼ਾਹ ਨਾਲ ਉਸ ਦਾ ਮੁਕਾਬਲਾ ਕਰਦਾ ਹੈ।

**ਕੈਰੀਅਰ ਦੇ ਨਵੇਂ ਮੌਕੇ ਪ੍ਰਦਾਨ ਕਰਨਾ**: ਅਜੋਕੇ ਸਮੇਂ ਖਿਡਾਰੀਆਂ ਦੇ ਕੈਰੀਅਰ ਲਈ ਨਵੇਂ ਮੌਕੇ ਮਿਲ ਰਹੇ ਹਨ। ਅੱਜ-ਕੱਲ੍ਹ ਖਿਡਾਰੀਆਂ ਨੂੰ ਬਹੁਕੌਮੀ ਕੰਪਨੀਆਂ ਵੱਲੋਂ ਸਪਾਂਸਰ ਖੇਡ ਲੀਗ ਵਿਚ ਚੰਗੀ ਖੇਡ ਦਿਖਾਉਣ ਦੀ ਇਵਜ਼ ਵਜੋਂ ਚੰਗੀ ਰਾਸ਼ੀ ਦਿੱਤੀ ਜਾਂਦੀ ਹੈ, ਜਿਸ ਨਾਲ ਖਿਡਾਰੀ ਆਪਣੇ ਖੇਡ ਜੀਵਨ ਮਗਰੋਂ ਵੀ ਸਨਮਾਨਜਨਕ ਜ਼ਿੰਦਗੀ ਜਿਊਣ 'ਚ ਕਾਮਯਾਬ ਰਹਿੰਦਾ ਹੈ। ਪੰਜਾਬ ਅਤੇ ਭਾਰਤ ਸਰਕਾਰ ਦੁਆਰਾ ਵੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਵੇਂ 'ਖੇਲੋ ਇੰਡੀਆ' ਆਦਿ। ਇਨ੍ਹਾਂ ਸਕੀਮਾਂ ’ਚ ਹੋਰ ਸੁਧਾਰ ਕਰ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਸ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ਼ ’ਚ ਖੇਡ ਸੱਭਿਆਚਾਰ ਸਿਰਜਿਆ ਜਾ ਸਕੇ। ਇਸ ਲਈ ਵਿਦਿਆਰਥੀ ਨੂੰ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਅਕਾਦਮਿਕ, ਸੱਭਿਆਚਾਰ ਤੇ ਖੇਡ ਸਰਗਰਮੀਆਂ ’ਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

### 8.3.5 ਪ੍ਰੀਖਿਆਵਾਂ ਵਿਚ ਨਕਲ ਦੀ ਸਮੱਸਿਆ

**ਭੂਮਿਕਾ**: ਪ੍ਰੀਖਿਆਵਾਂ ਵਿਦਿਆਰਥੀ ਦੇ ਜੀਵਨ ਵਿਚ ਬਹੁਤ ਮਹੱਤਵਪੂਰਨ ਪੜਾਅ ਹੁੰਦੀਆਂ ਹਨ। ਪ੍ਰੀਖਿਆਵਾਂ ਇਸ ਲਈ ਲਈਆਂ ਜਾਂਦੀਆਂ ਹਨ ਤਾਂ ਕਿ ਵਿਦਿਆਰਥੀ ਨੂੰ ਦਿੱਤੇ ਹੋਏ ਗਿਆਨ ਦੀ ਸਹੀ ਪਰਖ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ। ਗਿਆਨ ਪ੍ਰਾਪਤੀ ਤੋਂ ਬਿਨਾਂ ਪ੍ਰੀਖਿਆਵਾਂ ਵਿੱਚ ਪ੍ਰਾਪਤ ਕੀਤੀ ਸਫ਼ਲਤਾ ਦਾ ਕੋਈ ਮੁੱਲ ਨਹੀਂ। ਜੋ ਵਿਦਿਆਰਥੀ ਨਕਲ ਦੇ ਸਹਾਰੇ ਪ੍ਰੀਖਿਆਵਾਂ ਪਾਸ ਕਰਦੇ ਹਨ ਉਹ ਜ਼ਿੰਦਗੀ ਵਿੱਚ ਕਦੀ ਵੀ ਕਾਮਯਾਬ ਨਹੀਂ ਹੋ ਸਕਦੇ। ਇਸ ਲੇਖ ਦਾ ਮੰਤਵ ਪ੍ਰੀਖਿਆਵਾਂ ਵਿਚ ਨਕਲ ਦੀ ਸਮੱਸਿਆ ਨਾਲ ਜੁੜੇ ਵੱਖ-ਵੱਖ ਮਸਲਿਆਂ ਬਾਰੇ ਚਰਚਾ ਕਰਨਾ ਹੈ।

**ਨਕਲ ਦੀ ਗੰਭੀਰ ਸਮੱਸਿਆ**: ਸਾਡੇ ਦੇਸ਼ ਵਿਚ ਪ੍ਰੀਖਿਆਵਾਂ ਵਿਚ ਨਕਲ ਦੀ ਸਮੱਸਿਆ ਬੜਾ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਵਿਚ ਕੋਈ ਅਜਿਹੀ ਯੂਨੀਵਰਸਿਟੀ ਜਾਂ ਸਿੱਖਿਆ ਬੋਰਡ ਨਹੀਂ, ਜਿੱਥੇ ਇਸ ਸਮੱਸਿਆ ਨੇ ਸੂਝਵਾਨ ਲੋਕਾਂ ਤੇ ਇਮਾਨਦਾਰ ਸਿੱਖਿਆ-ਸ਼ਾਸਤਰੀਆਂ ਦੀ ਨੀਂਦ ਹਰਾਮ ਨਾ ਕੀਤੀ ਹੋਵੇ। ਇਸ ਬਿਮਾਰੀ ਨੇ ਕੇਵਲ ਕਮਜ਼ੋਰ ਵਿਦਿਆਰਥੀਆਂ ਉੱਤੇ ਹੀ ਹਮਲਾ ਨਹੀਂ ਕੀਤਾ, ਸਗੋਂ ਹੁਸ਼ਿਆਰ ਤੇ ਲਾਇਕ ਵਿਦਿਆਰਥੀ ਵੀ ਮੁਕਾਬਲੇ ਵਿਚ ਚੰਗੀ ਪੁਜੀਸ਼ਨ ਪ੍ਰਾਪਤ ਕਰਨ ਲਈ ਇਸਦੇ ਸ਼ਿਕਾਰ ਹੋ ਚੁੱਕੇ ਹਨ। ਕਈ ਥਾਈਂ ਤਾਂ ਉੱਚੀਆਂ ਕਲਾਸਾਂ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਭਾਗ ਲੈਣ ਵਾਲ ਵਿਦਿਆਰਥੀ, ਜਿਨ੍ਹਾਂ ਵਿਚ ਕਈ ਉੱਚੇ ਸਰਕਾਰੀ ਅਫ਼ਸਰ ਵੀ ਭਾਗ ਲੈ ਰਹੇ ਹੁੰਦੇ ਹਨ, ਵੀ ਨਕਲ ਮਾਰਦੇ ਜਾਂ ਹੋਰ ਨਾਵਾਜਿਬ ਤਰੀਕੇ ਵਰਤਦੇ ਫੜ੍ਹੇ ਗਏ ਹਨ।

**ਨਕਲ ਦਾ ਕਾਰਨ**: ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਲਈ ਕਸੂਰਵਾਰ ਕੌਣ ਹੈ। ਹਰ ਵਿਦਿਆਰਥੀ ਉੱਪਰ ਉਸਦੇ ਪਰਿਵਾਰ ਸਮਾਜ ਜਾਂ ਰਿਸ਼ਤੇਦਾਰਾਂ ਦਾ ਬਹੁਤ ਦਬਾਅ ਹੁੰਦਾ ਹੈ। ਹਰ ਮਾਂ-ਬਾਪ ਇਹ ਚਾਹੁੰਦਾ ਹੈ ਕਿ ਉਸ ਦਾ ਬੱਚਾ ਪ੍ਰੀਖਿਆਵਾਂ ਵਿੱਚੋਂ ਚੰਗੇ ਅੰਕ ਲੈ ਕੇ ਜ਼ਿੰਦਗੀ ਵਿੱਚ ਚੰਗੇ ਮੁਕਾਮ ’ਤੇ ਪਹੁੰਚੇ। ਮਾਤਾ-ਪਿਤਾ ਦਾ ਦਬਾਅ ਵੀ ਬੱਚੇ ਨੂੰ ਨਕਲ ਦੀ ਦਲਦਲ ਵਿੱਚ ਧੱਕਦਾ ਹੈ। ਵਿਦਿਆਰਥੀ ਵੀ ਆਪਣੀ ਤੁਲਨਾ ਦੂਜੇ ਵਿਦਿਆਰਥੀਆਂ ਨਾਲ ਕਰਦੇ ਹਨ ਅਤੇ ਉਨ੍ਹਾਂ ਵਿੱਚ ਉਨ੍ਹਾਂ ਤੋਂ ਵੱਧ ਅੰਕ ਪ੍ਰਾਪਤ ਕਰਨ ਦੀ ਹੋੜ ਲੱਗੀ ਰਹਿੰਦੀ ਹੈ। ਇੱਥੇ ਮਾਤਾ-ਪਿਤਾ ਦਾ ਵੀ ਇਹ ਫ਼ਰਜ਼

ਬਣਦਾ ਹੈ ਕਿ ਉਹ ਆਪਣੇ ਬੱਚੇ ਦੀ ਤੁਲਨਾ ਕਦੀ ਵੀ ਦੂਸਰੇ ਬੱਚੇ ਨਾਲ ਨਾ ਕਰਨ ਅਤੇ ਨਾ ਹੀ ਉਸ ਉੱਪਰ ਵੱਧ ਅੰਕ ਪ੍ਰਾਪਤ ਕਰਨ ਲਈ ਦਬਾਅ ਪਾਉਣ।

**ਨਕਲ ਦਾ ਕੋਹੜ ਅਤੇ ਮਿਲੀਭੁਗਤ:** ਜਦੋਂ ਪ੍ਰੀਖਿਆ ਦਾ ਦਿਨ ਹੁੰਦਾ ਹੈ, ਤਾਂ ਜਿਨ੍ਹਾਂ ਮਾਪਿਆ ਨੇ ਸਾਲ ਵਿਚ ਕਦੇ ਸਕੂਲ ਜਾਂ ਕਾਲਜ ਵਿਚ ਆਪਣੇ ਪੁੱਤਰ-ਧੀਆਂ ਦੀ ਪੜ੍ਹਾਈ ਬਾਰੇ ਜਾਣਨ ਲਈ ਗੇੜਾ ਤਕ ਨਹੀਂ ਮਾਰਿਆ ਹੁੰਦਾ, ਉਹ ਵੀ ਪ੍ਰੀਖਿਆ-ਕੇਂਦਰਾ ਦੇ ਦੁਆਲੇ ਆ ਪ੍ਰਗਟ ਹੁੰਦੇ ਹਨ। ਉਹ ਅਧਿਆਪਕਾਂ, ਸੁਪਰਿਟੈਂਡੈਂਟਾਂ,ਸੁਪਰਵਾਈਜਰਾਂ, ਕਲਰਕਾਂ ਤੇ ਸੇਵਾਦਾਰਾਂ ਨਾਲ ਗੰਢ-ਤੁੱਪ ਕਰਦੇ ਦਿਖਾਈ ਦਿੰਦੇ ਹਨ। ਵਿਦਿਆਰਥੀਆਂ ਨੂੰ ਨਕਲਾਂ ਕਰਵਾਉਣ ਲਈ ਉਹ ਕਿਤਾਬਾਂ ਤੇ ਕਾਪੀਆਂ ਪਾੜ-ਪਾੜ ਕੇ ਤੇ ਪਰਚੀਆਂ ਬਣ-ਬਣਾ ਕੇ ਪ੍ਰੀਖਿਆ ਕੇਂਦਰ ਦੇ ਅੰਦਰ ਨਕਲ ਸਾਮੱਗਰੀ ਭੇਜਦੇ ਰਹਿੰਦੇ ਹਨ ਜੋ ਪਾਣੀ ਪਿਲਾਉਣ ਵਾਲੇ ਸੇਵਾਦਾਰਾਂ ਜਾਂ ਸੁਪਰਵਾਈਜਰਾਂ ਰਾਹੀਂ ਅੰਦਰ ਪਹੁੰਚਾਈਆਂ ਜਾਂਦੀਆਂ ਹਨ। ਕਈ ਵਾਰੀ ਸੁਪਰਡੈਂਟ ਜਾਂ ਸੁਪਰਵਾਈਜਰਾਂ ਦੀ ਜਿਨ੍ਹਾਂ ਪ੍ਰੀਖਿਆਰਥੀਆਂ ਵਿਚ ਰੁਚੀ ਹੁੰਦੀ ਹੈ, ਨੂੰ ਮੂੰਹੋਂ ਬੋਲ ਕੇ, ਬਲੈਕ ਬੋਰਡ ਉੱਤੇ ਲਿਖ ਕੇ ਜਾਂ ਪਰਚੀਆਂ ਪਹੁੰਚਾ ਕੇ ਧੜੱਲੇ ਨਾਲ ਮਦਦ ਕਰਦੇ ਹਨ। ਇਸ ਕੰਮ ਵਿਚ ਮੂੰਹ-ਮਲ੍ਹਾਜੇ ਤੇ ਰਿਸ਼ਵਤ ਖ਼ੂਬ ਚਲਦੀ ਹੈ।

**ਨਕਲ ਰੋਕਣ ਦੇ ਪ੍ਰਬੰਧ ਤੇ ਅਸਲ ਹਾਲਤਾਂ:** ਅਜਿਹਾ ਨਹੀਂ ਹੈ ਕਿ ਪ੍ਰੀਖਿਆਵਾਂ ਵਿਚ ਨਕਲ ਰੋਕਣ ਲਈ ਯਤਨ ਨਹੀਂ ਕੀਤੇ ਜਾ ਰਹੇ। ਪ੍ਰੀਖਿਆਵਾਂ ਵਿਚ ਨਕਲ ਤੇ ਹੋਰ ਨਾਵਾਜਿਬ ਤਰੀਕਿਆਂ ਨੂੰ ਰੋਕਣ ਲਈ ਯੂਨੀਵਰਸਿਟੀ ਤੇ ਸਿੱਖਿਆ ਬੋਰਡਾਂ ਵਲੋਂ ਜਿੱਥੇ ਪ੍ਰੀਖਿਆ ਕੇਂਦਰਾਂ ਦੀ ਅਚਾਨਕ ਚੈਕਿੰਗ ਲਈ ਫਲਾਇੰਗ ਸਕੁਐਡ ਬਣਾਏ ਤੇ ਭੇਜੇ ਜਾਂਦੇ ਹਨ, ਉੱਥੇ ਪ੍ਰਸ਼ਨ ਪੱਤਰ ਦੇ ਵੀ ਇਕ ਤੋਂ ਵੱਧ ਸੈੱਟ ਤਿਆਰ ਕਰਾਏ ਜਾਂਦੇ ਹਨ ਤੇ ਨਾਲ ਹੀ ਪੁਲਿਸ ਦਾ ਪ੍ਰਬਧ ਵੀ ਕੀਤਾ ਜਾਂਦਾ ਹੈ ਪ੍ਰੰਤੂ ਇਸਦੇ ਬਾਵਜੂਦ ਨਕਲ ਦੇ ਨਾਵਾਜਿਬ ਤਰੀਕੇ ਚੱਲਦੇ ਹਨ।

**ਭਵਿੱਖ ਦੀ ਬਰਬਾਦੀ:** ਨਕਲ ਕਰਕੇ ਥੋੜ੍ਹੇ ਸਮੇਂ ਲਈ ਖੁਸ਼ੀ ਤਾਂ ਮਿਲ ਸਕਦੀ ਹੈ ਪਰ ਅਜਿਹੇ ਵਿਦਿਆਰਥੀ ਆਪਣੇ ਹੱਥੀਂ ਆਪਣੇ ਭਵਿੱਖ ਨੂੰ ਬਰਬਾਦ ਕਰਦੇ ਹਨ ਅਤੇ ਪੜ੍ਹੇ-ਲਿਖੇ ਅਨਪੜ੍ਹਾਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਵੀ ਵਾਧਾ ਕਰਦੇ ਹਨ। ਅਜਿਹੇ ਵਿਦਿਆਰਥੀਆਂ ਲਈ ਉੱਚ ਸਿੱਖਿਆ ਦੀ ਪ੍ਰਾਪਤੀ ਜਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਨੂੰ ਪਾਸ ਕਰਨਾ ਇੱਕ ਸੁਪਨੇ ਵਾਂਗ ਹੀ ਰਹਿ ਜਾਂਦਾ ਹੈ। ਇਹੀ ਲੋਕ ਬਾਅਦ ਵਿੱਚ ਚੋਰੀਆਂ-ਚਕਾਰੀਆਂ ਲੁੱਟਾਂ-ਖੋਹਾਂ ਅਤੇ ਨਸ਼ਿਆਂ ਵਿੱਚ ਲੱਗ ਜਾਂਦੇ ਹਨ, ਇਨ੍ਹਾਂ ਦਾ ਕੋਈ ਭਵਿੱਖ ਨਹੀਂ ਹੁੰਦਾ ਅਤੇ ਜ਼ਿੰਦਗੀ ਦੀ ਹਰ ਪ੍ਰੀਖਿਆ ਵਿੱਚ ਫੇਲ੍ਹ ਹੋ ਜਾਂਦੇ ਹਨ।

**ਨਕਲ ਦੇ ਨੁਕਸਾਨ:** ਨਕਲ ਤੇ ਹੋਰ ਨਾਵਾਜਿਬ ਤਰੀਕਿਆ ਨਾਲ ਪਾਸ ਕਰਾਕੇ ਅਧਿਆਪਕ ਤੇ ਮਾਪੇ ਵਿਦਿਆਰਥੀਆਂ ਦੇ ਭੱਵਿਖ ਨਾਲ ਖਿਲਵਾੜ ਹੀ ਨਹੀ ਕਰਦੇ, ਸਗੋਂ ਇਸ ਨਾਲ ਉਹ ਉਨ੍ਹਾਂ ਦੇ ਚਰਿੱਤਰ ਵਿਚ ਧੋਖੇ ਦੇ ਬੀਜ ਬੀਜਦੇ ਹਨ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਚਰਿੱਤਰ ਵਿਚ ਨੈਤਿਕਤਾ ਦੇ ਗੁਣ ਖ਼ਤਮ ਹੋ ਜਾਂਦੇ ਹਨ, ਜਿਸ ਕਰਕੇ ਉਹ ਕਿਸੇ ਵੀ ਜ਼ਿੰਮੇਵਾਰੀ ਲਈ ਗੰਭੀਰ ਨਹੀਂ ਰਹਿੰਦੇ ਤੇ ਇਹ ਰੁਚੀ ਘਰ, ਪਰਿਵਾਰ, ਦਫ਼ਤਰ, ਕਾਰੋਬਾਰ ਤੇ ਕੌਮ ਲਈ ਮਾਰੂ ਹੁੰਦੀ ਹੈ।

**ਸਾਰ-ਅੰਸ਼:** ਨਕਲ ਦੇ ਖ਼ਾਤਮੇ ਲਈ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਬਿਮਾਰੀ ਦਾ ਖ਼ਾਤਮਾ ਕਰਨ ਲਈ ਵਿੱਦਿਅਕ ਸਿਸਟਮ ਦੇ ਸੂਤਰਧਾਰ ਅਧਿਆਪਕਾਂ ਦੀ ਜ਼ਿੰਮੇਵਾਰੀ ਵਧੇਰੇ ਹੈ। ਉਹ ਹੀ ਇਸਦਾ ਖ਼ਾਤਮਾ ਕਰ ਸਕਦੇ ਹਨ ਕਿਉਂਕਿ ਪ੍ਰੀਖਿਆ ਦੇਣ ਲਈ ਉਹ ਹੀ ਵਿਦਿਆਰਥੀਆਂ ਨੂੰ ਤਿਆਰ ਕਰਦੇ ਹਨ ਤੇ ਉਹ ਹੀ ਪ੍ਰੀਖਿਆ ਲੈਂਦੇ ਹਨ। ਮਾਪਿਆਂ ਦਾ ਵੀ ਫਰਜ਼ ਹੈ ਕਿ ਉਹ ਆਪਣੇ ਬੱਚਿਆਂ ਵਿਚ ਨਕਲ ਰਾਹੀਂ ਪਾਸ ਹੋਣ ਦੀ

ਰੁਚੀ ਪੈਦਾ ਨਾ ਹੋਣ ਦੇਣ। ਸਕੂਲਾਂ,ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਆਪਣੇ ਬੱਚਿਆ ਦੀ ਪੜ੍ਹਾਈ ਤੇ ਨਜ਼ਰ ਰੱਖਣ ਲਈ ਉਹ ਉਨ੍ਹਾਂ ਦੇ ਅਧਿਆਪਕਾਂ ਤੇ ਪ੍ਰੋਫ਼ੈਸਰਾਂ ਨਾਲ ਤਾਲ ਮੇਲ ਰੱਖਣ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਸੰਬੰਧੀ ਕਾਨੂੰਨ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਜ਼ਿੰਮੇਵਾਰ ਤੇ ਦਿਆਨਤਦਾਰ ਅਧਿਆਪਕਾਂ ਤੇ ਸਿੱਖਿਆ ਸ਼ਾਸਤਰੀਆਂ ਦੀਆਂ ਸੁਪਰਡੈਂਟ ਤੇ ਸੁਪਰਵਾਈਜਰਾਂ ਦੇ ਰੂਪ ਵਿਚ ਡਿਊਟੀਆਂ ਲਾਉਣਾ। ਇਸਦੇ ਨਾਲ ਹੀ ਯੂਨੀਵਰਸਿਟੀਆਂ ਤੇ ਸਿੱਖਿਆਂ ਬੋਰਡਾਂ ਨੂੰ ਨਕਲ ਕਰਨ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਬਿਲਕੁਲ ਬਖਸ਼ਣਾ ਨਹੀਂ ਚਾਹੀਦਾ ਤੇ ਪੁਲਿਸ ਨੂੰ ਨਕਲ ਕਰਵਾਉਣ ਲਈ ਪ੍ਰੀਖਿਆ ਕੇਂਦਰਾਂ ਦੁਆਲੇ ਮੰਡਰਾਉਂਦੇ ਮਾਪਿਆਂ ਤੇ ਹੋਰਨਾਂ ਹਿਤੈਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

## 8.3.6 ਵਿਦਿਆਰਥੀਆਂ ਵਿੱਚ ਵਧ ਰਿਹਾ ਨਸ਼ਿਆਂ ਦਾ ਰੁਝਾਨ

**ਭੂਮਿਕਾ:** ਨਸ਼ਾ ਇੱਕ ਅਜਿਹਾ ਜ਼ਹਿਰੀਲਾ ਤੇ ਨਸ਼ੀਲਾ ਪਦਾਰਥ ਹੁੰਦਾ ਹੈ ਜੋ ਮਨੁੱਖੀ ਸਿਹਤ ਲਈ ਬੇਹੱਦ ਘਾਤਕ ਹੈ ਇਹ ਦਿਮਾਗ ਦੇ ਨਾੜੀ ਤੰਤਰ ਨੂੰ ਨਸ਼ਟ ਕਰਕੇ ਮਨੁੱਖ ਨੂੰ ਮਾਨਸਿਕ ਤੌਰ ’ਤੇ ਕਮਜ਼ੋਰ, ਬੁੱਧੀਹੀਣ, ਦਿਮਾਗ਼ ਦੀ ਸਰੀਰ ’ਤੇ ਕੰਟਰੋਲ ਦੀ ਸ਼ਕਤੀ ਘਟਾਉਣ ਦਾ ਕਾਰਨ ਬਣਦਾ ਹੈ । ਇਹ ਪਰਿਵਾਰ ਦੀ ਆਰਥਿਕ ਅਤੇ ਸਮਾਜਿਕ ਜ਼ਿੰਦਗੀ ਨੂੰ ਨਿੰਦਣਯੋਗ ਬਣਾ ਛੱਡਦਾ ਹੈ। ਨਸ਼ਾ ਬੇਲੋੜੀ ਉਕਸਾਹਟ ਪੈਦਾ ਕਰਕੇ ਵਕਤੀ ਤੌਰ ’ਤੇ ਬੰਦੇ ਨੂੰ ਝੂਠਾ ਸੁੱਖ ਅਤੇ ਹੁਲਾਰਾ ਦੇ ਕੇ ਨਕਲੀ ਖੁਸ਼ੀ ਦਾ ਭਰਮ ਪੈਦਾ ਕਰਦਾ ਹੈ। ਸੰਸਾਰ ਪੱਧਰ ਤੇ ਵਿਦਿਆਰਥੀਆਂ ਵਿੱਚ ਵਧ ਰਿਹਾ ਨਸ਼ਿਆਂ ਦਾ ਰੁਝਾਨ ਬਹੁਤ ਹੀ ਚਿੰਤਾਜਨਕ ਹੈ। ਇਸ ਲੇਖ ਵਿਚ ਸਾਡਾ ਮੁੱਖ ਫ਼ੋਕਸ ਵਿਦਿਆਰਥੀਆਂ ਵਿੱਚ ਵਧ ਰਿਹਾ ਨਸ਼ਿਆਂ ਦੇ ਰੁਝਾਨ ਬਾਰੇ ਚਰਚਾ ਕਰਨ ਉੱਤੇ ਹੈ।

**ਨਸ਼ਿਆਂ ਦੀ ਗ੍ਰਿਫ਼ਤ ਵਿਚ ਆਉਣ ਦੇ ਮੁੱਢਲੇ ਕਾਰਨ:** ਕਿਸੇ ਵੀ ਬਿਮਾਰੀ ਦੇ ਇਲਾਜ ਲਈ ਉਸ ਦੇ ਕਾਰਨਾਂ ਨੂੰ ਜਾਣਨਾ ਜ਼ਰੂਰੀ ਹੈ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਬੱਚਾ ਜੋ ਕੁਝ ਸਿੱਖਦਾ ਹੈ ਉਸ ਦਾ ਮੁੱਢ ਘਰ ਤੋਂ ਬੱਝਦਾ ਹੈ। ਸਾਡੀ ਕਮਿਊਨਿਟੀ ਵਿੱਚ ਬਹੁਤ ਥੋੜ੍ਹੇ ਘਰ ਅਜਿਹੇ ਹੋਣਗੇ ਜੋ ਨਸ਼ੇ ਦੀ ਮਾਰ ਤੋਂ ਬਚੇ ਹੋਣਗੇ। ਦੇਖਾ-ਦੇਖੀ ਵੱਡਿਆਂ ਦੀ ਰੀਸ ਨਾਲ ਬੱਚੇ ਵੀ ਨਸ਼ਿਆਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਇਸ ਤੋਂ ਬਿਨਾਂ ਰੁਝੇਵਿਆਂ ਭਰੀ ਜ਼ਿੰਦਗੀ ਹੋਣ ਕਾਰਨ ਮਾਂ-ਬਾਪ ਬੱਚਿਆਂ ਵੱਲ ਪੂਰਾ ਧਿਆਨ ਨਹੀਂ ਦੇ ਪਾਉਂਦੇ। ਬੱਚੇ ਵਿੱਚ ਕੋਈ ਦਿਮਾਗੀ ਉਲਝਣ ਜਾਂ ਪੜ੍ਹਾਈ ਵਿੱਚੋਂ ਕਮਜ਼ੋਰ ਹੋਣ ਕਾਰਨ ਨਿਰਾਸ਼ਤਾ ਆਉਣੀ ਵੀ ਨਸ਼ਿਆਂ ਵੱਲ ਪ੍ਰੇਰਿਤ ਹੋਣ ਦਾ ਕਾਰਨ ਬਣ ਸਕਦੀ ਹੈ ਜੇ ਉਸਦੇ ਸੰਗੀਆਂ ਵਿੱਚ ਕੋਈ ਨਸ਼ਾ ਵਰਤਦਾ ਹੋਵੇ ਤਾਂ ਉਸਦੇ ਕਹਿਣ ਤੇ ਜਾਂ ਉਸਦੀ ਰੀਸ ਨਾਲ ਹੀ ਉਹ ਵੀ ਨਸ਼ਾ ਵਰਤਣ ਲੱਗ ਪੈਂਦਾ ਹੈ ਤੇ ਹੌਲੀ-ਹੌਲੀ ਉਸਦਾ ਗੁਲਾਮ ਹੋ ਜਾਂਦਾ ਹੈ।

**ਟੀ.ਵੀ., ਫਿਲਮਾਂ ਅਤੇ ਗੀਤਾਂ ਵਿਚਲੀ ਨਸ਼ਿਆਂ ਦੀ ਭਰਮਾਰ ਦਾ ਅਸਰ:** ਵਿਦਿਆਰਥੀ ਆਮ ਤੌਰ ’ਤੇ ਜੋ ਦੇਖਦੇ ਹਨ ਉਹੀ ਸਿੱਖਦੇ ਹਨ। ਉਹਨਾਂ ਉੱਤੇ ਸਭ ਤੋਂ ਵੱਧ ਟੀ.ਵੀ., ਫਿਲਮਾਂ ਅਤੇ ਗੀਤਾਂ ਵਿਚਲੀ ਨਸ਼ਿਆਂ ਦੀ ਭਰਮਾਰ ਦਾ ਅਸਰ ਪੈ ਰਿਹਾ ਹੈ। ਸੱਭਿਆਚਾਰ ਦੇ ਨਾਂ ’ਤੇ ਜੋ ਗੀਤ-ਸੰਗੀਤ ਬੱਚਿਆਂ ਨੂੰ ਸੁਣਨ ਨੂੰ ਮਿਲਦਾ ਹੈ, ਉਸਦਾ ਉਨ੍ਹਾਂ ਦੇ ਮਨ ’ਤੇ ਬਹੁਤ ਅਸਰ ਪੈਂਦਾ ਹੈ। ਜਦ ਉਹ ‘ਮਿੱਤਰਾਂ ਦੀ ਮੋਟਰ ਤੇ ਕੱਚ ਦੀ ਗਲਾਸੀ ਖੜਕੇ’, ‘ਲਾ ਕੇ ਤਿੰਨ ਪੈਗ

ਬੱਲੀਏ', 'ਦਾਰੂ ਪੀ ਕੇ ਬੱਕਰੇ ਬੁਲਾਉਣੇ', 'ਚੌਥਾ ਪੈੱਗ ਪਾ ਕੇ ਬਾਂਹ ਫੜਨੀ' ਅਤੇ ਅਜਿਹੇ ਹੋਰ ਗੀਤ ਸੁਣਦੇ ਹਨ ਤਾਂ ਨਕਲੀ ਹੀਰੋਇਜ਼ਮ ਦੀ ਭਾਵਨਾ ਤਹਿਤ ਨਸ਼ਿਆਂ ਵੱਲ ਖਿੱਚੇ ਜਾਂਦੇ ਹਨ । ਸਿਰਫ ਨਸ਼ਿਆਂ ਵੱਲ ਹੀ ਨਹੀਂ ਉਹਨਾਂ ਵਿੱਚ ਹੋਰ ਵੀ ਭੈੜੀਆਂ ਰੁਚੀਆਂ ਪੈਦਾ ਹੋਣ ਲਗਦੀਆਂ ਹਨ।

**ਵੱਧ ਰਹੇ ਹਾਨੀਕਾਰਕ ਨਸ਼ੇ**: ਵਪਾਰਕ ਹਿੱਤਾਂ ਕਾਰਨ ਅਤੇ ਗਲਤ ਨੀਤੀਆਂ ਕਾਰਨ ਲਗਾਤਾਰ ਨਸ਼ਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਅੱਜ ਤੋਂ ਕੋਈ 20-25 ਸਾਲ ਪਹਿਲਾਂ ਪਰੰਪਰਾਗਤ ਨਸ਼ੇ ਸ਼ਰਾਬ, ਅਫ਼ੀਮ, ਭੁੱਕੀ/ਪੋਸਤ, ਸਿਗਰਟ ਆਦਿ ਵਰਤੇ ਜਾਂਦੇ ਹਨ ਪਰ ਸਮਾਜਿਕ ਤਬਦੀਲੀ ਨਾਲ ਨਸ਼ਿਆਂ ਦੀਆਂ ਕਿਸਮਾਂ, ਵਰਤੋਂ ਅਤੇ ਪ੍ਰਭਾਵਾਂ ਵਿਚ ਵੀ ਬੜਾ ਬਦਲਾਅ ਆਇਆ ਹੈ। ਆਧੁਨਿਕ ਦੌਰ ਵਿਚ ਚਰਸ, ਗਾਂਜਾ, ਕੋਕੀਨ, ਸਮੈਕ ਤੇ ਹੈਰੋਇਨ ਵਰਗੇ ਮਹਿੰਗੇ ਤੇ ਖ਼ਤਰਨਾਕ ਨਸ਼ਿਆਂ ਦੀ ਵਰਤੋਂ ਵਿਚ ਵਾਧਾ ਹੋ ਰਿਹਾ ਹੈ। ਜਿਸ ਦੀ ਵਧੇਰੇ ਵਰਤੋਂ ਨੌਜਵਾਨ ਜਾਂ ਵਿਦਿਆਰਥੀ ਵਰਗ ਕਰ ਰਿਹਾ ਹੈ।

**ਨਸ਼ਿਆਂ ਦੇ ਵਪਾਰੀ ਅਤੇ ਵਿਦਿਆਰਥੀ:** ਨਸ਼ਿਆਂ ਦੇ ਵਪਾਰੀ ਜਿਨ੍ਹਾਂ ਨੇ ਗੈਂਗ ਬਣਾਏ ਹੋਏ ਹਨ ਉਨ੍ਹਾਂ ਦੇ ਏਜੰਟ ਸਕੂਲਾਂ ਨੇੜੇ ਗੇੜੇ ਕੱਢਦੇ ਹਨ । ਉਹ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਨਾ ਕੇ ਅਣਭੋਲ ਵਿਦਿਆਰਥੀਆਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ। ਜਿਹੜਾ ਇਨ੍ਹਾਂ ਦੇ ਜਾਲ ਵਿੱਚ ਇੱਕ ਵਾਰ ਫਸ ਗਿਆ, ਉਸਦਾ ਮੁੜ ਕੇ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਦੋਂ ਪੂਰੀ ਤਰ੍ਹਾਂ ਨਸ਼ਿਆਂ ਦੇ ਆਦਿ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਖਰੀਦਣ ਲਈ ਪੈਸੇ ਦੀ ਕਮੀ ਕਾਰਣ ਉਸ ਗੈਂਗ ਦੇ ਹੀ ਮੈਂਬਰ ਬਣ ਜਾਂਦੇ ਹਨ।

**ਨਸ਼ਿਆਂ ਵਿਚ ਵੱਧ ਰਹੀ ਲੜਕੀਆਂ ਦੀ ਸ਼ਮੂਲੀਅਤ:** ਬਹੁਤ ਹੀ ਜ਼ਿਆਦਾ ਫ਼ਿਕਰ ਵਾਲੀ ਗੱਲ ਹੈ ਕਿ ਸਕੂਲੀ ਲੜਕੀਆਂ ਵੀ ਨਸ਼ਿਆਂ ਦੀ ਜਿੱਲ੍ਹਣ ਵਿੱਚ ਫਸ ਰਹੀਆਂ ਹਨ। ਚੰਗੇ ਕੰਮਾਂ ਲਈ ਮੁੰਡਿਆਂ ਦੀ ਬਰਾਬਰੀ ਕਰਨਾ ਮਾਣ ਵਾਲੀ ਗੱਲ ਹੈ ਪਰ ਨਸ਼ੇ ਵਰਗੀਆਂ ਅਲਾਮਤਾਂ ਲਈ ਬਰਾਬਰੀ ਸਾਡੇ ਸਮਾਜ ਦੇ ਮੱਥੇ ਤੇ ਕਲੰਕ ਹੈ। ਪਹਿਲਾਂ ਪਹਿਲ ਤਾਂ ਨਸ਼ਾ ਸ਼ੌਂਕ ਵਜੋਂ ਸ਼ੁਰੂ ਹੁੰਦਾ ਹੈ ਪਰ ਆਦਿ ਹੋਣ ਤੇ ਨਸ਼ੇ ਤੋਂ ਬਿਨਾਂ ਲੜਕੀਆਂ ਹੋਰ ਵੀ ਭਿਆਨਕ ਰਾਹਾਂ 'ਤੇ ਤੁਰ ਪੈਂਦੀਆਂ ਹਨ ਜਿਸ ਨਾਲ ਸਿਰਫ਼ ਨਮੋਸ਼ੀ ਹੀ ਨਹੀਂ ਹੋਰ ਵੀ ਬਹੁਤ ਕੁੱਝ ਝੱਲਣਾ ਪੈਂਦਾ ਹੈ। ਅੱਜ ਦੀਆਂ ਲੜਕੀਆਂ ਕੱਲ੍ਹ ਦੀਆਂ ਮਾਵਾਂ ਹਨ। ਨਸ਼ੇਬਾਜ ਔਰਤਾਂ ਭਵਿੱਖ ਲਈ ਕਿਸ ਤਰ੍ਹਾਂ ਦੀ ਸੰਤਾਨ ਸਮਾਜ ਨੂੰ ਦੇਣਗੀਆਂ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

**ਨਸ਼ਿਆ ਦੇ ਬੁਰੇ ਪ੍ਰਭਾਵ:** ਨਸ਼ਿਆਂ ਦੀ ਬਿਮਾਰੀ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਤਬਾਹੀ ਦੇ ਕੰਢੇ ਤੇ ਲੈ ਆਂਦਾ ਹੈ। ਜਿਥੇ ਨਸ਼ੇ ਸਰੀਰਕ ਸਿਹਤ ਲਈ ਹਾਨੀਕਾਰਕ ਹਨ, ਉਥੇ ਹੀ ਇਹ ਸਾਡੇ ਸਮਾਜਿਕ, ਸਭਿਆਚਾਰਕ, ਨੈਤਿਕ ਤੇ ਨਹੀ ਤਾਂ ਕੁੱਲ ਅਨੇਕਾਂ ਸਰੀਰਕ ਬਿਮਾਰੀਆਂ ਜਾ ਸਮੱਸਿਆਂਵਾਂ ਦੀ ਸ਼ਿਕਾਰ ਹੋ ਕੇ ਹੀ ਰਹਿੰਦਾ ਹੈ ਜਿਵੇਂ ਲਹੂ ਦਬਾਅ ਵਿਚ ਵਾਧਾ ਜਾਂ ਘਾਟਾ, ਦਿਲ ਦਾ ਦੌਰਾ ਪੈਣਾ, ਗਲੇ, ਫੇਫੜਿਆਂ ਜਾਂ ਜਿਗਰ ਦਾ ਕੈਂਸਰ ਜਾ ਹੋਰ ਬਿਮਾਰੀਆਂ , ਨਾਮਰਦੀ, ਦਿਮਾਗੀ ਦੌਰੇ ਪੈਣੇ, ਲੀਵਰ ਦਾ ਖਤਮ ਜਾਂ ਖ਼ਰਾਬ ਹੋ ਜਾਣਾ, ਗੁਰਦਿਆਂ ਦੀਆਂ ਅਨੇਕਾਂ ਬਿਮਾਰੀਆਂ ਹੋਣਾ ਆਮ ਗੱਲਾਂ ਹਨ। ਇਸ ਤੋ ਇਲਾਵਾਂ ਨਸ਼ੇ ਦੀ ਹਾਲਤ ਵਿਚ ਡਰਾਇਵਿੰਗ ਕਰਨਾ ਜਿਸ ਨਾਲ ਅਨੇਕਾਂ ਜਾਨਾਂ ਅਜਾਈ ਚਲੀਆਂ ਜਾਂਦੀਆਂ ਹਨ ਵਰਗੇ ਸਰੀਰਕ ਪ੍ਰਭਾਵ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਸਮਾਜਿਕ, ਨੈਤਿਕ ਤੇ ਆਰਥਿਕ ਕਾਰਨ ਵੀ ਹਨ ਜਿਵੇਂ ਕਿ ਨਸ਼ੇ ਕਰਨ ਵਾਲਾ ਵਿਅਕਤੀ ਅਨੁਸ਼ਾਸਨਹੀਣ ਹੋ ਜਾਂਦਾ ਹੈ। ਉਹ ਜੂਏਬਾਜੀ, ਦੁਰਾਚਾਰ ਜਾ ਘਿਨਾਉਣੇ ਤੇ ਅਸੱਭਿਅਕ ਕੰਮ ਕਰਨ ਲੱਗ ਜਾਂਦਾ

ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਹਰ 13 ਸੈਕਿੰਡ ਬਾਅਦ ਇਕ ਭਾਰਤੀ ਦੀ ਮੌਤ ਨਸ਼ੇ ਕਰਕੇ ਹੁੰਦੀ ਹੈ, ਅਤੇ ਪੰਜਾਬ ‘ਚ ਹਰ 8 ਘੰਟਿਆਂ ਬਾਅਦ ਇਕ ਨੌਜਵਾਨ ਨਸ਼ੇੜੀ ਮੁੰਡਾ ਮੌਤ ਦੇ ਮੂੰਹ ਜਾ ਰਿਹਾ ਹੈ। ਪੰਜਾਬ ਜਿਹੜਾ ਕਦੇ ਆਪਣੇ ਛੈਲ-ਛਬੀਲੇ ਗੱਭਰੂਆਂ ਅਤੇ ਵਿਕਾਸ ਪੱਖੋਂ ਨੰਬਰ ਇਕ ਸੂਬਾ ਹੁੰਦਾ ਸੀ, ਹੁਣ ਨਸ਼ਿਆਂ ’ਚ ਸਭ ਤੋਂ ਮੋਹਰੀ ਬਣ ਚੁੱਕਾ ਹੈ।

**ਕੌਮਾਂਤਰੀ ਨਸ਼ਾ ਵਿਰੋਧੀ ਦਿਵਸ:** ਕੌਮਾਂਤਰੀ ਨਸ਼ਾ ਵਿਰੋਧੀ ਦਿਵਸ ਹਰ ਸਾਲ 26 ਜੂਨ ਨੂੰ ਮਨਾਇਆ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਨੇ ਪੂਰੇ ਵਿਸ਼ਵ ਨੂੰ ਆਪਣੀ ਜਕੜ ਵਿੱਚ ਲਿਆ ਹੋਇਆ ਹੈ। ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ’ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਹੀ ਸੰਯੁਕਤ ਰਾਸ਼ਟਰ ਸੰਘ ਵਲੋਂ ਸਾਲ 1987 ਵਿੱਚ ਨਸ਼ਾ ਵਿਰੋਧੀ ਦਿਵਸ ਹਰ ਸਾਲ 26 ਜੂਨ ਨੂੰ ਮਨਾਉਣ ਦਾ ਮਤਾ ਪਾਸ ਕੀਤਾ ਗਿਆ ਸੀ।

**ਸਾਰ-ਅੰਸ਼:** ਵਿਦਿਆਰਥੀਆਂ ਵਿੱਚ ਫੈਲ ਰਹੇ ਨਸ਼ੇ ਦੇ ਕੋਹੜ ਨੂੰ ਖ਼ਤਮ ਕਰਨ ਲਈ ਮਾਪਿਆਂ, ਸਮਾਜ ਸੇਵੀ ਸੰਸਥਾਵਾਂ, ਸਿਆਸੀ ਲੀਡਰਾਂ, ਸਮਾਜ ਸੇਵੀ ਕਾਰਜਕਰਤਾਵਾਂ, ਸੂਝਵਾਨ ਲੀਡਰਾਂ ਅਤੇ ਧਾਰਮਿਕ ਅਦਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਨਸ਼ਿਆਂ ਦੇ ਵਪਾਰੀਆਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਉਨ੍ਹਾਂ ਦੇ ਆਪਣੇ ਬੱਚੇ ਵੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਣਗੇ ਤਾਂ ਉਹਨਾਂ ਦੀ ਗਲਤ ਢੰਗ ਨਾਲ ਕੀਤੀ ਕਮਾਈ ਕਿਸ ਕੰਮ ਆਵੇਗੀ । ਜੇ ਕਾਲਜਾਂ ਵਿੱਚ ਯੂਨੀਫਾਰਮ ਲੱਗ ਜਾਵੇ ਤਾਂ ਨਸ਼ਿਆਂ ਦੇ ਗੈਂਗ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਵਿੱਚ ਨਿਖੇੜਾ ਆਸਾਨੀ ਨਾਲ ਹੋ ਸਕਦਾ ਹੈ ਤੇ ਉਹ ਸਕੂਲਾਂ ਨੇੜੇ ਗੇੜੇ ਕਢਦੇ ਪਛਾਣੇ ਜਾ ਸਕਣਗੇ। ਨਸ਼ਿਆਂ ਦੀ ਆਸਾਨੀ ਨਾਲ ਉਪਲੱਬਧਤਾ ਵੀ ਨਸ਼ਿਆਂ ਵੱਲ ਪ੍ਰੇਰਿਤ ਹੋਣ ਦਾ ਕਾਰਨ ਬਣਦੀ ਹੈ ਇਸ ਲਈ ਸਰਕਾਰ ਦੁਆਰਾ ਨਸ਼ਿਆ ਰਾਹੀਂ ਰੈਵੈਨਿਊ ਇਕੱਠਾ ਕਰਨ ਨਾਲੋਂ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ। ਨਸ਼ਿਆਂ ਵਿੱਚ ਫਸੇ ਨੌਜਵਾਨਾਂ ਦਾ ਮਾਨਸਿਕ ਅਤੇ ਸਰੀਰਕ ਇਲਾਜ ਕਰਵਾਉਣਾ ਤੇ ਹੋਰਾਂ ਨੂੰ ਇਸ ਬੀਮਾਰੀ ਤੋਂ ਬਚਾਉਣ ਲਈ ਗੰਭੀਰ ਉਪਰਾਲੇ ਕਰਨ ਦੀ ਲੋੜ ਹੈ। ਨਹੀਂ ਤਾਂ ਸਾਡੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਧੁੰਦਲਾ ਹੀ ਨਹੀਂ, ਹਨ੍ਹੇਰੇ ਭਰਿਆ ਹੋਵੇਗਾ।

## 8.4 ਅਭਿਆਸ ਲਈ ਕੁਝ ਪ੍ਰਸ਼ਨ

### 8.4.1. ਹੇਠ ਲਿਖੇ ਵਿਸ਼ਿਆਂ ਬਾਰੇ ਆਪਣੇ ਸ਼ਬਦਾਂ ਵਿਚ 500 ਸ਼ਬਦਾਂ ਦੀ ਪੈਰ੍ਹਾ-ਰਚਨਾ ਕਰੋ:-

(ੳ) ਸਾਡੀ ਵਿੱਦਿਆ ਪ੍ਰਣਾਲੀ ਦੀ ਅਜੋਕੀ ਸਥਿਤੀ

(ਅ) ਅਖ਼ਬਾਰਾਂ ਦੇ ਲਾਭ ਤੇ ਹਾਨੀਆਂ

(ੲ) ਇੰਟਰਨੈੱਟ

(ਸ) ਕੰਪਿਊਟਰ ਦਾ ਯੁੱਗ

(ਹ) ਵਿਗਿਆਨ ਦੀਆਂ ਕਾਢਾਂ

(ਕ) ਵਿਦਿਆਰਥੀ ਅਤੇ ਅਨੁਸ਼ਾਸਨ

(ਖ) ਵਿਦਿਆਰਥੀ ਅਤੇ ਰਾਜਨੀਤੀ

**8.5 ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ**

8.5.1 ਪੰਜਾਬੀ ਅਖ਼ਬਾਰ:

8.5.1.1 ਪੰਜਾਬੀ ਟ੍ਰਿਬਿਊਨ

8.5.1.2 ਅਜੀਤ

8.5.1.3 ਨਵਾਂ ਜ਼ਮਾਨਾ

8.5.2 ਮੈਗਜ਼ੀਨ (ਰਸਾਲੇ):

8.5.2.1 ਹੁਣ

8.5.2.2 ਫ਼ਿਲਹਾਲ

8.5.2.3 ਰਾਗ

8.5.2.4 ਸੰਵਾਦ

8.5.2.5 ਲਕੀਰ

8.5.3 ਇੰਟਰਨੈੱਟ ਸਮੱਗਰੀ

8.5.3.1 https://suhisaver.org/

8.5.3.2 https://www.wikipedia.org/

8.5.3. 3 https://punjabipedia.org/

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ–9 | **ਪੈਰ੍ਹਾ ਰਚਨਾ -ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ** |
|---|---|

## ਪਾਠ ਦੀ ਰੂਪ-ਰੇਖਾ

**9.0** ਭੂਮਿਕਾ

**9.1** ਮੰਤਵ

**9.2** ਪੈਰ੍ਹਾ ਰਚਨਾ ਦਾ ਨਮੂਨਾ (Model)

(ੳ) ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)

9.2.1 ਭੂਮਿਕਾ

9.2.2 ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ

9.2.3 ਸਾਰ-ਅੰਸ਼

**9.3** ਪੈਰ੍ਹਾ ਰਚਨਾ ਦਾ ਨਮੂਨਾ (Model)

(ਅ) ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ

**9.3.1** ਦੇਸ਼ ਪੰਜਾਬ

**9.3.2** ਪੰਜਾਬ ਦੀਆਂ ਰੁੱਤਾਂ

**9.3.3** ਪੰਜਾਬ ਦੇ ਰਸਮ-ਰਿਵਾਜ

**9.3.4** ਪੰਜਾਬ ਦੇ ਮੇਲੇ

**9.3.5** ਬਦਲ ਰਿਹਾ ਪੰਜਾਬੀ ਸਭਿਆਚਾਰ

**9.4** ਅਭਿਆਸ ਲਈ ਪ੍ਰਸ਼ਨ

**9.5** ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ

---

**9.0 ਭੂਮਿਕਾ:** ਸਭਿਆਚਾਰ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਂਚ ਦਾ ਨਾਂ ਹੈ। ਸਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ। ਪਦਾਰਥਕ, ਰਾਜਸੀ ਅਤੇ ਹੋਰ ਬਦਲਾਵ ਇਸ ਵਿੱਚ ਤਬਦੀਲੀ ਲਿਆਉਂਦੇ ਰਹਿੰਦੇ ਹਨ। ਪੰਜਾਬੀ ਸਭਿਆਚਾਰ ਦਾ ਅਸਲ ਸਰੂਪ ਵੀ ਇਸ ਗਤੀਸ਼ੀਲਤਾ ਵਿੱਚੋਂ ਪਛਾਣਨ ਦੀ ਲੋੜ ਹੈ। ਬਹੁਤੀ ਵਾਰ ਅਸੀਂ ਅਗਿਆਨਤਾ ਵੱਸ ਪ੍ਰਾਚੀਨਤਾ ਨੂੰ ਹੀ ਸਭਿਆਚਾਰ ਮੰਨਣ-ਮਨਾਉਣ ਦਾ ਯਤਨ ਕਰਦੇ ਹਾਂ। ਵਾਸਤਵ ਵਿੱਚ ਸਭਿਆਚਾਰ ਸੱਚੀ ਅਤੇ ਸੁੱਚੀ, ਵਡੇਰੀ ਅਤੇ ਸੂਝ ਭਰੀ ਸ਼ਖ਼ਸੀਅਤ ਸਿਰਜਣ ਲਈ ਮਨੁੱਖਾਂ ਵੱਲੋਂ ਉਸਾਰਿਆ ਗਿਆ ਇੱਕ ਸਾਂਝਾ ਪ੍ਰਬੰਧ ਹੈ। ਇਸੇ ਲੋੜ ਹਿਤ ਘਰ, ਪਰਿਵਾਰ, ਭਾਈਚਾਰਾ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ-ਪ੍ਰਬੰਧ, ਰੀਤੀ-ਰਿਵਾਜ਼, ਵਿਸ਼ਵਾਸ,

ਕਦਰਾਂ-ਕੀਮਤਾਂ, ਪ੍ਰਤਿਮਾਨ, ਕਲਾਵਾਂ, ਪਹਿਰਾਵਾ, ਹਾਰ-ਸ਼ਿੰਗਾਰ, ਲੋਕਧਾਰਾ ਅਤੇ ਅਜਿਹੀਆਂ ਹੋਰ ਵੰਨਗੀਆਂ ਦੀ ਸਿਰਜਣਾ ਹੁੰਦੀ ਆਈ ਹੈ। ਇਹ ਸਭ ਸਿਰਜਣਾਵਾਂ ਮਨੁੱਖ ਨੂੰ ਪਸ਼ੂਪੁਣੇ ਤੋਂ ਉੱਪਰ ਉਠਾ ਕੇ ਉਸਾਰੂ ਅਤੇ ਸੁਚਾਰੂ ਮਨੁੱਖ ਬਣਨ-ਬਣਾਉਣ ਲਈ ਸਿਰਜੇ ਗਏ ਵਸੀਲੇ ਹਨ। ਇਹ ਪਾਠ ਵਿਦਿਆਰਥੀਆਂ ਦੀ ਸਭਿਆਚਾਰ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਸਮਝ ਬਣਾਉਣ ਅਤੇ ਉਹਨਾਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਸਮਰੱਥ ਬਣਾਉਣ ਦੀ ਭਾਵਨਾ ਹਿੱਤ ਤਿਆਰ ਕੀਤਾ ਜਾ ਰਿਹਾ ਹੈ।

**9.1 ਪਾਠ ਦਾ ਮੰਤਵ:** ਇਸ ਪਾਠ ਦਾ ਮੰਤਵ ਵਿਦਿਆਰਥੀਆਂ ਦੇ ਗਿਆਨ ਅਤੇ ਸਿਰਜਣਾਤਮਕ ਸ਼ਕਤੀ ਨੂੰ ਵਧਾਉਣਾ ਹੈ। ਦੂਜਾ ਮੰਤਵ ਵਿਦਿਆਰਥੀ ਦੇ ਜੀਵਨ ਨੂੰ ਗਿਆਨ ਦੇ ਚਾਨਣ ਨਾਲ ਰੁਸ਼ਨਾਉਣਾ ਹੈ। ਗਿਆਨ ਰੂਪੀ ਪ੍ਰਕਾਸ਼ ਹੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ। ਅਸਲ ਵਿਚ ਗਿਆਨ ਵਿਕਾਸ ਦੀ ਨੀਂਹ ਹੈ। ਸੋ ਉਪਰੋਕਤ ਮੰਤਵਾਂ ਦੀ ਪੂਰਤੀ ਲਈ ਪੈਰ੍ਹਾ ਰਚਨਾ ਦਾ ਇਹ ਹਿੱਸਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ-ਨਾਲ ਉਹਨਾਂ ਦੀ ਸਿਰਜਣਾਮਕ ਸ਼ਕਤੀ ਅਤੇ ਸਮਰੱਥਾ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਪਾਠ ਦੀ ਨਾਲ ਉਹ ਜਿੱਥੇ ਨਵੇਂ ਵਿਸ਼ਿਆਂ ਪ੍ਰਤੀ ਆਪਣੀ ਸਮਝ ਬਣਾ ਸਕਣ ਉੱਥੇ ਇਸ ਸਮਝ ਨੂੰ ਪੈਰ੍ਹਾ ਰਚਨਾ ਵਿਚ ਪ੍ਰਗਟ ਕਰਨ ਦੇ ਸਮਰੱਥ ਵੀ ਹੋ ਸਕਣ।

**9.2 ਪੈਰ੍ਹਾ ਰਚਨਾ ਦਾ ਨਮੂਨਾ (Model)**

**{(ੳ) ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)}:** ਪੈਰ੍ਹਾ ਰਚਨਾ ਦੀ ਰੂਪ-ਰੇਖਾ ਵਿਚ ਸਭ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਭੂਮਿਕਾ ਲਿਖਣੀ ਹੈ, ਫਿਰ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ ਅਤੇ ਲੇਖ ਦੇ ਅੰਤ ਉੱਤੇ ਸਾਰ-ਅੰਸ਼ ਲਿਖਣਾ ਹੈ।

**9.3 ਪੈਰ੍ਹਾ ਰਚਨਾ ਦਾ ਨਮੂਨਾ (Model)**

**{(ਅ) ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ}:** ਪਿਆਰੇ ਵਿਦਿਆਰਥੀਓ ਓਪਰੋਕਤ ਰੂਪ-ਰੇਖਾ ਅਨੁਸਾਰ ਇਸ ਪਾਠ ਵਿਚ ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕੀਤੀ ਗਈ ਹੈ। ਇਸ ਪੈਰ੍ਹਾ ਰਚਨਾ ਦੇ ਮਾਡਲ ਨੂੰ ਧਿਆਨ ਵਿਚ ਰੱਖ ਕੇ ਤੁਸੀਂ ਹੋਰ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕਰਨੀ ਹੈ।

**4.4 ਅਭਿਆਸ ਲਈ ਪ੍ਰਸ਼ਨ:** ਪਾਠ ਦੇ ਅੰਤ ਵਿਚ ਅਭਿਆਸ ਲਈ ਕੁਝ ਪ੍ਰਸ਼ਨ ਦਿੱਤੇ ਗਏ ਹਨ ਜਿਹਨਾਂ ਦੇ ਉੱਤਰ ਓਪਰੋਕਤ ਰੂਪ-ਰੇਖਾ ਅਨੁਸਾਰ ਤੁਸੀਂ ਆਪ ਤਿਆਰ ਕਰਨੇ ਹਨ।

ਸਭਿਆਚਾਰਕ ਵਿਸ਼ਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਮਾਡਲ ਵਜੋਂ ਕੁਝ ਪੈਰ੍ਹਾ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:-

### 9.3.1 ਦੇਸ਼ ਪੰਜਾਬ

**ਭੂਮਿਕਾ:** ਪੰਜਾਬ ਉੱਤਰ-ਪੱਛਮੀ ਭਾਰਤ ਦਾ ਇੱਕ ਰਾਜ ਹੈ ਜੋ ਕਿ ਪੰਜਾਬ ਖੇਤਰ ਦਾ ਇੱਕ ਭਾਗ ਹੈ। ਇਸ ਦਾ ਦੂਸਰਾ ਭਾਗ ਪਾਕਿਸਤਾਨ ਵਿੱਚ ਹੈ। ਪੰਜਾਬ ਦਾ ਜੋ ਸਰੂਪ ਇਸ ਸਮੇਂ ਹੈ, ਉਹ ਨਵੰਬਰ 1966 ਵਿੱਚ ਹੋਂਦ ਵਿੱਚ ਆਇਆ ਸੀ। ਇਸ ਤੋਂ ਪਹਿਲਾਂ ਪੁਰਾਣੇ ਪੰਜਾਬ ਦਾ ਕਈ ਨਾਵਾਂ ਨਾਲ ਇਤਿਹਾਸ ਵਿੱਚ ਵਰਨਣ ਆਉਂਦਾ ਹੈ ਤੇ ਇਸਦੀ ਹੱਦਬੰਦੀ ਵਿੱਚ ਸਮੇਂ-ਸਮੇਂ ਪਰਿਵਰਤਨ ਆਉਂਦੇ ਹਨ। ਇਸ ਦੀ ਸਰਹੱਦ ਉੱਤਰ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ, ਉੱਤਰ-ਪੂਰਬ ਵਿੱਚ ਹਿਮਾਚਲ ਪ੍ਰਦੇਸ਼, ਦੱਖਣ-ਪੂਰਬ ਵਿੱਚ ਹਰਿਆਣਾ, ਦੱਖਣ-ਪੱਛਮ ਵਿੱਚ ਰਾਜਸਥਾਨ ਅਤੇ ਪੱਛਮ ਵਿੱਚ ਪਾਕਿਸਤਾਨੀ ਪੰਜਾਬ ਨਾਲ ਲੱਗਦੀ ਹੈ। ਰਾਜ ਦਾ ਖੇਤਰਫਲ 50,362 ਵਰਗ ਕਿਲੋਮੀਟਰ (19,445 ਵਰਗ ਮੀਲ) ਦਾ ਹੈ ਜੋ ਕਿ ਭਾਰਤ ਦੇ ਕੁਲ ਭੂਗੋਲਿਕ ਖੇਤਰ ਦਾ 1.53% ਹੈ। ਇਹ ਭਾਰਤ ਦਾ ਖੇਤਰ ਵਜੋਂ 20ਵਾਂ ਸਭ ਤੋਂ ਵੱਡਾ ਰਾਜ ਹੈ। ਇਸ ਦੀ ਰਾਜਧਾਨੀ ਚੰਡੀਗੜ੍ਹ ਹੈ।

**ਸਪਤ-ਸਿੰਧੂ:** ਸੱਤਾਂ ਦਰਿਆਵਾਂ ਦੀ ਇਹ ਧਰਤੀ ਸਪਤ-ਸਿੰਧੂ ਕਹਾਉਂਦੀ ਸੀ। ਸਮੇਂ ਦੇ ਫੇਰ ਨਾਲ ਇਹ ਵਿਸ਼ਾਲ ਸੂਬਾ ਪੰਜ-ਨਦੀਆਂ ਵਿੱਚ ਸਿਮਟ ਕੇ ਪੰਜ-ਨਦ ਅਖਵਾਇਆ, ਜੋ ਮੁਸਲਮਾਨਾਂ ਦੀ ਆਮਦ ਤੋਂ ਬਾਅਦ 'ਪੰਜ-ਆਬ' ਬਣ ਗਿਆ। ਸੰਨ 1947 ਈਸਵੀ ਵਿੱਚ ਇਹ ਢਾਈ-ਢਾਈ ਨਦੀਆਂ ਵਿੱਚ ਵੰਡਿਆ ਗਿਆ। ਆਰੀਆਂ ਲੋਕਾਂ ਦੇ ਆਉਣ ਤੋਂ ਪਹਿਲਾਂ ਇੱਥੇ ਦ੍ਰਾਵਿੜ ਲੋਕ ਰਹਿੰਦੇ ਸਨ । ਆਰੀਆਂ ਨੇ ਇੱਥੇ ਆ ਕੇ, ਇਸ ਇਲਾਕੇ ਵਿੱਚ ਵਗਦੇ ਸੱਤ ਦਰਿਆ (ਜਮਨਾ, ਸਤਲੁਜ, ਬਿਆਸ, ਰਾਵੀ, ਝਨਾਬ, ਜੇਹਲਮ, ਤੇ ਸਿੰਧ) ਦੇਖ ਕੇ ਇਸ ਦਾ ਨਾਮ 'ਸਪਤ ਸਿੰਧੂ' ਰੱਖਿਆ । ਮਗਰੋਂ ਜਮਨਾ ਤੇ ਸਿੰਧ ਦਰਿਆਵਾਂ ਦੇ ਨਿਖੜਨ ਨਾਲ, ਇਸਨੂੰ 'ਪੰਚ ਨੱਦ' (ਸੰਸਕ੍ਰਿਤ ਵਿੱਚ ਨਾਂ) ਕਿਹਾ ਜਾਣ ਲੱਗ ਪਿਆ। 1947 ਈ. ਵਿੱਚ ਭਾਰਤ ਦੇ ਆਜ਼ਾਦ ਹੋਣ ਸਮੇਂ ਪੰਜਾਬ ਦੀ ਵੰਡ ਹੋਈ ।

**ਪੰਜਾਬ ਦੀਆਂ ਰਿਆਸਤਾਂ ਦਾ ਹਿੱਸਾ:** ਪੰਜਾਬ ਨੂੰ 1956 ਈ. ਵਿੱਚ ਪਟਿਆਲਾ ਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ ਨੂੰ ਇਸ ਨਾਲ ਮਿਲਾ ਦਿੱਤਾ ਗਿਆ। ਪਹਿਲੀ ਨਵੰਬਰ 1966 ਈ. ਨੂੰ ਨਿਰੋਲ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰ-ਗਠਨ ਕੀਤਾ ਗਿਆ। ਇਸ ਵਿੱਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਫ਼ਿਰੋਜ਼ਪੁਰ, ਕਪੂਰਥਲਾ, ਲੁਧਿਆਣਾ, ਪਟਿਆਲਾ, ਸੰਗਰੂਰ, ਤੇ ਬਠਿੰਡਾ ਆਦਿ ਨੂੰ ਸ਼ਾਮਿਲ ਕੀਤਾ ਗਿਆ। ਪਹਾੜੀ ਬੋਲੀ ਵਾਲੇ ਇਲਾਕਿਆਂ – ਕਾਂਗੜਾ, ਸ਼ਿਮਲਾ, ਡਲਹੌਜ਼ੀ ਤੇ ਅੱਧਾ ਊਨਾ ਨੂੰ ਹਿਮਾਚਲ ਪ੍ਰਦੇਸ਼ ਨਾਲ ਮਿਲਾ ਦਿੱਤਾ ਗਿਆ । ਹਰਿਆਣਵੀ ਬੋਲੀ ਦੇ ਜ਼ਿਲ੍ਹਿਆਂ – ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਮਹਿੰਦਰਗੜ੍ਹ ਤੇ ਗੁੜਗਾਵਾਂ ਨੂੰ ਨਿਖੇੜ ਕੇ, ਇੱਕ ਨਵਾਂ ਪ੍ਰਾਂਤ ਹਰਿਆਣਾ ਬਣਾਇਆ ਗਿਆ।

ਪੰਜਾਬ ਦੀ ਅਬਾਦੀ ਅਤੇ ਸਾਖ਼ਰਤਾ: 2011 ਦੀ ਭਾਰਤੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੀ ਕੁੱਲ ਆਬਾਦੀ 2,77,43,338 ਹੈ, ਜੋ ਕਿ ਪੂਰੇ ਭਾਰਤ ਦਾ 2.29% ਹੈ। ਜਿਸ ਵਿੱਚੋਂ ਪੁਰਸ਼ਾਂ ਦੀ ਗਿਣਤੀ 1,46,39,465 ਹੈ ਅਤੇ ਇਸਤਰੀਆਂ ਦੀ ਗਿਣਤੀ 1,31,03,873 ਹੈ। ਪੰਜਾਬ ਦੀ 15-20% ਆਬਾਦੀ ਹੁਣ ਹੋਰ ਸੂਬਿਆਂ ਤੋਂ ਆਏ ਹੋਏ

ਪ੍ਰਵਾਸੀਆਂ ਦੀ ਹੈ। ਪ੍ਰਾਂਤ ਦੀ ਸਾਖ਼ਰਤਾ ਦਰ 75.84% ਹੈ: ਪੁਰਸ਼ ਸਾਖ਼ਰਤਾ 80.44% ਅਤੇ ਇਸਤਰੀ ਸਾਖ਼ਰਤਾ 70.73% ਹੈ। ਆਬਾਦੀ ਦੇ ਆਧਾਰ 'ਤੇ ਪੰਜਾਬ ਦਾ ਸਭ ਤੋਂ ਵੱਡਾ ਜ਼ਿਲ੍ਹਾ ਲੁਧਿਆਣਾ ਹੈ ਅਤੇ ਸਭ ਤੋਂ ਛੋਟਾ ਬਰਨਾਲਾ ਹੈ।

**ਗੁਰੂਆਂ, ਪੀਰਾ-ਫ਼ਕੀਰਾ ਅਤੇ ਯੋਧਿਆਂ ਦੀ ਧਰਤੀ:** ਦੇਸ਼ ਭਗਤੀ ਦੇ ਮਾਮਲੇ ਵਿੱਚ ਪੰਜਾਬ ਦਾ ਕੋਈ ਸਾਨੀ ਨਹੀਂ। ਪੰਜਾਬ ਗੁਰੂਆਂ-ਅਵਤਾਰਾਂ, ਪੀਰਾ-ਫ਼ਕੀਰਾ, ਯੋਧਿਆਂ, ਸ਼ਹੀਦਾਂ ਤੇ ਸਤੀਆਂ-ਨਾਰਾਂ ਦਾ ਦੇਸ਼ ਹੈ । ਇੱਥੇ ਵੇਦਾਂ ਦੀ ਰਚਨਾ ਹੋਈ, ਜਿਨ੍ਹਾਂ ਨੇ ਰੱਬੀ ਸੰਦੇਸ਼ ਨੂੰ ਘਰ-ਘਰ ਪਹੁੰਚਾਇਆ। ਰਾਮ, ਕ੍ਰਿਸ਼ਨ, ਲਵ ਤੇ ਕੁਸ਼ ਦੇ ਪੈਰਾਂ ਦੇ ਨਿਸ਼ਾਨ ਵੀ ਇੱਥੇ ਹੀ ਮਿਲਦੇ ਹਨ । ਇਹ ਉਹ ਪਵਿੱਤਰ ਧਰਤੀ ਹੈ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ ਅਤੇ ਸਮੁੱਚੇ ਸੰਸਾਰ ਨੂੰ ਜੀਵਨ-ਜਾਂਚ ਦਾ ਨਵਾਂ ਨਰੋਆਂ ਮਾਰਗ ਦੱਸਿਆ। ਇਸਦੇ ਚੱਪੇ-ਚੱਪੇ ਤੋਂ ਪੀਰ-ਫ਼ਕੀਰ ਤੇ ਮਹਾਤਮਾ ਪੁਰਖ ਹੋਏ ਹਨ, ਜਿਨ੍ਹਾਂ ਦੀਆਂ ਯਾਦਗਾਰਾਂ ਅੱਜ ਇਸਦੀ ਸ਼ੋਭਾ ਵਧਾ ਰਹੀਆਂ ਹਨ। ਇਥੋਂ ਦੇ ਬਹਾਦਰ ਸਪੂਤਾਂ ਨੇ ਦੇਸ਼ ਦੀ ਆਜ਼ਾਦੀ ਲਈ ਹੱਸ-ਹੱਸ ਕੇ ਆਪਣੀਆਂ ਜਾਨਾਂ ਵਾਰੀਆਂ।

**ਖੇਤੀ ਪ੍ਰਧਾਨ ਸੂਬਾ:** ਪੰਜਾਬ ਦਾ ਸਭ ਤੋਂ ਵੱਡਾ ਉਦਯੋਗ ਖੇਤੀਬਾੜੀ ਹੈ। ਇਹ ਭਾਰਤ ਦਾ ਸਭ ਤੋਂ ਵੱਡਾ ਕਣਕ ਉਤਪਾਦਕ ਹੈ। ਕਣਕ ਦੀ ਸਭ ਤੋਂ ਵੱਧ ਪੈਦਾਵਾਰ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਹੁੰਦੀ ਹੈ। ਪੰਜਾਬ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ***ਖੰਨਾ*** ਵਿਖੇ ਹੈ। ਖੇਤੀ ਦੇ ਸੰਬਧ ਵਿੱਚ ਪੰਜਾਬ ਭਾਰਤ ਦੇ ਹੋਰ ਪ੍ਰਾਂਤਾਂ ਤੋਂ ਬਹੁਤ ਅੱਗੇ ਹੈ। ਇਥੇ ਕਣਕ, ਝੋਨਾ ਤੇ ਹੋਰ ਅਨਾਜਾਂ ਦੀ ਉਪਜ ਦਿਨੋ-ਦਿਨ ਵੱਧਦੀ ਜਾ ਰਹੀ ਹੈ। ਭਾਰਤ ਨੂੰ ਅੰਨ ਸੰਬੰਧੀ ਸਵੈ-ਨਿਰਭਰ ਬਣਾਉਣ ਵਿੱਚ ਇਸਨੇ ਸਲਾਹੁਣਯੋਗ ਹਿੱਸਾ ਪਾਇਆ ਹੈ। ਅੱਜ ਦੇ ਭਾਰਤ ਵਿੱਚ ਇਸਨੂੰ 'ਅੰਨਦਾਤਾ' ਕਹਿੰਦੇ ਹਨ ।

**ਪੰਜਾਬ ਦੇ ਪ੍ਰਮੁੱਖ ਉਦਯੋਗ:** ਵਿਗਿਆਨਕ ਸਾਜ਼ਾਂ, ਖੇਤੀਬਾੜੀ, ਖੇਡ ਅਤੇ ਬਿਜਲੀ ਸੰਬੰਧੀ ਮਾਲ, ਸਿਲਾਈ ਮਸ਼ੀਨਾਂ, ਮਸ਼ੀਨ ਸੰਦਾਂ, ਸਟਾਰਚ, ਸਾਈਕਲਾਂ, ਖਾਦਾਂ ਵਰਗੀਆਂ ਵਸਤਾਂ ਦਾ ਨਿਰਮਾਣ, ਵਿੱਤੀ ਰੁਜ਼ਗਾਰ, ਸੈਰ-ਸਪਾਟਾ ਅਤੇ ਦਿਉਦਾਰ ਦੇ ਤੇਲ ਅਤੇ ਖੰਡ ਦਾ ਉਤਪਾਦਨ ਹਨ। ਪੂਰੇ ਭਾਰਤ ਵਿੱਚ ਪੰਜਾਬ ਵਿਖੇ ਸਭ ਤੋਂ ਵੱਧ ਇਸਪਾਤ ਦੇ ਰਿੜ੍ਹਵੀਆਂ ਮਿੱਲਾਂ ਦੇ ਕਾਰਖਾਨੇ ਹਨ ਜੋ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਇਸਪਾਤ ਨਗਰੀ ਮੰਡੀ ਗੋਬਿੰਦਗੜ੍ਹ ਵਿਖੇ ਹਨ। ਇਸ ਨੂੰ ਸਟੀਲ ਦਾ ਘਰ ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਸਨਅਤੀ ਤਰੱਕੀ ਵੀ ਸ਼ਲਾਘਾਯੋਗ ਹੋ ਰਹੀ ਹੈ।

ਪੰਜਾਬ ਦੀ ਭਾਸ਼ਾ: ਪੰਜਾਬੀ ਪੰਜਾਬ ਦੀ ਰਾਜ-ਭਾਸ਼ਾ ਹੈ ਅਤੇ ਇਹ ਗੁਰਮੁਖੀ ਲਿੱਪੀ ਵਿੱਚ ਲਿਖੀ ਜਾਂਦੀ ਹੈ। ਲਗਭਗ ਪੰਦਰਾਂ ਕਰੋੜ ਲੋਕ ਇਸ ਸਮੇਂ ਇਸਨੂੰ ਬੋਲਦੇ ਹਨ । ਪੰਜਾਬੀ ਪਾਕਿਸਤਾਨ ਵਿੱਚ ਵੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਸੀ ਭਾਸ਼ਾ ਹੈ। ਇਹ ਹਿਮਾਚਲ ਪ੍ਰਦੇਸ਼, ਹਰਿਆਣਾ,ਦਿੱਲੀ ਅਤੇ ਪੱਛਮੀ ਬੰਗਾਲ ਦੀ ਦੂਜੀ ਸਰਕਾਰੀ ਭਾਸ਼ਾ ਹੈ। ਪੰਜਾਬੀ ਸਰਕਾਰੀ ਸ੍ਰੋਤਾਂ ਦੇ ਅਨੁਸਾਰ ਇੰਗਲੈਂਡ ਵਿੱਚ ਦੂਜੀ ਅਤੇ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਹ ਦੁਨੀਆਂ ਦੀ ਦਸਵੀਂ ਅਤੇ ਏਸ਼ੀਆ ਦੀ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦੀਆਂ ਭਾਰਤੀ ਪੰਜਾਬ ਵਿੱਚ ਪ੍ਰਮੁੱਖ ਉਪ-ਬੋਲੀਆਂ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਹਨ।

**ਪੰਜਾਬੀ ਸੱਭਿਆਚਾਰ:** ਪੰਜਾਬੀ ਸੱਭਿਆਚਾਰ ਦੀ ਵਿਸ਼ੇਸ਼ ਭੂਗੋਲਿਕ ਸਥਿਤੀ, ਨਿਵੇਕਲੇ ਜਲਵਾਯੂ ਅਤੇ ਇਤਿਹਾਸਿਕ ਉਤਰਾਵਾਂ-ਚੜ੍ਹਾਵਾਂ ਨੇ ਪੰਜਾਬੀ ਜੀਵਨ-ਜਾਂਚ ਦੇ ਕਈ ਅਜਿਹੇ ਦਿਲਚਸਪ ਅਤੇ ਸ਼ਕਤੀਸ਼ਾਲੀ ਪੱਖ ਉਸਾਰੇ ਹਨ, ਜੋ ਪੰਜਾਬੀਅਤ ਦੇ ਪਛਾਣ-ਚਿੰਨ੍ਹ ਬਣ ਗਏ ਹਨ। ਇਹ ਪੰਜਾਬੀਆਂ ਦੀ ਵੱਖਰੀ ਤਾਸੀਰ, ਚਰਿੱਤਰ, ਮਨੋਰਥਾਂ ਅਤੇ ਆਦਰਸ਼ਾਂ ਵਿੱਚ ਉਜਾਗਰ ਹੁੰਦੇ ਹਨ। ਉਪਜਾਊ ਭੂਮੀ ਕਾਰਨ ਭੁੱਖੇ ਮਰਨਾਂ ਪੰਜਾਬੀਆਂ ਦੇ ਹਿੱਸੇ ਨਹੀਂ ਆਇਆ ਪਰ ਨਾਲ

ਹੀ ਕਰੜੀ ਮਿਹਨਤ ਕਰਕੇ ਇਸ ਤੇ ਹੱਕ ਜਤਾਉਣ ਦੀ ਪ੍ਰਚੰਡ ਪ੍ਰਵਿਰਤੀ ਪੰਜਾਬੀਆਂ ਦਾ ਖ਼ਾਸਾ ਹੈ। ਕਿਰਤ ਕਰਨ ਨੂੰ ਮਾਣ ਸਮਝਣਾ ਅਤੇ ਕਿਰਤ ਕਮਾਈ ਉੱਤੇ ਹੱਕ ਜਤਾਉਣਾ ਇਹਨਾਂ ਦੀ ਖ਼ੂਬੀ ਹੈ।

**ਸਾਰ-ਅੰਸ਼:** ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਲਗਾਤਾਰ ਜੰਗਾਂ, ਯੁੱਧਾਂ ਦਾ ਅਖਾੜਾ ਬਣੇ ਰਹਿਣ ਕਾਰਨ ਪੰਜਾਬੀ ਉੱਜੜਦੇ ਰਹਿਣ ਤੇ ਫੇਰ ਵੱਸਣ ਦੀ ਅਨੋਖੀ ਜੀਵਨ-ਤਾਂਘ ਨਾਲ ਉਤਪੋਤ ਹਨ। ਸੱਭਿਆਚਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਧਰਤੀ ਉੱਤੇ ਉਹੀ ਲੋਕ ਟਿਕੇ ਹਨ ਜੋ ਨਾ ਯੁੱਧ ਤੋਂ ਡਰਦੇ ਸਨ, ਨਾ ਮੌਤ ਤੋਂ ਅਤੇ ਨਾ ਲੁੱਟੇ-ਪੁੱਟੇ ਜਾਣ ਤੋਂ, ਸਗੋਂ ਹਾਲਾਤ ਅਨੁਸਾਰ ਹਮੇਸ਼ਾਂ ਜੀਵਨ ਸੰਘਰਸ਼ ਕਰਨ ਨੂੰ ਤਿਆਰ ਰਹਿੰਦੇ ਸਨ। ਪੰਜਾਬੀ ਪਹਿਲ-ਕਦਮੀ ਕਰਨ ਵਾਲੇ ਹਨ।

## 9.3.2 ਪੰਜਾਬ ਦੀਆਂ ਰੁੱਤਾਂ

**ਭੂਮਿਕਾ:** ਪੰਜਾਬੀ ਸਹਿਜ-ਸੁਭਾਵਕ ਕਦੇ ਕੜਕਦੀ ਧੁੱਪ ਸਹਿਣ ਕਰਦੇ ਹਨ, ਕਦੇ ਅਤਿ ਦੀ ਸਰਦੀ ਦਾ ਸਾਹਮਣਾ ਕਰਦੇ ਹਨ, ਕਦੇ ਸੁਗੰਧਮਈ ਰੁੱਤ ਦਾ ਆਨੰਦ ਪ੍ਰਾਪਤ ਕਰਦੇ ਹਨ, ਕਦੇ ਪੱਤਝੜ ਨੂੰ ਹੰਢਾਉਂਦੇ ਹਨ ਅਤੇ ਕਦੇ ਬਰਸਾਤ ਰਾਣੀ ਦੀ ਰਿਮਝਿਮ 'ਚ ਭਿੱਜਦੇ ਰਹਿੰਦੇ ਹਨ। ਸਾਧਾਰਨ ਤੌਰ 'ਤੇ ਆਮ ਲੋਕ ਪੰਜਾਬ ਵਿੱਚ ਦੋ ਰੁੱਤਾਂ-ਇੱਕ ਗਰਮੀ ਦੀ ਅਤੇ ਦੂਜੀ ਸਰਦੀ ਦੀ ਮੰਨ ਲੈਂਦੇ ਹਨ ਪਰ ਸਾਡੇ ਵਸ਼ਿਸ਼ਟ ਗ੍ਰੰਥ, ਲੋਕ-ਵੇਦ ਅਤੇ ਹੋਰ ਵਿਰਾਸਤ-ਮੂਲਕ ਸਰੋਤ ਇਸ ਗੱਲ ਦੀ ਪੁਖ਼ਤਾ ਗਵਾਹੀ ਭਰਦੇ ਹਨ ਕਿ ਪੰਜਾਬ ਵਿੱਚ ਛੇ ਰੁੱਤਾਂ ਦੇ ਰਸ-ਰੰਗ ਨੂੰ ਮਾਣਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਇਸ ਲੇਖ ਵਿਚ ਪੰਜਾਬ ਦੀਆਂ ਰੁੱਤਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

**ਬਸੰਤ ਰੁੱਤ** : ਬਸੰਤ ਰੁੱਤ, ਮਨੁੱਖ ਜਾਤੀ ਦੇ ਹਰਸ਼ੋ-ਉਲਾਸ ਭਰਪੂਰ ਭਾਵਨਾਵਾਂ, ਉਦਗਾਰਾਂ, ਕੰਮਾਂ-ਧੰਦਿਆਂ, ਖੁਸ਼ੀਆਂ-ਖੇੜਿਆਂ ਆਦਿ ਨੂੰ ਜਨਮ ਦੇਣ, ਪ੍ਰਫੁੱਲਤ ਕਰਨ ਅਤੇ ਇਨ੍ਹਾਂ ਸਭਨਾਂ ਦੇ ਵਿਗਸਣ ਦੀ ਰੁੱਤ ਹੈ। ਹਿੰਦੀ, ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਅਨੇਕਾਂ ਕਵੀਆਂ ਨੇ ਇਸ ਰੁੱਤ ਦਾ ਆਪੋ-ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਵਰਣਨ ਕੀਤਾ ਹੈ।

ਆਧੁਨਿਕ ਪੰਜਾਬੀ ਕਾਵਿ ਦੇ ਮੋਢੀ ਉਸਰੱਈਏ ਲਾਲਾ ਧਨੀ ਰਾਮ ਚਾਤ੍ਰਿਕ ਨੇ ਇਸ ਰੁੱਤ ਵਿੱਚ ਖੇਤਾਂ 'ਚ ਸਰ੍ਹੋਂ ਦੇ ਫੁੱਲਾਂ ਦੇ ਖਿੜਨ ਦੇ ਦ੍ਰਿਸ਼ ਨੂੰ ਪੇਸ਼ ਕਰਦਿਆਂ ਖ਼ੂਬ ਕਿਹਾ ਹੈ:

***ਪੰਛੀਆਂ ਨੇ ਗਾਇਆ ਹਿੰਡੋਲ ਤੇ ਬਸੰਤ ਰਾਗ***
***ਚਿਰਾਂ ਪਿੱਛੋਂ ਰੱਬ ਨੇ ਮੁਰਾਦਾਂ ਨੇ ਵਿਖਾਲੀਆਂ।***
***ਕੇਸਰੀ ਦੁਪੱਟੇ ਨੂੰ ਬਸੰਤ ਕੌਰ ਪਹਿਨ ਜਦੋਂ,***
***ਡੋਰੇਦਾਰ ਨੈਣਾਂ ਵਿੱਚ ਸੁੱਟੀਆਂ ਗਲਾਲੀਆਂ।***

ਬਸੰਤ ਰੁੱਤ ਨੂੰ 'ਰੁੱਤਾਂ ਦੀ ਰਾਣੀ' ਆਖਿਆ ਜਾਂਦਾ ਹੈ। ਬਸੰਤ ਰੁੱਤ ਦੇ ਦਿਨੀਂ ਬਸੰਤੀ ਪਹਿਰਾਵਾ ਲੋਕਾਂ ਲਈ ਮਨਚਾਹਾ ਬਣ ਜਾਂਦਾ ਹੈ। ਗੱਭਰੂ ਬਸੰਤੀ ਰੰਗ ਦੀਆਂ ਪੱਗਾਂ ਬੰਨ੍ਹਦੇ ਹਨ ਅਤੇ ਹੋਰ ਕੱਪੜੇ ਵੀ ਇਸੇ ਰੰਗ 'ਚ ਰੰਗਵਾ ਕੇ

ਜਾਂ ਖ਼ਰੀਦ ਕੇ ਪਹਿਨਦੇ ਹਨ। ਕੁੜੀਆਂ ਵੀ ਬਸੰਤੀ ਰੰਗ ਦੀਆਂ ਚੁੰਨੀਆਂ ਲੈਦੀਆਂ ਹਨ ਅਤੇ ਬਸੰਤੀ ਰੰਗ ਦੇ ਸੂਟ ਪਾਉਂਦੀਆਂ ਹਨ। ਲੋਕ-ਗੀਤਾਂ ਵਿੱਚ ਵੀ ਬਸੰਤ ਰੁੱਤ ਦਾ ਖ਼ੂਬ ਚਿਤਰਣ ਹੈ:

***"ਕਾਹਨੂੰ ਆ ਗਿਓਂ ਬਸੰਤੀ ਚੀਰਾ ਬੰਨ੍ਹ ਕੇ,***
***ਮਾਪਿਆਂ ਨੇ ਨਹੀਓਂ ਤੋਰਨੀ।"***

ਪੰਜਾਬੀ ਲੋਕ ਮਨਾਂ ਅਤੇ ਪੰਜਾਬ ਦੇ ਇਤਿਹਾਸ ਵਿੱਚ ਬਸੰਤ ਰੁੱਤ ਦਾ ਖ਼ੂਬ ਮਹੱਤਵ ਹੈ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਬਸੰਤ ਪੰਚਮੀ ਨੂੰ ਗੁਰੂ ਦੀ ਸੰਗਤ ਗੁਰਦੁਆਰਾ ਛੇਹਰਟਾ ਸਾਹਿਬ, ਅੰਮ੍ਰਿਤਸਰ ਵਿਖੇ ਆਇਆ ਕਰਦੀ ਸੀ। ਇਹ ਰੁੱਤ ਬਹਾਦਰੀ, ਸੂਰਮਗਤੀ ਅਤੇ ਅਣਖ-ਗ਼ੈਰਤ ਦੀ ਵੀ ਪ੍ਰਤੀਕ ਹੈ। ਅੰਗਰੇਜ਼ ਪ੍ਰਸ਼ਾਸਨ ਵੱਲੋਂ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਅਤੇ ਦੇਸ਼-ਭਗਤ ਬਾਬਾ ਰਾਮ ਸਿੰਘ ਨੂੰ 1873 ਈਸਵੀ ਵਿੱਚ ਬਸੰਤ ਪੰਚਮੀ ਵਾਲੇ ਦਿਨ ਦੇਸ਼ ਵਿੱਚੋਂ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਗਿਆ ਸੀ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਤੀਬਰ ਇੱਛਾ ਹੁੰਦੀ ਸੀ ਕਿ ਉਸ ਦੀ ਮਾਤਾ, ਉਸ ਨੂੰ ਅਣਖ-ਗ਼ੈਰਤ ਅਤੇ ਬਹਾਦਰੀ ਦੇ ਚਿੰਨ੍ਹ ਭਾਵ ਬਸੰਤੀ ਰੰਗ ਦਾ ਪਹਿਰਾਵਾ ਬਣਵਾ ਕੇ ਪਾਇਆ ਕਰੇ। ਇਸੇ ਕਰਕੇ ਭਗਤ ਸਿੰਘ ਸਦਾ ਸ੍ਰੀ ਬਿਸਮਿਕ ਦੁਆਰਾ ਰਚਿਆ ਬੀਰਰਸ ਭਰਪੂਰ ਇਹ ਗੀਤ ਅਕਸਰ ਗਾਉਂਦਾ ਹੁੰਦਾ ਸੀ:

***ਮੇਰਾ ਰੰਗ ਦੇ ਬਸੰਤੀ ਚੋਲਾ,***
***ਮਾਏ! ਰੰਗ ਦੇ ਬਸੰਤੀ ਚੋਲਾ।***

ਬਸੰਤ ਸਾਂਝੇ ਪੰਜਾਬ ਦੇ ਲੋਕਾਂ ਦਾ ਹਰਮਨ-ਪਿਆਰਾ ਤਿਉਹਾਰ ਰਿਹਾ ਹੈ। ਇਸ ਤਿਉਹਾਰ ਦੀ ਪਰੰਪਰਾ ਨੂੰ ਪ੍ਰਚਲਤ ਮਿਥਿਹਾਸ ਅਤੇ ਇਤਿਹਾਸ ਵਿੱਚੋਂ ਵੀ ਖ਼ੂਬ ਪਛਾਣਿਆ ਜਾ ਸਕਦਾ ਹੈ।

**ਗਰਮੀ ਦੀ ਰੁੱਤ:** ਸੰਜਮੀ ਰੁੱਤਾਂ 'ਚੋਂ ਸਭ ਤੋਂ ਤੱਤੀ ਰੁੱਤ ਹੁੰਦੀ ਹੈ ਜੋ ਬਸੰਤ ਅਤੇ ਪੱਤਝੜ ਦੀਆਂ ਰੁੱਤਾਂ ਵਿਚਕਾਰ ਆਉਂਦੀ ਹੈ। ਗਰਮੀਆਂ ਦੀ ਆਇਨੰਤ ਵੇਲੇ ਦਿਨ ਸਭ ਤੋਂ ਲੰਮੇ ਅਤੇ ਰਾਤਾਂ ਸਭ ਤੋਂ ਛੋਟੀਆਂ ਹੁੰਦੀਆਂ ਹਨ ਅਤੇ ਦਿਨਾਂ ਦੀ ਲੰਬਾਈ ਆਇਨੰਤ ਤੋਂ ਬਾਅਦ ਘਟਦੀ ਜਾਂਦੀ ਹੈ। ਗਰਮੀਂ ਜਾਂ ਹੁਨਾਲ਼ੇ ਦੇ ਅਰੰਭ ਦੀ ਮਿਤੀ ਪੌਣ-ਪਾਣੀ, ਰਵਾਇਤ ਅਤੇ ਸੱਭਿਆਚਾਰ ਮੁਤਾਬਕ ਬਦਲਦੀ ਰਹਿੰਦੀ ਹੈ ਪਰ ਜਦੋਂ ਉੱਤਰੀ ਅਰਧਗੋਲ਼ੇ ਵਿੱਚ ਗਰਮੀ ਹੁੰਦੀ ਹੈ ਤਾਂ ਦੱਖਣੀ ਅਰਧਗੋਲ਼ੇ ਵਿੱਚ ਸਿਆਲ ਚੱਲ ਰਿਹਾ ਹੁੰਦਾ ਹੈ।

**ਵਰਖਾ ਰੁੱਤ:** ਪੰਜਾਬ ਵਿਚ ਵਰਖਾ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਇਸਦਾ ਸੰਬੰਧ ਇੱਕ ਪਾਸੇ ਕਿਸਾਨੀ ਨਾਲ ਅਤੇ ਦੂਜੇ ਪਾਸੇ ਗਰਮੀਂ ਦੇ ਮੌਸਮ ਦੇ ਬਦਲਣ ਨਾਲ ਅਤੇ ਸਭਿਆਚਾਰਕ ਤੌਰ ਤੇ ਪੰਜਾਬ ਦੇ ਲੋਕਾਂ ਦੀਆਂ ਉਮੰਗਾਂ ਨਾਲ ਜੁੜਿਆ ਹੋਇਆ ਹੈ। ਗਰਮੀ ਦੀ ਰੁੱਤ ਪਿੱਛੋਂ, ਸਾਵਣ ਤੇ ਭਾਦਰੋਂ (ਜੁਲਾਈ, ਅਗਸਤ) ਵਿੱਚ ਵਰਖਾ ਰੁੱਤ ਆਉਂਦੀ ਹੈ। ਗਰਮੀ ਤੋਂ ਤ੍ਰਾਹੇ ਹੋਏ ਲੋਕ ਬੱਦਲਾਂ ਤੇ ਵਰਖਾ ਲਈ ਅਰਦਾਸਾਂ ਕਰਦੇ ਹਨ। ਉਨ੍ਹਾਂ ਦੀਆਂ ਅਰਦਾਸਾਂ ਤੇ ਪੁਕਾਰਾਂ ਸਾਵਣ ਦੇ ਮਹੀਨੇ ਸੁਣੀਆਂ ਜਾਂਦੀਆਂ ਹਨ। ਕਾਲੀਆਂ ਘਟਾਵਾਂ ਚੜ੍ਹ ਪੈਂਦੀਆਂ ਹਨ ਤੇ ਰਿਮ-ਝਿਮ ਹੋਣ ਲੱਗ ਪੈਂਦੀ ਹੈ। ਲੋਕ ਖੁਸ਼ੀ ਨਾਲ ਬਾਵਲੇ ਹੋ ਜਾਂਦੇ ਹਨ। ਮੀਂਹ ਗਰਮੀ ਨੂੰ ਝਾੜ ਦਿੰਦਾ ਹੈ। ਮੋਰ ਤੇ ਬੰਬੀਹੇ ਕੂਕਣ ਲੱਗਦੇ ਹਨ। ਕੋਇਲ ਕੂ-ਕੂ ਕਰਦੀ ਹੈ। ਬ੍ਰਿਛ-ਬੂਟੇ ਧੋਤੇ ਜਾਂਦੇ ਹਨ ਤੇ ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਹੋ ਜਾਂਦੀ ਹੈ। ਵਰਖਾ ਰੁੱਤ ਦੇ ਜੇ ਐਨੇ ਲਾਭ ਹਨ ਤਾਂ ਕਈ ਵਾਰ ਦੁਖਦਾਈ ਵੀ ਸਿੱਧ ਹੁੰਦੀ ਹੈ। ਬਹੁਤੀਆਂ ਬਾਰਿਸ਼ਾਂ ਨਾਲ ਨਦੀਆਂ ਵਿੱਚ ਹੜ੍ਹ ਆ ਜਾਂਦੇ ਹਨ। ਪਿੰਡਾਂ ਦੇ

ਪਿੰਡ ਇਸਦੀ ਮਾਰ ਹੇਠ ਆ ਜਾਂਦੇ ਹਨ। ਜਾਨ ਤੇ ਮਾਲ, ਦੋਹਾਂ ਦੀ ਤਬਾਹੀ ਹੋ ਜਾਂਦੀ ਹੈ। ਮੱਛਰਾਂ ਮੱਖੀਆਂ ਦੀ ਨਵੀਂ ਫੌਜ ਤਿਆਰ ਹੋ ਜਾਂਦੀ ਹੈ ਤੇ ਰੋਗਾਂ ਦਾ ਆਰੰਭ ਹੋ ਜਾਂਦਾ ਹੈ।

**ਹੇਮੰਤ ਰੁੱਤ:** ਬਰਸਾਤ ਦੀ ਰੁੱਤ ਬੀਤਣ ਮਗਰੋਂ ਅੱਸੂ-ਕੱਤਕ (ਸਤੰਬਰ-ਅਕਤੂਬਰ) ਵਿੱਚ ਗਰਮੀ ਘੱਟ ਜਾਂਦੀ ਹੈ ਤੇ ਸਰਦੀ ਦਾ ਆਰੰਭ ਹੋਣਾ ਸ਼ੁਰੂ ਹੋ ਜਾਂਦਾ ਹੈ। ਮੌਸਮ ਇੱਕ ਸਾਰ ਹੋ ਜਾਂਦਾ ਹੈ। ਰਾਤ ਵੇਲੇ ਸਰਦੀ ਤੇ ਦਿਨੇ ਕੁੱਝ ਗਰਮੀ ਹੁੰਦੀ ਹੈ। ਇਹ ਰੁੱਤ ਵੀ ਕਾਫ਼ੀ ਹਰਿਆਲੀ ਵਾਲੀ ਹੁੰਦੀ ਹੈ। ਬਰਸਾਤ ਦੇ ਮੌਸਮ ਦੀ ਹਰਿਆਲੀ ਘੱਟ ਜਾਂਦੀ ਹੈ ਅਤੇ ਸਰਦੀ ਕਾਰਨ, ਰੁੱਖਾ ਤੇ ਪੱਤੇ ਆਪਣਾ ਰੰਗ ਬਦਲਣ ਲੱਗਦੇ ਹਨ। ਇਸ ਰੁੱਤ ਨੂੰ ਤਿਉਹਾਰਾਂ ਦੀ ਰੁੱਤ ਵੀ ਕਿਹਾ ਜਾਂਦਾ ਹੈ। ਦੁਸ਼ਹਿਰਾ ਤੇ ਦੀਵਾਲੀ ਲਗਭਗ ਇਸੇ ਮੌਸਮ ਵਿੱਚ ਆਉਂਦੇ ਹਨ। ਮੌਸਮ ਠੀਕ ਹੋਣ ਕਰਕੇ, ਲੋਕੀ ਸੌਖੀ ਤਰ੍ਹਾਂ ਇਨ੍ਹਾਂ ਵਿੱਚ ਹਿੱਸਾ ਲੈ ਸਕਦੇ ਹਨ।

**ਸਰਦ ਰੁੱਤ** : ਹੇਮੰਤ ਜਾਂ ਹੁਨਾਲ ਦੀ ਰੁੱਤ ਬੀਤਣ ਮਗਰੋਂ ਸਰਦ ਰੁੱਤ ਆ ਜਾਂਦੀ ਹੈ। ਇਹ ਰੁੱਤ ਮੱਘਰ ਤੇ ਪੋਹ (ਨਵੰਬਰ, ਦਸੰਬਰ) ਵਿੱਚ ਆਪਣੇ ਸਿਖ਼ਰ ਦੇ ਹੁੰਦੀ ਹੈ। ਇਹ ਰੁੱਤ ਸਭ ਤੋਂ ਲੰਮੀ ਹੁੰਦੀ ਹੈ ਤੇ ਜਨਵਰੀ ਦੇ ਮਹੀਨੇ ਤੱਕ ਜਾਰੀ ਰਹਿੰਦੀ ਹੈ। ਇਸ ਮਹੀਨੇ ਵਿੱਚ ਤਾਪਮਾਨ, ਕਈ ਵਾਰ ਸਿਫ਼ਰ ਤੱਕ ਡਿਗ ਪੈਂਦਾ ਹੈ। ਪਹਾੜਾਂ ਉਤੇ ਬਰਫ਼ ਪੈਣ ਨਾਲ ਇੱਥੋਂ ਦਾ ਤਾਪਮਾਨ ਵੀ ਘੱਟ ਜਾਂਦਾ ਹੈ। ਲੋਕ ਪਾਲੇ ਨਾਲ ਠਰੂ-ਠਰੂ ਕਰਨ ਲੱਗਦੇ ਹਨ। ਗਰਮ ਕੱਪੜੇ ਪਾਏ ਜਾਂਦੇ ਹਨ। ਸ਼ਾਲਾਂ ਤੇ ਕੰਬਲਾਂ ਵਿੱਚ ਆਪਣੇ ਆਪ ਨੂੰ ਲੁਕਾਇਆਂ ਜਾਂਦਾ ਹੈ। ਬਰਫ਼ੀਲੀ ਹਵਾ ਹੱਡਾਂ ਨੂੰ ਚੀਰਦੀ ਜਾਂਦੀ ਹੈ। ਲੋਕ ਬਾਹਰ ਨਿਕਲਣ ਤੋਂ ਘਬਰਾਉਂਦੇ ਹਨ। ਰੁੱਖਾਂ ਦੇ ਪੱਤੇ ਸਰਦੀ ਨਾਲ ਪੀਲੇ ਹੋ ਜਾਂਦੇ ਹਨ। ਲੋਕੀ ਚੁੱਲ੍ਹੇ ਤੇ ਹੀਟਰ ਬਾਲ ਕੇ ਨਿੱਘ ਲੈਣ ਦਾ ਯਤਨ ਕਰਦੇ ਹਨ। ਵਧੇਰੇ ਸਰਦੀ ਕਰਕੇ ਸੜਕਾਂ ਤੇ ਫੁੱਟਪਾਥਾਂ 'ਤੇ ਰਹਿਣ ਵਾਲੇ ਗਰੀਬ ਲੋਕ ਕਈ ਵਾਰ ਪਾਲੇ ਨਾਲ ਆਕੜ ਕੇ ਮੌਤ ਦੇ ਮੂੰਹ ਜਾ ਪੈਂਦੇ ਹਨ।

**ਪੱਤਝੜ ਰੁੱਤ** : ਸਰਦੀਆਂ ਮੁੱਕਣ ਤੇ ਪੱਤਝੜ ਦੀ ਰੁੱਤ ਆ ਜਾਂਦੀ ਹੈ। ਦਰੱਖਤਾਂ ਦੇ ਪੱਤੇ ਝੜਨ ਲੱਗਦੇ ਹਨ। ਬੂਟੇ ਸੁੱਕ ਜਾਂਦੇ ਹਨ। ਫੁੱਲ ਕੁਮ੍ਹਲਾ ਜਾਂਦੇ ਹਨ। ਬਾਗ਼-ਬਗੀਚੇ ਵੀਰਾਨ ਹੋ ਜਾਂਦੇ ਹਨ। ਮਾਘ ਦਾ ਮਹੀਨਾ ਸਰਦੀ ਦਾ ਹੁੰਦਾ ਹੈ ਪਰੰਤੂ ਫ਼ੱਗਣ ਵਿੱਚ ਸੂਰਜ ਦੇ ਕੁੱਝ ਉੱਚੇ ਹੋਣ ਨਾਲ ਸਰਦੀ ਘੱਟ ਲੱਗਦੀ ਹੈ ਅਤੇ ਬਸੰਤ ਰੁੱਤ ਦੇ ਆਸਾਰ ਪੈਦਾ ਹੋਣ ਲੱਗਦੇ ਹਨ। ਇਸ ਪ੍ਰਕਾਰ ਰੁੱਤਾਂ ਦਾ ਇਹ ਚੱਕਰ ਫਿਰ ਦੁਬਾਰਾ ਸ਼ੁਰੂ ਹੋ ਜਾਂਦਾ ਹੈ।

**ਸਾਰ-ਅੰਸ਼:** ਪੰਜਾਬ ਦੀਆਂ ਰੁੱਤਾਂ ਦੀ ਵੰਨ-ਸੁਵੰਨਤਾ ਇਸਨੂੰ ਵਿਲੱਖਣਤਾ ਤੇ ਸੁੰਦਰਤਾ ਪ੍ਰਦਾਨ ਕਰਦੀ ਹੈ। ਹਰ ਰੁੱਤ ਦਾ ਆਪਣਾ ਨਿਵੇਕਲਾ ਵਾਤਾਵਰਨ , ਪੈਦਾਵਾਰ, ਤੇ ਸੁਆਦ ਹੈ। ਫ਼ਸਲਾਂ ਤੇ ਫ਼ਲ ਵੀ ਹਰ ਰੁੱਤ ਦੇ ਵੱਖਰੇ-ਵੱਖਰੇ ਹਨ। ਮਨੁੱਖ ਦਾ ਸੁਭਾਅ ਹੈ ਕਿ ਉਹ ਇੱਕ ਰੁੱਤ ਦੇ ਸੁਆਦ ਤੇ ਸਖ਼ਤੀਆਂ ਤੋਂ ਬਾਅਦ ਦੂਜੀ ਰੁੱਤ ਦੀ ਕਾਮਨਾ ਕਰਦਾ ਹੈ। ਕੁਦਰਤ ਬੜੀ ਕਾਰਸਾਜ਼ ਹੈ। ਉਹ ਉਸਦੀਆਂ ਕਾਮਨਾਵਾਂ ਦੀ ਪੂਰਤੀ ਲਈ ਰੁੱਤਾਂ ਬਦਲਦੀ ਰਹਿੰਦੀ ਹੈ। ਪੰਜਾਬੀਆਂ ਨੂੰ ਇਹ ਅਵਸਰ ਹਰ ਸਾਲ ਕੁਦਰਤ ਵੱਲੋਂ ਆਪਣੇ ਆਪ ਮਿਲਦਾ ਰਹਿੰਦਾ ਹੈ।

### 9.3.3 ਪੰਜਾਬ ਦੇ ਰਸਮ-ਰਿਵਾਜ

**ਭੂਮਿਕਾ** : ਰਸਮ-ਰਿਵਾਜ, ਰਹੁ-ਰੀਤਾਂ ਤੇ ਸੰਸਕਾਰ ਭਾਈਚਾਰਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ, ਸੱਧਰਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ। ਸਮਾਜਿਕ ਜੀਵਨ ਦਾ ਤਾਣਾ-ਪੇਟਾ ਹੋਣ ਕਾਰਨ, ਰਸਮ-ਰਿਵਾਜ, ਕਿਸੇ ਵੀ ਸੱਭਿਆਚਾਰ ਦੇ ਜ਼ਰੂਰੀ ਅੰਗ ਹੁੰਦੇ ਹਨ। ਇਨ੍ਹਾਂ ਰਸਮਾਂ-ਰਿਵਾਜਾਂ ਜਾਂ ਸੰਸਕਾਰਾਂ ਤੋਂ ਲੋਕਾਂ ਦੀਆਂ ਸੱਧਰਾਂ, ਉਮੰਗਾਂ ਤੇ

ਭਾਈਚਾਰਕ ਜੀਵਨ ਦੇ ਪੱਧਰ ਦਾ ਪਤਾ ਲੱਗਦਾ ਹੈ। ਇਹ ਰਸਮ-ਰਿਵਾਜ ਵਧੇਰੇ ਕਰਕੇ ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ ਹੁੰਦੇ ਹਨ। ਪੰਜਾਬ ਦਾ ਸੱਭਿਆਚਾਰ ਰਸਮ-ਰਿਵਾਜ ਪੱਖੋਂ ਇੱਕ ਅਮੀਰ ਸੱਭਿਆਚਾਰ ਹੈ। ਪੰਜਾਬੀ ਹਰ ਸਮੇਂ ਤੇ ਸਥਿਤੀ ਵਿੱਚੋਂ ਖ਼ੁਸ਼ੀ ਪ੍ਰਾਪਤ ਕਰ ਹੀ ਲੈਂਦੇ ਹਨ ਤੇ ਸਮਾਜਿਕ ਕਾਰਜਾਂ ਨੂੰ ਵਿਧੀਬੱਧ ਤਰੀਕੇ ਦੁਆਰਾ ਸੰਪੰਨ ਕਰਦੇ ਹਨ। ਇੱਥੇ ਪੰਜਾਬ ਸੱਭਿਆਚਾਰ ਵਿਚਲੇ ਜਨਮ, ਵਿਆਹ-ਸ਼ਾਦੀ ਤੇ ਮੌਤ ਨਾਲ ਸੰਬੰਧਿਤ ਰਸਮਾਂ ਰਿਵਾਜਾਂ ਬਾਰੇ ਗੱਲ ਕੀਤੀ ਜਾਵੇਗੀ ।

**ਜਨਮ ਸੰਬੰਧੀ ਰਸਮ-ਰਿਵਾਜ** : ਜਣੇਪੇ ਦੀਆਂ ਰਸਮਾਂ ਵਿੱਚ ਜਣੇਪੇ ਤੋਂ ਪਿੱਛੋਂ ਬੱਚਾ ਤੇ ਜੱਚਾ ਨੂੰ ਧੂਫ਼ ਦਿੱਤੀ ਜਾਂਦੀ ਸੀ ਜਾਂ ਦੀਵਾ ਬਾਲ ਕੇ ਰੱਖਿਆ ਜਾਂਦਾ ਸੀ, ਜਿਹੜਾ ਦਸ ਦਿਨ ਲਗਾਤਾਰ ਜਲਦਾ ਰਹਿੰਦਾ ਸੀ। ਮੁੰਡਾ ਜੰਮਿਆਂ ਹੋਵੇ ਤਾਂ ਪਿੰਡ ਦੇ ਲਾਗੀ ਅਤੇ ਭਾਈਚਾਰੇ ਦੇ ਹੋਰ ਬੰਦੇ ਵਧਾਈਆਂ ਲੈ ਕੇ ਆ ਜਾਂਦੇ ਸਨ।

ਜਨਮ ਤੋਂ ਪਿੱਛੋਂ ਗੁੜ੍ਹਤੀ ਦੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਹੈ। ਬੱਚੇ ਨੂੰ ਦਿੱਤੀ 'ਗੁੜ੍ਹਤੀ' ਦਾ ਬੱਚੇ ਦੇ ਸੁਭਾਅ ਉੱਤੇ ਚੋਖਾ ਅਸਰ ਹੁੰਦਾ ਮੰਨਿਆ ਜਾਂਦਾ ਹੈ। ਗੁੜ੍ਹਤੀ ਮਿਸਰੀ ਦੀ ਡਲੀ ਜਾਂ ਕਿਸੇ ਬੱਕਰੀ ਦੇ ਦੁੱਧ ਦੀ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਦੇ ਸਮੇਂ ਤੱਕ ਮਾਂ ਆਪਣੇ ਬੱਚੇ ਨੂੰ ਦੁੱਧ ਨਹੀਂ ਚੁੰਘਾਉਂਦੀ।

ਜਣੇਪੇ ਤੋਂ ਪੰਜ ਦਿਨ ਪਿੱਛੋਂ 'ਪੰਜਵੀਂ-ਨਹਾਉਣ' ਦੀ ਰੀਤ ਨਿਭਾਈ ਜਾਂਦੀ ਹੈ। ਪੰਜਵੇਂ ਦਿਨ ਮਾਵਾਂ ਪਾਣੀ ਵਿੱਚ ਸੇਂਜੀ,ਮੇਥੀ ਜਾਂ ਵਣ ਦੇ ਪੱਤੇ ਉਬਾਲ ਕੇ ਨਹਾਉਂਦੀਆਂ ਹਨ। ਇਹ 'ਪੰਜਵੀਂ-ਨਹਾਉਣ' ਦਾਈ ਕਰਵਾਉਂਦੀ ਹੈ।

ਛੇਵੇਂ ਦਿਨ ਚੌਂਕ ਪੂਰ ਕੇ ਮਾਂ ਨੂੰ ਰੋਟੀ ਖੁਆਈ ਜਾਂਦੀ ਹੈ। ਇਸ ਰੀਤ ਨੂੰ ਪੰਜਾਬ ਵਿੱਚ 'ਛਟੀ' ਕਹਿੰਦੇ ਹਨ। ਇਸ ਵੇਲੇ ਮਾਂ ਰੱਜ ਕੇ ਖਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਜਿੰਨਾ ਨੀਅਤ ਭਰ ਕੇ ਖਾਏਗੀ, ਉਨੀ ਹੀ ਉਸ ਬੱਚੇ ਦੀ ਨੀਅਤ ਭਰੀ ਰਹੇਗੀ।

ਪੰਜਾਬ ਵਿੱਚ 'ਬਾਹਰ ਵਧਾਉਣ' ਦੀ ਰਸਮ ਤੇਰ੍ਹਵੇਂ ਦਿਨ ਕੀਤੀ ਜਾਂਦੀ ਹੈ। ਮੁੰਡਾ ਹੋਵੇ ਤਾਂ ਇਸੇ ਸਮੇਂ ਸਾਰੇ ਲਾਗੀ ਤੋਹਫ਼ੇ ਲੈ ਕੇ ਵਧਾਈਆਂ ਦੇਣ ਆਉਂਦੇ ਹਨ। ਘਰ ਵਾਲੇ ਲਾਗੀਆਂ ਨੂੰ ਲਾਗ ਦੇ ਕੇ ਭਾਈਚਾਰੇ ਵਿੱਚ ਪਾਣੀ ਦੀ ਗੜਵੀ ਲੈ ਕੇ ਬਾਹਰ ਜਾਂਦੀ ਹੈ। ਬਾਹਰੋਂ ਚੰਗੇ ਸ਼ਗਨਾਂ ਵਾਸਤੇ ਉਹ ਹਰਾ ਘਾਹ ਪੁੱਟ ਲਿਆਉਂਦੀ ਹੈ ਅਤੇ ਇਸ ਨੂੰ ਲਿਆ ਕੇ ਆਪਣੇ ਸਿਰ੍ਹਾਣੇ ਰਖ ਲੈਂਦੀ ਹੈ। ਇਹ ਘਾਹ ਹਰ ਪ੍ਰਕਾਰ ਉਸ ਦੀ ਰਾਖੀ ਕਰਦਾ ਮੰਨਿਆ ਜਾਂਦਾ ਹੈ।

ਮੁੰਡਾ ਹੋਵੇ ਤਾਂ ਬਹੁਤੀ ਥਾਈਂ ਇਸੇ ਦਿਹਾੜੇ ਦਾਦਕਿਆਂ ਨੂੰ ਨਾਈ ਦੇ ਹੱਥ ਦੁੱਬ, ਖੰਮਣੀ ਤੇ ਗੁੜ ਦੀ ਭੇਲੀ ਭੇਜਦੇ ਹਨ। ਥੋੜ੍ਹਾ ਬਹੁਤ ਸ਼ਗਨ ਬਾਕੀ ਅੰਗਾਂ-ਸਾਕਾਂ ਨੂੰ ਵੀ ਭੇਜਿਆ ਜਾਂਦਾ ਹੈ। ਉਂਞ ਭੇਲੀ ਪਹੁੰਚਣ ਤੇ ਮੁੰਡੇ ਦੇ ਨਾਨਕਿਆਂ ਵੱਲੋਂ 'ਛੂਛਕ' ਭੇਜਣ ਦਾ ਰਿਵਾਜ ਆਮ ਹੈ।

ਪੰਜਾਬ ਵਿੱਚ 'ਨਾਂ' ਰੱਖਣ' ਵਾਸਤੇ ਕੋਈ ਖਾਸ 'ਨਾਮ-ਸੰਸਕਾਰ' ਨਹੀਂ ਮਨਾਇਆ ਜਾਂਦਾ। ਕਈ ਵਾਰੀ ਭਰਾਈ ਜਿਹੜਾ ਨਾਮ ਦੱਸ ਦੇਵੇ ਰੱਖ ਲੈਂਦੇ ਹਨ ਤੇ ਕਈ ਵਾਰੀ ਆਪਣੀ-ਆਪਣੀ ਧਾਰਮਿਕ ਪੁਸਤਕ ਦਾ ਕੋਈ ਪੰਨਾ ਪਿੰਡ ਦੇ ਗ੍ਰੰਥੀ, ਮੌਲਵੀ ਜਾਂ ਪੰਡਤ ਤੋਂ ਖੁੱਲ੍ਹਵਾ ਕੇ ਪੰਨੇ ਦੇ ਪਹਿਲੇ ਅੱਖਰ ਤੋਂ ਕੋਈ ਨਾਂ ਰੱਖ ਲਿਆ ਜਾਂਦਾ ਹੈ।

ਹਿੰਦੂ ਪਰਿਵਾਰਾਂ ਵਿੱਚ 'ਮੁੰਡਨ ਸੰਸਕਾਰ' ਤੀਜੇ ਤੋਂ ਪੰਜਵੇਂ ਸਾਲ ਵਿੱਚ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਹ ਸੰਸਕਾਰ ਅਜਿਹੇ ਸਥਾਨ ਉੱਤੇ ਕੀਤਾ ਜਾਂਦਾ ਹੈ ਜਿੱਥੇ ਦੀ ਬੱਚੇ ਦੇ ਮਾਪਿਆਂ ਨੇ ਸੁੱਖ ਸੁੱਖੀ ਹੋਵੇ। ਮੁੰਡਨ ਤੋਂ ਪਿੱਛੋਂ, 'ਜਨੇਊ ਪਹਿਨਣ' ਤੱਕ ਪੰਜਾਬ ਦੇ ਹਿੰਦੂ ਆਮ ਤੌਰ ਤੇ ਹੋਰ ਕੋਈ ਵਿਸ਼ੇਸ਼ ਸੰਸਕਾਰ ਨਹੀਂ ਕਰਦੇ। ਜਿਸ ਤਰ੍ਹਾਂ ਹਿੰਦੂ ਜਨੇਊ ਪਹਿਨਦੇ ਹਨ ਉਸੇ ਤਰ੍ਹਾਂ ਸਿੱਖ ਅੰਮ੍ਰਿਤ ਛਕਦੇ ਹਨ।

ਪਰ ਇਹ ਸਾਰੇ ਚਾਉ-ਮਲ੍ਹਾਰ ਤੇ ਰਸਮਾਂ-ਰੀਤਾਂ ਮੁੰਡਿਆਂ ਲਈ ਹੀ ਕੀਤੀਆਂ ਜਾਂਦੀਆਂ ਸਨ। ਧੀ ਜੰਮਦੀ ਸੀ ਤਾਂ ਮਾਪਿਆਂ ਦੇ ਸਿਰ ਪਹਾੜ ਡਿੱਗ ਪੈਂਦਾ ਸੀ। ਨਾ ਕੋਈ ਵਧਾਈ ਦਿੰਦਾ ਸੀ ਤੇ ਨਾ ਹੀ ਕਿਸੇ ਨੂੰ ਲੱਡੂ ਵੰਡੇ ਜਾਂਦੇ ਸਨ। ਧੀਆਂ ਦਾ 'ਨਾਮ ਕਰਨ ਸੰਸਕਾਰ' ਵੀ ਕੋਈ ਨਹੀਂ ਸੀ ਹੁੰਦਾ, 'ਕੰਨ-ਵਿੱਧ ਸੰਸਕਾਰ' ਵੀ ਨਾਂ ਮਾਤਰ ਹੀ ਹੁੰਦਾ ਸੀ ਪਰ ਹੁਣ ਧੀਆਂ ਪ੍ਰਤੀ ਦ੍ਰਿਸ਼ਟੀਕੋਣ ਬਦਲ ਰਿਹਾ ਹੈ। ਛੋਟੇ ਪਰਿਵਾਰਾਂ ਦੀ ਲੋੜ ਨੇ ਮਾਪਿਆਂ ਦਾ ਹਰ ਬੱਚੇ ਪ੍ਰਤੀ ਰੁਝਾਨ ਬਦਲ ਦਿੱਤਾ ਹੈ। ਉਂਞ ਵੀ ਧੀਆਂ ਕਮਾਉਣ ਲੱਗ ਪਈਆਂ ਹਨ। ਕੁੜੀਆਂ ਦੇ ਸਵੈ-ਨਿਰਭਰ ਹੋ ਜਾਣ ਕਾਰਨ ਉਹਨਾਂ ਦਾ ਘਰ ਵਿੱਚ ਸਤਿਕਾਰਯੋਗ ਸਥਾਨ ਹੋ ਗਿਆ ਹੈ ਤੇ ਹੋ ਰਿਹਾ ਹੈ।

**ਵਿਆਹ ਨਾਲ ਸੰਬੰਧਿਤ ਰਸਮ-ਰਿਵਾਜ :** ਮੁੰਡੇ-ਕੁੜੀ ਦੇ ਜਵਾਨ ਹੋਣ ’ਤੇ ਵਿਆਹ ਦੀਆਂ ਰਸਮਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਪਹਿਲਾਂ, ‘ਰੋਕਣ’ ਜਾਂ ‘ਠਾਕਣ’ ਦੀ ਰਸਮ ਹੁੰਦੀ ਹੈ। ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਈਆ ਭੇਜ ਦਿੰਦੇ ਸਨ ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਕੁੜੀ ਵਾਲੇ ਨਾਈ ਦੇ ਹੱਥ ਖੰਮ੍ਰਣੀ, ਰੁਪਇਆ, ਮਿਸ਼ਰੀ ਦੇ ਪੰਜ ਕੁੱਜੇ, ਪੰਜ ਛੁਆਰੇ ਤੇ ਕੇਸਰ ਆਦਿ ਮੁੰਡੇ ਦੇ ਘਰ ਭੇਜ ਦਿੰਦੇ ਸਨ । ਉਥੇ ਪੰਚਾਇਤ ਦੀ ਹਾਜ਼ਰੀ ਵਿੱਚ, ਮੁੰਡੇ ਨੂੰ ਚੌਂਕੀ ਤੇ ਬਿਠਾਕੇ, ਨਾਈ ਕੇਸਰ ਦਾ ਟਿੱਕਾ ਲਗਾਉਂਦਾ ਸੀ । ਇੱਕ ਛੁਆਰਾ ਮੁੰਡੇ ਦੇ ਮੂੰਹ ਵਿੱਚ ਪਾ ਦਿੱਤਾ ਜਾਂਦਾ ਸੀ ਤੇ ਬਾਕੀ ਮੁੰਡੇ ਦੇ ਹਾਣੀਆਂ ਵਿੱਚ ਵੰਡ ਦਿੱਤੇ ਜਾਂਦੇ ਸਨ। ਦੂਜੇ ਪਾਸੇ ਮੁੰਡੇ ਵਾਲਿਆਂ ਵੱਲੋਂ, ਮੰਗੇਤਰ ਕੁੜੀ ਲਈ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮੌਲੀ, ਮਹਿੰਦੀ, ਅਨਾਜ ਤੇ ਛੁਆਰੇ ਆਦਿ ਭੇਜੇ ਜਾਂਦੇ ਸਨ। ਕੁੜੀ ਇਹ ਸਾਰੇ ਕੱਪੜੇ ਪਹਿਨ ਕੇ ਚੌਂਕੀ ਤੇ ਬੈਠ ਜਾਂਦੀ ਸੀ। ਬਾਕੀ ਸਾਮਾਨ ਉਸਦੀ ਝੋਲੀ ਵਿੱਚ ਪਾ ਕੇ ਮੂੰਹ ਨੂੰ ਛੁਆਰਾ ਲਾ ਦਿੱਤਾ ਜਾਂਦਾ ਸੀ ।

ਕੁੜਮਾਈ ਤੋਂ ਪਿੱਛੋਂ ‘ਵਿਆਹ ਦਾ ਸਾਹਾ’ ਲਿਖ ਕੇ, ਸ਼ਗਨਾਂ ਨਾਲ ਕੁੜੀ ਦੇ ਘਰ ਭੇਜ ਦਿੱਤਾ ਜਾਂਦਾ ਸੀ। ਉੱਥੇ ਪੰਚਾਇਤ ਦੀ ਹਾਜ਼ਰੀ ਵਿੱਚ ਸਾਹਾ ਸਭ ਦੇ ਸਾਹਮਣੇ ਪੜ੍ਹਿਆ ਜਾਂਦਾ ਸੀ ਤੇ ਲਾਗੀ ਨੂੰ ਲਾਗ ਦੇ ਕੇ ਵਾਪਸ ਭੇਜ ਦਿੱਤਾ ਜਾਂਦਾ ਸੀ। ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ ।

ਇੱਕ ਸਮਾਂ ਉਹ ਵੀ ਸੀ ਕਿ ਸੱਤ ਜਾਂ ਨੌਂ ਦਿਨ ਪਹਿਲਾਂ ‘ਕੜਾਹੀ ਚੜ੍ਹਾਈ’ ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜਾਹੀ ਵਿੱਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਂਦੀ ਤੇ ਉਹਨਾਂ ਨੂੰ ਵਿਆਹ ਦਾ ਦਿਨ ਦੱਸ ਆਉਂਦੀ। ਉਹ ‘ਨਾਨਕ ਛੱਕ’ ਦੀ ਤਿਆਰੀ ਕਰਨ ਲੱਗ ਜਾਂਦੇ। ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਜਾਂ ਮਾਂਈਏ ਦੀ ਹੁੰਦੀ ਸੀ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਮਿਲ੍ਹਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਵਿਆਹ ਵਾਲੇ ਦਿਨ ਤੱਕ ਲੱਗਦਾ ਰਹਿੰਦਾ ਸੀ।

ਜੰਞ ਚੜ੍ਹਨ ਵਾਲੇ ਮੁੰਡੇ ਨੂੰ ਨੁਹਾ ਧੁਆ ਕੇ, ਮਾਮਿਆਂ ਦੇ ਲਿਆਂਦੇ ਕੱਪੜੇ ਪੁਆਏ ਜਾਂਦੇ ਹਨ। ਘੋੜੀ ਚਾੜ੍ਹਿਆ ਜਾਂਦਾ ਹੈ । ਮੁੰਡਾ ਆਪਣੀਆਂ ਭਰਜਾਈਆਂ ਨੂੰ ਸੁਰਮਾ ਪਵਾਈ, ਭੈਣਾਂ ਨੂੰ ਵਾਂਗ ਫੜਾਈ ਦਿੰਦਾ ਹੈ। ਇਸ ਸਭ ਦੇ ਨਾਲ-ਨਾਲ ਸ਼ਗਨਾਂ ਦੇ ਗੀਤ ਵੀ ਚੱਲਦੇ ਰਹਿੰਦੇ ਹਨ। ਅਗਲੀ ਸਵੇਰ ਆਨੰਦ ਪੜ੍ਹਾਏ ਜਾਂਦੇ ਹਨ। ਪਹਿਲਾਂ ਦੁਪਹਿਰ ਦੀ ਰੋਟੀ ਸਮੇਂ ‘ਜੰਞ ਨੂੰ ਬੰਨ੍ਹ’ ਦਿੱਤਾ ਜਾਂਦਾ ਸੀ, ਫਿਰ ਕੋਈ ਸਿਆਣਾ ਜਾਂ ਕਵੀ ਕਵਿਤਾ ਗਾ ਕੇ, ਜੰਞ ਨੂੰ ਛਡਾਉਂਦਾ ਸੀ। ਸ਼ਾਮ ਨੂੰ ਜੰਞ ਵਾਪਸ ਆ ਜਾਦੀ ਹੈ। ਮੁੰਡੇ ਦੀ ਮਾਂ ਜੋੜੀ ਤੋਂ ਪਾਣੀ ਵਾਰ ਕੇ ਪੀਂਦੀ ਹੈ। ਅਗਲੀ ਸਵੇਰ ਗਾਨਾ ਖੇਡਣ ਤੇ ਗੋਤ ਕਨਾਲੇ ਦੀਆਂ ਰਸਮਾਂ ਹੁੰਦੀਆਂ ਹਨ।

ਅੱਜਕਲ੍ਹ ਜ਼ਮਾਨਾ ਕਾਫ਼ੀ ਬਦਲ ਗਿਆ ਹੈ। ਅੱਜਕਲ੍ਹ ਸਾਕ-ਸੰਬੰਧੀ ਰਿਸ਼ਤੇ ਕਰਾਉਂਦੇ ਹਨ। ਉਨ੍ਹਾਂ ਨੂੰ ਵਿਚੋਲੇ ਕਿਹਾ ਜਾਂਦਾ ਹੈ। ਅੱਗੇ ਨਾਲੋਂ ਦਿਖਾਵਾ ਵੱਧ ਗਿਆ ਹੈ ਤੇ ਕੁੱਝ ਵਿਆਹ ਸੰਬੰਧੀ ਰਸਮਾਂ ਵੀ ਬਦਲ ਗਈਆਂ ਹਨ ।

**ਮੌਤ ਨਾਲ ਸੰਬੰਧਿਤ ਸੰਸਕਾਰ :** ਜਨਮ ਅਤੇ ਵਿਆਹ ਦੀਆਂ ਮੁੱਖ ਰਸਮਾਂ ਤੋਂ ਪਿੱਛੋਂ ਅਕਾਲ ਚਲਾਣੇ ਜਾਂ ਮੌਤ ਦੀਆਂ ਰਸਮਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਵਿਅਕਤੀ ਦੇ ਪ੍ਰਾਣ ਤਿਆਗਣ ਤੋਂ ਪਿੱਛੋਂ ਔਰਤਾਂ ਘਰ ਵਿੱਚ ਵੈਣ ਪਾਉਣ ਲੱਗ ਜਾਂਦੀਆਂ ਹਨ ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ। ਸਾਰੇ ਉਸ ਦੇ ਚੰਗੇ ਅਮਲਾਂ ਦੀ ਸਿਫ਼ਤ ਕਰਦੇ ਹਨ।

ਫਿਰ ਮ੍ਰਿਤਕ ਨੂੰ ਆਖ਼ਰੀ ਇਸ਼ਨਾਨ ਕਰਵਾਇਆ ਜਾਂਦਾ ਹੈ। ਜੇ ਇਸਤਰੀ ਸੁਹਾਗਣ ਮਰੀ ਹੋਵੇ ਤਾਂ ਕੱਪੜਿਆਂ ਨਾਲ ਗਹਿਣੇ ਤੇ ਲਾਲ ਚੰਦੋਰੀ ਪਹਿਨਾ ਕੇ, ਹੱਥਾਂ ਪੈਰਾਂ ਨੂੰ ਮਹਿੰਦੀ ਤੇ ਹੋਠਾਂ ਨੂੰ ਦੰਦਾਸਾ, ਅੱਖਾਂ ਵਿੱਚ ਸੁਰਮਾ, ਵੀਣੀ ਵਿੱਚ ਚੂੜੀਆਂ ਤੇ ਮੱਥੇ ਉੱਤੇ ਬਿੰਦੀ ਲਾ ਕੇ ਅੰਤਮ ਯਾਤਰਾ ਲਈ ਤਿਆਰ ਕਰਦੇ ਹਨ। ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ। ਘਰ ਤੋਂ ਸਿਵਿਆਂ ਨੂੰ ਜਾਂਦੇ ਸਮੇਂ ਮ੍ਰਿਤਕ ਦੇ ਕਰੀਬੀ ਰਿਸ਼ਤੇਦਾਰ ਉਸ ਦੀ ਅਰਥੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਲਿਜਾਂਦੇ ਹਨ। ਘਰੋਂ ਤੁਰਨ ਸਮੇਂ ਰਸਮੀ ਤੌਰ ’ਤੇ ਉਸ ਦੀ ਮ੍ਰਿਤਕ ਦੇਹੀ ਤੋਂ ਪੈਸੇ ਵਾਰ ਕੇ ਉਸ ਦਾ ਭਾੜਾ ਜਾਂ ਕਿਰਾਇਆ ਉਤਾਰ ਦਿੱਤਾ ਜਾਂਦਾ ਹੈ।

ਅੱਧ ਮਾਰਗ ਤੋਂ ਪਿੱਛੋਂ ਇਸਤਰੀਆਂ ਉੱਥੇ ਹੀ ਬੈਠ ਜਾਂਦੀਆਂ ਹਨ ਤੇ ਮਰਦ ਅਰਥੀ ਨਾਲ ਚਲੇ ਜਾਂਦੇ ਹਨ। ਸ਼ਮਸ਼ਾਨ ਭੂਮੀ ਵਿੱਚ ਪਹੁੰਚ ਕੇ ਅਰਥੀ ਲਾਹ ਲੈਂਦੇ ਹਨ। ਚਿਖਾ ਵਾਸਤੇ ਲੱਕੜੀ ਚਿਣ ਲੈਂਦੇ ਹਨ। ਫਿਰ ਮ੍ਰਿਤਕ ਦੇਹੀ ਨੂੰ ਚਿਖਾ ਉੱਤੇ ਲਿਟਾ ਦਿੱਤਾ ਜਾਂਦਾ ਹੈ। ਇਸ ਤੋਂ ਪਿੱਛੋਂ ਵੱਡਾ ਪੁੱਤਰ ਆਪਣੇ ਹੱਥ ਵਿੱਚ ਲਾਂਬੂ ਲੈ ਕੇ ਸੱਜਿਉਂ ਖੱਬੇ ਨੂੰ ਇੱਕ ਗੇੜਾ ਅਰਥੀ ਦੇ ਦੁਆਲੇ ਕੱਢਦਾ ਹੈ। ਮ੍ਰਿਤਕ ਦੇ ਪੈਰਾਂ ਕੋਲ ਪਹੁੰਚ ਕੇ ਉਹ ਚਿਖਾ ਨੂੰ ਲਾਂਬੂ ਲਾ ਦਿੰਦਾ ਹੈ। ਅੱਗ ਲੱਗ ਜਾਣ ਤੇ ਅਰਥੀ ਨਾਲ ਆਏ ਸਾਰੇ ਆਦਮੀ ਦੂਰ ਜਾ ਕੇ ਖਲੋ ਜਾਂਦੇ ਹਨ। ਜਦ ਚਿਖਾ ਜਲ ਕੇ ਮੁਰਦੇ ਦੀ ਖੋਪਰੀ ਵਿਖਾਈ ਦੇਣ ਲਗ ਜਾਵੇ ਤਾਂ ਕੋਈ ਆਦਮੀ ਅਰਥੀ ਦਾ ਇੱਕ ਡੰਡਾ ਕੱਢ ਕੇ ਮੁਰਦੇ ਦੀ ਖੋਪਰੀ ਟਕੋਰਦਾ ਹੈ ਅਤੇ ਹਥਲਾ ਡੰਡਾ ਚਿਖਾ ਦੇ ਉੱਪਰੋਂ ਲਾਸ਼ ਦੇ ਪੈਰਾਂ ਤੋਂ ਪਾਰ ਸੁੱਟ ਦਿੰਦਾ ਹੈ। ਇਸ ਨੂੰ "ਕਪਾਲ ਕ੍ਰਿਆ" ਕਹਿੰਦੇ ਹਨ। ਕਪਾਲ ਕ੍ਰਿਆ' ਤੋਂ ਪਿੱਛੋਂ ਅਰਥੀ ਨਾਲ ਆਏ ਸਾਰੇ ਬੰਦੇ ਚਿਖਾ ਦੇ ਬਾਹਰ ਪਏ ਬਾਲਣ ਦੇ ਤੀਲਿਆਂ ਨੂੰ ਚਿਖਾ ਉੱਤੇ ਸੁੱਟਦੇ ਹਨ ਅਤੇ ਫਿਰ ਬਿਨਾਂ ਪਿਛਾਂਹ ਤੱਕਣ ਤੋਂ ਵਾਪਸ ਤੁਰ ਪੈਂਦੇ ਹਨ। ਸਾਰੇ ਆਦਮੀ ਇਹਨਾਂ ਚਿੰਨ੍ਹਾਂ ਰਾਹੀਂ ਮੁਰਦੇ ਨਾਲ ਆਪਣੇ ਸੰਬੰਧ ਤੋੜਦੇ ਹਨ। ਕਈ ਵਾਰੀ ਡੱਕਾ ਤੋੜਦੇ ਹਨ ਤੇ ਕਈ ਵਾਰੀ ਕੰਡਾ। ਕਈ ਨਿੰਮ ਦੀ ਪੱਤੀ ਚਬਾ ਕੇ ਮਰਨ ਵਾਲੇ ਨੂੰ ਆਪਣੇ ਵਾਸਤੇ ਨਿੰਮੋਂ ਕੌੜਾ ਕਰ ਦਿੰਦੇ ਹਨ, ਜਾਂ ਅੱਕ ਦਾ ਦੁੱਧ ਚੋ ਕੇ ਅੱਕੋਂ ਕੌੜਾ।

ਮੌਤ ਤੋਂ ਤੀਜੇ ਦਿਨ ਮੁਰਦੇ ਦੇ ਫੁੱਲ ਚੁਗਣ ਜਾਂਦੇ ਹਨ। ਫੁੱਲਾਂ ਨੂੰ ਹਰਿਦੁਆਰ ਜਾਂ ਕੀਰਤਪੁਰ ਸਾਹਿਬ ਜਲ ਪ੍ਰਵਾਹ ਕੀਤਾ ਜਾਂਦਾ ਹੈ। ਇਸ ਤੋਂ ਪਿੱਛੋਂ ਕੁਝ ਦਿਨ ਦੂਰ-ਨੇੜੇ ਦੀਆਂ ਮੁਕਾਣਾਂ ਆਉਂਦੀਆਂ ਹਨ। ਹੰਗਾਮੇ ਦੇ ਸਮੇਂ ਇੱਕ ਰਸਮ 'ਦਸਤਾਰਬੰਦੀ' ਦੀ ਕੀਤੀ ਜਾਂਦੀ ਹੈ। ਭਾਈਚਾਰੇ ਦੀ ਹਾਜ਼ਰੀ ਵਿੱਚ ਵੱਡਾ ਪੁੱਤਰ ਆਪਣੇ ਸਹੁਰਿਆਂ ਦੀ ਦਿੱਤੀ ਪੱਗ ਬੰਨ੍ਹਦਾ ਹੈ। ਇਸ ਤਰ੍ਹਾਂ ਉਹ ਆਪਣੇ ਪਿਤਾ ਦਾ ਵਾਰਸ ਬਣ ਜਾਂਦਾ ਹੈ।

ਜਿੱਥੋਂ ਤੱਕ ਮੁਸਲਿਮ ਭਾਈਚਾਰੇ ਦਾ ਸੰਬੰਧ ਹੈ, ਉਹਨਾਂ ਦੀਆਂ ਰਸਮਾਂ ਵਿੱਚ ਦੋ ਵੱਡੇ ਫਰਕ ਹਨ। ਉਹ ਅੰਮ੍ਰਿਤ-ਪਾਨ/ਜਨੇਉ ਦੀ ਥਾਂ ਸੁੰਨਤ ਦੀ ਰਸਮ ਕਰਦੇ ਹਨ ਤੇ ਮੌਤ ਉਪਰੰਤ ਮ੍ਰਿਤਕ ਦੇਹ ਨੂੰ ਅਗਨੀ ਭੇਟ ਕਰਨ ਦੀ ਥਾਂ

ਦਫ਼ਨਾਉਂਦੇ ਹਨ। ਇਸ ਤਰ੍ਹਾਂ ਜੀਵਨ-ਨਾਟਕ ਦੇ ਆਰੰਭ ਤੋਂ ਅੰਤ ਤੱਕ ਵਿਭਿੰਨ ਰਸਮ-ਰਿਵਾਜ ਕੀਤੇ ਜਾਂਦੇ ਹਨ। ਸਮੇਂ ਦੇ ਬਦਲਾਉ ਨਾਲ ਉਪਰ ਦੱਸੇ ਰਸਮ-ਰਿਵਾਜ਼ਾਂ ਵਿੱਚ ਵੀ ਕਿਤੇ-ਕਿਤੇ ਤਬਦੀਲੀ ਆਈ ਹੈ।

**ਸਾਰ-ਅੰਸ਼:** ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਰਸਮ-ਰਿਵਾਜ ਵਧੇਰੇ ਕਰਕੇ ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ ਹੁੰਦੇ ਹਨ। ਪੰਜਾਬ ਦੇ ਲੋਕ ਹਰ ਸਮੇਂ 'ਤੇ ਸਥਿਤੀ ਵਿੱਚੋਂ ਖੁਸ਼ੀ ਪ੍ਰਾਪਤ ਕਰ ਹੀ ਲੈਂਦੇ ਹਨ ਤੇ ਸਮਾਜਿਕ ਕਾਰਜਾਂ ਨੂੰ ਵਿਧੀਬੱਧ ਤਰੀਕੇ ਦੁਆਰਾ ਸੰਪੰਨ ਕਰਦੇ ਹਨ। ਜਨਮ, ਵਿਅਹ ਅਤੇ ਖਾਸਕਰ ਮੌਤ ਵਰਗੇ ਮੌਕਿਆਂ 'ਤੇ ਸੁਚੱਜਾ ਅਤੇ ਲੋਕ-ਪੱਖੀ ਵਿਵਹਾਰ ਕਰਨਾ ਪੰਜਾਬੀ ਲੋਕਾਂ ਦਾ ਮੂਲ ਖਾਸਾ ਹੈ।

### 9.3.4 ਪੰਜਾਬ ਦੇ ਮੇਲੇ

**ਭੂਮਿਕਾ:** ਪੰਜਾਬ ਦੇ ਮੇਲੇ ਇਸ ਦੇ ਲੋਕਾਂ ਦੇ ਰੀਤੀ ਰਿਵਾਜਾਂ ਅਤੇ ਅਮੀਰ ਸਭਿਆਚਾਰ ਦੀ ਗਵਾਹੀ ਭਰਦੇ ਹਨ। ਪੰਜਾਬ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ। ਇਹਨਾਂ ਦਾ ਸੰਬੰਧ ਸਾਡੇ ਸੱਭਿਆਚਾਰਕ, ਇਤਿਹਾਸਕ ਤੇ ਧਾਰਮਿਕ ਵਿਰਸੇ ਨਾਲ ਹੈ । ਇਨ੍ਹਾਂ ਵਿਚੋਂ ਕੁੱਝ ਮੇਲੇ ਤੇ ਤਿਉਹਾਰ ਕੌਮੀ ਪੱਧਰ ਦੇ ਹਨ, ਜਿਹੜੇ ਕਿ ਪੰਜਾਬ ਵਿੱਚ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ । ਵਿਸਾਖੀ, ਬਸੰਤ, ਦੁਸ਼ਹਿਰਾ, ਜਨਮ ਅਸ਼ਟਮੀ ਤੇ ਰਾਮ ਨੌਮੀ ਦੇ ਮੌਕਿਆਂ 'ਤੇ ਲੱਗਣ ਵਾਲੇ ਮੇਲੇ ਕੌਮੀ ਪੱਧਰ ਦੇ ਹਨ । ਇਨ੍ਹਾਂ ਤੋਂ ਬਿਨਾਂ ਪੰਜਾਬ ਵਿੱਚ ਭਿੰਨ-ਭਿੰਨ ਥਾਂਵਾਂ 'ਤੇ ਬਹੁਤ ਸਾਰੇ ਸਥਾਨਿਕ ਮੇਲੇ ਵੀ ਲਗਦੇ ਹਨ।

**ਮੇਲਿਆਂ ਤੇ ਤਿਉਹਾਰਾਂ ਦਾ ਦੇਸ਼:** ਪੰਜਾਬ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ। ਇਹਨਾਂ ਦਾ ਸੰਬੰਧ ਸਾਡੇ ਸੱਭਿਆਚਾਰਕ, ਇਤਿਹਾਸਕ ਤੇ ਧਾਰਮਿਕ ਵਿਰਸੇ ਨਾਲ ਹੈ। ਇਨ੍ਹਾਂ ਵਿਚੋਂ ਕੁੱਝ ਮੇਲੇ ਤੇ ਤਿਉਹਾਰ ਕੌਮੀ ਪੱਧਰ ਦੇ ਹਨ, ਜਿਹੜੇ ਕਿ ਪੰਜਾਬ ਵਿੱਚ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ। ਵਿਸਾਖੀ, ਬਸੰਤ, ਦੁਸ਼ਹਿਰਾ, ਜਨਮ ਅਸ਼ਟਮੀ ਤੇ ਰਾਮ ਨੌਮੀ ਦੇ ਮੌਕਿਆਂ 'ਤੇ ਲੱਗਣ ਵਾਲੇ ਮੇਲੇ ਕੌਮੀ ਪੱਧਰ ਦੇ ਹਨ। ਇਨ੍ਹਾਂ ਤੋਂ ਬਿਨਾਂ ਪੰਜਾਬ ਵਿੱਚ ਭਿੰਨ-ਭਿੰਨ ਥਾਂਵਾਂ 'ਤੇ ਬਹੁਤ ਸਾਰੇ ਸਥਾਨਿਕ ਮੇਲੇ ਵੀ ਗਲਦੇ ਹਨ। ਇਨ੍ਹਾਂ ਵਿਚੋਂ ਬਹੁਤੇ ਮੇਲੇ ਧਾਰਮਿਕ ਹਨ, ਜਿਹੜੇ ਕਿ ਪੀਰਾਂ, ਫ਼ਕੀਰਾਂ ਦੇ ਮਜ਼ਾਰਾਂ, ਦੇਵੀ-ਦੇਵਤਿਆਂ ਦੇ ਇਤਿਹਾਸਕ ਤੇ ਮਿਥਿਹਾਸਕ ਸਥਾਨਾਂ ਅਤੇ ਗੁਰਧਾਮਾਂ 'ਤੇ ਲਗਦੇ ਹਨ। ਇਨ੍ਹਾਂ ਮੇਲਿਆਂ ਦਾ ਪੰਜਾਬ ਵਿੱਚ ਭਾਰੀ ਮਹੱਤਵ ਹੈ ।

**ਕੌਮੀ ਪੱਧਰ ਦੇ ਮੇਲੇ:** ਕੌਮੀ ਪੱਧਰ ਦੇ ਜਿਹੜੇ ਮੇਲੇ ਪੰਜਾਬ ਵਿੱਚ ਲਗਦੇ ਹਨ , ਉਨ੍ਹਾਂ ਵਿੱਚ ਸਮੁੱਚੇ ਪੰਜਾਬੀ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਇਨ੍ਹਾਂ ਵਿੱਚੋਂ ਵਿਸਾਖੀ, ਬਸੰਤ, ਦੁਸਹਿਰਾ, ਜਨਮ-ਅਸ਼ਟਮੀ ਤੇ ਰਾਮ-ਨੌਮੀ ਦੇ ਮੇਲੇ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਵਿਸਾਖੀ ਦਾ ਮੇਲਾ ਬਹੁਤ ਹਰਮਨ-ਪਿਆਰਾ ਹੈ। ਇਹ ਮੇਲਾ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖ਼ੁਸ਼ੀ ਵਿੱਚ ਥਾਂ-ਥਾਂ 'ਤੇ ਲਗਦਾ ਹੈ। ਕਰਤਾਰਪੁਰ ਤੇ ਦਮਦਮਾ ਸਾਹਿਬ ਵਿੱਚ ਲੱਗਣ ਵਾਲੇ ਵਿਸਾਖੀ ਦੇ ਮੇਲੇ ਸਮੁੱਚੇ ਪੰਜਾਬ ਵਿਚ ਪ੍ਰਸਿੱਧ ਹਨ। ਉੱਤਰੀ ਭਾਰਤ ਦੇ ਪ੍ਰਸਿੱਧ ਤਿਉਹਾਰ ਦੁਸ਼ਹਿਰੇ ਦੇ ਮੌਕੇ 'ਤੇ ਲੱਗਣ ਵਾਲਾ ਮੇਲਾ ਵੀ ਪੰਜਾਬ ਵਿੱਚ ਥਾਂ-ਥਾਂ 'ਤੇ ਬੜੀ ਧੂਮ-ਧਾਮ ਨਾਲ ਲਗਦਾ ਹੈ। ਲੋਕ ਇਸ ਮੇਲੇ ਨੂੰ ਦੇਖਣ ਲਈ ਦੂਰੋਂ-ਦੂਰੋਂ ਆਉਂਦੇ ਹਨ। ਦਸਵੀਂ ਵਾਲੇ ਦਿਨ ਜਦੋਂ ਰਾਵਣ ਦੇ ਪੁਤਲੇ ਨੂੰ ਅੱਗ ਲਾਈ ਜਾਂਦੀ ਹੈ, ਤਾਂ ਇਸ ਮੌਕੇ ਉੱਪਰ ਮੇਲੇ ਵੇਖਣ ਵਾਲਿਆਂ ਦੀ ਚੋਖੀ ਭੀੜ ਹੁੰਦੀ ਹੈ। ਜਨਮ ਅਸ਼ਟਮੀ ਤੇ ਰਾਮ ਨੌਮੀ ਦੇ ਮੌਕੇ ਉੱਪਰ ਵੀ ਪੰਜਾਬ ਵਿੱਚ ਥਾਂ-ਥਾਂ ਮੰਦਰ ਸਜਦੇ ਹਨ ਤੇ ਬੜੀ ਧੂਮ-ਧਾਮ ਨਾਲ ਮੇਲੇ ਲੱਗਦੇ ਹਨ।

**ਸਥਾਨਿਕ ਮੇਲੇ**: ਕੌਮੀ ਪੱਧਰ ਦੇ ਇਹਨਾਂ ਮੇਲਿਆਂ ਤੋਂ ਬਿਨਾਂ ਪੰਜਾਬ ਦੇ ਭਿੰਨ-ਭਿੰਨ ਥਾਵਾਂ ’ਤੇ ਲੱਗਣ ਵਾਲੇ ਸਥਾਨਿਕ ਮੇਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ । ਇਨ੍ਹਾਂ ਵਿੱਚੋਂ ਕੁੱਝ ਮੇਲੇ ਤਾਂ ਸਮੁੱਚੇ ਪੰਜਾਬ ਤੇ ਇਸ ਤੋਂ ਬਾਹਰਲੇ ਪ੍ਰਾਂਤਾਂ ਦੇ ਲੋਕਾਂ ਦੀ ਦਿਲਚਸਪੀ ਦਾ ਕੇਂਦਰ ਵੀ ਬਣਦੇ ਹਨ, ਪਰੰਤੂ ਕੁੱਝ ਮੇਲਿਆਂ ਦਾ ਪ੍ਰਭਾਵ ਸੀਮਿਤ ਖੇਤਰਾਂ ਵਿੱਚ ਹੀ ਰਹਿੰਦਾ ਹੈ । ਹੇਠਾਂ ਪੰਜਾਬ ਵਿੱਚ ਲੱਗਣ ਵਾਲੇ ਕੁੱਝ ਪ੍ਰਸਿੱਧ ਮੇਲਿਆਂ ਦਾ ਸੰਖੇਪ ਰੂਪ ਵਿੱਚ ਉਲੇਖ ਕੀਤਾ ਜਾਂਦਾ ਹੈ–

**(ੳ) ਮਾਲਵੇ ਦੇ ਮੇਲੇ**:

ਛਪਾਰ ਦਾ ਮੇਲਾ: ਇਹ ਮੇਲਾ ਲੁਧਿਆਣੇ ਦੇ ਪਿੰਡ ਛਪਾਰ ਵਿਚ, ਭਾਦੋਂ ਮਹੀਨੇ ਦੀ ਚੌਧਵੀਂ ਦੀ ਚਾਨਣੀ ਰਾਤ ਵਾਲੇ ਦਿਨ ਲੱਗਦਾ ਹੈ। ਮੇਲੇ ਵਿਚ ਗੁੱਗੇ ਦੇ ਭਗਤ ਮਾੜੀ ਦੇ ਆਸ ਪਾਸ ਬੈਠ ਕੇ ਧਰਤੀ ਵਿਚੋਂ ਸੱਤ ਵਾਰੀ ਮਿੱਟੀ ਕੱਢਦੇ ਹਨ। ਲੋਕ ਵਿਸ਼ਵਾਸ ਹੈ ਕਿ ਮਿੱਟੀ ਕੱਢਣ ਨਾਲ ਗੁੱਗੇ ਦੀ ਮਿਹਰ ਹੋ ਜਾਂਦੀ ਹੈ ਤੇ ਫਿਰ ਸੱਪ ਲਾਗੇ ਨਹੀਂ ਆਉਂਦਾ। ਸੱਪਾਂ ਦੇ ਕੱਟੇ ਹੋਏ ਕਈ ਰੋਗੀ ਛਪਾਰ ਆਕੇ, ਮਾੜੀ ਦੀ ਮਿੱਟੀ ਨੂੰ ਜ਼ਖਮਾਂ ਉੱਪਰ ਲਗਾਉਂਦੇ ਹਨ। ਇਹ ਵੀ ਵਿਸ਼ਵਾਸ ਹੈ ਕਿ ਜੇ ਕਿਸੇ ਵਿਅਕਤੀ ਨੂੰ ਸੱਪ ਲੜ ਗਿਆ ਹੋਵੇ ਤਾਂ ਗੁੱਗੇ ਦੀ ਮਾੜ੍ਹੀ ਕੋਲ ਲਿਟਾ ਦੇਣ ਨਾਲ, ਉਹ ਪਲਾਂ ਵਿਚ ਨਵਾਂ-ਨਰੋਆ ਹੋ ਜਾਂਦਾ ਹੈ।

**ਜਰਗ ਦਾ ਮੇਲਾ**: ਜਰਗ ਦਾ ਮੇਲਾ ਚੇਤਰ ਦੇ ਮਹੀਨੇ ਪਹਿਲੇ ਮੰਗਲਵਾਰ ਨੂੰ ਪਿੰਡ ਜਰਗ ਵਿਚ ਸੀਤਲਾ ਦੇਵੀ ਨੂੰ ਖੁਸ਼ ਕਰਨ ਲਈ ਲਗਦਾ ਹੈ। ਜਿਨ੍ਹਾਂ ਬੱਚਿਆਂ ਨੂੰ ਮਾਤਾ ਨਿਕਲ ਆਉਂਦੀ ਹੈ, ਉਨ੍ਹਾਂ ਦੇ ਮਾਪਿਆਂ ਨੇ ਕੋਈ ਨਾ ਕੋਈ ਸੁੱਖਣਾ ਸੁੱਖੀ ਹੁੰਦੀ ਹੈ ਅਤੇ ਬਾਕੀ ਦੇ ਆਪਣੇ ਬੱਚਿਆਂ ਤੇ ਮਾਤਾ ਦੀ ਮਿਹਰ ਦੀ ਨਿਗਾਹ ਰੱਖਣ ਲਈ ਪੂਜਾ ਕਰਦੇ ਹਨ ਅਤੇ ਸੁੱਖਣਾ ਚੜ੍ਹਾਉਂਦੇ ਹਨ। ਇਸ ਨੂੰ 'ਬਹਿੜੀਏ' ਦਾ ਮੇਲਾ ਵੀ ਆਖਦੇ ਹਨ। ਇਹ ਮੇਲਾ ਜਰਗ ਨਾਂ ਦੇ ਪਿੰਡ ਵਿੱਚ ਮਾਤਾ ਰਾਣੀ ਦੇ ਮੰਦਰ ’ਤੇ ਲਗਦਾ ਹੈ । ਚੇਤ ਦੇ ਨਰਾਤਿਆਂ ਵਿੱਚ ਮੰਗਲਵਾਰ ਦੀ ਸਵੇਰ ਨੂੰ ਰਾਤ ਨੂੰ ਗੁਲਗੁਲੇ ਪਕਾ ਕੇ ਰੱਖੇ ਜਾਂਦੇ ਹਨ ਤੇ ਦੂਜੇ ਦਿਨ ਸਵੇਰੇ ਮਾਤਾ ਰਾਣੀ ਦੀ ਪੂਜਾ ਕਰਨ ਪਿੱਛੋਂ ਪਹਿਲਾਂ ਖੋਤੇ ਨੂੰ ਪ੍ਰਸ਼ਾਦ ਖੁਆਇਆ ਜਾਂਦਾ ਹੈ ਤੇ ਮਗਰੋਂ ਇਹ ਪ੍ਰਸ਼ਾਦ ਹੋਰਨਾਂ ਨੂੰ ਵੰਡਿਆ ਜਾਂਦਾ ਹੈ । ਇੱਥੇ ਮਾਤਾ ਰਾਣੀ ਦੀਆਂ ਭੇਟਾਂ ਗਾਈਆਂ ਜਾਂਦੀਆਂ ਹਨ। ਇਸ ਮੇਲੇ ਦੀ ਪ੍ਰਸਿੱਧੀ ਦਾ ਅੰਦਾਜ਼ਾ ਹੇਠ ਲਿਖੇ ਗੀਤ ਤੋਂ ਵੀ ਲਾਇਆ ਜਾ ਸਕਦਾ ਹੈ-

ਚੱਲ ਚੱਲੀਏ ਜਰਗ ਦੇ ਮੇਲੇ ।
ਮੁੰਡਾ ਤੇਰਾ ਮੈਂ ਚੁੱਕ ਲਊਂ ।

**ਮੁਕਤਸਰ ਦਾ ਮੇਲਾ**: ਮੁਕਤਸਰ ਦੀ ਮਾਘੀ ਦੇ ਨਾਂ ਨਾਲ ਜਾਣਿਆ ਜਾਂਦਾ ਮਾਘੀ ਦਾ ਮੇਲਾ ਪੰਜਾਬੀਆਂ ਲਈ ਖ਼ਾਸ ਇਤਿਹਾਸਕ ਅਤੇ ਧਾਰਮਿਕ ਮਹੱਤਵ ਰੱਖਦਾ ਹੈ | ਜਿਸ ਨੂੰ ਪੰਜਾਬ ਵਿੱਚ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘ ਦੇ ਮਹੀਨੇ ਦੀ ਪਹਿਲੀ ਤਾਰੀਖ਼ ਅਥਵਾ ਮਾਘ ਦੀ ਸੰਗਰਾਂਦ ਨੂੰ ਲੱਗਦਾ ਹੈ। 13 ਫਰਵਰੀ ਨੂੰ ਮਾਘ ਦੇ ਸਮੇਂ, ਖਿਦਰਾਣਾ ਦੇ ਤਬੇਲੇ ਵਿੱਚ ਇਹਨਾਂ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ, ਇਸ ਲਈ ਇਹ ਤਿਉਹਾਰ ਉਸ ਦਿਨ ਹੀ ਮਨਾਇਆ ਜਾਂਦਾ ਹੈ। ਇਸ ਮੇਲੇ ਨੂੰ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਯਾਦ ਕਰਨ ਦੇ ਪ੍ਰਯੋਜਨ ਵਜੋਂ ਵੀ ਮਨਾਇਆ ਜਾਂਦਾ ਹੈ| ਮੁਕਤਸਰ ਦੇ ਮੇਲੇ ਦਾ ਜ਼ਿਕਰ ਕਈ ਲੋਕ ਗੀਤਾਂ ਵਿੱਚ ਆਉਂਦਾ ਹੈ ਜਿਵੇਂ ਹੇਠਾਂ ਲਿਖੇ ਲੋਕ-ਗੀਤ ਅਤੇ ਬੋਲੀ ਵਿੱਚ ਦੇਖਿਆ ਜਾ ਸਕਦਾ ਹੈ।

ਲੈ ਚੱਲ ਵੇ ਨਣਦ ਦਿਆ ਵੀਰਾ, ਮੇਲੇ ਮੁਕਸਰ ਦੇ.......

**ਗੁਰਦੁਆਰਾ ਫਤਿਹਗੜ੍ਹ ਸਾਹਿਬ ਜੋੜ ਮੇਲਾ**: ਪੰਜਾਬ ਦੇ ਜ਼ਿਲ੍ਹੇ ਫ਼ਤਹਿਗੜ੍ਹ ਸਾਹਿਬ ਵਿੱਚ, ਗੁਰੂਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ, ਸ਼ਹੀਦੀ ਜੋੜ-ਮੇਲਾ ਦਸੰਬਰ ਦੇ ਮਹੀਨੇ ਵਿੱਚ ਕਰਵਾਇਆ ਜਾਂਦਾ ਹੈ।

**(ਅ) ਦੁਆਬੇ ਦੇ ਮੇਲੇ**

**ਆਨੰਦਪੁਰ ਸਾਹਿਬ ਦਾ ਹੋਲਾ-ਮਹੱਲਾ**: ਇਸ ਤੋਂ ਬਿਨਾਂ ਦੁਆਬੇ ਵਿੱਚ ਪ੍ਰਸਿੱਧ ਮੇਲਾ ਹੋਲੇ-ਮੁਹੱਲੇ ਦੇ ਮੌਕੇ ਉੱਤੇ ਆਨੰਦਪੁਰ ਸਾਹਿਬ ਵਿੱਚ ਲੱਗਦਾ ਹੈ। ਇਹ ਮੇਲਾ ਦੇਸ਼ਾ-ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਲਈ ਸ਼ਰਧਾ ਤੇ ਦਿਲਚਸਪੀ ਦਾ ਕੇਂਦਰ ਹੁੰਦਾ ਹੈ। ਦੁਆਬੇ ਦੇ ਕਸਬੇ ਕਰਤਾਰਪੁਰ ਦੀ ਵਿਸਾਖੀ ਆਲੇ-ਦੁਆਲੇ ਵਿੱਚ ਕਾਫ਼ੀ ਪ੍ਰਸਿੱਧ ਹੈ। ਆਦਮਪੁਰ ਲਾਗੇ ਬਾਬੇ ਸੂਸਾਂ ਵਾਲੇ ਦਾ ਪ੍ਰਸਿੱਧ ਮੇਲਾ ਲਗਦਾ ਹੈ।

**ਬਾਬੇ ਸੋਢਲ ਦਾ ਮੇਲਾ**: ਦੁਆਬੇ ਦੇ ਮੇਲਿਆਂ ਵਿੱਚ ਜਲੰਧਰ ਵਿੱਖੇ ਲੱਗਣ ਵਾਲਾ ਬਾਬੇ ਸੋਢਲ ਦਾ ਮੇਲਾ ਬਹੁਤ ਪ੍ਰਸਿੱਧ ਹੈ। ਇਹ ਮੇਲਾ ਅੱਸੂ ਦੇ ਮਹੀਨੇ ਵਿੱਚ ਲਗਦਾ ਹੈ। ਇਹ ਤੜਕੇ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਦਿਨ ਭਰ ਖ਼ੂਬ ਭਰਿਆ ਰਹਿੰਦਾ ਹੈ। ਲੋਕ ਬਾਬੇ ਸੋਢਲ ਦੇ ਮੰਦਰ ਵਿੱਚ ਜਾ ਕੇ ਪ੍ਰਸ਼ਾਦ ਚੜ੍ਹਾਉਂਦੇ ਤੇ ਮੰਨਤਾਂ ਮੰਨਦੇ ਹਨ। ਇਸ ਮੇਲੇ ਵਿੱਚ ਭਾਗ ਲੈਣ ਲਈ ਲੋਕ ਦੂਰੋਂ-ਦੂਰੋਂ ਆਉਂਦੇ ਹਨ। ਅਨੇਕ ਲੋਕ ਬਾਬੇ ਸੋਢਲ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਦਾਨ-ਪੁੰਨ ਕਰਦੇ ਹਨ।

**(ੲ) ਮਾਝੇ ਦੇ ਮੇਲੇ:**

**ਅਚਲ ਦਾ ਮੇਲਾ**: ਮਾਝੇ ਦੇ ਮੇਲਿਆਂ ਵਿੱਚੋਂ ਅਚਲ (ਬਟਾਲੇ ਨੇੜੇ) ਵਿਖੇ ਲੱਗਣ ਵਾਲਾ ਮੇਲਾ ਬਹੁਤ ਪ੍ਰਸਿੱਧ ਹੈ। ਇਹ ਮੇਲਾ ਰਾਮਨੌਮੀ ਦੇ ਮੌਕੇ ’ਤੇ ਲਗਦਾ ਹੈ। ਪੁਰਾਣੇ ਸਮੇਂ ਵਿੱਚ ਅਚਲ ਵਿਖੇ ਜੋਗੀਆਂ ਦਾ ਭਾਰੀ ਕੇਂਦਰ ਸੀ। ਮੇਲੇ ਤੋਂ ਕੁੱਝ ਦਿਨ ਪਹਿਲਾਂ ਇੱਥੋਂ ਦੇ ਸਰੋਵਰ ਦੇ ਚਾਰੇ ਪਾਸੇ ਅਨੇਕਾਂ ਜੋਗੀ ਤੇ ਸੰਨਿਆਸੀ ਆ ਕੇ ਆਪਣੀਆਂ ਧੂਣੀਆਂ ਪਤਾ ਲੈਂਦੇ ਹਨ। ਉਨ੍ਹਾਂ ਦੇ ਕੋਲ ਹੀ ਉਹ ਆਪਣੇ ਤ੍ਰਿਸ਼ੂਲ ਗੱਡ ਲੈਂਦੇ ਹਨ, ਜਿਨ੍ਹਾਂ ਉੱਪਰ ਫੁੱਲਾਂ ਦੇ ਹਾਰ ਪਾਏ ਹੁੰਦੇ ਹਨ। ਇਸ ਮੇਲੇ ਨੂੰ ਦੇਖਣ ਲਈ ਲੋਕ ਭਾਰੀ ਗਿਣਤੀ ਵਿੱਚ ਪੁੱਜਦੇ ਹਨ।

**ਰਾਮ ਤੀਰਥ ਦਾ ਮੇਲਾ**: ਅੰਮ੍ਰਿਤਸਰ ਤੋਂ ਬਾਰਾਂ ਕੁ ਮੀਲ ਦੀ ਦੂਰੀ ’ਤੇ ਰਾਮ ਤੀਰਥ ਨਾਂ ਦੇ ਸਥਾਨ ’ਤੇ ਲੱਗਣ ਵਾਲਾ ਮੇਲਾ ਵੀ ਬੜਾ ਪ੍ਰਸਿੱਧ ਹੈ। ਇਸ ਸਥਾਨ ਦਾ ਸੰਬੰਧ ਸ੍ਰੀ ਰਾਮ ਚੰਦਰ ਜੀ ਨਾਲ ਹੈ। ਇੱਥੇ ਇਕ ਸਰੋਵਰ ਹੈ, ਜਿਸ ਉੱਤੇ ਇਹ ਮੇਲਾ ਕੱਤਕ ਦੀ ਪੁਰਨਮਾਸ਼ੀ ਨੂੰ ਲੱਗਦਾ ਹੈ।

**ਸਾਈਂ ਇਲਾਹੀ ਸ਼ਾਹ ਦੀ ਦਰਗਾਹ ਦਾ ਮੇਲਾ**: ਮਾਝੇ ਵਿੱਚ ਸਾਈਂ ਇਲਾਹੀ ਸ਼ਾਹ ਦੀ ਦਰਗਾਹ ਉੱਪਰ ਲੱਗਣ ਵਾਲਾ ਮੇਲਾ ਵੀ ਬੜਾ ਪ੍ਰਸਿੱਧ ਹੈ। ਇਹ ਹਰ ਸਾਲ 20 ਹਾੜ੍ਹ ਨੂੰ ਲਗਦਾ ਹੈ। ਇਸ ਮੇਲੇ ਵਿੱਚ ਹੋਰਨਾਂ ਦਿਲਚਸਪੀਆਂ ਤੋਂ ਇਲਾਵਾਂ ਕੁੱਕੜਾਂ ਤੇ ਬਟੇਰਿਆਂ ਦੀਆਂ ਲੜਾਈਆਂ ਦੇਖਣਯੋਗ ਹੁੰਦੀਆਂ ਹਨ। ਇੱਥੇ ਦੂਰ-ਦੂਰ ਤੋਂ ਆਏ ਕੱਵਾਲ ਵੀ ਚੰਗਾ ਰੰਗ ਬੰਨ੍ਹਦੇ ਹਨ।

**ਕੁੱਝ ਹੋਰ ਸਥਾਨਿਕ ਮੇਲੇ**: ਉੱਪਰ ਅਸੀਂ ਪੰਜਾਬ ਦੇ ਕੁੱਝ ਪ੍ਰਸਿੱਧ ਮੇਲਿਆਂ ਦਾ ਜ਼ਿਕਰ ਕੀਤਾ ਹੈ। ਉਂਞ ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਹੋਰ ਛੋਟੇ-ਛੋਟੇ ਮੇਲੇ ਵੀ ਲਗਦੇ ਹਨ, ਜਿਵੇਂ ਜਲੰਧਰ ਵਿੱਚ ਬਾਬੇ ਝੰਡੀਆਂ ਵਾਲੇ ਦਾ ਮੇਲਾ, ਤਰਨਤਾਰਨ ਵਿੱਖੇ ਮੱਸਿਆ ਦਾ ਮੇਲਾ, ਸਾਉਣ ਦੇ ਮਹੀਨੇ ਵਿੱਚ ਤੀਆਂ ਦਾ ਮੇਲਾ ਆਦਿ।

**ਸਾਰ-ਅੰਸ਼** : ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਇਹਨਾਂ ਮੇਲਿਆਂ ਦਾ ਬੜਾ ਮਹੱਤਵ ਹੈ। ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ-ਪ੍ਰਤਿਭਾ ਨਿਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ-ਪਰਚਾਵੇ ਤੇ ਮੇਲ-ਜੋਲ ਦੇ ਸਮੂਹਿਕ ਵਸੀਲੇ ਹੋਣ ਦੇ ਨਾਲ,ਮੇਲੇ ਧਾਰਮਿਕ ਤੇ ਕਲਾਤਮਿਕ ਭਾਵਾਂ ਦੀ ਵੀ ਤ੍ਰਿਪਤੀ ਕਰਦੇ ਹਨ। ਮੇਲਾ,ਬੀਜ ਰੂਪ ਵਿੱਚ ,ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੋਇਆ ਹੈ। ਪੰਜਾਬੀਆਂ ਲਈ ਹਰ ਪਲ ਪੁਰਬ ਤੇ ਹਰ ਦਿਨ ਮੇਲਾ ਹੁੰਦਾ ਹੈ। ਜਿੱਥੇ ਚਾਰ ਛੇ ਪੰਜਾਬੀ ਜੁੜ ਜਾਣ, ਉਹ ਤੁਰਦਾ ਫਿਰਦਾ ਮੇਲਾ ਬਣ ਜਾਂਦਾ ਹੈ। ਪਰ ਜਦੋਂ ਸੁਚ-ਮੁੱਚ ਹੀ ਕੋਈ ਤਿਉਹਾਰ ਜਾਂ ਮੇਲਾ ਹੋਵੇ,ਫੇਰ ਤਾਂ ਪੰਜਾਬੀਆਂ ਦਾ ਜਲਾਲ ਤੇ ਭਖਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਇਸ ਪ੍ਰਕਾਰ ਇਨ੍ਹਾਂ ਮੇਲਿਆਂ ਦੀ ਪੰਜਾਬੀ ਜੀਵਨ ਵਿੱਚ ਕਾਫ਼ੀ ਮਹਾਨਤਾ ਹੈ।

## 9.3.5 ਬਦਲ ਰਿਹਾ ਪੰਜਾਬੀ ਸਭਿਆਚਾਰ

**ਭੂਮਿਕਾ**: ਪੰਜਾਬੀ ਲੋਕਾਂ ਦਾ ਆਪਣਾ ਵੱਖਰਾ ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵਾ ਹੈ। ਇਨ੍ਹਾਂ ਦੇ ਆਪਣੇ ਦਿਲ-ਪਰਚਾਵੇ, ਨਾਚ-ਗਾਣੇ, ਖੇਡਾਂ, ਮੇਲੇ ਤੇ ਤਿਉਹਾਰ ਹਨ। ਇਨ੍ਹਾਂ ਦੀਆਂ ਆਪਣੀਆਂ ਰੀਤਾਂ-ਰਸਮਾਂ ਹਨ ਤੇ ਇਨ੍ਹਾਂ ਦੀ ਆਪਣੀ ਬੋਲੀ, ਮੁਹਾਵਰੇ ਤੇ ਅਖਾਣਾਂ ਹਨ। ਇਥੋਂ ਤੱਕ ਕਿ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਇਸਦੀ ਆਪਣੀ ਸਮਾਜਿਕ ਬਣਤਰ, ਕਾਰੋਬਾਰ ਤੇ ਖੇਤੀ ਕਰਨ ਦੇ ਤਰੀਕੇ ਹਨ। ਇਨ੍ਹਾਂ ਦੇ ਆਪਣੇ ਲੋਕ-ਵਿਸ਼ਵਾਸ, ਕਿੱਤੇ ਤੇ ਲੋਕ-ਕਲਾਵਾਂ ਹਨ। ਲੋਕਾਂ ਦੇ ਸੁਭਾ ਖੁੱਲ੍ਹੇ-ਡੁੱਲ੍ਹੇ, ਅਮਲੀ ਜੀਵਨ ਜਿਊਣ ਵਾਲੇ, ਅਣਖ਼ੀਲੇ, ਬੇਪ੍ਰਵਾਹ ਤੇ ਮਜ਼ਬੂਤ ਇਰਾਦੇ ਵਾਲੇ ਬਣ ਗਏ। ਧਰਮ ਦੀ ਇਸ ਉੱਪਰ ਡੂੰਘੀ ਛਾਪ ਹੈ। ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਇਨ੍ਹਾਂ ਦੀ ਜੀਵਨ-ਵਿਧੀ ਹੈ। ਪਰ ਸਮੇਂ ਦੇ ਬਦਲਣ ਨਾਲ ਪੰਜਾਬੀ ਸੱਭਿਆਚਾਰ ਵਿੱਚ ਪਿਛਲੀ ਇੱਕ ਸਦੀ ਤੋਂ ਬਹੁਤ ਤੇਜ਼ੀ ਨਾਲ ਪਰਿਵਰਤਨ ਵਾਪਰੇ ਹਨ। ਇਸ ਲੇਖ ਦਾ ਮੰਤਵ ਇਸਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ ਹੈ।

**ਸਭਿਆਚਾਰਕ ਰੁਪਾਂਤਰਣ**: ਆਰਥਕ, ਰਾਜਸੀ ਜਾਂ ਵਿਗਿਆਨਿਕ ਤਬਦੀਲੀਆਂ ਸੱਭਿਆਚਾਰ ਨੂੰ ਸਿੱਧੇ-ਅਸਿੱਧੇ ਢੰਗ ਨਾਲ ਬਦਲਦੀਆਂ ਹਨ। ਪੰਜਾਬੀ ਸੱਭਿਆਚਾਰ ਵਿੱਚ ਪਿਛਲੀ ਇੱਕ ਸਦੀ ਤੋਂ ਬਹੁਤ ਤੇਜ਼ੀ ਨਾਲ ਪਰਿਵਰਤਨ ਵਾਪਰੇ ਹਨ। ਸਭਿਆਚਾਰ ਇਕ ਵਗਦਾ ਦਰਿਆ ਹੈ। ਇਸ ਵਿੱਚ ਲਗਾਤਾਰ ਤਬਦੀਲੀਆਂ ਜਾਰੀ ਰਹਿੰਦੀਆਂ ਹਨ। ਸਭਿਆਚਾਰ ਪੈਦਾਵਾਰੀ ਸਾਧਨ, ਸ਼ਕਤੀਆਂ ਤੇ ਤਕਨੀਕ ਦੇ ਬਦਲਣ ਤੇ ਦੂਜੇ ਸਭਿਆਚਾਰਾਂ ਦੇ ਪ੍ਰਭਾਵ ਹੇਠ ਬਦਲਣ ਲਗਦਾ ਹੈ। ਸਮਾਜ ਵਿੱਚ ਆ ਰਹੀਆਂ ਛੋਟੀਆਂ-ਵੱਡੀਆਂ ਤਬਦੀਲੀਆਂ ਤੋਂ ਆਮ ਮਨੁੱਖ ਬਚਿਆ ਨਹੀਂ ਰਹਿ ਸਕਦਾ। ਹਰ ਸਭਿਆਚਾਰ ਸਮੇਂ ਦੇ ਬੀਤਣ ਨਾਲ ਵੇਲਾ-ਵਿਹਾ ਚੁੱਕੇ ਰਸਮਾਂ-ਰਿਵਾਜਾਂ, ਵਿਸ਼ਵਾਸਾਂ, ਕਦਰਾਂ-ਕੀਮਤਾਂ, ਸੁਹਜ-ਸੁਆਦ, ਦਿਲ ਪਰਚਾਵਿਆਂ ਤੇ ਕੰਮਕਾਰਾਂ ਦਾ ਤਿਆਗ ਕਰਦਾ ਹੋਇਆ ਨਵੀਆਂ ਕਦਰਾਂ-ਕੀਮਤਾਂ ਤੇ ਕਲਾ-ਕਿਰਤਾਂ ਦੀ ਉਸਾਰੀ ਕਰਦਾ ਹੈ। ਪਹਿਲੇ ਵਿਚਾਰਾਂ ਦੇ ਧਾਰਨੀ ਹਮੇਸ਼ਾ ਹੀ ਪੁਰਾਣੇ ਸਭਿਆਚਾਰ ਨੂੰ ਵਡਿਆਉਂਦੇ ਹਨ ਤੇ ਨਵੇਂ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ।

**ਵਿਦੇਸ਼ੀ ਸੱਭਿਆਚਾਰ ਦਾ ਪ੍ਰਭਾਵ:** ਸਭਿਆਚਾਰ ਵਿਚ ਪਰਿਵਰਤਨ ਦੇ ਦੋ ਕਾਰਨ ਹੁੰਦੇ ਹਨ। ਅੰਦਰੂਨੀ ਕਾਰਨ ਅਤੇ ਬਾਹਰੀ ਪ੍ਰਭਾਵ। ਹੌਲੀ-ਹੌਲੀ ਪੰਜਾਬ ਬਾਹਰੀ ਪ੍ਰਭਾਵਾਂ ਕਾਰਨ ਵਿਦੇਸ਼ੀ ਸੱਭਿਆਚਾਰ ਅਨੁਸਾਰ ਆਪਣੇ-ਆਪ ਨੂੰ ਢਾਲ ਰਿਹਾ ਹੈ |ਅਜੋਕੀ ਪੀੜ੍ਹੀ ਪੱਛਮੀ ਪਹਿਰਾਵੇ ਤੇ ਜੰਕ ਫੂਡ ਵੱਲ ਆਕਰਸ਼ਿਤ ਹੋ ਕੇ ਉਸੇ ਦੀ ਬਣ ਕੇ ਰਹਿ ਗਈ ਹੈ। ਇਹੀ ਕਾਰਨ ਹੈ ਕਿ ਹੁਣ ਸਾਗ ਕੱਟਣ ਵਾਲਾ ਦਾਤ, ਤੰਦੂਰ ਤੇ ਚੁੱਲ੍ਹੇ ਨੂੰ ਲੋਕ ਭੁੱਲ ਗਏ ਹਨ, ਕਿਉਂਕਿ ਹੁਣ ਘਰ-ਘਰ ਵਿਚ ਮਾਈਕ੍ਰੋਵੇਵ ਤੇ ਆਟੇ ਗੁੰਨ੍ਹਣ ਵਾਲੀਆਂ ਮਸ਼ੀਨਾਂ, ਭਾਂਡੇ ਧੋਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ। ਅਸੀਂ ਦਿਨੋਂ-ਦਿਨ ਕੰਮਾਂ ਵਿਚ ਰੁੱਝੇ ਹੋਣ ਕਰਕੇ ਆਪ ਹੀ ਆਪਣੀਆਂ ਸਹੂਲਤਾਂ ਲਈ ਸੱਭਿਆਚਾਰ ਨੂੰ ਭੁੱਲ ਰਹੇ ਹਾਂ। ਇਸ ਵਿਚ ਆਉਣ ਵਾਲੀ ਪੀੜ੍ਹੀ ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ। ਅੱਜਕਲ੍ਹ ਮੰਡੀ ਦੇ ਪ੍ਰਭਾਵ ਕਾਰਨ ਘਰ ਦੇ ਭੋਜਨ ਦੀ ਬਜਾਏ ਬੱਚਿਆਂ ਨੂੰ ਬਾਹਰ ਦਾ ਖਾਣਾ ਖਾਣ ਲਈ ਉਕਸਾਇਆ ਜਾ ਰਿਹਾ ਹੈ।

**ਸਭਿਆਚਾਰਕ ਹਮਲਾ ਅਤੇ ਮੰਡੀ ਦਾ ਪ੍ਰਭਾਵ:** ਪੰਜਾਬੀ ਸਭਿਆਚਾਰਕ ਕਦਰਾਂ ਕੀਮਤਾਂ ਦੇ ਬਦਲਣ ਦਾ ਇੱਕ ਵੱਡਾ ਕਾਰਨ ਸਭਿਆਚਾਰਕ ਹਮਲਾ ਅਤੇ ਮੰਡੀ ਦਾ ਪ੍ਰਭਾਵ ਹੈ। ਇਸ ਦੇ ਨਾਲ ਹੀ ਨੌਜਵਾਨਾਂ ਤੇ ਮੁੰਡਿਆਂ-ਕੁੜੀਆਂ ਉੱਤੇ ਫ਼ਿਲਮਾਂ ਅਖ਼ਬਾਰਾਂ ਤੇ ਮੈਗਜ਼ੀਨਾਂ ਰਾਹੀਂ ਫ਼ੈਸ਼ਨ ਦਾ ਅਸਰ ਹੋਣ ਲਗਾ ਤੇ ਸਰੀਰ ਦੇ ਸ਼ਿੰਗਾਰ ਦੀ ਰੁਚੀ ਵਧ ਗਈ। ਹਰਾ ਇਨਕਲਾਬ ਆਉਣ ਨਾਲ ਪੰਜਾਬ ਵਿੱਚ ਵਧੀ ਖ਼ੁਸ਼ਹਾਲੀ ਬਹੁਤ ਸਾਰੀਆਂ ਰਸਮਾਂ-ਰੀਤਾਂ ਤੇ ਪਹਿਰਾਵੇ ਨੂੰ ਨਵਾਂ ਰੂਪ ਦੇਣ ਲੱਗੀ। ਵਿਦੇਸ਼ਾਂ ਵਿਚ ਗਏ ਪੰਜਾਬੀਆਂ ਦਾ ਆਪਣੇ ਸੰਬੰਧੀਆਂ ਤੇ ਮਿੱਤਰਾਂ-ਦੋਸਤਾਂ ਨੂੰ ਨਵੇਂ ਫ਼ੈਸ਼ਨ ਦੇ ਕੱਪੜੇ ਭੇਜਣ ਨਾਲ ਲੋਕਾਂ ਵਿੱਚ ਵਿਦੇਸ਼ੀ ਕੱਪੜੇ, ਸ਼ਿੰਗਾਰ ਦੇ ਸਮਾਨ ਤੇ ਦਿਲ-ਪਰਚਾਵੇ ਦੇ ਸਾਧਨਾਂ ਨੂੰ ਪ੍ਰਾਪਤ ਕਰਨ ਦੀ ਰੁਚੀ ਪ੍ਰਫੁੱਲਤ ਹੋਣ ਲੱਗੀ। ਇਸ ਤੋਂ ਪਿੱਛੋਂ ਟੈਲੀਵਿਜਨ, ਮੋਬਾਇਲ ਫੋਨ, ਕੰਪਿਊਟਰ, ਇੰਟਰਨੈੱਟ, ਵੀ.ਡੀ.ਓ. ਗੇਮਾਂ, ਸੋਸ਼ਲ ਮੀਡੀਏ ਦੇ ਵਰਤਾਰੇ, ਵਿਸ਼ਵੀਕਰਨ, ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਲਲ੍ਹਕ ਦੇ ਧਨ ਕਮਾਉਣ ਉੱਤੇ ਕੇਂਦ੍ਰਿਤ ਵਪਾਰਕ ਰੁਚੀਆਂ ਦੇ ਪਸਾਰ ਨੇ ਪੰਜਾਬੀ ਸਭਿਆਚਾਰ ਉੱਪਰ ਇਕ ਤਰ੍ਹਾਂ ਦਾ ਹਮਲਾ ਹੀ ਬੋਲ ਦਿੱਤਾ, ਜਿਸ ਕਾਰਨ ਪੰਜਾਬੀ ਸਭਿਆਚਾਰ ਤੇਜ਼ੀ ਨਾਲ ਬਦਲਣ ਲੱਗਾ ਤੇ ਬਦਲ ਰਿਹਾ ਹੈ।

**ਸ਼ਹਿਰੀਕਰਨ ਅਤੇ ਰਹਿਣ-ਸਹਿਣ ਵਿਚ ਤਬਦੀਲੀ:** ਅੱਜ ਪੰਜਾਬੀ ਜੀਵਨ ਦਾ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ। ਹਰੇ ਇਨਕਲਾਬ ਨਾਲ ਆਈ ਖ਼ੁਸ਼ਹਾਲੀ ਤੇ ਪਰਵਾਸੀਆਂ ਦੁਆਰਾਂ ਵਿਦੇਸ਼ਾਂ ਵਿੱਚੋਂ ਪੈਸੇ ਭੇਜਣ ਕਾਰਨ ਪੰਜਾਬੀ ਰਹਿਣ-ਸਹਿਣ ਬਹੁਤ ਤਬਦੀਲ ਹੋ ਚੁੱਕਾ ਹੈ। ਘਰ ਪਹਿਲਾਂ ਨਾਲੋਂ ਸੋਹਣੇ, ਪੱਕੇ ਅਤੇ ਸੁਖ-ਸਹੂਲਤਾਂ ਨਾਲ ਭਰਪੂਰ ਹੋ ਗਏ ਹਨ। ਘਰਾਂ ਵਿੱਚ ਫ਼ਰਿਜ਼, ਕੱਪੜੇ ਧੋਣ ਦੀਆਂ ਮਸ਼ੀਨਾਂ, ਰੇਡਿਓ, ਟੈਲੀਵਿਯਨ, ਸਕੂਟਰ ਤੋ ਮੋਟਰ ਸਾਈਕਲ ਆਮ ਹਨ। ਬਹੁਤੇ ਘਰਾਂ ਵਿੱਚ ਕਾਰਾਂ ਤੇ ਮਾਈਕਰੋਵੇਵ ਵੀ ਹਨ। ਖੇਤੀ-ਬਾੜੀ ਦਾ ਮਸ਼ੀਨੀਕਰਨ ਹੋ ਚੁੱਕਾ ਹੈ ਅੱਜ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਨਾ ਪੈਦਾ ਕੀਤੀ ਫ਼ਸਲ ਦਾ ਮੁੱਲ ਨਹੀਂ ਮਿਲਦਾ ਤੇ ਉਹ ਕਰਜ਼ੇ ਦੀ ਦਲਦਲ ਵਿੱਚ ਧਸਦਾ ਜਾ ਰਿਹਾ ਹੈ। ਉਸਨੂੰ ਭਵਿੱਖ ਹਨੇਰਾ ਦਿਸ ਰਿਹਾ ਹੈ ਤੇ ਉਹ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਿਆ ਹੈ। ਫਲਸਰੂਪ ਅੱਜ ਪੰਜਾਬੀ ਜੀਵਨ ਵਿੱਚ ਖ਼ੁਸ਼ਹਾਲੀ ਦਾ ਮੂੰਹ ਧੁੰਆਖਿਆ ਗਿਆ ਹੈ।

**ਮਾਂ-ਬੋਲੀ ਪ੍ਰਤੀ ਨਿਰਮੋਹਾਪਣ:** ਮਾਂ-ਬੋਲੀ ਦੀ, ਲੋਕ ਆਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ। ਬੱਚੇ ਤੇ ਨੌਜਵਾਨ ਸਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸ ਕਰਦੇ ਹਨ। ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਿਕ ਪ੍ਰਭਾਵ ਅਧੀਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ। ਮਾਪਿਆਂ ਨੂੰ

ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ। ਇਸ ਬਾਰੇ ਇਕ ਗੀਤ ਵੀ ਹੈ:

ਮੈਨੂੰ ਇਉਂ ਨਾ ਮਨੋ ਵਿਸਾਰ,
ਵੇ ਮੈਂ ਤੇਰੀ ਮਾਂ ਦੀ ਬੋਲੀ ਆਂ

**ਬਦਲਦਾ ਪਹਿਰਾਵਾ:** ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਲੋਕਾਂ, ਖ਼ਾਸ ਕਰ ਨਵੀਂ ਪੀੜ੍ਹੀ ਦੇ ਪਹਿਰਾਵੇ ਤੇ ਖਾਣ-ਪੀਣ ਵਿੱਚ ਭਾਰੀ ਤਬਦੀਲੀ ਆ ਗਈ ਹੈ। ਥਾਂ-ਥਾਂ ਖੁੱਲ੍ਹੇ ਸ਼ਾਪਿੰਗ ਸੈਂਟਰ ਸ਼ੋਅ-ਰੂਮ ਤੇ ਮਾਲ ਨਵੇਂ-ਨਵੇਂ ਪੱਛਮੀ ਫ਼ੈਸ਼ਨਾ ਦੇ ਕੱਪੜਿਆ ਨਾਲ ਭਰੇ ਪਏ ਹਨ ਅਤੇ ਪੰਜਾਬੀ ਕੁੜੀਆਂ ਘਗਰਾ, ਕੁੜਤੀ, ਸਲਵਾਰ, ਕਮੀਜ਼ ਤੇ ਦੁਪੱਟੇ ਦੀ ਥਾਂ ਇਨ੍ਹਾਂ ਪੱਛਮੀ ਢੰਗ ਦੇ ਕੱਪੜਿਆਂਜੀਨਾਂ, ਸਕਰਟਾਂ ਤੇ ਟਾਪਾਂ ਨੂੰ ਪਾਉਣਾ ਵਧੇਰੇ ਪਸੰਦ ਕਰਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤੇ ਸਰੀਰ ਦੀ ਅਸ਼ਲੀਲ ਨੁਮਾਇਸ਼ ਕਰਨ ਵਾਲੇ ਤੇ ਆਲੇ-ਦੁਆਲੇ ਦਾ ਧਿਆਨ ਆਪਣੇ ਵਲ ਖਿੱਚਣ ਵਾਲੇ ਹੁੰਦੇ ਹਨ । ਮੁੰਡਿਆਂ ਵਿੱਚ ਵੀ ਫ਼ੈਸ਼ਨ ਦੇ ਕੱਪੜੇ ਪਾਉਣ ਦਾ ਪ੍ਰਚਲਨ ਕਾਫ਼ੀ ਵਧ ਗਿਆ ਹੈ । ਮੁੰਡੇ ਕੁੜੀਆਂ ਆਪਣੇ ਵਾਲਾਂ ਨੂੰ ਪੱਛਮੀ ਢੰਗਾਂ ਅਨੁਸਾਰ ਕਟਵਾਉਂਦੇ ਤੇ ਸ਼ਿੰਗਾਰਦੇ ਹਨ । ਇਸ ਤੋਂ ਇਲਾਵਾਂ ਸਰੀਰੀ ਦੇ ਅੰਗਾਂ-ਮੂੰਹ, ਸਿਰ, ਗਲਾ, ਹੱਥਾਂ, ਪੈਰਾਂ, ਤੇ ਵਾਲਾਂ ਦੇ ਸ਼ਿੰਗਾਰ ਲਈ ਬਿਊਟੀ ਪਾਰਲਰਾਂ ਦਾ ਆਸਰਾ ਲਿਆ ਜਾਣ ਲੱਗਾ ਹੈ । ਵਿਆਹ ਸਮੇਂ ਲਾੜੀ ਨੂੰ ਸ਼ਿੰਗਾਰਨ ਦਾ ਕੰਮ ਦਾਂ ਖ਼ਾਸ ਤੌਰ ਤੇ ਬਿਊਟੀ ਪਾਰਲਰ ਤੋਂ ਹੀ ਲਿਆ ਜਾਂਦਾ ਹੈ । ਇਸੇ ਰੁਚੀ ਅਧੀਨ ਹੀ ਅੱਜ ਸਿੱਖ ਮੁੰਡੇ ਪੱਗ ਬੰਨ੍ਹਣ ਵਲ ਖ਼ਾਸ ਦਿਆਨ ਦੇਣ ਲੱਗ ਹਨ ਤੇ ਉਨ੍ਹਾਂ ਲਈ ਪੱਗਾਂ ਬੰਨ੍ਹਾਵਾਉਣ ਤੇ ਬੰਨ੍ਹਣੀ ਸਿਖਣ ਦੇ ਸੈਂਟਰ ਖੁਲ੍ਹੇ ਹੋਏ ਹਨ । ਉਂਞ ਸਿੱਖਾਂ ਦੇ ਘਰਾਂ ਵਿੱਚ ਮੋਨਿਆਂ ਦੀ ਗਿਣਤੀ ਵਧ ਰਹੀ ਹੈ ।

**ਲੋਕ ਖੇਡਾਂ ਵਿਚ ਆ ਰਿਹਾ ਬਦਲਾਅ:** ਮਾਂ-ਬੋਲੀ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਬਦਲਾਅ ਆ ਗਿਆ ਹੈ। ਅਜੋਕੇ ਸਮੇਂ ਵਿਚ ਬੱਚਿਆਂ, ਨੌਜਵਾਨਾਂ ਨੂੰ ਚੋਪੜ, ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਪੁਰਾਣੇ ਸਮਿਆਂ ਵਿਚ ਲੋਕ ਸ਼ੌਕੀਆ ਤੌਰ 'ਤੇ ਅਜਿਹੇ ਮੁਕਾਬਲਿਆਂ ਲਈ ਕਬੱਡੀ, ਚੌਪੜ, ਗਤਕੇ ਆਦਿ ਖੇਡਦੇ ਸਨ, ਪਰ ਅੱਜਕਲ੍ਹ ਕਈ ਨਵੀਆਂ ਖੇਡਾਂ ਨੇ ਇਨ੍ਹਾਂ ਦੀ ਥਾਂ ਲਈ ਹੈ। ਪੁਰਾਤਨ ਖੇਡਾਂ, ਲੁਕਣ-ਮਿਚੀ, ਛੁਹਣ-ਛੁਹਾਈ, ਪੀਲ-ਪਲਾਂਗੜਾ, ਪੀਚੋ ਬੱਕਰੀ, ਉੱਤਰ ਕਾਟੋ ਮੈਂ ਚੜ੍ਹਾਂ ਆਦਿ ਮਿਟ ਹੀ ਗਈਆਂ ਹਨ ਤੇ ਉਨ੍ਹਾਂ ਦੀ ਥਾਂ ਸਿਰਫ਼ ਕ੍ਰਿਕਟ ਪ੍ਰਧਾਨ ਹੋ ਗਿਆ ਹੈ ਅਤੇ ਉਹ ਪੈਸਾ ਕਮਾਉਣ, ਸੱਟਾ ਲਾਉਣ ਤੇ ਬੋਲੀਆਂ ਲਾਉਣ ਵਾਲਿਆਂ ਦੇ ਹੱਥਾਂ ਵਿੱਚ ਹੈ।

**ਬਦਲਦੇ ਰੀਤੀ ਰਿਵਾਜ:** ਸਮਾਂ ਬਦਲਦਾ ਗਿਆ ਰੀਤੀ ਰਿਵਾਜ਼ ਵੀ ਬਦਲਦੇ ਗਏ। ਮੌਜੂਦਾ ਸਮੇਂ ਵਿਚ ਰਿਸ਼ਤੇ-ਨਾਤਿਆਂ ਦੇ ਖ਼ੂਨ ਚਿੱਟੇ ਹੋ ਗਏ ਹਨ। ਹਰ ਪੰਜਾਬੀ ਰੀਤ ਪੱਛਮ ਦਾ ਰੂਪ ਧਾਰਨ ਕਰ ਗਈ ਹੈ। ਮੌਜੂਦਾ ਸਮੇ ਵਿਚ ਵਿਆਹਾਂ ਦੀਆਂ ਰੀਤਾਂ ਰਸਮਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ। ਵਿਆਹਾਂ ਵਿਚ ਹਰ ਮੱਧਵਰਗੀ ਗ਼ਰੀਬ ਪਰਿਵਾਰ ਵਲੋਂ ਵੀ ਕਰਜ਼ਾ ਚੁੱਕ ਕੇ ਜਾਂ ਹੋਰ ਹੀਲੇ ਵਸੀਲੇ ਕਰ ਕੇ ਫੈਸ਼ਨ, ਲੋਕ-ਦਿਖਾਵੇ ਜਾਂ ਠਾਠ-ਬਾਠ ਲਈ ਵਿਆਹਾਂ ‘ਤੇ ਗ਼ੈਰ-ਜ਼ਰੂਰੀ ਖਰਚਾ ਕੀਤਾ ਜਾ ਰਿਹਾ ਹੈ। ਪੰਜਾਬੀਆਂ ਨੇ ਆਪਣਾ ਵਿਰਸਾ ਭੁਲਾ ਕੇ ਨਵੀਆਂ ਹੀ ਰੀਤਾਂ ਘੜ ਲਈਆਂ ਹਨ। ਛੰਦ, ਘੋੜੀਆਂ ਗਾਉਣਾ, ਜਾਗੋ, ਪਾਣੀ ਵਾਰਨਾ, ਮੇਲ ਆਦਿ ਰਸਮਾਂ ਖ਼ਤਮ ਹੋਣ ਦੀ ਕਗਾਰ ‘ਤੇ ਹਨ। ਬਰਾਤਾਂ ਦੇ ਢੁੱਕਣ ਅਤੇ ਆਨੰਦ ਕਾਰਜਾਂ ਦਾ ਕੋਈ ਸਮਾਂ ਨਹੀਂ ਰਿਹਾ। ਵਿਆਹਾਂ ਵਿਚ ਮਾਸ, ਸ਼ਰਾਬ, ਲੱਚਰ ਡਾਂਸ ਅਤੇ ਹਵਾਈ ਗੋਲੀਆਂ ਚਲਾਉਣੀਆਂ ਲੋਕਾਂ ਵਲੋਂ ਆਪਣੀ ਸ਼ਾਨ ਸਮਝੀ ਜਾ ਰਹੀ ਹੈ ਜਿਸ ਕਾਰਨ ਹਰ ਸਾਲ ਹੀ ਦਰਜਨਾਂ ਵਿਅਕਤੀਆਂ ਦੀ ਮੌਤ

ਵਿਆਹ ਜਾਂ ਹੋਰ ਸਮਾਗਮਾਂ ਵਿਚ ਕਿਸੇ ਵਲੋਂ ਨਸ਼ੇ ਦੀ ਹਾਲਤ ਵਿਚ ਚਲਾਈਆਂ ਗੋਲੀਆਂ ਨਾਲ ਹੋ ਜਾਂਦੀ ਹੈ। ਸੋ ਹਰ ਵਿਅਕਤੀ ਦਾ ਫ਼ਰਜ਼ ਹੈ ਕਿ ਉਹ ਸਾਦੇ ਵਿਆਹ ਸਮਾਗਮਾਂ ਨੂੰ ਪਹਿਲ ਦੇਵੇ ਕਿਉਂਕਿ ਜੇਕਰ ਸਾਦੇ ਵਿਆਹ ਹੋਣਗੇ ਤਾਂ ਫਿਰ ਦਾਜ ਪ੍ਰਥਾ ਨੂੰ ਵੀ ਨੱਥ ਪਏਗੀ।

**ਵਿਦੇਸ਼ ਜਾਣ ਦਾ ਰੁਝਾਨ:** ਪੰਜਾਬ ਵਿੱਚ ਪਿੰਡਾਂ ਤੋਂ ਸ਼ਹਿਰਾਂ ਵਲ ਜਾਣ ਦਾ ਰੁਝਾਨ ਪਹਿਲਾਂ ਹੀ ਸੀ ਤੇ ਉਨ੍ਹਾਂ ਵਿੱਚ ਪਰਦੇਸ਼ਾਂ ਵਿੱਚ ਜਾ ਕੇ ਕਮਾਈ ਕਰਨ ਦੀ ਰੁਚੀ ਵੀ ਸੀ। ਪਰੰਤੂ ਅੱਜ ਪੰਜਾਬ ਵਿੱਚ ਕਿਸਾਨੀ ਸੰਕਟ ਪੈਦਾ ਹੋਣ, ਬੈਰੁਜ਼ਗਾਰੀ ਦੇ ਪਸਾਰ ਕਾਰਨ ਨੌਜਵਾਨਾਂ ਲਈ ਕੋਈ ਭਵਿੱਖ ਨਾ ਦਿਸਣ, ਪੰਜਾਬ ਵਿੱਚ ਨਸਿਆਂ ਦੇ ਵਰਤਾਰੇ, ਗੈਂਗਸਟਰਾਂ ਦੇ ਖ਼ੌਫ਼ ਕਾਰਨ ਕਰਕੇ ਬਹੁਤੇ ਲੋਕ ਆਪਣੇ ਬੱਚਿਆਂ ਨੂੰ ਬਾਹਰ ਭੱਜਣ ਵਿੱਚ ਦਿਲਚਸਪੀ ਲੈ ਰਹੇ ਹਨ। ਅੱਜ ਹਰ ਸਾਲ ਹਜ਼ਾਰਾਂ ਮੁੰਡੇ-ਕੁੜੀਆਂ ਵਿਦੇਸ਼ਾਂ ਨੂੰ ਜਾ ਰਹੇ ਹਨ ਤੇ ਹਜ਼ਾਰਾਂ ਜਾਣ ਲਈ ਤਿਆਰ ਬੈਠੇ ਹਨ।

**ਸਾਰ-ਅੰਸ਼ -** ਇਸ ਪ੍ਰਕਾਰ ਆਵਾਜਾਈ ਤੇ ਸੰਚਾਰ ਦੇ ਵਿਕਸਿਤ ਸਾਧਨਾਂ ਰਾਹੀ ਪੈ ਰਹੇ ਪੱਛਮੀ ਪ੍ਰਭਾਵਾਂ ਕਾਰਨ ਸਾਡਾ ਪੰਜਾਬੀ ਸਭਿਆਚਾਰ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ । ਸਾਨੂੰ ਇਸ ਤੋ ਸੁਚੇਤ ਰਹਿਣ ਦੀ ਲੋੜ ਹੈ। ਅਸੀਂ ਸ ਅੰਨ੍ਹੇਵਾਹ ਨਕਲ ਨਾਲ ਕਿਤੇ ਆਪਣੇ ਉੱਚੇ-ਸੁੱਚੇ, ਅਣਖ਼ੀਲੇ ਤੇ ਖ਼ੁਸ਼ੀਆਂ ਭਰੇ ਸਭਿਆਚਾਰ ਨੂੰ ਗੁਆ ਕੇ ਕਿਸੇ ਅਜਿਹੇ ਟੋਏ ਵਿੱਚ ਨਾ ਜਾ ਡਿਗੀਏ, ਜਿੱਥੋਂ ਫਿਰ ਨਿਕਲਣਾ ਮੁਸ਼ਕਿਲ ਹੋਵੇ।

## 9.4 ਅਭਿਆਸ ਲਈ ਕੁਝ ਪ੍ਰਸ਼ਨ

### 9.4.1 ਹੇਠ ਲਿਖੇ ਵਿਸ਼ਿਆਂ ਬਾਰੇ ਆਪਣੇ ਸ਼ਬਦਾਂ ਵਿਚ 500 ਸ਼ਬਦਾਂ ਦੀ ਪੈਰ੍ਹਾ-ਰਚਨਾ ਕਰੋ:-

(ੳ) ਪੰਜਾਬੀ ਸਭਿਆਚਾਰ

(ਅ) ਪੰਜਾਬ ਦੇ ਲੋਕ-ਵਿਸ਼ਵਾਸ

(ੲ) ਪੰਜਾਬੀ ਸਭਿਆਚਾਰ ਦਾ ਪੱਛਮੀਕਰਨ

(ਸ) ਪੰਜਾਬ ਦੀਆਂ ਲੋਕ-ਖੇਡਾਂ

(ਹ) ਪੰਜਾਬ ਦੇ ਕਿੱਤੇ

(ਕ) ਪੰਜਾਬ ਦੇ ਲੋਕਗੀਤ

(ਖ) ਪੰਜਾਬ ਦੇ ਤਿੱਥ-ਤਿਉਹਾਰ

## 9.5 ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ

9.5.1 ਪੰਜਾਬੀ ਅਖ਼ਬਾਰ:

9.5.1.1 ਪੰਜਾਬੀ ਟ੍ਰਿਬਿਊਨ

9.5.1.2 ਅਜੀਤ

9.5.1.3 ਨਵਾਂ ਜ਼ਮਾਨਾ

9.5.2 ਇੰਟਰਨੈੱਟ ਸਮੱਗਰੀ

9.5.2.1 https://suhisaver.org/

9.5.2.2 https://www.wikipedia.org/

# B.COM.

## SEMESTAR-I

ਕੋਰਸ–ਜਰਨਲ ਪੰਜਾਬੀ

| ਯੂਨਿਟ–10 | **ਪੈਰ੍ਹਾ-ਰਚਨਾ :ਚਲੰਤ ਮਸਲਿਆਂ ਨਾਲ ਸੰਬੰਧਿਤ** |
|---|---|

## ਪਾਠ ਦੀ ਰੂਪ-ਰੇਖਾ

**10.0** ਭੂਮਿਕਾ

**10.1** ਮੰਤਵ

**10.2** ਪੈਰ੍ਹਾ ਰਚਨਾ ਦਾ ਨਮੂਨਾ (Model)

(ੳ) ਚਲੰਤ ਮਸਲਿਆਂ (Current Affairs) ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)

10.2.1 ਭੂਮਿਕਾ

10.2.2 ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ

10.2.3 ਸਾਰ-ਅੰਸ਼

**10.3** ਪੈਰ੍ਹਾ ਰਚਨਾ ਦਾ ਨਮੂਨਾ (Model)

(ਅ) ਚਲੰਤ ਮਸਲਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ

10.3.1 ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ

10.3.2 ਔਰਤਾਂ ਵਿੱਚ ਵੱਧ ਰਹੀ ਅਸੁਰੱਖਿਆ ਦੀ ਭਾਵਨਾ

10.3.3 ਦਾਜ ਦੀ ਸਮੱਸਿਆ ਜਾਂ ਦਾਜ-ਪ੍ਰਥਾ

10.3.4 ਭਾਰਤ ਵਿਚ ਮਹਿੰਗਾਈ ਦੀ ਸਮੱਸਿਆ

10.3.5 ਭਾਰਤ ਵਿਚ ਬੇਰੁਜ਼ਗਾਰੀ ਦੀ ਸਮੱਸਿਆ

10.3.6 ਪ੍ਰਦੂਸ਼ਣ

10.4 ਅਭਿਆਸ ਲਈ ਪ੍ਰਸ਼ਨ

10.5 ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ

---

10.0 **ਭੂਮਿਕਾ:** ਵਿੱਦਿਆ ਦਾ ਕੰਮ ਵਿਦਿਆਰਥੀ ਦੀ ਸੋਚ ਵਿਚ ਤਬਦੀਲੀ ਲਿਆਉਣਾ ਹੁੰਦਾ ਹੈ। ਵਿਦਿਆਰਥੀ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਹੈ। ਉਸ ਨੂੰ ਸਮਾਜਿਕ ਕਦਰਾਂ-ਕੀਮਤਾਂ ਸਿਖਾਉਣਾ, ਮਿਹਨਤ, ਇਮਾਨਦਾਰੀ ਅਤੇ ਚੜ੍ਹਦੀ ਕਲਾ ਦਾ ਪਾਠ ਪੜ੍ਹਾਉਣਾ ਸਿੱਖਿਆ ਦਾ ਕਾਰਜ ਹੈ। ਬੱਚੇ ਵਿਚ ਛੁਪੇ ਗੁਣਾਂ ਨੂੰ ਉਜਾਗਰ ਕਰਨਾ ਹੈ ਅਤੇ ਉਸ ਦੀ ਸੋਚ ਨੂੰ ਉਡਾਰੀਆਂ ਮਾਰਨ ਲਈ ਉਕਸਾਉਣਾ ਹੈ। ਇਹ ਪਾਠ

ਵਿਦਿਆਰਥੀਆਂ ਦੀ ਚਲੰਤ ਮਸਲਿਆਂ ਬਾਰੇ ਸਮਝ ਬਣਾਉਣ ਅਤੇ ਉਹਨਾਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਸਮਰੱਥ ਬਣਾਉਣ ਦੀ ਭਾਵਨਾ ਹਿਤ ਤਿਆਰ ਕੀਤਾ ਜਾ ਰਿਹਾ ਹੈ।

10.1 **ਪਾਠ ਦਾ ਮੰਤਵ:** ਇਸ ਪਾਠ ਦਾ ਮੰਤਵ ਵਿਦਿਆਰਥੀਆਂ ਦੇ ਗਿਆਨ ਅਤੇ ਸਿਰਜਣਾਤਮਕ ਸ਼ਕਤੀ ਨੂੰ ਵਧਾਉਣਾ ਹੈ। ਦੂਜਾ ਮੰਤਵ ਵਿਦਿਆਰਥੀ ਦੇ ਜੀਵਨ ਨੂੰ ਗਿਆਨ ਦੇ ਚਾਨਣ ਨਾਲ ਰੁਸ਼ਨਾਉਣਾ ਹੈ। ਗਿਆਨ ਰੂਪੀ ਪ੍ਰਕਾਸ਼ ਹੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ। ਅਸਲ ਵਿਚ ਗਿਆਨ ਵਿਕਾਸ ਦੀ ਨੀਂਹ ਹੈ। ਸੋ ਉਪਰੋਕਤ ਮੰਤਵਾਂ ਦੀ ਪੂਰਤੀ ਲਈ ਪੈਰ੍ਹਾ ਰਚਨਾ ਦਾ ਇਹ ਹਿੱਸਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ-ਨਾਲ ਉਹਨਾਂ ਦੀ ਸਿਰਜਣਾਮਕ ਸ਼ਕਤੀ ਅਤੇ ਸਮਰੱਥਾ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਪਾਠ ਨਾਲ ਉਹ ਜਿੱਥੇ ਨਵੇਂ ਵਿਸ਼ਿਆਂ ਪ੍ਰਤੀ ਆਪਣੀ ਸਮਝ ਬਣਾ ਸਕਣਗੇ, ਉੱਥੇ ਇਸ ਸਮਝ ਨੂੰ ਪੈਰ੍ਹਾ ਰਚਨਾ ਵਿਚ ਪ੍ਰਗਟ ਕਰਨ ਦੇ ਸਮਰੱਥ ਵੀ ਹੋ ਜਾਣਗੇ।

10.2 **ਪੈਰ੍ਹਾ ਰਚਨਾ ਦਾ ਨਮੂਨਾ (Model)**

**{(ੳ) ਚਲੰਤ ਮਸਲਿਆਂ ਨਾਲ ਸੰਬੰਧਿਤ ਪੈਰ੍ਹਾ ਰਚਨਾ ਦਾ ਨਮੂਨਾ (Model)}:** ਪੈਰ੍ਹਾ ਰਚਨਾ ਦੀ ਰੂਪ-ਰੇਖਾ ਵਿਚ ਸਭ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਭੂਮਿਕਾ ਲਿਖਣੀ ਹੈ, ਫਿਰ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਦਾ ਵਰਨਣ ਅਤੇ ਲੇਖ ਦੇ ਅੰਤ ਉੱਤੇ ਸਾਰ-ਅੰਸ਼ ਲਿਖਣਾ ਹੈ।

10.3 **ਪੈਰ੍ਹਾ ਰਚਨਾ ਦਾ ਨਮੂਨਾ (Model)**

**{(ਅ) ਚਲੰਤ ਮਸਲਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਲਈ ਪਾਠ-ਸਮੱਗਰੀ}:** ਪਿਆਰੇ ਵਿਦਿਆਰਥੀਓ ਓਪਰੋਕਤ ਰੂਪ-ਰੇਖਾ ਅਨੁਸਾਰ ਇਸ ਪਾਠ ਵਿਚ ਚਲੰਤ ਮਸਲਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕੀਤੀ ਗਈ ਹੈ। ਇਸ ਪੈਰ੍ਹਾ ਰਚਨਾ ਦੇ ਮਾਡਲ ਨੂੰ ਧਿਆਨ ਵਿਚ ਰੱਖ ਕੇ ਤੁਸੀਂ ਹੋਰ ਵਿਸ਼ਿਆਂ ਬਾਰੇ ਪੈਰ੍ਹਾ ਰਚਨਾ ਕਰਨੀ ਹੈ।

10.4 **ਅਭਿਆਸ ਲਈ ਪ੍ਰਸ਼ਨ:** ਪਾਠ ਦੇ ਅੰਤ ਵਿਚ ਅਭਿਆਸ ਲਈ ਕੁਝ ਪ੍ਰਸ਼ਨ ਦਿੱਤੇ ਗਏ ਹਨ ਜਿਹਨਾਂ ਦੇ ਉੱਤਰ ਓਪਰੋਕਤ ਰੂਪ-ਰੇਖਾ ਅਨੁਸਾਰ ਤੁਸੀਂ ਆਪ ਤਿਆਰ ਕਰਨੇ ਹਨ।

ਚਲੰਤ ਮਸਲਿਆਂ ਨਾਲ ਸੰਬੰਧਿਤ ਕੁਝ ਚੋਣਵੇਂ ਵਿਸ਼ਿਆਂ ਬਾਰੇ ਮਾਡਲ ਵਜੋਂ ਕੁਝ ਪੈਰ੍ਹਾ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

### 10.3.1 ਨੌਜਵਾਨਾਂ ਵਿਚ ਵਿਦੇਸ਼ ਜਾਣ ਜਾ ਰੁਝਾਨ

**ਭੂਮਿਕਾ:** ਨੌਜਵਾਨ ਪੀੜ੍ਹੀ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਕੇ ਆਪਣੀ ਪਿਤਰੀ ਭੂਮੀ ਨਾਲੋਂ ਮੋਹ ਤੋੜਦੀ ਜਾ ਰਹੀ ਹੈ। ਕੁਝ ਵਿਦਵਾਨ ਇਸ ਵਰਤਾਰੇ ਨੂੰ ਬੇਰੁਜ਼ਗਾਰੀ ਨਾਲ ਜੋੜ ਕੇ ਦੇਖਦੇ ਹਨ ਪਰ ਰੁਜ਼ਗਾਰ ਨਾ ਮਿਲਣਾ ਇਸ ਦਾ ਇੱਕੋ-ਇੱਕ ਕਾਰਨ ਨਹੀਂ ਹੈ, ਕਿਉਂਕਿ ਪੰਜਾਬ ਵਿੱਚ ਕਈ ਸਰਕਾਰੀ ਨੌਕਰੀਆਂ ਅਤੇ ਚੰਗੀਆਂ ਜਾਇਦਾਦਾਂ ਵਾਲੇ ਵੀ ਸੂਬੇ ਨੂੰ ਛੱਡ ਰਹੇ ਹਨ। ਅੱਜ ਜੋ ਵਿਦਿਆਰਥੀ ਪੜ੍ਹਨ ਲਈ ਵਿਦੇਸ਼ ਜਾਂਦੇ ਹਨ, ਥੋੜ੍ਹਾ-ਬਹੁਤਾ ਧਨ ਵਾਪਸ ਭੇਜਣ ਦੀ ਬਜਾਏ ਆਪਣੀ ਪਿਤਰੀ ਜਾਇਦਾਦ

ਨੂੰ ਵੀ ਵੇਚ ਵੱਟ ਕੇ ਪੈਸਾ ਆਪਣੇ ਨਾਲ ਲਿਜਾਣ ਲੱਗ ਪਏ ਹਨ। ਸੋ ਵਿਦੇਸ਼ ਜਾਣ ਦੇ ਬਹੁਪੱਖੀ ਕਾਰਨ ਹਨ ਜਿਹਨਾਂ ਵਿਚ ਚੰਗੀ ਨੌਕਰੀ, ਚੰਗਾ ਸਟੇਟਸ, ਸੁਰੱਖਿਆ, ਸਹੂਲਤਾਂ ਅਤੇ ਸਾਡੇ ਦੇਸ਼ ਦੇ ਭ੍ਰਿਸ਼ਟ ਤੰਤਰ ਤੋਂ ਮੁਕਤੀ ਆਦਿ ਪ੍ਰਮੁੱਖ ਕਾਰਨ ਹਨ।

**ਨਵੀਆਂ ਥਾਵਾਂ 'ਤੇ ਜਾਣ ਦੀ ਚਾਹਤ:** ਇੱਕ ਥਾਂ ਤੋਂ ਦੂਜੀ ਥਾਂ 'ਤੇ ਭ੍ਰਮਣ ਕਰਨਾ ਆਦਿ ਕਾਲ ਤੋਂ ਮਨੁੱਖ ਦਾ ਸ਼ੌਂਕ ਰਿਹਾ ਹੈ। ਚੰਗੇਰੇ ਜੀਵਨ ਦੀ ਚਾਹ ਢੁਕਵਾਂ ਵਾਤਵਰਨ, ਸੁਰੱਖਿਆ ਅਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਮਨੁੱਖ ਮੁੱਢ-ਕਦੀਮ ਤੋਂ ਹੀ ਇੱਕ ਤੋਂ ਦੂਜੀ ਥਾਂ ਉਤੇ ਪਰਵਾਸ ਕਰਦਾ ਰਿਹਾ ਹੈ। ਇਹ ਇੱਕ ਅਜਿਹਾ ਵਰਤਾਰਾ ਹੈ ਜੋ ਪਿੰਡਾਂ, ਸ਼ਹਿਰਾਂ ਨਗਰਾਂ ਤੇ ਮਹਾਂ-ਨਗਰਾਂ ਦੇ ਵਾਧੇ ਤੇ ਵਿਕਾਸ ਦਾ ਕਾਰਨ ਬਣਿਆ ਹੈ। ਪੁਰਾਣੇ ਸਮੇਂ ਵਿਚ ਮਨੁੱਖ ਨੇ ਜਿਉਂਦੇ ਰਹਿਣ ਲਈ ਭੋਜਨ, ਪਾਣੀ, ਤੇ ਮੌਸਮਾਂ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਪਰਵਾਸ ਕੀਤਾ ਹੈ, ਉਥੇ ਹੀ ਆਧੁਨਿਕ ਸਮੇਂ ਵਿਚ ਵਿਦੇਸ਼ ਜਾਣ ਦੀ ਲਲਕ, ਲੋੜਾਂ ਤੋਂ ਇਲਾਵਾ ਇੱਛਾਵਾਂ ਦੀ ਪ੍ਰਾਪਤੀ ਦੀ ਚਾਹ, ਵਿਦੇਸ਼ੀ ਸੁੱਖ ਸਹੂਲਤਾਂ ਦਾ ਪ੍ਰਭਾਵ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਖੇਤੀ ਖੇਤਰ ਦਾ ਆਰਥਿਕ ਸੰਕਟ ਆਦਿ ਕਾਰਨ ਹਨ। ਜਿਨ੍ਹਾਂ ਕਾਰਨ ਪੜ੍ਹੇ-ਲਿਖੇ, ਹੁਨਰਮੰਦ, ਤਕਨੀਕੀ ਕੁਸ਼ਲਤਾ ਪ੍ਰਾਪਤ ਤੇ ਮਿਹਨਤੀ ਨੌਜਵਾਨ ਧੜਾ-ਧੜ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ।

**ਵਿਦੇਸ਼ ਜਾਣ ਦੀ ਗਿਣਤੀ ਵਿਚ ਵਾਧਾ:** ਭਾਰਤ ਤੋਂ ਵਿਦੇਸ਼ ਜਾਣ ਦੇ ਚਾਹਵਾਨਾਂ ਦੀ ਗਿਣਤੀ ਨਿਰੰਤਰ ਵੱਧ ਰਹੀ ਹੈ ਅਤੇ ਪੰਜਾਬ ਅੰਕੜਿਆਂ ਦੇ ਲਿਹਾਜ਼ ਨਾਲ਼ ਇਸ ਸੂਚੀ ਵਿੱਚ ਅੱਵਲ ਦਰਜੇ 'ਤੇ ਹੈ। ਚੰਗੇ ਭਵਿੱਖ ਦੀ ਆਸ ਵਿੱਚ ਵਿਦੇਸ਼ ਦਾ ਰੁੱਖ ਕਰਨਾ ਪੰਜਾਬੀਆਂ ਲਈ ਕੋਈ ਨਵੀਂ ਗੱਲ ਨਹੀਂ ਹੈ ਪਰ ਸਥਾਨਿਕ ਪੱਧਰ 'ਤੇ ਇਸ ਪਰਵਾਸ ਨੂੰ ਅਕਸਰ ਇੱਕ ਚਿੰਤਾ ਦੀ ਨਜ਼ਰ ਨਾਲ਼ ਦੇਖਿਆ ਜਾਂਦਾ ਹੈ। ਬੀਤੇ ਸਾਲ 5.28 ਮਿਲੀਅਨ ਤੋਂ ਵੀ ਵੱਧ ਭਾਰਤੀਆਂ ਨੇ ਵਿਦੇਸ਼ ਜਾਣ ਲਈ ਵੀਜ਼ੇ ਲਈ ਦਰਖ਼ਾਸਤ ਦਿੱਤੀ ਸੀ ਜੋ ਕਿ 2017 ਦੇ ਮੁਕਾਬਲੇ 14 ਪ੍ਰਤੀਸ਼ਤ ਵੱਧ ਸੀ। ਇਸੇ ਤਰ੍ਹਾਂ ਪੰਜਾਬ ਦੇ ਇੱਕ ਅੰਕੜੇ ਮੁਤਾਬਕ 2018 ਵਿੱਚ ਅੰਦਾਜ਼ਨ 150,000 ਪੰਜਾਬੀ ਵਿਦਿਆਰਥੀ ਆਪਣੇ 'ਵਿਦੇਸ਼ੀ ਸੁਪਨਿਆਂ' ਨੂੰ ਸਾਕਾਰ ਕਰਨ ਲਈ ਵਿਦੇਸ਼ ਗਏ। ਇਹਨਾਂ ਵਿੱਚ ਜ਼ਿਆਦਾ ਗਿਣਤੀ ਕੈਨੇਡਾ ਜਾਣ ਵਾਲਿਆਂ ਦੀ ਸੀ, ਇਸ ਤੋਂ ਬਾਅਦ ਦੂਜੇ ਮੁਲਕ ਜਿਵੇਂ ਕਿ ਆਸਟ੍ਰੇਲੀਆ, ਯੂ.ਕੇ, ਨਿਊਜ਼ੀਲੈਂਡ, ਅਮਰੀਕਾ ਆਦਿ ਨੰਬਰ ਦਾ ਆਉਂਦਾ ਹੈ।

**ਵਿਦੇਸ਼ ਜਾਣ ਦੀ ਚਾਹਤ:** ਪੰਜਾਬੀ ਨੌਜਵਾਨਾਂ ਵਿਚ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵੀ ਵਿਦੇਸ਼ ਜਾ ਕੇ ਕਮਾਈ ਕਰਨ ਅਤੇ ਆਪਣੇ ਜੀਵਨ ਪੱਧਰ ਨੂੰ ਬਦਲਣ ਦਾ ਰੁਝਾਨ ਰਿਹਾ ਹੈ ਜੋ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਮੱਠਾ ਪੈਣ ਦੀ ਬਜਾਇ ਹੋਰ ਵੀ ਵਧ ਗਿਆ ਹੈ। ਪੰਜਾਬ ਦੇ ਨੌਜਵਾਨਾਂ ਦੇ ਮਨਾਂ ਵਿਚ ਵਿਦੇਸ਼ ਜਾ ਕੇ ਕੰਮ ਕਰਨ ਅਤੇ ਵੱਸਣ ਦੀ ਚਾਹਤ ਸਦਾ ਹੀ ਰਹੀ ਹੈ। ਇਸੇ ਕਾਰਨ ਉਹ ਸਭ ਕੁੱਝ ਵੇਚ-ਵੱਟ ਕੇ ਜਾਇਜ਼ ਜਾਂ ਨਾਜਾਇਜ਼, ਕਾਨੂੰਨੀ ਜਾਂ ਗ਼ੈਰ-ਕਾਨੂੰਨੀ, ਅਸੁਰੱਖਿਅਤ ਤੇ ਜਾਨ ਜੋਖ਼ਮ ਵਿਚ ਪਾ ਕੇ ਹਰ ਕੀਮਤ ਤੇ ਵਿਦੇਸ਼ ਜਾਣ ਲਈ ਤਿਆਰ ਰਹਿੰਦੇ ਹਨ।

**ਵਿਦੇਸ਼ੀ ਸੁੱਖ ਸਹੂਲਤਾਂ ਦਾ ਪ੍ਰਭਾਵ:** ਸਾਡਾ ਦੇਸ਼ ਵਿਕਾਸ ਕਰ ਰਿਹਾ ਹੈ ਜਿਸ ਕਾਰਨ ਇੱਥੇ ਬਹੁਤ ਸਾਰੀਆਂ ਥੁੜਾਂ, ਕਮੀਆਂ ਤੇ ਖਾਮੀਆਂ ਹੋਣੀਆਂ ਆਮ ਗੱਲ ਹੈ। ਇਸ ਦੇ ਉਲਟ ਅਨੇਕ ਪੱਛਮੀ ਤੇ ਦੂਜੇ ਦੇਸ਼ ਚੰਗੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ ਜਿਸ ਕਾਰਨ ਉਥੇ ਅਜਿਹੀਆਂ ਘਾਟਾਂ ਤੇ ਥੁੜ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੇ।ਉੱਥੇ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਲਈ ਹਰ ਪ੍ਰਕਾਰ ਦੀਆਂ ਸੁੱਖ ਸਹੂਲਤਾਂ ਦੇਣ ਲਈ ਵਚਨਬੱਧ ਹਨ। ਇਸ ਕਾਰਨ ਉੱਥੇ ਦੇ ਵਾਸੀ ਚਿੰਤਾ ਮੁਕਤ, ਯੋਜਨਾ-ਬੱਧ ਤੇ ਖੁਸ਼ਹਾਲ ਜੀਵਨ ਬਸਰ ਕਰਦੇ ਹਨ। ਇਹ ਸਭ ਗੱਲਾਂ ਤੇ ਸਹੂਲਤਾਂ ਹੀ ਸਾਡੇ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ ਜਿਸ ਨਾਲ ਉਹ ਵਿਦੇਸ਼ ਜਾ ਕੇ ਵਸਣ ਨੂੰ ਪਹਿਲ ਦੇ ਰਹੇ ਹਨ।

**ਵੱਧ ਰਹੀ ਬੇਰੁਜ਼ਗਾਰੀ ਅਤੇ ਅਸੁਰੱਖਿਆ:** ਸਾਡੇ ਦੇਸ਼ ਦੀ ਵਧ ਰਹੀ ਆਬਾਦੀ, ਸਰਕਾਰਾਂ ਦੀ ਲਾਪਰਵਾਹੀ ਤੇ ਪੂੰਜੀਪਤੀਆਂ ਦੀ ਮੁਨਾਫ਼ਾਖੋਰ ਪ੍ਰਵਿਰਤੀ ਕਾਰਨ ਪੜ੍ਹੇ ਲਿਖੇ ਤੇ ਉੱਚ ਯੋਗਤਾ ਅਤੇ ਕੰਮ ਦੇ ਮੁਤਾਬਕ ਵੇਤਨ ਨਾਂ ਦੇ ਕੇ ਵੀ ਉਨ੍ਹਾਂ ਦਾ ਅਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਕੱਚੀਆਂ ਨੌਕਰੀਆਂ ਤੇ ਹਰ ਸਮੇਂ ਕੱਢੇ ਜਾਣ ਦੇ ਡਰ ਦੇ ਸਾਏ ਵਿਚ ਜੀਅ ਰਹੇ ਇਹ ਨੌਜਵਾਨ ਜਿੱਥੇ ਮਾਨਸਿਕ ਰੋਗੀ ਬਣ ਰਹੇ ਹਨ, ਉਥੇ ਹੀ ਬਹੁਤ ਸਾਰੇ ਨਸ਼ਿਆ ਦੀ ਦਲਦਲ ਵਿਚ ਫਸਦੇ ਜਾ ਰਹੇ ਹਨ। ਇਸ ਦੇ ਮੁਕਾਬਲੇ ਵਿਦੇਸ਼ਾਂ ਵਿਚ ਯੋਗਤਾ ਤੇ ਕੰਮ ਦੀ ਕਦਰ ਕਾਰਨ ਜਿੱਥੇ ਤਰੱਕੀ ਦੇ ਮੌਕੇ ਵਧੇਰੇ ਹਨ ਉੱਥੇ ਹੀ ਕਿਸੇ ਕਿਸਮ ਦੇ ਆਰਥਿਕ ਸ਼ੋਸ਼ਣ ਦੀਆਂ ਸੰਭਾਨਾਵਾਂ ਵੀ ਘੱਟ ਹਨ ਇਸੇ ਕਾਰਨ ਇਹ ਨੌਜਵਾਨ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ।

**ਖੇਤੀ ਖੇਤਰ ਦਾ ਆਰਥਿਕ ਸੰਕਟ:** ਅਸੀਂ ਇਕ ਖੇਤੀ ਪ੍ਰਧਾਨ ਦੇਸ ਦੇ ਵਾਸੀ ਹਾਂ ਸਾਡੇ ਦੇਸ਼ ਦੀ 65% ਆਬਾਦੀ ਦਾ ਨਿਰਬਾਹ ਖੇਤੀ ਉੱਤੇ ਹੋ ਰਿਹਾ ਹੈ। ਆਜ਼ਾਦੀ ਤੋ ਬਾਅਦ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਨਾਲ ਜਿੱਥੇ ਹਰੀ ਕ੍ਰਾਂਤੀ ਆਈ ਉਥੇ ਹੀ ਇੰਝ ਜਾਪਿਆ ਕਿ ਹੁਣ ਜਿਵੇਂ ਅਸੀਂ ਅੰਨ ਖੇਤਰ ਵਿਚ ਆਤਮ ਨਿਰਭਰ ਹੋਏ ਹਾਂ ਉਥੇ ਹੀ ਤਰੱਕੀ ਦੇ ਮੌਕੇ ਵਧਦੇ ਜਾਣਗੇ ਅਤੇ ਕਿਸਾਨ ਖੁਸ਼ਹਾਲ ਹੁੰਦਾ ਜਾਵੇਗਾ। ਇਸ ਨਾਲ ਜਿੱਥੇ ਲੋਕ ਖੁਸ਼ਹਾਲ ਹੋਣਗੇ ਉਥੇ ਹੀ ਉਨ੍ਹਾਂ ਦਾ ਜੀਵਨ ਪੱਧਰ ਵੀ ਉੱਚਾ ਹੋਵੇਗਾ ਬਿਨ੍ਹਾਂ ਸ਼ੱਕ ਅਜਿਹਾ ਹੋਇਆ ਵੀ ਪਰ ਇਸ ਦਾ ਫਾਇਦਾ ਧਨੀ ਤੇ ਵੱਡੀ ਕਿਸਾਨੀ ਨੂੰ ਹੋਇਆ। ਛੋਟੇ ਤੇ ਗਰੀਬ ਕਿਸਾਨ ਜਿਥੋਂ ਸਬਸਿਡੀਆਂ ਨਾ ਮਿਲਣ ਕਾਰਨ, ਮਾਯੂਸ ਹੋਏ ਉਥੇ ਹੀ ਖੇਤੀ ਖੇਤਰ ਲਈ ਯੋਗ ਯੋਜਨਾਬੰਦੀ, ਸਹੀ ਮੰਡੀਕਰਨ, ਘਟੀਆ ਬੀਜ, ਨਕਲੀ ਦਵਾਈਆਂ, ਮੌਸਮ ਦੀਆਂ ਮਾਰਾਂ ਤੇ ਘਟਦੇ ਫ਼ਸਲੀ ਉਤਪਾਦਨ ਕਾਰਨ ਖੇਤੀ ਛੱਡ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿਚ ਜਾਣ ਦੀਆਂ ਵਿਉਤਾਂ ਬਣਾਉਣ ਲੱਗੇ ਤੇ ਬਹੁਤ ਸਾਰੇ ਤਾਂ ਇਨ੍ਹਾਂ ਸੋਚਾਂ ਨੂੰ ਅਸਲੀ ਰੂਪ ਦੇ ਵੀ ਚੁੱਕੇ ਹਨ।

**ਵਿਦੇਸ਼ ਭੇਜਣਾ ਇੱਕ ਵਪਾਰਕ ਕਾਰਜ:** ਪੰਜਾਬੀ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਚਾਹਤ 'ਤੇ ਵਧਦੇ ਰੁਝਾਨ ਇਸ ਨੂੰ ਇੱਕ ਵਪਾਰਕ ਕਿੱਤੇ ਵਿਚ ਬਦਲ ਦਿੱਤਾ ਹੈ। ਮਹਾਂ-ਨਗਰਾਂ, ਨਗਰਾਂ, ਛੋਟੇ ਸ਼ਹਿਰਾਂ ਤੇ ਹੁਣ ਤਾ ਪਿੰਡਾਂ ਵਿਚ ਅਜਿਹੇ ਏਜੰਟ ਨੁਮਾ ਲੋਕਾਂ ਦੀਆ ਦੁਕਾਨਾਂ ਜਾ ਏਜੰਸੀਆਂ ਵਿਦੇਸ਼ੀ ਵੀਜ਼ਾ ਤੇ ਵਧੀਆ ਕੰਮ ਲੱਭ ਕੇ ਦੇਣ ਦੇ ਵਾਅਦੇ ਕਰਦੀਆਂ ਹਨ। ਆਪਣੀਆਂ ਤੀਬਰ ਚਾਹ, ਇਨ੍ਹਾਂ ਏਜੰਟਾਂ ਜਾਂ ਏਜੰਸੀਆਂ ਦੇ ਪ੍ਰਭਾਵੀ ਤੇ ਲੁਭਾਉਣੇ ਪ੍ਰਚਾਰ ਸਦਕਾ ਨੌਜਵਾਨ ਬਿਨਾਂ ਸੋਚੇ ਸਮਝੇ, ਜਾਂਚ ਪੜਤਾਲ ਕੀਤੇ ਅਤੇ ਖ਼ਤਰਿਆਂ ਤੋਂ ਅਣਜਾਣ ਜਿੱਥੇ ਮੋਟੀਆਂ ਰਕਮਾਂ ਦੇ ਕੇ ਠੱਗੇ ਜਾਂਦੇ ਹਨ, ਉਥੇ ਹੀ ਨਕਲੀ ਪਾਸ ਪੋਰਟ, ਨਿਯੁਕਤੀ ਪੱਤਰ ਤੇ ਫਰਜੀ ਵਿਆਹਾਂ ਜ਼ਰੀਏ ਵਿਦੇਸ਼ ਦੀ ਧਰਤੀ 'ਤੇ ਪਹੁੰਚਦੇ ਹਨ। ਕੁੱਝ ਗਾਇਕ ਮੰਡਲੀ, ਭੰਗੜਾ ਗਰੁੱਪ, ਖਿਡਾਰੀਆਂ ਨਾਲ ਤੇ ਸਿਆਸੀ ਲੋਕਾਂ ਦੀਆਂ ਨਿੱਜੀ ਟੀਮਾਂ ਵਿਚ ਸ਼ਾਮਿਲ ਕਰਕੇ ਵੀ ਭੇਜੇ ਜਾਂਦੇ ਹਨ। ਅਜਿਹਾ ਕਰਦੇ ਸਮੇਂ ਕੁੱਝ ਮੌਕਿਆ 'ਤੇ ਜਿੱਥੇ ਮਾਲਟਾ ਕਿਸ਼ਤੀ ਕਾਂਡ ਵਰਗੇ ਦੁਖਾਂਤ ਸਾਹਮਣੇ ਆਉਂਦੇ ਹਨ ਉਥੇ ਹੀ ਅਣਗਿਣਤ ਨੌਜਵਾਨ ਨੂੰ ਚੋਰੀ ਛੁਪੇ ਸਰਹੱਦਾਂ ਪਾਰ ਕਰਾਉਂਦੇ ਸਮੇਂ ਜਿੱਥੇ ਜਾਨ ਨੂੰ ਖ਼ਤਰਾ ਹੁੰਦਾ ਹੈ ਉਥੇ ਹੀ ਨਰਕ ਭਰੀ ਜੇਲ੍ਹ ਜਾ ਲੁਕ ਛਿਪ ਕੇ ਵਕਤ ਕਟੀ ਵੀ ਕਰਨੀ ਪੈਂਦੀ ਹੈ। ਪੰਰਤੂ ਕੁੱਝ ਏਜੰਟ ਜਾਂ ਏਜੰਸੀਆਂ ਅਜਿਹੀਆਂ ਵੀ ਹਨ ਜੋ ਬਾਕਾਇਦਾ ਇਮਾਨਦਾਰੀ ਨਾਲ ਸਰਕਾਰ ਤੋਂ ਲਾਇਸੈਂਸ ਪ੍ਰਾਪਤ ਕਰਕੇ ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਦਾ ਕੰਮ ਕਰਦੀਆਂ ਹਨ।

**ਸਾਰ-ਅੰਸ਼:** ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਨੌਜਵਾਨ ਪੀੜ੍ਹੀ ਵਿੱਚ ਵਿਦੇਸ਼ ਜਾਣ ਦਾ ਰੁਝਾਨ ਬਹੁਤ ਜ਼ਿਆਦਾ ਵਧਦਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਧਿਆਨ ਦੇਵੇ ਅਤੇ ਰੁਜ਼ਗਾਰ ਮੁਹੱਈਆ

ਕਰਵਾਏ। ਖੇਤੀ ਦੇ ਪ੍ਰਬੰਧਾਂ ਨੂੰ ਵਧੀਆ ਢੰਗ ਨਾਲ ਲਾਗੂ ਕਰੇ ਤਾਂ ਜੋ ਨੌਜਵਾਨ ਵਰਗ ਨੂੰ ਆਪਣੀ ਮਿੱਟੀ ਨਾਲ ਜੋੜਿਆ ਜਾ ਸਕੇ। ਜਨਤਾ ਨੂੰ ਵੀ ਆਪਣੀ ਸੋਚਣੀ ਬਦਲਣੀ ਚਾਹੀਦੀ ਹੈ ਤੇ ਦੇਸ਼ ਦੀ ਨੌਜਵਾਨ ਸ਼ਕਤੀ ਤੇ ਆਰਥਿਕਤਾ ਦੀ ਬਰਬਾਦੀ ਨਹੀਂ ਕਰਨੀ ਚਾਹੀਦੀ।

### 10.3.2 ਔਰਤਾਂ ਵਿੱਚ ਵੱਧ ਰਹੀ ਅਸੁਰੱਖਿਆ ਦੀ ਭਾਵਨਾ

**ਭੂਮਿਕਾ**: ਔਰਤਾਂ ਦੀ ਹਿੰਸਾ ਦਾ ਮਸਲਾ ਅੱਜ ਦੇ ਸਮੇਂ ਦੀ ਵੱਡੀ ਚੁਣੌਤੀ ਬਣ ਗਿਆ ਹੈ। ਹਰ ਰੋਜ਼ ਔਰਤਾਂ ਨੂੰ ਥੱਪੜਾਂ, ਲੱਤਾਂ, ਮਾਰ-ਕੁਟਾਈ, ਬੇਇੱਜ਼ਤੀ, ਧਮਕੀਆਂ, ਯੌਨ ਸ਼ੋਸ਼ਣ ਅਤੇ ਅਨੇਕਾਂ ਹੋਰ ਹਿੰਸਾਤਮਕ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਤਕ ਕਿ ਉਨ੍ਹਾਂ ਦੇ ਜੀਵਨ ਸਾਥੀ ਜਾਂ ਉਸ ਦੇ ਪਰਿਵਾਰ ਦੇ ਮੈਂਬਰ ਉਨ੍ਹਾਂ ਦੀ ਹੱਤਿਆ ਤੱਕ ਵੀ ਕਰ ਦਿੰਦੇ ਹਨ। ਇਸ ਸਭ ਦੇ ਬਾਵਜੂਦ ਸਾਨੂੰ ਇਸ ਪ੍ਰਕਾਰ ਦੀ ਹਿੰਸਾ ਦੇ ਬਾਰੇ ਜ਼ਿਆਦਾ ਪਤਾ ਨਹੀਂ ਚੱਲਦਾ ਹੈ ਕਿਉਂਕਿ ਸ਼ੋਸ਼ਿਤ ਅਤੇ ਜ਼ੁਲਮ ਦੀਆਂ ਸ਼ਿਕਾਰ ਔਰਤਾਂ ਇਸ ਬਾਰੇ ਚਰਚਾ ਕਰਨ ਤੋਂ ਘਬਰਾਉਂਦੀਆਂ, ਡਰਦੀਆਂ ਅਤੇ ਝਿਜਕਦੀਆਂ ਹਨ। ਅਨੇਕਾਂ ਡਾਕਟਰ, ਨਰਸਾਂ ਅਤੇ ਸਿਹਤ ਕਰਮਚਾਰੀ ਹਿੰਸਾ ਨੂੰ ਇਕ ਗੰਭੀਰ ਸਿਹਤ ਸਮੱਸਿਆ ਦੇ ਰੂਪ ਵਿੱਚ ਪਛਾਣਨ ਵਿੱਚ ਭੁੱਲ ਕਰ ਜਾਂਦੇ ਹਨ। ਇਹ ਲੇਖ ਔਰਤਾਂ ਉੱਤੇ ਘਰਾਂ ਵਿੱਚ ਹੋਣ ਵਾਲੀ ਹਿੰਸਾ ਨਾਲ ਸੰਬੰਧਤ ਹੈ। ਇਹ ਤੁਹਾਨੂੰ ਇਹ ਸਮਝਣ ਵਿੱਚ ਸਹਾਇਕ ਹੋਵੇਗਾ ਕਿ ਹਿੰਸਾ ਕਿਉਂ ਹੁੰਦੀ ਹੈ? ਇਸ ਦੇ ਲਈ ਤੁਸੀਂ ਕੀ ਕਰ ਸਕਦੇ ਹੋ ਅਤੇ ਆਪਣੇ ਸਮੁਦਾਇ ਵਿੱਚ ਤਬਦੀਲੀ ਲਿਆਉਣ ਲਈ ਕਿਸ ਪ੍ਰਕਾਰ ਕਿਰਿਆਸ਼ੀਲ ਹੋ ਸਕਦੇ ਹੋ?

**ਔਰਤਾਂ ਨਾਲ ਕੀਤੀ ਜਾਂਦੀ ਹਿੰਸਾ ਦੇ ਕਾਰਨ:** ਇੱਥੇ ਕੁਝ ਅਜਿਹੇ ਕਾਰਨਾਂ ਦੀ ਚਰਚਾ ਕੀਤੀ ਗਈ ਹੈ, ਜੋ ਇਹ ਵਰਣਨ ਕਰਦੇ ਹਨ ਕਿ ਕੁਝ ਪੁਰਖ ਔਰਤਾਂ ਨੂੰ ਤਕਲੀਫ਼ ਕਿਉਂ ਪਹੁੰਚਾਉਂਦੇ ਹਨ। ਮਰਦ ਨੂੰ ਜਾਪਦਾ ਹੈ ਕਿ ਹਿੰਸਾ ਕੰਮ ਕਰਦੀ ਹੈ ਅਤੇ ਕਿਸੇ ਕਮਜ਼ੋਰ ਵਿਅਕਤੀ ਦੇ ਨਾਲ ਹਿੰਸਾ ਵਿੱਚ ਲਿਪਤ ਹੋ ਕੇ ਇੱਕ ਮਰਦ ਆਪਣੀਆਂ ਕੁੰਠਾਵਾਂ ਤੋਂ ਮੁਕਤੀ ਪਾਉਣ ਦਾ ਯਤਨ ਕਰਦਾ ਹੈ। ਉਹ ਅਸਲੀ ਪਰੇਸ਼ਾਨੀ ਨੂੰ ਪਛਾਣਨ ਜਾਂ ਉਸ ਦਾ ਕੋਈ ਵਿਹਾਰਕ ਹੱਲ ਲੱਭਣ ਦੀ ਬਜਾਇ, ਪੁਰਖ ਹਿੰਸਾ ਦਾ ਸਹਾਰਾ ਲੈ ਕੇ ਅਸਹਿਮਤੀ ਨੂੰ ਛੇਤੀ ਨਾਲ ਖ਼ਤਮ ਕਰਨਾ ਚਾਹੁੰਦਾ ਹੈ। ਜੇਕਰ ਕੋਈ ਪੁਰਖ ਹਿੰਸਾ ਦਾ ਪ੍ਰਯੋਗ ਕਰਦਾ ਹੈ ਕਿ ਉਹ ਜਿੱਤ ਗਿਆ ਹੈ ਅਤੇ ਆਪਣੀ ਗੱਲ ਮਨਵਾਉਣ ਦਾ ਯਤਨ ਕਰਦਾ ਹੈ। ਹਿੰਸਾ ਦੀ ਸ਼ਿਕਾਰ ਔਰਤ, ਚੋਟ ਅਤੇ ਬੇਇੱਜ਼ਤੀ ਤੋਂ ਬਚਣ ਲਈ, ਅਗਲੀ ਸਥਿਤੀ ਵਿੱਚ ਉਸ ਦਾ ਵਿਰੋਧ ਕਰਨ ਤੋਂ ਬਚਦੀ ਹੈ। ਅਜਿਹੇ ਵਿੱਚ ਪੁਰਖ ਨੂੰ ਹੋਰ ਵੀ ਸ਼ਹਿ ਮਿਲਦੀ ਹੈ। ਜੇਕਰ ਪੁਰਖ ਇਹ ਮੰਨਦਾ ਹੈ ਕਿ ਮਰਦ ਹੋਣ ਦਾ ਮਤਲਬ ਹੈ ਔਰਤ ਦੇ ਉਪਰ ਪੂਰਾ ਕਾਬੂ ਹੋਣਾ ਤਾਂ ਹੋ ਸਕਦਾ ਹੈ ਕਿ ਉਹ ਔਰਤ ਦੇ ਨਾਲ ਹਿੰਸਾ ਕਰਨ ਨੂੰ ਵੀ ਉਚਿਤ ਮੰਨੇ।

**ਵੱਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ**: ਛੋਟੀ ਉਮਰ ਦੀਆਂ ਬੱਚੀਆਂ ਨਾਲ ਬਲਤਕਾਰ ਹੋ ਰਹੇ ਹਨ। ਬਲਾਤਕਾਰ ਉਪਰੰਤ ਲੜਕੀਆਂ, ਔਰਤਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਸਮਾਜ ਵਿੱਚ ਵੱਧ ਰਹੇ ਇਸ ਪਸ਼ੂ-ਪੁਣੇ ਦਾ ਇਸ ਤੋਂ ਵੱਡਾ ਕੋਈ ਹੋਰ ਸਬੂਤ ਹੋ ਸਕਦਾ ਹੈ? ਆਓ ਬਲਾਤਕਾਰ ਦੇ ਅੰਕੜਿਆਂ ਉਤੇ ਇੱਕ ਝਾਤ ਮਾਰੀਏ। ਦੇਸ਼ ਵਿੱਚ ਸਲਾਨਾ 35 ਤੋਂ 36 ਹਜ਼ਾਰ ਦੇ ਲਗਭਗ ਬਲਾਤਕਾਰ ਹੁੰਦੇ ਹਨ। ਬਲਾਤਕਾਰ ਦਾ ਸ਼ਿਕਾਰ ਆਮ ਤੌਰ ’ਤੇ 18 ਤੋਂ 30 ਵਰ੍ਹਿਆਂ ਦੀਆਂ ਔਰਤਾਂ ਹੋ ਰਹੀਆਂ ਹਨ। ਔਰਤਾਂ ’ਚ ਅਸੁਰੱਖਿਆ ਦੀ ਭਾਵਨਾ ਵੱਧ ਰਹੀ ਹੈ। ਕਈ ਹਾਲਤਾਂ ਵਿਚ ਤਾਂ

ਇਕੱਲੀਆਂ ਲੜਕੀਆਂ, ਔਰਤਾਂ ਵੀ ਘਰ ਵਿੱਚ ਸੁਰੱਖਿਅਤ ਨਹੀਂ, ਉਹਨਾਂ ਨਾਲ ਛੇੜਛਾੜ, ਬਲਾਤਕਾਰ ਦੀਆਂ ਘਟਨਾਵਾਂ ਉਹਨਾਂ ਦੇ ਆਪਣੇ ਨਜ਼ਦੀਕੀ, ਜਾਣੂਆਂ, ਰਿਸ਼ਤੇਦਾਰਾਂ ਵਲੋਂ ਹੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਦੀਆਂ ਹਨ। ਇਕ ਰਿਪੋਰਟ ਅਨੁਸਾਰ ਬਲਾਤਕਾਰ ਦੀਆਂ ਘਟਨਾਵਾਂ 'ਚ ਲਿਪਤ ਮਰਦ 90 ਪ੍ਰਤੀਸ਼ਤ ਔਰਤਾਂ ਦੇ ਜਾਣੂ, ਰਿਸ਼ਤੇਦਾਰ ਜਾਂ ਨਜ਼ਦੀਕੀ ਪਾਏ ਗਏ ਹਨ।

**ਔਰਤਾਂ ਨਾਲ ਅਪਰਾਧਾਂ ਦੇ ਕੁਝ ਅੰਕੜੇ:** ਜੇਕਰ ਸਰਕਾਰੀ ਅੰਕੜਿਆਂ ਨੂੰ ਹੀ ਸਹੀ ਮੰਨ ਲਿਆ ਜਾਵੇ ਤਾਂ ਸਾਲ 2014 ਵਿੱਚ ਕੁਲ 3,29,243 ਅਤੇ 2016 ਵਿੱਚ 3,38,954 ਔਰਤਾਂ ਨਾਲ ਅਪਰਾਧ ਦੇ ਮਾਮਲੇ ਰਜਿਸਟਰਡ ਹੋਏ ਹਨ। ਪਰ ਔਰਤਾਂ ਨਾਲ ਅਪਰਾਧਾਂ ਦੇ ਮਾਮਲੇ ਦੇਸ਼ ਵਿੱਚ ਇਸ ਤੋਂ ਵੀ ਕਿਧਰੇ ਵੱਧ ਹਨ ਕਿਉਂਕਿ ਬਹੁਤੀਆਂ ਬਲਾਤਕਾਰ, ਜਿਨਸੀ ਛੇੜਛਾੜ ਦੀਆਂ ਘਟਨਾਵਾਂ ਤਾਂ ਪੁਲਿਸ ਥਾਣਿਆਂ ਵਿੱਚ ਰਜਿਸਟਰਡ ਹੀ ਨਹੀਂ ਹੁੰਦੀਆਂ। ਇਸ ਵਿਚ ਬਹੁ-ਗਿਣਤੀ ਪੇਂਡੂ ਖੇਤਰ ਵਿਚ ਵਾਪਰੀਆਂ ਘਟਨਾਵਾਂ ਦੀ ਹੈ, ਜਿਥੇ ਪੇਂਡੂ ਔਰਤਾਂ, ਸ਼ਹਿਰੀ ਔਰਤਾਂ ਦੇ ਮੁਕਾਬਲੇ ਜ਼ਿਆਦਾ ਅਸੁਰੱਖਿਅਤ ਹਨ।

**ਸਾਡੇ ਸਮਾਜ ਵਿਚ ਔਰਤ ਪ੍ਰਤੀ ਨਜ਼ਰੀਆ:** ਸਾਡੇ ਸਮਾਜ ਵਿਚ ਔਰਤ ਪ੍ਰਤੀ ਨਜ਼ਰੀਆ ਬਹੁਤਾ ਚੰਗਾ ਨਹੀਂ ਹੈ। ਔਰਤ ਹੀ ਔਰਤ ਦੀ ਦੁਸ਼ਮਣ ਹੈ ਇਹ ਗੱਲ ਉਸ ਸਮੇਂ ਸੱਚ ਸਾਬਤ ਹੁੰਦੀ ਹੈ ਜਦੋਂ ਇੱਕ ਸੱਸ ਆਪਣੀ ਨੂੰਹ ਦੇ ਪੇਟ ਵਿੱਚ ਪਲ ਰਹੀ ਬੱਚੀ ਨੂੰ ਮਾਰਨ ਦਾ ਫੁਰਮਾਨ ਜਾਰੀ ਕਰਦੀ ਹੈ ਅਤੇ ਕੁੜੀ ਮਾਰ ਡਾਕਟਰਨੀ ਇਸ ਕੰਮ ਨੂੰ ਅੰਜ਼ਾਮ ਦੇਣ ਤੋਂ ਰਤਾ ਵੀ ਨਹੀਂ ਘਬਰਾਉਂਦੀ। ਇਸਦੇ ਬਾਵਜੂਦ ਜਿਹੜੀਆਂ ਬਾਲੜੀਆਂ ਜਨਮ ਲੈਂਦੀਆਂ ਹਨ ਉਨ੍ਹਾਂ ਨਾਲ ਵੀ ਪਰਿਵਾਰ ਤੇ ਸਮਾਜ ਦਾ ਵਿਵਹਾਰ ਵਿਤਕਰੇ ਭਰਿਆ ਹੁੰਦਾ ਹੈ। ਜਿੱਥੇ ਬੱਚੀ ਦੇ ਖਾਣ-ਪੀਣ, ਪਹਿਨਣ ਤੇ ਪੜ੍ਹਾਈ-ਲਿਖਾਈ, ਲਈ ਕੋਈ ਖ਼ਾਸ ਯਤਨ ਨਹੀਂ ਕੀਤੇ ਜਾਂਦੇ, ਉੱਥੇ ਹੀ ਉਸ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਉਸ ਨਾਲ ਪਿਆਰ ਕਰਨ ਦੀ ਵਿਹਲ ਤਾਂ ਸ਼ਾਇਦ ਹੀ ਕਿਸੇ ਕੋਲ ਹੋਵੇ ।

**ਨੌਕਰੀਪੇਸ਼ਾ ਅਤੇ ਹੋਰ ਕੰਮਕਾਜ਼ੀ ਔਰਤਾਂ ਦੀ ਸਥਿਤੀ:** ਨੌਕਰੀਪੇਸ਼ਾ ਅਤੇ ਹੋਰ ਵੱਖ-ਵੱਖ ਖੇਤਰਾਂ ਵਿਚ ਕੰਮਕਾਰ ਕਰਨ ਵਾਲੀਆਂ ਦੀ ਸਥਿਤੀ ਵੀ ਬਹੁਤੀ ਵਧੀਆ ਨਹੀਂ ਹੈ। ਕੁੱਝ ਸਮਰੱਥ ਨੌਕਰੀਪੇਸ਼ਾ ਔਰਤਾਂ, ਮਰਦਾਂ ਨਾਲ ਸਕੂਲਾਂ, ਕਾਲਜਾਂ, ਦਫਤਰਾਂ, ਮਿੱਲਾਂ, ਫੈਕਟਰੀਆਂ, ਕਾਰੋਬਾਰੀ ਅਦਾਰਿਆਂ ਵਿੱਚ ਜੀਵਨ ਨਿਰਬਾਹ ਲਈ ਕੰਮ ਕਰਨ ਜਾਂਦੀਆਂ ਹਨ। ਉੱਥੇ ਵੀ ਮਾੜੀ ਤੇ ਘਟੀਆ ਮਾਨਸਿਕਤਾ ਵਾਲੇ ਸਹਿਕਰਮੀ, ਅਫ਼ਸਰ ਤੇ ਬੌਸ ਇਨ੍ਹਾਂ ਦੀਆਂ ਮਜ਼ਬੂਰੀਆਂ, ਲਾਚਾਰੀ ਅਤੇ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਂਦੇ ਹੋਏ ਛੇੜ-ਛਾੜ ਕਰਨ ਬਲੈਕ ਮੇਲ ਕਰਨ ਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਈ ਸਦਾ ਉਤਾਵਲੇ ਰਹਿੰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਜਿੱਥੇ ਇਹ ਔਰਤਾਂ ਪ੍ਰੇਸ਼ਾਨ ਰਹਿੰਦੀਆਂ ਉੱਥੇ ਹੀ ਉਨ੍ਹਾਂ ਤੋਂ ਪ੍ਰੇਰਨਾ ਲੈਣ ਵਾਲੀਆਂ ਵੀ ਅਵਿਸ਼ਵਾਸ ਦੀ ਭਾਵਨਾ ਦਾ ਸ਼ਿਕਾਰ ਹੋ ਜਾਂਦੀਆਂ ਹਨ ।

**ਔਰਤਾਂ ਵਿੱਚ ਪੁਰਖ ਦੀ ਹਿੰਸਾ ਦੇ ਨਤੀਜੇ:** ਹਿੰਸਾ ਦੇ ਸਿੱਟੇ ਵਜੋਂ ਔਰਤਾਂ ਵਿਚ ਪ੍ਰੇਰਿਤ ਹੋਣ ਦੀ ਭਾਵਨਾ ਅਤੇ ਆਤਮ-ਸਨਮਾਨ ਵਿੱਚ ਕਮੀ। ਉਹ ਮਾਨਸਿਕ ਸਿਹਤ ਸਮੱਸਿਆਵਾਂ, ਜਿਵੇਂ ਕਿ ਚਿੰਤਾ, ਬੇਚੈਨੀ, ਅਵਸਾਦ, ਭੋਜਨ ਅਤੇ ਨੀਂਦ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੈ। ਹਿੰਸਾ ਦਾ ਸਾਹਮਣਾ ਕਰਨ ਲਈ ਕੋਈ ਔਰਤ ਆਪਣੀ ਸੰਪੂਰਣ

ਪਛਾਣ ਨੂੰ ਬਦਲਣ ਦਾ ਯਤਨ ਕਰਨ ਲੱਗਦੀ ਹੈ। ਹਿੰਸਾ ਤੋਂ ਬਚਣ ਲਈ ਉਹ ਆਪਣੇ ਪਹਿਲੇ ਵਿਅਕਤੀਤਵ ਦੀ ਪਰਛਾਈ ਮਾਤਰ ਰਹਿ ਜਾਂਦੀ ਹੈ ਅਤੇ ਆਪਣੇ ਉਪਰ ਲਗਾਏ ਗਏ ਝੂਠੇ ਇਲਜ਼ਾਮਾਂ ਦਾ ਵਿਰੋਧ ਵੀ ਨਹੀਂ ਕਰਦੀ ਹੈ। ਉਹ ਆਪਣੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਤੋਂ ਵੀ ਖ਼ੁਦ ਨੂੰ ਵੰਚਿਤ ਰੱਖਣ ਲੱਗਦੀ ਹੈ, ਘਰ-ਪਰਿਵਾਰ ਵਾਲਿਆਂ ਅਤੇ ਦੋਸਤਾਂ ਨਾਲ ਸੰਬੰਧ ਤੋੜਨ ਲੱਗਦੀ ਹੈ ਅਤੇ ਇਕੱਲੇਪਣ ਅਤੇ ਅਪਰਾਧ ਬੋਧ ਵਿੱਚ ਸ਼ਰਨ ਲੈਣ ਲੱਗਦੀ ਹੈ। ਉਸ ਨੂੰ ਨਸ਼ੀਲੀਆਂ ਦਵਾਈਆਂ ਅਤੇ ਸ਼ਰਾਬ ਦੀ ਆਦਤ ਪੈ ਸਕਦੀ ਹੈ ਜਾਂ ਉਹ ਅਨੇਕ ਪੁਰਸ਼ਾਂ ਨਾਲ ਯੌਨ ਸੰਬੰਧ ਬਣਾ ਬੈਠਦੀ ਹੈ। ਉਹ ਗੰਭੀਰ ਚੋਟਾਂ ਅਤੇ ਦਰਦ, ਹੱਡੀਆਂ ਦੇ ਟੁੱਟਣ, ਜਲਣ, ਸਰੀਰ ਉੱਤੇ ਨੀਲੇ ਦਾਗਾਂ, ਸਿਰ ਪੀੜ, ਢਿੱਡ ਪੀੜ ਅਤੇ ਮਾਸਪੇਸ਼ੀਆਂ ਵਿੱਚ ਦਰਦ ਆਦਿ ਨਾਲ ਪੀੜਤ ਹੋ ਸਕਦੀ ਹੈ, ਜੋ ਜ਼ੁਲਮ ਦੇ ਬਾਅਦ ਲੰਬੇ ਸਮੇਂ ਤਕ ਰਹਿ ਸਕਦੇ ਹਨ। ਗਰਭ ਅਵਸਥਾ ਦੌਰਾਨ ਮਾਰ-ਕੁਟਾਈ ਨਾਲ ਗਰਭਪਾਤ ਵੀ ਹੋ ਸਕਦਾ ਹੈ। ਯੌਨ ਉਤਪੀੜਨ ਦੇ ਕਾਰਨ ਉਹ ਅਣਚਾਹੇ ਗਰਭ, ਯੌਨ ਸੰਚਾਰਿਤ ਰੋਗ ਜਾਂ ਐੱਚ.ਆਈ.ਵੀ./ਏਡਸ ਦਾ ਵੀ ਸ਼ਿਕਾਰ ਹੋ ਸਕਦੀਆਂ ਹਨ। ਯੌਨ ਉਤਪੀੜਨ ਦੇ ਕਾਰਨ ਆਮ ਤੌਰ 'ਤੇ ਯੌਨ ਸੰਬੰਧਾਂ ਵਿੱਚ ਅਣਇੱਛਾ, ਦਰਦ ਅਤੇ ਡਰ ਪੈਦਾ ਹੋ ਸਕਦਾ ਹੈ।

**ਸਾਰ-ਅੰਸ਼:** ਔਰਤ ਦੀ ਮਹੱਤਤਾ ਦਰਸਾਉਂਦੀਆਂ ਗੁਰੂ ਨਾਨਕ ਦੇਵ ਜੀ ਦੀਆਂ ਗੁਰਬਾਣੀ ਵਿਚਲੀਆਂ ਸਤਰ੍ਹਾਂ 'ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਾਨੁ ॥' ਕਿਸੇ ਵੀ ਸੱਭਿਅਕ ਕਹਾਉਂਦੇ ਸਮਾਜ ਦੇ ਲੋਕਾਂ ਨੂੰ ਇਹ ਸੁਨੇਹਾ ਦਿੰਦੀਆਂ ਹਨ ਕਿ ਔਰਤ ਜਗਤ ਜਨਨੀ ਹੈ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ। ਔਰਤ ਨਾਲ ਅਸੱਭਿਆ ਤੇ ਭੱਦਾ ਵਿਵਹਾਰ ਕਦੇ ਵੀ ਸੋਭਾ ਨਹੀਂ ਦਿੰਦਾ। ਇਸ ਲਈ ਫਰਜ਼ ਬਣਦਾ ਹੈ ਕਿ ਅਸੀਂ 21ਵੀਂ ਸਦੀ ਦੇ ਆਧੁਨਿਕ ਕਹਾਉਣ ਵਾਲੇ ਮਾਂ, ਭੈਣ, ਪਤਨੀ, ਧੀ ਪ੍ਰਤੀ ਜਿੱਥੇ ਆਪਣੇ ਫਰਜ਼ਾਂ ਨੂੰ ਸਮਝੀਏ ਉੱਥੇ ਪਰਾਈਆਂ ਔਰਤਾਂ ਨੂੰ ਮਾਨ-ਸਤਿਕਾਰ ਦੇਣ ਸਮੇਂ ਵੀ ਖੁਲ੍ਹਦਿਲੀ ਵਿਖਾਈਏ ਤਾਂ ਜੋ ਅਜਿਹਾ ਵਾਤਾਵਰਨ ਪੈਦਾ ਹੋ ਸਕੇ ਜਿੱਥੇ ਔਰਤਾਂ ਸਵੈ-ਵਿਸ਼ਵਾਸ, ਹੌਂਸਲੇ, ਹਿੰਮਤ ਤੇ ਯੋਗਤਾ ਨਾਲ ਵਿਗਿਆਨ, ਟੈਕਨਾਲੋਜੀ, ਮੈਡੀਕਲ, ਪ੍ਰਸ਼ਾਸਨਿਕ ਤੇ ਸਿਆਸੀ ਖੇਤਰਾਂ ਦੇ ਨਾਲ-ਨਾਲ, ਖੇਡਾਂ, ਸਾਹਿਤ ਤੇ ਸਮਾਜ ਸੇਵਾ ਵਿੱਚ ਬੁਲੰਦੀਆਂ ਛੂਹ ਸਕਣ ਜਿਸ ਨਾਲ ਜਿੱਥੇ ਸਮਾਜ ਤਰੱਕੀ ਕਰੇ, ਉੱਥੇ ਹੀ ਪਰਿਵਾਰਾਂ ਵਿੱਚ ਵੀ ਖੁਸ਼ੀਆਂ ਤੇ ਖੇੜਿਆਂ ਦੇ ਮੌਕੇ ਪੈਦਾ ਹੋਣ।

### 10.3.3 ਦਾਜ ਦੀ ਸਮੱਸਿਆ ਜਾਂ ਦਾਜ-ਪ੍ਰਥਾ

**ਭੂਮਿਕਾ:** ਪੁਰਾਤਨ ਸਮੇਂ ਤੋਂ ਹੀ ਭਾਰਤੀ ਸਮਾਜ ਵਿਚ ਅਨੇਕਾਂ ਕੁਰੀਤੀਆਂ ਫੈਲੀਆਂ ਹੋਈਆਂ ਹਨ। ਇਹ ਕੁਰੀਤੀਆਂ ਇਸ ਗੌਰਵਸ਼ਾਲੀ ਵਿਰਸੇ ਦੇ ਮੱਥੇ ਉੱਪਰ ਕਲੰਕ ਹਨ। ਜਾਤ-ਪਾਤ, ਛੂਤ-ਛਾਤ ਅਤੇ ਦਹੇਜ ਵਰਗੀਆਂ ਪ੍ਰਥਾਵਾਂ ਕਰਕੇ ਵਿਸ਼ਵ ਦੇ ਉੱਨਤ ਸਮਾਜਾਂ ਸਾਹਮਣੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸਮੇਂ-ਸਮੇਂ ਅਨੇਕਾਂ ਸਮਾਜ ਸੁਧਾਰਕ ਅਤੇ ਆਗੂ ਇਨ੍ਹਾਂ ਕੁਰੀਤੀਆਂ ਨੂੰ ਦੂਰ ਕਰ ਯਤਨ ਕਰਦੇ ਰਹੇ ਹਨ, ਪਰ ਇਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿਚ ਅਜੇ ਤਕ ਸਫ਼ਲਤਾ ਨਹੀਂ ਪ੍ਰਾਪਤ ਹੋ ਸਕੀ। ਦਾਜ ਦੀ ਪ੍ਰਥਾ ਤਾਂ ਦਿਨੋ-ਦਿਨ ਬਹੁਤ ਹੀ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਦਿਸ਼ਾ ਵਿਚ ਸਾਡੇ ਸਮਾਜ ਨੂੰ ਅਜੇ ਬਹੁਤ ਯਤਨ ਕਰਨ ਦੀ ਲੋੜ ਹੈ। ਇਸ ਲੇਖ ਦਾ ਮੰਤਵ ਦਾਜ ਦਹੇਜ ਦੀ ਸਮੱਸਿਆ ਬਾਰੇ ਅਤੇ ਇਸਦੇ ਸਮਾਧਾਨ ਬਾਰੇ ਜਾਣੂੰ ਕਰਵਾਉਣਾ ਹੈ।

**ਦਾਜ ਕੀ ਹੈ?:** ਦਾਜ ਦਾ ਅਰਥ ਹੈ, ਵਿਆਹ ਦੇ ਸਮੇਂ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ। ਭਾਰਤੀ ਸਮਾਜ ਵਿਚ ਇਹ ਪ੍ਰਥਾ ਕਾਫ਼ੀ ਪ੍ਰਾਚੀਨ ਪ੍ਰਤੀਤ ਹੁੰਦੀ ਹੈ। ਇਸ ਦਾ ਵਰਣਨ ਸਾਡੀਆਂ ਪੁਰਾਤਨ ਲੋਕ-ਕਥਾਵਾਂ ਤੇ ਸਾਹਿਤ ਵਿਚ ਵੀ ਹੈ। ਸਾਡੇ ਸਮਾਜ ਵਿਚ ਵਿਆਹੇ ਜਾਣ ਮਗਰੋਂ ਲੜਕੀ ਦੇ ਮਾਤਾ-ਪਿਤਾ ਲੜਕੀ ਨੂੰ ਘਰ ਦੇ ਸਾਮਾਨ ਤੇ ਪਹਿਰਾਵੇ ਨਾਲ ਸੰਬੰਧਿਤ ਜ਼ਰੂਰੀ ਸਾਮਾਨ ਵੀ ਦਿੰਦੇ ਹਨ। ਉਂਝ ਮਾਤਾ-ਪਿਤਾ ਆਪਣੀ ਪੂੰਜੀ ਅਤੇ ਜਾਇਦਾਦ ਵਿਚੋਂ ਲੜਕੀ ਨੂੰ ਦਾਜ ਦੀ ਸੂਰਤ ਵਿਚ ਕੁੱਝ ਭਾਗ ਦੇਣਾ ਆਪਣਾ ਫ਼ਰਜ਼ ਵੀ ਸਮਝਦੇ ਹਨ।

**ਦਾਜ ਇਕ ਲਾਹਣਤ:** ਬੇਸ਼ਕ ਪੁਰਾਤਨ ਕਾਲ ਵਿਚ ਦਾਜ ਦੀ ਪ੍ਰਥਾ ਇਕ ਚੰਗੇ ਉਦੇਸ਼ ਨਾਲ ਆਰੰਭ ਹੋਈ, ਪਰ ਵਰਤਮਾਨ ਕਾਲ ਵਿਚ ਇਹ ਇਕ ਬੁਰਾਈ ਅਤੇ ਲਾਹਨਤ ਬਣ ਚੁੱਕੀ ਹੈ। ਅੱਜ-ਕਲ੍ਹ ਲੜਕੀ ਦੀ ਸ੍ਰੇਸ਼ਟਤਾ, ਉਸ ਦੀ ਸੁਸ਼ੀਲਤਾ, ਸੁੰਦਰਤਾ ਜਾਂ ਪੜ੍ਹਾਈ ਤੋਂ ਨਹੀਂ ਮਾਪੀ ਜਾਂਦੀ, ਸਗੋਂ ਦਾਜ ਨਾਲ ਮਾਪੀ ਜਾਂਦੀ ਹੈ । ਵਰ ਦੀ ਨੀਲਾਮੀ ਹੁੰਦੀ ਹੈ ਅਤੇ ਨਕਦ-ਰਾਸ਼ੀ ਜਾਂ ਸੋਨੇ ਦੀ ਚਮਕ-ਦਮਕ ਨਾਲ ਕੋਈ ਵੀ ਉਸ ਨੂੰ ਖ਼ਰੀਦ ਸਕਦਾ ਹੈ । ਇਸ ਪ੍ਰਕਾਰ ਅੱਜ-ਕੱਲ੍ਹ ਮੁੰਡੇ ਦਾ ਕੁੜੀ ਨਾਲ ਨਹੀਂ, ਸਗੋਂ ਚੈੱਕ ਬੁੱਕ ਨਾਲ ਵਿਆਹ ਹੁੰਦਾ ਹੈ। ਸਾਰੇ ਸਮਾਜ ਦਾ ਇਹ ਚਾਲਾ ਹੋਣ ਕਰਕੇ ਦਾਜ ਨੂੰ ਬੁਰਾਈ ਨਹੀਂ, ਸਗੋਂ ਵਿਸ਼ੇਸ਼ਤਾ ਗਿਣਿਆ ਜਾਣ ਲੱਗਾ ਹੈ। ਬਹੁਤ ਸਾਰੇ ਲਾਲਚੀ ਲੋਕ ਆਪਣੇ ਮੁੰਡੇ ਦੇ ਵਿਆਹ ਸਮੇਂ ਕੁੜੀ ਵਾਲਿਆਂ ਨਾਲ ਨਿਸ਼ਚਿਤ ਰਕਮ ਜਾਂ ਸਾਮਾਨ ਲੈਣ ਦੀ ਗੱਲ ਪੱਕੀ ਕਰਦੇ ਹਨ। ਇਸ ਤਰ੍ਹਾਂ ਇਹ ਅਮੀਰਾਂ ਲਈ ਇਕ ਦਿਲ-ਪਰਚਾਵਾ ਹੈ ਪਰ ਗਰੀਬਾਂ ਲਈ ਨਿਰੀ ਮੁਸੀਬਤ ਬਣ ਕੇ ਰਹਿ ਗਈ ਹੈ । ਇਸ ਵਿਚ ਕਸੂਰ ਇਕੱਲਾ ਮੁੰਡੇ ਵਾਲਿਆਂ ਦਾ ਹੀ ਨਹੀਂ ਹੁੰਦਾ, ਸਗੋਂ ਕਾਲੇ ਧਨ ਦੇ ਮਾਲਕ ਅਮੀਰ ਲੋਕ ਆਪਣੇ ਧਨ ਨੂੰ ਕੁੜੀ ਦੇ ਦਾਜ ਤੇ ਵਿਆਹ ਦੀ ਸ਼ਾਨ-ਸ਼ੌਕਤ ਉੱਪਰ ਖ਼ਰਚ ਕੇ ਰੋੜ੍ਹ ਦਿੰਦੇ ਹਨ। ਉਹਨਾਂ ਦੀ ਦੇਖ਼ਾ-ਦੇਖ਼ੀ ਗ਼ਰੀਬ ਲੋਕਾਂ ਨੂੰ ਆਪਣੀ ਲਹੂ-ਪਸੀਨੇ ਦੀ ਕਮਾਈ ਇਸ ਦੇ ਲੇਖੇ ਲਾਉਣੀ ਪੈਂਦੀ ਹੈ, ਉਨ੍ਹਾਂ ਨੂੰ ਕਰਜ਼ੇ ਲੈਣੇ ਤੇ ਜਾਇਦਾਦਾਂ ਵੇਚਣੀਆਂ ਪੈਂਦੀਆਂ ਹਨ। ਆਮ ਕਰਕੇ ਮਾਪਿਆਂ ਨੂੰ ਪਰਾਏ ਘਰ ਵਿਚ ਜਾ ਰਹੀ ਆਪਣੀ ਧੀ ਦੇ ਸੱਸ-ਸਹੁਰੇ ਦੇ ਪਤੀ ਨੂੰ ਖ਼ੁਸ਼ ਕਰਨ ਲਈ ਬਹੁਤਾ ਦਾਜ ਦੇਣਾ ਪੈਂਦਾ ਹੈ ਤਾਂ ਜੋ ਉਨ੍ਹਾਂ ਦੀ ਧੀ ਨਾਲ ਕੋਈ ਬੁਰਾ ਸਲੂਕ ਨਾ ਕਰ ਸਕੇ। ਉਨ੍ਹਾਂ ਸਾਹਮਣੇ ਵੱਡੀ ਸਮੱਸਿਆ ਪਰਾਏ ਘਰ ਵਿਚ ਆਪਣੀ ਧੀ ਨੂੰ ਵਸਾਉਣ ਦੀ ਹੁੰਦੀ ਹੈ।

**ਦਾਜ ਦਾ ਵਿਕਰਾਲ ਰੂਪ:** ਆਧੁਨਿਕ ਸਮੇਂ ਵਿੱਚ ਦਾਜ ਦੀ ਸਮੱਸਿਆ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਗਈ ਹੈ। ਰੱਜੇ-ਪੁੱਜੇ ਅਤੇ ਚੰਗੀਆਂ ਨੌਕਰੀਆਂ ਉਤੇ ਲਗੇ ਮੁੰਡਿਆਂ ਦਾ ਮੁੱਲ ਪੈਣ ਲਗ ਪਿਆ ਹੈ। ਜਿਹੜਾ ਵੱਧ ਦਾਜ ਦੇਵੇ ਉਹੀ ਉਸ ਮੁੰਡੇ ਨਾਲ ਆਪਣੀ ਕੁੜੀ ਦਾ ਵਿਆਹ ਕਰ ਸਕਦਾ ਹੈ। ਇੰਜ ਵਿਆਹ ਦੀ ਰਸਮ ਮੰਡੀ ਵਿੱਚ ਬੋਲੀ ਲੱਗਣ ਵਾਲੀ ਚੀਜ਼ ਬਣ ਕੇ ਰਹਿ ਗਈ ਹੈ। ਵੱਧ ਤੋਂ ਵੱਧ ਬੋਲੀ ਦੇਣ ਲਈ ਲੋਕ ਸਕੂਟਰ, ਟੈਲੀਵਿਜ਼ਨ, ਫ਼ਰਿੱਜ਼, ਕਾਰਾਂ ਆਦਿ ਅਤੇ ਇਥੋਂ ਤੱਕ ਕਿ ਮਕਾਨ ਵਰਗੀ ਜਾਇਦਾਦ ਦੀ ਮੁੰਡਿਆਂ ਨੂੰ ਦਾਜ ਵਿੱਚ ਦੇਣ ਲਈ ਤਿਆਰ ਹੋ ਜਾਂਦੇ ਹਨ। ਜੇਕਰ ਕੋਈ ਚੰਗਾ ਮੁੰਡਾ ਲੱਭਣਾ ਹੁੰਦਾ ਹੈ ਤਾਂ ਲੱਖਾਂ-ਕਰੋੜਾਂ ਰੁਪਏ ਦਾਜ ਦੇ ਢਿੱਡ ਵਿੱਚ ਪਾਉਣੇ ਪੈਂਦੇ ਹਨ। ਇਸਦਾ ਨਤੀਜਾ ਇਹ ਹੋਇਆ ਕਿ ਮਾੜੇ ਜਾਂ ਗਰੀਬ ਲੋਕ ਵੀ ਇਸ ਪ੍ਰਥਾ ਦੇ ਭਾਰ ਹੇਠਾਂ ਦੱਬੇ ਗਏ ਹਨ ਅਤੇ ਉਨ੍ਹਾਂ ਨੂੰ ਆਪਣੇ ਵਿੱਤ ਤੋਂ ਬਾਹਰਾ ਖ਼ਰਚਾ ਕਰਨਾ ਪੈਂਦਾ ਹੈ। ਦਾਜ ਲਈ ਲਏ ਗਏ ਕਰਜ਼ੇ ਨੂੰ ਵਾਪਸ ਕਰਨ ਦਾ ਫ਼ਿਕਰ ਸਾਰੀ ਉਮਰ ਦਾ ਸੰਤਾਪ ਹੋ ਨਿਬੜਦਾ ਹੈ ।

**ਦਾਜ ਦੀ ਸਮੱਸਿਆ ਨੂੰ ਦੂਰ ਕਰਨ ਦੇ ਉਪਾਅ:** ਦਾਜ ਇਕ ਅਜਿਹੀ ਲਾਹਣਤ ਹੈ, ਜਿਸ ਦੇ ਹੁੰਦਿਆਂ ਸਾਡਾ ਸਮਾਜ ਬੌਧਿਕ ਜਾਂ ਨੈਤਿਕ ਤੌਰ ’ਤੇ ਵਿਕਸਿਤ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਇਸ ਦੀ ਆਰਥਿਕਤਾ ਵਿਚ ਦ੍ਰਿੜਤਾ

ਆ ਸਕਦੀ ਹੈ। ਇਸ ਦੇ ਨਾਲ ਹੀ ਸਾਡੀਆਂ ਇਹ ਗੱਲਾਂ ਥੋਥੀਆਂ ਹੋ ਕੇ ਰਹਿ ਜਾਂਦੀਆਂ ਹਨ ਕਿ ਭਾਰਤ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਦਰਜਾ ਪ੍ਰਾਪਤ ਹੈ। ਇਸ ਬੁਰਾਈ ਨੂੰ ਦੂਰ ਕਰਨ ਲਈ ਸਾਡੀ ਸਰਕਾਰ ਨੇ ਕੁੱਝ ਕਾਨੂੰਨ ਬਣਾਏ ਹਨ ਪਰ ਉਹ ਬਹੁਤੇ ਅਸਰਦਾਰ ਸਾਬਤ ਨਹੀਂ ਹੋ ਸਕੇ। ਅਸਲ ਵਿਚ ਕਾਨੂੰਨ ਵੀ ਤਾਂ ਹੀ ਲਾਗੂ ਹੋ ਸਕਦੇ ਹਨ ਜੇਕਰ ਸਮਾਜ ਅਤੇ ਪ੍ਰਸ਼ਾਸ਼ਕੀ ਢਾਂਚਾ ਪੂਰੀ ਈਮਾਨਦਾਰੀ ਤੋਂ ਕੰਮ ਲਵੇ। ਇਸ ਪ੍ਰਥਾ ਨੂੰ ਖ਼ਤਮ ਕਰਨ ਲਈ ਸਮਾਜਿਕ ਚੇਤਨਾ ਪੈਦਾ ਕਰਨੀ ਜ਼ਰੂਰੀ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਵਿਆਹ ਸਮੇਂ ਵੱਡੇ ਦਿਖਾਵਿਆਂ, ਵੱਡੀਆਂ ਬਰਾਤਾਂ ਤੇ ਦਾਜ ਆਦਿ ਦਾ ਵਿਰੋਧ ਕਰਨਾ ਜ਼ਰੂਰੀ ਹੈ। ਇਸ ਸੰਬੰਧੀ ਕਾਰਵਾਈ ਕਰਨ ਲਈ ਪਿੰਡਾਂ ਵਿਚ ਪੰਚਾਇਤਾਂ ਤੇ ਸ਼ਹਿਰਾਂ ਵਿਚ ਲੋਕ-ਭਲਾਈ ਸੰਸਥਾਵਾਂ ਨੂੰ ਕੰਮ ਕਰਨਾ ਚਾਹੀਦਾ ਹੈ।

**ਸਾਰ-ਅੰਸ਼:** ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਾਜ ਦੀ ਇਹ ਪ੍ਰਥਾ ਸਾਡੇ ਸਮਾਜ ਲਈ ਬਹੁਤ ਘਾਤਕ ਹੈ। ਇਸਦੇ ਹੱਲ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਇਸ ਲਈ ਲੜਕਿਆਂ ਨੂੰ ਆਪਣੇ ਮਾਪਿਆਂ ਦੁਆਰਾ ਕੀਤੇ ਜਾਂਦੇ ਦਾਜ ਦੇ ਲਾਲਚ ਦਾ ਵਿਰੋਧ ਕਰਨਾ ਚਾਹੀਦਾ ਹੈ। ਲੜਕੀਆਂ ਨੂੰ ਵੀ ਉੱਥੇ ਵਿਆਹ ਕਰਨ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ, ਜਿੱਥੇ ਦਾਜ ਦੀ ਮੰਗ ਕੀਤੀ ਜਾ ਰਹੀ ਹੋਵੇ। ਕੁੜੀਆਂ ਨੂੰ ਪੜ੍ਹ-ਲਿਖ ਕੇ ਸਵੈ-ਨਿਰਭਰ ਹੋਣਾ ਚਾਹੀਦਾ ਹੈ, ਤਾਂ ਜੋ ਉਹ ਦਾਜ ਦੇ ਲਾਲਚੀ ਸਹੁਰਿਆਂ ਨਾਲੋਂ ਵੱਖ ਹੋ ਕੇ ਆਪਣੇ ਪੈਰਾਂ ’ਤੇ ਖੜ੍ਹੀਆਂ ਹੋ ਸਕਣ। ਇਸ ਦੇ ਨਾਲ ਹੀ ਸਰਕਾਰ ਵਲੋਂ ਦਾਜ ਨੂੰ ਗ਼ੈਰ-ਕਾਨੂੰਨੀ ਐਲਾਨ ਕਰਨ ਦੇ ਨਾਲ ਸੰਚਾਰ-ਸਾਧਨਾਂ ਤੇ ਵਿੱਦਿਆ ਦੁਆਰਾ ਇਸ ਵਿਰੁੱਧ ਜ਼ੋਰਦਾਰ ਲੋਕ-ਰਾਇ ਪੈਦਾ ਕਰਨੀ ਚਾਹੀਦੀ ਹੈ।

### 10.3.4 ਭਾਰਤ ਵਿਚ ਮਹਿੰਗਾਈ ਦੀ ਸਮੱਸਿਆ

**ਭੂਮਿਕਾ:** ਬੀਤੀ ਅੱਧੀ ਸਦੀ ਤੋਂ ਮਹਿੰਗਾਈ ਦੀ ਸਮੱਸਿਆ ਨੇ ਸੰਸਾਰ ਭਰ ਵਿਚ ਪੈਰ ਪਸਾਰ ਲਏ ਹਨ। ਭਾਰਤ ਵਿਚ ਪਿਛਲੇ ਦਹਾਕਿਆਂ ਵਿਚ ਚੀਜ਼ਾਂ ਦੀਆਂ ਕੀਮਤਾਂ ਦੇ ਵਾਧੇ ਦੀ ਰਫ਼ਤਾਰ ਬੜਾ ਖ਼ੌਫ਼ਨਾਕ ਰੂਪ ਧਾਰ ਗਈ ਹੈ। ਭਾਰਤ ਵਿਚ ਕੁਝ ਕੁ ਸਾਲਾਂ ਵਿਚ ਚੀਜ਼ਾਂ ਦੀਆਂ ਕੀਮਤਾਂ ਵਿਚ ਵਾਧੇ ਦੀ ਰਫ਼ਤਾਰ ਬੜੀ ਤੇਜ਼ ਰਹੀ ਹੈ, ਪਰੰਤੂ ਹੁਣ ਆਮ ਵਰਤੋਂ ਦੀਆਂ ਚੀਜ਼ਾਂ ਦੀ ਮਹਿੰਗਾਈ ਨੇ ਸਾਰੇ ਬੰਨ ਤੋੜ ਦਿੱਤੇ ਹਨ। ਆਮ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਵਿਚ ਬਹੁਤ ਭਾਰੀ ਵਾਧਾ ਹੋਇਆ ਹੈ। ਇਸ ਲੇਖ ਦਾ ਮੰਤਵ ਮਹਿੰਗਾਈ ਦੀ ਸਮੱਸਿਆ ਤੋਂ ਜਾਣੂੰ ਕਰਵਾਉਣਾ ਹੈ ਅਤੇ ਇਸਦੇ ਹੱਲ ਲਈ ਠੋਸ ਨੁਕਤਿਆ ਦੀ ਚਰਚਾ ਕਰਨਾ ਹੈ।

**ਮਹਿੰਗਾਈ ਦਾ ਅਰਥ:** ਮਹਿੰਗਾਈ ਇਕ ਖ਼ਾਸ ਅਵਧੀ ਵਿਚ ਇਕ ਦੇਸ਼ ਵਿਚ ਚੀਜ਼ਾਂ ਅਤੇ ਸੇਵਾਵਾਂ ਦੀ ਕੀਮਤ ਵਿਚ ਨਿਰੰਤਰ ਤਬਦੀਲੀ ਹੈ। ਕੀਮਤਾਂ ਵਿੱਚ ਵਾਧੇ ਨਾਲ ਮੁਦਰਾ ਦੀ ਕੀਮਤ ਘੱਟ ਜਾਂਦੀ ਹੈ। ਮਹਿੰਗਾਈ ਤੋਂ ਭਾਵ ਨਿੱਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਦਾ ਇਸ ਹੱਦ ਤੱਕ ਵੱਧ ਜਾਣਾ ਕਿ ਆਮ ਆਦਮੀ ਲਈ ਉਨ੍ਹਾਂ ਨੂੰ ਖਰੀਦ ਸਕਣਾ ਔਖਾ ਹੋ ਜਾਵੇ। ਮਹਿੰਗਾਈ ਦੀ ਸਮੱਸਿਆ ਦੂਜੇ ਵਿਸ਼ਵ-ਯੁੱਧ ਦੇ ਦੌਰਾਨ ਪੈਦਾ ਹੋਈ ਸੀ ਅਤੇ ਉਸ ਸਮੇਂ ਤੋਂ ਵਿਸ਼ਵ ਵਿੱਚ ਕੀਮਤਾਂ ਲਗਾਤਾਰ ਵੱਧਦੀਆਂ ਆ ਰਹੀਆਂ ਹਨ ।

**ਮਹਿੰਗਾਈ ਦੇ ਕਾਰਨ-** ਮਹਿੰਗਾਈ ਦੇ ਵਾਧੇ ਦੇ ਬਹੁਤ ਸਾਰੇ ਕਾਰਨ ਹਨ। ਸਰਕਾਰ ਦੁਆਰਾ ਹਰ ਸਾਲ ਘਾਟੇ ਦੇ ਬਜਟ ਪੇਸ਼ ਕਰਨਾ, ਦੇਸ਼ ਵਿਚ ਉਤਪਾਦਨ ਦੀ ਦਰ ਘਟਣਾ, ਸਰਕਾਰ ਦੁਆਰਾ ਘਾਟੇ ਦੀ ਵਿੱਤ ਵਿਵਸਥਾ ਨੂੰ ਪੂਰਾ ਕਰਨ ਲਈ ਅਪ੍ਰਤੱਖ ਟੈਕਸਾਂ ਦੀ ਵਿਵਸਥਾ ਕਰਨਾ, ਉਤਪਾਦਨ ਦੀ ਲਾਗਤ ਵਿਚ ਵਾਧਾ ਹੋਣਾ, ਆਬਾਦੀ ਦਾ ਤੇਜ਼ੀ ਨਾਲ

ਵਧਣਾ, ਆਰਥਿਕ ਢਾਂਚੇ ਵਿਚ ਪਰਿਵਰਤਨ ਹੋਣਾ, ਵਪਾਰ ਦੀਆਂ ਸ਼ਰਤਾਂ ਦਾ ਪ੍ਰਤੀਕੂਲ ਹੋਣਾ, ਸਰਕਾਰੀ ਖ਼ਰਚੇ ਵਿਚ ਵਾਧਾ, ਨਿੱਜੀਕਰਨ ਅਪ੍ਰਤੱਖ ਟੈਕਸਾਂ ਵਿਚ ਵਾਧਾ, ਸਰਵਿਸ ਟੈਕਸਾਂ ਦਾ ਬੋਝ, ਖ਼ਰਾਬ ਮੌਸਮ, ਭ੍ਰਿਸ਼ਟਾਚਾਰ ਤੇ ਕਾਲੇ ਧਨ ਦਾ ਬੋਲਬਾਲਾ ਤੇ ਬਹੁ-ਕੌਮੀ ਕੰਪਨੀਆਂ ਦਾ ਪ੍ਰਵੇਸ਼ ਤੇ ਪਸਾਰ ਆਦਿ ਮਹਿੰਗਾਈ ਦੇ ਵੱਡੇ ਕਾਰਨ ਹਨ। ਮਹਿੰਗਾਈ ਸਿਰਫ਼ ਉਦੋਂ ਵਧਦੀ ਹੈ ਜਦੋਂ ਮੰਗ ਵੱਧ ਹੁੰਦੀ ਹੈ, ਪਰ ਮਾਲ ਦੀ ਘਾਟ ਹੁੰਦੀ ਹੈ। ਭਾਰਤ ਵਿੱਚ, ਆਜ਼ਾਦੀ ਤੋਂ ਬਾਅਦ ਆਬਾਦੀ ਅੱਜ ਤੱਕ ਤਿੰਨ ਗੁਣਾ ਵਧੀ ਹੈ। ਇਸ ਲਈ, ਕੁਦਰਤੀ ਤੌਰ ’ਤੇ ਤਿੰਨ ਗੁਣਾ ਮੂੰਹ ਅਤੇ ਪੇਟ ਵੀ ਵਧਿਆ ਹੈ। ਇਸ ਲਈ ਜਦੋਂ ਮੰਗ ਵਧੀ, ਮਹਿੰਗਾਈ ਵੀ ਵਧ ਗਈ। ਦੂਜਾ, ਪਹਿਲਾਂ ਭਾਰਤ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਵਧੇਰੇ ਲੋਕ ਰਹਿੰਦੇ ਸਨ ਪਰ ਹੁਣ ਅਜਿਹੇ ਲੋਕਾਂ ਦੀ ਗਿਣਤੀ ਘੱਟ ਹੈ। ਹੁਣ ਜ਼ਿਆਦਾਤਰ ਭਾਰਤੀਆਂ ਨੂੰ ਭੋਜਨ ਅਤੇ ਪਾਣੀ ਮਿਲ ਰਿਹਾ ਹੈ। ਇਸ ਕਾਰਨ ਮਾਲ ਦੀ ਮੰਗ ਵੀ ਵਧੀ ਹੈ। ਅਸੀਂ ਵਿਦੇਸ਼ਾਂ ਵਿਚ ਬਹੁਤ ਸਾਰੀਆਂ ਚੀਜ਼ਾਂ ’ਤੇ ਨਿਰਭਰ ਹੋ ਗਏ ਹਾਂ। ਸਾਡੇ ਦੇਸ਼ ਦੀ ਇੱਕ ਵੱਡੀ ਮਾਤਰਾ ਪੈਟਰੋਲ ’ਤੇ ਖ਼ਰਚ ਕਰਦੀ ਹੈ। ਭਾਰਤ ਇਸ ਲਈ ਕੁਝ ਨਹੀਂ ਕਰ ਸਕਿਆ। ਇਸ ਲਈ ਪੈਟਰੋਲ ਦੀ ਕੀਮਤ ਹਰ ਦਿਨ ਵੱਧ ਰਹੀ ਹੈ ਅਤੇ ਨਤੀਜੇ ਵਜੋਂ ਸਭ ਕੁਝ ਮਹਿੰਗਾ ਹੁੰਦਾ ਜਾ ਰਿਹਾ ਹੈ।

**ਵਸਤਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰਤਾ ਦਾ ਨਾ ਹੋਣਾ:** ਮਹਿੰਗਾਈ ਵੱਧ ਹੋਣ ਦਾ ਕਾਰਨ ਇਹ ਵੀ ਹੈ ਕਿ ਸਾਡਾ ਦੇਸ਼ ਵਸਤਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰ ਨਹੀਂ ਹੈ, ਜਿਸ ਕਰਕੇ ਉਸ ਨੂੰ ਮਹਿੰਗੇ ਭਾਅ ਬਾਹਰੋਂ ਚੀਜ਼ਾਂ ਮੰਗਵਾਉਣੀਆਂ ਪੈਂਦੀਆਂ ਹਨ।

**ਕੁਦਰਤੀ ਕਰੋਪੀਆਂ:** ਕੁਦਰਤੀ ਕਰੋਪੀਆਂ ਜਿਵੇਂ ਹੜ੍ਹ, ਸੋਕਾ, ਭੂਚਾਲ ਆਦਿ ਦੀ ਮਾਰ ਵੀ ਮਹਿੰਗਾਈ ਵੱਧਣ ਲਈ ਜ਼ਿੰਮੇਵਾਰ ਹੁੰਦੀ ਹੈ ਕਿਉਂਕਿ ਇਨ੍ਹਾਂ ਕਾਰਨ ਵਸਤੂਆਂ ਦੀ ਘਾਟ ਪੈਦਾ ਹੋ ਜਾਂਦੀ ਹੈ। ਵਸਤੂਆਂ ਦੀ ਘਾਟ ਅਤੇ ਵੱਧ ਮੁਨਾਫ਼ਾ ਕਮਾਉਣ ਦੇ ਲਾਲਚ ਵਿੱਚ ਦੁਕਾਨਦਾਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਵੀ ਮਹਿੰਗੇ ਭਾਅ ਵੇਚਦੇ ਹਨ।

**ਮਹਿੰਗਾਈ ਦੇ ਬੁਰੇ ਪ੍ਰਭਾਵ:** ਕੀਮਤਾਂ ਦਾ ਵਾਧਾ, ਸਾਡੇ ਅਰਥਚਾਰੇ ਲਈ ਗੰਭੀਰ ਖ਼ਤਰਾ ਹੈ। ਇਸ ਦਾ ਇਲਾਜ਼ ਬੜਾ ਜ਼ਰੂਰੀ ਹੈ, ਨਹੀਂ ਤਾਂ ਬੜੇ ਖਤਰਨਾਕ ਸਿੱਟੇ ਨਿਕਲਣਗੇ। ਵਧਦੀ ਮਹਿੰਗਾਈ, ਮਨੁੱਖੀ ਜੀਵਨ ਦੇ ਹਰ ਪੱਖ ਉਤੇ ਪ੍ਰਭਾਵ ਪਾਉਂਦੀ ਹੈ। ਮਹਿੰਗਾਈ ਵਧਣ ਨਾਲ ਜਿੱਥੇ ਆਮ ਲੋਕਾਂ ਲਈ ਕੁੱਲੀ, ਗੁੱਲੀ ਤੇ ਜੁੱਲੀ ਦਾ ਪ੍ਰਬੰਧ ਮੁਸ਼ਕਿਲ ਹੋ ਜਾਂਦਾ ਹੈ, ਉਥੇ ਦੇਸ਼ ਦੇ ਆਰਥਿਕ ਵਿਕਾਸ, ਬੱਚਤਾਂ ਅਤੇ ਨਿਵੇਸ਼ ਉਪਰ ਵੀ ਬੁਰਾ ਪ੍ਰਭਾਵ ਪੈਂਦਾ ਹੈ। ਆਮਦਨ ਤੇ ਖ਼ਰਚ ਵਿੱਚ ਸੰਤੁਲਨ ਨਾ ਹੋਣ ਕਾਰਨ, ਲੋਕਾਂ ਦੀ ਤੰਗੀ-ਤੁਰਸ਼ੀ ਤੋਂ ਬਹੁਤ ਸਾਰੀਆਂ ਬੁਰਿਆਈਆਂ ਦਾ ਜਨਮ ਹੁੰਦਾ ਹੈ। ਬੇਈਮਾਨੀ, ਧੋਖੇਬਾਜ਼ੀ, ਰਿਸ਼ਵਤ ਤੇ ਭ੍ਰਿਸ਼ਟਾਚਾਰ ਉਹੋ ਵਿਅਕਤੀ ਕਰਦੇ ਹਨ, ਜਿਨ੍ਹਾਂ ਦਾ ਆਪਣੀ ਆਮਦਨੀ ਨਾਲ ਘਰ ਦਾ ਗੁਜ਼ਾਰਾ ਨਹੀਂ ਹੁੰਦਾ। ਘਰੇਲੂ ਮੰਗਾਂ ਦੀ ਪੂਰਤੀ ਲਈ ਇਮਾਨਦਾਰ ਵਿਅਕਤੀ ਵੀ ਚੋਰੀ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਨਾਲ ਦਫ਼ਤਰੀ ਤੇ ਰਾਜਨੀਤਿਕ ਭ੍ਰਿਸ਼ਟਾਚਾਰ, ਕਾਲਾ ਧਨ, ਕਾਲਾ ਬਾਜ਼ਾਰ ਤੇ ਜਮ੍ਹਾਂ ਖੋਰੀ ਆਦਿ ਬੁਰਿਆਈਆਂ ਪੈਦਾ ਹੁੰਦੀਆਂ ਹਨ ।

**ਮਹਿੰਗਾਈ ਨੂੰ ਰੋਕਣ ਦੇ ਉਪਾਅ:** ਵਧਦੀ ਆਬਾਦੀ ’ਤੇ ਰੁਕਾਵਟ ਪਾਉਣੀ ਚਾਹੀਦੀ ਹੈ। ਅਸਿੱਧੇ ਟੈਕਸ ਘਟਾਉਣੇ ਚਾਹੀਦੇ ਹਨ, ਵਪਾਰਿਕ ਨੀਤੀਆਂ ਲਈ ਨਿਯਮ ਤੇ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ, ਆਯਾਤ- ਨਿਰਯਾਤ ਢੰਗਾਂ ਵਿੱਚ ਸੁਧਾਰ ਲਿਆਉਣਾ, ਕਾਲੇ ਧਨ ਦਾ ਖ਼ਾਤਮਾ, ਮੁਦਰਾ ਦੇ ਫੈਲਾਅ ’ਤੇ ਰੋਕ, ਜਮ੍ਹਾਂਖੋਰਾਂ, ਚੋਰ- ਬਜ਼ਾਰੀ, ਸਮੱਗਲਰਾਂ, ਰਿਸ਼ਵਤਖ਼ੋਰਾਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਬਜਟ ਵਿੱਚ ਅਜਿਹੀ ਵਿਵਸਥਾ ਕੀਤੀ ਜਾਣੀ

ਚਾਹੀਦੀ ਹੈ ਕਿ ਕੋਈ ਵੀ ਨਿੱਜੀ ਕੰਪਨੀ ਆਪਣੀ ਮਨਮਰਜ਼ੀ ਅਨੁਸਾਰ ਕੀਮਤ ਨਾ ਵਧਾ ਸਕੇ। ਕੁਦਰਤੀ ਕਰੋਪੀਆਂ ਨਾਲ ਨਜਿੱਠਣ ਲਈ ਪਹਿਲਾਂ ਪ੍ਰਬੰਧ ਕੀਤੇ ਜਾਣ, ਸਰਕਾਰੀ ਖ਼ਰਚੇ ਘਟਾਏ ਜਾਣ, ਨਿੱਤਾਪ੍ਰਤੀ ਵਸਤੂਆਂ ਦੇ ਭਾਅ ਸਰਕਾਰ ਵੱਲੋਂ ਮਿੱਥੇ ਜਾਣ। ਜੇ ਅਜਿਹੇ ਕੁਝ ਹੋਰ ਉਪਰਾਲੇ ਵੀ ਕੀਤੇ ਜਾਣ ਤਾਂ ਹੋ ਸਕਦਾ ਹੈ ਕਿ ਮਹਿੰਗਾਈ ’ਤੇ ਕਾਬੂ ਪਾਇਆ ਜਾ ਸਕੇ।

**ਸਾਰ-ਅੰਸ਼:** ਸਮੁੱਚੇ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਮਹਿੰਗਾਈ ਨੂੰ ਪੂਰੀ ਤਰ੍ਹਾਂ ਰੋਕ ਪਾਏ ਬਿਨਾਂ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਹੋ ਸਕਦਾ ਤੇ ਨਾ ਹੀ ਲੋਕ ਰਾਜ ਵਿਚ ਵਿਸ਼ਵਾਸ ਪੱਕਾ ਹੋ ਸਕਦਾ ਹੈ। ਭਾਰਤ ਵਿਚ ਲੋਕ ਰਾਜ ਦੀ ਪਕਿਆਈ ਲਈ ਮਹਿੰਗਾਈ ਦਾ ਅੰਤ ਜ਼ਰੂਰ ਕਰਨਾ ਚਾਹੀਦਾ ਹੈ। ਇਸ ਵਿਰੁੱਧ ਦੇਸ਼ ਦੀ ਸਰਕਾਰ ਨੂੰ ਮਹਿੰਗਾਈ ਦੇ ਜ਼ਿੰਮੇਵਾਰ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

### 10.3.5 ਭਾਰਤ ਵਿਚ ਬੇਰੁਜ਼ਗਾਰੀ ਦੀ ਸਮੱਸਿਆ

**ਭੂਮਿਕਾ** : ਭਾਰਤ ਇਕ ਵਿਕਾਸਸ਼ੀਲ ਦੇਸ਼ ਹੈ, ਜਿਸ ਨੂੰ ਆਜ਼ਾਦ ਹੋਇਆਂ ਲਗਭਗ 74 ਸਾਲ ਹੋ ਗਏ ਹਨ। ਪਰ ਅਜੇ ਵੀ ਭਾਰਤ ਵਿਚ ਅਨੇਕਾਂ ਗੰਭੀਰ ਸਮੱਸਿਆਵਾਂ ਹਨ: ਜਿਵੇਂ ਵਧ ਰਹੀ ਆਬਾਦੀ ਦੀ ਸਮੱਸਿਆ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ। ਭਾਰਤ ਵਿਚ ਅੱਜ-ਕੱਲ੍ਹ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ, ਜੇਕਰ ਇਸ ਸਮੱਸਿਆ ’ਤੇ ਜਲਦੀ ਕਾਬੂ ਨਾ ਪਾਇਆ ਗਿਆ ਤਾਂ ਇਸਦੇ ਬਹੁਤ ਭਿਆਨਕ ਸਿੱਟੇ ਨਿਕਲ ਸਕਦੇ ਹਨ। ਇਸ ਲੇਖ ਦਾ ਮੰਤਵ ਬੇਰੁਜ਼ਗਾਰੀ ਦੇ ਵੱਖ-ਵੱਖ ਮਸਲਿਆਂ ਦੀ ਚਰਚਾ ਕਰਦੇ ਹੋਏ ਇਸਦੇ ਠੋਸ ਹੱਲ ਤਲਾਸ਼ਣਾ ਹੈ।

**ਬੇਰੁਜ਼ਗਾਰੀ ਤੋਂ ਕੀ ਭਾਵ ਹੈ?:** ਬੇਰੁਜ਼ਗਾਰੀ ਉਦੋਂ ਵਾਪਰਦੀ ਮੰਨੀ ਜਾਂਦੀ ਹੈ ਜਦੋਂ ਲੋਕਾਂ ਨੂੰ ਪੂਰੇ ਉੱਦਮ ਅਤੇ ਫੁਰਤੀ ਨਾਲ਼ ਨੌਕਰੀ ਦੀ ਭਾਲ਼ ਕਰਦੇ ਹੋਣ ਦੇ ਬਾਵਜੂਦ ਵੀ ਕੰਮ ਨਾ ਮਿਲੇ। ਭਾਰਤ ਵਿਚ ਅਣਇੱਛਕ ਬੇਰੁਜ਼ਗਾਰੀ ਪਾਈ ਜਾਂਦੀ ਹੈ। ਬੇਰੁਜ਼ਗਾਰੀ ਦੀ ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਲੋਕ ਕੰਮ ਕਰਨ ਦੀ ਯੋਗਤਾ ਤਾਂ ਰੱਖਦੇ ਹੋਣ ਪਰ ਉਨ੍ਹਾਂ ਨੂੰ ਕਰਨ ਲਈ ਕੋਈ ਕੰਮ ਨਾ ਮਿਲੇ। ਕਈ ਰੁਜ਼ਗਾਰ ਪ੍ਰਾਪਤ ਨਾ ਕਰ ਸਕਣ ਕਰਕੇ ਅਤੇ ਕਈ ਰੁਜ਼ਗਾਰੋਂ ਕੱਢੇ ਜਾਣ ਕਰਕੇ ਬੇਰੁਜ਼ਗਾਰ ਹੁੰਦੇ ਹਨ। ਕਈ ਵਾਰੀ ਬੇਰੁਜ਼ਗਾਰੀ ਮੌਸਮੀ ਵੀ ਹੁੰਦੀ ਹੈ ਜਿਵੇਂ ਕਿ ਕੁਲਫ਼ੀਆਂ ਵੇਚਣ ਵਾਲਾ ਸਰਦੀਆਂ ਵਿੱਚ ਕੁਲਫ਼ੀਆਂ ਦੀ ਵਿਕਰੀ ਨਾ ਹੋਣ ਕਾਰਨ ਬੇਰੁਜ਼ਗਾਰ ਹੋ ਜਾਂਦਾ ਹੈ। ਕਈ ਵਾਰ ਕਈ ਵਿਅਕਤੀ ਜਾਣ-ਬੁਝ ਕੇ ਬੇਰੁਜ਼ਗਾਰ ਰਹਿਣਾ ਪਸੰਦ ਕਰਦੇ ਹਨ ਪਰ ਇਥੇ ਅਜਿਹੇ ਬੇਰੁਜ਼ਗਾਰਾਂ ਨਾਲ ਸਾਡਾ ਕੋਈ ਵਾਸਤਾ ਨਹੀਂ। ਸਾਡਾ ਵਾਸਤਾ ਤਾਂ ਉਨ੍ਹਾਂ ਰੁਜ਼ਗਾਰ ਦੇ ਚਾਹਵਾਨਾਂ ਨਾਲ ਹੈ ਜੋ ਕੰਮ ਕਰਨ ਦੇ ਯੋਗ ਤਾਂ ਹਨ ਪਰ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ।

**ਭਾਰਤ ਵਿਚ ਬੇਰੁਜ਼ਗਾਰੀ:** ਭਾਰਤ ਵਿਚ ਇਸ ਸਮੇਂ ਤਿੰਨ ਕਰੋੜ ਤੋਂ ਵੀ ਜ਼ਿਆਦਾ ਪੜ੍ਹੇ-ਲਿਖੇ ਸਿੱਧੇ ਤੌਰ ’ਤੇ ਬੇਰੁਜ਼ਗਾਰ ਹਨ ਤੇ 15 ਕਰੋੜ ਮਜ਼ਦੂਰ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਦਰ 37.5 ਫ਼ੀਸਦੀ ਹੈ। ਦੇਸ਼ ਵਿਚ 18 ਫ਼ੀਸਦੀ ਔਰਤਾਂ ਨੂੰ ਰੁਜ਼ਗਾਰ ਪ੍ਰਾਪਤ ਹੈ ਪਰ 82 ਫ਼ੀਸਦੀ ਔਰਤਾਂ ਘਰੇਲੂ ਕੰਮਕਾਰ ਵਿਚ ਲੱਗੀਆਂ ਹੋਈਆਂ ਹਨ। ਭਾਰਤ ਵਿਚ ਪਿਛਲੇ 45 ਸਾਲਾਂ ਦੇ ਮੁਕਾਬਲੇ ਪਿਛਲੇ 5 ਸਾਲਾਂ ਦੌਰਾਨ ਸਭ ਤੋਂ ਵਧ ਬੇਰੁਜ਼ਗਾਰੀ ਪਾਈ ਗਈ ਹੈ, ਜਿਸ ਦਾ ਮੁੱਖ ਕਾਰਨ ਨੋਟਬੰਦੀ, ਜੀਐਸਟੀ ਅਤੇ ਵਿਦੇਸ਼ੀ ਨਿਵੇਸ਼ ਦੀ ਕਮੀ ਹੈ। ਭਾਰਤ ਵਿਚ ਆਮ ਬੇਰੁਜ਼ਗਾਰੀ ਦੀ ਦਰ 6.1 ਫ਼ੀਸਦੀ

ਹੈ। ਪਿਛਲੇ 5 ਸਾਲਾਂ ਵਿਚ ਰੁਜ਼ਗਾਰ ਵਧਣ ਦੀ ਬਜਾਏ 1.1 ਕਰੋੜ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ। ਕੇਂਦਰ ਸਰਕਾਰ ਵਿਚ 20-25 ਲੱਖ ਆਸਾਮੀਆਂ ਖਾਲੀ ਪਈਆਂ ਹਨ। ਹਰੇਕ ਸੂਬੇ ਵਿਚ ਵੀ ਲੱਖਾਂ ਆਸਾਮੀਆਂ ਖਾਲੀ ਹਨ ਅਤੇ ਸਰਕਾਰਾਂ ਇਨ੍ਹਾਂ ਨੂੰ ਭਰ ਨਹੀਂ ਰਹੀਆਂ। ਸੋ ਸਰਕਾਰਾਂ ਨੂੰ ਬੇਰੁਜ਼ਗਾਰਾਂ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

**ਬੇਰੁਜ਼ਗਾਰਾਂ ਦੀ ਕਿਸਮਾਂ**: ਬੇਰੁਜ਼ਗਾਰੀ ਦੁਨੀਆਂ ਭਰ ਦੇ ਦੇਸ਼ਾਂ ਵਿਚ ਦਿਨ ਪ੍ਰਤੀ ਦਿਨ ਵਧ ਰਹੀ ਹੈ, ਪਰ ਭਾਰਤ ਵਿਚ ਇਸ ਦੇ ਵਧਣ ਦੀ ਰਫ਼ਤਾਰ ਸਭ ਦੇਸ਼ਾਂ ਨਾਲੋਂ ਵਧੇਰੇ ਤੇਜ਼ ਹੈ। ਇਸ ਦਾ ਜੋ ਭਿਆਨਕ ਰੂਪ ਵਰਤਮਾਨ ਸਮੇਂ ਵਿਚ ਦਿਖਾਈ ਦੇ ਰਿਹਾ ਹੈ, ਇਹੋ ਜਿਹਾ ਪਹਿਲਾਂ ਕਦੇ ਵੀ ਵੇਖਣ ਵਿਚ ਨਹੀਂ ਸੀ ਆਇਆ। ਮੁੱਖ ਤੌਰ ’ਤੇ ਬੇਰੁਜ਼ਗਾਰ ਤਿੰਨ ਤਰ੍ਹਾਂ ਦੇ ਹੁੰਦੇ ਹਨ –ਪੜ੍ਹੇ-ਲਿਖੇ, ਅਨਪੜ੍ਹ ਜਾਂ ਹੁਨਰ-ਰਹਿਤ ਅਤੇ ਮੌਸਮੀ ਜਾਂ ਅਸਥਾਈ ਬੇਰੁਜ਼ਗਾਰ। ਪੜ੍ਹੇ-ਲਿਖੇ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਲੈ ਕੇ ਵੀ ਕਈ ਨੌਜਵਾਨ ਨੌਕਰੀ ਲਈ ਥਾਂ-ਥਾਂ ਰੁਲਦੇ ਫ਼ਿਰਦੇ ਹਨ। ਇਸ ਵਰਗ ਵਿੱਚ ਹੁਨਰਮੰਦ ਵਿਹਲੜ ਵੀ ਆ ਜਾਂਦੇ ਹਨ, ਜਿਨ੍ਹਾਂ ਕੋਲ ਟੈਕਨੀਕਲ ਸੰਸਥਾਵਾਂ ਦੇ ਸਰਟੀਫ਼ਿਕੇਟ ਹੁੰਦੇ ਹਨ, ਜਿਵੇਂ ਕਿ; ਇੰਜਨੀਅਰ, ਮਕੈਨਿਕ, ਇਲੈਕਟਰੀਸ਼ਨ, ਖਰਾਦੀਏ ਆਦਿਕ। ਦੂਜੇ ਅਨਪੜ੍ਹ ਬੇਰੁਜ਼ਗਾਰ ਹੱਥੀ ਮਿਹਨਤ ਕਰਨ ਵਾਲੇ ਹੁੰਦੇ ਹਨ। ਤੀਜੇ ਮੌਸਮੀ ਜਾਂ ਅਸਥਾਈ ਬੇਰੁਜ਼ਗਾਰਾਂ ਨੂੰ ਸਾਰਾ ਸਾਲ ਕੰਮ ਨਹੀਂ ਮਿਲਦਾ, ਸਿਰਫ਼ ਸੀਜ਼ਨ ਦੇ ਅਨੁਸਾਰ ਕੰਮ ਮਿਲਦਾ ਹੈ।

**ਬੇਰੁਜ਼ਗਾਰੀ ਦੇ ਬੁਰੇ ਪ੍ਰਭਾਵ** : ਸਾਡੇ ਦੇਸ਼ ਵਿੱਚ, ਦੂਸਰੇ ਦੇਸ਼ਾਂ ਦੇ ਮੁਕਾਬਲੇ ਬਹੁਤ ਸਾਰੇ ਬੇਰੁਜ਼ਗਾਰ ਲੋਕ ਮਿਲਦੇ ਹਨ। ਵਿਹਲੇ ਹੋਣ ਕਰਕੇ, ਇਹ ਕਈ ਸਮਾਜਿਕ ਭੈੜਾਂ ਦੇ ਸ਼ਿਕਾਰ ਹੋ ਰਹੇ ਹਨ। ਇਹ ਪੈਸੇ ਲੈ ਕੇ ਕੋਈ ਵੀ ਕੰਮ ਕਰਨ ਨੂੰ ਛੇਤੀ ਤਿਆਰ ਹੋ ਜਾਂਦੇ ਹਨ। ਇਹ ਲੋਕ ਚੋਰ-ਡਾਕੂ, ਠੱਗ, ਗੁੰਡੇ, ਕਾਤਲ, ਅੱਤਵਾਦੀ, ਜਾਸੂਸ, ਦਲਾਲ, ਨਸ਼ੀਲੀਆਂ ਵਸਤਾਂ ਦੇ ਵਪਾਰੀ ਤੇ ਸਮੱਗਲਰ ਬਣ ਕੇ ਦੇਸ਼ ਨੂੰ ਬਦਨਾਮ ਕਰ ਰਹੇ ਹਨ। ਅਸਲ ਵਿੱਚ ਪੜ੍ਹੇ-ਲਿਖੇ ਨੌਜਵਾਨ ਜਦੋਂ ਬੇਰੁਜ਼ਗਾਰੀ ਦਾ ਸ਼ਿਕਾਰ ਹੁੰਦੇ ਹਨ ਤਾਂ ਉਨ੍ਹਾਂ ਦੇ ਮਨ ਵਿੱਚ ਪੜ੍ਹਾਈ ਦੀ ਕੋਈ ਕਦਰ ਨਹੀਂ ਰਹਿ ਜਾਂਦੀ। ਉਹ ਮਾਨਸਿਕ ਤੌਰ ’ਤੇ ਅਸ਼ਾਂਤ ਹੋ ਜਾਂਦੇ ਹਨ। ਬੇਰੁਜ਼ਗਾਰੀ ਦੀ ਸਮੱਸਿਆ ਕਾਰਨ ਬਹੁਤ ਸਾਰੇ ਨੌਜਵਾਨਾਂ ਦੀ ਸ਼ਕਤੀ ਜਿਹੜੀ ਦੇਸ਼ ਦੇ ਉਸਾਰੂ ਕੰਮਾਂ ਲਈ ਵਰਤੀ ਜਾ ਸਕਦੀ ਹੈ, ਅਜ਼ਾਈਂ ਚਲੀ ਜਾਂਦੀ ਹੈ। ਬੇਰੁਜ਼ਗਾਰ ਨੌਜਵਾਨ ਕਈ ਤਰ੍ਹਾਂ ਦੀਆਂ ਭੈੜੀਆਂ ਆਦਤਾਂ ਦੇ ਸ਼ਿਕਾਰ ਵੀ ਹੋ ਜਾਂਦੇ ਹਨ ਜੋ ਦੇਸ਼ ਲਈ ਖ਼ਤਰਾ ਹੁੰਦੀਆਂ ਹਨ।

**ਦੋਸ਼ਪੂਰਨ ਵਿਦਿਅਕ ਢਾਂਚਾ**: ਸਾਡਾ ਮੌਜੂਦਾ ਵਿੱਦਿਅਕ ਢਾਂਚਾ ਵੀ ਬੇਰੁਜ਼ਗਾਰੀ ਲਈ ਜ਼ਿੰਮੇਵਾਰ ਹੈ। ਅੰਗਰੇਜ਼ੀ ਸਾਮਰਾਜ ਦਾ ਦਿੱਤਾ ਇਹ ਵਿੱਦਿਅਕ ਢਾਂਚਾ ਕਲਰਕ ਤੇ ਦਫ਼ਤਰੀ ਬਾਬੂ ਹੀ ਪੈਦਾ ਕਰ ਸਕਦਾ ਹੈ। ਇਹ ਵਿਦਿਆਰਥੀਆਂ ਨੂੰ ਕੋਈ ਕਿੱਤਾ-ਮੁਖੀ ਹੁਨਰ ਨਹੀਂ ਸਿਖਾਉਂਦੀ। ਕਾਲਜ ਦਾ ਪੜ੍ਹਿਆ ਵਿਦਿਆਰਥੀ ਹੱਥੀਂ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਉਹ ਸੂਟ-ਬੂਟ ਪਹਿਨ ਕੇ ਕੁਰਸੀ ’ਤੇ ਬੈਠ ਕੇ ਕਰਨ ਵਾਲਾ ਕੰਮ ਲੱਭਦਾ ਹੈ। ਇਸ ਮਾਨਸਿਕਤਾ ਅਧੀਨ ਉਹ ਨੌਕਰੀ ਲੱਭਣ ਵਾਲਿਆਂ ਦੀ ਭੀੜ ਵਿੱਚ ਸ਼ਾਮਿਲ ਹੋ ਜਾਂਦਾ ਹੈ।

**ਬੇਰੁਜ਼ਗਾਰੀ ਮਸ਼ੀਨੀ ਯੁੱਗ ਦੀ ਪੈਦਾਵਾਰ** : ਬੇਰੁਜ਼ਗਾਰੀ ਦੀ ਸਮੱਸਿਆ ਮਸ਼ੀਨੀ ਯੁੱਗ ਦੀ ਪੈਦਾਵਾਰ ਹੈ, ਵਿਗਿਆਨ ਦੀ ਉੱਨਤੀ ਨਾਲ ਬਹੁਤ ਸਾਰੀਆਂ ਮਸ਼ੀਨਾਂ ਬਣ ਗਈਆਂ ਹਨ ਤੇ ਇੱਕ ਮਸ਼ੀਨ ਬਹੁਤ ਸਾਰੇ ਆਦਮੀਆਂ ਦਾ ਕੰਮ ਇਕੱਲੀ ਹੀ ਕਰ ਦਿੰਦੀ ਹੈ। ਇਸ ਤਰ੍ਹਾਂ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਵਿੱਚ ਬੇਕਾਰੀ ਪੈਦਾ ਹੋ ਜਾਂਦੀ ਹੈ। ਖੇਤੀ ਦੇ ਖੇਤਰ ਵਿੱਚ ਵੀ ਵਿਗਿਆਨ ਨੇ ਕਈ ਨਵੀਆਂ ਕਾਂਢਾਂ ਕੱਢੀਆਂ ਹਨ ਜਿਸ ਕਾਰਨ ਖੇਤੀ ਦਾ ਕੰਮ ਵੀ ਮਸ਼ੀਨਾਂ ਨਾਲ ਹੋਣ ਲੱਗ ਪਿਆ ਹੈ ਨਤੀਜੇ ਵਜੋਂ ਖੇਤ ਮਜ਼ਦੂਰਾਂ ਵਿੱਚ ਵੀ ਬੇਕਾਰੀ ਪੈਦਾ ਹੋ ਗਈ।

**ਭਾਰਤ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ:** ਭਾਰਤ ਵਿਚ ਤੇਜ਼ੀ ਨਾਲ ਵੱਧ ਰਹੀ ਆਬਾਦੀ ਨੂੰ ਨੱਥ ਪਾਉਣੀ ਬਹੁਤ ਜ਼ਰੂਰੀ ਹੈ। ਸਰਕਾਰ ਨੂੰ ਆਬਾਦੀ 'ਤੇ ਕੰਟਰੋਲ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਲੋਕਾਂ ਨੂੰ ਮੁਫ਼ਤ ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਦੇਣੀਆਂ ਚਾਹੀਦੀਆਂ ਹਨ। ਪਰਿਵਾਰ ਨਿਯੋਜਨ ਦੀਆਂ ਸਹੂਲਤਾਂ ਉਤੇ ਖ਼ਾਸ ਤੌਰ 'ਤੇ ਜ਼ੋਰ ਦੇਣ ਚਾਹੀਦਾ ਹੈ ਅਤੇ ਨਾਲ ਹੀ ਆਰਥਿਕ ਵਿਕਾਸ ਤੇਜ਼ ਕਰਨਾ ਚਾਹੀਦਾ ਹੈ। ਇਸ ਲਈ ਸਰਕਾਰੀ ਦੋਵੇਂ ਤਰ੍ਹਾਂ ਦੇ ਭਾਵ ਨਿੱਜੀ ਤੇ ਵਿਦੇਸ਼ੀ ਨਿਵੇਸ਼ ਵਿਚ ਵਾਧਾ ਕਰਨਾ ਚਾਹੀਦਾ ਹੈ। ਪੂੰਜੀ ਨਿਰਮਾਣ ਵਧਾਉਣਾ, ਵਸਤਾਂ ਤੇ ਸੇਵਾਵਾਂ ਦਾ ਵਧ ਨਿਰਮਾਣ ਕਰਨਾ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤੇ ਉਨ੍ਹਾਂ ਦੀ ਆਮਦਨ ਵਧੇਗੀ। ਖੇਤੀ ਵਿਚ ਵੀ ਮਸ਼ੀਨਾਂ ਦੀ ਲੋੜ ਮੁਤਾਬਕ ਹੀ ਵਰਤੋਂ ਹੋਣੀ ਚਾਹੀਦੀ ਹੈ। ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਤਕਨੀਕੀ ਸਿੱਖਿਆ 'ਤੇ ਵਧੇਰੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ, ਤਾਂ ਕਿ ਵਿਦਿਆਰਥੀ ਪੜ੍ਹ-ਲਿਖ ਕੇ ਆਪਣਾ ਕੰਮ-ਧੰਦਾ ਕਰ ਸਕਣ। ਵਧੇਰੇ ਉਦਯੋਗਿਕ ਸਿਖਲਾਈ ਕੇਂਦਰ ਤੇ ਰੁਜ਼ਗਾਰ ਦਫ਼ਤਰ ਖੋਲ੍ਹਣੇ ਚਾਹੀਦੇ ਹਨ, ਤਾਂ ਕਿ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਬਾਰੇ ਜਾਣਕਾਰੀ ਮਿਲ ਸਕੇ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਘੱਟੋ ਘੱਟ 2500 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਮਿਲਣਾ ਚਾਹੀਦਾ ਹੈ। ਪੇਂਡੂ ਖੇਤ ਮਜ਼ਦੂਰਾਂ ਤੇ ਸ਼ਹਿਰਾਂ ਵਿਚ ਬੇਰੁਜ਼ਗਾਰਾਂ ਨੂੰ ਨਰੇਗਾ ਸਕੀਮ ਅਧੀਨ ਸਾਰਾ ਸਾਲ ਕੰਮ ਦੀ ਗਾਰੰਟੀ ਹੋਣੀ ਚਾਹੀਦੀ ਹੈ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਸਵੈ-ਰੁਜ਼ਗਾਰ ਲਈ ਬਿਨਾਂ ਵਿਆਜ ਤੋਂ ਕਰਜ਼ੇ ਦੇਣੇ ਚਾਹੀਦੇ ਹਨ ਤਾਂ ਕਿ ਉਹ ਆਪਣਾ ਕਾਰੋਬਾਰ ਕਰ ਸਕਣ, ਜਿਵੇਂ ਡੇਅਰੀ ਫਾਰਮਿੰਗ, ਮੁਰਗੀ ਪਾਲਣ ਤੇ ਹੋਰ ਉਦਯੋਗਿਕ ਧੰਦੇ। ਕਰਜ਼ ਦੇਣ ਦਾ ਅਮਲ ਭ੍ਰਿਸ਼ਟਾਚਾਰ ਤੇ ਰਿਸ਼ਵਤਖ਼ੋਰੀ ਰਹਿਤ ਹੋਣਾ ਚਾਹੀਦਾ ਹੈ। ਖੇਤੀਬਾੜੀ ਆਧਾਰਤ ਫੂਡ ਪ੍ਰਾਸੈਸਿੰਗ ਉਦਯੋਗ ਸਥਾਪਤ ਕਰਨੇ ਚਾਹੀਦੇ ਹਨ। ਕਿਸਾਨਾਂ ਨੂੰ ਆਪਣੀ ਜਿਨਸ ਦੇ ਮੰਡੀਕਰਨ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।

**ਸਾਰ-ਅੰਸ਼:** ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਬੇਰੁਜ਼ਗਾਰੀ ਦੀ ਸਮੱਸਿਆ ਭਾਰਤ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਹੈ। ਇਹ ਸਮੱਸਿਆ ਦਿਨੋ-ਦਿਨ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਜੇਕਰ ਇਸ ਸਮੱਸਿਆ 'ਤੇ ਜਲਦੀ ਕਾਬੂ ਨਾ ਪਾਇਆ ਗਿਆ ਤਾਂ ਇਸਦੇ ਬਹੁਤ ਭਿਆਨਕ ਸਿੱਟੇ ਨਿਕਲ ਸਕਦੇ ਹਨ। ਬੇਰੁਜ਼ਗਾਰ ਮਨੁੱਖ ਆਪਣੇ ਪਰਿਵਾਰ ਲਈ ਤਾਂ ਪਰੇਸ਼ਾਨੀ ਖੜ੍ਹੀ ਕਰਦਾ ਹੀ ਹੈ, ਇਸ ਦੇ ਨਾਲ-ਨਾਲ ਉਹ ਦੇਸ਼ ਤੇ ਸਮਾਜ ਲਈ ਵੀ ਖ਼ਤਰਾ ਹੁੰਦਾ ਹੈ। ਦੇਸ਼ ਤੇ ਸਮਾਜ ਵਿੱਚ ਜੋ ਅਸ਼ਾਂਤੀ, ਬੈਚੇਨੀ, ਝਗੜਾ ਤੇ ਅਪਰਾਧ ਆਦਿ ਨਜ਼ਰੀ ਆਉਂਦੇ ਹਨ, ਉਨ੍ਹਾਂ ਦੇ ਪਿੱਛੇ ਸਭ ਤੋਂ ਵੱਡਾ ਹੱਥ ਬੇਰੁਜ਼ਗਾਰੀ ਦਾ ਹੀ ਹੁੰਦਾ ਹੈ। ਸੋ ਦੇਸ਼ ਨੂੰ ਬਚਾਉਣ ਲਈ ਬੇਰੁਜ਼ਗਾਰੀ ਦੇ ਠੋਸ ਹੱਲ ਤਲਾਸ਼ਣ ਦੀ ਲੋੜ ਹੈ।

## 10.3.6 ਪ੍ਰਦੂਸ਼ਣ

**ਭੂਮਿਕਾ:** ਇਨਸਾਨ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਕੁਦਰਤ ਦੇ ਨਿਯਮਾਂ ਦੀ ਘੋਰ ਉਲੰਘਣਾ, ਵਾਤਾਵਰਨ ਦੀ ਸ਼ੁੱਧਤਾ ਦੀ ਮਹੱਤਤਾ ਤੋਂ ਲਾਪ੍ਰਵਾਹੀ, ਸ਼ੋਰ ਪ੍ਰਦੂਸ਼ਣ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਅਤੇ ਬਿਮਾਰੀਆਂ ਤੋਂ ਬੇਖ਼ਬਰੀ ਆਦਿ ਅਨੇਕਾਂ ਤੱਥ ਹਨ, ਜਿਨ੍ਹਾਂ ਕਰਕੇ ਦੇਸ਼ ਦੇ ਵਾਤਾਵਰਨ ਦਾ ਸੰਤੁਲਨ ਲਗਾਤਾਰ ਵਿਗੜ ਰਿਹਾ ਹੈ। ਪ੍ਰਦੂਸ਼ਣ ਵਰਤਮਾਨ ਯੁੱਗ ਦੀ ਇੱਕ ਗੰਭੀਰ ਸਮੱਸਿਆ ਹੈ। ਸਮੇਂ ਦੀ ਤਬਦੀਲੀ ਅਤੇ ਸਭਿਅਤਾ ਦੇ ਵਿਕਾਸ ਨਾਲ ਮਨੁੱਖੀ ਚੇਤਨਾ ਇੰਨੀ ਪ੍ਰਚੰਡ ਹੋਈ ਕਿ ਮਨੁੱਖ ਨੇ ਕੁੱਲੀ, ਗੁੱਲੀ ਅਤੇ ਜੁੱਲੀ ਵਰਗੀਆਂ ਮੁੱਢਲੀਆਂ ਲੋੜਾਂ ਤੋਂ ਇਲਾਵਾ ਆਪਣੀਆਂ ਲੋੜਾਂ ਅਤੇ

ਇੱਛਾਵਾਂ ਵਿੱਚ ਇੰਨਾ ਵਾਧਾ ਕੀਤਾ ਕਿ ਇਨ੍ਹਾਂ ਦੀ ਪੂਰਤੀ ਲਈ ਉਸਨੇ ਕੁਦਰਤ ਵੱਲੋਂ ਦਿੱਤੇ ਅਣਮੁੱਲੇ ਸਾਧਨਾਂ ਨੂੰ ਵਰਤਣਾ ਤੇ ਲੁੱਟਣਾ ਸ਼ੁਰੂ ਕਰ ਦਿੱਤਾ ਅਤੇ ਥੋੜੇ ਅਰਸੇ ਤੋਂ ਤਾਂ ਉਸਨੇ ਮਿੱਲਾਂ, ਫੈਕਟਰੀਆਂ, ਉਦਯੋਗਾਂ ਜਾਂ ਆਪਣੀਆਂ ਰੋਜ਼ਾਨਾਂ ਦੀਆਂ ਕਿਰਿਆਵਾਂ ਨਾਲ ਧਰਤੀ ਦੇ ਸਮੁੱਚੇ ਵਾਤਾਵਰਣ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਜਿਸ ਨਾਲ ਹਵਾ, ਜਲ ਅਤੇ ਭੂਮੀ ਪਲੀਤ ਹੋ ਗਈ ਜਿਸ ਨੂੰ ਪ੍ਰਦੂਸ਼ਣ ਕਿਹਾ ਜਾਂਦਾ ਹੈ। ਇਸ ਲੇਖ ਵਿਚ ਪ੍ਰਦੂਸ਼ਣ ਦੀ ਵਿਕਰਾਲ ਸਮੱਸਿਆ ਬਾਰੇ ਚਰਚਾ ਕੀਤੀ ਗਈ ਹੈ।

**ਪ੍ਰਦੂਸ਼ਣ ਕੀ ਹੈ?**: ਵਾਤਾਵਰਣ ਵਿੱਚ ਜੋ ਕੁਝ ਵੀ ਪਾਇਆ ਜਾਂਦਾ ਹੈ, ਜਿਸ ਨਾਲ ਜੀਵਿੰਤ ਵਸਤਾਂ ਉੱਤੇ ਨੁਕਸਾਨਦੇਹ ਜਾਂ ਜ਼ਹਿਰੀਲਾ ਪ੍ਰਭਾਵ ਪੈਦਾ ਹੁੰਦਾ ਹੈ, ਨੂੰ ਪ੍ਰਦੂਸ਼ਣ ਕਿਹਾ ਜਾਂਦਾ ਹੈ। ਪ੍ਰਦੂਸ਼ਣ ਅਜਿਹੀ ਪ੍ਰਕਿਰਿਆ ਹੈ ਜੋ ਕੁਦਰਤੀ ਸਰੋਤਾਂ ਜਿਵੇਂ ਕਿ ਜ਼ਮੀਨ, ਪਾਣੀ, ਹਵਾ ਜਾਂ ਵਾਤਾਵਰਣ ਦੇ ਦੂਜੇ ਹਿੱਸਿਆਂ ਨੂੰ ਅਸੁਰੱਖਿਅਤ ਜਾਂ ਵਰਤਣ ਯੋਗ ਨਹੀਂ ਛੱਡਦੀ। ਪ੍ਰਦੂਸ਼ਣ ਕਈ ਕਿਸਮਾਂ ਦੇ ਹੋ ਸਕਦਾ ਹੈ: ਮਿੱਟੀ, ਹਵਾ, ਪਾਣੀ, ਥਰਮਲ, ਰੇਡੀਏਕਟਿਵ, ਸ਼ੋਰ, ਰੌਸ਼ਨੀ ਆਦਿ।

**ਕੌਮੀ ਪ੍ਰਦੂਸ਼ਣ ਰੋਕਥਾਮ ਦਿਵਸ**: ਭਾਰਤ ਵਿਚ ਹਰ ਸਾਲ 2 ਦਸੰਬਰ ਨੂੰ **ਕੌਮੀ ਪ੍ਰਦੂਸ਼ਣ ਰੋਕਥਾਮ ਦਿਵਸ** ਮਨਾਇਆ ਜਾਂਦਾ ਹੈ। ਭੋਪਾਲ ਗੈਸ ਤ੍ਰਾਸਦੀ ਵਿਚ ਆਪਣੀ ਜਾਨ ਗੁਆਉਣ ਵਾਲੇ ਲੋਕਾਂ ਦੀ ਯਾਦ ਵਿਚ ਇਸ ਦਿਨ ਨੂੰ ਮਨਾਇਆ ਜਾਂਦਾ ਹੈ। ਭੋਪਾਲ ਗੈਸ ਤ੍ਰਾਸਦੀ ਸਾਲ 1984 ਵਿਚ 2-3 ਦਸੰਬਰ ਦੀ ਰਾਤ ਨੂੰ ਹੋਈ ਸੀ। ਬਹੁਤ ਸਾਰੇ ਲੋਕ ਜ਼ਹਿਰੀਲੀ ਗੈਸ ਮਿਥਾਇਲ ਆਈਸੋਸਾਈਨੇਟ ਜਿਸ ਨੂੰ ਐਮ.ਆਈ.ਸੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਕਾਰਨ ਮਾਰੇ ਗਏ ਸਨ। ਭੋਪਾਲ ਗੈਸ ਤ੍ਰਾਸਦੀ ਨੂੰ ਹੁਣ ਤੱਕ ਹੋਏ ਵੱਡੇ ਉਦਯੋਗਿਕ ਪ੍ਰਦੂਸ਼ਣ ਬਿਪਤਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

**ਪ੍ਰਦੂਸ਼ਣ ਦੀਆਂ ਭਿੰਨ-ਭਿੰਨ ਕਿਸਮਾਂ**

**ਹਵਾ ਪ੍ਰਦੂਸ਼ਣ**: ਅੱਜ ਸਾਨੂੰ ਸਾਹ ਲੈਣ ਲਈ ਸ਼ੁੱਧ ਹਵਾ ਨਹੀਂ ਮਿਲਦੀ। ਇਸ ਵਿੱਚ ਅਨੇਕਾਂ ਪ੍ਰਕਾਰ ਦੀ ਮਿਲਾਵਟ ਹੋ ਚੁੱਕੀ ਹੈ। ਇਸ ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਸਾਡੀ ਧਰਤੀ ਬਹੁਤ ਸਾਰੀਆਂ ਗੈਸਾਂ ਦੇ ਮਿਸ਼ਰਨ ਨਾਲ ਢਕੀ ਹੋਈ ਹੈ ਜਿਸ ਨੂੰ ਵਾਯੂ-ਮੰਡਲ ਕਿਹਾ ਜਾਂਦਾ ਹੈ। ਵਾਯੂ-ਮੰਡਲ ਵਿੱਚ ਬਹੁਤ ਸਾਰੀਆਂ ਗੈਸਾਂ ਹਨ ਜਿਨ੍ਹਾਂ ਵਿੱਚ ਆਕਸੀਜਨ (20.95%), ਨਾਈਟ੍ਰੋਜਨ (78.09%), ਕਾਰਬਨ ਡਾਈਆਕਸਾਈਡ (0.03%) ਮੁੱਖ ਗੈਸਾਂ ਹਨ। ਆਕਸੀਜਨ ਇੱਕ ਅਜਿਹੀ ਗੈਸ ਹੈ ਜੋ ਅਸੀਂ ਸਾਹ ਲੈਣ ਲਈ ਵਰਤਦੇ ਹਾਂ। ਇਸ ਦੀ ਅਣਹੋਂਦ ਵਿੱਚ ਜੀਵਨ ਸੰਭਵ ਨਹੀਂ। ਜਿਸ ਹਵਾ ਵਿੱਚ ਅਸੀਂ ਸਾਹ ਲੈਂਦੇ ਹਾਂ ਉਸ ਨੂੰ ਸਾਡੇ ਉਦਯੋਗਿਕ ਵਿਕਾਸ ਅਤੇ ਅਰਾਮਦਾਇਕ ਜੀਵਨ ਕਾਰਨ ਪਲੀਤ ਹੋਣਾ ਪੈ ਰਿਹਾ ਹੈ। ਇਸੇ ਹਵਾ ਵਿੱਚ ਮਿੱਲਾਂ, ਫੈਕਟਰੀਆਂ, ਪਾਵਰ ਪਲਾਟਾਂ ਦੀਆਂ ਚਿਮਨੀਆਂ ਵਿੱਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ, ਪੈਟਰੋਲ, ਡੀਜ਼ਲ ਜਾਂ ਗੈਸ ਆਦਿ ਨਾਲ ਚੱਲਣ ਵਾਲੀਆਂ ਗੱਡੀਆਂ, ਕਾਰਾਂ, ਸਕੂਟਰ, ਮੋਟਰ ਸਾਇਕਲ, ਇੰਜਣ, ਘਰਾਂ ਵਿੱਚ ਖਾਣਾ ਪਕਾਉਣ ਲਈ ਵਰਤੀਆਂ ਜਾਣ ਵਾਲੀਆਂ ਲੱਕੜੀਆਂ, ਕੋਲਾ ਜਾਂ ਗੈਸ ਵਿਚੋਂ ਨਿਕਲਿਆ ਧੂੰਆਂ ਸਲਫਰਡਾਈਆਕਸਾਈਡ, ਕਾਰਬਨ ਮੋਨੋਆਕਸਾਇਡ, ਹਾਈਡਰੋਜਨ ਸਲਫਾਈਡ, ਕਾਰਬਨ ਡਾਇਆਕਸਾਇਡ ਆਦਿ ਖਤਰਨਾਕ ਗੈਸਾਂ ਨੂੰ ਮਿਲਾ ਰਿਹਾ ਹੈ। ਇਸ ਤੋਂ ਇਲਾਵਾਂ ਫਸਲਾਂ ਉੱਤੇ ਵਰਤੇ ਜਾਂਦੇ ਕੀਟਨਾਸ਼ਕ ਜ਼ਹਿਰ ਅਤੇ ਰਸਾਇਣਿਕ ਖਾਦਾਂ ਤੋਂ ਵੀ ਹਵਾ ਪਲੀਤ ਹੋ ਰਹੀ ਹੈ।

**ਪਾਣੀ ਪ੍ਰਦੂਸ਼ਣ** : ਮਨੁੱਖ ਦੇ ਜੀਵਨ ਦਾ ਆਧਾਰ ਪਾਣੀ ਹੈ। ਇਸ ਬਿਨਾਂ ਧਰਤੀ 'ਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਧਰਤੀ ਉੱਤੇ ਲਗਭਗ 70 ਪ੍ਰਤੀਸ਼ਤ ਹਿੱਸਾ ਪਾਣੀ ਅਧੀਨ ਹੈ ਬਾਕੀ ਭੂਮੀ, ਪਹਾੜ, ਰੇਗਿਸਤਾਨ ਆਦਿ ਅਧੀਨ ਹੈ। ਪਾਣੀ ਦੀ ਸਭ ਤੋਂ ਵਧੇਰੇ ਮਾਤਰਾ ਸਮੁੰਦਰੀ ਪਾਣੀ ਦੀ ਹੈ ਇਸ ਤੋਂ ਇਲਾਵਾਂ ਨਦੀਆਂ, ਝਰਨੇ, ਦਰਿਆਂ ਤੇ ਧਰਤੀ ਦੇ ਅੰਦਰ ਪਾਣੀ ਮੌਜੂਦ ਹੈ। ਇਹ ਪਾਣੀ ਜਦੋਂ ਰਸਾਇਣਿਕ, ਭੌਤਿਕ, ਜੈਵਿਕ ਜਾਂ ਕਿਸੇ ਕਾਰਨ ਉਪਯੋਗ ਕਰਨ ਦੇ ਯੋਗ ਨਾ ਰਹੇ ਜਾਂ ਮਨੁੱਖਾਂ, ਜੀਵਾਂ ਅਤੇ ਬਨਸਪਤੀ ਉੱਤੇ ਬੁਰਾ ਪ੍ਰਭਾਵ ਪਾਵੇ ਤਾਂ ਇਸ ਨੂੰ ਪ੍ਰਦੂਸ਼ਿਤ ਪਾਣੀ ਕਿਹਾ ਜਾਂਦਾ ਹੈ। ਅਜਿਹਾ ਪਿੰਡਾਂ, ਸ਼ਹਿਰਾਂ ਜਾਂ ਮਹਾਂ ਨਗਰਾਂ ਦੇ ਗੰਦੇ ਪਾਣੀ ਨੂੰ ਸੀਵਰੇਜ ਦੁਆਰਾ ਨਦੀਆਂ, ਤਲਾਬਾਂ, ਝੀਲਾਂ ਆਦਿ ਵਿੱਚ ਸੁੱਟਣ ਕਾਰਨ ਫੈਕਟਰੀਆਂ ਜਾਂ ਉਦਯੋਗਾਂ ਦੇ ਪਾਣੀ ਨੂੰ ਸਾਫ਼ ਪਾਣੀ ਵਿੱਚ ਮਿਲਾਉਣ ਕਾਰਨ ਖੇਤਾਂ ਵਿੱਚ ਜ਼ਹਿਰੀਲੀਆਂ ਨਦੀਨ ਨਾਸ਼ਕ ਤੇ ਕੀਟ ਨਾਸ਼ਕ ਦਵਾਈਆਂ ਜਾਂ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਰਨ ਕਰਕੇ ਹੁੰਦਾ ਹੈ। ਇਸ ਪ੍ਰਕਾਰ ਪਾਣੀ ਵਿੱਚ ਆਰ ਸੈਨਿਕ, ਸਿੱਕਾ, ਪਾਰਾ ਤੇ ਸਾਇਆਨਾਈਡ ਆਦਿ ਜ਼ਹਿਰਾਂ ਘੁਲੀਆਂ ਰਹਿੰਦੀਆਂ ਹਨ ਜੋ ਹਰ ਪ੍ਰਾਣੀ ਲਈ ਬਹੁਤ ਖ਼ਤਰਨਾਕ ਹਨ।

**ਮਿੱਟੀ ਪ੍ਰਦੂਸ਼ਣ** : ਮਿੱਟੀ ਤੋਂ ਸਾਨੂੰ ਖੇਤੀ ਖੇਤਰ, ਬਾਗ਼, ਜੰਗਲ ਅਤੇ ਘਾਹ ਦੇ ਮੈਦਾਨ ਅਤੇ ਹੋਰ ਪ੍ਰਕਾਰ ਦੀਆਂ ਸਹੂਲਤਾਂ ਮਿਲਦੀਆਂ ਹਨ। ਅਜੋਕੇ ਦੌਰ ਵਿੱਚ ਇਕੱਲੀ ਮਿੱਟੀ ਹੀ ਨਹੀਂ ਸਗੋਂ ਸਾਰੀ ਭੂਮੀ ਪ੍ਰਦੂਸ਼ਿਤ ਹੋ ਰਹੀ ਹੈ। ਮਿੱਟੀ ਵੀ ਮਨੁੱਖੀ ਜੀਵਨ ਲਈ ਹਵਾ ਤੇ ਪਾਣੀ ਵਾਂਗ ਹੀ ਮਹੱਤਵਪੂਰਨ ਹੈ। ਧਰਤੀ ਮਨੁੱਖ ਦੇ ਰਹਿਣ ਲਈ ਆਧਾਰ ਪ੍ਰਦਾਨ ਕਰਦੀ ਹੈ ਤੇ ਇਸੇ ਧਰਤੀ ਦਾ ਹੀ 30 ਪ੍ਰਤੀਸ਼ਤ ਹਿੱਸਾ ਭੂਮੀ ਹੈ। ਭੂਮੀ ਦੇ ਵੀ 50 ਪ੍ਰਤੀਸ਼ਤ ਹਿੱਸੇ ਵਿੱਚ ਪਰਬਤ, ਪਠਾਰ, ਧਰੁਵੀ ਖੇਤਰ, ਮਰੂਥਲ ਤੇ ਸੰਘਣੇ ਜੰਗਲ ਹਨ ਬਾਕੀ ਬਚਦੇ 50% ਹਿੱਸੇ ਉੱਤੇ ਮਨੁੱਖਾਂ ਦੇ ਰਹਿਣ ਬਸੇਰੇ, ਖੇਤ, ਉਦਯੋਗ, ਰੁਜ਼ਗਾਰ ਦੇ ਸਾਧਨ ਆਦਿ ਹਨ। ਭੂਮੀ ਨੂੰ ਮਿੱਟੀ ਦਾ ਨਾਂ ਦਿੱਤਾ ਗਿਆ ਹੈ ਜੋ ਕਿ ਮਨੁੱਖੀ ਗਤੀਵਿਧੀਆਂ ਦਾ ਕੇਂਦਰ ਹੈ। ਖੇਤੀ ਖੇਤਰ ਵਿੱਚ ਜ਼ਹਿਰੀਲੀਆਂ ਦਵਾਈਆਂ, ਰਸਾਇਣਿਕ ਖਾਦਾਂ ਦੀ ਵਰਤੋਂ ਜਿੱਥੇ ਮਿੱਟੀ ਨੂੰ ਪ੍ਰਦੂਸ਼ਿਤ ਕਰ ਰਹੀ ਹੈ ਉੱਥੇ ਹੀ ਸਨਅਤੀ ਅਦਾਰਿਆਂ ਦਾ ਠੋਸ ਰੂਪ ਵਿੱਚ ਵਿਚਲਾ ਫੋਕਟ ਪਦਾਰਥ ਕੋਲੇ ਦੀ ਵਰਤੋਂ ਤੋਂ ਪੈਦਾ ਹੋਈ ਸੁਆਹ, ਘਰਾਂ, ਦੁਕਾਨਾਂ, ਬਜ਼ਾਰਾਂ ਦਾ ਰੋਜ਼ਾਨਾ ਦਾ ਕੂੜਾ ਕਰਕਟ ਹਰ ਰੋਜ਼ ਮਿੱਟੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਜਿਸ ਨਾਲ ਜਿੱਥੇ ਮਿੱਟੀ ਦੀ ਉਪਜਾਊ ਸ਼ਕਤੀ ਦਿਨ-ਪ੍ਰਤੀ-ਦਿਨ ਘਟ ਰਹੀ ਹੈ ਉਥੇ ਹੀ ਮਿੱਟੀ ਵਿਚਲੀ ਨਮੀ ਘਟਣ ਨਾਲ ਵਾਤਾਵਰਣ ਵਿੱਚ ਤਾਪਮਾਨ ਵੀ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਜਿੱਥੇ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਹੈ ਉਥੇ ਹੀ ਘੱਟ ਉਪਜ ਕਾਰਨ ਆਉਣ ਵਾਲੇ ਸਮੇਂ ਵਿੱਚ ਗੰਭੀਰ ਅੰਨ ਸੰਕਟ ਖੜ੍ਹਾ ਹੋਣ ਦਾ ਵੀ ਖ਼ਤਰਾ ਹੈ ।

**ਸ਼ੋਰ ਪ੍ਰਦੂਸ਼ਣ** : ਮਨੁੱਖ ਸਵੇਰ ਹੋਣ ਸਾਰ ਹੀ ਚਿੜੀਆਂ ਦਾ ਚਹਿਚਹਾਉਣਾ, ਅਲਾਰਮ ਦੀ ਅਵਾਜ਼, ਪਾਣੀ ਦੀ ਅਵਾਜ਼, ਬਿਜਲੀ ਕੜਕਣ ਤੋਂ ਪੈਦਾ ਹੋਈ ਅਵਾਜ਼ ਵੱਖੋ-ਵੱਖ ਵਸਤਾਂ, ਯੰਤਰਾਂ ਜਾਂ ਇੰਜਣਾਂ ਦੁਆਰਾ ਪੈਦਾ ਕੀਤੀ ਅਵਾਜ਼ ਨੂੰ ਕੰਨਾਂ ਦੁਆਰਾ ਮਹਿਸੂਸ ਕਰਨਾ ਸ਼ੁਰੂ ਕਰ ਦਿੰਦਾ ਹੈ। ਧੁਨੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦਾ ਜਿੱਥੇ ਕੋਈ ਵਜ਼ਨ ਨਹੀਂ ਹੁੰਦਾ ਉਥੇ ਹੀ ਰੰਗ ਰੂਪ ਤੇ ਆਕਾਰ ਵੀ ਨਹੀਂ ਹੁੰਦਾ। ਇਸ ਨੂੰ ਸਿਰਫ਼ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਵਿਗਿਆਨੀਆਂ ਦੇ ਅਧਿਐਨ ਅਨੁਸਾਰ ਮਨੁੱਖ ਦਾ ਕੰਨ 20 ਕੰਪਨ ਪ੍ਰਤੀ ਸੈਕਿੰਡ ਤੋਂ 20,000 ਕੰਪਨ ਸੈਕਿੰਡ ਵਾਲੀ ਧੁਨੀ ਨੂੰ ਵੀ ਸੁਣ ਸਕਦਾ ਹੈ। ਧੁਨੀ ਦੀ ਗਤੀ ਨੂੰ ਡੈਸੀਬਲ ਵਿੱਚ ਮਾਪਿਆ ਜਾਂਦਾ ਹੈ। ਆਮ ਧਾਰਨਾ ਇਹ ਹੈ ਕਿ 80 ਡੈਸੀਬਲ ਤੋਂ ਘੱਟ ਸ਼ੋਰ ਨਾਲ ਮਨੁੱਖ ਨੂੰ ਕਿਸੇ ਪ੍ਰਕਾਰ ਦੀ ਸਥਾਈ ਹਾਨੀ ਨਹੀਂ ਹੁੰਦੀ ਪ੍ਰੰਤੂ 90 ਡੈਸੀਬਲ ਤੋਂ ਵੱਧ ਦੇ ਸ਼ੋਰ ਕਾਰਨ ਅਨੇਕ

ਪ੍ਰਕਾਰ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸ਼ੋਰ ਪ੍ਰਦੂਸ਼ਣ ਆਵਾਜਾਈ ਦੇ ਸਾਧਨਾਂ, ਉਦਯੋਗ, ਬੰਬ ਧਮਾਕਿਆਂ, ਨਿਰਮਾਣ ਕਾਰਜਾਂ, ਲਾਊਡ ਸਪੀਕਰਾਂ ਅਤੇ ਮਨੋਰੰਜਨ ਲਈ ਬਜਾਏ ਜਾਂਦੇ ਉੱਚੀ ਆਵਾਜ਼ ਵਿਚਲੇ ਡੀ.ਜੇ. ਸਿਸਟਮ ਤੋਂ ਪੈਦਾ ਹੁੰਦਾ ਹੈ। ਇਸ ਨਾਲ ਜਿੱਥੇ ਬਨਸਪਤੀ, ਜੀਵ-ਜੰਤੂਆਂ ਆਦਿ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ, ਉਥੇ ਹੀ ਮਨੁੱਖਾਂ ਵਿੱਚ ਚਿੜਚਿੜਾਪਣ, ਬਹਿਰਾਪਣ, ਮਾਨਸਿਕ ਰੋਗ ਅਤੇ ਤਣਾਅ ਵਿੱਚ ਵੀ ਵਾਧਾ ਹੋਇਆ ਹੈ।

**ਉਜ਼ੋਨ ਪਰਤ ਦਾ ਨੁਕਸਾਨ** : ਧਰਤੀ ਦੀ ਸਤ੍ਹਾ ਤੋਂ 8000 ਕਿ.ਮੀ. ਤੱਕ ਵਾਯੂ ਮੰਡਲ ਫੈਲਿਆ ਹੋਇਆ ਹੈ ਇਸ ਨੂੰ ਪਰਿਵਰਤਨ ਮੰਡਲ, ਸਮਤਾਪ ਮੰਡਲ, ਮੱਧ ਮੰਡਲ, ਤਾਪ ਮੰਡਲ ਵਿੱਚ ਵੰਡਿਆ ਜਾਂਦਾ ਹੈ। ਸਮਤਾਪ ਮੰਡਲ ਦਾ ਇਹ ਵਿਸ਼ੇਸ਼ ਗੁਣ ਹੈ ਕਿ ਇਸ ਵਿੱਚ ਉਜ਼ੋਨ ਪਰਤ ਪਾਈ ਜਾਂਦੀ ਹੈ ਜੋ ਉਜ਼ੋਨ ਗੈਸ ਦਾ ਮਿਸ਼ਰਨ ਹੈ ਇਹ ($O_3$) ਭਾਵ ਕਿ ਆਕਸੀਜਨ ਦੇ ਤਿੰਨ ਅਣੂਆਂ ਤੋਂ ਬਣਦੀ ਹੈ। ਇਹ ਪਰਤ ਸੂਰਜ ਵੱਲੋਂ ਆ ਰਹੀਆਂ ਖ਼ਤਰਨਾਕ ਪਰਾਵੈਂਗਣੀ ਵਿਕਰਣਾਂ ਨੂੰ ਧਰਤੀ 'ਤੇ ਪਹੁੰਚਣ ਤੋਂ ਰੋਕਣ ਦਾ ਕਾਰਜ ਕਰਦੀ ਹੈ ਤੇ ਸੂਰਜ ਤੋਂ ਪ੍ਰਾਪਤ ਤਾਪ ਨੂੰ ਵਾਯੂ-ਮੰਡਲ ਤੋਂ ਬਾਹਰ ਜਾਣ ਤੋਂ ਰੋਕਦੀ ਹੈ। ਅਜੋਕੇ ਸਮੇਂ ਵਿੱਚ ਉਜ਼ੋਨ ਪਰਤ ਸਾਡੇ ਲਈ ਜੀਵਨ ਰੱਖਿਅਕ ਵਜੋਂ ਜਾਣੀ ਜਾਂਦੀ ਹੈ। ਇਸ ਪਰਤ ਵਿੱਚ ਛੇਕ ਹੋ ਰਹੇ ਹਨ ਜੋ ਧਰਤੀ ਉਤਲੇ ਜੀਵਨ ਲਈ ਖ਼ਤਰਨਾਕ ਹਨ। ਅਸਲ ਵਿੱਚ ਇਸ ਨੁਕਸਾਨ ਲਈ ਮਨੁੱਖ ਖ਼ੁਦ ਜਿੰਮੇਵਾਰ ਹੈ ਕਿਉਂਕਿ ਉਸ ਦੁਆਰਾ ਸੁਖ ਸਹੂਲਤ ਲਈ ਪੈਦਾ ਕੀਤੀਆਂ ਵਸਤਾਂ ਜਿਵੇਂ ਰੈਫਰੀਜ਼ਰੇਟਰਾਂ ਤੇ ਏਅਰ ਕੰਡੀਸ਼ਨਰਾਂ ਆਦਿ ਵਿੱਚੋਂ ਨਿਕਲਦੀਆਂ ਗੈਸਾਂ ਦੇ ਸੰਗਠਨ ਵਿੱਚ ਬਦਲਾਅ ਆਵੇਗਾ ਉਥੇ ਹੀ ਤਾਪਮਾਨ ਦਾ ਵਧਣਾ, ਤੇਜ਼ਾਬੀ ਵਰਖਾ, ਸਮੁੰਦਰਾਂ ਦੇ ਪੱਧਰ ਵਿੱਚ ਵਾਧਾ, ਮਨੁੱਖਾਂ, ਫਸਲਾਂ, ਜੀਵ-ਜੰਤੂਆਂ ਲਈ ਵੀ ਗੰਭੀਰ ਸੰਕਟ ਖੜ੍ਹੇ ਹੋਣ ਦੀ ਸੰਭਾਵਨਾ ਹੈ।

**ਪ੍ਰਦੂਸ਼ਣ ਰੋਕਣ ਲਈ ਉਪਾਅ**: ਜਿੱਥੋਂ ਤੱਕ ਮਨੁੱਖੀ ਲੋੜਾਂ ਦਾ ਸਵਾਲ ਹੈ ਉਹ ਸਹਿਜੇ ਹੀ ਪੂਰੀਆਂ ਹੋ ਜਾਂਦੀਆਂ ਹਨ ਪਰੰਤੂ ਮਨੁੱਖੀ ਲਾਲਸਾਵਾਂ ਪੂਰੀਆਂ ਕਰਨੀਆਂ ਬੜੀਆਂ ਮੁਸ਼ਕਿਲ ਹਨ। ਉਪਰੋਕਤ ਪ੍ਰਦੂਸ਼ਣ ਦੀਆਂ ਕਿਸਮਾਂ, ਪ੍ਰਭਾਵਾਂ, ਕਾਰਨਾਂ ਅਤੇ ਤੱਥਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਸਾਨੂੰ ਜਿੱਥੇ ਪ੍ਰਦੂਸ਼ਣ ਨੂੰ ਰੋਕਣ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ ਉਥੇ ਹੀ ਆਪਣੀ ਜੀਵਨ ਸ਼ੈਲੀ ਨੂੰ ਵੀ ਬਦਲਣ ਦੀ ਬੇਹੱਦ ਲੋੜ ਹੈ। ਸੋ ਪ੍ਰਦੂਸ਼ਣ ਨਾਲ ਨਿਪਟਣ ਲਈ ਜ਼ਰੂਰਤ ਹੈ ਕਿ ਵਧਦੀ ਹੋਈ ਆਬਾਦੀ ਨੂੰ ਕਾਬੂ ਕੀਤਾ ਜਾਵੇ ਅਜਿਹੇ ਸੋਮੇ ਲੱਭੇ ਜਾਣ ਜਿਨ੍ਹਾਂ ਦੀ ਵਰਤੋਂ ਨਾਲ ਕੁਦਰਤ ਨੂੰ ਕੋਈ ਨੁਕਸਾਨ ਨਾ ਪਹੁੰਚੇ। ਜਿੱਥੇ ਜੰਗਲਾਂ ਦੀ ਕਟਾਈ ਰੋਕਣੀ ਚਾਹੀਦੀ ਹੈ ਉਥੇ ਵਧੇਰੇ ਰੁੱਖ ਲਗਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਦੀ ਵੀ ਜ਼ਰੂਰਤ ਹੈ। ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਸ਼ਾਂਤੀ ਬਣਾਈ ਰੱਖਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਜੰਗਾਂ ਯੁੱਧਾਂ ਦੌਰਾਨ ਹੁੰਦੀ ਵਿਸਫੋਟਕ ਪਦਾਰਥਾਂ ਦੀ ਵਰਤੋਂ ਅਤੇ ਉਨ੍ਹਾਂ ਦੀ ਪਰਖ ਰੁਕ ਸਕੇ ਤੇ ਪ੍ਰਦੂਸ਼ਣ ਪੈਦਾ ਨਾ ਹੋਵੇ।

**ਸਾਰ-ਅੰਸ਼**: ਪ੍ਰਦੂਸ਼ਣ ਨਾਲ ਨਿਪਟਣ ਲਈ ਠੋਸ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਵਧਦੀ ਹੋਈ ਆਬਾਦੀ ਨੂੰ ਕਾਬੂ ਕੀਤਾ ਜਾਵੇ ਅਤੇ ਅਜਿਹੇ ਸੋਮੇ ਲੱਭੇ ਜਾਣ ਜਿਨ੍ਹਾਂ ਦੀ ਵਰਤੋਂ ਨਾਲ ਕੁਦਰਤ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਸਦੇ ਨਾਲ ਹੀ ਜ਼ਰੂਰਤ ਹੈ ਕਿ ਸਾਦਾ, ਸੰਜਮੀ ਤੇ ਕੁਦਰਤ ਦੇ ਨੇੜੇ ਰਹਿ ਕੇ ਜ਼ਿੰਦਗੀ ਬਤੀਤ ਕੀਤੀ ਜਾਵੇ। ਇਸ ਨਾਲ ਜਿੱਥੇ ਬੇਲੋੜੀਆਂ ਵਸਤਾਂ ਦੀ ਵਰਤੋਂ ਘਟੇਗੀ ਉੱਥੇ ਹੀ ਅਸੀਂ ਕੁਦਰਤੀ ਕਹਿਰ ਤੋਂ ਵੀ ਬਚੇ ਰਹਾਂਗੇ।

## 10.4 ਅਭਿਆਸ ਲਈ ਕੁਝ ਪ੍ਰਸ਼ਨ

**10.4.1. ਹੇਠ ਲਿਖੇ ਵਿਸ਼ਿਆਂ ਬਾਰੇ ਆਪਣੇ ਸ਼ਬਦਾਂ ਵਿਚ 500 ਸ਼ਬਦਾਂ ਦੀ ਪੈਰ੍ਹਾ-ਰਚਨਾ ਕਰੋ:-**

(ੳ) ਵਾਤਾਵਰਨ ਅਤੇ ਮਨੁੱਖ

(ਅ) ਸਾਡੀਆਂ ਸਮਾਜਿਕ ਬੁਰਾਈਆਂ

(ੲ) ਵੱਧ ਰਿਹਾ ਭ੍ਰਿਸ਼ਟਾਚਾਰ

(ਸ) ਵੱਧਦੀ ਅਬਾਦੀ ਦੀ ਸਮੱਸਿਆ

(ਹ) ਆਨਲਾਈਨ ਪੜ੍ਹਾਈ ਦੇ ਲਾਭ ਤੇ ਹਾਨੀਆਂ

(ਕ) ਵੱਧ ਰਹੀਆਂ ਔਰਤਾਂ ਨਾਲ ਛੇੜਛਾੜ ਦੀਆਂ ਘਟਨਾਵਾਂ

(ਖ) ਨੌਜਵਾਨਾਂ ਸਾਹਮਣੇ ਭਵਿੱਖ ਦੀਆਂ ਵੰਗਾਰਾਂ

(ਗ) ਪੰਜਾਬ ਵਿਚ ਖੇਤੀ ਦੀਆਂ ਸਮੱਸਿਆਵਾਂ

## 10.5 ਸਹਾਇਕ ਪੁਸਤਕਾਂ ਅਤੇ ਹੋਰ ਸਮੱਗਰੀ

10.5.1 ਪੰਜਾਬੀ ਅਖ਼ਬਾਰ:

10.5.1.1 ਪੰਜਾਬੀ ਟ੍ਰਿਬਿਊਨ

10.5.1.2 ਅਜੀਤ

10.5.1.3 ਨਵਾਂ ਜ਼ਮਾਨਾ

10.5.2 ਮੈਗਜ਼ੀਨ (ਰਸਾਲੇ):

10.5.2.1 ਹੁਣ

10.5.2.2 ਫ਼ਿਲਹਾਲ

10.5.2.3 ਸਿਰਜਣਾ

10.5.2.4 ਸੰਵਾਦ

10.5.2.5 ਲਕੀਰ

10.5.3 ਇੰਟਰਨੈੱਟ ਸਮੱਗਰੀ

10.5.3.1 https://suhisaver.org/

10.5.3.2 https://www.wikipedia.org/

10.5.3.3 https://punjabipedia.org/